# ਸ਼ੀਸ਼ਾ ਬੋਲਦਾ ਹੈ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਸ਼ੀਸ਼ਾ ਬੋਲਦਾ ਹੈ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2011

© ਲੇਖਕ

**ਪ੍ਰਕਾਸ਼ਕ :**

***ਤਰਕਭਾਰਤੀ ਪ੍ਰਕਾਸ਼ਨ,***

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ : ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ : 100/-**

---

*© 2010 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


1. ਕੀ ਹਨ ਵਧਦੇ ਕੈਮਰੇ, ਘਟਦੇ ਸਮਾਚਾਰ ਵਧਦੇ ਅੰਧ ਵਿਸ਼ਵਾਸ? 5
2. ਕੀ ਹੈ ਇਕ ਮਹਾਂ ਵਿਯੋਗ ਦੀ ਕਥਾ? 9
3. ਕੀ ਫੌਜੀ ਅਫ਼ਸਰ ਵੀ ਭ੍ਰਿਸ਼ਟ ਹਨ? 13
4. ਪਿਛਲੇ ਦਰਵਾਜਿਉਂ ਬੀ. ਟੀ. ਦੀ ਤਿਆਰੀ? 16
5. ਸਾਹਿਤਕ ਸੰਸਥਾਵਾਂ ਦੀ ਕੀ ਹੈ ਰਾਜਨੀਤੀ? 18
6. ਕੀ ਹੈ ਕੋਸੀ ਦੇ ਹੜ੍ਹ ਤੋਂ ਸਾਲ ਬਾਅਦ ਦੀ ਸਥਿਤੀ? 22
7. ਕੀ ਦੁੱਧ ਵੀ ਮਹਿੰਗਾਈ ਦੀ ਮਾਰ ਹੇਠ ਹੈ? 25
8. ਕੀ ਸੂਚਨਾ ਦਾ ਅਧਿਕਾਰ-ਇਕ ਕਾਗਜੀ ਹਥਿਆਰ ਹੈ? 28
9. ਜੈਵਿਕ ਖੇਤੀ 'ਤੇ ਸਰਕਾਰੀ ਸ਼ਿਕੰਜਾ ਕਿਵੇਂ? 31
10. ਕੀ ਜਮਹੂਰੀਅਤ ਦਾ ਚੌਥਾ ਥੰਮ ਨਿਘਰ ਰਿਹੈ? 34
11. ਮਾਇਆ ਦੀ ਮਾਲਾ ਬਨਾਮ ਭਾਰਤੀ ਪੂੰਜੀਵਾਦ 37
12. ਪੂੰਜੀਵਾਦੀ ਇਨਸਾਫ਼ ਦਾ ਰਾਹ ਕਿੰਨਾ ਲੰਬਾ? 40
13. ਮਜ਼ਦੂਰਾਂ ਨੂੰ ਕਾਨੂੰਨਵਾਦ ਤੋਂ ਮੁਕਤੀ ਕਿਉਂ ਜ਼ਰੂਰੀ? 43
14. ਭਾਰਤੀ ਖੇਤੀ-ਮਸ਼ੀਨ ਤੇ ਮਿਹਨਤ ਦਾ ਤਾਲਮੇਲ 45
15. ਸੂਰਜੀ ਮਿਸ਼ਨ 'ਚ ਆਮ ਆਦਮੀ ਦੀ ਅਣਦੇਖੀ 48
16. ਵਿਸ਼ਵੀ ਕਬਾੜ ਤੋਂ ਹਾਦਸਿਆਂ ਦਾ ਖਤਰਾ ਕਿਵੇਂ? 50
17. ਜਾਤ, ਜ਼ਮੀਨ ਤੇ ਕਤਲੇਆਮ 53
18. ਕਰੋੜਾਂ ਦੀ ਖੇਡ, ਅਰਬਾਂ ਦਾ ਮੁਨਾਫ਼ਾ ਕਿਵੇਂ? 56
19. ਰਾਸ਼ਟਰਵਾਦ ਤੋਂ ਸਾਵਧਾਨ ਹੋਣ ਦੀ ਲੋੜ ਕਿਉਂ? 59
20. ਕੀ ਇੰਡੀਅਨ ਪੈਸਾਖੋਰ ਲੀਗ ਹੈ ਆਈ ਪੀ ਐੱਲ? 62
21. ਅਦਾਲਤਾਂ 'ਚ ਬੰਦੇ ਬਿਰਖ ਹੋ ਗਏ 68
22. ਕੀ ਹੈ ਮਜ਼ਦੂਰ ਜਮਾਤ ਦਾ ਸਭਿਆਚਾਰ? 70
23. ਪ੍ਰਧਾਨ ਮੰਤਰੀ ਦੀ ਲਫਾਜ਼ੀ ਕਿੰਨੀ ਥੋਥੀ? 76
24. ਬਸਪਾ ਦੇ ਪੱਚੀ ਸਾਲ-ਦਲਿਤਾਂ ਨਾਲ ਠੱਗੀ 80
25. ਕਿੱਥੇ ਜਾ ਕੇ ਰੁਕੇਗਾ ਸੋਨੇ ਦਾ ਭਾਅ? 83
26. ਡੂੰਘਾ ਆਰਥਕ ਸੰਕਟ ਤੇ ਦਿਵਾਲੀਆਪਨ ਹਨ ਕੀ? 87
27. ਫਿਰਕਾਪ੍ਰਸਤ ਦੰਗਿਆਂ ਦੀ ਉਸਾਰੀ ਹੁੰਦੀ ਕਿਵੇਂ ਹੈ? 91
28. ਕਿਵੇਂ ਹੁੰਦਾ ਹੈ ਨਜਾਇਜ਼ ਸ਼ਿਕਾਰ ਸ਼ੇਰਾਂ ਦਾ? 95
29. ਕੀ ਖ਼ਬਰਾਂ ਪੈਸੇ ਦੇ ਕੇ ਵੀ ਲੱਗਦੀਆਂ ਹਨ? 98
30. ਕੀ ਗੁਜਰਾਤ ਸਰਕਾਰ ਨਸ਼ਟ ਕਰ ਰਹੀ ਹੈ ਤਾਲਾਬਾਂ ਨੂੰ? 101

31. ਐਮ. ਸੀ. ਆਈ. ਜਾਂ ਲੁੱਟ ਦਾ ਲਾਇਸੰਸ? 104
32. ਕੀ ਲਾਇਸੰਸ ਵੀ ਵਿਕਦੇ ਹਨ ਦਲਾਲਾਂ ਰਾਹੀਂ? 107
33. ਕੀ ਟੀ. ਵੀ. ਸੀਰੀਅਲ ਬਜ਼ਾਰੂ ਸਭਿਆਚਾਰ ਵਧਾਉਂਦੇ ਹਨ? 110
34. ਜੰਗ ਤੋਂ ਪਿੱਛੋਂ ਸ੍ਰੀ ਲੰਕਾ 'ਚ ਤਣਾਅ ਭਰੀ ਸ਼ਾਂਤੀ 113
35. ਪੁਲਸ 'ਚ ਵੀ ਅਪਰਾਧੀ ਘੱਟ ਨਹੀਂ 118
36. ਸਾਮਰਾਜੀ ਬਰਾਕ ਓਬਾਮਾ ਦੀ ਹਕੂਮਤ ਦਾ ਇੱਕ ਸਾਲ 121
37. ਕਿਵੇਂ ਰਿਹਾ ਕੇਂਦਰ ਸਰਕਾਰ ਦਾ ਇੱਕ ਵਰ੍ਹਾ? 123
38. ਰਾਸ਼ਟਰਮੰਡਲ ਖੇਡਾਂ ਦਾ ਲਾਭ ਹੈ ਕਿਸ ਨੂੰ? 125
39. ਅਮਕੋ-ਸਿਮਕੋ ਬਲੀਦਾਨ 127
40. ਟੁੱਟ ਰਹੀਆਂ ਜਾਗੀਰੂ ਕਦਰਾਂ ਕੀਮਤਾਂ ਦੀ ਚੀਖਪੁਕਾਰ ਕਿੰਨੀ ਕੁ ਜਾਇਜ਼? 129
41. ਅੱਜ ਦਾ ਨੌਜਵਾਨ ਤੇ ਸ਼ਹੀਦ ਭਗਤ ਸਿੰਘ ਦੀ ਵਿਰਾਸਤ? 132
42. ਭੁਪਾਲ ਤਰਾਸਦੀ ਦੇ ਸਬਕ 135
43. ਕੀ ਮੌਕਾਪ੍ਰਸਤੀ ਦਾ ਮਜ਼ਬੂਤ ਥੰਮ ਸੀ ਜੋਤੀ ਬਾਸੂ? 139
44. ਉਜਾੜੇ ਦਾ ਮੁੱਦਾ, ਬਹਾਨਾ ਵਿਕਾਸ ਦਾ 148
45. ਨੌਕਰੀਆਂ ਦੇਣ ਵਾਲਿਆਂ ਨੂੰ ਸਖਤ ਬਦਲਾਅ ਦੀ ਲੋੜ ਕਿਉਂ? 152
46. ਐਮ. ਸੀ. ਆਈ. ਦਾ ਗੋਰਖ ਧੰਦਾ ਤੇ ਭਰਿਸ਼ਟਾਚਾਰ 155
47. ਫਰਜੀ ਪੁਲਸ ਮੁਕਾਬਲੇ ਤੇ ਹਿਰਾਸਤੀ ਮੌਤਾਂ ਕਿੰਨੀਆਂ ਕੁ? 157
48. ਰੇਲ ਦੁਰਘਟਨਾਵਾਂ-ਕਸੂਰ ਕਿਸ ਦਾ? 159
49. ਪੰਚਾਇਤੀ ਚੋਣਾਂ ਦੌਰਾਨ ਦਲਿਤਾਂ 'ਤੇ ਹਿੰਸਾ ਕਿਵੇਂ? 162
50. ਪੂੰਜੀਵਾਦੀ ਨਿਆਂ ਦਾ ਅਸਲੀ ਕਿਰਦਾਰ ਹੈ ਕੀ? 165
51. ਨਸਲਵਾਦ 'ਤੇ ਪਰਦਾਪੋਸ਼ੀ ਦੀ ਕੋਸ਼ਿਸ਼ ਕਿਉਂ? 168
52. ਕੀ ਜੇਲ੍ਹਾਂ ਵੀ ਜਾਬਰ ਪ੍ਰਬੰਧ ਦਾ ਹਿੱਸਾ ਹਨ? 171

# ਕੀ ਹਨ ਵਧਦੇ ਕੈਮਰੇ, ਘਟਦੇ ਸਮਾਚਾਰ ਵਧਦੇ ਅੰਧ ਵਿਸ਼ਵਾਸ?

ਦਸ ਪਹਿਲਾਂ ਇਹਨੀਂ ਦਿਨੀਂ ਹੋਇਆ ਕਾਰਗਿਲ ਯੁੱਧ ਪਹਿਲੀ ਗੰਭੀਰ ਘਟਨਾ ਸੀ ਜਿਸ ਦਾ ਸੀ ਸਮਾਚਾਰ ਚੈਨਲਾਂ 'ਤੇ ਸਜੀਵ ਤੇ ਰੰਗੀਨ ਪ੍ਰਚਾਰ ਕੀਤਾ ਗਿਆ ਸਭ ਤੋਂ ਗੰਭੀਰ ਮੰਨੇ ਜਾਣ ਵਾਲੇ ਚੈਨਲ ਐਨ ਡੀ. ਟੀ. ਵੀ. ਦੀ ਇਕ ਸਿਤਾਰਾ ਪੱਤਰਕਾਰ ਵਰਖਾ ਦੱਤ ਜਦ ਉਸ ਨੂੰ ਕਵਰ ਕਰਨ ਮੋਰਚੇ ਵੱਲ ਗਈ ਤਾਂ ਫੌਜੀ ਅਫਸਰਾਂ ਨੇ ਉਹਨਾਂ ਨੂੰ ਕਿਹਾ ਕਿ ਯੁੱਧ ਵਾਲੇ ਇਲਾਕੇ 'ਚ ਤੁਸੀਂ ਫਲੈਸ਼ਲਾਈਟ ਦੀ ਵਰਤੋਂ ਨਾ ਕਰੋ ਅਤੇ ਫੌਜੀਆਂ ਦੀ ਇੰਟਰਵਿਊ ਵੀ ਨਾ ਲਵੋ ਕਿਉਂਕਿ ਇਸ ਨਾਲ ਦੁਸ਼ਮਣ ਨੂੰ ਆਪਣੇ ਨਿਸ਼ਾਨੇ ਦਾ ਪਤਾ ਲੱਗ ਸਕਦਾ ਹੈ ਅਤੇ ਫੌਜੀ ਲੋਕ ਟੀ. ਵੀ. ਕੈਮਰਾ ਵੇਖ ਕੇ ਏਨੇ ਉਤਸ਼ਾਹ 'ਚ ਆ ਜਾਂਦੇ ਹਨ ਕਿ ਉਹ ਬਿਨਾਂ ਗੱਲ ਦੇ ਬੰਦੂਕ ਚਲਾ ਸਕਦੇ ਹਨ। ਜੈਸਾ ਕਿ ਸਾਰੇ ਜਾਣਦੇ ਹਨ। ਇਸ ਪਿਛੋਂ ਵੀ ਉਹ ਪੱਤਰਕਾਰ ਫਲੈਸ਼ ਚਮਕਾਉਣ ਤੋਂ ਨਹੀਂ ਰੁਕੀ ਜਿਸ ਨੂੰ ਵੇਖ ਕੇ ਪਾਕਿਸਤਾਨੀ ਫੌਜਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਅਤੇ ਉਹ ਖੁਦ ਵਾਲ ਵਾਲ ਬਚੀ। ਦਸ ਸਾਲ ਪਿਛੋਂ ਅੱਜ ਕੈਮਰੇ ਦ ਪ੍ਰਭਾਵ ਖੇਤਰ ਏਨਾ ਵਿਆਪਕ ਹਰਮਨ ਪਿਆਰਾ ਹੋ ਚੁੱਕਿਆ ਹੈ ਕਿ ਸਾਫ ਸੁਥਰੇ ਕੱਪੜੇ ਪਹਿਨੇ ਹੋਏ ਅਤੇ ਹੱਥ ਵਿਚ ਇਕ ਛੋਟਾ ਜਿਹਾ ਹੈਂਡੀ ਕੈਮ ਲਏ ਹੋਏ ਕੋਈ ਵੀ ਵਿਅਕਤੀ ਕਿਸੇ ਕਸਬੇ ਜਾਂ ਪਿੰਡ 'ਚ ਜਾਏ ਤਾਂ ਲੋਕ ਉਸ ਨੂੰ ਟੀ. ਵੀ. ਪੱਤਰਕਾਰ ਮੰਨ ਲੈਂਦੇ ਹਨ ਅਤੇ ਪੁੱਛਦੇ ਹਨ ਕਿ ਤੁਸੀਂ ਕਿਸ ਚੈਨਲ ਤੋਂ ਆਏ ਹੋ। ਪਰ ਜੇ ਪਿਛਲੇ ਪੰਜ ਸਾਲਾਂ ਵਿੱਚ ਸਮਾਚਾਰ ਚੈਨਲਾਂ ਤੋਂ ਪ੍ਰਸਾਰਿਤ ਹੋਈਆਂ। 'ਵਿਚਿਤਰ ਕਿੰਤੂ ਸੱਚ' ਕਿਸਮ ਦੀ ਇਕ ਸੰਖੇਪ ਜਿਹੀ ਸੂਚੀ ਬਣਾਈ ਜਾਵੇ ਤਾਂ ਉਹ ਕਾਫੀ ਭਿਆਨਕ ਹੋਵੇਗੀ। ਮੱਧ ਪ੍ਰਦੇਸ਼ ਦੇ ਇਕ ਕਸਬੇ 'ਚ ਇਕ ਜੋਤਸ਼ੀ ਨੇ ਜਦ ਆਪਣੀ ਸੰਭਾਵਿਤ ਮੌਕ ਦੇ ਦਿਨ ਅਤੇ ਘੜੀ ਦਾ ਐਲਾਨ ਕੀਤਾ ਤਾਂ ਇਸ ਚਮਤਕਾਰ ਦੀ ਰਿਪੋਰਟ ਕਰਨ ਲਈ ਨਿਸ਼ਚਤ ਸਮੇਂ ਤੇ ਸਾਰੇ ਟੀ. ਵੀ. ਕੈਮਰੇ ਉਸ ਮੰਦਿਰ 'ਚ ਪਹੁੰਚ ਗਏ ਜਿਥੇ ਜੋਤਸ਼ੀ ਮਹਾਰਾਜ ਨੇ ਸ਼ਰਨ ਲਈ ਹੋਈ ਸੀ। ਜ਼ਾਹਿਰ ਹੈ ਕਿ ਉਹ ਮਹੂਰਤ ਟਲ ਗਿਆ 'ਜੋਤਿਸ਼ੀ ਸਵਰਗ ਨਹੀਂ ਸਿਧਾਰ' ਅਤੇ ਸਾਰੇ ਚੈਨਲਾਂ ਦੇ ਦਿਲੀ 'ਚ ਬੈਠੇ ਹੋਏ ਏਂਕਰ ਆਪਣੇ ਪੱਤਰਕਾਰਾਂ ਤੋਂ ਪੁੱਛਦੇ ਹੀ ਰਹਿ ਗਏ ਕਿ ਕੀ ਹੁਣ ਵੀ ਜੋਤਿਸ਼ੀ ਜੀ ਦੇ ਮਰਨ ਦੀ ਕੋਈ ਸੰਭਾਵਨਾ ਹੈ। ਬਾਅਦ 'ਚ ਪਤਾ ਲੱਗਿਆ ਕਿ ਜੋਤਿਸ਼ੀ ਨੇ ਇਹ ਸਾਰਾ ਡਰਾਮਾ ਸਿਰਫ ਇਹ ਦੱਸਣ ਲਈ ਰਚਿਆ ਕਿ ਉਸ ਦੀ ਪਤੀ ਬਰਤਾ ਪਤਨੀ ਵੱਲੋਂ ਲਗਾਤਾਰ ਕਰਵਾ ਚੌਥ ਦਾ ਵਰਤ ਰੱਖੇ ਜਾਣ ਕਰਕੇ ਉਹਨਾਂ ਦੀ ਮੌਤ ਦੀ ਘੜੀ ਟਲ ਗਈ। ਇਸ ਤਰ੍ਹਾਂ ਪਿਛਲੇ ਸਾਲ ਰੱਖੜੀ ਦੇ ਦਿਨ ਇਕ ਜਦ ਸਮਾਚਾਰ ਚੈਨਲ 'ਤੇ ਇਕ ਜੋਤਿਸ਼ੀ ਨੇ ਐਲਾਨ ਕੀਤਾ ਕਿ ਲੜਕੀਆਂ ਵਲੋਂ ਆਪਣੇ ਭਾਈਆਂ ਦੇ ਗੁਟ 'ਤੇ ਰੱਖੜੀ ਬੰਨਣ ਦੀ ਮਹੂਰਤ ਅਸ਼ੁਭ ਸੀ ਤਾਂ ਹਜ਼ਾਰਾਂ ਭਾਈਆਂ ਨੇ ਆਪਣੀਆਂ ਆਪਣੀਆਂ ਰੱਖੜੀਆਂ ਉਤਾਰ ਦਿੱਤੀਆਂ। ਸਮਾਜ ਤੇ ਵਿਅਕਤੀ ਦੀ ਆਬਰੂ ਦੇ ਪੱਧਰ 'ਤੇ ਵੇਖੀਏ ਤਾਂ ਕੁਝ ਸਾਲ ਪਹਿਲਾਂ ਇਕ ਸਮਾਚਾਰ ਚੈਨਲ ਨੇ ਦਿੱਲੀ ਦੇ ਇਕ ਕਾਲਜ ਦੀ ਅਧਿਆਪਕਾ ਉਮਾ ਖੁਰਾਨਾ ਦਾ ਚਰਿਤਰ ਹਨਨ ਕੀਤਾ ਸਿੱਟੇ ਵਜੋਂ ਸਥਾਨਕ ਲੋਕਾਂ ਨੇ ਅਧਿਆਪਕਾਂ ਨੂੰ ਬੁਰੀ ਤਰ੍ਹਾਂ ਕੁੱਟਿਆ। ਉਸ ਦੇ ਕੱਪੜੇ ਪਾੜ ਦਿੱਤੇ ਤੇ

ਕਾਲਜ ਨੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ। ਇਹ ਵੱਖਰੀ ਗੱਲ ਹੈ ਕਿ ਬਾਅਦ 'ਚ ਉਸ ਅਧਿਆਪਕਾ ਨੇ ਹਿੰਮਤ ਕਰਕੇ ਅਦਾਲਤੀ ਲੜਾਈ ਲੜੀ, ਆਪਣੀ ਖੁਸ਼ੀ ਆਬਰੂ ਫਿਰ ਤੋਂ ਹਾਸਲ ਕੀਤੀ ਅਤੇ ਚੈਨਲ ਦੀ ਪੱਤਰਕਾਰ ਗ੍ਰਿਫ਼ਤਾਰ ਹੋਈ। ਦਰਅਸਲ ਇਕ ਦੌਰ ਵਿੱਚ ਸਮਾਚਾਰ ਚੈਨਲ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਭਰ ਗਏ ਸਨ। ਜਿਸ 'ਚ ਭਿਆਨਕ ਸੁਆਰਥ ਜਾਂ ਬਲੈਕਮੇਲ ਦੇ ਉਦੇਸ਼ ਨਾਲ ਵੱਖ-ਵੱਖ ਪੱਤਰਕਾਰਾਂ ਨੇ ਲੋਕਾਂ ਦੀ ਪ੍ਰਤੀਸ਼ਤਾ ਨੂੰ ਮਿੱਟੀ 'ਚ ਮਿਲਾਉਣ ਦੀ ਕੋਸ਼ਿਸ਼ ਕੀਤੀ ਜਾਂ ਫਿਰ ਐਸਾ ਨਾ ਕਰਨ ਲਈ ਪੈਸੇ ਦੀ ਮੰਗ ਕੀਤੀ। ਇਸ ਅਨੈਤਿਕਤਾ ਦੀ ਇਕ ਉਦਾਹਰਣ ਇਹ ਹੈ ਕਿ ਜੋ ਸਮਾਚਾਰ ਵਾਚਕ ਬਲਾਤਕਾਰ ਯੌਨ-ਸ਼ੋਸ਼ਣ, ਹੱਤਿਆ ਜਾਂ ਚਰਿਤਰ ਹਨਨ ਦੀਆਂ ਘਟਨਾਵਾਂ ਨੂੰ ਜਿਨਾਂ ਵੱਧ ਰਿਪੋਰਟ ਕਰਦੇ ਸਨ ਉਹ ਆਪਣੇ ਆਪ ਨੂੰ ਉਨ੍ਹਾਂ ਸਫਲ ਮੰਨਦੇ ਸਨ। ਉਹਨੀਂ ਦਿਨੀਂ ਟੀ. ਵੀ. ਦੀ ਦੁਨੀਆ ਵਿੱਚ ਐਸੀਆਂ ਘਟਨਾਵਾਂ 'ਤੇ ਪ੍ਰਤੀਕਿਰਿਆ ਕਰਦਿਆਂ ਹੋਇਆਂ ਆਈ. ਬੀ. ਐਨ. ਦੇ ਮੁੱਖ ਰਾਜ ਦੀਪ ਸਰਦੇਸਾਈ ਨੇ ਜੋ ਕਿਹਾ ਸੀ ਉਸ ਨੂੰ ਸਮਾਚਾਰ ਚੈਨਲਾਂ ਦੇ ਪ੍ਰਸੰਗ ਵਿੱਚ ਅਮਰ ਵਾਰਗਕ ਕਿਹਾ ਜਾਵੇਗਾ। ਉਹ ਇਹ ਸੀ ਕਿ 'ਨਿਊਜ਼ ਚੈਨਲ ਆਪਣਾ ਟੀ. ਆਰ. ਪੀ. ਵਧਾਉਣ ਲਈ ਆਪਣੇ ਸਟੂਡੀਓ 'ਚ ਕਿਸੇ ਦੀ ਹੱਤਿਆ ਵੀ ਕਰ ਸਕਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਚਾਰ ਚੈਨਲਾਂ 'ਤੇ ਘਟਨਾਵਾਂ ਪਹਿਲਾਂ ਦੇ ਮੁਕਾਬਲਤਨ ਕਿਤੇ ਵੱਧ ਅਤੇ ਜਲਦੀ ਰਿਪੋਰਟ ਹੋ ਰਹੀਆਂ ਹਨ। ਕਿਉਂਕਿ ਹੈਂਡੀਕੈਮ ਕਿਤੇ ਨਹੀਂ ਜਾ ਸਕਦਾ ਹੈ ਅਤੇ ਉਸ ਤੋਂ ਵੀ ਛੋਟੇ ਬਟਨ ਕੈਮਰੇ ਬੈਡਰੂਮ ਵਿਚ ਵੀ ਘੁਸ ਕੇ ਮੀਟਿੰਗ ਅਪ੍ਰੇਸ਼ਨ ਕਰ ਸਕਦੇ ਹਨ ਅਤੇ ਕਰਦੇ ਰਹੇ ਹਨ। ਪਰ ਇਸ ਸਭ ਦੇ ਬਾਵਜੂਦ ਕੋਈ ਸਮਾਚਾਰ ਚੈਨਲ ਅਜਿਹਾ ਇਕ ਵੀ ਮੀਟਿੰਗ ਅਪ੍ਰੇਸ਼ਨ ਨਹੀਂ ਕਰ ਸਕਿਆ ਜਿਹੋ ਜਿਹਾ 'ਤਹਿਲਕਾ' ਨੇ ਕੀਤਾ ਸੀ। ਜਿਸ ਵਿੱਚ ਗੁਜਰਾਤ ਵਿੱਚ ਸਰਕਾਰ ਵਲੋਂ ਵਿਉਂਤਬੱਧ ਦੰਗਿਆਂ 'ਚ ਸਰਕਾਰ ਦੇ ਫਿਰਕੂ ਮੰਤਰੀਆਂ ਅਫਸਰਾਂ ਅਤੇ ਹਿੰਦੁਸਤਾਨੀ ਸੰਗਠਨਾਂ ਦੇ ਕਾਲੇ ਤੇ ਅਪਰਾਧੀ ਚੇਹਰੇ ਪੂਰੀ ਤਰ੍ਹਾਂ ਬੇਨਕਾਬ ਹੋਏ। ਸਾਡੇ 'ਲੋਕਤੰਤਰ' ਨੂੰ ਬੁਨਿਆਦੀ ਤੌਰ 'ਤੇ ਪ੍ਰਭਾਵਿਤ ਕਰਨ ਵਾਲੀਆਂ ਸਮਾਜਿਕ ਰਾਜਸੀ ਘਟਨਾਵਾਂ ਦੇ ਮੋਰਚੇ 'ਤੇ ਸਮਾਚਾਰ ਚੈਨਲਾਂ ਦਾ ਰਿਕਾਰਡ ਨਿਰਾਸ਼ਾ ਜਨਕ ਹੀ ਰਿਹਾ ਹੈ ਅਤੇ ਉਹ ਟੀ. ਆਰ. ਪੀ. ਜਾਂ ਆਪ ਮਾਰਕਿਟ ਸਟੋਰੀ ਦੇ ਦੁਸਚੱਕਰ 'ਚ ਇਸ ਹੱਦ ਤਕ ਫਸ ਗਏ ਹਨ ਕਿ ਸਮਾਜ ਦੇ ਹਾਦਸਿਆਂ ਚਮਕ-ਦਮਕ ਦੇ ਹੇਠਾਂ ਛਿਪੇ ਹਨੇਰਿਆਂ ਅਤੇ ਖੁਸ਼ਹਾਲ ਬਣਨ ਦੇ ਸੁਪਨੇ ਵੇਖਣ ਵਾਲੇ ਵਿਸ਼ਾਲ ਭਾਰਤੀ ਮੱਧ ਵਰਗ 'ਚ ਦਬੇ ਹੋਏ ਨਿਮਨ-ਵਰਗ ਦੇ ਦੁੱਖਾਂ 'ਤੇ ਸੰਘਰਸ਼ਾਂ ਨੂੰ ਹਮੇਸ਼ਾ 'ਡਾਊਨ ਮਾਰਕਿਟ' ਸਟੋਰੀ ਵਜੋਂ ਦੇਖਦੇ ਅਤੇ ਉਸ ਦਾ ਬਾਈਕਾਟ ਕਰਨ ਦੀ ਕੋਸ਼ਿਸ਼ ਕਰਦੇ। ਪ੍ਰਸਿੱਧ ਪੱਤਰਕਾਰ ਪੀ ਸਾਈਨਾਥ ਨੇ ਆਪਣੇ ਇਕ ਲੇਖ ਵਿਚ ਕਿਹਾ ਸੀ ਕਿ 'ਗਰੀਬ ਆਦਮੀ ਨੂੰ ਇਲੈਕਟ੍ਰਾਨਿਕ ਮੀਡੀਆ ਵਿੱਚ ਤਾਂ ਹੀ ਥਾਂ ਮਿਲਣੀ ਹੈ ਜਦ ਉਹ ਮਰ ਜਾਂਦਾ ਹੈ, ਅਤੇ ਇਸ ਮਰਨੇ ਦਾ ਨੋਟਿਸ ਵੀ ਉਦੋਂ ਲਿਆ ਜਾਂਦਾ ਹੈ ਜਦ ਮੌਤ ਸਮੂਹਕ ਤੌਰ 'ਤੇ ਹੋਵੇ, ਕਿਸੇ ਯੁੱਧ ਮਹਾਂਮਾਰੀ ਅਕਾਲੀ, ਤੂਫਾਨ, ਹੜ੍ਹ ਜਾਂ ਸੁਨਾਮੀ ਆਦਿ ਦੀ ਲਪੇਟ ਵਿਚ ਆ ਕੇ ਲੋਕ ਵੱਡੇ ਪੈਮਾਨੇ 'ਤੇ ਮਰ ਜਾਣ। ਅਜਿਹੀਆਂ ਘਟਨਾਵਾਂ ਦੀ ਪੇਸ਼ਕਾਰੀ 'ਚ ਉਤੇਜਨਾ ਦਾ ਤੱਤ ਜ਼ਰੂਰ ਸ਼ਾਮਲ ਰਹਿੰਦਾ ਹੈ ਪਰ ਇਕ ਖਾਸ ਤਰ੍ਹਾਂ ਦੀ ਨਿਸੰਗਤਾ ਵੀ ਹੁੰਦੀ ਹੈ। ਵਿਸ਼ੇ ਵਸਤੂ ਜਾਂ ਕੰਟੈਂਟ ਪ੍ਰਤੀ ਸਮਾਚਾਰ ਪੇਸ਼ ਕਰਨ ਵਾਲਾ ਇਕ ਖਾਸ ਅਲਗਾਅ ਦੇ ਨਾਲ ਕੰਮ ਕਰਦਾ ਹੈ ਪਰ ਉਸ ਦੇ ਬਿਆਨ ਕਰਨ ਦੇ ਅੰਦਾਜ਼ ਵਿਚ

ਇੱਕ ਸਨਸਨੀ ਹੁੰਦੀ ਹੈ ਜੋ ਭੂ ਮੰਡਲੀਕ੍ਰਿਤ ਪੂੰਜੀ ਵਾਲੀ ਵਿਵਸਥਾ 'ਚ ਕਿਸੇ ਵੀ ਵਿਸ਼ੇ ਵਸਤੂ ਨੂੰ ਉਤਪਾਦ ਬਣਾਉਣ ਅਤੇ ਉਸ ਨੂੰ ਵੇਚਣ ਲਈ ਜ਼ਰੂਰੀ ਮੰਨੀ ਜਾਂਦੀ ਹੈ। ਇਸ ਤਰ੍ਹਾਂ ਤ੍ਰਾਸਦੀਆਂ ਫਿਰ ਖਪਤਕਾਰ ਦੀਆਂ ਵਸਤੂਆਂ ਬਣ ਜਾਂਦੀਆਂ ਹਨ ਅਤੇ ਦੁੱਖ ਦਾ ਵੀ ਉਤਸਵ ਮਨਾਇਆ ਜਾਂਦਾ ਹੈ। ਕੁਝ ਸਮਾਜ ਸਾਸ਼ਤਰੀਆਂ ਦਾ ਮੰਨਣਾ ਹੈ ਕਿ ਚੌਬੀ ਘੰਟੇ ਚਲਾਏ ਜਾਣ ਵਾਲੇ ਚੈਨਲਾਂ ਪਾਸ ਠੋਸ ਸਮਾਚਾਰ ਦੇ ਲਿਹਾਜ ਨਾਲ ਸਿਰਫ ਤਿੰਨ ਜਾਂ ਚਾਰ ਘੰਟੇ ਦੇ ਸਮਾਚਾਰ ਹੁੰਦੇ ਹਨ। ਜਿਹਨਾਂ ਨੂੰ ਉਹ ਖਿੱਚ ਕੇ ਲੰਬੇ ਜੰਮਿਆਂ ਵਾਲੇ ਲੱਛੇਦਾਰ ਜਾਂ ਊਟਪਟਾਂਗ ਵਾਅਦ ਬੋਲਣ ਵਾਲੇ ਏਂਕਰਾਂ ਦੇ ਜਰੀਏ ਜਾਂ ਫਿਰ ਦੇਰ ਤਕ ਅਜਿਹੇ ਦ੍ਰਿਸ਼ਾਂ ਨੂੰ ਦੁਹਰਾਉਣ ਲੱਗੇ ਚੌਬੀ ਘੰਟਿਆਂ ਤਕ ਫੈਲਾਉਂਦੇ ਹਨ। ਮੌਕੇ 'ਤੇ ਜਾ ਕੇ ਘਟਨਾ ਨੂੰ ਰਿਪੋਰਟ ਕਰਨ ਵਾਲੇ ਪੱਤਰਕਾਰਾਂ ਦੀ ਖਬਰਾਂ ਚਾਹੇ ਕਿੰਨੀਆਂ ਵੀ ਮਾਮੂਲੀ ਹੋਣ ਉਹਨਾਂ ਨੂੰ 'ਬ੍ਰੇਕਿੰਗ ਨਿਊਜ਼ ਵਰਗੇ ਸਿਰਲੇਖ ਦੇ ਕੇਂਦਰ ਤੱਕ ਇਉਂ ਵਿਖਾਇਆ ਜਾਂਦਾ ਹੈ ਜਿਵੇਂ ਉਹ ਉਚੇ ਅਤੇ ਅਸਧਾਰਨ ਹੋਣ ਅਤੇ ਚੈਨਲ ਉਹਨਾਂ ਨੂੰ ਪਹਿਲੀ ਵਾਰੀ ਵਿਖਾ ਰਿਹਾ ਹੋਵੇ। ਇਸ ਤਰ੍ਹਾਂ ਕਈ ਵਾਰੀ ਇਹ ਹੀ ਘਟਨਾ ਕਈ ਚੈਨਲਾਂ 'ਤੇ ਇਕੋ ਵੇਲੇ 'ਬ੍ਰੇਕਿੰਗ ਨਿਊਜ਼' ਦੇ ਨਾਂ 'ਤੇ ਵਿਖਾਈ ਦਿੰਦੀ ਹੈ। ਜਦ ਅਜਿਹੇ ਫਾਰਮੂਲੇ ਵੀ ਕੰਮ ਨਹੀਂ ਆਉਂਦੇ ਤਾਂ ਚੈਨਲਾਂ ਦੇ ਪੱਤਰਕਾਰਾਂ ਨੂੰ ਅਜਿਹੀਆਂ ਥਾਵਾਂ 'ਤੇ ਭੇਜ ਦਿੱਤਾ ਜਾਂਦਾ ਹੈ ਜਿੱਥੋਂ ਵਾਪਸ ਆ ਕੇ ਉਹ ਦਰਸ਼ਕਾਂ ਨੂੰ ਇਹ ਦੱਸ ਸਕਣ ਕਿ ਮਹਾਂਭਾਰਤ ਯੁੱਧ ਪਿਛੋਂ ਪਾਂਡਵ ਕਿਸ ਰਾਹ ਰਾਹੀਂ ਸਵਰਗ ਗਏ ਸਨ। ਜਾਂ ਰਾਵਣ ਦੀ ਲੰਕਾ ਸੱਚਮੁੱਚ ਕਿਥੇ ਸੀ ਅਤੇ ਸੀਤਾ ਨੇ ਉਥੇ ਕਿਸ ਪਹਾੜੀ ਤੇ ਬਣੀ ਅਸ਼ੋਕ ਵਾਟਿਕਾ 'ਚ ਬੈਠ ਕੇ ਰਾਮ ਰਾਵਣ ਯੁੱਧ ਵੇਖਿਆ ਸੀ। ਇਕ ਹੈਰਾਨੀਜਨਕ ਮਿਸਾਲ ਇਹ ਹੈ ਕਿ ਜਦ ਵਿਗਿਆਨਕਾਂ ਨੇ ਦੁਨੀਆਂ ਦੀ ਉਤਪਤੀ ਦੇ 'ਬਿੱਗ-ਬੈਗ' ਸਿਧਾਂਤ ਦੀ ਸੱਚਾਈ ਜਾਨਣ ਦੇ ਉਦੇਸ਼ ਨਾਲ ਪ੍ਰਮਾਣੂ ਦਾ ਵਿਖੰਡਣ ਰੋਕਣ ਲਈ ਇਕ ਦਿਓ ਕੱਦ ਮਸ਼ੀਨ ਬਣਾਈ ਤਾਂ ਸਾਡੇ ਦੇਸ਼ ਦੇ ਲਗਭਗ ਸਾਰੇ ਚੈਨਲ ਜ਼ੋਰ ਸ਼ੋਰ ਨਾਲ ਇਹ ਪ੍ਰਚਾਰ ਕਰਨ ਲੱਗੇ ਕਿ ਪ੍ਰਮਾਣੂ ਦੇ ਵਿਖੰਡਣ ਹੋਣ ਦੇ ਦਿਨ ਯਾਨੀ 10 ਸਤੰਬਰ 2008 ਨੂੰ ਦੁਨੀਆਂ ਖਤਮ ਹੋਣ ਵਾਲੀ ਹੈ। ਸੱਚਾਈ ਇਹ ਹੈ ਕਿ ਕੁਝ ਅਪਵਾਦਾਂ ਨੂੰ ਛੱਡ ਕੇ ਅਤੇ ਸੱਤ ਰਾਜਨੀਤੀ ਦੀ ਕਵਰੇਜ ਤੋਂ ਇਲਾਵਾ ਸਮਾਚਾਰ ਚੈਨਲਾਂ ਦੀਆਂ ਸਮਾਜਕ ਰਿਪੋਰਟਾਂ ਅਤੇ ਫੀਚਰ ਦਰਸ਼ਕਾਂ ਨੂੰ ਉਸੇ ਤਰ੍ਹਾਂ ਦਾ ਘਟੀਆ ਮਸਾਲਾ ਪੇਸ਼ ਕਰਦੇ ਹਨ ਜਿਹੋ ਜਿਹਾ ਮਨੋਰੰਜਨ ਚੈਨਲਾਂ ਦੇ ਸੀਰੀਅਲਾਂ ਵਿੱਚ ਹੁੰਦਾ ਹੈ। ਵਿਸ਼ਵੀਕਰਨ ਯਾਨੀ ਅਮੀਰੀਕਰਨ (ਸਾਮਰਾਜੀਕਰਨ) ਅਤੇ ਬਾਜਾਰੀ ਪ੍ਰਣਾਲੀ ਨੇ ਸਮਾਜ 'ਚ ਜਿਸ ਨਿਜੀਕਰਣ ਤੇ ਵਿਗੜੇ ਵਿਅਕਤੀਵਾਦ ਨੂੰ ਜਨਮ ਦਿੱਤਾ ਹੈ, ਉਸ ਦੀ ਪੇਸ਼ਕਾਰੀ ਸਮਾਚਾਰ ਚੈਨਲਾਂ 'ਚ ਤਰ੍ਹਾਂ-ਤਰ੍ਹਾਂ ਨਾਲ ਹੋਈ ਹੈ। ਉਹਨਾਂ ਵਿੱਚ ਆਮ ਹਿੰਦੁਸਤਾਨੀ ਦੀ ਥਾਂ ਇਸ ਲਈ ਘੱਟ ਤੋਂ ਘੱਟ ਹੁੰਦੀ ਗਈ ਹੈ ਕਿ ਉਹ ਵਿਆਪਕ ਭਾਰਤੀ ਸਮਾਜ ਪ੍ਰਤੀ ਕੋਈ ਜੁਆਬਦੇਹੀ ਨਹੀਂ ਮਹਿਸੂਸ ਕਰਦੇ ਉਸੇ ਤਰ੍ਹਾਂ ਜਿਵੇਂ ਭਾਰਤੀ ਸਨਅਤਕਾਰਾਂ ਦਾ ਸਮੂਹ ਨਹੀਂ ਕਰਦਾ। ਸਾਡੇ ਦੌਰ ਵਿੱਚ ਇਹ ਅਹਿਸਾਸ ਲਗਭਗ ਖ਼ਤਮ ਹੋ ਚੱਲਿਆ ਹੈ ਕਿ ਅਰਥਚਾਰਾ, ਸ਼ਹਿਰੀ ਕਲਿਆਣ ਅਤੇ ਸਭਿਆਚਾਰ ਦੇ ਖੇਤਰ ਦੇ ਪੈਮਾਨਿਆਂ ਦੀ ਅਣਦੇਖੀ ਅਤੇ ਵਾਂਝੇ ਤਬਕਿਆਂ ਪ੍ਰਤੀ ਭਾਰੀ ਜਿੰਮੇਵਾਰੀ ਬਣਦੀ ਹੈ। ਇਸ ਨਿੱਜੀਕਰਨ ਦਾ ਆਲਮ ਇਹ ਹੈ ਕਿ ਕੋਈ ਸਮਾਚਾਰ ਚੈਨਲ ਆਪਣੇ ਹੀ ਹਮਸਫਰ ਕਿਸੇ ਦੂਜੇ ਚੈਨਲ ਦੀ ਗ਼ੈਰ-ਜ਼ਿੰਮੇਵਾਰ ਰਿਪੋਰਟਿੰਗ ਪ੍ਰਤੀ ਵੀ ਸੰਵੇਦਨਸ਼ੀਲ ਨਹੀਂ ਰਹਿ ਗਿਆ ਹੈ।

ਝੂਠੀਆਂ ਜਾਂ ਭੜਕਾਊ ਖ਼ਬਰਾਂ ਨੂੰ ਹੁਣ ਟੀ. ਆਰ. ਪੀ. ਵਧਾਉਣ ਦੇ ਚਾਲੂ ਨੁਸਖੇ ਵਜੋਂ ਹੀ ਵੇਖਿਆ ਜਾਂਦਾ ਹੈ, ਉਹਨਾਂ ਦੀ ਕੋਈ ਰਵਾਇਤੀ ਅਲੋਚਨਾ ਨਹੀਂ ਹੁੰਦੀ। ਸਮਾਚਾਰ ਚੈਨਲਾਂ ਦੇ ਲਗਾਤਾਰ ਫੈਲਦੇ ਜਾਲ ਤੇ ਇਸ ਰਫਤਾਰ ਨਾਲ ਵਧਦੇ ਗੈਰ-ਜਿੰਮੇਵਾਰ ਪ੍ਰਸਾਰਣ ਨੂੰ ਵੇਖਦਿਆਂ ਸਰਕਾਰ ਨੇ ਸਕੱਤਰਾਂ ਦੇ ਚੈਨਲਾਂ ਦੇ ਲਗਾਤਾਰ ਫੈਲਦੇ ਜਾਲ ਤੇ ਇਸ ਰਫ਼ਤਾਰ ਨਾਲ ਵਧਦੇ ਗ਼ੈਰ-ਜ਼ਿੰਮੇਵਾਰ ਪ੍ਰਸਾਰਣ ਨੂੰ ਵੇਖਦਿਆਂ ਸਰਕਾਰ ਨੇ ਸਕੱਤਰਾਂ ਦੇ ਚੈਨਲਾਂ ਲਈ ਇਕ ਕੋਡ ਆਫ ਕੰਡਕਟ ਤਿਆਰ ਕਰਨ ਦਾ ਪ੍ਰਸਤਾਵ ਰੱਖਿਆ ਸੀ ਇਹ ਸੁਭਾਵਿਕ ਹੀ ਹੈ ਕਿ ਇਲੈਕਟ੍ਰਾਨਿਕ ਮੀਡੀਆ ਨੇ ਇਸ ਦਾ ਪੁਰਜ਼ੋਰ ਵਿਰੋਧ ਕੀਤਾ। ਇਸ ਤਰ੍ਹਾਂ ਸਰਕਾਰੀ ਏਜੰਸੀ ਬਨਣ 'ਤੇ ਨਿਯਮਾਂ ਦੀ ਸੰਭਾਵਿਤ ਦੁਰਵਰਤੋਂ ਹੋਣ ਦੇ ਤਰਕ ਪੇਸ਼ ਕੀਤੇ ਪਰ ਇਹ ਵੀ ਮੰਨਿਆ ਕਿ ਚੈਨਲਾਂ ਨੂੰ ਮਿਲ ਕੇ ਅਜਿਹਾ ਇਕ ਕੋਡ ਆਫ ਕੰਡਕਟ ਤਿਆਰ ਕਰਨ ਦੀ ਲੋੜ ਹੈ। ਇਹ ਦਲੀਲ ਠੀਕ ਸੀ। ਕਿਉਂਕਿ ਸਰਕਾਰੀ ਕੋਡ ਆਫ ਕੰਡਕਟ ਸੇਂਸਰਸ਼ਿਪ ਦਾ ਹੀ ਕੰਮ ਕਰਦੀ ਹੈ ਜੋ ਲੋਕਤੰਤਰ ਵਿਰੋਧੀ ਹੈ। ਪਰ ਦੂਜੇ ਪਾਸੇ ਸੱਚਾਈ ਇਹ ਹੈ ਕਿ ਸਮਾਚਾਰ ਤੇ ਮਨੋਰੰਜਨ ਚੈਨਲਾਂ ਦਾ ਕੋਈ ਗੱਠਜੋੜ ਜਾਂ ਸੰਗਠਨ ਨਹੀਂ ਹੈ। ਉਹ ਨਿੱਜੀ ਤੇ ਸਵਾਇਤ ਸਨਅਤਾਂ ਵਾਂਗੂ ਚਲਾਏ ਜਾਂਦੇ ਹਨ ਸਤਾ ਤੇ ਰਾਜਸੀ ਨੇਤਾਵਾਂ ਨਾਲ ਉਨ੍ਹਾਂ ਦੇ ਨਿੱਘੇ ਸਬੰਧ ਹਨ। ਇਸ ਲਈ ਉਹਨਾਂ ਦੀ ਘੱਟੋ ਘੱਟ ਆਚਰਨ ਅਤੇ ਕਰਨ ਵਾਲੇ ਨਿਯਮਾ ਦਾ ਬਣਨਾ ਕਾਫੀ ਕਠਿਨ ਹੈ। ਇਸ ਦਾ ਇਹੀ ਇਕ ਉਪਾਅ ਹੋ ਸਕਦਾ ਹੈ ਕਿ ਬੁੱਧੀਜੀਵੀਆਂ, ਸਾਹਿਤਕਾਰਾਂ, ਸਮਾਜ ਸ਼ਾਸਤਰੀਆਂ, ਅਰਥਸ਼ਾਸਤਰੀਆਂ ਮੀਡੀਆ ਮਾਹਰਾਂ 'ਤੇ ਰਾਜਸੀ ਨੁਮਾਇੰਦਿਆਂ ਦੀ ਅਜਿਹੀ ਵਿਆਪਕ ਅਥਾਰਟੀ ਬਣੇ ਜੋ ਸਰਕਾਰ ਤੇ ਮਾਸ ਮੀਡੀਆ ਦੋਹਾਂ ਤੋਂ ਆਜ਼ਾਦ ਰਹਿ ਕੇ ਸਮਾਚਾਰ ਚੈਨਲਾਂ 'ਤੇ ਡੂੰਘੀ ਆਲੋਚਨਾਤਮਕ ਨਿਗਾਹ ਰੱਖ ਸਕੇ ਅਤੇ ਜਿਸ ਦੇ ਸਿੱਟਿਆਂ ਨੂੰ ਚੈਨਲਾਂ ਦੇ ਸੂਤਰਧਾਰ ਸਵੀਕਾਰ ਕਰ ਸਕਣ। ਪਰ ਇਸ ਤੋਂ ਪਹਿਲਾਂ ਸ਼ਾਇਦ ਇਕ ਵਿਆਪਕ ਸਰਵੇਖਣ ਦੀ ਜ਼ਰੂਰਤ ਹੈ, ਜਿਸ ਨਾਲ ਪਿਛਲੇ ਪੰਦਰਾਂ ਵੀਹ ਸਾਲਾਂ ਦੌਰਾਨ ਸੈਟੇਲਾਈਟ ਚੈਨਲਾਂ ਦੀ ਵਰਖਾ ਆਉਣ ਪਿਛੋਂ ਸਮਾਜ ਦੇ ਵੱਖ-ਵੱਖ ਵਰਗਾਂ ਦੀ ਸੋਚ ਤੇ ਕਦਰਾਂ ਕੀਮਤਾਂ 'ਚ ਆਈਆਂ ਤਬਦੀਲੀਆਂ ਦਾ ਸਮਾਜ ਸਾਸਤਰੀ ਅਧਿਐਨ ਕੀਤਾ ਜਾ ਸਕੇ। ਇਹ ਇਸ ਲਈ ਵੀ ਜਰੂਰੀ ਹੈ ਕਿ ਸੰਨ 1995 'ਚ ਜਦ ਗਣੇਸ਼ ਦੀਆਂ ਮੂਰਤੀਆਂ ਵਲੋਂ ਦੁੱਧ ਪੀਤੇ ਜਾਣ ਦੀ ਅਫਵਾਹ ਜ਼ੋਰਾਂ ਨਾਲ ਫੈਲਾਈ ਗਈ ਅਤੇ ਲੋਕ ਇਸ 'ਤੇ ਵਿਸਵਾਸ਼ ਵੀ ਕਰਨ ਲੱਗੇ ਤਾਂ ਹਿੰਦੀ ਸਮਾਚਾਰ ਵਾਚਕ 'ਚ ਨਵਾਂ ਰਾਹ ਬਣਾਉਣ ਵਾਲੇ ਪੱਤਰਕਾਰ ਸੁਰਿੰਦਰ ਪ੍ਰਤਾਪ ਸਿੰਘ ਨੇ ਆਪਣੇ ਪ੍ਰੋਗਰਾਮ 'ਅੱਜ ਤੱਕ' 'ਚ ਕਈ ਵਿਗਿਆਨਕਾਂ ਨੂੰ ਹੀ ਨਹੀਂ ਬਲਕਿ ਜੁੱਤਾ ਮੁਰੰਮਤ ਕਰਨ ਵਾਲੇ ਇਕ ਮੋਚੀ ਨੂੰ ਵੀ ਬੁਲਾ ਕੇ ਇਹ ਸਾਬਤ ਕੀਤਾ ਕਿ ਇਹ ਕੋਈ ਦੈਵੀ ਚਮਤਕਾਰ ਨਹੀਂ ਹੈ ਬਲਕਿ ਇਕ ਵਿਗਿਆਨ ਤੱਥੇ ਤੇ ਘਟਨਾ ਸੀ। ਇਹ ਸਮਾਜ ਪ੍ਰਤੀ ਮਾਸ-ਮੀਡੀਆ ਦੀ ਜਿੰਮੇਵਾਰ ਭੂਮਿਕਾ ਦੀ ਇਤਿਹਾਸਕ ਉਦਾਹਰਣ ਸੀ ਸਮਾਚਾਰ ਚੈਨਲਾਂ ਦਾ ਮੌਜੂਦਾ ਹਾਲ ਇਹੀ ਦੱਸਦਾ ਹੈ ਕਿ ਉਹ ਇਹਨਾਂ ਪੰਦਰਾਂ ਸਾਲਾਂ 'ਚ ਗਣੇਸ਼ ਦੇ ਦੁੱਧ ਪੀਣ ਲਈ ਉਤਾਰਨ ਦੀ ਸੁਭ ਘੜੀ ਤੋਂ ਸ਼ੁਰੂ ਹੋ ਕੇ ਭਾਈਆਂ ਦੇ ਗੁੱਟਾਂ ਦੀਆਂ ਰੱਖੜੀਆਂ ਉਤਾਰਨ ਦੇ ਅੰਧਵਿਸ਼ਵਾਸ ਪੂਰਨ ਅਤੇ ਅਸੁਭ ਮਹੂਰਨ ਤਕ ਹੀ ਪਹੁੰਚ ਸਕੇ ਹਨ।

# ਕੀ ਹੈ ਇਕ ਮਹਾਂ ਭਿਯੋਗ ਦੀ ਕਥਾ?

ਗਿਆਰਾਂ ਮਈ 1993 ਨੂੰ ਲੋਕ ਸਭਾ ਵਿਚ ਨਿਆਂ ਮੂਰਤੀ ਰਾਮਾਸੁਆਮੀ ਖਿਲਾਫ ਪੇਸ਼ ਮਹਾਂਭਿਯੋਗ ਪ੍ਰਸਤਾਵ ਇਸ ਲਈ ਰਹਿ ਗਿਆ ਕਿ ਕਾਂਗਰਸ ਤੇ ਮੁਸਲਿਮ ਲੀਗ ਦੇ 205 ਮੈਂਬਰ ਨੇ ਸਦਨ 'ਚ ਚਰਚਾ ਦੌਰਾਨ ਹਾਜਰ ਹੁੰਦੇ ਹੋਇਆ ਵੀ ਵੋਟਾਂ 'ਚ ਹਿੱਸਾ ਨਹੀਂ ਲਿਆ। ਪ੍ਰਸਤਾਵ ਦੇ ਪੱਖ 'ਚ ਸਿਰਫ 196 ਵੋਟਾਂ ਪਈਆਂ। ਧਿਆਨਯੋਗ ਗੱਲ ਇਹ ਰਹੀ ਕਿ ਮਹਾਂਭਿਯੋਗ ਪ੍ਰਸਤਾਵ ਦੇ ਵਿਰੋਧ ਵਿੱਚ ਇਕ ਵੀ ਵੋਟ ਨਹੀਂ ਪਈ। ਯਾਨੀ ਜਿਹਨਾਂ ਮੈਂਬਰਾਂ ਨੇ ਵੋਟਾਂ 'ਚ ਹਿੱਸਾ ਨਹੀਂ ਲਿਆ ਉਹ ਲੋਕ ਵੀ ਰਾਮਸੁਆਮੀ ਦੇ ਪੱਖ 'ਚ ਖੜੇ ਹੋਣ ਦੀ ਨੈਤਿਕ ਹਿੰਮਤ ਨਹੀਂ ਕਰ ਸਕੇ। ਕਾਂਗਰਸ ਨੇ ਇਹ ਕਹਿੰਦੇ ਹੋਏ ਮਤਦਾਨ ਲਈ ਕੋਈ ਵਿੱਪ ਜਾਰੀ ਨਹੀਂ ਕੀਤਾ ਕਿ ਐਸੇ ਮਾਮਲੇ 'ਚ ਲੋਕ ਸਭਾ ਨੂੰ ਅਰਧ ਨਿਆਂਇਕ ਨਿਕਾਹ ਵਜੋਂ ਕੰਮ ਕਰਨਾ ਪੈਂਦਾ ਹੈ ਅਤੇ ਮੈਂਬਰਾਂ ਦੀ ਹੈਸੀਅਤ ਜੱਜ ਦੀ ਹੁੰਦੀ ਹੈ। ਐਸੇ 'ਚ ਜੱਜਾਂ ਨੂੰ ਵਿੱਪ ਵਜੋਂ ਨਿਰਦੇਸ਼ ਕਿਵੇਂ ਦਿੱਤਾ ਜਾ ਸਕਦਾ ਹੈ। ਬੇਹਤਰ ਹੋਵੇ ਕਿ ਕਾਂਗਰਸ ਦੇ ਮੈਂਬਰ ਆਪਣੇ ਵਿਵੇਕ ਅਨੁਸਾਰ ਹੀ ਵੋਟ ਪਾਉਣ।

ਪਰ ਇਹ ਸਿਰਫ ਕਹਿਣ ਦੀ ਹੀ ਗੱਲ ਸੀ। ਦਰਅਸਲ ਹੋਰ ਕਾਰਨਾ ਨਾਲ ਕਾਂਗਰਸ ਨੇ ਪਹਿਲਾਂ ਹੀ ਇਹ ਫੈਸਲਾ ਕਰ ਲਿਆ ਗਿਆ ਸੀ ਕਿ ਰਾਮਸਵਾਮੀ ਨੂੰ ਬਚਾਉਣਾ ਹੈ ਅਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸਾਂ ਦੇ ਬਾਵਜੂਦ ਕਾਂਗਰਸ ਨੇ ਉਹਨਾਂ ਨੂੰ ਬਚਾ ਹੀ ਲਿਆ। ਪਰ ਇਸ ਨਾਲ ਨਿਆਂਪਾਲਿਕਾ ਨੂੰ ਨੁਕਸਾਨ ਹੋ ਗਿਆ। ਇਹ ਘਟਨਾ ਵੱਖ-ਵੱਖ ਅਦਾਲਤਾਂ 'ਚ ਭ੍ਰਿਸ਼ਟਾਚਾਰ ਦੇ ਵਧਣ ਦੀ ਇਕ ਮਹੱਤਵਪੂਰਨ ਕਾਰਕ ਬਣੀ। ਅੱਜ ਨੌਬਤ ਇਹ ਆ ਚੁੱਕੀ ਹੈ ਕਿ ਜੱਜ ਆਪਣੀ ਜਾਇੰਦਾਦ ਜਨਤਕ ਕਰਨ ਨੂੰ ਰਾਜ਼ੀ ਨਹੀਂ  ਹੋ ਰਹੇ ਹਨ। ਖੁਦ ਸੁਪਰੀਮ ਕੋਰਟ ਦੇ ਅਨੇਕ ਚੀਫ ਜਸਟਿਸ ਸਮੇਂ ਸਮੇਂ 'ਤੇ ਦੇਸ਼ ਦੀ ਨਿਆਂਪਾਲਿਕਾ ਨੇ 'ਚ ਵਧਦੇ ਭ੍ਰਿਸ਼ਟਾਚਾਰ ਸਬੰਧੀ ਚਿੰਤਾ ਜਾਹਰ ਕਰਦੇ ਰਹੇ ਹਨ। ਜੇ ਰਾਮਸੁਆਮੀ ਨੂੰ ਲੋਕ ਸਭਾ ਨੇ ਸਜਾ ਦੇ ਦਿੱਤੀ ਹੁੰਦੀ ਤਾਂ ਅੱਜ ਸ਼ਾਇਦ ਇਹ ਨੌਬਤ ਨਾ ਆਉਂਦੀ। ਪਹਿਲੀ ਵਾਰੀ ਲੋਕ ਸਭਾ ਵਿੱਚ ਕਿਸੇ ਜੱਜ ਖਿਲਾਫ ਮਹਾਂ ਭਿਯੋਗ ਚਲਾਇਆ ਗਿਆ ਸੀ। ਪਰ ਉਸ ਕੰਮ 'ਚ ਵੀ ਸਾਡੀ ਸੰਸਦ ਅਸਫਲ ਰਹੀ। ਦੂਜੇ ਪਾਸੇ ਜਦ ਸਾਂਸਦਾਂ ਖਿਲਾਫ ਨਿਆਂਪਾਲਿਕਾ ਕੋਈ ਫੈਸਲਾ ਕਰਦੀ ਹੈ ਤਾਂ ਦਬੀ ਤੇ ਖੁਲੀ ਆਵਾਜ਼ 'ਚ ਅਨੇਕਾਂ ਸਾਂਸਦਾ 'ਤੇ ਦੋਸ਼ ਲਾ ਦਿੰਦੇ ਹਨ ਪਰ ਜਦ ਕਿਸੇ ਜੱਜ ਨੂੰ ਸਜਾ ਦੇਣ ਦਾ ਮੌਕਾ ਆਉਂਦਾ ਹੈ ਤਾਂ ਬਹੁਤੇ ਸਾਂਸਦਾ ਕੰਨੀ ਕਤਰਾਉਣ ਲੱਗਦੇ ਹਨ। ਰਾਮਸੁਆਮੀ ਦਾ ਮਾਮਲਾ ਇਸ ਦੀ ਉਦਾਹਰਣ ਹੈ। ਆਖਰਕਾਰ ਜ਼ਿਆਦਾਤਰ ਸਾਂਸਦ ਚਾਹੁੰਦੇ ਕੀ ਹਨ? ਕੀ ਉਹ ਇਹੀ ਚਾਹੁੰਦੇ ਹਨ ਕਿ ਨਿਆਂਪਾਲਿਕਾ ਉਹਨਾਂ ਦੇ ਭਰਿਸ਼ਟਾਚਾਰ ਤੇ ਪਰਦਾ ਪਾਵੇ ਅਤੇ ਅਸੀਂ ਮੌਕਾ ਆਉਣਾ 'ਤੇ ਰਾਮਸੁਆਮੀ ਦੀ ਤਰ੍ਹਾਂ ਜੱਜਾਂ ਨੂੰ ਬਚਾ ਲਈਏ?

ਉਸ ਵੇਲੇ ਮਾਰਕਸਵਾਦੀ ਸਾਂਸਦ ਸੋਮਨਾਥ ਚੈਟਰਜੀ ਵਲੋਂ ਪੇਸ਼ ਮਹਾਂਭਿਯੋਗ ਪ੍ਰਸਤਾਵ 'ਤੇ ਲੋਕ ਸਭਾ 'ਚ 10 ਮਈ 1993 ਨੂੰ ਸੱਤ ਘੰਟੇ ਤਕ ਬਹਿਸ ਚੱਲੀ। ਰਾਮਸੁਆਮੀ 'ਤੇ ਲਾਏ ਗਏ ਦੋਸ਼ਾਂ ਦਾ ਉਨ੍ਹਾਂ ਦੇ ਵਕੀਲ ਕਪਿਲ ਸਿਬਲ ਨੇ ਛੇ ਘੰਟੇ

ਤਕ ਜੁਆਬ ਦਿੱਤਾ ਉਹਨਾਂ ਨੂੰ ਮੁੱਖ ਇਹ ਗੱਲ ਕਹੀ ਕਿ ਖਰੀਦਦਾਰੀ ਦਾ ਕੰਮ ਨਿਆਂ ਮੂਰਤੀ ਰਾਮਸੁਆਮੀ ਨੇ ਨਹੀਂ ਬਲਕਿ ਸਬੰਧਿਤ ਸੰਮਤੀ ਨੇ ਕੀਤਾ ਸੀ। ਇਸ ਕੇਸ ਰਾਹੀਂ ਕਪਿਲ ਸਿੱਬਲ ਦੀ ਪ੍ਰਤਿਭਾ ਦਾ ਦੇਸ਼ ਭਰ 'ਚ ਪ੍ਰਚਾਰ ਵੀ ਹੋ ਗਿਆ। ਜਿਸ ਤਰ੍ਹਾਂ ਮੁੰਬਈ ਦੇ ਚਰਚਿਤ ਨਾਨਾਵਤੀ ਪ੍ਰੈਸ ਅਹੂਜਾ ਕੇਸ 'ਚ ਜੇਠ ਮਲਾਨ ਚਮਕੇ ਸਨ। ਦੋਨੋਂ ਮਾਮਲਿਆਂ 'ਚ ਇਹ ਵਕੀਲ ਗੰਭੀਰ ਦੋਸ਼ਾਂ 'ਚ ਫਸੇ ਦੋਸ਼ੀਆਂ ਦੇ ਬਚਾਅ 'ਚ ਖੜੇ ਸਨ। 11 ਮਈ ਨੂੰ ਫਿਰ ਇਸ 'ਤੇ ਨੌਂ ਘੰਟੇ ਦੀ ਬਹਿਸ ਚੱਲੀ। ਸੋਮਨਾਥ ਚੈਟਰਜੀ ਨੇ ਚਰਚਾ ਦਾ ਜੁਆਬ ਦਿੱਤਾ। ਰਾਮਸੁਆਮੀ ਖਿਲਾਫ ਮਹਾਂ ਭਿਯੋਗ ਦੇ ਮਾਮਲੇ 'ਚ ਉਪਰ ਤੌਰ 'ਤੇ ਤਾਂ ਕਾਂਗਰਸ ਨੇ ਆਪਣੇ ਮੈਂਬਰਾਂ ਨੂੰ ਵਿਵੇਕ ਆਧਾਰਤ ਵੋਟ ਪਾਉਣ ਦੀ ਛੋਟ ਦਿੱਤੀ ਪਰ ਅੰਦਰੋ ਅੰਦਰੀ ਉਹਨਾਂ ਨੂੰ ਇਹ ਕਹਿ ਦਿੱਤਾ ਸੀ ਕਿ ਰਾਮਸੁਆਮੀ ਨੂੰ ਬਚਾ ਲੈਣਾ ਹੈ।

ਇਸ ਦੇ ਕਈ ਸਿੱਟੇ ਸਾਹਮਣੇ ਆਏ। ਕੀ ਇਕ ਹੀ ਵੇਲੇ ਸਭ ਕਾਂਗਰਸੀ ਸਾਂਸਦ ਅੰਤਰ ਆਤਮਾ ਦੀ ਆਵਾਜ ਸੁਣ ਕੇ ਕਿਹਾ ਹੋਵੇਗਾ ਕਿ ਰਾਮਸੁਆਮੀ ਖਿਲਾਫ ਵੋਟ ਨਾ ਮੱਤ ਦੇਣਾ? ਇਨਾ ਹੀ ਨਹੀਂ ਲੋਕ ਸਭਾ 'ਚ ਜਦ-ਜਦ ਰਾਮਸੁਆਮੀ ਦੇ ਵਕੀਲਾਂ ਕਪਿਲ ਸਿਬਲ ਨੇ ਕੋਈ ਜੋਰਦਾਰ ਤਰਕ ਪੇਸ਼ ਕੀਤਾ ਤਾਂ ਕਾਂਗਰਸੀ ਮੈਂਬਰਾਂ ਨੇ ਖੁਸ਼ੀ 'ਚ ਮੇਜਾਂ ਪਥ ਪਾਈਆਂ। ਵਿੱਤ ਮੰਤਰੀ ਹੰਸ ਰਾਜ ਭਾਰਦਵਾਨ ਟੀਕਾ ਟੋਕੀ ਦੌਰਾਨ ਕਪਿਲ ਸਿਬਜ ਦਾ ਹੀ ਪੱਖ ਲੈਂਦੇ ਰਹੇ। ਲੋਕ ਸਭਾ ਤਾਂ ਰਾਮ ਸੁਆਮੀ ਖਿਲਾਫ ਮਹਾਂ ਭਿਯੋਗ ਪ੍ਰਸਤਾਵ ਪਾਸ ਨਹੀਂ ਕਰ ਸਕੀ ਪਰ ਸੁਪਰੀਮ ਕੋਰਟ ਦੇ ਬਹੁਤੇ ਸਾਥੀ ਜੱਜਾਂ ਨੇ ਰਾਮਸੁਆਮੀ ਨਾਲ ਬੈਚਾਂ 'ਚ ਬੈਠਣ ਤੋਂ ਇਨਕਾਰ ਕਰ ਦਿੱਤਾ। ਆਖਰਕਾਰ 14 ਮਈ 1993 ਨੂੰ ਵੀ ਰਾਮਸੁਆਮੀ ਨੇ ਆਪਣੇ ਅਸਤੀਫੇ ਦਾ ਐਲਾਨ ਕਰ ਦਿੱਤਾ। ਉਹਨਾਂ ਇਹ ਵੀ ਕਿਹਾ ਕਿ 'ਲੋਕ ਸਭਾ 'ਚ ਮੇਰੇ ਖਿਲਾਫ ਮਹਾਂ ਭਿਯੋਗ ਪ੍ਰਸਤਾਵ ਦੇ ਪਾਸ ਨਾ ਹੋਣ ਨਾਲ ਮੇਰੇ ਨਜ਼ਰੀਏ ਦੀ ਪੁਸ਼ਟੀ ਹੋਈ ਹੈ। ਨਾਲ ਹੀ ਭਵਿੱਖ 'ਚ ਸੁਆਰਥੀ ਤੱਤਾਂ ਵੱਲੋਂ ਨਿੰਦਾ ਤੇ ਉਹਨਾਂ ਦੇ ਬੇਤੁਕੇ ਹਮਲਿਆਂ ਨਾਲ ਅਜ਼ਾਦ ਤੇ ਨਿਰਭੈ ਵਿਚਾਰਾਂ ਵਾਲੇ ਜੱਜਾਂ ਦੇ ਮਾਨ ਸਨਮਾਨ ਦੀ ਰਾਖੀ ਸੰਭਵ ਹੋਈ ਹੈ।' ਹੁਣ ਜ਼ਰਾ ਉਹਨਾਂ ਦੋਸ਼ਾਂ 'ਤੇ ਗੌਰ ਕਰੀਏ ਜੋ ਵੀ. ਪੀ. ਰਾਮਸੁਆਮੀ 'ਤੇ ਲੱਗੇ ਸਨ। ਨਵੰਬਰ 1987 ਅਤੇ ਅਕਤੂਬਰ 1989 ਵਿਚਕਾਰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਵਜੋਂ ਰਾਮਸੁਆਮੀ ਨੇ ਆਪਣੀ ਰਿਹਾਇਸ਼ ਤੇ ਦਫਤਰ ਲਈ ਸਰਕਾਰੀ ਫੰਡ ਤੋਂ 50 ਲੱਖ ਰੁਪਏ ਦੇ ਗਲੀਚੇ ਤੇ ਫਰਨੀਚਰ ਖਰੀਦੇ। ਇਹ ਕੰਮ ਕੁਟੈਸੋਨਾ ਲਏ ਬਿਨਾਂ ਅਤੇ ਨਕਲੀ 'ਤੇ ਬੋਗਸ ਕੋਟੇਸ਼ਨਾਂ 'ਤੇ ਆਧਾਰਤ ਕੀਤਾ ਗਿਆ ਦਰਅਸਲ ਫਰਨੀਚਰ ਖਰੀ ਵਿਆਹੀ ਨਹੀਂ ਗਿਆ ਸੀ ਅਤੇ ਕਾਗਜੀ ਖਾਨਾਪੂ ਮਤੀ ਹੀ ਕੀਤੀ ਗਈ ਸੀ। ਇਹ ਰਾਸ਼ੀ ਖਰਚ ਸੀਮਾ ਤੋਂ ਬਹੁਤ ਵੱਧ ਸੀ। ਜਸਟਿਸ ਵੀ ਰਾਮਸੁਆਮੀ ਦਾ ਦੂਜਾ ਕਾਰਨਾਮਾ ਉਨ੍ਹਾਂ ਦੇ 22 ਮਹੀਨੇ ਦੀ ਚੰਡੀਗੜ੍ਹ ਕਾਰਜ ਕਾਲ ਦੌਰਾਨ ਉਜਾਗਰ ਹੋਇਆ। ਉਹਨਾਂ ਨੇ ਗੈਰ ਸਰਕਾਰੀ ਫੋਨ ਕਾਲਾਂ ਰਾਹੀਂ ਕਰੀਬ 9 ਲੱਖ 10 ਹਜ਼ਾਰ ਰੁਪਏ ਰਿਹਾਇਸ਼ ਫੋਨ ਦੇ ਬਿੱਲ ਦਾ ਭੁਗਤਾਨ ਕੀਤਾ ਇਹੀ ਨਹੀਂ ਮਦਰਾਸ ਸਥਿਤ ਆਪਣੀ ਰਿਹਾਇਸ਼ ਦੇ ਫੋਨ ਬਿਲ ਦਾ ਵੀ ਭੁਗਤਾਨ ਪੰਜਾਬ ਹਰਿਆਣਾ ਹਾਈਕੋਰਟ ਤੋਂ ਕਰਵਾਇਆ ਇਹ ਬਿਲ 76 ਹਜ਼ਾਰ 150 ਰੁਪਏ ਦਾ ਸੀ। ਇਸ ਤੋਂ ਇਲਾਵਾ ਵੀ ਕਈ ਹੋਰ ਗੰਭੀਰ ਦੋਸ਼ ਉਹਨਾਂ 'ਤੇ ਲੱਗੇ ਸਨ। ਉਹ ਐਸੇ ਜੱਜ ਸਨ ਜਿਹਨਾਂ

ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਦਹਿਸ਼ਤਗਰਦਾਂ ਖਿਲਾਫ ਮੁਕੱਦਮੇ ਨਿਪਟਾਉਣ ਲਈ ਚੀਫ ਜਸਟਿਸ ਬਣਾ ਕੇ ਚੰਡੀਗੜ੍ਹ ਭੇਜਿਆ ਸੀ। ਅਜਿਹਾ ਸੰਵੇਦਨਸ਼ੀਲ ਕੰਮ ਜਿਸ ਦੇ ਜਿੰਮੇ ਹੋਵੇ ਉਸ ਤੇ ਐਸਾ ਦੋਸ਼? ਪਰ ਉਹਨਾਂ ਨੂੰ ਉਥੇ ਚੀਫ ਜਸਟਿਸ ਵਜੋਂ ਹੀ ਦਹਿਸਤਗਰਦਾਂ ਦੇ ਮੁਕੱਦਮਿਆਂ ਸਬੰਧੀ ਕੋਈ ਗਿਣਨਯੋਗ ਕੰਮ ਨਹੀਂ ਕੀਤਾ। ਉਹ ਜੇਬ ਤਕ ਸੀਮਤ ਰਹੇ। ਟਾਡਾ ਦੇ ਖੂੰਖਾਰ ਦੋਸ਼ੀਆਂ ਨੂੰ ਵੀ ਆਸਾਨੀ ਨਾਲ ਜਮਾਨਤ ਮਿਲਦੀ ਰਹੀ ਜਨਵਰੀ 1991 'ਚ ਰਾਸ਼ਟਰੀ ਮੋਰਚਾ ਖੱਬੇਪੱਖੀਆਂ ਪਾਰਟੀਆਂ ਤੇ ਭਾਜਪਾ ਦੇ 108 ਸਾਂਸਦਾ ਨੇ ਮਧੂ ਦੰਡ ਵੇਤੇ ਦੀ ਅਗਵਾਈ 'ਚ ਲੋਕ ਸਭਾ 'ਚ ਵੀ ਰਾਮਸੁਆਮੀ ਖਿਲਾਫ ਮਹਾਂਭਿਯੋਗ ਪ੍ਰਸਤਾਵ ਦਾ ਨੋਟਿਸ ਦਿੱਤਾ। ਤਦ ਰਵੀ ਰਾਏ ਲੋਕ ਸਭਾ ਦੇ ਸਪੀਕਰ ਸਨ। ਆਪਣੇ ਸੰਵਿਧਾਨਿਕ ਫਰਜ ਦਾ ਪਾਲਣ ਕਰਦੇ ਹੋਏ ਉਹਨਾਂ ਨੇ ਇਸ ਦੀ ਸੱਚਾਈ ਦੀ ਜਾਂਚ ਕਰਨ ਲਈ 12 ਮਾਰਚ 1991 ਨੂੰ ਤਿੰਨ ਜੱਜਾਂ ਦੀ ਸੰਮਤੀ ਬਣਾ ਦਿੱਤੀ। ਸੁਪਰੀਮ ਕੋਰਟ ਦੇ ਜੱਜ ਪੀ. ਬੀ. ਸਾਵੰਤ ਦੀ ਅਗਵਾਈ 'ਚ ਗਠਿਤ ਇਸ ਨਿਆਂਇਕ ਸੰਮਤੀ ਦੇ ਸਾਹਮਣੇ ਰਾਮਸੁਆਮੀ ਨੇ ਆਪਣਾ ਪੱਖ ਰੱਖਣ ਤੋਂ ਇਨਕਾਰ ਕਰ ਦਿੱਤਾ। ਸਾਵੰਤ ਸੰਮਤੀ ਦੇ ਹੋਰ ਮੈਂਬਰ ਸਨ ਮੁੰਬਈ ਹਾਈਕੋਰਟ ਦੇ ਚੀਫ ਜਸਟਿਸ ਪੀ. ਪੀ. ਦੇਸ਼ਾਈ ਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਓ ਚਿਨੰਪਾ ਰੈੱਡੀ ਪੀ. ਬੀ. ਸਾਂਵਤ ਸੰਮਤੀ ਨੇ ਆਪਣੀ ਜਾਂਚ ਰਿਪੋਰਟ 'ਚ ਕਿਹਾ ਸੀ।

'ਜਸਟਿਸ ਵੀ ਰਾਮਸੁਆਮੀ ਨੇ ਆਪਣੇ ਅਹੁਦੇ ਦੀ ਜਾਣ ਬੁਝ ਕੇ ਦੁਰਵਰਤੋਂ ਕੀਤੀ। ਸਰਕਾਰੀ ਖਜਾਨੇ ਦੇ ਆਸਰੇ ਉਹਨਾਂ ਦੇ ਜਾਣਬੁੱਝ ਕੇ ਫਜੂਲ ਖਰਚੀ ਕੀਤੀ, ਆਪਣੇ ਅਹੁਦੇ ਦੀ ਜਾਣਬੁੱਝ ਕੇ ਦੁਰਵਰਤੋਂ ਕੀਤੀ ਹੈ। ਸਰਕਾਰੀ ਪੈਸੇ ਦਾ ਕਈ ਤਰ੍ਹਾਂ ਨਾਲ ਨਿੱਜੀ ਵਰਤੋਂ ਕਰਨ ਦੇ ਨਾਤੇ ਉਹ ਨੈਤਿਕ ਤੌਰ 'ਤੇ ਭ੍ਰਿਸ਼ਟਾਚਾਰ ਹਨ। ਉਹਨਾਂ ਨੇ ਜਸਟਿਸ ਦੀ ਉੱਚ ਪਦਵੀ 'ਤੇ ਧੱਬਾ ਲਗਾਉਣ ਦੇ ਨਾਲ ਨਾਲ ਨਿਆਂਪਾਲਿਕਾ 'ਚ ਜਨਤਾ ਦੇ ਵਿਸਵਾਸ਼ ਨੂੰ ਮਿੱਟੀ 'ਚ ਰੱਖ ਦਿੱਤਾ ਹੈ।" ਆਪਣੀ ਜਾਂਚ ਰਿਪੋਰਟ 'ਚ ਜਸਟਿਸ ਸਾਵੰਤ ਨੇ ਕਿਹ ਕਿ ਇਹ ਸਭ ਗੱਲਾਂ ਹੁਣ ਵੀ ਲਾਗੂ ਹੁੰਦੀਆਂ ਹਨ ਅਤੇ ਉਹਨਾਂ ਨੇ ਜੋ ਅਪਰਾਧ ਕੀਤੇ ਹਨ। ਉਹ ਸਭ ਅਪਰਾਧ ਐਸੇ ਹਨ ਕਿ ਉਹਨਾਂ ਦਾ ਅਹੁਦੇ 'ਤੇ ਬਣੇ ਰਹਿਣਾ ਨਿਆਂਪਾਲਿਕਾ ਦੇ ਜਨਤਕ ਹਿੱਤ 'ਚ ਨਹੀਂ ਹੋਵੇਗਾ। ਲੋਕ ਸਭਾ ਵਿੱਚ ਮਹਾਂ ਭਿਯੋਗ ਪ੍ਰਸਤਾਵ ਡਿੱਗ ਜਾਣ ਪਿਛੋਂ ਸੁਪਰੀਮ ਕੋਰਟ 'ਚ ਅਜੀਬ ਉਲਝਣ ਪੂਰਨ ਸਥਿਤੀ ਪੈਦਾ ਹੋ ਗਈ ਸੀ। ਉਲਝਣ ਖਤਮ ਉਦੋਂ ਹੋਈ ਜਦ ਉਹਨਾਂ ਨੇ ਅਸਤੀਫਾ ਦੇ ਦਿੱਤਾ। ਸੰਨ 1992 ਦੇ ਦਸੰਬਰ 'ਚ ਹੀ ਸਾਵੰਤ ਸੰਮਤੀ ਨੇ ਆਪਣੀ ਰਪਟ ਪੇਸ਼ ਕਰ ਦਿੱਤੀ ਸੀ। ਉਸ ਪਿਛੋਂ ਸੁਪਰੀਮ ਕੋਰਟ ਦੇ ਇਕ ਜੱਜ ਆਰ. ਪਾਂਡਿਮਾਨ ਨੂੰ ਛੱਡ ਕੇਕੋਈ ਵੀ ਰਾਮਸੁਆਮੀ ਦੇ ਨਾਲ ਇਕ ਬੈਂਚ 'ਚ ਕੰਮ ਕਰਨ ਨੂੰ ਤਿਆਰ ਨਹੀਂ ਹੋਇਆ। ਰਾਮਸੁਆਮੀ ਤੋਂ ਮਹਾਂ ਭਿਯੋਗ ਦੀ ਤਲਵਾਰ ਹਟ ਜਾਣ ਪਿੱਛੋਂ ਜਾਰਜ ਫਰਨਾਂਡਿਸ ਨੇ ਕਿਹਾ ਸੀ, "ਕਾਂਗਰਸ ਨੇ ਸਦਨ 'ਚ ਵੋਟ ਨਾ ਦੇ ਕੇ ਖੁਦ ਨੂੰ ਬੇਨਕਾਬ ਕਰ ਲਿਆ ਹੈ। ਹੁਣ ਇਹ ਸਾਬਤ ਹੋ ਗਿਆ ਕਿ ਭ੍ਰਿਸ਼ਟਾਚਾਰ ਕਾਂਗਰਸ ਦੀ ਮਨਜ਼ੂਰ ਸ਼ੁਦਾ ਨੀਤੀ ਹੈ।'

ਦਰਅਸਲ ਕਾਂਗਰਸ ਦਾ ਰਾਮਸੁਆਮੀ ਦੇ ਨਾਲ ਡੂੰਘਾ ਸਬੰਧ ਰਿਹਾ ਹੈ ਤਦ ਰਾਮਸੁਆਮੀ ਦੇ ਬੇਟੇ ਤਾਮਿਲਨਾਡੂ 'ਚ ਕਾਂਗਰਸ ਵਿਧਾਇਕ ਸਨ। ਰਾਮਸੁਆਮੀ ਦੇ

ਵਕੀਲ ਕਪਿਲ ਸਿਬਲ ਤੱਕ ਵੀ ਕਾਂਗਰਸ ਦੇ ਮੈਂਬਰ ਸਨ ਰਾਮਸੁਆਮੀ ਅਤੇ ਵਿਵਾਦ ਦਾ ਸਬੰਧ ਵੀ ਪੁਰਾਣਾ ਸੀ। ਸੰਨ 1971 'ਚ ਪਹਿਲੀ ਵਾਰੀ ਇਕ ਅਜਿਹੇ ਵਿਵਾਦ ਦੀ ਖਬਰ ਮਦਰਾਸ ਤੋਂ ਆਈ ਸੀ। ਜਿਸ 'ਚ ਇਕ ਚੀਫ ਜਸਟਿਸ ਨੇ ਆਪਣੇ ਜਵਾਈ ਦੀ ਸਿਫਾਰਸ਼ ਕਰਕੇ ਉਸ ਨੂੰ ਜੱਜ ਬਣਾ ਲਿਆ। ਇਹ ਨਵਨਿਯੁਕਤ ਜੱਜ ਇਹੀ ਪੀ. ਰਾਮਸੁਆਮੀ ਸਨ। ਤਦ ਇਸ ਬੇਨਿਯਮੀ ਖਿਲਾਫ਼ ਕਾਫ਼ੀ ਰੌਲਾ-ਰੱਪਾ ਪਿਆ ਸੀ। 41 ਸਾਲ ਦੀ ਉਮਰ 'ਚ ਜਦ ਉਹ ਜੱਜ ਬਣਾਏ ਗਏ ਤਾਂ ਉਹਨਾਂ ਦੀ ਕੋਈ ਨਿਜੀ ਪ੍ਰੈਕਟਿਸ ਨਹੀਂ ਸੀ। ਵਕਾਲਤ ਦੀ ਡਿਗਰੀ ਲੈਣ ਪਿੱਛੋਂ ਰਾਮਸਵਾਮੀ ਸਰਕਾਰੀ ਵਕੀਲ ਵੀਰਾ ਸੁਆਮੀ ਦੇ ਨਾਲ ਵਕੀਲ ਸਨ। ਉਧਰ 1976 'ਚ ਰਾਮਸੁਆਮੀ ਦੇ ਸਹੁਰੇ ਨਿਆਂ ਮੂਰਤੀ ਵੀਰਾ ਸੁਆਮੀ ਦੇ ਘਰ ਅਜਿਹੀ ਰਕਮ ਮਿਲੀ ਸੀ ਜਿਸ ਦਾ ਹਿਸਾਬ ਉਸ ਪਾਸ ਨਹੀਂ ਸੀ ਝਮੇਲੇ ਪਿੱਛੋਂ ਜਸਟਿਸ ਪੀ ਰਾਮ ਸਵਾਮੀ ਨੂੰ ਅਸਤੀਫਾ ਦੇਣਾ ਪਿਆ ਸੀ। ਕਾਨੂੰਨ ਮਾਮਲਿਆਂ ਦੇ ਮਾਹਰ ਪੱਤਰਕਾਰ ਮਨੋਜ ਮਿਠਾ ਇਕ ਜਗਾਹ ਲਿਖਦੇ ਹਨ, 'ਮਦਰਾਸ ਹਾਈਕੋਰਟ ਦੇ ਜੱਜ ਵਜੋਂ ਵੀ ਰਾਮਸੁਆਮੀ ਦਾ ਕਾਰਜਕਾਲ ਵਿਵਾਦ ਗ੍ਰਸਿਤ ਰਿਹਾ। ਘਰ ਦੇ ਪਿਛਵਾੜੇ 'ਚ ਉਹ 10 ਮੱਝਾਂ ਵਾਲੀ ਡੇਅਰੀ ਚਲਾਉਂਦੇ ਸਨ ਜੋ ਉਹਨਾਂ ਦੀ ਵਪਾਰਕ ਬੁੱਧੀ ਦਾ ਇਜਹਾਰ ਸੀ। ਸੰਨ 1986 'ਚ ਉਹਨਾਂ ਨੇ ਫੈਸਲਾ ਕਰਨ ਲਈ ਇਕ ਐਸਾ ਮਾਮਲਾ ਚੁਣਿਆ। ਜਿਸ ਵਿੱਚ ਉਹਨਾਂ ਦੀ ਪਤਨੀ ਸਰੋਜਨੀ ਵੀ ਇਕ ਧਿਰ ਸੀ। 11 ਵੀ ਰਾਮਸੁਆਮੀ ਖਿਲਾਫ ਜਦ ਲੋਕ ਸਭਾ 'ਚ ਮਹਾਂਭਿਯੋਗ ਲਿਆਂਦਾ ਜਾ ਰਿਹਾ ਸੀ ਤਾਂ ਤਾਮਿਲਨਾਡੂ ਦੇ ਇਕ ਕਾਂਗਰਸੀ ਸਾਂਸਦ ਆਰ ਪ੍ਰਭੂ ਰਾਮਸੁਆਮੀ ਦੇ ਪੱਖ 'ਚ ਨਵੀਂ ਦਿੱਲੀ ਦੇ ਰਾਜਸੀ ਹਲਕਿਆਂ 'ਚ ਕਾਫੀ ਸਰਗਰਮ ਸਨ। ਉਹਨਾਂ ਨੇ ਪ੍ਰਚਾਰ ਮੁਹਿੰਮ ਚਲਾ ਰੱਖੀ ਸੀ ਕਿ ਰਾਮਸੁਆਮੀ ਖਿਲਾਫ ਇਹ ਉਤਰ ਭਾਰਤੀ ਸਾਜਿਸ਼ ਹੈ। ਇਸ ਆਧਾਰ 'ਤੇ ਉਸ ਨੇ ਤਾਮਿਲਨਾਡੂ ਦੇ ਸਾਂਸਦਾ ਨੂੰ ਲਾਮਬੰਦ ਵੀ ਕਰ ਰੱਖਿਆ ਸੀ। ਉਸ ਵੇਲੇ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਵੀ ਅਜਿਹਾ ਹੀ ਚਾਹੁੰਦੇ ਸਨ। ਹੁਣ ਰਾਮਸੁਆਮੀ ਮਦਰਾਸ ਹਾਈਕੋਰਟ 'ਚ ਆਰ ਪ੍ਰਭੂ ਦੇ ਹੱਕ 'ਚ ਫੈਸਲਾ ਕੀਤਾ ਸੀ ਫੈਸਲੇ 'ਚ ਕਿਹਾ ਗਿਆ ਕਿ ਕਿਸੇ ਕੰਪਨੀ ਨੂੰ ਬੰਦ ਕਰਨ ਦੀ ਕਾਰਵਾਈ 'ਚ ਮਜ਼ਦੂਰਾਂ ਦੀ ਰਾਇ ਜ਼ਰੂਰੀ ਨਹੀਂ। ਭਾਰਤ ਇੰਗਲੈਂਡ ਨਹੀਂ ਹੈ। ਜਿਥੇ ਲੋਕਾਂ ਨੂੰ ਲੁੱਟ ਕੇ ਆਪਣਾ ਨਿੱਜੀ ਘਰ ਭਰਨ ਦੇ ਦੋਸ਼ 'ਚ ਗਵਰਨਰ ਜਨਰਲ ਵਾਰੇਨ ਹੇਸਿਟਮਸ ਖਿਲਾਫ ਬਰਤਾਨੀ ਸੰਸਦ 'ਚ ਮਹਾਂ ਭਿਯੋਗ ਪ੍ਰਸਤਾਵ ਲਿਆਉਣ ਵਾਲਾ ਉਸ ਦੀ ਇਕ ਅਜੀਜ ਦੋਸਤ ਹੀ ਸੀ। ਇਹ ਦੋਸਤ ਸਮਝਦਾ ਸੀ ਕਿ ਹੇਸਿਟਮਸ ਦੇ ਕਾਰਨਾਮਿਆਂ ਨਾਲ ਬ੍ਰਿਟੇਨ ਦੀ ਦੁਨੀਆ 'ਚ ਬਦਨਾਮੀ ਹੋਵੇਗੀ। ਪਰ ਭਾਰਤ 'ਚ ਕਈ ਨੇਤਾਵਾਂ ਨੇ ਨੈਤਿਕ ਪਤਨ ਦੀ ਕਥਾ ਅਸੀਂ ਰੋਜ਼ ਹੀ ਸੁਣਦੇ ਹਾਂ।

# ਕੀ ਫੌਜੀ ਅਫ਼ਸਰ ਵੀ ਭ੍ਰਿਸ਼ਟ ਹਨ?

ਸੁਕਨਾ ਭੂਮੀ ਘਪਲੇ ਸਬੰਧੀ ਰੇਖਾ ਮੰਤਰਾਲੇ ਨੇ ਜਿਸ ਤਰ੍ਹਾਂ ਸੈਨਾ ਮੁਖੀ ਨੂੰ ਆਪਣੇ ਫੌਜੀ ਸਕੱਤਰ ਖਿਲਾਫ਼ ਸਮੁੱਚੀ ਕਾਰਵਾਈ ਕਰਨ ਦਾ ਹੁਕਮ ਦਿੱਤਾ ਉਹ ਇੱਕ ਅਹਿਮ ਘਟਨਾ ਹੈ। ਇਸ ਕਾਰਵਾਈ ਨੂੰ ਫੌਜੀ ਕੇਸਾਂ 'ਚ ਗੈਰ ਫੌਜੀ ਪ੍ਰਸਾਸ਼ਨ ਦੀ ਦਖਲ ਅੰਦਾਜ਼ੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਸ ਸਪੱਸ਼ਟ ਤੱਥ ਦਾ ਵਾਰ-ਵਾਰ ਜ਼ਿਕਰ ਕੀਤੇ ਜਾਣ ਦੀ ਲੋੜ ਇਸ ਲਈ ਵੀ ਹੈ ਕਿ ਰੱਖਿਆ ਮੰਤਰੀ ਬਿਲਕੁਲ ਸਹੀ ਸਮੇਂ 'ਤੇ ਕਦਮ ਨਹੀਂ ਉਠਾਉਂਦੇ, ਤਾਂ ਫੌਜੀ ਸੰਗਠਨ ਅੰਦਰ ਇੱਕ ਦਾਗੀ ਅਫ਼ਸਰ ਨੂੰ ਜਿਸ ਵਿਰੁੱਧ ਉਹਨਾਂ ਦੇ ਹੀ ਸਾਹਮਣੇ ਅਹੁਦੇਦਾਰ ਅਧਿਕਾਰੀ ਨੇ ਕਦਾਚਾਰ ਨਾਲ ਸਬੰਧਤ ਗੰਭੀਰ ਦੋਸ਼ ਲਾਏ ਹਨ ਅਤੇ ਜਿਹਨਾਂ ਦੀ ਬਰਖਾਸ਼ਤਗੀ ਦੀ ਸਿਫਾਰਸ਼ ਕੀਤੀ ਹੈ। ਹਲਕੀ ਜਿਹੀ ਪ੍ਰਾਸਾਸ਼ਨਿਕ ਕਾਰਵਾਈ ਕਰਕੇ ਹੀ ਬਰੀ ਕਰ ਦਿੱਤਾ ਜਾਂਦਾ ਹੈ, ਜਦ ਕਿ ਅਜਿਹੇ ਕੇਸਾਂ 'ਚ ਭਾਰਤੀ ਦੰਡ ਪ੍ਰਣਾਲੀ ਤੇ ਫੌਜੀ ਕਾਨੂੰਨ ਤਹਿਤ ਸਖਤ ਕਾਰਵਾਈ ਹੁੰਦੀ ਹੈ। ਸੈਨਾ ਮੁਖੀ ਤੇ ਲੱਗੇ ਅਭਿਯੋਗ ਦੀ ਜਾਂਚ ਹੁਣ ਕੋਰਟ ਮਾਰਸ਼ਲ ਦੀ ਕਾਰਵਾਈ ਦੌਰਾਨ ਹੋਵੇਗੀ ਅਤੇ ਸੱਚ ਜਲਦੀ ਹੀ ਸਾਹਮਣੇ ਆ ਜਾਵੇਗਾ। ਦੋਸ਼ੀਆਂ ਦੇ ਬਚਾਅ 'ਚ ਇਹ ਵੀ ਕਿਹਾ ਜਾ ਰਿਹਾ ਹੈ ਕਿ ਜਿਸ ਜ਼ਮੀਨ ਦੇ ਘਪਲੇ ਦੀ ਜਾਂਚ ਹੋ ਰਹੀ ਹੈ, ਉਹ ਤਾਂ ਫੌਜ ਦੀ ਹੈ ਹੀ ਨਹੀਂ। ਇਸ ਲਈ ਜਮੀਨੀ ਘਪਲਾ ਕਲਪਨਿਕ ਕਥਾ ਹੈ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਜਦ ਪੈਸਿਆਂ ਦਾ ਲੈਣ-ਦੇਣ ਹੀ ਨਹੀਂ ਹੋਇਆ ਤਾਂ ਭ੍ਰਿਸ਼ਟਾਚਾਰ ਕਿਹੜਾ? ਸਕੂਲਾਂ-ਕਾਲਜਾਂ 'ਚ ਕਿਸੇ ਵੀ ਸਿਧਾਂਤ ਦੀ ਵਿਆਖਿਆ ਦੇ ਅੰਤ ਵਿੱਚ 'ਇਤਿ ਸਿਦਮ' ਲਿਖਣਾ ਸਿਖਾਇਆ ਜਾਂਦਾ ਹੈ, ਪਰ ਇਸ ਮਾਮਲੇ ਵਿੱਚ ਤਾਂ ਅਜਿਹਾ ਵੀ ਵੇਖਣ ਨੂੰ ਨਹੀਂ ਮਿਲਦਾ ਹੈ। ਇਸ ਮਾਮਲੇ 'ਚ ਪੱਖ ਤੇ ਵਿਰੋਧ ਦੇ ਪ੍ਰਸੰਗ ਵਿੱਚ ਇੱਕ ਗੱਲ ਸਾਫ਼ ਹੈ ਕਿ ਫੌਜ ਅੰਦਰ ਕੁਝ ਅਜਿਹੇ ਲੋਕ ਜ਼ਰੂਰ ਹਨ, ਜੋ ਉਹਨਾਂ ਬੁਨਿਆਦੀ ਸਿਧਾਂਤਾਂ ਦਾ ਪਾਲਣ ਨਹੀਂ ਕਰ ਰਹੇ ਹਨ, ਜਿਨ੍ਹਾਂ ਦੇ ਕਾਰਨ ਫੌਜ ਦੇ ਅਧਿਕਾਰੀਆਂ ਨੂੰ ਅਸਲ ਵਿੱਚ ਇੱਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਕੁਝ ਅਜਿਹੇ ਗੁਣ ਹੁੰਦੇ ਹਨ, ਜਿਹਨਾਂ ਦਾ ਅਧਿਕਾਰੀਆਂ 'ਚ ਹੋਣਾ ਜ਼ਰੂਰੀ ਹੀ ਨਹੀਂ, ਸੁਭਾਵਿਕ ਵੀ ਮੰਨਿਆ ਜਾਂਦਾ ਹੈ। ਇੱਕ ਅਧਿਕਾਰੀ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ, ਇਸ ਦੀ ਪੂਰੀ ਸੂਚੀ ਬਣੀ ਹੁੰਦੀ ਹੈ, ਜਿਸ ਦਾ ਪਾਲਣ ਕਰਕੇ ਹੀ ਉਹ ਉਸ ਮੰਜਿਲ ਤੱਕ ਪਹੁੰਚ ਸਕਿਆ ਹੁੰਦਾ ਹੈ, ਜਿਸ ਦਾ ਉਹ ਹੱਕਦਾਰ ਹੁੰਦਾ ਹੈ। ਸੁਆਲ ਇਹ ਹੈ ਕਿ ਆਪਣੇ ਰਾਹ ਤੋਂ ਕੌਣ ਭਟਕਿਆ ਹੈ? ਫੌਜ ਸਕੱਤਰ ਜਾਂ ਜਮੀਨੀ ਫੌਜ ਮੁਖੀ, ਜੋ ਉਹਨਾਂ ਨੂੰ ਦੱਸਦੇ ਹੋਏ ਨਜ਼ਰ ਆਉਂਦੇ ਹਨ ਜਾਂ ਪੂਰਬੀ ਕਮਾਂਡ ਦੇ 'ਕਮਾਂਡਰ-ਇਨ-ਚੀਫ਼' ਜਿਨ੍ਹਾਂ ਨੇ ਫੌਜ ਮੁਖੀ ਦੀਆਂ ਕਾਰਗੁਜ਼ਾਰੀਆਂ ਨੂੰ ਬਰਖਾਸਤੀ ਦੇ ਲਾਇਕ ਮੰਨਿਆ ਸੀ? ਕੀ ਸਰਕਾਰ ਨੂੰ ਦੇਸ਼ ਦੀ 'ਲੋਕਰਾਜੀ' ਬੁਨਿਆਦ ਨੂੰ ਅੰਦਰ ਹੀ ਅੰਦਰ ਨੁਕਸਾਨ ਪਹੁੰਚਾਉਣ ਵਾਲੀਆਂ ਘਟਨਾਵਾਂ ਪ੍ਰਤੀ ਆਪਣੀਆਂ ਅੱਖਾਂ ਬੰਦ ਕਰ ਲੈਣੀਆਂ ਚਾਹੀਦੀਆਂ ਸਨ? ਕੋਰਟ ਮਾਰਸ਼ਲ 'ਚ ਫੌਜ ਸਕੱਤਰ ਦੇ ਮਾਮਲੇ ਸਬੰਧੀ ਕੋਈ ਅਗਾਊਂ ਸਿੱਟਾ ਕੱਢੇ ਬਗੈਰ ਦੇਸ਼ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਅਜੇ ਜੇ ਪੈਸੇ ਦਾ ਲੈਣ-ਦੇਣ ਨਹੀਂ ਹੋਇਆ ਤਾਂ ਕੀ? 'ਸੇਵਾ ਐਕਸ' ਦਾ ਭੁਗਤਾਨ ਤਾਂ ਪਿੱਛੋਂ ਵੀ ਹੋ ਸਕਦਾ ਹੈ। ਸਿਰਫ਼ ਇੱਕ ਉਦਾਹਰਣ ਤੋਂ ਹੀ ਪਤਾ ਲੱਗਦਾ ਹੈ ਕਿ ਫੌਜੀ ਸਾਜੋ-ਸਮਾਨ ਦੀ ਖਰੀਦਦਾਰੀ 'ਚ ਸੁਚਿਤਾ,

ਈਮਾਨਦਾਰੀ ਤੇ ਪਾਰਦਰਸ਼ਤਾ ਵਰਤਣ ਦੇ ਕੌਮੀ ਸੰਕਲਪ ਨੂੰ ਕਿਸੇ ਤਰ੍ਹਾਂ ਉਹਨਾਂ ਲੋਕਾਂ ਵੱਲੋਂ ਹੀ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ, ਜਿਹਨਾਂ 'ਤੇ ਉਹਨਾਂ ਦੇ ਪਾਲਣ ਕਰਨ ਦੀ ਜੁੰਮੇਵਾਰੀ ਸੌਂਪੀ ਗਈ ਹੈ। ਲੋਕ ਸਭਾ ਦੀ ਪਟੀਸ਼ਨ ਸੰਮਤੀ ਨੇ ਵੀ ਇਸ ਪੂਰੇ ਮਾਮਲੇ ਦੀ ਮੁਕੰਮਲ ਜਾਂਚ ਕਰਾਉਣ ਦੇ ਲਾਇਕ ਸਮਝਿਆ। ਭਾਰਤੀ ਫੌਜ ਇੱਕ ਅਜਿਹੀ ਭਾਰਤੀ ਜਨਤਕ ਕੰਪਨੀ ਤੋਂ ਪਲੀ ਤੇ (ਫਿਊਜ਼) ਖਰੀਦੀ ਹੈ, ਜਿਸ ਕੋਲ ਤੋਪਖਾਨੇ ਦੇ ਇਸ ਬਹੁਤ ਹੀ ਅਹਿਮ ਪੁਰਜ਼ੇ ਨੂੰ ਇੱਕ ਦੱਖਣ ਅਫ਼ਰੀਕੀ ਕੰਪਨੀ ਤੋਂ ਦਰਾਮਦ ਕਰਨ ਦਾ ਏਕਾਧਿਕਾਰ ਮਿਲਿਆ ਹੋਇਆ ਹੈ। ਦੂਜੇ ਪਾਸੇ ਇੱਕ ਹੋਰ ਭਾਰਤੀ ਜਨਤਕ ਉਪਕਰਣ ਨੇ ਸਵਦੇਸ਼ੀ ਤਕਨੀਕ ਦੇ ਅਧਾਰ 'ਤੇ ਤੋਪ ਦੇ ਗੋਲੇ 'ਚ ਵਿਸਫੋਟ ਨੂੰ ਕੰਟਰੋਲ ਕਰਨ ਵਾਲੇ ਇਸ ਪੁਰਜੇ ਨੂੰ ਵਿਕਸਤ ਕਰਨ ਦਾ ਦਾਅਵਾ ਕੀਤਾ ਹੈ ਜੋ ਮੁਕਾਬਲਤਨ ਸਸਤਾ ਹੋਵੇਗਾ। ਇਹਨਾਂ ਚੀਜ਼ਾਂ ਨੂੰ ਮੁਹੱਈਆ ਕਰਾਉਣ ਦੇ ਕੰਮ ਨਾਲ ਜੁੜੇ ਉਚ ਅਧਿਕਾਰੀ ਇਸ ਕੰਪਨੀ ਦੇ ਦਾਅਵੇ ਨੂੰ ਨਜ਼ਰ ਅੰਦਾਜ਼ ਕਰਦੇ ਹਨ ਅਤੇ ਫਿਰ ਦੱਖਣੀ ਅਫ਼ਰੀਕੀ ਕੰਪਨੀ ਤੋਂ ਲਾਇਸੰਸ ਲੈ ਕੇ ਫਿਊਜ਼ ਬਣਾਉਣ ਵਾਲੀ ਭਾਰਤ ਦੀ ਜਨਤਕ ਕੰਪਨੀ ਨੂੰ ਉਸ ਦੀ ਸਥਾਪਿਤ ਸਮਰੱਥਾ ਤੋਂ ਵੀ ਵੱਧ ਦਿੰਦੇ ਹਨ, ਫਿਰ ਉਹ ਅਧਿਕਾਰੀ ਰਿਟਾਇਮੈਂਟ ਪਿੱਛੋਂ ਉਸੇ ਭਾਰਤੀ ਫਰਮ 'ਚ ਸਲਾਹਕਾਰ ਬਣ ਕੇ ਕੰਮ ਕਰਨ ਲੱਗਦੇ ਹਨ। ਇਸ ਤਰ੍ਹਾਂ ਉਹ ਇੱਕ ਵਿਦੇਸ਼ੀ ਸਪਲਾਈ ਕਰਤਾ ਦੇ ਹਿੱਤ ਲਈ ਕੰਮ ਕਰਦੇ ਹਨ। ਕੀ ਇਹ ਧੋਖਾਧੜੀ ਨਹੀਂ ਹੈ? ਇਸ ਲਈ ਇਸ ਮਾਮਲੇ 'ਚ ਉਸ ਸਮੇਂ ਤੋਂ ਵੀ ਵੱਧ ਚੌਕਸ ਰਹਿਣ ਦੀ ਲੋੜ ਹੈ, ਜਦ ਇੰਦਰਾ ਗਾਂਧੀ ਨੇ ਫੌਜ ਮੁਖੀ ਅਹੁਦੇ ਲਈ ਲੈਫਟੀਨੈਂਟ ਜਨਰਲ ਐਸ ਕੇ ਸਿਨਹਾ ਦੀ ਸੀਨੀਆਰਟੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਸੀ। ਪਿਛਲੇ ਕੁਝ ਸਾਲਾਂ ਤੋਂ ਹਥਿਆਰਬੰਦ ਫੌਜ ਨੂੰ ਹੋਰ ਵੱਧ ਅਹਿਮੀਅਤ ਦਿੱਤੇ ਜਾਣ ਨਾਲ ਵਾਧੂ ਦਬਾਅ ਪਿਆ ਹੈ, ਪਰ ਫੌਜੀ ਤੰਤਰ 'ਚ ਇਯ ਦਾ ਕੋਈ ਬੇਹਤਰ ਨਤੀਜਾ ਨਜ਼ਰ ਨਹੀਂ ਆਇਆ ਦਰਅਸਲ ਸਭ ਕੁਝ ਇਸ ਦੇ ਉਲਟ ਹੋਇਆ ਹੈ। ਇਸ ਹਾਲ ਦੀ ਘਟਨਾ ਤੋਂ ਵੀ ਪਤਾ ਲੱਗਦਾ ਹੈ। ਵੇਤਨ-ਭੱਤਿਆਂ ਤੇ ਤਾਇਨਾਤੀ ਦੇ ਲਈ ਫੌਜੀ ਫੋਰਸਾਂ ਅੰਦਰ ਵੀ ਆਪਸੀ ਖਿੱਚੋਤਾਣ ਹੈ। ਤਿੰਨੋਂ ਸੈਨਾਵਾਂ ਦਾ ਕਮਾਂਡਰ ਅਜੇ ਕਿਧਰੇ ਸਹੀ ਦਿਸ ਰਿਹਾ ਹੈ ਤਾਂ ਉਹ ਸਿਰਫ਼ ਅੰਡੇਮਾਨ ਵਿੱਚ ਹੈ, ਜੋ ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਕਾਲੇਪਾਣੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਫੌਜੀ ਪ੍ਰਬੰਧ ਦੀ ਅੰਦਰੂਨੀ ਦੁਨੀਆਂ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਹੌਲੀ-ਹੌਲੀ ਵਿਗੜਦੀ ਜਾ ਰਹੀ ਹੈ। ਸਾਬਕਾ ਫੌਜੀ ਅਧਿਕਾਰੀ ਤੇ ਉਹਨਾਂ ਦੇ ਸੰਗਠਨ ਇੱਕ ਦਬਾਅ ਸਮੂਹ ਵਜੋਂ ਉਭਰ ਰਹੇ ਹਨ ਅਤੇ ਸਰਕਾਰ ਨੂੰ ਫੌਜੀ ਸਲਾਹ ਦੇਣ ਲੱਗੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਅੱਸੀ ਤੇ ਨੱਬੇ ਦੇ ਦਹਾਕੇ 'ਚ 'ਤਰਕਸ਼ੀਲ' ਜਨਰਲਾਂ ਨੇ ਸਿਆਚਿਨ ਗਲੇਸ਼ੀਅਰ ਤੋਂ ਭਾਰਤੀ ਸੈਨਿਕਾਂ ਦੀ ਵਾਪਸੀ ਦੀ ਸਲਾਹ ਦਿੱਤੀ ਸੀ, ਉਹ ਸਲਾਹ ਕਿੰਨੀ ਗਲਤ ਸਾਬਤ ਹੋਈ, ਇਹ ਕਾਰਗਿਲ ਦੀ ਲੜਾਈ ਤੋਂ ਪਤਾ ਲੱਗਦਾ ਹੈ। ਛੇ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਚ ਸੁਧਾਰ ਲਈ ਅੰਦਰੂਨੀ ਖਿੱਚ-ਧੂਹ ਦੌਰਾਨ ਸਾਬਕਾ ਫੌਜੀਆਂ ਦੀ ਇੱਕ ਜਥੇਬੰਦੀ ਵੱਲੋਂ ਇੱਕ ਐਸਾ ਢੀਠ ਬਿਆਨ ਵੀ ਸੁਨਣ ਨੂੰ ਮਿਲਿਆ ਸੀ, ਜਿਸ ਨੂੰ ਸੈਨਾ 'ਚ ਕੰਮ ਕਰਦੇ ਅਫ਼ਸਰਾਂ ਦੀ ਭਰਪੂਰ ਹਮਾਇਤ ਹਾਸਿਲ ਸੀ। ਉਸ ਬਿਆਨ 'ਚ ਕਿਹਾ ਗਿਆ ਸੀ ਕਿ ਜੇ ਉਹਨਾਂ ਦੀਆਂ ਮੰਗਾਂ 'ਤੇ ਅਮਲ ਨਾ ਹੋਇਆ ਤਾਂ 1962 ਵਰਗੇ ਹਲਾਤ ਪੈਦਾ ਹੋ ਸਕਦੇ ਹਨ। ਇਹ ਇੱਕ ਤਰ੍ਹਾਂ ਦੀ ਜ਼ੁਬਾਨੀ ਚੇਤਾਵਨੀ ਸੀ, ਜੋ ਸਾਬਕਾ ਸੈਨਕਾਂ ਨੇ ਆਪਣੇ ਸੇਵਾ ਕਰ ਰਹੇ ਸਾਥੀਆਂ ਲਈ ਦਿੱਤੀ

ਅਤੇ ਉਸ ਦਾ ਸਿਹਰਾ ਵੀ ਲੈਣਾ ਚਾਹਿਆ। ਸਿਆਚਿਨ ਗਲੇਸ਼ੀਅਰ ਤੋਂ ਸੈਨਿਕਾਂ ਦੀ ਵਾਪਸੀ ਦੀ ਮੰਗ ਵਾਂਗੂੰ ਹੀ ਇਸ ਮੰਗ 'ਤੇ ਵੀ ਚੀਫ਼ ਆਫ਼ ਸਟਾਫ ਕਮੇਟੀ ਦੇ ਮੁਖੀ ਵੱਲੋਂ ਕੋਈ ਖੰਡਨ ਨਹੀਂ ਆਇਆ। ਇਸ ਤੋਂ ਲੱਗਦਾ ਹੈ ਕਿ ਉਨ੍ਹਾਂ ਦੇ ਵਿਚਾਰ ਵੀ ਕੁਝ ਐਸੇ ਹਨ। ਸੰਨ 1962 ਦੇ ਚੀਨੀ ਹਮਲੇ 'ਤੇ ਲਿਖੀਆਂ ਗਈਆਂ ਕਿਤਾਬਾਂ ਇਸ ਪੂਰੇ ਘਟਨਾ ਕ੍ਰਮ ਨੂੰ ਸਮਝ 'ਚ ਮੱਦਦਗਾਰ ਹੋਣਗੀਆਂ। ਭਾਰਤ ਨੇ ਚੀਨ ਵਾਂਗੂੰ ਆਪਣੇ ਅਜਿਹੇ ਦਸਤਾਵੇਜਾਂ ਨੂੰ ਕਦੀ ਵੀ ਪ੍ਰਕਾਸ਼ਿਤ ਨਹੀਂ ਕੀਤਾ, ਜੋ ਨੇਫਾ 'ਚ ਉਸ ਦੀ ਅਸਲੀ ਹਾਰ ਨਾਲ ਸਬੰਧਿਤ ਹਨ।

ਹਾਰ ਦੀ ਪੜਤਾਲ ਦੀ ਜਿੰਮੇਵਾਰੀ ਲੈਫਟੀਨੈਂਟ ਜਨਰਲ ਹੇਂਡਰਸਨ ਬੁਰਕਸ ਨੂੰ ਦਿੱਤਾ ਗਿਆ ਸੀ, ਪਰ ਉਸ ਦੀ ਰਿਪੋਰਟ ਅਧਿਕਾਰਿਤ ਤੌਰ 'ਤੇ ਕਦੀ ਜਨਤਕ ਨਹੀਂ ਹੋਈ ਅਜਿਹਾ ਮੰਨਿਆ ਜਾਂਦਾ ਹੈ ਕਿ ਪ੍ਰਤਕਾਰ ਨੇਵਿਲ ਮੈਕਸਵੇਲ ਦੀ ਕਿਤਾਬ 'ਇੰਡੀਆਜ਼ ਚਾਇਨਾਵਾਰ' ਲੈਫਟੀਨੈਂਟ ਜਨਰਲ ਹੇਂਡਰਸਨ ਬੁਰਕਸ ਵੱਲੋਂ ਸਰਕਾਰ ਨੂੰ ਪੇਸ਼ ਕੀਤੀ ਗਈ ਰਿਪੋਰਟ 'ਤੇ ਹੀ ਅਧਾਰਿਤ ਹੈ। ਮੈਕਸਵੈਲ ਦੀ ਇਹ ਰਿਪੋਰਟ ਰਾਜਸੀ ਅਗਵਾਈ ਨੂੰ ਬਦਨਾਮ ਕਰਨ ਦੀ ਨੀਅਤ ਨਾਲ ਲੀਕ ਕੀਤੀ ਗਈ ਸੀ ਅਤੇ ਕੁਝ ਸਾਲ ਪਿੱਛੋਂ ਇਹ ਡਰ ਤਦ ਹੋਰ ਵੀ ਮਜ਼ਬੂਤ ਹੋਇਆ ਜਦ ਇਹ ਪਤਾ ਲੱਗਿਆ ਕਿ ਇੱਕ ਸੈਨਾ ਮੁਖੀ ਨੌਕਰੀ ਕਰਦਿਆਂ ਵੀ 'ਮਿਲਟਰੀ ਕਾਰਸਪੋਂਡੈਂਟ' ਦੇ ਨਾਂ ਨਾਲ ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਇੱਕ ਅੰਗਰੇਜੀ ਦੈਨਿਕ ਲਈ ਲੇਖ ਲਿਖਿਆ ਕਰਦੇ ਸਨ। ਆਪਣੀ ਪੁਸਤਕ 'ਚ ਮੈਕਸਵੈਲ ਖੁਦ ਸੰਕੇਤ ਦਿੰਦੇ ਹਨ, ਮੈਂ ਭਾਰਤ ਸਰਕਾਰ ਤੇ ਫੌਜ ਦੀਆਂ ਅਣ-ਛਪੀਆਂ ਰਿਪੋਰਟਾਂ ਤੇ ਪਹਿਲਾਂ ਫਾਇਲਾਂ ਤੋਂ ਹੀ ਜਾਣਕਾਰੀ ਹਾਸਲ ਕੀਤੀ ਹੈ। ਇਹਨਾਂ ਰਿਪੋਰਟਾਂ ਤੇ ਫਾਇਲਾਂ ਤੱਕ ਮੇਰੀ ਪਹੁੰਚ ਉਹਨਾਂ ਅਧਿਕਾਰੀਆਂ ਕਾਰਨ ਸੰਭਵ ਹੋ ਸਕੀ ਜੋ ਇਹ ਸੋਚਦੇ ਸਨ ਕਿ ਇਸ ਦਾ ਪੂਰਾ ਵੇਰਵਾ ਦੇਣ ਦਾ ਸਮਾਂ ਆ ਗਿਆ ਹੈ ਅਤੇ ਜੋ ਮੇਰੇ 'ਤੇ ਇਹ ਯਕੀਨ ਰੱਖਦੇ ਸਨ ਕਿ ਇਸ ਦੀ ਪੇਸ਼ਕਾਰੀ ਸਹੀ ਤੇ ਨਿਰਪੱਖ ਹੋਵੇਗੀ। ਮੈਂ ਨਾ ਤਾਂ ਉਹਨਾਂ ਦਾ ਨਾਂ ਲੈ ਸਕਦਾ ਹਾਂ ਤੇ ਫਾਇਲਾਂ ਨੂੰ ਵਿਖਾ ਸਕਦਾ ਹਾਂ, ਜਿਥੋਂ ਮੈਨੂੰ ਲਿਖਣ ਦੀ ਸਮੱਗਰੀ ਮਿਲੀ। ਮੈਂ ਸਿਰਫ਼ ਉਹਨਾਂ ਦਾ ਸ਼ੁਕਰੀਆ ਅਦਾ ਕਰ ਸਕਦਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਉਹ ਨਿਰਾਸ਼ ਨਹੀਂ ਹੋਣਗੇ।" ਕਈ ਕਿਤਾਬਾਂ ਉਹਨਾਂ ਲੋਕਾਂ ਨੇ ਵੀ ਲਿਖੀਆਂ ਹਨ ਜੋ ਚੀਨੀ ਹਮਲੇ ਦੌਰਾਨ ਅਤੇ ਉਸ ਤੋਂ ਪਹਿਲਾਂ ਫੌਜੀ ਮੁਹਿੰਮ ਦੀ ਰਣ ਨੀਤੀ ਬਣਾਉਣ 'ਚ ਸ਼ਾਮਿਲ ਰਹੇ ਹਨ। ਇਸ 'ਚ ਖੁਫੀਆ ਬਿਓਰੋ ਦੇ ਉਸ ਵੇਲੇ ਦੇ ਮੁਖੀ ਬ੍ਰਿਗੇਡੀਅਰ ਜੇ ਪੀ ਦਲਵੀ ਭੀ ਹਨ, ਜੋ ਚੀਨੀ ਫੌਜੀਆਂ ਵੱਲੋਂ ਬੰਦੀ ਬਣਾ ਲਏ ਗਏ ਸਨ ਅਤੇ ਕੁਝ ਮਹੀਨੇ ਪਿੱਛੋਂ ਆਜ਼ਾਦ ਹੋਏ ਸਨ। ਭਾਰਤ ਦੇ ਲੋਕ ਸਚਾਈ ਜਾਨਣਾ ਚਾਹੁੰਦੇ ਹਨ, ਪਰ ਉਹਨਾਂ ਨੂੰ ਇਸ ਤੋਂ ਵੰਚਿਤ ਕੀਤਾ ਜਾਂਦਾ ਰਿਹਾ ਹੈ। ਸਿੱਟਾ ਇਹ ਹੈ ਕਿ ਅਣ-ਕਲਾ ਤੇ ਮਨਘੜਤ ਗੱਲਾਂ ਦਾ ਮਿਸ਼ਰਣ ਹੀ ਲੋਕਾਂ ਤੱਕ ਪਹੁੰਚਦਾ ਰਿਹਾ ਹੈ। ਸੱਚ ਨੂੰ ਛੁਪਾਉਣ ਤੇ ਭਰਮ ਫੈਲਾਉਣ ਦੀ ਕੋਸ਼ਿਸ਼ ਲਗਾਤਾਰ ਹੁੰਦੀ ਰਹੀ ਹੈ। ਇੱਥੋਂ ਤੱਕ ਕਿ ਨੇਫਾ ਜਾਂਚ-ਪੜਤਾਲ ਵੀ ਦਬਾ ਕੇ ਰੱਖੀ ਗਈ ਅਤੇ ਇਸ ਦੇ ਕੁਝ ਹੀ ਅੰਸ਼ਾਂ ਨੂੰ 2 ਸਤੰਬਰ 1963 ਨੂੰ ਲੋਕ ਸਭਾ 'ਚ ਪੇਸ਼ ਕੀਤਾ ਗਿਆ। ਕੁਝ ਅਗਿਆਤ ਕਾਰਨਾਂ ਕਰਕੇ ਜੇ ਪੀ ਦਲਵੀ ਤੇ ਉਸ ਦੇ ਸਾਥੀਆਂ ਨੂੰ ਕਮਾਂਡਿੰਗ ਅਫ਼ਸਰਾਂ ਸਾਹਮਣੇ ਸਬੂਤ ਪੇਸ਼ ਕਰਨ ਨੂੰ ਕਿਹਾ ਗਿਆ। ਭਾਰਤੀ ਫੌਜ ਦੇ ਉਚ ਅਧਿਕਾਰੀਆਂ 'ਚ ਉਸ ਸਮੇਂ ਸਾਜ਼ਿਸ ਤੇ ਅੰਸਤੋਸ਼ ਦੀ ਭਾਵਨਾ ਸੀ। ਸਾਬਕਾ ਸੈਨਿਕ ਵੀ 1962 ਦੇ ਅਮਲ ਨੂੰ ਦੁਹਰਾਏ ਜਾਣ ਦੀ ਗੱਲ ਕਰ ਰਹੇ ਹਨ ਤਾਂ ਸਰਕਾਰ ਨੂੰ ਚੌਕਸ ਹੋਣਾ ਚਾਹੀਦਾ ਹੈ। ✪

# ਪਿਛਲੇ ਦਰਵਾਜਿਉਂ ਬੀ. ਟੀ. ਦੀ ਤਿਆਰੀ?

ਆਲੂ ਤੇ ਟਮਾਟਰ ਪਿੱਛੋਂ ਦੇਸ਼ ਦੀ ਤੀਸਰੀ ਸਭ ਤੋਂ ਵੱਧ ਉਤਪਾਦਿਤ ਸਬਜ਼ੀ ਬੈਂਗਣ ਤੇ ਬਹਿਸ ਬਰਕਰਾਰ ਹੈ। ਚੌਵੀ ਫਰਵਰੀ ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਸ ਮੁੱਦੇ 'ਤੇ ਉਚ ਮੰਤਰੀਆਂ ਦੇ ਨਾਲ ਆਯੋਜਿਤ ਬੈਠਕ ਵਿਚ ਕਹਿ ਦਿੱਤਾ ਹੈ ਕਿ ਅਨਾਜ ਸੁਰੱਖਿਆ ਲਈ ਜੈਵ ਸੁਧਾਰ (ਜੀ ਐਮ) ਖਾਣ ਵਾਲੀਆਂ ਵਸਤਾਂ ਨੂੰ ਬਦਲ ਵਜੋਂ ਦੇਖਿਆ ਜਾ ਸਕਦਾ ਹੈ, ਪਰ ਡੂੰਘੇ ਅਧਿਐਨ ਪਿੱਛੋਂ ਬੈਠਕ 'ਚੋਂ ਕੌਮ ਜੈਵ ਤਕਨੀਕੀ ਪੈਮਾਨੇ ਆਰਡੀਨੈਂਸ ਨੂੰ ਵੀ ਹਰੀ ਝੰਡੀ ਦੇ ਦਿੱਤੀ ਗਈ ਹੈ। ਫਿਲਹਾਲ ਵਾਤਾਵਰਣ ਤੇ ਵਣ ਰਾਜ ਮੰਤਰੀ ਜੈ ਰਾਮ ਰਮੇਸ਼ ਨੇ ਸੱਤ ਰਾਜਾਂ ਦੇ ਹਜ਼ਾਰਾਂ ਲੋਕਾਂ ਦੀ ਰਾਇ ਜਾਨਣ ਪਿੱਛੋਂ ਲੋਕ ਭਾਵਨਾਵਾਂ ਦੀ ਕਦਰ ਕਰਦੇ ਹੋਏ ਬੀ. ਟੀ. ਬੈਗਣ ਦੀ ਵਪਾਰਕ ਪੈਦਾਵਾਰ 'ਤੇ ਰੋਕ ਲਾ ਦਿੱਤੀ ਹੈ।

ਜੀ. ਐੱਮ. ਖਾਣ ਵਾਲੀਆਂ ਵਸਤਾਂ ਖਿਲਾਫ਼ ਲਾਬੀ ਪ੍ਰਸਤਾਵਿਤ ਕੌਮੀ ਜੈਵ ਤਕਨੀਕੀ ਨਿਆਮਕ ਅਥਾਰਟੀ ਬਿੱਲ ਦੀ ਮੁਖਾਲਫਿਤ ਕਰ ਰਹੀ ਹੈ। ਮੌਜੂਦਾ ਰੂਪ 'ਚ ਇਸ ਦੀ ਮੰਜ਼ੂਰੀ ਨਾਲ ਨਾ ਸਿਰਫ ਜੀ. ਐਮ. ਪਦਾਰਥਾਂ ਨੂੰ ਬਿਨ੍ਹਾਂ ਲੋੜੀਂਦੀ ਸੁਰੱਖਿਆ ਤੇ ਵਿਗਿਆਨਕ ਜਾਂਚ ਦੇ ਭਾਰਤੀ ਬਜ਼ਾਰ 'ਚ ਦਾਖਲਾ ਮਿਲੇਗਾ ਬਲਕਿ ਅਸੁਰੱਖਿਅਤ ਜੀ. ਐਮ. ਪਦਾਰਥਾਂ ਖਿਲਾਫ ਲੜਾਈ ਮੁਸ਼ਕਲ ਹੋ ਜਾਵੇਗੀ। ਪ੍ਰਸਤਾਵਿਤ ਬਿੱਲ 'ਤੇ ਖੇਤੀ ਵਿਰਾਸਤ ਮਿਸ਼ਨ ਨਾਲ ਜੁੜੀ ਕਵਿਤਾ ਕੁਰਗੁੰਤੀ ਕਹਿੰਦੀ ਹੈ ਕਿ ਬਿੱਲ ਦੀ ਮੰਜ਼ੂਰੀ ਪਿੱਛੋਂ ਜੀ. ਐਮ. ਖਾਣਯੋਗ ਵਸਤਾਂ ਦੀ ਪੈਦਾਵਾਰ ਖੋਜ ਤੇ ਵਿਕਰੀ ਕਰਨ ਵਾਲਿਆਂ ਨੂੰ ਆਸਾਨੀ ਨਾਲ ਲਾਇਸੰਸ ਮਿਲ ਜਾਣਗੇ। ਕਵਿਤਾ ਅਨੁਸਾਰ ਇਹ ਸਿਹਤ ਤੇ ਵਾਤਾਵਰਣ ਨਾਲ ਜੁੜਿਆ ਮਸਲਾ ਹੈ। ਇਸ ਲਈ ਪ੍ਰਸਤਾਵਿਤ ਬਿੱਲ 'ਚ ਕੌਮੀ ਜੈਵ ਸੁਰੱਖਿਆ ਰਾਖੀ ਅਥਾਰਟੀ ਦੀ ਵਿਵਸਥਾ ਹੋਣੀ ਚਾਹੀਦੀ ਹੈ। ਕਾਨੂੰਨੀ ਮਾਹਰ ਪ੍ਰਸਾਂਤ ਭੂਸ਼ਣ ਕਹਿੰਦੇ ਹਨ ਕਿ ਇਹ ਅਥਾਰਟੀ ਵਿਗਿਆਨ ਤੇ ਤਕਨੀਕੀ ਮੰਤਰਾਲੇ ਦੇ ਤਹਿਤ ਹੋਣਾ ਚਾਹੀਦਾ ਹੈ। ਮਸੌਦੇ ਵਿੱਚ ਰਾਜ ਸਰਕਾਰ ਦੀ ਭੂਮਿਕਾ ਸਿਰਫ਼ ਸਲਾਹ ਦੇਣ ਤੱਕ ਸੀਮਤ ਰਹੇਗੀ। ਅੰਤਿਮ, ਨਿਰਣਾ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਹੋਵੇਗਾ। ਪ੍ਰਸ਼ਾਂਤ ਭੂਸ਼ਨ ਦੇ ਅਨੁਸਾਰ ਇਸ ਮਸੌਦੇ 'ਚ ਅਥਾਰਟੀ 'ਚ ਸਿਰਫ਼ ਤਿੰਨ ਤਕਨੀਕੀ ਮਾਹਰ ਹੋਣਗੇ ਜਦ ਕਿ ਘੱਟੋ ਘੱਟ 9 ਮੈਂਬਰ ਹੋਣੇ ਚਾਹੀਦੇ ਹਨ। ਇਸ ਬਿੱਲ ਦਾ ਵਿਰੋਧ ਕਰ ਰਹੇ ਵਰਗ ਦਾ ਕਹਿਣਾ ਹੈ ਕਿ ਜੀ. ਐਮ. ਖਾਣ ਵਾਲੀਆਂ ਵਸਤਾਂ 'ਤੇ ਖੋਜ ਤੇ ਜਾਂਚ ਆਜ਼ਾਦ ਏਜੰਸੀ ਰਾਹੀਂ ਕਰਵਾਈ ਜਾਣੀ ਚਾਹੀਦੀ ਹੈ, ਨਾ ਕਿ ਨਿੱਜੀ ਖੇਤਰ ਦੀਆਂ ਕੰਪਨੀਆਂ ਰਾਹੀਂ ਵਾਤਾਵਰਣ, ਪ੍ਰੇਮੀ ਓਪੇਂਦਰ ਦੱਤਾ ਦਾ ਕਹਿਣਾ ਹੈ ਕਿ ਮੌਜੂਦਾ ਮਸੌਦੇ ਦੇ ਖੰਡ 63 'ਚ ਹੈ ਕਿ ਜੀ. ਐਮ. ਖਾਦ ਪਦਾਰਥਾਂ 'ਤੇ ਜੋ ਵਿਅਕਤੀ ਬਿਨ੍ਹਾਂ ਕਿਸੇ ਸਬੂਤ ਜਾਂ ਵਿਗਿਆਨਕ ਰਿਕਾਰਡ ਦੇ ਲੋਕਾਂ ਨੂੰ ਭਰਮਾਵੇਗਾ। ਉਸ ਨੂੰ ਘੱਟੋ-ਘੱਟ ਛੇ ਮਹੀਨੇ ਦੀ ਸਜ਼ਾ ਤੇ ਦੋ ਲੱਖ ਰੁਪਏ ਜੁਰਮਾਨਾ ਹੋਵੇਗਾ। ਇਸ ਵਿਰੋਧ ਦੀ ਆਵਾਜ਼ ਨੂੰ ਦਬਾਉਣ ਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦੇ ਹੱਕ ਦੀ ਉਲੰਘਣਾ ਦੀ ਤਿਆਰੀ ਹੈ। ਜੈਵ ਤਕਨੀਕ ਸਬੰਧੀ ਮਾਹਰਾਂ

ਦੇ ਆਪਾ ਵਿਰੋਧੀ ਤਰਕ ਹਨ। ਪੰਜਾਬ ਖੇਤੀ ਯੂਨੀਵਰਸਿਟੀ ਦੇ ਖੋਜ ਦੇ ਵਧੀਕ ਡਾਇਰੈਕਟਰ ਡਾ. ਐਸ. ਐਸ. ਗੋਸਲ ਕਹਿੰਦੇ ਹਨ ਕਿ ਬੀ. ਟੀ ਕਪਾਹ ਦੀ ਸਫਲਤਾ ਪਿੱਛੋਂ ਬੀ. ਟੀ. ਬੈਂਗਣ ਦੀ ਖੇਤੀ ਦੀ ਇਜ਼ਾਜਤ ਮਿਲਣੀ ਚਾਹੀਦੀ ਹੈ। ਸੈਂਟਰ ਫਾਰ ਸਾਇੰਸ ਐਂਡ, ਇਨਵਾਇਰਮੈਂਟ ਦੀ ਚੇਅਰਪਰਸਨ ਸੁਨੀਤਾ ਨਰਾਇਣ ਕਹਿੰਦੀ ਹੈ, 'ਮੈਂ ਜੈਵ ਤਕਨੀਕ ਦੇ ਖਿਲਾਫ਼ ਨਹੀਂ, ਕੋਈ ਵੀ ਨਵੀਂ ਤਕਨੀਕ ਆਉਂਦੀ ਹੈ ਤਾਂ ਖਾਮੀਆਂ ਵੀ ਨਾਲ ਆਉਣਗੀਆਂ ਪਰ ਮੈਂ ਬੀ. ਟੀ. ਬੈਂਗਣ ਦੇ ਖਿਲਾਫ਼ ਜ਼ਰੂਰ ਹਾਂ ਕਿਉਂਕਿ ਇਸ ਦੇ ਦੂਰ ਪ੍ਰਭਾਵਾਂ 'ਤੇ ਲੋੜੀਂਦੀ ਅਤੇ ਆਜ਼ਾਦ ਖੋਜ ਨਹੀਂ ਹੋਈ ਹੈ। ਜੋ ਖੋਜ ਹੋਈ ਹੈ ਉਹ ਬਹੁਕੌਮੀ ਕੰਪਨੀਆਂ ਵਲੋਂ ਪ੍ਰੇਰਿਤ ਹੈ ਜਿਹਨਾਂ ਦੇ ਆਪਣੇ ਵਪਾਰਕ ਸੁਆਰਥਾਂ ਕਾਰਨ ਭਰੋਸੇਯੋਗਤਾ ਦਾ ਸੰਕਟ ਹੈ। ਭਾਰਤ 'ਚ ਬੈਂਗਣ ਆਮ ਆਦਮੀ ਦੀ ਸਬਜ਼ੀ ਹੈ। ਇਸ ਨੂੰ ਕੱਚਾ ਵੀ ਖਾਧਾ ਜਾਂਦਾ ਹੈ ਅਜੇ ਤੱਕ ਜੋ ਬੀ. ਟੀ. ਖਾਣ ਵਾਲੀ ਵਸਤਾਂ ਬਜ਼ਾਰ 'ਚ ਆਈਆਂ ਹਨ ਉਹ ਪ੍ਰੋਸੈਸਿਡ ਹਨ। ਬੈਂਗਣ ਵਰਗੀ ਖਾਣ ਵਾਲੀ ਵਸਤ ਸਬੰਧੀ ਸੁਰੱਖਿਆ ਦੀ ਗਰੰਟੀ ਨਹੀਂ।

ਟਰਮੀਨੇਟ ਤਕਨੀਕ ਨਾਲ ਤਿਆਰ ਬੀ. ਟੀ. ਬੀਜ਼ ਇਕ ਅਜਿਹਾ ਬੀਜ਼ ਹੈ ਜਿਸ 'ਚ ਕੀੜ੍ਹੇਮਾਰ ਜੀਨ ਪਾ ਕੇ ਉਸ ਦੀ ਪੈਦਾਵਾਰ ਯੋਗਤਾ ਨੂੰ ਵਧਾਇਆ ਜਾਂਦਾ ਹੈ। ਦਾਅਵਾ ਹੈ ਕਿ ਇਹ ਬੀਟੀ ਬੀਜ਼ਾਂ ਜਿੱਥੇ ਲੰਮੇ ਸਮੇਂ ਤੱਕ ਬਿਨ੍ਹਾਂ ਸੜ੍ਹੇ ਫਸਲੀ ਪੈਦਾਵਾਰ ਦੇਵੇਗਾ ਉਥੇ ਵੱਡੀ ਆਬਾਦੀ ਦੀਆਂ ਅਨਾਜ ਲੋੜਾਂ ਨੂੰ ਵੀ ਪੂਰੀਆਂ ਕਰੇਗਾ ਪਰ ਇਹਨਾਂ ਸਾਰਿਆਂ 'ਤੇ ਵਿਵਾਦ ਜਾਰੀ ਹੈ। ਮਾਹਰ ਬੀ. ਟੀ. ਨੂੰ ਸਿਹਤ ਹੀ ਹਾਨੀਕਾਰਕ ਮੰਨ ਰਹੇ ਹਨ। ਇਕ ਅਮਰੀਕੀ ਸਿਹਤ ਵਰਕਰ ਅਤੇ ਜੀ ਐਮ ਓ (ਜੈਨੇਟੀਕਲੀ ਮੋਡੀਫਾਇਡ ਆਰਗੇਨਿਜ਼ਮਸ) ਮਾਹਰ ਡਾ. ਜੇਰਫੀ ਐਮ ਸਮਿਥ ਅਨੁਸਾਰ ਬੀ. ਟੀ. ਤੇ ਜੀ. ਈ. ਦੇ ਪਦਾਰਥਾਂ ਨਾਲ ਅਲਰਜੀ, ਖ਼ੂਨ ਦੀ ਘਾਟ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਦੀ ਬੀਮਾਰੀ, ਨਮਰਦਗੀ, ਵੱਖ-ਵੱਖ ਅੰਗਾਂ ਦਾ ਕੰਮ ਕਰਨਾ ਬੰਦਾ ਹੋਣਾ, ਰੋਗ ਨਿਰੋਧੀ ਯੋਗਤਾ 'ਚ ਕਮੀ ਅਤੇ ਅਲਰਜੀ, ਕੁਪੋਸ਼ਣ, ਕੈਂਸਰ ਮਲਟੀ ਡਰੱਗ ਰਿਜਸਟੈਸ ਡਿਸ-ਆਰਡਰ, ਐਕਸਟ੍ਰੀਮ ਡਰੱਗ ਰਿਜਸਟੈਂਟ ਆਦਿ ਮਾੜੇ ਅਸਰ ਅਜਿਹੇ ਹਨ ਜੋ ਮਨੁੱਖੀ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੰਦੇ ਹਨ। ਥਾਈਰਿਡ ਅਨਿਯਮਦਾ ਦੀਆਂ ਸ਼ਿਕਾਇਤਾਂ ਦੇ ਨਾਲ ਹੋਰ ਕਈ ਸਿਹਤ ਸਬੰਧੀ ਗੜਬੜਾਂ ਵੀ ਪਾਈਆਂ ਗਈਆਂ ਹਨ। ਅਧਿਐਨ 'ਚ ਦੱਸਿਆ ਗਿਆ ਹੈ ਕਿ ਕੁਝ ਦਿੱਕਤਾਂ ਤਾਂ ਅਜਿਹੀਆਂ ਹਨ ਜਿਹਨਾਂ ਨੂੰ ਸੁਧਾਰਿਆ ਨਹੀਂ ਜਾ ਸਕਦਾ। ਡਾਕਟਰਸ ਫਾਰ ਫੂਡ ਐਂਡ ਬਾਇਓਸੈਫਟੀ ਫੋਰਮ ਦੀ ਤਰਫੋਂ ਡਾ. ਮੀਰਾ ਸ਼ਿਵਾ ਤੇ ਕਈ ਡਾਕਟਰਾਂ ਨੇ ਬੀ. ਟੀ. ਬੈਂਗਣ ਖਿਲਾਫ਼ ਆਪਣਾ ਇਤਰਾਜ਼ ਭੇਜਿਆ ਹੈ। ਉਹਨਾਂ ਕਿਹਾ ਹੈ ਕਿ ਬੀ ਟੀ ਜਾਂ ਜੀ ਐਮ ਖਾਣ ਯੋਗ ਵਸਤਾਂ ਦੇ ਨੁਕਸਾਨ ਦੇ 65 ਤੋਂ ਵੱਧ ਕੇਸਾਂ 'ਚ ਸਭ ਤੋਂ ਖ਼ਤਰਨਾਕ ਪਹਿਲੂ ਹੈ ਕਿ ਇਹਨਾਂ ਦੀ ਪੂਰੀ ਨਹੀਂ ਹੁੰਦੀ।

# ਸਾਹਿਤਕ ਸੰਸਥਾਵਾਂ ਦੀ ਕੀ ਹੈ ਰਾਜਨੀਤੀ?

ਇਹ ਤੱਥ ਨਵਾਂ ਨਹੀਂ ਹੈ ਕਿ ਸਾਹਿਤ ਤੇ ਸਭਿਆਚਾਰ 'ਤੇ ਸੱਦਾ ਦਾ ਜਿੰਨਾ ਡੂੰਘਾ ਦਖਲ ਹੁੰਦਾ ਹੈ, ਉਸ ਵਿਚ ਉਨ੍ਹਾਂ ਹੀ ਵੱਧ ਵਿਗਾੜ ਪੈਦਾ ਹੁੰਦਾ ਹੈ। ਦੋ-ਤਿੰਨ ਹਫਤੇ ਪਹਿਲਾਂ ਹਿੰਦੀ ਅਕਾਦਮੀ ਦਿੱਲੀ 'ਚ ਉਹ ਵਿਗਾੜ ਬਹੁਤ ਸਪੱਸ਼ਟ ਸਾਹਮਣੇ ਆਇਆ ਹੈ। ਹਿੰਦੀ ਅਕਾਦਮੀ ਦਿੱਲੀ ਸਰਕਾਰ ਦੀ ਇਕ ਜੇਬੀ ਜਥੇਬੰਦੀ ਮੰਨੀ ਜਾਂਦੀ ਹੈ ਅਤੇ ਗੰਭੀਰ ਲੋਕਾਂ ਵਲੋਂ ਬੜੇ ਤਸਕੇ ਨਾਲ ਯਕੀਨ ਕੀਤਾ ਜਾਂਦਾ ਹੈ ਕਿ ਇਸ ਦੇ ਮੀਤ ਪ੍ਰਧਾਨ ਤੇ ਸੱਕਤਰ ਆਦਿ ਦੇ ਅਹੁਦਿਆਂ 'ਤੇ ਪ੍ਰਧਾਨ ਜੋ ਦਿੱਲੀ ਦਾ ਮੁੱਖ ਮੰਤਰੀ ਹੁੰਦਾ ਹੈ, ਦੇ ਖਾਸ ਲੋਕਾਂ ਅਤੇ ਚਾਪਲੂਸਾ ਨੂੰ ਨਿਯੁਕਤ ਕੀਤਾ ਜਾਂਦਾ ਹੈ। ਜੋ ਅਕਸਰ ਨਾ ਸਿਰਫ ਬੇ ਸਿਰ-ਪੈਰ ਦੇ ਪ੍ਰੋਗਰਾਮ ਚਲਾਉਂਦੇ ਰਹਿੰਦੇ ਹਨ ਬਲਕਿ ਆਪਣੇ ਕਾਰਨਾਮਿਆਂ ਨਾਲ ਅਕਾਦਮੀ ਨੂੰ ਲੋਕਾਂ ਤੇ ਸਹਿਤ ਤੋਂ ਦੂਰ ਲੈ ਕੇ ਜਾਂਦੇ ਹਨ। ਇਹ ਪਰੰਪਰਾ ਲੰਮੇ ਸਮੇਂ ਤੋਂ ਚਲਦੀ ਆ ਰਹੀ ਹੈ। ਹਾਲਾਂਕਿ ਵਿਚ-ਵਿਚ ਕੁਝ ਵਿਗਾੜ ਵੀ ਹੋ ਜਾਇਆ ਕਰਦੇ ਹਨ। ਮਸਨਲ ਸਾਲਾਂ ਪਹਿਲਾਂ ਜੇਤੂ ਮੋਹਨ ਸਿੰਘ ਤੇ ਵੀ ਹੋ ਜਾਇਆ ਕਰਦੇ ਹਨ। ਮਸਲਨ ਸਾਲਾਂ ਪਹਿਲਾਂ ਜੇਤੂ ਮੋਹਨ ਸਿੰਘ ਤੇ ਹਾਲ ਦੇ ਦਿਨਾਂ ਯੁਵਾ ਅਲੋਚਕ ਜੋਤਿਸ਼ ਜੋਸੀ ਪਿਛਲੀ ਦਿਨ ਹਿੰਦੀ ਅਕਾਦਮੀ ਦੇ ਮੀਤ ਪ੍ਰਧਾਨ ਅਹੁਦੇ 'ਤੇ ਹਾਸਰਸ ਕਵੀ ਅਸ਼ੋਕ ਚੱਕਰਧਰ ਦੀ ਨਿਯੁਕਤੀ ਨੇ ਇਕ ਝਮੇਲਾ ਪੈਦਾ ਕਰ ਦਿੱਤਾ। ਸਭ ਤੋਂ ਵੱਡੀ ਹੈਰਾਨੀ ਤਾਂ ਚੱਕਧਰ ਦੀ ਚੋਣ ਨੂੰ ਲੈ ਕੇ ਹੋਈ ਕਿਉਂਕਿ ਸਾਹਿਤ ਦੁਨੀਆਂ 'ਚ ਉਹ ਇਕ ਹਾਸਰਸ ਕਵੀ ਤੇ ਮਸਖਰੇ ਵਜੋਂ ਹੀ ਪ੍ਰਸਿੱਧ ਹੈ। ਬੇਸ਼ੱਕ ਉਹ ਕਵੀ ਸੰਮੇਲਨਾ ਦੇ ਸਫਲ ਸਮਰਾਟ ਤੇ ਪੇਸ਼ਾਵਰ ਟੈਲੀ ਫਿਲਮਕਾਰ ਆਦਿ ਹੋਣ ਪਰ ਸਮਕਾਲੀਨ ਸਾਹਿਤ 'ਚ ਉਹਨਾਂ ਦਾ ਯੋਗਦਾਨ ਨਿਗੂਨਾ ਹੈ ਕਵਿਤਾ ਜਾਂ ਕਿਸੇ ਹੋਰ ਵਿਧਾ ਵਿੱਚ ਉਹਨਾਂ ਦੀ ਲੇਖਣੀ ਜਨ ਸਧਾਰਨ ਦੇ ਰਾਗ ਵਿਰਾਗ ਤੇ ਦੁੱਖ ਦਰਦ ਤੋਂ ਲਗਭਗ ਅਛੂਤਾ ਹੀ ਰਹੀ ਹੈ ਅਤੇ ਹੋਰ ਕਿਸੇ ਵੀ ਰੂਪ 'ਚ ਉਹਨਾਂ ਨੂੰ ਸਾਹਿਤ ਕਾਲ 'ਚ ਆਪਣੀ ਥਾਂ ਨਹੀਂ ਬਣਾਈ। ਬਾਬਰੀ ਮਸਜਿਦ ਢਹਿ ਢੇਰੀ ਹੋਵੇ। ਗੁਜਰਾਤ ਕਤਲੇਆਮ ਹੋਵੇ ਜਾਂ ਕੋਈ ਅਜਿਹਾ ਸਾਮਰਾਜ ਰਾਜਸੀ ਸਭਿਆਚਾਰਕ ਸੰਕਟ ਹੋਵੇ ਕਦੀ ਵੀ ਚੱਕਧਰ ਇਕ ਸਾਹਿਤਕਾਰ ਵਜੋਂ ਮੌਜੂਦ ਨਹੀਂ ਰਹੇ ਇਸ ਲਈ ਉਹਨਾਂ ਦਾ ਸਿੱਧੇ ਸਿੱਧੇ ਹਿੰਦੀ ਅਕਾਦਮੀ ਦੇ ਮੀਤ ਪ੍ਰਧਾਨ ਦੇ ਅਹੁਦੇ 'ਤੇ ਆ ਬਿਰਾਜਨਾ ਨਾ ਸਿਰਫ ਇਕ ਅਯੋਗ ਵਿਅਕਤੀ ਨੂੰ ਅਕਾਦਮੀ ਤੇ ਠੋਸ ਦੇਣਾ ਹੈ ਬਲਕਿ ਸਾਹਿਤ ਨੂੰ ਸਮਰਪਿਤ ਕਾਰਜ ਦੀ ਤਰ੍ਹਾਂ ਲੈਣ ਵਾਲਿਆਂ ਦੇ ਮੂੰਹ 'ਤੇ ਇਕ ਚਪੇੜ ਹੈ। ਦਿੱਲੀ ਦੀ ਮੁੱਖ ਮੰਤਰੀ ਵੱਲੋਂ ਉਹਨਾਂ ਦੀ ਨਿਯੁਕਤੀ ਨਾ ਸਿਰਫ ਉਹਨਾਂ ਦੀ ਲੰਬੀ ਪਹੁੰਚ ਨੂੰ ਦਿਖਾਉਂਦੀ ਹੈ, ਬਲਕਿ ਖੁਦ ਮੁੱਖ ਮੰਤਰੀ ਦੀ ਅਦੂਰਦਰਸ਼ਤਾ ਅਤੇ ਅਗੰਭੀਰਤਾ ਨੂੰ ਵੀ ਦਰਸਾਉਂਦੀ ਹੈ। ਉਹਨਾਂ ਦਾ ਇਹ ਉਦੇਸ਼ ਹੋ ਸਕਦਾ ਹੈ ਕਿ ਹਿੰਦੀ ਅਕਾਦਮੀ ਉਹਨਾਂ ਨੂੰ ਸਾਹਿਤ ਸੱਭਿਆਚਾਰਕ ਕਮੀਆਂ ਵਿਚਕਾਰ ਹਰਮਨ ਪਿਆਰਾ ਤੇ ਸਹਿਣੂ ਬਣਾਈ ਰੱਖਣ ਵਿੱਚ ਇਕ ਮਦਦਗਾਰ ਮੰਚ ਬਣਿਆ ਰਹੇ। ਪਰ ਕੀ ਇਸ ਵਿਚ ਚੱਕਰਧਰ ਵਰਗੇ ਲੋਕ ਵੱਧ ਸਹਿਯੋਗੀ ਸਾਬਿਤ ਹੋਣਗੇ? ਜਿਵੇਂ ਕਿ ਅਖਬਾਰਾਂ 'ਚ ਪ੍ਰਕਾਸ਼ਿਤ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਅਸ਼ੋਕ ਚੱਕਰਧਰ ਨੇ

ਅਕਾਦਮੀ ਦੇ ਮੀਤ ਪ੍ਰਧਾਨ ਦਾ ਅਹੁਦਾ ਸੰਭਾਲਦੇ ਹੀ ਉਸ ਦੇ ਕੰਮਾਂ 'ਚ ਦਖਲ ਦੇਣਾ ਸ਼ੁਰੂ ਕੀਤਾ। ਜੋਤਿਸ਼ ਜੋਸ਼ੀ ਨੇ ਆਪਣੇ ਸੱਤ ਮਹੀਨਿਆਂ ਦੇ ਕਾਰਜਕਾਲ 'ਚ ਕੁਝ ਅਜਿਹੇ ਪ੍ਰੋਗਰਾਮ ਬਣਾਏ ਅਤੇ ਲਾਗੂ ਕੀਤੇ ਜੋ ਹਿੰਦੀ ਅਕਾਦਮੀ ਦੀ ਦਿੱਖ ਬੇਹਤਰ ਬਣਾ ਰਹੇ ਸਨ। ਪਰ ਕਈ ਦਿਵਸੀ ਆਯੋਜਨਾ ਅਤੇ ਸੈਮੀਨਾਰਾਂ ਤੋਂ ਅਕਾਦਮੀ ਇਹ ਸੰਦੇਸ਼ ਦੇ ਰਹੀ ਸੀ ਕਿ ਕਾਰਜਕੁਸ਼ਲ ਲੋਕ ਮਿਲਣ ਤਾਂ ਉਹ ਦਿੱਲੀ ਦੇ ਸੱਭਿਆਚਾਰਕ ਜਗਤ 'ਚ ਕੁਝ ਨਵਾਂ ਕਰ ਸਕਦੀ ਹੈ। ਪਰ ਅਸ਼ੋਕ ਚੱਕਧਰ ਨੇ ਇਹਨਾਂ ਪ੍ਰੋਗਰਾਮਾਂ 'ਚ ਆਪਣੇ ਹਿਸਾਬ ਨਾਲ ਕੂਚੀ ਫੇਰਨੀ ਸ਼ੁਰੂ ਕਰ ਦਿੱਤੀ। ਇਸ ਦਾ ਇਕ ਨਮੂਨਾ ਇਸ ਤਰ੍ਹਾਂ ਹੈ ਅਕਾਦਮੀ ਨੇ ਆਪਣੇ ਸਲਾਨਾ ਪ੍ਰੋਗਰਾਮ ਦੇ ਐਲਾਨ 'ਚ ਆਪਣੇ ਪ੍ਰਤੀਯੋਗੀਆਂ ਤੇ ਪ੍ਰੋਗਰਾਮ ਦੀ ਵੀ ਸੂਚੀ ਬਣਾ ਰੱਖੀ ਸੀ। ਚੱਕਰਧਰ ਨੇ ਇਸ 'ਤੇ ਇਤਰਾਜ ਕੀਤਾ ਤੇ ਪ੍ਰੋਗਰਾਮ ਦੇ ਸਰਵਜਨਕ ਪ੍ਰਧਾਨ ਵਜੋਂ ਆਪਣੀ ਹਾਜਰੀ ਦੀ ਲਾਜ਼ਮੀ ਦਾ ਦਬਾਅ ਬਣਾਇਆ। ਇਹੀ ਨਹੀਂ ਕੁਝ ਹੀ ਦਿਨਾਂ ਵਿੱਚ ਹੋਣ ਵਾਲੇ ਇਕ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਸਿੱਧ ਕਥਾਕਾਰ ਆਸਗਰ ਵਜਾਹਿਤ ਕਰਨ ਵਾਲੇ ਸਨ ਜਿਸ 'ਤੇ ਚੱਕਧਰ ਨੇ ਖਾਣ ਅਸਹਿਮਤੀ ਜਾਹਰ ਦਿੱਤੀ। ਕਿਉਂਕਿ ਕਿਸੇ ਸਮੇਂ ਜਦ ਉਹ ਜਾਸ ਮਿਲੀਆਂ ਇਸਲਾਮੀਆਂ ਦੇ ਹਿੰਦੀ ਵਿਭਾਗ ਦੇ ਮੁਖੀ ਸੀ ਤਾਂ ਅਸਗਰ ਉਹਨਾਂ ਦੇ ਮਤਾਹਿਤ ਇਕ ਅਧਿਆਪਕ ਸਨ। ਵਜਾਹਤ ਹਿੰਦੀ 'ਚ ਆਪਣੀ ਤਰ੍ਹਾਂ ਦੇ ਉਚ ਕਲਾਕਾਰ ਹਨ ਤੇ ਉਹਨਾਂ ਦਾ ਮਹੱਤਵਪੂਰਨ ਸਾਹਿਤਕ ਯੋਗਦਾਨ ਹੈ। ਇਹ ਠੋਸ ਤੱਥ ਹੈ ਕਿ ਅਸ਼ੋਕ ਚਕਧਰ ਕਵਿ ਸੰਮੇਲਨੀ ਕਵੀਆਂ ਦੇ ਸਰਦਾਰ ਹਨ ਜੋ ਊਟ ਪਟਾਂਗ ਭੰਗਿਆਵਾਂ ਤੇ ਊਟ ਪਟਾਂਗ ਤੁਕ ਬੰਦੀਆਂ ਦੇ ਜੋਰ 'ਤੇ ਮੰਚ ਲੁੱਟ ਲੈਂਦੇ ਹਨ ਪਰ ਖੁਦ ਸ਼ੀਲਾ ਦੀਕਸ਼ਤ ਜਾਂ ਸੋਨੀਆ ਗਾਂਧੀ ਉਨ੍ਹਾਂ ਨੂੰ ਅੱਧਾ ਘੰਟਾ ਵੀ ਸੁਣ ਲੈਣ ਤਾਂ ਉਹਨਾਂ ਦਾ ਸਿਰ ਚਕਰਾਉਣਾ ਲੱਗੇਗਾ ਤੇ ਉਹਨਾਂ ਨੂੰ ਸਿਰ ਦਰਦ ਦੀ ਗੋਲੀ ਖਾਣੀ ਪਵੇਗੀ। ਇਸ ਦਾ ਅਰਥ ਇਹ ਹੈ ਕਿ ਇਹਨਾਂ ਦੇ ਸਰੋਤਿਆਂ ਦਾ ਨਿਰਮਾਣ ਅਜਿਹੇ ਲੋਕਾਂ ਦੀ ਜਮਾਤ ਨਾਲ ਹੁੰਦਾ ਹੈ ਜੋ ਅਕਸਰ ਕਵਿਤਾ ਸੁਣ ਕੇ ਹੋਏ ਆਪਣੇ ਆਸਪਾਸ ਦੇ ਸਰੋਤਿਆਂ ਦਾ ਨਿਰਮਾਣ ਅਜਿਹੇ ਲੋਕਾਂ ਦੀ ਜਮਾਤ ਨਾਲ ਹੁੰਦਾ ਹੈ ਜੋ ਅਕਸਰ ਕਵਿਤਾ ਸੁਣਦੇ ਹੋਏ ਆਪਣੇ ਆਸਪਾਸ ਦੇ ਸਰੋਤਿਆਂ ਦੀ ਹਾਸੀ ਦੇ ਨਾਲ ਜੁਗਲਬੰਦੀ ਕਰਦੇ ਹਨ। ਇਸ ਅਧਾਰ 'ਤੇ ਇਹ ਕਵੀ ਹਜ਼ਾਰਾਂ ਲੱਖਾਂ ਦਾ ਪੁਰਸਕਾਰ ਤੇ ਮੇਹਨਤਾਨਾ ਹਾਸਲ ਕਰਦੇ ਰਹਿੰਦੇ ਹਨ। ਹਾਲ ਦੇ ਦਿਨਾਂ 'ਚ ਰਾਜੂ ਸ੍ਰੀ ਵਾਸਤਾਵ ਤੇ ਦੂਜੇ ਹਾਸਰਸ ਕਲਾਕਾਰਾਂ ਨੇ ਉਹਨਾਂ ਦੇ ਦੁਰਗ 'ਚ ਸੰਨ ਲਾ ਦਿੱਤੀ ਹੈ। ਦਿੱਲੀ 'ਚ ਰਹਿਣ ਵਾਲੇ ਬਹੁਤ ਸਾਹਿਤਕਾਰਾਂ ਨੇ ਚੱਕਰਧਰ ਦੀਆਂ ਸਾਹਿਤਕ ਪ੍ਰਾਪਤੀਆਂ 'ਤੇ ਸ਼ੱਕ ਕਰਦਿਆਂ ਉਹਨਾਂ ਨੂੰ ਮੀਤ-ਪ੍ਰਧਾਨ ਬਣਾਏ ਜਾਣ ਨੂੰ ਸਾਹਿਤਕਾਰਾਂ ਦਾ ਅਪਮਾਨ ਕਿਹਾ ਹੈ। ਦਿੱਲੀ 'ਚ ਅਜਿਹੇ ਸਾਹਿਤਕਾਰ ਵੱਡੀ ਗਿਣਤੀ ਵਿੱਚ ਹਨ ਜਿਹਨਾਂ ਨੇ ਆਪਣੀ ਲੇਖਨੀ ਨਾਲ ਹਿੰਦੀ ਸਾਹਿਤ ਨੂੰ ਮਾਣ ਤੇ ਪ੍ਰਸਿੱਧੀ ਬਖਸ਼ੀ ਹੈ। ਪਰ ਉਹਨਾਂ ਸਾਰਿਆਂ ਨੂੰ ਛੱਡ ਕੇ ਇਕ ਅਜਿਹੇ ਵਿਅਕਤੀ ਨੂੰ ਰਾਜਧਾਨੀ ਦਿੱਲੀ ਦੀ ਮਹੱਤਵਪੂਰਨ ਅਕਾਦਮੀ ਉੱਪਰ ਲਿਆ ਬਿਠਾਇਆ ਹੈ ਜਿਸ ਨੇ ਸਾਹਿਤ 'ਚ ਕੋਈ ਯੋਗਦਾਨ ਨਾ ਕੀਤਾ ਹੋਵੇ। ਬਲਕਿ ਉਸ ਦੇ ਮਾਣ-ਸਨਮਾਨ ਤੇ ਗੰਭੀਰਤਾ ਨੂੰ ਨਸ਼ਟ ਕਰਦੇ ਹੋਇਆਂ ਆਪਣੇ ਕਾਰੋਬਾਰ ਵਧਾਉਣ ਦਾ ਮਾਧਿਅਮ ਬਣਾ ਰੱਖਿਆ ਹੋਵੇ। ਦਰਅਸਲ ਖੁਦ ਦਿੱਲੀ ਸਰਕਾਰ ਨੇ ਵੀ ਆਪਣੇ ਪੈਮਾਨਿਆਂ ਦੀ ਉਲੰਘਣਾ ਕੀਤੀ

ਹੈ। ਹੁਣ ਤਕ ਮੰਚੀ ਕਵੀਆਂ ਦਾ ਵੱਖਰਾ ਖੇਮਾ ਸੀ। ਅਕਾਦਮੀ ਨੇ ਕੁਝ ਇਕ ਪ੍ਰੋਗਰਾਮ ਨੂੰ ਛੱਡ ਕੇ ਉਹਨਾਂ ਨੂੰ ਫੈਸਲਾਕੁੰਨ ਅਹੁਦੇ 'ਤੇ ਨਹੀਂ ਰੱਖਿਆ ਸੀ। ਚੱਕਰਧਰ ਦੀ ਆਗਮਨ ਮਾੜੀ ਮੰਚੀ ਸੰਰਚਨਾ ਦਾ ਸਿੱਟਾ ਮੰਨਿਆ ਜਾ ਰਿਹਾ ਹੈ। ਪਹਿਲਾਂ ਵੀ ਅਜਿਹੇ ਲੋਕ ਮੀਤ ਪ੍ਰਧਾਨ ਰਹੇ ਹਨ। ਜਿਹਨਾਂ ਦਾ ਸਾਹਿਤਕ ਸਭਿਆਚਾਰਕ ਯੋਗਦਾਨ ਇਕ ਪੈਸੇ ਦਾ ਨਹੀਂ ਰਿਹਾ ਹੈ। ਪਰ ਉਹ ਗੈਰ ਸਰਗਰਮ ਮੀਤ-ਪ੍ਰਧਾਨ ਰਹੇ ਹਨ। ਆਲੋਚਕ ਆਨੰਦ ਪ੍ਰਕਾਸ਼ ਕਹਿੰਦੇ ਹਨ ਕਿ 'ਊਠ' ਤੇ ਜੇ ਹੋਰ ਇਕ ਵੀ ਤਿਣਕਾ ਲੱਦੋਗੇ ਤਾਂ ਉਹ ਭਾਰ ਨਾਲ ਹੀ ਡਿੱਗ ਪਵੇਗਾ।' ਇਸ ਲਈ ਹੁਣ ਤੋਂ ਹੀ ਇਕ ਗਲਤ ਰਵਾਇਤ ਦੇ ਖਿਲਾਫ ਆਵਾਜ਼ ਉਠਾਉਣ 'ਚ ਦੇਰੀ ਨਹੀਂ ਕਰਨੀ ਚਾਹੀਦੀ। ਵੈਸੇ ਤਾਂ ਚੱਕਰਧਰ ਦੀ ਹਮਾਇਤ 'ਚ ਸਾਹਿਤਕਾਰਾਂ ਦਾ ਖਾਸ ਹਜੂਮ ਅਖਬਾਰਾਂ 'ਚ ਬਿਆਨ ਦੇ ਰਿਹਾ ਹੈ ਤੇ ਮੁੱਖ ਮੰਤਰੀ ਨੂੰ ਚਿੱਠੀ ਲਿਖ ਰਿਹਾ ਹੈ ਪਰ ਇਹ ਗੱਠਜੋੜ ਭਾਵਨਾਤਮਕ ਹੈ। ਵਿਚਾਰਧਾਰਿਕ ਨਹੀਂ, ਉਹ ਨਿੱਜੀ ਤੌਰ 'ਤੇ ਚੰਗੇ ਆਦਮੀ ਹੋ ਸਕਦੇ ਹਨ ਤੇ ਕਈਆਂ ਨਾਲ ਉਹਨਾਂ ਦੇ ਸਬੰਧ ਅੱਛੇ ਹੋਣਗੇ। ਪਿਛਲੇ ਦਿਨੀਂ ਉਹ ਹਿੰਦੀ ਦੇ ਲੇਖਕਾਂ ਨੂੰ ਕਿਸੇ ਯੋਜਨਾ ਤਹਿਤ ਕੰਪਿਊਟਰ ਮੁਹੱਈਆ ਕਰ ਰਹੇ ਸਨ। ਚਾਲੀ ਹਜ਼ਾਰ ਦਾ ਕੰਪਿਊਟਰ ਕਿਸੇ ਬਜ਼ੁਰਗ ਸਾਹਿਤਕਾਰ ਲਈ ਅੱਛਾ ਤੋਹਫਾ ਹੈ। ਚੱਕਰਧਰ ਦਾ ਅਸਲੀ ਸਰੋਤ ਮੁੱਖ ਮੰਤਰੀ ਦੇ ਸਲਾਹਕਾਰ ਵਿਧਾਇਕਾਂ ਤੇ ਉਹਨਾਂ ਦੇ ਭਗਤ ਨੌਕਰਸ਼ਾਹਾਂ 'ਚ ਪਿਆ ਹੈ। ਹਿੰਦੀ ਅਕਾਦਮੀ ਦਿੱਲੀ ਦੀ ਕਾਰਜਕਾਰਣੀ ਦੇ ਇਕ ਹੋਰ ਮੈਂਬਰ ਪ੍ਰੋ. ਸਤਿਆਨੰਦ ਤਿਵਾੜੀ ਨੇ ਆਪਣੇ ਅਸਤੀਫੇ 'ਚ ਜਿਹਨਾਂ ਗੱਲਾਂ ਦਾ ਜ਼ਿਕਰ ਕੀਤਾ ਹੈ। ਉਹਨਾਂ 'ਚ ਤਿੰਨ ਬਿੰਦੂ ਨਾ ਸਿਰਫ ਚੱਕਰਧਰ ਦੀ ਸਮਝ ਤੇ ਕਾਰਜਸ਼ੈਲੀ ਨੂੰ ਦਰਸਾਉਂਦੇ ਹਨ ਬਲਕਿ ਉਹਨਾਂ ਪਿੱਛੇ ਮੌਜੂਦ ਤਾਕਤਾਂ ਤੇ ਦਬਾਵਾਂ ਵੱਲ ਵੀ ਸਪੱਸ਼ਟ ਇਸ਼ਾਰਾ ਕਰਦੇ ਹਨ। ਪ੍ਰੋ. ਤਿਵਾੜੀ ਅਨੁਸਾਰ ਸਕੱਤਰ ਜੋਸ਼ੀ ਦਾ ਅਸਤੀਫ਼ਾ ਬਹੁਤ ਡੂੰਘੇ ਦਬਾਵਾਂ ਦਾ ਸਿੱਟਾ ਸੀ। ਤਿਵਾੜੀ ਜੀ ਨੇ ਆਪਣੇ ਅਸਤੀਫੇ ਤੋਂ ਪਹਿਲਾਂ ਆਪਣੇ ਇਕ ਬਿਆਨ 'ਚ ਕਿਹਾ ਸੀ ਕਿ ਮੈਨੂੰ ਚੱਕਰਧਰ ਦੇ ਨਾਲ ਕੰਮ ਕਰਨ 'ਚ ਕੋਈ ਦਿਕਤ ਨਹੀਂ ਹੈ। ਉਹਨਾਂ ਨੇ ਚੱਕਰਧਰ ਨੂੰ 'ਵਿਦੂਸਕ' ਕਹੇ ਜਾਣ ਨੂੰ ਵੀ ਗਲਤ ਮੰਨਿਆ ਪਰ ਨਾਲ ਨਾਲ ਇਹ ਵੀ ਕਿਹਾ ਕਿ ਵਿਅਕਤੀ ਨਹੀਂ ਬਲਕਿ ਵਿਚਾਰ ਸਟੈਂਡ ਲੈਣ ਦਾ ਕਾਰਨ ਹੁੰਦਾ ਹੈ। ਸੰਭਵ ਹੈ ਆਪਣੇ ਦੋ ਚੇਲਿਆਂ ਅਸ਼ੋਕ ਚੱਕਰਧਰ ਤੇ ਜੋਤਿਸ ਜੋਸ਼ੀ ਵਿਚਕਾਰ ਸੰਤੁਲਨ ਬਣਾਉਣ 'ਚ ਨਾਕਾਮ ਤਿਵਾੜੀ ਜੀ ਨੂੰ ਚੱਕਰਧਰ ਵੱਲੋਂ ਦੁਰਵਿਹਾਰ ਸਹਿਣਾ ਪਿਆ ਹੋਵੇ। ਕਿਉਂਕਿ ਉਹ ਸਿਧਾਂਤਕ ਤੌਰ 'ਤੇ ਸਾਹਿਤ ਅਤੇ ਹਿੰਦੀ ਅਕਾਦਮੀ ਨੂੰ ਇੰਟਰਟੈਨਮੈਂਟ ਉਦਯੋਗ ਬਣਾਉਣ ਦੇ ਖਿਲਾਫ਼ ਹੈ। ਹਿੰਦੀ ਦੇ ਉਚ ਤੇ ਮਹੱਤਵਪੂਰਨ ਅਲੋਚਕ ਪ੍ਰੋ. ਤਿਵਾੜੀ ਇਸ ਅਮਲ ਵਿੱਚ ਸਾਹਿਤ 'ਚ ਸੁਆਲ ਕਰਨ ਅਤੇ ਅਸਹਿਮਤ ਵਿਅਕਤੀ ਕਰਨ ਦੀ ਗੁੰਜਾਇਸ਼ ਨੂੰ ਪੂਰੀ ਤਰ੍ਹਾਂ ਖਤਮ ਦੇਖ ਰਹੇ ਹੋਣ। ਉਹਨਾਂ ਨੇ ਆਪਣੇ ਇਸ ਡਰ ਨੂੰ ਤਦ ਸਹੀ ਹੁੰਦਾ ਵੇਖਿਆ ਜਦ ਕ੍ਰਿਸ਼ਣ ਬਲਦੇਵ ਚੰਦ ਦੇ ਸਾਹਿਤ ਦੀ ਪੋਰਨੋਗ੍ਰਾਫੀ ਕਹਿ ਕੇ ਉਹਨਾਂ ਨੂੰ ਸ਼ਲਾਕਾ ਸਮਾਨ ਦਿੱਤੇ ਜਾਣ ਦੇ ਫੈਸਲੇ ਨੂੰ ਜਬਰੀ ਖਾਰਜ ਕਰ ਦਿੱਤਾ ਗਿਆ। ਤਿਵਾੜੀ ਜੀ ਲਿਖਦੇ ਹਨ ਕਿ ਇਸ ਖਿਆਲ ਨਾਲ ਤਾਂ ਕਾਲੀਦਾਸ, ਵਿਦਿਆਪਤੀ ਸੂਰਦਾਸ ਅਜੈਅ ਕ੍ਰਿਸ਼ਨਾ ਸੋਬਤੀ ਰਾਜੇਂਦਰ ਯਾਦਵ, ਕਮਲੇਸ਼ਵਰ ਕੋਈ ਵੀ ਪੋਰਨੋਗ੍ਰਾਫਰ ਸਾਬਿਤ ਹੋ ਸਕਦਾ ਹੈ। ਇਹ ਚੱਕਰਧਰ ਨੇ ਦੇ ਸ਼ੁਰੂਆਤੀ ਕਾਲ ਦੀ ਇਕ ਵੰਨਗੀ ਹੀ ਹੈ।

ਜਾਹਿਰ ਜਿਹੀ ਗੱਲ ਹੈ ਕਿ ਚੱਕਰਧਰ ਆਪਣੇ ਤੇ ਆਪਣੇ ਵਰਗੇ ਕਵੀਆਂ ਲਈ ਵੀ ਹਿੰਦੀ ਅਕਾਦਮੀ ਤੋਂ ਸਹੂਲਤਾਂ ਤੇ ਪੁਰਸਕਾਰ ਆਦਿ ਦੀ ਯੋਜਨਾ ’ਤੇ ਅਮਲ ਕਰ ’ਤੇ ਜੋਰ ਦੇ ਰਹੇ ਹੋਣਗੇ। ਸੰਭਵ ਹੈ ਕਿ ਉਹ ਕਿਸੇ ਉਚ ਮੰਚ ਕਵੀ ਲਈ ਸਲਾਕਾ ਸਮਾਨ ਹਿੱਤ ਕਾਰਜਕਾਰਨੀ ਸੰਮਤੀ ਦੀ ਹਮਾਇਤ ਚਾਹੁੰਦੇ ਰਹੇ ਹੋਣ ਅਤੇ ਕਿਉਂਕਿ ਉਹ ਮੁੱਖ ਮੰਤਰੀ ਦੇ ਨਮਿਤ ਸਨ ਇਸ ਲਈ ਆਪਣੀਆਂ ਮੰਗਾਂ ਦੀ ਪੂਰਤੀ ਲਈ ਵਾਧੂ ਦਬਾਅ ਵੀ ਬਣਾ ਰਹੇ ਹੋਣ। ਜੈਸੀ ਕਿ ਖਬਰ ਫੈਲੀ ਹੋਈ ਹੈ। ਉਹਨਾਂ ਨੇ ਮੁੱਖ ਮੰਤਰੀ ਦੀ ਨੌਕਰਸ਼ਾਹੀ ਦਾ ਆਸ਼ੀਰਵਾਦ ਹਾਸਲ ਹੈ। ਅਕਾਦਮੀ ਦੀ ਕਾਰਜਕਰਣੀ ਦੀ ਮੈਂਬਰ ਅਰਚਨਾ ਵਰਮਾ ਦਾ ਇਹ ਕਹਿੰਦੇ ਹੋਏ ਅਸਤੀਫਾ ਦੇਣਾ ਕਿ ਇਕ ‘ਮਸਖਰੇ’ ਅਧੀਨ ਕੰਮ ਕਰਨ ਨਾਲ ਉਹਨਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਕਈ ਗੰਭੀਰ ਸੁਆਲਾਂ ਨੂੰ ਜਨਮ ਦਿੰਦਾ ਹੈ। ਬਹੁਤ ਸਾਫ ਸ਼ਬਦਾਂ ’ਚ ਇਹ ਕਹਿ ਦੇਣਾ ਜ਼ਰੂਰੀ ਹੈ ਕਿ ਹਿੰਦੀ ਅਕਾਦਮੀ ਦੇ ਮੀਤ ਪ੍ਰਧਾਨ ਦੇ ਅਹੁਦੇ ’ਤੇ ਚੱਕਰਧਰ ਵਰਗੇ ਵਿਅਕਤੀ ਨੂੰ ਬਿਠਾਇਆ ਜਾਣਾ ਗਲਤ ਫੈਸਲਾ ਹੈ। ਜੇ ਦਿੱਲੀ ਸਰਕਾਰ ਗੰਭੀਰ ਸਾਹਿਤ ਦੀ ਪ੍ਰਕ੍ਰਿਤੀ ਅਤੇ ਮੰਚੀ ਤੁਕਬੰਦੀ ’ਚ ਫਰਕ ਕਰਨ ਨਹੀਂ ਜਾਣਦੀ ਤਾਂ ਉਸ ਨੂੰ ਇਸ ਤਰ੍ਹਾਂ ਦੀਆਂ ਸੰਸਥਾਵਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਜਿਨ੍ਹਾਂ ’ਚ ਜਨਤਾ ਦੀ ਕਮਾਈ ਪਾਣੀ ਵਾਂਗੂੰ ਬਹਾਈ ਜਾ ਰਹੀ ਹੋਵੇ। ਦੂਸਰੀ ਇਹ ਕਿ ਅਕਾਦਮੀ ਇਕ ਸਵਾਇਤ ਸੰਸਥਾ ਹੈ ਤੇ ਇਸ ਦੇ ਉਪ ਪ੍ਰਧਾਨ ਆਦਿ ਦੀ ਚੋਣ ’ਚ ਨੌਕਰਸ਼ਾਹੀ ਜਾਂ ਰਾਜਸੀ ਦਖਲ ਨਹੀਂ ਹੋਣਾ ਚਾਹੀਦਾ। ਚੱਕਰਧਰ ਦੀ ਨਿਯੁਕਤੀ ਦਰਅਸਲ ਉਸ ਅਧਾਰ ਨੂੰ ਦਰਸਾਉਂਦੀ ਹੈ ਕਿ ਆਪਣੀ ਪਹੁੰਚ ਤੇ ਜੋੜ-ਤੋੜ ਦੇ ਬੂਤੇ ’ਤੇ ਕੋਈ ਵੀ ਵਿਅਕਤੀ ਕਿਧਰੇ ਵੀ ਜਾ ਸਕਦਾ ਹੈ ਸਾਹਿਤਕ ਹਲਕਿਆਂ ’ਚ ਫੈਲੀਆਂ ਕੁਝ ਅਫਵਾਹਾਂ ’ਚ ਇਕ ਇਹ ਵੀ ਹੈ ਕਿ ਅਸਗਰ ਵਜਾਹਤ ਮਾਮਲੇ ’ਚ ਅਸ਼ੋਕ ਚੱਕਰਧਰ ਇਸ ਗੱਲ ਦਾ ਬਦਲਾ ਲੈਣਾ ਚਾਹੁੰਦੇ ਹਨ। ਜਿਸ ਵਿਚ ਉਹਨਾਂ ਦੀ ਗੜਬੜੀ ਦੇ ਖਿਲਾਫ ਵਜਾਹਤ ਉਠ ਖੜੇ ਹੋਏ ਸਨ। ਐਸੇ ’ਚ ਇਸ ਗੱਲ ਦੀ ਸਹਿਜ ਕਲਪਨਾ ਕੀਤੀ ਜਾ ਸਕਦੀ ਹੈ ਕਿ ਉਹਨਾਂ ਲੋਕਾਂ ਤੋਂ ਬਦਲਾ ਲੈਣ ’ਚ ਚੱਕਰਧਰ ਅਕਾਦਮੀ ਦਾ ਕੈਸੀ ਵਰਤੋਂ ਕਰਨਗੇ ਜੋ ਉਹਨਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਜਾਹਿਰ ਹੈ ਕਿ ਇਸ ਨਾਲ ਉਹ ਅਜਿਹੇ ਸਮਰਥਕਾਂ ਦੀ ਇਕ ਤਾਕਤਵਾਰ ਲਈ ਤਿਆਰ ਕਰਨਗੇ ਜੋ ਉਹਨਾਂ ਵਰਗੀ ਸੋਚ ਵਿਚਾਰ ਤੇ ਵਿਹਾਰ ਵਾਲੀ ਹੋਵੇ। ਇਸ ਪਿਛੋਂ ਅਕਾਦਮੀ ਦੇ ਬੁਨਿਆਦੀ ਪ੍ਰੋਗਰਾਮ ਛਵੀ ਤੇ ਸਭਿਆਚਾਰਕ ਜੁਆਬਦੇਹੀ ਕੀ ਹੋਵੇਗੀ। ਇਸ ਸਬੰਧੀ ਵੱਖਰਾ ਕੀ ਕੀਤਾ ਜਾਵੇ। ਹਿੰਦੀ ਅਕਾਦਮੀ ਦਿੱਲੀ ਹੁਣ ਤਕ ਇਕ ਜਾਤੀ ਵਿਸ਼ੇਸ਼ ਦੇ ਲੋਕਾਂ ਰਹੀਂ ਸੰਚਾਲਿਤ ਰਹੀ ਹੈ ਅਤੇ ਇਸ ਦਾ 90 ਫੀਸਦੀ ਲਾਭ ਵੀ ਜਾਤੀ ਵਿਸ਼ੇਸ਼ ਵਾਲੇ ਲੋਕ ਉਠਾਉਂਦੇ ਰਹੇ ਹਨ। ਪਿਛੜੇ ਦਲਿਤਾਂ ’ਤੇ ਘੱਟ ਗਿਣਤੀਆਂ ਦੀ ਭਾਗੀਦਾਰੀ ਨਹੀਂ ਦੇ ਬਰਾਬਰ ਰਹੀ ਹੈ। ਜਰੂਰੀ ਹੈ ਕਿ ਅਕਾਦਮੀ ਦੀ ਅਜਾਦੀ ਲੋਕਰਾਜੀ ਕਿਰਦਾਰ ਤੇ ਬੇਹਤਰ ਕੰਮਕਾਜ ਲਈ ਵਿਆਪਕ ਸੱਚ ਪੈਦਾ ਕੀਤੀ ਜਾਵੇ ਅਤੇ ਉਸ ਨੂੰ ਰਾਜਨੀਤੀ ਤੇ ਨੌਕਰਸ਼ਾਹੀ ਦੀ ਨਿਪੁੰਨਤਾ ਤੋਂ ਬਚਾਇਆ ਜਾਵੇ।

# ਕੀ ਹੈ ਕੋਸੀ ਦੇ ਹੜ੍ਹ ਤੋਂ ਸਾਲ ਬਾਅਦ ਦੀ ਸਥਿਤੀ?

ਸੱਤਵੇਂ ਦਹਾਕੇ ਤੋਂ ਪਹਿਲਾਂ ਪੂਰਬੀ ਬਿਹਾਰ ਵਿੱਚ ਇੱਕ ਦੇਸੀ ਕਹਾਵਤ 'ਕੋਸੀ ਕਰਨਾ' ਕਾਫੀ ਪ੍ਰਚਲਿਤ ਸੀ। ਇਹ ਕੋਸੀ ਨਦੀ ਨੂੰ ਤੱਟ ਬੰਨਾ 'ਚ ਕੀਤੇ ਜਾਣ ਤੋਂ ਪਹਿਲਾਂ ਦੀ ਗੱਲ ਹੈ। ਉਹਨੀਂ ਦਿਨ ਜੋ ਪਿੰਡ ਇਕ ਵਾਰੀ ਕੋਸੀ ਨਦੀ ਦੀ ਮਾਰ 'ਚ ਆ ਜਾਂਦਾ ਸੀ ਉਸ ਦਾ ਨਾਂ ਹਮੇਸ਼ਾ ਲਈ ਬਦਲ ਦਿੱਤਾ ਜਾਂਦਾ ਸੀ। ਉਥੋਂ ਦੇ ਨਿਵਾਸੀਆਂ ਨੂੰ ਆਸ ਪਾਸ ਦੇ ਪਿੰਡਾਂ ਦੇ ਲੋਕ 'ਕੋਸੀ ਕਾਨਾ' ਕਹਿਣ ਲੱਗਦੇ ਸਨ। ਲੋਕਾਂ ਦੀ ਮਾਨਤਾ ਸੀ ਕਿ ਜਿਸ ਪਿੰਡ ਵਿੱਚ ਇੱਕ ਵਾਰੀ ਕੋਸੀ ਦੀ ਮਾਰ ਪੈ ਗਈ ਉਹ ਸਦਾ ਲਈ ਕਾਨਾ (ਅਪੰਗ) ਹੋ ਜਾਂਦਾ ਹੈ। ਪੰਜਾਹ ਸਾਲਾਂ ਪਿਛੋਂ ਪੂਰਬੀ ਬਿਹਾਰ ਅਤੇ ਨੇਪਾਲ ਦੇ ਲੱਗਭਗ 300 ਪਿੰਡਾਂ ਵਿੱਚ ਇਹ ਕਹਾਵਤ ਇਕ ਵਾਰ ਫਿਰ ਪ੍ਰਸੰਗਿਕ ਹੋ ਗਈ ਹੈ। ਪਿਛਲੇ ਸਾਲ ਦੀ ਪਰਲੋ ਵਾਲੇ ਕੋਸੀ ਹੜ੍ਹਾਂ ਨੂੰ ਸਾਲ ਹੋ ਗਿਆ ਹੈ ਪਰ ਪੂਰਬੀ ਬਿਹਾਰ ਦੇ ਅਠਰਿਆ, ਸੁਪੌਲ, ਰਾਘੋਪੁਰਾ ਤੇ ਪੁਰਾਣਿਆਂ ਜ਼ਿਲੇ ਦੇ ਲੱਖਾਂ ਲੋਕ ਇਸ ਦੀ ਮਾਰ 'ਚੋਂ ਅਜੇ ਤਕ ਉਭਰ ਨਹੀਂ ਸਕੇ ਹਨ। ਪਿੰਡ 'ਚ ਅੱਜ ਵੀ ਉਦਾਸੀ ਛਾਂਟੀ ਹੋਈ ਹੈ। ਪਾਣੀ ਹਟ ਜਾਣ ਪਿਛੋਂ ਵੀ ਵਾਤਾਵਰਣ ਭਾਰੀ ਭਾਰੀ ਜਿਹਾ ਲੱਗਦਾ ਹੈ। ਟੁੱਟਕੇ ਮਿੱਟੀ ਬਣ ਚੁੱਕੀਆਂ ਸੜਕਾਂ, ਢਹੇ ਹੋਏ ਪੁਲ-ਪੁਲੀਆਂ ਤੇ ਉਜੜੇ ਘਰ-ਬਾਰ ਧਰਤੀ ਦੇ ਸੀਨੇ 'ਤੇ ਰਿਸਦੇ ਜ਼ਖ਼ਮਾਂ ਵਾਂਗੂ ਲੱਗਦੇ ਹਨ। ਨੇਪਾਲ ਦੇ ਸੁਨਗਰੀ ਜ਼ਿਲ੍ਹੇ ਤੋਂ ਲੈ ਕੇ ਰਾਘੋਪੁਰਾ ਜ਼ਿਲ੍ਹੇ ਦੇ ਮੁਰਲੀਗੰਜ ਵਿਚਕਾਰ ਕਰੀਬ 50 ਪਿੰਡਾਂ ਦੀ ਹੋਂਦ ਹੀ ਮਿਟ ਗਈ ਹੈ। ਸੁਪੌਲ ਜ਼ਿਲ੍ਹੇ ਦੇ ਛਾਤਾਪੁਰ ਪ੍ਰਖੰਡ ਦੇ ਕੁਝ ਪਿੰਡਾਂ ਦੀ ਹੋਂਦ ਹੀ ਮਿਟ ਗਈ ਹੈ। ਸੁਪੌਲ ਜ਼ਿਲ੍ਹੇ ਦੇ ਛਾਤਾਪੁਰ ਪ੍ਰਖੰਡ ਦੇ ਕੁਝ ਪਿੰਡਾਂ 'ਚ ਕਈ ਘਰ ਰੇਤ ਹੇਠਾਂ ਦਬ ਗਏ ਹਨ। ਘਰਾਂ ਦੇ ਧਰਤੀ ਹੇਠ ਦਬ ਜਾਣ ਦੀ ਪੀੜਾ ਸੁਣਦਿਆਂ ਹੀ ਛਾਤਾਪੁਰ ਡਵੀਜ਼ਨ ਦੇ ਲਾਲਪੁਰ ਪਿੰਡ ਦੇ ਪ੍ਰਦੀਪ ਝਾ ਕਹਿੰਦੇ ਹਨ, 'ਟੀਨ ਦਾ ਘਰ ਸੀ ਜਦ ਰਾਹਤ ਕੈਂਪ ਤੋਂ ਵਾਪਸ ਆਇਆ ਤਾਂ ਆਪਣਾ ਪਿੰਡ ਓਪਰਾ ਜਿਹਾ ਲੱਗਿਆ। ਸਿਰਫ਼ ਟੀਨ ਦੀ ਛੱਤ ਜਮੀਨ ਦੇ ਉਪਰ ਸੀ ਅਤੇ ਬਾਕੀ ਜਮੀਨ ਦੇ ਹੇਠਾਂ। ਲਾਲਪੁਰ ਪਿੰਡ ਦੇ ਪ੍ਰਦੀਪ ਝਾ ਕਹਿੰਦੇ ਹਨ? 'ਟੀਨ ਦਾ ਘਰ ਸੀ ਜਦ ਰਾਹਤ ਕੈਂਪ ਤੋਂ ਵਾਪਸ ਆਇਆ ਤਾਂ ਆਪਣਾ ਪਿੰਡ ਓਪਰਾ ਜਿਹਾ ਲੱਗਿਆ। ਸਿਰਫ਼ ਟੀਨ ਦੀ ਛੱਤ ਜਮੀਨ ਦੇ ਉਪਰ ਸੀ ਅਤੇ ਬਾਕੀ ਜਮੀਨ ਦੇ ਹੇਠਾਂ। ਲਾਲਪੁਰ ਪਿੰਡ ਦੇ ਪੂਰਵ ਵਿੱਚ ਸਥਿਤ ਹਰੀਰਪੁਰ, ਮਾਧੋਪੁਰ ਅਤੇ ਦੱਖਣੀ ਦਿਸ਼ਾ ਵਿੱਚ ਸਥਿਤ ਮਾਨਗੰਜ ਪਿੰਡਾਂ ਵਿੱਚ ਵੀ ਕਈ ਲੋਕਾਂ ਨੇ ਆਸ਼ਿਆਨੇ ਉਜਾੜਣ ਪਿਛੋਂ ਸਿਰ ਛੁਪਾਉਣ ਲਈ ਬਾਸ-ਬੱਲੀ ਫੂਸ ਨਾਲ ਕੱਚੇ ਘਰ ਤਿਆਰ ਕਰ ਲਏ ਸਨ। ਨਵੇਂ ਘਰਾਂ ਲਈ ਲੋਕ ਸਰਕਾਰੀ ਸਹਾਇਤਾ ਰਾਸ਼ੀ ਦੀ ਵੰਡ ਵੀ ਉਡੀਕ ਰਹੇ ਹਨ। ਵੈਸੇ ਬਿਹਾਰ-ਸਰਕਾਰ ਨੇ ਘਰਾਂ ਦੇ ਨਾਂ 'ਤੇ 1500, 2500, 10,000 ਰੁਪਏ ਦੇਣ ਦੀ ਉੱਚ ਦੇ ਮੂੰਹ ਵਿੱਚ ਜੀਰੇ ਵਰਗੀ ਸਹਾਇਤਾ ਯੋਜਨਾ ਚਲਾ ਰੱਖੀ ਸੀ। ਪਰ ਲੋਕ ਇਸ ਰਾਸ਼ੀ ਨੂੰ ਡੁੱਬਦੇ ਲਈ ਤਿਨਕੇ ਦਾ ਸਹਾਰਾ ਸਮਝ ਕੇ ਡਵੀਜ਼ਨ ਦਫ਼ਤਰ ਵੱਲ ਜਾ ਰਹੇ ਹਨ। ਸੁਪੌਲ ਜ਼ਿਲ੍ਹੇ ਦੀ ਛਾਤਾਪੁਰ ਡਵੀਜ਼ਨ 'ਚ ਸੀਤਾਪੁਰ ਪੰਚਾਇਤ ਦੀ ਰਾਸ਼ੀ ਦੇਵੀ ਨੂੰ ਘਰ ਮੁਰੰਮਤ ਲਈ 1500 ਰੁਪਏ ਦੀ ਸਰਕਾਰੀ ਸਹਾਇਤਾ ਦੇਣ ਦੀ ਕਾਗਜ਼ੀ ਕਾਰਵਾਈ ਪਿਛਲੀ

ਮਈ ’ਚ ਪੂਰੀ ਹੋ ਚੁੱਕੀ ਹੈ। ਰਾਹਤ ਰਾਸ਼ੀ ਦੀ ਕਾਣੀ ਵੰਡ ਦੀ ਇਕ ਪੂਰੀ ਕਹਾਣੀ ਹੈ। ਹੜ ਪ੍ਰਭਾਵਤ ਇਲਾਕੇ ’ਚ ਗਰਕ ਕਾਰਨ ਬੰਜਰ ਹੋਈ ਜਮੀਨ ਨੂੰ ਉਪਜਾਊ ਬਣਾਉਣ ਦੀ ਗੱਲ ਅਜੇ ਦੂਰ ਹੈ। ਇਸ ਹਾਦਸੇ ਦਾ ਸਭ ਤੋਂ ਦੁੱਖਦਾਈ ਪਹਿਲੂ ਇਹ ਹੈ ਕਿ ਸਾਲ ਭਰ ਬਾਅਦ ਵੀ ਸਰਕਾਰ ਇਲਾਕੇ ਦੀ ਬੁਨਿਆਦੀ ਰਚਨਾ ਨੂੰ ਮੁੜ ਸਥਾਪਤ ਕਰਨ ’ਚ ਨਾਕਾਮ ਰਹੀ ਹੈ। ਅਜੇ ਤਕ ਰੇਲਵੇ ਸੜਕ, ਪੁਲ ਪੁਲੀਆਂ, ਦੂਰ ਸੰਚਾਰ, ਬਿਜਲੀ ਖੰਭਿਆਂ ਦੇ ਨੁਕਸਾਨ ਦਾ ਸਹੀ ਸਹੀ ਅਨੁਮਾਨ ਨਹੀਂ ਲਾਇਆ ਜਾ ਸਕਿਆ ਹੈ। ਰਾਘੋਪੁਰਾ ਜ਼ਿਲ੍ਹੇ ਦੀ ਲਗਭਗ ਸਾਰੀਆਂ ਡਵੀਜਨਾਂ ਅਰੋਗਿਆ ਜਿਲੇ ਦੀਆਂ ਤਿੰਨ ਤਹਿਸੀਲਾਂ ਤੇ ਸੁਪੌਲ ਜ਼ਿਲ੍ਹੇ ਦੀਆਂ ਚਾਰ ਤਹਿਸੀਲਾਂ ਹੈਡਕੁਆਟਰਾਂ ਦੀਆਂ ਸਭ ਸੜਕਾਂ ਤਹਿਸ ਨਹਿਸ ਹੋ ਚੁੱਕੀਆਂ ਹਨ। ਤ੍ਰਿਵੈਣੀਗੰਜ ਜਾਂਦਿਆਂ, ਜਾਂਦਿਆਂ ਭੀਮਪੁਰ, ਸਿਮਰਾਹੀ ਫਾਰਬਿਸਗੰਜ, ਸਿਹੋਸ਼ਬਰ ਤ੍ਰਿਵੈਣੀਗੰਜ ਅਤੇ ਵੀਰਪੁਰ ਫਾਰਬਿਸਗੰਜ ਵਰਗੀਆਂ ਮੁੱਖ ਸੜਕਾਂ ਵਾਹਨ ਚਲਾਉਣ ਲਾਇਕ ਨਹੀਂ ਹਨ। ਸਭ ਤੋਂ ਵੱਡਾ ਝਟਕਾ ਸਿਮਰਾਹੀ ਫਾਰਬਿਸਗੰਜ ਨੂੰ ਜੋੜਨ ਵਾਲੀ ਜੀ. ਟੀ. ਰੋਡ ਐਨ ਐਸ 57 ਨੂੰ ਲੱਗਾ ਹੈ। ਇਸ ਦੇ ਕਈ ਉਸਾਰੀ ਅਧੀਨ ਪੁਲਾਂ ਨੂੰ ਹੜ੍ਹਾਂ ਨੇ ਜਮੀਨ ਹੇਠ ਦੱਬ ਦਿੱਤਾ ਹੈ। ਢਹਿ ਢੇਰੀ ਰੇਲਵੇ ਟੈਂਕ ਦੀ ਮੁੜ ਉਸਾਰੀ ਵੀ ਅਜੇ ਤੱਕ ਸੰਭਵ ਨਹੀਂ ਹੋ ਸਕੀ ਹੈ ਗੌਰ ਕਰਨ ਲਾਇਕ ਹੈ ਕਿ ਸਰਰਸਾ ਪੁਰਾਣਿਆਂ ਤੇ ਸ਼ਹਿਰਸਾ ਫਾਰਬਿਸਗੰਜ ਰੇਲ ਮਾਰਗ ਕੋਸੀ ਦੀ ਜੀਵਨ ਰੇਖਾ ਹੈ ਪਰ ਇਹ ਦੋਨੋਂ ਪਿਛਲੇ ਅਗਸਤ ਤੋਂ ਬੰਦ ਹਨ ਇਸੇ ਵਿਡੰਬਨਾ ਹੀ ਕਿਹਾ ਜਾਵੇਗਾ ਕਿ ਰੇਲਵੇ ਮੰਤਰਾਲੇ ਸਾਲ ਭਰ ’ਚ 30 ਕਿਲੋਮੀਟਰ ਟੁੱਟੀ ਪਟੜੀ ਹੀ ਠੀਕ ਕਰ ਸਕਿਆ। ਦੁੱਖਾਂ ਤੇ ਤਬਾਹੀਆਂ ਦੀਆਂ ਅਣਗਿਣਤ ਕਹਾਣੀਆਂ ਵਿਚਕਾਰ ਸਾਧਾਰਨ ਲੋਕਾਂ ਦਾ ਜੀਵਨ ਵੇਖਣ ਲਾਇਕ ਹੈ। ਇਲਾਕੇ ਦੇ ਲੋਕਾਂ ਨੇ ਹਾਰ ਨਹੀਂ ਮੰਨੀ ਹੈ। ਭਾਵੇਂ ਹੀ ਕੁਦਰਤ ਨੇ ਉਹਨਾਂ ਨੂੰ ਹਰ ਤਰ੍ਹਾਂ ਨਾਲ ਲਾਚਾਰ ਕਰ ਦਿੱਤਾ ਹੈ ਪਰ ਉਹ ਮੁਸਤੈਦੀ ਨਾਲ ਡਟੇ ਹੋਏ ਹਨ। ਹੜ੍ਹ ਦੇ ਦਿਨਾਂ ’ਚ ਇਲਾਕਾ ਛੱਡ ਦੇਣ ਦੀ ਗੱਲ ਕਹਿਣ ਵਾਲੇ ਜ਼ਿਆਦਾਤਰ ਲੋਕ ਅੱਜ ਪਿੰਡ ਵਾਪਸ ਜਾ ਚੁੱਕੇ ਹਨ। ਕਈ ਥਾਂ ਉਜੜੀ ਬਸਤੀ ਦੇ ਨੇੜੇ ਹੀ ਲੋਕਾਂ ਨੇ ਆਪਣੇ ਯਤਨਾਂ ਨਾਲ ਨਵੀਂ ਬਸਤੀ ਖੜੀ ਕਰ ਲਈ ਹੈ। ਪ੍ਰਤਾਪਗੰਜ ਵਸੰਤਪੁਰ ਨੂੰ ਕੁਮਾਰ ਖੰਡ ’ਚ ਤਹਿਸੀਲਾਂ ’ਚ ਐਸੀਆਂ ਨਵੀਆਂ ਬਸਤੀਆਂ ਵੇਖਣ ਨੂੰ ਮਿਲਦੀਆਂ ਹਨ। ਸਾਲ ਭਰ ਪਹਿਲਾਂ ਉਹ ਜਿੰਦਗੀ ਤੋਂ ਹਾਰ ਮੰਨ ਚੁੱਕੇ ਸਨ। ਸੁਪੌਲ ਦੀ ਪ੍ਰਤਾਪਗੰਜ ਤਹਿਸੀਲ ਦੇ ਉਦਮਪੁਰ ਪਿੰਡ ’ਚ ਰਾਤ ਭਰ ਖੇਤ ’ਚ ਹਲ ਚਲਾਉਂਦੇ ਹਰੀ ਨਰਾਇਣ ਅਨੁਸਾਰ ਜਦ ਤਕ ਕੁਝ ਉਪਜੇਗਾ ਨਹੀਂ ਜਗਿਆ ਰਹੂੰਗਾ ਹੋਰ ਨਹੀਂ ਤਾਂ ਜੁਟ ਦੀ ਇਕ ਕਿਸਮ ਦਾ ਉਗੇਗੀ ਹੀ। ਕੋਸੀ ਨਾਲ ਅਸੀਂ ਦਾਦਿਆਂ ਪੜ੍ਹਦਾਦਿਆਂ ਵੇਲੇ ਤੋਂ ਜੂਝਦੇ ਆ ਰਹੇ ਹਨ, ਹੜ੍ਹਾਂ ਨੇ ਬਹੁਤੇ ਕਿਸਾਨਾਂ ਤੋਂ ਪਸ਼ੂ ਖੋਹ ਲਏ ਪਰ ਕਈ ਲੋਕ ਕਿਸ਼ਨਗੰਜ ਪੁਰਾਣਿਆਂ ਪਹਾੜਿਆਂ ਤੇ ਸਹਿਰਸਾ ਜ਼ਿਲ੍ਹੇ ਦੇ ਆਪਣੇ ਰਿਸ਼ਤੇਦਾਰਾਂ ਦੇ ਕੁਝ ਦਿਨ ਲਈ ਬਲਦ ਮੰਗ ਕੇ ਲਿਆਏ ਹਨ। ਜਿਥੇ ਗਰਕ ਨਹੀਂ ਹੈ ਉਥੇ ਧਾਨ ਤੇ ਜੂਟ ਦੀ ਖੇਤੀ ਕਰ ਰਹੇ ਹਨ। ਖੇਤੀ ਤੋਂ ਬਿਨਾਂ ਉਹਨਾਂ ਲੋਕਾਂ ਨੂੰ ਆਉਂਦਾ ਕੁਝ ਨਹੀਂ ਜਮੀਨ ਉਹਨਾਂ ਦੀ ਮਾਂ ਹੈ। ਕੁਝ ਮੇਹਨਤ ਕਰਨਗੇ ਤਾਂ ਮਾਂ ਕੁਝ ਦੇਵੇਗੀ ਹੀ। ਪਰ ਇਹਨਾਂ ਉਜੜੇ ਲੋਕਾਂ ਨੂੰ ਵਸਣ ’ਚ ਵਰ੍ਹੇ ਲੱਗ ਜਾਣਗੇ।

ਰਾਹਤ ਦੀ ਬਾਂਦਰਵੰਡ ਛਾਤਾਪੁਰ ਤਹਿਸੀਲ ਦਫਤਰ ਮੀਡੀਆ ਦਾ ਨਾਂ

ਸੁਣਦਿਆ ਹੀ ਪਲ ਭਰ 'ਚ ਹੜ੍ਹ ਪੀੜਤ ਲੋਕ ਜਮਾ ਹੋ ਜਾਂਦੇ ਹਨ ਅਤੇ ਫਟਾਫਟ ਇਕ ਸੁਰ ਹੋ ਕੇ ਰਾਹਤ ਰਾਸ਼ੀ 'ਚ ਮੱਚੀ ਲੁੱਟ ਦਾ ਦੁੱਖੜਾ ਸੁਣਾਉਣ ਲੱਗਦੇ ਹਨ। ਉਹ ਬੀ. ਡੀ. ਓ. ਦੇ ਸਾਹਮਣੇ ਹੀ ਆਪਣੀ ਲੁੱਟ ਕਥਾ ਸੁਣਾਉਣ ਤੋਂ ਨਹੀਂ ਡਰਦੇ। ਉਹਨਾਂ ਦੇ ਕਹਿਣ ਅਨੁਸਾਰ ਸਹਾਇਤਾ ਰਾਸ਼ੀ ਸਿਰਫ ਉਹਨਾਂ ਨੂੰ ਮਿਲ ਰਹੀ ਹੈ। ਜੋ ਬੀ. ਡੀ. ਓ. ਦੇ ਦਲਾਲਾਂ ਨੂੰ ਖੁਸ਼ ਕਰਨ 'ਚ ਸਮਰਥ ਹਨ ਅਤੇ ਜੋ ਇਸ ਰਾਸ਼ੀ ਦੇ ਨਾਂ ਮੱਚੀ ਲੁੱਟ ਦੀ ਸ਼ਿਕਾਇਤ ਸਿਰਫ ਛਾਤਾਪੁਰ ਤਹਿਸੀਲ ਤੱਕ ਹੀ ਸੀਮਤ ਨਹੀਂ ਹੈ ਬਲਕਿ ਉਹਨਾਂ ਨੂੰ ਪੰਚਾਇਤ ਪੱਧਰ ਦੇ ਨੁਮਾਇੰਦਿਆਂ ਨਾਲ ਵੀ ਹੈ। ਰਾਸ਼ੀ ਦੀ ਵੰਡ 'ਚ ਭਾਰੀ ਬੇਨਿਯਾਮੀਆਂ ਵਰਤੀਆਂ ਜਾ ਰਹੀਆਂ ਹਨ। ਪਹੁੰਚ ਤੇ ਰਸੂਖ ਵਾਲੇ ਲੋਕ ਵਿਵਸਥਾਵਾਂ ਦੀ ਉਲੰਘਣਾ ਕਰਕੇ ਸਹਾਇਤਾ ਰਾਸ਼ੀ ਲੈ ਰਹੇ ਹਨ। ਜਿਨ੍ਹਾਂ ਦੇ ਘਰ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਰਿਸ਼ਵਤ ਦੇ ਕੇ ਉਹਨਾਂ ਨੂੰ ਵੀ ਸਹਾਇਤਾ ਰਾਸ਼ੀ ਮਿਲ ਜਾਂਦੀ ਹੈ। ਪਰ ਬੇਘਰ ਗਰੀਬਾਂ ਨੂੰ ਸੁਣਨ ਵਾਲਾ ਕੋਈ ਨਹੀਂ ਹੈ। ਰਾਘੋਪੁਰਾ ਜਿਲੇ ਦੇ ਤ੍ਰਿਵੈਣੀਗੰਜ ਹਰ ਨਰਾਇਣ ਸ਼ਾਹ ਵੀ ਇਸ ਸ੍ਰੇਣੀ 'ਚ ਆਉਂਦੇ ਹਨ ਉਹਨਾਂ ਨੂੰ ਅਜੇ ਤਕ ਇਕ ਰੁਪਏ ਦੀ ਵੀ ਸਹਾਇਤਾ ਨਹੀਂ ਮਿਲੀ ਹੈ। ਮਾਨਗੰਜ ਪਿੰਡ ਦੇ ਜਾਇ ਨਰਾਇਣ ਤ੍ਰਿਵੈਣੀਗੰਜ ਹਰ ਨਰਾਇਣ ਸ਼ਾਹ ਵੀ ਇਸ ਸ੍ਰੇਣੀ 'ਚ ਆਉਂਦੇ ਹਨ। ਉਹਨਾਂ ਨੂੰ ਅਜੇ ਤਕ ਇਕ ਰੁਪਏ ਦੀ ਵੀ ਸਹਾਇਤਾ ਨਹੀਂ ਮਿਲੀ ਹੈ। ਮਾਨਗੰਜ ਪਿੰਡ ਦੇ ਜਾਇ ਨਰਾਣਿ ਤ੍ਰਿਵੇਦੀ ਅਨੁਸਾਰ ਕਿਸ ਨੂੰ ਸ਼ਕਾਇਤ ਕਰੀਏ, ਪਿੰਡ ਦੇ ਸਰਪੰਚ ਤੋਂ ਲੈ ਕੇ ਮੁਖੀਆ ਤੱਕ ਭਰਿਸ਼ਟਾਚਾਰ 'ਚ ਲਿੱਬੜੇ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪ੍ਰਸਾਸਨ ਇਹਨਾਂ ਨਾਲ ਹੈ। 29 ਜੁਲਾਈ ਤੱਕ ਇਲਾਕੇ ਦੇ ਕਿਸੇ ਵੀ ਥਾਣੇ ਜਾਂ ਇਲਾਕੇ 'ਚ ਇਸ ਖਿਲਾਫ ਇਕ ਵੀ ਸ਼ਿਕਾਇਤ ਦਰਜ ਨਹੀਂ ਹੋਈ ਹੈ। ਇਸ ਲਈ ਅਧਿਕਾਰੀ ਬਹੁਤ ਅਸਾਨੀ ਨਾਲ ਆਪਣਾ ਆਪ ਬਚਾ ਲੈਂਦੇ ਹਨ। ਦਰਅਸਲ ਪੰਚਾਇਤੀ ਨੁਮਾਇੰਦਿਆਂ ਨੇ ਸਰਕਾਰੀ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਲੋਕਾਂ ਨੂੰ ਕਾਫੀ ਡਰਾ ਦਿੱਤਾ ਹੈ ਅਤੇ ਉਹਨਾਂ ਨੂੰ ਸਪੱਸ਼ਟ ਹਦਾਇਤ ਦਿੱਤੀ ਹੈ ਕਿ ਜੋ ਕੋਈ ਉਹਨਾਂ ਖਿਲਾਫ ਜਾਵੇਗਾ ਉਹਨਾਂ ਨੂੰ ਭਵਿੱਖ ਦੀ ਹਰ ਸਰਕਾਰੀ ਸਹਾਇਤਾ ਅਤੇ ਯੋਜਨਾਵਾਂ ਤੋਂ ਵਾਂਝਿਆ ਕਰ ਦਿੱਤਾ ਜਾਵੇਗਾ। ਵਿਧਾਇਕ ਤੇ ਸਾਂਸਦ ਵੀ ਇਸ ਵਿਚ ਚੁੱਪ ਸਹਿਮਤੀ ਹੈ ਕਿਉਂਕਿ ਭਰਿਸ਼ਟਾਚਾਰ 'ਚ ਸ਼ਾਮਲ ਪੰਚਾਇਤ ਪੱਧਰ ਦੇ ਨੇਤਾ ਉਹਨਾਂ ਲਈ ਵੋਟ ਮੈਨੇਜਰ ਦਾ ਕੰਮ ਕਰਦੇ ਹਨ।

# ਕੀ ਦੁੱਧ ਵੀ ਮਹਿੰਗਾਈ ਦੀ ਮਾਰ ਹੇਠ ਹੈ?

ਸਪਲਾਈ ਤੇ ਮੰਗ ਵਰਗੀਆਂ ਅਰਥ ਸ਼ਾਸਤਰੀ ਸੰਕਲਪਨਾਵਾਂ ਦਾ ਵਿਕਾਸ ਕਰਨ ਵਾਲੇ ਅੰਗ੍ਰੇਜ ਅਰਥ ਸ਼ਾਸਤਰੀ ਅਲਫ੍ਰੇਡ ਮਾਰਸ਼ਲ ਮੰਨਦੇ ਸਨ 'ਖਪਤ ਜਾਂ ਉਪਯੋਗ' ਇਕ ਅਰਥ 'ਚ 'ਪੈਦਾਵਾਰ 'ਚ ਕਮੀ' ਹੈ। ਭਾਰਤ ਦਾ ਮੌਜੂਦਾ ਡੇਅਰੀ ਪ੍ਰੀਦ੍ਰਿਸ਼ ਇਸ ਕਥਨ ਦੀ ਆਦਰਸ਼ ਉਦਾਹਰਨ ਹੈ। ਬੀਤੇ ਇਕ ਦਹਾਕੇ ਤੋਂ ਭਾਰਤ ਵਿੱਚ ਦੁੱਧ ਦੀ ਪੈਦਾਵਾਰ ਸਲਾਨਾ 4 ਫੀਸਦੀ ਦੀ ਦਰ ਨਾਲ ਵਧੀ ਹੈ। ਪਰ ਗਰਮੀ ਦੇ ਇਸ ਮੌਸਮ ਵਿੱਚ ਦੁੱਧ ਘਟਣ ਕਰਕੇ ਮਹਿੰਗਾ ਹੋ ਰਿਹਾ ਹੈ। ਕੌਮੀ ਡੇਅਰੀ ਵਿਕਾਸ ਨਿਗਮ (NDDB) ਦੀ ਪ੍ਰਧਾਨ ਅੰਮ੍ਰਿਤ ਪਟੇਲ ਅਨੁਸਾਰ "ਪੈਦਾਵਾਰ ਦੀ ਤੁਲਨਾ 'ਚ ਦੁੱਧ ਦੀ ਮੰਗ ਬਹੁਤ ਤੇਜ਼ ਵਧ ਰਹੀ ਹੈ।" ਦੇਸ਼ 'ਚ ਦੁੱਧ ਦੀ ਖਪਤ ਇੱਕ ਮਹੱਤਵਪੂਰਨ ਪੱਧਰ ਤੱਕ ਪਹੁੰਚ ਚੁੱਕੀ ਹੈ। ਦੁੱਧ ਵਸਤਾਂ ਪ੍ਰਤੀ ਭਰਤੀਆਂ ਦੀ ਵਧਦੀ ਖਿੱਚ ਪਿਛਲੇ ਸਾਲ ਪਏ ਸੋਕੇ ਕਾਰਨ ਸਰਦੀ ਦੇ ਮੌਸਮ 'ਚ ਦੁੱਧ ਘਟਿਆ ਅਤੇ ਪਸ਼ੂਆਂ ਦੀ ਖੁਰਾਕ ਬੇਹੱਦ ਮਹਿੰਗੀ ਹੋਣ ਦੀ ਵਜ੍ਹਾ ਕਰਕੇ ਦੁੱਧ ਮਹਿੰਗਾਈ ਦੀ ਅੱਗ ਨੂੰ ਹਵਾ ਦੇ ਰਿਹਾ ਹੈ। ਦੇਸ਼ 'ਚ ਮਹਿੰਗਾਈ ਦੀ ਸਥਿਤੀ ਸਪੱਸ਼ਟ ਕਰਨ ਵਾਲੇ ਥੋਕ ਮੁੱਲ ਸੂਚਕਾਂਕ ਨੇ 3 ਅਪ੍ਰੈਲ ਨੂੰ ਸਾਲ-ਦਰ-ਸਾਲ ਆਧਾਰ 'ਤੇ ਦੁੱਧ ਦੀਆਂ ਕੀਮਤਾਂ ਵਿੱਚ 22.21 ਫੀਸਦੀ ਦਾ ਉਛਾਲ ਦਰਸਾਇਆ ਗਿਆ ਹੈ। ਸਾਲ 2000-01 ਦੌਰਾਨ ਭਾਰਤ 'ਚ ਦੁੱਧ ਦੀ ਪੈਦਾਵਾਰ 8.06 ਕਰੋੜ ਮੀਟਰਿਕ ਟਨ ਸੀ ਜੋ ਵੱਧ ਕੇ 2008-09 'ਚ 10.85 ਕਰੋੜ ਮੀਟਰਿਕ ਟਨ ਦੇ ਪੱਧਰ 'ਤੇ ਜਾ ਪਹੁੰਚੀ। ਇਸ ਅਰਸੇ ਦੌਰਾਨ ਦੇਸ਼ 'ਚ ਫੀ ਵਿਅਕਤੀ ਦੁੱਧ ਦੀ ਉਪਲੱਭਤਾ 220 ਗ੍ਰਾਮ ਰੋਜ਼ਾਨਾ ਤੋਂ ਵੱਧ ਕੇ 261 ਗ੍ਰਾਮ ਫੀ ਵਿਅਕਤੀ ਹੋ ਗਈ। ਪੈਦਾਵਾਰ 'ਚ ਇਸ ਵਾਧੇ ਦੇ ਬਾਵਜੂਦ ਬੀਤੇ 10 ਸਾਲਾਂ ਵਿੱਚ ਪ੍ਰਤੀ ਲਿਟਰ ਟੋਂਡ ਦੁੱਧ ਦੀ ਕੀਮਤ (ਅਹਿਮਦਾਬਾਦ) 13 ਰੁਪਏ ਤੋਂ ਵੱਧ ਕੇ 23 ਰੁਪਏ ਹੋ ਗਈ। ਦੁੱਧ ਵਸਤਾਂ 'ਤੇ ਇਸ ਦਾ ਸਿੱਧਾ ਅਸਰ ਦੇਖਿਆ ਗਿਆ। ਬੀਤੇ ਦਹਾਕੇ ਦੌਰਾਨ ਭਾਰਤੀ ਖਾਣ-ਪੀਣ 'ਚ ਵੱਡੇ ਪੈਮਾਨੇ 'ਤੇ ਵਰਤੇ ਜਾਣ ਵਾਲੇ ਘਿਉ ਤੇ ਮੱਖਣ ਦੀਆਂ ਕੀਮਤਾਂ ਕ੍ਰਮਵਾਰ 104 ਫੀਸਦੀ ਤੇ 92 ਫੀਸਦੀ ਵਧ ਗਈਆਂ। ਸਾਬਕਾ ਅਮਰੀਕੀ ਰਾਸ਼ਟਰਪਤੀ ਰੋਨਾਲਡ ਰੇਗਨ ਨੇ ਮਹਿੰਗਾਈ ਬਾਰੇ ਕਿਹਾ ਸੀ "ਇਹ ਕਿਸੇ ਗੁੰਡੇ ਜਿੰਨੀ ਹਿੰਸਕ, ਹਥਿਆਰਬੰਦ ਲੁਟੇਰੇ ਵਾਂਗੂੰ ਡਰਾਉਣੀ ਅਤੇ ਇਕ ਹਮਲਾਵਰ ਜਿੰਨੀ ਘਾਤਕ ਹੈ।" ਸੁਣਨ 'ਚ ਇਹ ਗੱਲ ਕੁਝ ਨਾਟਕੀ ਲੱਗਦੀ ਹੈ। ਪਰ ਸਾਰੇ ਭਾਰਤੀ ਖਪਤਕਾਰ ਪਿਛਲੇ ਦੋ ਤਿੰਨ ਸਾਲਾਂ ਵਿੱਚ ਕਈ ਖਾਣ ਵਾਲੀਆਂ ਚੀਜ਼ਾਂ ਦੀ ਬੇਹੱਦ ਮਹਿੰਗਾਈ ਦਾ ਪ੍ਰਕੋਪ ਝੱਲ ਚੁੱਕੇ ਹਨ। ਸਿੱਕੇ ਦੇ ਫੈਲਾਅ ਦੇ ਅੰਕੜਿਆਂ ਵਿੱਚ ਮਹਿੰਗੇ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਦਾ ਪ੍ਰਭਾਵ ਤੇਜ਼ੀ ਨਾਲ ਵਧ ਰਿਹਾ ਹੈ। ਦੁੱਧ ਦੀ ਮਹਿੰਗਾਈ ਦਾ ਅਸਰ ਹਰ ਸ਼ਹਿਰੀ ਦੇ ਜੇਬ ਤੇ ਪੈਣਾ ਸੁਭਾਵਿਕ ਹੈ ਕਿਉਂਕਿ ਸਾਲ 2008-09 ਦੇ ਅਨੁਮਾਨਾਂ ਅਨੁਸਾਰ ਇਕ ਆਮ ਭਾਰਤੀ ਰਾਹੀਂ ਖਾਣ ਵਾਲੀਆਂ ਚੀਜ਼ਾਂ 'ਤੇ ਕੀਤੇ ਜਾਣ ਵਾਲੇ ਕੁਲ ਖਰਚ ਵਿੱਚ 18-20 ਫੀਸਦੀ ਹਿੱਸਾ ਦੁੱਧ ਦਾ ਹੁੰਦਾ ਹੈ। ਭਾਰਤ ਦਾ ਖਪਤਕਾਰ ਮੁੱਲ ਸੁਭਾਵਿਕ ਤੌਰ 'ਤੇ ਉਸ ਦੀ ਪੈਦਾਵਾਰ ਲਾਗਤ 'ਤੇ ਨਿਰਭਰ ਕਰਦਾ ਹੈ ਅਤੇ ਇਸ ਲਾਗਤ ਵਿੱਚ ਪਸ਼ੂ ਖੁਰਾਕ ਦੀ ਹਿੱਸੇਦਾਰੀ 70 ਫੀਸਦੀ ਤੋਂ ਵੱਧ ਹੁੰਦੀ ਹੈ। ਆਰਥਕ ਸਰਵੇਖਣ 2009-10 'ਚ ਕਿਹਾ ਗਿਆ ਹੈ ਕਿ ਦੇਸ਼ 'ਚ ਹਰੇ ਚਾਰੇ ਦੀ ਮੰਗ ਦੇ ਮੁਕਾਬਲੇ 34 ਫੀਸਦੀ

ਸਪਲਾਈ ਘੱਟ ਹੈ। ਪੰਜਾਬ-ਹਰਿਆਣੇ ਵਰਗੇ ਖੇਤਰਾਂ ਦੇ ਕਈ ਕਿਸਾਨ ਪੱਕੀ ਫਸਲ ਦੇ ਕੱਟਣ ਪਿੱਛੋਂ ਫਸਲ ਬੀਜਣ ਦੀ ਜਲਦੀ 'ਚ ਸੁੱਕਾ ਚਾਰਾ ਕੱਟਣ ਦੀ ਬਜਾਏ ਸਾੜਨ ਲੱਗੇ ਹਨ। ਅਜਿਹੀਆਂ ਹਾਲਤਾਂ 'ਚ ਦੇਸ਼ ਵਿਚ ਚਾਰਾ 40 ਫੀਸਦੀ ਮਹਿੰਗਾ ਹੋ ਗਿਆ ਹੈ ਅਤੇ ਇਸ ਕਾਰਨ ਦੁੱਧ ਦੀ ਪੈਦਾਵਾਰ ਲਾਗਤ 'ਚ 20 ਫੀਸਦੀ ਤੱਕ ਦਾ ਵਾਧਾ ਹੋ ਗਿਆ ਹੈ। ਡੇਅਰੀ ਸਨਅਤ ਨਾਲ ਜੁੜੇ ਸੂਤਰਾਂ ਮੁਤਾਬਕ ਭਾਰਤ ਤੋਂ ਤੇਲ ਰਹਿਤ ਖਲ (ਡੀ ਆਇਲਡ ਕੇਕ) ਦੀ ਬਰਾਮਦ ਸਾਲ 2004-05 'ਚ 3,177 ਕਰੋੜ ਰੁਪਏ ਸੀ ਜੋ ਸਾਲ 2008-09 'ਚ ਵਧ ਕੇ 10000 ਕਰੋੜ ਰੁਪਏ ਹੋ ਗਈ। ਗੁਜਰਾਤ ਨੂੰ ਕੋਆਪ੍ਰੇਟਿਵ ਮਿਲਕ ਮਾਰਕਿਟਿੰਗ ਫੈਡਰੇਸ਼ਨ ਲਿਮਟਿਡ (GCMMF) ਦੇ ਪ੍ਰਬੰਧਕ ਨਿਰਦੇਸ਼ਕ ਬੀ ਐਮ ਵਿਆਸ ਦਾ ਕਹਿਣਾ ਹੈ ਕਿ "ਖਲ ਦੀ ਬਰਾਮਦ ਨੂੰ ਘਟਾ ਕੇ ਅਸੀਂ ਪਸ਼ੂ ਖੁਰਾਕ ਦੀ ਲਾਗਤ ਘਟਾ ਸਕਦੇ ਹਾਂ। ਇਸ ਲਈ ਅਸੀਂ ਸਰਕਾਰ ਤੋਂ ਸ਼ੀਰੇ ਤੇ ਪੈਦਾਵਾਰ ਟੈਕਸ ਅਤੇ ਵੈਟ 'ਚ ਕਟੌਤੀ ਦੀ ਬੇਨਤੀ ਕੀਤੀ ਸੀ ਜਿਸ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ। ਇਸ ਸਾਲ ਦੇ ਬਜਟ ਵਿੱਚ ਵੀ ਕੇਂਦਰੀ ਵਿੱਤ ਮੰਤਰੀ ਨੇ ਡੇਅਰੀ ਸਨਅਤ ਦੀਆਂ ਇਹਨਾਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ।" ਐਨ ਡੀ. ਡੀ. ਬੀ. ਦੇ ਅਨੁਮਾਨਾ ਮੁਤਾਬਕ ਸਾਲ 2021-22 'ਚ ਦੁੱਧ ਦੀ ਮੰਗ ਵਧ ਕੇ 10 ਕਰੋੜ ਟਨ ਹੋ ਜਾਵੇਗੀ। ਇਸ ਅਨੁਮਾਨਿਤ ਮੰਗ ਨੂੰ ਵੇਖਦਿਆਂ ਦੇਸ਼ 'ਚ ਦੁੱਧ ਦੀ ਪੈਦਾਵਾਰ ਸਲਾਨਾ 50 ਲੱਖ ਟਨ ਵਧਣੀ ਜ਼ਰੂਰੀ ਹੈ। ਜਦ ਕਿ ਹਾਲ ਦੀ ਘੜੀ 25 ਲੱਖ ਟਨ ਦੀ ਦਰ ਨਾਲ ਵਧ ਰਹੀ ਹੈ। ਯਾਨੀ ਭਵਿੱਖ ਦੀ ਮੰਗ ਦੀ ਤੁਲਨਾ ਵਿੱਚ ਦੁੱਧ ਦੀ ਪੈਦਾਵਾਰ ਅੱਧੀ ਦਰ ਨਾਲ ਵਧ ਰਹੀ ਹੈ। ਭਾਰਤੀ ਡੇਅਰੀ ਸਨਅਤ ਨਾਲ ਸਬੰਧਤ ਪ੍ਰਕਾਸ਼ਨ ਡੇਅਰੀ ਇੰਡੀਆ ਦੇ ਸੰਪਾਦਕ ਸ਼ਾਰਦ ਗੁਪਤਾ ਦਾ ਕਹਿਣਾ ਹੈ ਕਿ 'ਦੁੱਧ ਦੀ ਤੇਜ਼ੀ ਨਾਲ ਵਧਦੀ ਮੰਗ ਨੂੰ ਵੇਖਦੀ ਫੌਰੀ ਕਾਰਗਰ ਕਦਮ ਚੁੱਕਣ ਦੀ ਲੋੜ ਹੈ।" ਦੇਸ਼ ਦੀ ਕੁੱਲ ਦੁੱਧ ਪੈਦਾਵਾਰ ਵਿਚੋਂ ਅੱਧੇ ਹਿੱਸੇ ਦੀ ਖਪਤ ਸ਼ਹਿਰੀ ਭਾਰਤ ਵਿੱਚ ਹੁੰਦੀ ਹੈ। ਬੇਹਤਰ ਸਿਹਤ ਪ੍ਰਤੀ ਵਧਦੀ ਜਾਗਰੂਕਤਾ ਦੇ ਮੱਦੇਨਜ਼ਰ ਹੁਣ ਖੁੱਲ੍ਹੇ ਦੁੱਧ ਦੀ ਥਾਂ ਪੈਕ ਕੀਤੇ ਹੋਏ ਪਾਸ਼ਚੁਰਾਮਈਜ਼ ਦੁੱਧ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਕਾਰਨ ਇੱਥੇ ਦੁੱਧ ਦੀ ਮੰਗ ਵਧ ਕੇ 14 ਕਰੋੜ ਲਿਟਰ ਹੋ ਗਈ ਹੈ। ਜਿਸ ਦੇ ਅਗਲੇ ਪੰਜ ਸਾਲਾਂ 'ਚ ਦੁੱਗਣਾ ਹੋਣ ਦੀ ਸੰਭਾਵਨਾ ਹੈ। ਪਸ਼ੂ ਪਾਲਣ ਅਤੇ ਡੇਅਰੀ ਸਨਅਤ 'ਤੇ ਯੋਜਨਾ ਕਮੀਸ਼ਨ ਦੀ ਇਕ ਜਨਵਰੀ 2010 ਦੀ ਰਿਪੋਰਟ ਮੁਤਾਬਕ ਦੁੱਧ ਦੀ 99 ਫੀਸਦੀ ਪੈਦਾਵਾਰ ਦੇਸ਼ ਦੇ ਪਿੰਡਾਂ 'ਚ ਹੁੰਦੀ ਹੈ। ਇਸ 'ਚੋਂ 35 ਫੀਸਦੀ ਹਿੱਸੇ ਦੀ ਪੇਂਡੂ ਖੁਦ ਵਰਤੋਂ ਕਰਦੇ ਹਨ। ਜਦ ਕਿ 65 ਫੀਸਦੀ ਦੁੱਧ ਵਿਕਰੀ ਲਈ ਮੁਹੱਈਆ ਹੁੰਦਾ ਹੈ। ਰਿਪੋਰਟ ਮੁਤਾਬਕ ਸਹਿਕਾਰਿਤਾ ਅਧਾਰਤ ਦੁੱਧ ਪੈਦਾ ਕਰਨ ਨੇ ਚਿੱਟੇ ਇਨਕਲਾਬ 'ਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਗੁਜਰਾਤ, ਮਹਾਰਾਸ਼ਟਰ, ਕਰਨਾਟਕ ਤੇ ਤਾਮਿਲਨਾਡੂ ਵਿੱਚ ਇਸ ਦੇ ਵਧੀਆ ਸਿੱਟੇ ਮਿਲੇ ਹਨ ਪਰ ਉਤਰ ਪ੍ਰਦੇਸ਼ ਤੋਂ ਇਲਾਵਾ ਹਰਿਆਣਾ ਤੇ ਪੰਜਾਬ 'ਚ ਵੀ ਸਹਿਕਾਰੀ ਸੰਮਤੀਆਂ ਦਾ ਵਿਕਾਸ ਨਹੀਂ ਹੋ ਸਕਿਆ, ਉਦਯੋਗ ਸੂਤਰਾਂ ਦਾ ਮੰਨਣਾ ਹੈ ਕਿ ਵਿਚੋਲੇ ਤੇ ਠੇਕੇਦਾਰ ਜਦ ਪਿੰਡਾਂ ਦੇ ਕਿਸਾਨਾਂ ਤੋਂ ਦੁੱਧ ਖਰੀਦ ਕੇ ਡੇਅਰੀਆਂ ਨੂੰ ਇਸ ਦੀ ਸਪਲਾਈ ਕਰਦੇ ਹਨ ਤਾਂ ਇਸ ਦੀ ਲਾਗਤ ਵੱਧ ਜਾਂਦੀ ਹੈ।

ਕੁਝ ਡੇਅਰੀਆਂ ਵਾਲੇ ਦੁੱਧ ਆਪ ਪੈਦਾ ਕਰਦੇ ਹਨ। ਸਹਿਕਾਰੀ ਤੇ ਨਿੱਜੀ ਖੇਤਰ ਦੇ ਉਦਮੀਆਂ ਨੂੰ ਇਕ ਪ੍ਰਭਾਵਸ਼ਾਲੀ ਤੇ ਵਿਆਪਕ ਪੇਂਡੂ ਦੁੱਧ ਉਤਪਾਦਨ ਨੈਟਵਰਕ ਤਿਆਰ ਕਰਨ ਲਈ ਨਿਵੇਸ਼ ਦੀ ਲੋੜ ਹੈ ਤਾਂ ਕਿ ਵਿਚੋਲਿਆਂ 'ਤੇ

ਨਿਰਭਰਤਾ ਘਟ ਸਕੇ। ਮੁੱਲ ਵਾਧੇ ਨੇ ਦੁੱਧ ਤੋਂ ਬਣੀਆਂ ਵਸਤਾਂ ਜਿਵੇਂ ਮੱਖਣ, ਪਨੀਰ, ਚੀਜ਼, ਆਈਸਕ੍ਰੀਮ, ਦੁੱਧ ਪਾਊਡਰ ਆਦਿ ਦਾ ਬਾਜ਼ਾਰ 2003-04 ਤੋਂ 8-10 ਫੀਸਦੀ ਸਲਾਨਾ ਦੀ ਦਰ ਨਾਲ ਵਧ ਰਿਹਾ ਹੈ। ਦੁੱਧ ਅਧਾਰਤ ਸਿਸ਼ੂ ਖੁਰਾਕ ਦੀ ਸਲਾਨਾ ਵਾਧਾ ਦਰ 10-10 ਫੀਸਦੀ ਰਹੀ ਹੈ। ਮਿਠਾਈਆਂ ਦੇ ਮੋਹ ਤੋਂ ਬਹੁਤੇ ਭਾਰਤੀ ਨਹੀਂ ਬਚਦੇ। ਭਾਰਤ 'ਚ ਕਰੀਬ 70000 ਕਰੋੜ ਰੁਪਏ ਦੀਆਂ 30 ਲੱਖ ਟਨ ਮਿਠਾਈਆਂ ਦੀ ਪੈਦਾਵਾਰ ਹੁੰਦੀ ਹੈ। ਦੁੱਧ ਦੀ ਉਪਲੱਭਤਾ ਅਤੇ ਕੀਮਤਾਂ ਦਾ ਸਿੱਧਾ ਸਬੰਧ ਪਸ਼ੂ ਧਨ ਦੀ ਪੈਦਾਵਾਰੀ ਸ਼ਕਤੀ ਨਾਲ ਹੈ ਜੋ ਦੇਸ਼ ਭਰ 'ਚ ਕਿਤੇ ਵੱਧ ਅਤੇ ਕਿਤੇ ਘੱਟ ਹੈ। 2005 'ਚ ਅਸਾਮ 'ਚ ਪ੍ਰਤੀ ਪਸ਼ੂ 3.52 ਕਿਲੋ ਰੋਜ਼ਾਨਾ ਦੁੱਧ ਮਿਲਿਆ। ਜਦ ਕਿ ਪੰਜਾਬ 'ਚ 8.95 ਕਿਲੋ, ਭਾਰਤ ਦੇ ਸਭ ਤੋਂ ਵੱਡੇ ਦੁੱਧ ਉਤਪਾਦਕ ਉਤਰ ਪ੍ਰਦੇਸ਼ (2007-08 'ਚ 1.88 ਕਰੋੜ ਟਨ ਪੈਦਾਵਾਰ) 'ਚ ਦੁੱਧ ਦੀ ਫੀ ਵਿਅਕਤੀ ਉਪਲੱਭਤਾ 250 ਗ੍ਰਾਮ ਰੋਜ਼ਾਨਾ ਹੈ ਜੋ ਪੰਜਾਬ ਦੇ 898 ਗ੍ਰਾਮ ਪ੍ਰਤੀ ਦਿਨ ਦੇ ਮੁਕਾਬਲੇ ਬਹੁਤ ਘੱਟ ਹੈ। ਸਸਤੀ ਕਿਰਤ ਅਤੇ ਖੇਤੀ ਵਸਤਾਂ 'ਤੇ ਅਧਾਰਤ ਹੋਣ ਕਰਕੇ ਸਾਰੀ ਦੁਨੀਆਂ ਦੀ ਤੁਲਨਾ 'ਚ ਭਾਰਤ 'ਚ ਦੁੱਧ ਪੈਦਾਵਾਰ ਸਭ ਤੋਂ ਸਸਤੀ ਹੈ। ਦੁੱਧ ਦੇਸ਼ ਦੀ ਸਭ ਤੋਂ ਵੱਡੀ ਖੇਤੀ ਪੈਦਾਵਾਰ ਹੈ। ਅਗਸਤ 2009 ਦੇ ਅੰਦਾਜ਼ੇ ਮੁਤਾਬਕ ਇਸ ਦਾ ਮੁੱਲ 2.25 ਲੱਖ ਕਰੋੜ ਰੁਪਏ ਮੰਨਿਆ ਗਿਆ ਹੈ। ਜੋ ਕਣਕ, ਚੌਲ ਤੇ ਤਿਲਹਣਾਂ ਦੇ ਕੁਲ ਮੁੱਲ ਤੋਂ ਵੀ ਵੱਧ ਹੈ। ਪਰ ਡੇਅਰੀ ਪ੍ਰਤੀ ਸਰਕਾਰ ਦੇ ਰਵੱਈਏ ਤੋਂ ਉਦਯੋਗ ਜਗਤ ਹੈਰਾਨ ਹੈ। ਇੰਡੀਅਨ ਡੇਅਰੀ ਐਸੋਸੀਏਸ਼ਨ (IDA) ਦੇ ਪ੍ਰਧਾਨ ਡਾ. ਐਨ. ਆਰ ਭਸ਼ੀਨ ਅਨੁਸਾਰ ਦੁੱਧ ਦੀ ਪੈਦਾਵਾਰ ਵਧਾਉਣ ਲਈ ਲੋੜ ਤੋਂ ਘੱਟ ਮਾਤਰਾ ਵਿਚ ਕੀਤਾ ਜਾ ਰਿਹਾ ਨਿਵੇਸ਼, ਪਸ਼ੂ ਖੁਰਾਕ ਸਬੰਧੀ ਨੀਤੀਗਤ ਖਾਮੀਆਂ ਤੇ ਛੋਟੇ ਦੁੱਧ ਉਤਪਾਦਕਾਂ ਲਈ ਕਰਜ਼ੇ ਦੀ ਵਿਵਸਥਾ ਨਾ ਹੋਣ ਵਰਗੀਆਂ ਦਿੱਕਤਾਂ ਤੋਂ ਪਤਾ ਲੱਗਦਾ ਹੈ ਕਿ ਡੇਅਰੀ ਸੈਕਟਰ ਦੀ ਅਣਦੇਖੀ ਹੋ ਰਹੀ ਹੈ। ਦਰਅਸਲ ਭਾਰਤ 'ਚ ਡੇਅਰੀ ਖੇਤਰ ਦੇ ਪ੍ਰਬੰਦ 'ਚ ਬੁਨਿਆਦੀ ਤਬਦੀਲੀ ਦੀ ਲੋੜ ਹੈ। ਪਸ਼ੂ ਪਾਲਣ ਤੇ ਡੇਅਰੀ ਵਿਕਾਸ ਵਿਭਾਗ ਖੇਤੀ ਮੰਤਰਾਲੇ ਦਾ ਇਕ ਹਿੱਸਾ ਰਿਹਾ ਹੈ। ਜਿਸ ਕਾਰਨ ਡੇਅਰੀ ਖੇਤਰ ਨਾਲ ਹਮੇਸ਼ਾ ਅਨਿਆ ਹੋਇਐ। ਇਸ ਲਈ ਵੱਧ ਬਜਟ ਦੀ ਲੋੜ ਹੈ। ਕੁਝ ਘਰੇਲੂ ਪੈਦਾਵਾਰ 'ਚ ਖੇਤੀ ਖੇਤਰ ਦੇ ਯੋਗਦਾਨ 'ਚ 30 ਫੀਸਦੀ ਹਿੱਸਾ ਡੇਅਰੀ ਦਾ ਹੈ ਪਰ ਖੇਤੀ ਲਈ ਕੁਲ ਬਜਟ ਅਲਾਟਮੈਂਟ ਵਿਚੋਂ ਡੇਅਰੀ ਖੇਤਰ ਨੂੰ ਕਦੇ ਵੀ 8 ਫੀਸਦੀ ਤੋਂ ਵੱਧ ਦੀ ਹਿੱਸੇਦਾਰੀ ਨਹੀਂ ਮਿਲੀ। ਅਪ੍ਰੇਸ਼ਨ ਫਲੱਡ ਪੂਰਾ ਹੋਣ ਪਿੱਛੋਂ ਸਰਕਾਰ ਵਲੋਂ ਕੋਈ ਵੱਡੀ ਪਹਿਲ ਨਾ ਹੋਣਾ ਨੀਤੀਗਤ ਖਾਮੀ ਹੈ। ਨਿਵੇਸ਼ ਦੀ ਘਾਟ ਤੋਂ ਇਲਾਵਾ ਅਸੀਂ 60 ਤੋਂ 90 ਦੇ ਦਹਾਕੇ ਵਿਚਕਾਰ ਅਸੀਂ ਜਿਹਨਾਂ ਨੀਤੀਆਂ ਨਾਲ ਸਫਲਤਾ ਹਾਸਲ ਕੀਤੀ ਉਨ੍ਹਾਂ ਤੋਂ ਬੇਮੁੱਖ ਹੋ ਗਏ ਹਾਂ। ਸਰਕਾਰ ਨੂੰ ਪਸ਼ੂਆਂ ਦੇ ਪ੍ਰਜਨਣ, ਪਸ਼ੂ ਧਨ ਦੀ ਸਿਹਤ ਤੇ ਪਸ਼ੂ ਖੁਰਾਕ ਦੇ ਖੇਤਰਾਂ 'ਚ ਆਪ ਨਿਵੇਸ਼ ਕਰਨਾ ਚਾਹੀਦੈ। NDP ਨੂੰ ਹਰ ਸਾਲ ਸਹਿਕਾਰਿਤਾ ਢਾਂਚੇ ਨੂੰ ਅਪਣਾਉਣਾ ਚਾਹੀਦਾ ਹੈ। ਡੇਅਰੀ ਖੇਤਰ ਨੂੰ ਨਜ਼ਰ-ਅੰਦਾਜ਼ ਕਰਨਾ ਘਾਤਕ ਸਾਬਤ ਹੋਵੇਗਾ ਇਸ ਨੂੰ ਸਹੀ ਮਹੱਤਵ ਤੇ ਸੁਰੱਖਿਆ ਮਿਲਣੀ ਚਾਹੀਦੀ ਹੈ।

# ਕੀ ਸੂਚਨਾ ਦਾ ਅਧਿਕਾਰ-ਇਕ ਕਾਗਜੀ ਹਥਿਆਰ ਹੈ?

2005 'ਚ ਜਦ ਸੂਚਨਾ ਅਧਿਕਾਰ ਕਾਨੂੰਨ ਲਾਗੂ ਹੋਇਆ ਤਾਂ ਯੂ.ਪੀ.ਏ. ਸਰਕਾਰ ਨੇ ਇਸ ਕਾਨੂੰਨ ਨੂੰ 'ਲੋਕਤੰਤਰ' ਨੂੰ ਪਾਰਦਰਸ਼ੀ ਬਣਾਈ ਰੱਖਣ ਅਤੇ 'ਲੋਕਾਂ ਦਾ ਹਥਿਆਰ' ਕਹਿ ਕੇ ਖੂਬ ਸਲਾਹਿਆ ਸੀ। ਪਰ ਚਾਰ ਸਾਲ ਲੰਘਦੇ ਜਿੱਥੇ ਇਸ ਕਾਨੂੰਨ ਦੇ ਠੀਕ ਤਰ੍ਹਾਂ ਲਾਗੂ ਨਾ ਹੋਣ ਸਬੰਧੀ ਸਵਾਲ ਉੱਠਣ ਲੱਗੇ, ਉਥੇ ਦੂਜੇ ਪਾਸੇ ਦੋ ਸੂਚਨਾ ਦਾ ਅਧਿਕਾਰ ਵਰਕਰਾਂ ਦੀ ਹੱਤਿਆ ਨੇ ਪੂੰਜੀਵਾਦੀ 'ਲੋਕਤੰਤਰ' ਦੀ ਹਕੀਕਤ ਨੂੰ ਵੀ ਸਾਹਮਣੇ ਲਿਆਦਾ। ਅਜਿਹੇ 'ਚ ਯੂ ਪੀ ਏ ਸਰਕਾਰ ਨੇ ਸੂਚਨਾ ਅਧਿਕਾਰ 'ਚ ਛੁਪਕੇ ਜੋ ਸੋਧ ਕਰਕੇ ਇਸ ਕਾਗਜ਼ੀ ਹਥਿਆਰ ਨੂੰ ਖੁੰਢਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਨੇ 14 ਅਕਤੂਬਰ 2009 ਨੂੰ ਦਿੱਲੀ 'ਚ ਮੀਟਿੰਗ ਕਰਕੇ ਇਕ ਸੋਧ ਦਾ ਪ੍ਰਸਤਾਵ ਪੇਸ਼ ਕੀਤਾ ਜਿਸ ਦੇ ਤਹਿਤ ਸਰਕਾਰ ਸੂਚਨਾ ਅਧਿਕਾਰੀ ਨੂੰ 'ਫਾਇਲ ਨੋਟਿੰਗ' ਵਿਖਾਉਣ ਦਾ ਹੱਕ ਅਤੇ 'ਫਾਲਤੂ ਤੰਗ ਕਰਨ ਵਾਲੇ' ਸੁਵਾਲਾਂ ਨੂੰ ਖਾਰਜ ਕਰਨ ਦਾ ਅਧਿਕਾਰ ਦੇਣਾ ਚਾਹੁੰਦੀ ਹੈ। ਇਸ ਪ੍ਰਸਤਾਵਿਤ ਸੋਧ ਦਾ ਬੁੱਧੀਜੀਵੀਆਂ ਨੇ ਵੱਖ-ਵੱਖ ਢੰਗਾਂ ਰਾਹੀਂ ਕਾਫੀ ਵਿਰੋਧ ਕੀਤਾ। ਜ਼ਾਹਿਰਾ ਤੌਰ 'ਤੇ ਸੂਚਨਾ ਅਧਿਕਾਰ ਕਾਨੂੰਨ ਇਕ ਜਮਹੂਰੀ ਹੱਕ ਹੈ ਅਤੇ ਇਹਨਾਂ ਸੋਧਾਂ ਦਾ ਵਿਰੋਧ ਕਰਨਾ ਵੀ ਜ਼ਰੂਰੀ ਹੈ। ਪਰ ਇਸ ਭਰਮ 'ਚ ਰਹਿਣਾ ਘਾਤਕ ਹੈ ਕਿ ਇਸ ਕਾਨੂੰਨ ਨਾਲ ਦੇਸ਼ ਦੀ ਜਨਤਾ ਨੂੰ ਕੋਈ ਇਨਕਲਾਬੀ ਅਧਿਕਾਰ ਮਿਲ ਗਿਆ ਹੈ ਅਤੇ ਇਸ ਰਾਹੀਂ ਜਨਤਾ ਨੂੰ ਪ੍ਰਸ਼ਾਸਨ ਤੇ ਵਿਵਸਥਾ ਦੇ ਭਰਿਸ਼ਟਾਚਾਰ ਤੋਂ ਮੁਕਤੀ ਮਿਲ ਜਾਵੇਗੀ ਕਿਉਂਕਿ ਇਕ ਭਰਿਸ਼ਟਾਚਾਰ ਮੁਕਤ ਪੂੰਜੀਵਾਦ ਦੀ ਕਲਪਨਾ ਕਰਨਾ ਅਸੰਭਵ ਹੈ। ਇਸ ਕਾਨੂੰਨ ਦੇ ਚਾਰ ਸਾਲ ਦੇ 'ਗੌਰਵਮਈ' ਇਤਿਹਾਸ 'ਤੇ ਨਜ਼ਰ ਮਾਰਨ ਨਾਲ ਹੀ ਇਸ ਕਥਨ ਦੀ ਸੱਚਾਈ ਸਾਬਤ ਹੋ ਜਾਂਦੀ ਹੈ। ਪਿਛਲੇ ਚਾਰ ਸਾਲਾਂ ਦੀ ਕੁਲ ਲੇਖਾ-ਜੋਖਾ ਰਿਪੋਰਟ ਖੁਦ-ਬ-ਖੁਦ ਬਿਆਨ ਕਰ ਦਿੰਦੀ ਹੈ। ਇਕ ਹਾਲੀਆ ਰਿਪੋਰਟ ਅਨੁਸਾਰ 85 ਫੀਸਦੀ ਲੋਕਾਂ ਨੂੰ ਇਸ ਕਾਨੂੰਨ ਬਾਰੇ ਪੂਰੀ ਜਾਣਕਾਰੀ ਵੀ ਨਹੀਂ ਹੈ। ਜਿਹਨਾਂ ਨੂੰ ਹੈ ਉਹਨਾਂ ਵਿਚੋਂ ਸਿਰਫ 27 ਫੀਸਦੀ ਨੂੰ ਹੀ ਸਹੀ ਜਾਣਕਾਰੀ ਮੁਹੱਈਆ ਹੁੰਦੀ ਹੈ। ਇਸ ਕਾਨੂੰਨ ਤਹਿਤ ਸਰਕਾਰੀ ਅਧਿਕਾਰੀ ਸੂਚਨਾ ਲੈਣ ਵਾਲੇ ਨੂੰ ਸੂਚਨਾ ਲੈਣ ਵਾਲੇ ਦੇ ਚੱਕਰ ਕਟਾਉਂਦੇ ਰਹੇ ਜਾਂ ਅਧੂਰੀਆਂ ਸੂਚਨਾਵਾਂ ਦਿੱਤੀਆਂ ਗਈਆਂ ਜਦਕਿ ਕਈ ਪੇਂਡੂ ਇਲਾਕਿਆਂ ਵਿਚ ਤਾਂ ਸੂਚਨਾ ਦਿੱਤੀ ਹੀ ਨਹੀਂ ਗਈ। ਇਲਾਹਾਬਾਦ ਹਾਈਕੋਰਟ 'ਚ ਆਪ ਨੂੰ ਇਕ ਸੂਚਨਾ ਮੰਗਣ ਦੇ 500 ਰੁਪਏ ਲੱਗਣਗੇ ਅਤੇ ਜੋ ਸੂਚਨਾ ਮਿਲੇਗੀ ਉਸਦੀ ਕੀਮਤ ਹੋਵੇਗੀ ਪ੍ਰਤੀ ਪੇਜ਼ 50 ਰੁਪਏ। ਇਸ ਮਾਮਲੇ ਨੂੰ ਉਥੋਂ ਦੇ ਸਮਾਜਕ ਵਰਕਰਾਂ ਨੇ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਪਰ ਕੋਰਟ ਇਸ ਨੂੰ ਮੰਨ ਨਹੀਂ ਰਹੀ। ਉਸ ਅਨੁਸਾਰ ਲੋਕ ਅਥਾਰਟੀ ਨੂੰ ਇਹ ਅਧਿਕਾਰ ਹੈ। ਇਸ ਤੋਂ ਇਲਾਵਾ ਆਪ ਹਾਈਕੋਰਟ ਦੇ ਜੱਜ ਤੇ ਮੰਤਰੀ ਦੀ ਨਿਯੁਕਤੀ ਸਬੰਧੀ ਕੋਈ ਸਵਾਲ ਨਹੀਂ ਕਰ ਸਕਦੇ। ਉਥੇ ਬਿਹਾਰ ਦੀ ਵਧੀਆ ਹਕੂਮਤ ਦਾ ਢੰਡੋਰਾ ਪਿੱਟਣ ਵਾਲੇ ਨਤੀਸ਼ ਜੀ ਦੇ ਰਾਜ 'ਚ ਇਕ ਬਿਨੈਕਾਰ ਨੂੰ ਸੂਚਨਾ ਮੁਹੱਈਆ ਕਰਾਉਣ ਲਈ ਇਕ ਅਧਿਕਾਰੀ ਨੇ 1524962 ਰੁਪਏ ਦਾ ਬਿੱਲ ਭੇਜ ਦਿੱਤਾ ਅਤੇ ਕਈ ਵਾਰ ਇਸ ਅਧਿਕਾਰ ਦੀ

ਵਰਤੋਂ ਕਰਨ ਵਾਲਿਆਂ ਨੂੰ ਪ੍ਰੇਸ਼ਾਨ ਕਰਨ ਅਤੇ ਝੂਠੇ ਦੋਸ਼ਾਂ ’ਚ ਫਸਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ। ਏਨਾ ਹੀ ਨਹੀਂ ਪੁਣੇ ਦੇ ਸਤੀਸ਼ ਸ਼ੈਟੀ ਅਤੇ ਬਿਹਾਰ ਦੇ ਸ਼ਸੀਧਰ ਮਿਸ਼ਰ ਨੇ ਜਦ ਸਰਕਾਰੀ ਵਿਭਾਗ ਤੇ ਪ੍ਰਾਈਵੇਟ ਕੰਪਨੀ ਦੇ ਭਰਿਸ਼ਟਾਚਾਰ ਨੂੰ ਉਜਾਗਰ ਕਰਨ ਲਈ ਸੂਚਨਾਵਾਂ ਮੰਗੀਆਂ ਤਾਂ ਦੋਨਾਂ ਦੇ ਕਤਲ ਕਰ ਦਿੱਤੇ ਗਏ। ਯਾਨੀ ਜੇ ਇਸ ਦੀ ਵਰਤੋਂ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਣੀ ਪਵੇ ਤਾਂ ਕਹਿਣਾ ਕੁਥਾਵੇਂ ਨਹੀਂ ਹੋਵੇਗਾ ਕਿ ਸਰਕਾਰ ਭਰਿਸ਼ਟਾਚਾਰ ’ਤੇ ਪਰਦਾ ਪਾਉਣ ਵਾਲਾ ਇਹ ਕਾਨੂੰਨ ਕਈ ਵਾਰ ਖੁਦ ਹੀ ਲੋਕਾਂ ਦੇ ਗਲੇ ਦਾ ਫੰਦਾ ਬਣਦਾ ਜਾ ਰਿਹਾ ਹੈ। ਵੈਸੇ ਵੀ ਸੂਚਨਾ ਅਧਿਕਾਰ ਕਾਨੂੰਨ ਦੀ ਮੰਸ਼ਾ ਸਰਕਾਰ ਦੀ ਇਸ ਲਈ ਨਹੀਂ ਸੀ ਕਿ ਵਿਵਸਥਾ ਨੂੰ ਭਰਿਸ਼ਟਾਚਾਰ ਮੁਕਤ ਅਤੇ ਪਾਰਦਰਸ਼ੀ ਬਣਾਇਆ ਜਾਵੇ। ਬਲਕਿ ਪੂੰਜੀਵਾਦੀ ਪ੍ਰਬੰਧ ਦੇ ਪੈਰੋਕਾਰ ਸਮੇਂ-ਸਮੇਂ ਸਿਰ ਕੁਝ ਅਜਿਹੇ ਕਦਮ ਉਠਾਉਂਦੇ ਰਹਿੰਦੇ ਹਨ ਜੋ ਭਰਿਸ਼ਟਾਚਾਰ ਤੇ ਰੋਕ ਲਾਉਣ ਅਤੇ ਰਾਜਨੀਤਕ-ਪ੍ਰਸ਼ਾਸਨਿਕ “ਸੁਧਾਰ” ਦਾ ਕੰਮ ਕਰਦੇ ਹਨ ਤਾਂ ਕਿ ਲੋਕਾਂ ਦਾ ਵਿਸ਼ਵਾਸ ਇਸ ਪ੍ਰਬੰਧ ’ਚ ਬਣਿਆ ਰਹੇ। ਅਸਲ ’ਚ ਸੂਚਨਾ ਦੇ ਅਧਿਕਾਰ ਦਾ ਕਾਨੂੰਨ ਇਕ ਅਜਿਹਾ ਅਧਿਕਾਰ ਹੈ ਜੋ ਦੇਸ਼ ਦੀ ਜਨਤਾ ਨੂੰ ਦਹਾਕਿਆਂ ਪਹਿਲਾਂ ਮਿਲ ਜਾਣਾ ਚਾਹੀਦਾ ਸੀ। ਭਾਰਤ ਦੀ ਸਾਮਰਾਜ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਵਿਵਸਥਾ ਨੇ ਕੋਈ ਉਪਕਾਰ ਨਹੀਂ ਕੀਤਾ ਹੈ। ਉਲਟ ਇਸ ਗੱਲ ਲਈ ਉਹਨਾਂ ਦੀ ਅਲੋਚਨਾ ਹੋਣੀ ਚਾਹੀਦੀ ਹੈ ਕਿ ਸੱਤਾ ਬਦਲੀ ਦੇ ਛੇ ਦਹਾਕਿਆਂ ਬਾਅਦ ਕਿਉਂ ਮਿਲਿਆ? ਪਰ ਭਾਰਤ ਦਾ ਮੱਧ ਵਰਗ ਇਸ ਅਧਿਕਾਰ ਦੇ ਮਿਲਣ ’ਤੇ ਫੁਲਿਆ ਨਹੀਂ ਸਮਾਉਂਦਾ ਅਤੇ ਕਾਂਗਰਸ ਦੀਆਂ ਤਰੀਫਾਂ ਕਰਨ ਤੱਕ ਜਾਂਦਾ ਹੈ। ਇਸ ਦਾ ਫਾਇਦਾ ਉਠਾਉਣ ਲਈ ਜਿਸ ਸ਼ੁਰੂਆਤੀ ਬੌਧਿਕ, ਰਾਜਸੀ ਤੇ ਸਮਾਜਕ ਮਾਲਕੀ ਤੇ ਰੁਤਬੇ ਦੀ ਲੋੜ ਹੁੰਦੀ ਹੈ ਉਹ ਦੇਸ਼ ਦੇ ਆਮ ਮਿਹਨਤਕਸ 85 ਕਰੋੜ ਲੋਕਾਂ ਕੋਲ ਨਹੀਂ ਹੈ। ਅੰਕੜੇ ਵੀ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਇਸ ਅਧਿਕਾਰ ਦੀ ਸਫਲਤਾਪੂਰਵਕ ਵਰਤੋਂ ਵੀ ਬਹੁਤੇ ਕੇਸਾਂ ’ਚ ਨਿਮਨ ਮੱਧ ਵਰਗ ਜਾਂ ਉਸ ਤੋਂ ਉਪਰ ਦੇ ਲੋਕਾਂ ਨੇ ਕੀਤੀ ਹੈ ਪ੍ਰਸਾਸ਼ਨ ਦੇ ਭਰਿਸ਼ਟਾਚਾਰ ਅਤੇ ਵਿਵਸਥਾ ਨੇ ਅੰਨਿਆਂ ਦੇ ਜੋ ਵਰਗ ਬੁਰੀ ਤਰ੍ਹਾਂ ਸ਼ਿਕਾਰ ਹੁੰਦੇ ਹਨ ਉਹ ਇਸ ਅਧਿਕਾਰ ਦੀ ਵਰਤੋਂ ਨਹੀਂ ਕਰ ਸਕਦੇ ਹਨ ਤੇ ਹੁਣ ਇਸ ਵਿਚ ਹੋ ਰਹੀ ਸੋਧ ਪਿੱਛੋਂ ਇਸ ਕਾਨੂੰਨ ਦੀ ਰਹੀ ਸਹੀ ਤਾਕਤ ਵੀ ਜਾਂਦੀ ਰਹੇਗੀ। ਇਸ ਦੀ ਥੋੜ੍ਹੀ ਬਹੁਤ ਵਰਤੋਂ ਇਸ ਸੋਧ ਦੇ ਬਾਅਦ ਵੀ ਮੱਧ ਵਰਗ ਦੇ ਲੋਕ ਹੀ ਕਰ ਸਕਣਗੇ ਪਰ ਇਹੀ ਉਹ ਵਰਗ ਹੈ ਜੋ ਲੋਕਾਂ ਦੇ ਵਿਆਪਕ ਹਿੱਸਿਆਂ ’ਚ ਲੋਕ ਰਾਇ ਉਸਾਰਨ ਦਾ ਕੰਮ ਵੀ ਕਰਦਾ ਹੈ। ਸਾਫ਼ ਹੈ ਕਿ ਯੂ.ਪੀ.ਏ ਸਰਕਾਰ ਨੇ ਇਹ ਕਾਨੂੰਨ ਆਪਣੇ ਪੱਖ ’ਚ ਵੋਟ ਵਟੋਰਨ ਅਤੇ ਹਕੂਮਤ ’ਚ ਬਣੇ ਰਹਿਣ ਲਈ ਬਣਾਇਆ ਹੈ। ਕੁਲ ਮਿਲਾ ਕੇ ਇਹ ‘ਕਾਨੂੰਨ’ ਕਿੰਨਾ ਹਿੱਤਕਾਰੀ ਸਾਬਤ ਹੋਇਆ ਹੈ ਇਹ ਅਸੀਂ ਅੰਕੜਿਆਂ ਰਾਹੀਂ ਵੇਖ ਹੀ ਲਿਆ ਹੈ। ਇਸ ਤੋਂ ਇਲਾਵਾ ਹਰ ਪੂੰਜੀਵਾਦ ਪ੍ਰਬੰਧ ਆਪਣੀ ਉਮਰ ਵਧਾਉਣ ਲਈ ਕੁਝ ਅਜਿਹੇ ਰੈਡੀਕਲ ਦਿਸਣ ਵਾਲੇ ਕਾਨੂੰਨ ਬਣਾਉਂਦਾ ਹੀ ਰਹਿੰਦਾ ਹੈ। ਇਸ ਤੋਂ ਬਿਨ੍ਹਾਂ ਪੂੰਜੀਵਾਦੀ ਪ੍ਰਬੰਧ ਦੀ ਹੋਂਦ ਬਣੀ ਨਹੀਂ ਰਹਿ ਸਕਦੀ। ਅਜਿਹੇ ਸੁਧਾਰਵਾਦੀ ਕਦਮਾਂ ਬਿਨ੍ਹਾਂ ਉਹ ਲੋਕਾਂ ਦੀ ਸਹਿਮਤੀ ਨੂੰ ਬਰਕਰਾਰ ਨਹੀਂ ਰੱਖ ਸਕਦਾ। ਇਹ ਕਾਨੂੰਨ ਵਿਵਸਥਾ ਲਈ ਸੇਫਟੀ ਵਾਲਵ ਦੀ ਤਰ੍ਹਾਂ ਕੰਮ ਕਰਦੇ ਹਨ ਅਤੇ ਲੋਕ ਰੋਹ ਨੂੰ ਮੁੱਖ

ਧਾਰਾ 'ਚ ਸ਼ਾਮਲ ਕਰਦੇ ਹਨ। ਇਸ ਹੋਂਦ ਨੂੰ ਪੂਰਾ ਕਰਨ ਦਾ ਕੰਮ ਅਰਵਿੰਦ ਕੇਜਰੀ ਲਾਲ ਅਰੁਣਾ ਰਾਏ ਵਰਗੇ ਸਾਰੇ ਸੁਧਾਰਵਾਦੀ ਕਰਦੇ ਹਨ ਜੋ ਇਹਨਾਂ ਨੂੰ ਬੇਹੱਦ ਇਨਕਲਾਬੀ ਕਾਨੂੰਨਾਂ ਵਜੋਂ ਪੇਸ਼ ਕਰਦੇ ਹਨ। ਇਹ ਅਕਾਰਣ ਨਹੀਂ ਹੈ ਕਿ ਇਸ ਕਾਨੂੰਨ ਦੇ ਹੋਂਦ 'ਚ ਆਉਣ ਦੇ ਨਾਲ ਹੀ ਇਸ ਨਾਲ ਸਬੰਧ ਹਜ਼ਾਰਾਂ ਸਵੈਸੇਵੀ ਸੰਗਠਨ (NGO) ਦੇਸ਼ਾਂ 'ਚ ਖੁੱਲ੍ਹ ਗਏ। ਇਸ ਕਾਨੂੰਨ ਨਾਲ ਵੀ ਵਧ ਚੜ੍ਹ ਕੇ ਕਮਾਈ ਹੋ ਰਹੀ ਹੈ। ਇਸ ਕਾਨੂੰਨ ਦਾ ਪ੍ਰਚਾਰ ਕਰਨ ਲਈ ਇਹ NGO ਲੱਖਾਂ ਦੀ ਕਮਾਈ ਕਰ ਰਹੇ ਹਨ। ਕਾਨੂੰਨਾਂ, ਨਿਯਮਾਂ ਜਾਂ ਬਿੱਲਾਂ ਨਾਲ ਇਕ ਪੂੰਜੀਵਾਦੀ ਸਮਾਜ 'ਚ ਭਰਿਸ਼ਟਾਚਾਰ ਖਤਮ ਨਹੀਂ ਹੋ ਸਕਦਾ। ਪੂੰਜੀਵਾਦ ਵਿਵਸਥਾ ਆਪਣੇ ਆਪ 'ਚ ਹੀ ਬਹੁਤ ਵੱਡਾ ਭਰਿਸ਼ਟਾਚਾਰ ਹੈ। ਇਕ ਮੁਨਾਫਾ ਅਧਾਰਤ ਸਮਾਜ 'ਚ ਭਰਿਸ਼ਟਾਚਾਰ ਵਧਣ ਫੁਲਣ ਤੋਂ ਕੋਈ ਕਾਨੂੰਨ ਰੋਕ ਨਹੀਂ ਸਕਦਾ ਅਜਿਹੇ ਕਾਨੂੰਨਾਂ ਦੀ ਵਰਤੋਂ ਕਰਨ 'ਚ ਕੋਈ ਬੁਰਾਈ ਨਹੀਂ ਹੈ ਪਰ ਉਹਨਾਂ ਦੀ ਸੀਮਤਾਈ ਸਬੰਧੀ ਕੋਈ ਭਰਮ ਭੁਲੇਖਾ ਨਹੀਂ ਹੋਣਾ ਚਾਹੀਦਾ।

# ਜੈਵਿਕ ਖੇਤੀ 'ਤੇ ਸਰਕਾਰੀ ਸ਼ਿਕੰਜਾ ਕਿਵੇਂ?

ਜਰਾ ਸੋਚੋ, ਦੇਸ਼ ਦੇ ਕਿਸੇ ਦੂਰ ਦਰਾਡੇ ਇਲਾਕੇ ਦਾ ਛੋਟਾ ਕਿਸਾਨ ਜਿਸ ਦੀ ਰੋਜ਼ੀ ਰੋਟੀ ਇਕ ਏਕੜ ਤੋਂ ਵੀ ਘੱਟ ਖੇਤੀ 'ਤੇ ਟਿਕੀ ਹੈ ਅਤੇ ਜੋ ਵੱਧ ਮਹਿੰਗੇ ਖਰਚਿਆਂ ਦੀ ਬਜਾਏ ਰਵਾਇਤੀ ਜੈਵਿਕ ਖੇਤੀ ਦੇ ਭਰੋਸੇ ਹੈ। ਉਸ ਨੂੰ ਜੈਵਿਕ ਖੇਤੀ ਕਰਨ ਵਾਲਾ ਕਿਸਾਨ ਅਖਵਾਉਣ ਲਈ ਕੀ ਕਰਨਾ ਪਵੇਗਾ? ਇਹ ਜਿਉਗ੍ਰਾਫਿਕ ਪਾਇਜ਼ਨਿੰਗ ਸਿਸਟਮ (GPS) ਨਾਂ ਦੇ ਉਪਕਰਣ ਖਰੀਦੇਗਾ। ਦਸ਼ਮਲਵ ਦੀ ਦੂਜੀ ਥਾਂ 'ਤੇ ਖੇਤ ਦੇ ਪੈਮਾਨੇ ਨਾਪੇਗਾ। ਇਕ ਕੰਪਿਊਟਰ ਖਰੀਦਾਂਗਾ। ਜਿਸ 'ਚ ਖਾਸ ਸਾਫਟਵੇਅਰ ਪਾ ਕੇ ਖੇਤੀ ਨਾਲ ਜੁੜੀਆਂ ਸੂਚਨਾਵਾਂ ਅਤੇ ਅੰਕੜੇ ਫੀਡ ਕਰੇਗਾ। ਏਨਾ ਹੀ ਨਹੀਂ ਇਸ ਸਾਫਟਵੇਅਰ ਰਾਹੀਂ ਉਹ ਖੇਤੀ 'ਤੇ ਆਪਣੀਆਂ ਰੋਜ਼ ਮਰਾ ਦੀਆਂ ਸਰਗਰਮੀਆਂ ਜਿਵੇਂ ਬੀਜ ਕਿਥੋਂ ਖਰੀਦਿਆਂ, ਖਾਦ ਕਿੱਥੋਂ ਲਿਆਂਦੀ, ਫਸਲ ਦੀ ਖਰੀਦ-ਵਿਕਰੀ ਆਦਿ ਦਾ ਰਿਕਾਰਡ ਮੁਹਈਆ ਕਰਵਾਏਗਾ। ਇਹਨਾਂ ਸਾਰਿਆਂ ਤੋਂ ਇਲਾਵਾ ਉਸ ਨੂੰ ਸਲਾਨਾ ਬੈਲੇਂਸ ਸੀਟ ਵੀ ਤਿਆਰ ਕਰਨੀ ਹੋਵੇਗੀ। ਇਹ ਮਜ਼ਬੂਰੀ ਭਾਰਤ ਸਰਕਾਰ ਵਲੋਂ ਕਿਸਾਨਾਂ 'ਤੇ ਲੱਦੀ ਜਾ ਰਹੀ ਹੈ ਅਤੇ ਇਸ ਸਭ ਕਾਸੇ ਨੂੰ ਪੂਰਾ ਨਾ ਕਰਨ ਦਾ ਮਤਲਬ ਹੈ ਕਿ ਉਸ ਨੂੰ ਜੈਵਿਕ ਖੇਤੀ ਕਰਨ ਵਾਲੇ ਕਿਸਾਨ ਦਾ ਦਰਜਾ ਨਹੀਂ ਮਿਲੇਗਾ। ਇਹ ਹੈ ਪ੍ਰੀਭਾਸ਼ਾਵਾਂ, ਪ੍ਰਮਾਣ ਪੱਤਰਾਂ ਤੇ ਅਮਲਾਂ ਦੇ ਸਰਕਾਰੀ ਝਮੇਲਿਆਂ 'ਚ ਫਸੀ ਜਾ ਰਹੀ ਜੈਵਿਕ ਖੇਤੀ ਦੀ ਸਥਿਤੀ ਜਿਸ ਦੀ ਲਗਾਮ ਖੇਤਰੀ ਮੰਤਰਾਲੇ ਦੀ ਬਜਾਏ ਵਣਿਜ ਮੰਤਰਾਲੇ ਦੇ ਹੱਥਾਂ ਵਿੱਚ ਹੈ। ਤਿਜ਼ਾਰਤ ਮੰਤਰਾਲੇ ਤਹਿ ਕਰ ਰਿਹਾ ਹੈ ਕਿ ਦੇਸ਼ 'ਚ ਜੈਵਿਕ ਖੇਤੀ ਕਿਵੇਂ ਕੀਤੀ ਜਾਵੇਗੀ ਅਤੇ ਕਿਵੇਂ ਜੈਵਿਕ ਖੇਤੀ ਦਾ ਠੱਪਾ ਕਿਸਾਨ 'ਤੇ ਲੱਗੇਗਾ। ਭਾਵੇਂ ਹੀ ਇਨ੍ਹਾਂ ਦਿਨੀਂ ਜੈਵਿਕ ਖੇਤੀ ਅਭਿਜਾਤ ਸ਼ਹਿਰੀ ਜੀਵਨ ਦਾ ਨਵਾਂ ਸ਼ੁਗਲ ਹੋਵੇ ਪਰ ਅਸਲ 'ਚ ਇਹੀ ਉਹ ਖੇਤੀ ਹੈ ਜੋ ਦੇਸ਼ ਦੇ ਕਰੋੜਾਂ ਛੋਟੇ ਕਿਸਾਨਾਂ ਲਈ ਲਾਹੇਵੰਦ ਹੈ। ਜੇ ਵੇਖਿਆ ਜਾਵੇ ਤਾਂ ਦੇਸ਼ ਦੇ ਅੱਧੇ ਤੋਂ ਵੱਧ ਕਿਸਾਨ ਮਹਿੰਗੀ ਲਾਗਤ ਵਾਲੀ ਖੇਤੀ ਨਾ ਕਰ ਸਕਣ ਕਰਕੇ ਅਜਿਹੀ ਖੇਤੀ ਕਰ ਰਹੇ ਹਨ। ਜਿਸੇ ਨੂੰ ਜੈਵਿਕ ਕਰਾਰ ਦਿੱਤਾ ਜਾਂਦਾ ਹੈ। ਇਹਨਾਂ ਦੀ ਖੇਤੀ ਬਾਰਿਸ਼ 'ਤੇ ਨਿਰਭਰ ਹੈ ਅਤੇ ਇਹਨਾਂ ਦੇ ਆਰਥਕ ਹਾਲਾਤ ਇਨ੍ਹੇ ਮਹਿੰਗੇ ਰਸਾਇਣ ਤੇ ਖਾਦਾਂ ਪਾਉਣ ਦੀ ਇਜਾਜ਼ਤ ਨਹੀਂ ਦਿੰਦੇ ਪਰ ਆਪਣੀ ਨੀਅਤ ਕਾਰਨ ਜੈਵਿਕ ਕਿਸਾਨ ਬਣੇ ਦੇਸ਼ ਦੇ ਅਜਿਹੇ ਕਰੋੜਾਂ ਛੋਟੇ ਕਿਸਾਨਾਂ ਦੀ ਖੇਤੀ ਸਰਕਾਰੀ ਪੈਮਾਨਿਆਂ ਦੇ ਹਿਸਾਬ ਨਾਲ ਉਕਾਹੀ ਜੈਵਿਕ ਨਹੀਂ ਹੈ ਅਤੇ ਜਦ ਤੱਕ ਇਹ ਕਿਸਾਨ ਕੰਪਿਊਟਰ ਰਾਹੀਂ ਅੰਕੜਿਆਂ ਦੀ ਬਾਜ਼ੀਗਰੀ ਕਰਨਾ ਨਹੀਂ ਸਿੱਖ ਜਾਂਦੇ ਉਹ ਜੈਵਿਕ ਹੋ ਹੀ ਨਹੀਂ ਸਕਣਗੇ। ਜੈਵਿਕ ਖੇਤੀ ਦੀ ਸਮਰਥਕ ਅਤੇ ਸਾਬਕਾ ਪੱਤਰਕਾਰ ਭਵਦੀਪ ਕਾਂਗ ਕਹਿੰਦੀ ਹੈ, "ਅੱਜ ਵੀ ਯੋਜਨਾ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਦੇਸ਼ ਦੇ 60 ਫੀਸਦੀ ਤੋਂ ਵੱਧ ਕਿਸਾਨ ਜੈਵਿਕ ਖੇਤੀ ਕਰ ਰਹੇ ਹਨ। ਦੇਸ਼ ਦੇ ਕੁੱਲ ਅਨਾਜ ਭੰਡਾਰ ਵਿੱਚ ਇਹਨਾਂ ਦਾ ਯੋਗਦਾਨ 40 ਫੀਸਦੀ ਤੋਂ ਵੀ ਵੱਧ ਹੈ। ਇਹ ਸਭ ਮੀਂਹ 'ਤੇ ਅਧਾਰਤ ਖੇਤੀ ਕਰ ਰਹੇ ਹਨ। ਪਰ ਵਣਿਜ ਮੰਤਰਾਲਾ ਇਹਨਾਂ 'ਤੇ ਗੈਰਵਿਹਾਰਕ ਪੈਮਾਨੇ ਲੱਦ ਕੇ ਉਹਨਾਂ ਨੂੰ ਪ੍ਰਮਾਣ ਪੱਤਰ ਦੇ ਝੰਜਟ ਵਿੱਚ ਫਸਾ ਰਿਹਾ ਹੈ। ਜੈਵਿਕ

ਖੇਤੀ ਦਾ ਪ੍ਰਮਾਣ ਪੱਤਰ ਹਾਸਲ ਕਰਨ ਦੀ ਪ੍ਰਕਿਰਿਆ ਏਨੀ ਜਟਿਲ ਹੈ ਕਿ ਆਮ ਕਿਸਾਨ ਲਈ ਖੇਤੀ ਦੇ ਨਾਲ-ਨਾਲ ਇਸ ਨੂੰ ਹਾਸਲ ਕਰ ਸਕਣਾ ਸੰਭਵ ਨਹੀਂ ਹੈ।' ਸਿਰਫ਼ ਬਰਾਮਦ ਨੂੰ ਧਿਆਨ 'ਚ ਰੱਖ ਕੇ ਬਣਾਈਆਂ ਜਾ ਰਹੀਆਂ ਅਜਿਹੀਆਂ ਨੀਤੀਆਂ ਦੇਸੀ ਖੇਤੀ ਲਈ ਤਾਂ ਘਾਤਕ ਹਨ ਹੀ, ਨਾਲ ਹੀ ਜੈਵਿਕ ਖੇਤੀ ਦੇ ਅੰਦੋਲਨ 'ਚ ਸ਼ਾਮਲ ਹੋਣ ਤੋਂ ਕਰੋੜਾਂ ਕਿਸਾਨਾਂ ਨੂੰ ਵਾਂਝੇ ਰੱਖਣ ਦੀ ਸਾਜ਼ਿਸ਼ ਦਾ ਹਿੱਸਾ ਵੀ ਹੈ। ਅਜਿਹੀ ਨੀਤੀ ਲੋਕਾਂ ਨੂੰ ਵੀ ਸਸਤੇ ਤੇ ਚੰਗੇ ਅੰਨ ਤੋਂ ਵਾਂਝਿਆਂ ਕਰਕੇ ਮਹਿੰਗੇ ਜੈਵਿਕ ਫੂਡ ਦਾ ਬਾਜ਼ਾਰ ਵਧਾ ਰਹੀ ਹੈ ਉਤਰਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਬਿਨ੍ਹਾਂ ਕਿਸੇ ਪ੍ਰਮਾਣ ਪੱਤਰ ਦੇ ਜੈਵਿਕ ਖੇਤੀ ਕਰਨ ਵਾਲੇ ਕਿਸਾਨ ਸ਼ਕਤੀ ਸਿੰਘ ਅਨੁਸਾਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਜੈਵਿਕ ਅੰਦੋਲਨ ਨੂੰ ਧੱਕਾ ਪਹੁੰਚਿਆ ਹੈ। ਉਹਨਾਂ ਦੇ ਜਿਵੇਂ ਬਹੁਤ ਸਾਰੇ ਕਿਸਾਨ ਤਨ-ਮਨ ਨਾਲ ਜੈਵਿਕ ਖੇਤੀ 'ਚ ਲੱਗੇ ਹਨ ਪਰ ਜੈਵਿਕ ਖੇਤੀ ਦਾ ਪ੍ਰਮਾਣ ਪੱਤਰ ਉਹਨਾਂ ਲਈ ਦੂਰ ਦੀ ਗੱਲ ਹੈ। ਸਿੰਘ ਮੁਤਾਬਕ, ਪ੍ਰਮਾਣ ਪੱਤਰ ਦੇ ਨਿਯਮਾਂ ਤੇ ਸ਼ਰਤਾਂ ਅਜਿਹੀਆਂ ਹਨ ਕਿ ਇਸ ਨੂੰ ਹਾਸਲ ਕਰਨਾ ਛੋਟੇ ਕਾਸ਼ਤਕਾਰ ਦੇ ਵਸ ਦੀ ਗੱਲ ਨਹੀਂ। ਉਸ ਲਈ ਅੰਗ੍ਰੇਜ਼ੀ ਦਾ ਗਿਆਨ ਲਾਜ਼ਮੀ ਹੋ ਗਿਆ ਹੈ। ਇਹ ਪੂਰੀ ਤਰ੍ਹਾਂ ਗੈਰ ਰਵਾਇਤੀ ਹੈ। ਦੋ ਜੂਨ ਦੀ ਰੋਟੀ ਨੂੰ ਤਰਸਣ ਵਾਲੇ ਕਿਸਾਨ ਦੇ ਨਾਲ ਭੱਦਾ ਮਜ਼ਾਕ ਪ੍ਰਮਾਣਿਤ ਜੈਵਿਕ ਖੇਤੀ ਸਿਰਫ ਗਿਣੇ ਚੁਣੇ ਵੱਡੇ ਕਿਸਾਨਾਂ ਅਤੇ ਬਰਾਮਦਕਾਰਾਂ ਤੱਕ ਸੀਮਤ ਰਹਿ ਗਈ ਹੈ।

ਵਣਿਜ ਮੰਤਰਾਲੇ ਦੇ ਤਹਿਤ ਖੇਤੀ ਵਸਤਾਂ ਦੀ ਬਰਾਮਦ ਨੂੰ ਉਤਸ਼ਾਹਿਤ ਕਰਨ ਵਾਲੀ ਸੰਸਥਾ ਐਗ੍ਰੀਕਲਚਰ ਐਂਡ ਪ੍ਰੋਸੇਸਿਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਯਾਨੀ ਏਪੀਡਾ ਵਲੋਂ ਦਿੱਤੇ ਜਾਣ ਵਾਲੇ ਜੈਵਿਕ ਖੇਤੀ ਦੇ ਪ੍ਰਮਾਣਿਕ ਪੱਤਰ ਦੀ ਫੀਸ ਅਤੇ ਕਾਗਜ਼ੀ ਕਾਰਵਾਈ ਦਾ ਖਰਚ ਹੀ ਕਰੀਬ ਇਕ ਲੱਖ ਰੁਪਏ ਸਲਾਨਾ ਆਉਂਦਾ ਹੈ। ਇਸ ਤੋਂ ਇਲਾਵਾ ਕੰਪਿਊਟਰ ਖਰੀਦਣ, ਇੰਟਰਨੈਟ ਕਨੈਕਸ਼ਨ ਲੈਣ, ਅੰਕੜੇ ਮੁਹੱਈਆ ਕਰਾਉਣ ਜੀ ਪੀ ਐਸੇ ਅਤੇ ਅੰਗ੍ਰੇਜ਼ੀ 'ਚ ਦਸਤਾਵੇਜ਼ ਤਿਆਰ ਕਰਨ ਦਾ ਝੰਜਟ ਵੱਖਰਾ ਕਿਉਂਕਿ ਛੋਟੇ ਕਿਸਾਨ ਇਹ ਸਭ ਨਹੀਂ ਕਰ ਸਕਣਗੇ ਇਸ ਲਈ ਜੈਵਿਕ ਖੇਤੀ ਦੇ ਸਿਧਾਂਤ 'ਤੇ ਖੇਤੀ ਦੇ ਬਾਵਜੂਦ ਉਹਨਾਂ ਦੀ ਵਸਤਾਂ ਜੈਵਿਕ ਅੰਨ ਵਜੋਂ ਬਾਜ਼ਾਰ 'ਚ ਨਹੀਂ ਵਿਕਣਗੀਆਂ। ਇਸ ਦੂਸਚੱਕਰ ਕਾਰਨ ਛੋਟੇ ਕਿਸਾਨਾਂ ਦਾ ਮੋਹ ਜੈਵਿਕ ਖੇਤੀ ਤੋਂ ਭੰਗ ਹੋ ਰਿਹਾ ਹੈ। ਜਦ ਕਿ ਵਿਸ਼ਵ ਬੈਂਕ ਦਾ ਅਧਿਐਨ ਦੱਸਦਾ ਹੈ ਕਿ ਭਾਰਤ ਤੇ ਚੀਨ 'ਚ ਜਦ ਕਿਸਾਨਾਂ ਨੇ ਜੈਵਿਕ ਖੇਤੀ ਅਪਣਾਈ ਹੈ ਉਹਨਾਂ ਦੀ ਆਮਦਨ ਤੇ ਜੀਵਨ ਪੱਧਰ ਸੁਧਰਿਆ ਹੈ। ਦੇਸੀ ਖੇਤੀ ਤੇ ਜੈਵਿਕ ਖੇਤੀ ਵਿਚਕਾਰ ਬਣ ਰਹੇ ਇਸ ਫਾਸਲੇ ਦੀ ਸ਼ੁਰੂਆਤ ਉਸ ਸਰਕਾਰੀ ਪ੍ਰੀਭਾਸ਼ਾ ਤੋਂ ਹੋਈ ਜਿਸ ਮੁਤਾਬਕ ਜਿਸ ਖੇਤੀ ਨੂੰ ਪ੍ਰਮਾਣ ਪੱਤਰ ਹਾਸਲ ਨਹੀਂ ਹੈ ਉਹ ਜੈਵਿਕ ਨਹੀਂ ਹੈ। ਇਥੋਂ ਤੱਕ ਕਿ ਬਿਨ੍ਹਾਂ ਅਜਿਹੇ ਪ੍ਰਮਾਣ ਪੱਤਰ ਦੇ ਵਸਤਾਂ ਘਰੇਲੂ ਬਾਜ਼ਾਰ 'ਚ ਵੀ ਜੈਵਿਕ ਕਹਿ ਕੇ ਨਹੀਂ ਵੇਚੀਆਂ ਜਾ ਸਕਦੀਆਂ। ਏਪੀਡਾ ਦੀ ਜੈਵਿਕ ਸਬੰਧੀ ਮਾਮਲਿਆਂ ਦੀ ਸਲਾਹਕਾਰ ਡਾ. ਪੀ. ਵੀ ਐਸ ਐਮ ਗੌਰੀ ਕਹਿੰਦੀ ਹੈ ਕਿ ਵਸਤਾਂ ਦੀ ਵਿਦੇਸ਼ਾਂ ਨੂੰ ਬਾਅਦ ਲਈ ਪ੍ਰਮਾਣ ਪੱਤਰ ਬੁਨਿਆਦੀ ਲੋੜ ਹੈ। ਜੈਵਿਕ ਫੂਡ ਦੇ ਮੁੱਖ ਗਾਹਕ ਦੇਸ਼ ਅਜਿਹੇ ਪ੍ਰਮਾਣ ਪੱਤਰ ਬਗੈਰ ਵਸਤਾਂ ਸਵੀਕਾਰ ਨਹੀਂ ਕਰਦੇ। ਘਰੇਲੂ ਤੇ ਕੌਮਾਂਤਰੀ ਬਾਜ਼ਾਰ 'ਚ ਪ੍ਰਮਾਣਿਤ ਜੈਵਿਕ ਫੂਡ ਦੀ ਮੰਗ ਅਤੇ ਕੀਮਤ ਦੋਨੋਂ ਹੀ

ਵੱਧ ਹੁੰਦੀਆਂ ਹਨ। ਕਿਸਾਨ ਵਿਚ ਖੇਤੀ ਦਾ ਪੱਧਰ ਵਧਾਉਣ 'ਚ ਮਦਦ ਮਿਲਦੀ ਹੈ। ਛੋਟੇ ਕਿਸਾਨਾਂ ਨੂੰ ਸਮੂਹ ਵਿਚ ਪ੍ਰਮਾਣਪੱਤਰ ਦੇਣ ਅਤੇ ਇਸ 'ਤੇ ਆਉਣ ਵਾਲੇ ਖਰਚ 'ਤੇ ਸਬਸਿਡੀ ਦੇਣੀ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਪਰ ਸੰਯੁਕਤ ਰਾਜ ਦਾ ਅਨਾਜ ਤੇ ਖੇਤੀ ਸੰਗਠਨ ਯਾਨੀ FAO ਵੀ ਭਾਰਤ ਸਰਕਾਰ ਦੀ ਇਸ ਕਾਰ-ਗੁਜਾਰੀ ਦੀ ਅਲੋਚਨਾ ਕਰ ਚੁੱਕਿਆ ਹੈ। FAO ਦਾ ਸਾਫ਼ ਕਹਿਣਾ ਹੈ ਕਿ ਭਾਰਤ ਸਰਕਾਰ ਨੇ ਜੈਵਿਕ ਖੇਤੀ ਦਾ ਪ੍ਰਮਾਣਨ ਏਨਾ ਮਹਿੰਗਾ ਬਣਾ ਦਿੱਤਾ ਹੈ ਕਿ ਖਪਤਕਾਰਾਂ ਲਈ ਜੈਵਿਕ ਖਾਦ ਖਰੀਦਣਾ ਖਾਸ ਮਹਿੰਗਾ ਹੋ ਗਿਆ ਹੈ। FAO ਦੀ ਰਿਪੋਰਟ ਦਾ ਤਾਂ ਇਥੋਂ ਤੱਕ ਕਹਿਣਾ ਹੈ ਕਿ ਅਜਿਹਾ ਮਾਮਲਾ ਛੋਟੇ ਕਿਸਾਨਾਂ ਦੇ ਹਿੱਤਾਂ ਦੇ ਖਿਲਾਫ਼ ਹੈ। ਜਦ ਕਿ ਵੱਡੇ ਖੇਤੀ ਕਾਰੋਬਾਰ ਨੂੰ ਫਾਇਦਾ ਪਹੁੰਚ ਰਿਹਾ ਹੈ। ਦਰਅਸਲ ਇਹ ਸਮੱਸਿਆ ਜੈਵਿਕ ਖੇਤੀ ਦੇ ਬਰਾਮਦ ਮੁੱਖੀ ਹੋਣ ਨਾਲ ਪੈਦਾ ਹੋਈ ਹੈ। ਇਸ ਦੇ ਕਾਰਨ ਸਰਕਾਰ ਨੇ ਇਸ ਖੇਤੀ ਵਿਵਸਥਾ ਨੂੰ ਹੀ ਪ੍ਰਮਾਣੀਕਰਣ ਕੇਂਦਰ ਬਣਾ ਦਿੱਤਾ ਹੈ। ਇਸ ਲਈ ਦੇਸ਼ ਦੀ 10 ਕਰੋੜ ਹੈਕਟੇਅਰ ਤੋਂ ਵੱਧ ਜੈਵਿਕ ਖੇਤੀ ਵਿਚੋਂ ਸਰਕਾਰ ਸਿਰਫ 10 ਲੱਖ ਹੈਕਟੇਅਰ ਨੂੰ ਹੀ ਜੈਵਿਕ ਦਾ ਦਰਜਾ ਦਿੰਦੀ ਹੈ। ਸਭ ਤੋਂ ਹਾਸੋਹੀਣੀ ਗੱਲ ਤਾਂ ਇਹ ਹੈ ਕਿ ਦੇਸ਼ 'ਚ ਜੈਵਿਕ ਪ੍ਰਮਾਣੀਕਰਣ ਦੀ ਜ਼ਿੰਮੇਵਾਰੀ ਖੇਤੀ ਮੰਤਰਾਲੇ ਦੀ ਨਾ ਹੋ ਕੇ ਵਣਿਜ ਮੰਤਰਾਲੇ ਦੀ ਹੈ। ਇਸ ਲਈ ਜੋ ਨਿਯਮ ਬਣਾਏ ਗਏ ਹਨ ਉਹ ਅਮਰੀਕਾ ਤੇ ਯੂਰਪੀ ਯੂਨੀਅਨ ਤੋਂ ਜਿਉਂ ਦੇ ਤਿਉਂ ਨਕਲ ਕਰ ਲਏ ਗਏ ਹਨ। ਉਥੇ ਪੰਜ ਹਜ਼ਾਰ ਏਕੜ ਵਾਲਾ ਕਿਸਾਨ ਜੈਵਿਕ ਖੇਤੀ ਕਰਦਾ ਹੈ ਅਤੇ ਇਥੇ ਪੰਜ ਏਕੜ ਵਾਲਾ ਹੀ ਜੈਵਿਕ ਖੇਤੀ ਕਰਦਾ ਹੈ। ਇਸ ਦੇ ਬਾਵਜੂਦ ਏਪੀਡਾ ਦੇ ਆਲਾ ਅਧਿਕਾਰੀ ਜੈਵਿਕ ਖੇਤੀ ਲਈ ਫੀ ਏਕੜ ਮਿਲਣ ਵਾਲੀ ਦਸ ਹਜ਼ਾਰ ਰੁਪਏ ਦੀ ਸਬਸਿਡੀ ਅਤੇ ਕੁਝ ਹੋਰ ਸਰਕਾਰੀ ਯੋਜਨਾਵਾਂ ਦੇ ਬਲਬੂਤੇ ਜੈਵਿਕ ਖੇਤੀ ਦੀ ਇਸ ਚੁਣੌਤੀ ਨੂੰ ਝੁਠਲਾਉਣ ਦਾ ਦਾਅਵਾ ਕਰਦੇ ਹਨ। ਅਸਲ 'ਚ ਜੈਵਿਕ ਖੇਤੀ ਅਜੀਬ ਆਪਾਵਿਰੋਧ 'ਚ ਪਿਸ ਰਹੀ ਹੈ। ਖੇਤੀ ਅਰਥਸ਼ਾਸਤਰੀ ਤੇ ਨੀਤੀ ਨਿਆਂਮਿਕ ਇਸ ਬਹਿਸ 'ਚ ਉਲਝੇ ਹੋਏ ਹਨ ਕਿ ਜੇ ਦੇਸ਼ 'ਚ ਸਾਰੀ ਖੇਤੀ ਪ੍ਰਣਾਲੀ ਜੈਵਿਕ ਹੋ ਜਾਵੇ ਤਾਂ ਦੇਸ਼ ਦਾ ਪੇਟ ਕਿਵੇਂ ਭਰੇਗਾ। ਐਗਰੋਕੈਮੀਕਲ ਲਾਬੀਆਂ ਇਹ ਸਾਬਤ ਕਰਨ 'ਚ ਜੁੱਟੀਆਂ ਹੋਈਆਂ ਹਨ ਕਿ ਜੈਵਿਕ ਖੇਤੀ ਨਾਲ ਦੇਸ਼ 'ਚ ਅੰਨ ਸੰਕਟ ਪੈਦਾ ਹੋ ਜਾਵੇਗਾ। ਜਦ ਕਿ ਗੈਰ ਸਰਕਾਰੀ ਸੰਗਠਨ ਅਤੇ ਕੁਝ ਸਰਕਾਰੀ ਅਧਿਕਾਰੀ ਕਿਸਾਨਾਂ ਨੂੰ ਸਮਝਾਉਣ ਨੂੰ ਜੁਟੇ ਹਨ ਕਿ ਜੈਵਿਕ ਖੇਤੀ ਕਰੋਗੇ ਤਾਂ ਉਪਜ ਦੀ ਕੀਮਤ ਵੱਧ ਮਿਲੇਗੀ। ਇਸ ਆਪਾ ਵਿਰੋਧ ਵਿਚਕਾਰ ਵੱਡੇ ਕਿਸਾਨਾਂ ਤੇ ਕੰਪਨੀਆਂ ਦੇ ਮਹਿੰਗੇ ਆਰਗੈਨਿਕ ਫੂਡ ਤੇ ਜੈਵਿਕ ਖੇਤੀ ਦਾ ਠੱਪਾ ਦੇਣ ਵਾਲੀਆਂ ਕੰਪਨੀਆਂ ਦਾ ਕਾਰੋਬਾਰ ਖੂਬ ਵਧ ਫੁੱਲ ਰਿਹਾ ਹੈ।

# ਕੀ ਜਮਹੂਰੀਅਤ ਦਾ ਚੌਥਾ ਥੰਮ ਨਿਘਰ ਰਿਹੈ?

ਦੁਨੀਆਂ ਦੇ ਸਭ ਤੋਂ ਵੱਡੇ ਲੋਕਰਾਜ ਕਹੇ ਜਾਣ ਵਾਲੇ ਭਾਰਤ ਦੇਸ਼ ਵਿਚੋਂ ਉਥੋਂ ਦੀ ਪਾਰਲੀਮੈਂਟ 'ਚ ਪੈਸਾ ਦਿਉ ਸਵਾਲ ਪੁੱਛੋ ਦਾ ਮੁਕੱਦਮਾ ਰੋਸ਼ਨੀ 'ਚ ਆਇਆ। ਪਤਾ ਲੱਗਿਆ ਕਿ ਕੁਝ ਮਸ਼ਹੂਰ ਸਾਂਸਦ ਮਹੋਦਿਆ ਬਕਾਇਦਾ ਪੈਸੇ ਲੈ ਕੇ ਸਵਾਲ ਪੁੱਛਣ ਦਾ ਸੌਦਾ ਕਰ ਰਹੇ ਹਨ। ਭਾਵ 'ਪੈਸਾ ਲਾਓ ਸਵਾਲ ਪਾਓ' ਗੱਲ ਖੁੱਲ ਗਈ ਨਾ ਖੁੱਲ੍ਹਦੀ ਤਾਂ ਚੰਗੀ ਸੀ। ਸੰਸਦ ਦੀ ਮਰਿਆਦਾ ਤੇ ਸੰਕਟ ਦੇ ਬੱਦਲ ਮੰਡਰਾਉਣ ਲੱਗੇ, ਭਾਵੇਂ ਕਿ ਐਸੀ ਕੋਈ ਮਰਿਆਦਾ ਹੈ ਹੀ ਨਹੀਂ ਸੀ ਕਿਉਂਕਿ ਸੰਸਦ 'ਚ ਬਹੁਬਲੀਆਂ ਦਾ ਦਾਬਾ ਪਹਿਲਾਂ ਵੀ ਬਣਿਆ ਰਿਹਾ ਹੈ ਅਤੇ ਹੁਣ ਵੀ ਹੈ। ਉਹ ਅਕਸਰ ਆਪਣੇ ਸ਼ਕਤੀ ਪ੍ਰਦਰਸ਼ਨ ਦੀ ਵਰਤੋਂ ਕਰਦੇ ਰਹਿੰਦੇ ਹਨ। ਖੈਰ ਖਵਾਹ ਦੱਸਦੇ ਹਨ ਕਿ ਸੰਸਦਗਣਾ ਦੇ ਇਹ ਕਾਰਨਾਮੇ ਲੋਕਰਾਜ ਦੀ ਗਰਿਮਾਮਈ ਆਭਾ ਨੂੰ ਕੁਝ ਜ਼ਿਆਦਾ ਹੀ ਚਮਕਾ ਦਿੰਦੇ ਹਨ। ਖੈਰ! ਇਹ ਪੈਸਾ ਲੈ ਕੇ ਸਵਾਲ ਪੁੱਛਣ ਵਾਲਾ ਮਾਮਲਾ ਥੋੜ੍ਹਾ ਗੰਭੀਰ ਸੀ। ਦੇਸ਼ ਭਰ 'ਚ ਹੰਗਾਮਾ ਹੋਇਆ। ਕਾਫ਼ੀ ਧੱਕਾ-ਮੁੱਕੀ ਵੀ ਹੋਈ। ਲੋਕਰਾਜ ਦੇ ਪਹਿਲੇ ਥੰਮ 'ਤੇ ਵਧਦੇ ਦਾਗ-ਦੱਭਿਆਂ ਸਬੰਧੀ ਚਿੰਤਨ ਮੀਟਿੰਗਾਂ ਹੋਈਆਂ। ਅਖਬਾਰ ਨਵੀਸਾਂ ਨੇ ਵੱਡੇ ਵੱਡੇ ਲੇਖ ਲਿਖੇ। ਨਹਿਰੂ ਸ਼ਾਸਤਰੀ ਵੇਲੇ ਦੀ ਦੁਹਾਈ ਦਿੱਤੀ ਜਿਵੇ ਕਿਤੇ ਉਸ ਜਮਾਨੇ 'ਚ ਸਭ ਸਾਫ਼-ਸੁਥਰਾ ਹੁੰਦਾ ਰਿਹਾ ਹੋਵੇ। ਨੇਤਾਵਾਂ ਨੇ ਇਕ ਦੂਜੇ ਦਾ ਨੰਗ ਢਕਣ ਦੀ ਕੋਸ਼ਿਸ਼ ਕੀਤੀ। ਬੁੱਧੀਜੀਵੀਆਂ ਨੇ ਸੰਸਦ ਦੀ ਡਿੱਗਦੀ ਸਾਖ 'ਤੇ ਵਿਰਲਾਪ ਕੀਤਾ। ਨਸੀਹਤਾਂ ਦਿੱਤੀਆਂ, ਤੋਹਮਤਾਂ ਲਾਈਆਂ, ਵੱਡੇ ਤੋਂ ਵੱਡੇ ਕਾਰੇ ਹੋਏ। ਆਮ ਲੋਕਾਂ ਨੇ ਇਸ ਨਾਟਕ-ਬਾਜ਼ੀ ਦਾ ਜੀ ਭਰ ਕੇ ਸੁਆਦ ਲਿਆ। ਗੱਲ ਆਈ ਗਈ ਹੋ ਗਈ, ਹੁਣ ਅਜਿਹੀ ਹੀ ਇਕ ਹੋਰ ਮਜ਼ੇਦਾਰ ਖਬਰ ਲੋਕਤੰਤਰ ਦੇ ਚੌਥੇ ਥੰਮ (ਮੀਡੀਆ) ਬਾਰੇ ਹੈ। ਵੈਸੇ ਮੀਡੀਆ ਦੀ ਭਾਸ਼ਾ ਵਿੱਚ ਕਿਹਾ ਜਾਵੇ ਤਾਂ ਇਹ ਖ਼ਬਰ ਬ੍ਰੇਕਿੰਗ ਨਿਊਜ਼ ਸੀ। ਆਓ ਤੁਸੀਂ ਵੀ ਸੁਣੋ। ਇਹ ਰਪਟ ਉਸੇ ਖਬਰ ਬਾਰੇ ਹੈ-ਇਸ ਵਾਰੀ ਦੀ ਮਹਾਂਰਾਸ਼ਟਰ ਵਿਧਾਨ ਸਭਾ ਚੋਣ ਕਾਫੀ ਚਰਚਾ ਵਿੱਚ ਰਹੀ ਹੈ। ਇਥੇ ਪੈਸਾ ਦਿਉ ਖਬਰ ਲਓ ਦਾ ਬੋਲਬਾਲਾ ਰਿਹਾ ਹੈ। ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਨੇ 'ਚੁਣਾਵੀ ਰੀਪੋਰਟਿੰਗ' ਵਜੋਂ ਗਾਹਕ ਉਮੀਦਵਾਰਾਂ ਸਾਹਮਣੇ ਬਕਾਇਤ 'ਆਫਰ' ਪੇਸ਼ ਕੀਤੀ ਗਈ। ਇਥੇ ਉਮੀਦਵਾਰਾਂ ਨੇ ਵੀ ਆਪਣੀ ਛਵੀ ਨੂੰ ਸੁਧਾਰਨ ਹਿੱਤ ਯੋਗਤਾ ਅਨੁਸਾਰ ਪੈਸਾ ਵਹਾਉਣ 'ਚ ਕੋਈ ਸੰਕੋਚ ਨਹੀਂ ਕੀਤਾ। ਪੈਸਾ ਤਾਂ ਪਹਿਲਾਂ ਵੀ ਵਹਾਇਆ ਜਾਂਦਾ ਸੀ। ਮੀਡੀਆ ਲੋਕ ਰਾਏ ਬਣਾਉਣ 'ਚ ਸਹਿਯੋਗੀ ਭੂਮਿਕਾ ਨਿਭਾਉਂਦਾ ਰਿਹਾ ਹੈ। ਪਰ ਇਹ ਸਾਰਾ ਕਾਰੋਬਾਰ ਏਨਾ ਸ਼ਰੇਆਮ ਨਹੀਂ ਹੁੰਦਾ ਸੀ ਪਹਿਲਾਂ ਦਬੇ ਰੂਪ 'ਚ ਇਹ ਗੱਲਾਂ ਸਾਹਮਣੇ ਆਉਂਦੀਆਂ ਸਨ ਕਿ ਅਖਬਾਰ ਵਾਲੇ ਪੈਸੇ ਲੈ ਕੇ ਖਬਰ ਛਾਪਦੇ ਹਨ। ਨਾ ਮਿਲਣ 'ਤੇ ਛੁਪਾਉਂਦੇ ਹਨ ਹੂ-ਬ-ਹੂ ਐਸਾ ਨਹੀਂ ਹੁੰਦਾ ਪਰ ਪ੍ਰਧਾਨ ਗੱਲ ਤਾਂ ਇਹੀ ਹੈ ਕਿ ਜਿਸ ਦਾ ਪੈਸਾ ਉਸ ਦਾ ਪ੍ਰਚਾਰ, ਪਰ ਇਸ ਵਾਰੀ ਤਾਂ 'ਖਬਰ' ਲਾਉਣ ਦੀਆਂ ਵੀ ਬੋਲੀਆਂ ਲੱਗੀਆਂ। ਬਿਲਕੁਲ ਮੰਡੀ 'ਚ ਖੜ੍ਹੇ ਹੋ ਕੇ 'ਖ਼ਬਰ' ਨਾਮਕ ਮਾਲ ਵੇਚਦੇ ਜਿਵੇਂ ਕਹਿ ਰਹੇ ਹੋਣ : ਪੈਸਾ ਦਿਉ, ਖ਼ਬਰ ਲਓ, ਕਈ ਲੱਖ ਦਿਓ ਕਈ ਸਫੇ ਲਓ, ਕਰੋੜ ਦਿਓ ਅਖਬਾਰ ਲਓ ਆਦਿ-ਆਦਿ। ਮਹਾਂਰਾਸ਼ਟਰ ਚੋਣਾਂ ਸਬੰਧੀ ਜਾਣੇ ਪਹਿਚਾਣੇ ਪੱਤਰਕਾਰ ਪੀ ਸਾਈਨਾਥ ਦੀ ਰਿਪੋਰਟ ਦੱਸਦੀ ਹੈ ਕਿ ਪੂਰੇ ਚੁਣਾਈ ਕਾਲ 'ਚ ਲਗਭਗ 10 ਕਰੋੜ ਰੁਪਏ ਮੀਡੀਆ ਦੀ ਜੇਬ

’ਚ ਗਏ। ਇੰਨੀ ਵੱਡੀ ਰਾਸ਼ੀ ਸਿੱਧੀ ਇਸ਼ਤਿਹਾਰ ਵਜੋਂ ਨਹੀਂ ਆਈ ਬਲਕਿ ‘ਸਮਾਚਾਰ ਪੈਕੇਜ’ ਦੇ ਪ੍ਰਚਾਰ ਹਿੱਤ ਵਰਤੀ ਗਈ। ਸੂਤਰ ਦੱਸਦੇ ਹਨ ਕਿ ਇਸ ਚੁਣਾਈ ‘ਕਵਰੇਜ ਪੈਕੇਜ’ ਲਈ ਮੀਡੀਆ ਨੇ ਘੱਟੋ-ਘੱਟ 15 ਤੋਂ 20 ਲੱਖ ਰੁਪਏ ਤੱਕ ਦੀ ਬੋਲੀ ਲਾਈ ਗਈ ‘ਨੋ ਮਨੀ-ਨੋ ਨਿਊਜ਼’ ਦੀ ਥਿਊਰੀ ਦੀ ਸਦਾਚਾਰਪੂਰਵਕ ਪਾਲਣਾ ਕਰਦਿਆਂ ਮੀਡੀਆ ਉਦਯੋਗ ਨੇ ਦੱਬ ਕੇ ਕਮਾਈ ਕੀਤੀ ਉਥੇ ਕਰੋੜਪਤੀ ਉਮੀਦਵਾਰ ਮਹਿੰਗੇ ਤੋਂ ਮਹਿੰਗਾ ਚੁਣਾਵੀ ਪੈਕੇਜ ਲੈ ਕੇ ਆਪਣੀ ਸਾਫ਼ ਸੁਥਰੀ ਛਵੀ ਪਰੋਸਣ ’ਚ ਲੱਗੇ ਰਹੇ। ਜਿਹੋ ਜਿਹਾ ਮੁੱਲ ਉਹੋ ਜਿਹਾ ਕੰਮ। ਦਾਮ ਮੁਤਾਬਕ ਖਬਰ ਲਾ ਕੇ ਦਾਗੀ ਉਮੀਦਵਾਰਾਂ ਨੂੰ ਰਿਨ ਵਰਗੀ ਸਫੈਦੀ ’ਚ ਚਮਕਾ ਕੇ ਇਸ ਤਰ੍ਹਾਂ ਪਰੋਸਿਆ ਗਿਆ ਕਿ ਉਮੀਦਵਾਰ ਗ੍ਰਾਹਕਾਂ ਨੂੰ ਵੀ ਲੱਗੇ ਕਿ ਉਹਨਾਂ ਦਾ ਪੂਰਾ ਪੈਸਾ ਵਸੂਲ ਹੋਇਆ। ਕ੍ਰੇਤਾ ਵੀ ਖੁਸ਼, ਵਿਕ੍ਰੇਤਾ ਵੀ ਖੁਸ਼। ਇਹਨਾਂ ਚੁਣਾਵੀ ਸੌਦਿਆਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਖ਼ਬਰਾਂ ਦੇ ਵੱਖ-ਵੱਖ ਰੇਟ ਤਹਿ ਕੀਤੇ ਗਏ ਸਨ। ਜਿਵੇਂ ਇਕ ਉਮੀਦਵਾਰ ਦੇ ਪ੍ਰੋਫਾਇਲ ਲਈ ਵੱਖਰਾ ਰੇਟ ਆਪਣੀਆਂ ਪ੍ਰਾਪਤੀਆਂ ਲਈ ਵੱਖਰਾ ਰੇਟ, ਜੇ ਆਪ ’ਤੇ ਕੇਸ ਦਰਜ ਹੈ ਤਾਂ ਉਸ ਲਈ ਵੱਖਰਾ ਰੇਟ ਤਹਿ ਕਰਨਾ ਹੋਵੇਗਾ। ਦੱਸਦੇ ਹਨ ਕਿ ਮਹਾਂਰਾਸ਼ਟਰ ਵਿਧਾਨ ਸਭਾ ਵਿੱਚ ਜਿੰਨੇ ਵਿਧਾਇਕ ਚੁਣੇ ਗਏ ਉਹਨਾਂ ’ਚ 50 ਫੀਸਦੀ ਤੋਂ ਵੱਧ ’ਤੇ ਅਪਰਾਧਿਕ ਮਾਮਲੇ ਚੱਲ ਰਹੇ ਹਨ। ਪਰ ਪੈਸੇ ਦੀ ਤਾਕਤ ਨੇ ਐਸੀ ਚਮਕ ਮਾਰੀ ਕਿ ਉਹਨਾਂ ਦੇ ਦਾਗ-ਧੱਬੇ ਲੱਭਣੇ ਆਸਾਨ ਨਹੀਂ ਹਨ। ਉਮੀਦਵਾਰ ਗ੍ਰਾਹਕਾਂ ਦੀਆਂ ਚਰਿਤਰਗਤ ਮਹਾਨਤਾ ਦੀਆਂ ਅਜਿਹੀਆਂ ਤਸਵੀਰਾਂ ਪੇਸ਼ ਕੀਤੀਆਂ ਗਈਆਂ ਕਿ ਉਹਨਾਂ ’ਤੇ ਹੱਸੇ ਬਗੈਰ ਨਹੀਂ ਰਿਹਾ ਜਾ ਸਕਦਾ। ਮੁੱਖ ਮੰਤਰੀ ਅਸ਼ੋਕ ਚਵਾਨ ਦੀ ਤੁਲਨਾ ਸਮਰਾਟ ਅਸ਼ੋਕ ਚੱਕਰ ਨਾਲ ਕਰ ਦਿੱਤੀ।

ਐਸਾ ਨਹੀਂ ਕਿ ‘ਨੋ ਮਨੀ ਨੋ ਨਿਊਜ਼’ ਵਾਲੇ ਫਾਰਮੂਲੇ ਦੀ ਵਰਤੋਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ’ਚ ਹੀ ਹੋਈ ਹੈ। ਇਸ ਚੋਣ ਤੋਂ ਠੀਕ ਪਹਿਲਾਂ ਲੋਕ ਸਭਾ ਚੋਣਾਂ ਮੌਕੇ ਅਜਿਹੇ ਕਾਰਨਾਮੇ ਖੁੱਲ੍ਹੇਆਮ ਦੇਖਣ-ਸੁਨਣ ਨੂੰ ਮਿਲੇ ਹਨ। ਇਕ ਨਮੂਨਾ ‘ਹਿੰਦੁਸਤਾਨ’ ਅਖਬਾਰ ਦਾ ਹੀ ਲੈਂਦੇ ਹਾਂ। ਉਤਰਪ੍ਰਦੇਸ਼ ਦੇ ਵਾਰਾਣਸੀ ਸ਼ਹਿਰ ’ਚ 16 ਅਪ੍ਰੈਲ ਤੋਂ ਠੀਕ ਇਕ ਦਿਨ ਪਹਿਲਾਂ 15 ਅਪ੍ਰੈਲ ਨੂੰ ਅਖਬਾਰ ਦਾ ਪਹਿਲਾਂ ਪੰਨਾ ਇਸ਼ਤਿਹਾਰ ਨੁਮਾ ਖਬਰ ਵਜੋਂ ਪੇਸ਼ ਸੀ। ਪਰ ਪੇਸ਼ਕਾਰੀ ਅਜਿਹੀ ਕਿ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਹੋ ਜਾਵੇ ਕਿ ਇਸ਼ਤਿਹਾਰ ਵਜੋਂ ਹੈ। ਉਸ ’ਚ ਛਪੀ ਖ਼ਬਰ ਲੈ ਕੇ ਇਕ ਹੀ ਉਮੀਦਵਾਰ ਦੀ ਕਸੀਦਾਕਾਰੀ ਕਰਦਿਆਂ ਦਸ ਰਹੀ ਸੀ। ਉਹਨੀਂ ਦਿਨੀਂ ਚੁਣਾਵੀ ਇਸ਼ਤਿਹਾਰਾਂ ਨੂੰ ‘ਖ਼ਬਰ’ ਵਜੋਂ ਛਾਪਣ ਲਈ ‘ਦੈਨਿਕ ਜਾਗਰਨ’ ਤੇ ‘ਹਿੰਦੂ ਸਤਾਨਤਾ’ ਚੰਗੀ ਖਾਸ ਰਕਮ ਵਸੂਲ ਰਹੇ ਸਨ। ਮੁਖਧਾਰਾ ਦੀ ਪਾਰਟੀ ਦੇ ਲਗਭਗ ਹਰ ਉਮੀਦਵਾਰ ਤੋਂ ਬਿਨ੍ਹਾਂ ਰਸ਼ੀਦ 10 ਤੋਂ 20 ਲੱਖ ਰੁਪਏ ਬਟੋਰਨ ਦੀਆਂ ਖ਼ਬਰਾਂ ਵੀ ਰਹੀਆਂ ਹਨ। ਜਿਸ ਦੇ ਬਦਲ ’ਚ ਇਸ਼ਤਿਹਾਰ ਨੁਮਾ ਇਕ-ਇਕ ਪੇਜ਼ ਦੀਆਂ ਤਸਵੀਰਾਂ ਛਾਪੀਆਂ ਗਈਆਂ। ਉਧਰ ਖਬਰ ਵੀ ਮਿਲਣ ਵਾਲੇ ਪੈਸੇ ਦੇ ਹਿਸਾਬ ਨਾਲ ਬਣਾਈਆਂ ਜਾ ਰਹੀਆਂ ਸਨ। ਇਹ ਸਭ ਕੁਝ ਉਦੋਂ ਕੀਤਾ ਜਾ ਰਿਹਾ ਸੀ ਜਦ ਚੋਣਾਂ ਦਾ ਐਲਾਨ ਹੋ ਚੁੱਕਿਆ ਸੀ। ਕੋਡ ਆਫ਼ ਕੰਡਕ ਲਾਗੂ ਸੀ। ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਸਰਕਾਰੀ ਖਜ਼ਾਨੇ ’ਚ ਜਮ੍ਹਾ ਹੁੰਦੀ ਰਹਿੰਦੀ ਹੈ। ਇਸ ਦੀ ਵਰਤੋਂ ਇਹ ਲੋਕ ਆਗੂ ਸਚਮੁੱਚ ਆਪਣਾ ਚਿਹਰਾ ਚਮਕਾਉਣ ਲਈ ਖਰਚ ਕਰਦੇ ਰਹਿੰਦੇ ਹਨ ਅਤੇ ਕਰਦੇ ਸਨ। ਉਦਾਰ ਖਬਰਚੀ ਉਦਯੋਗ ਦੇ ਮਾਲਿਕਾਨ ‘ਖ਼ਬਰ’ ਨਾਮਕ ਮਾਲ ਦੀ ਸਪਲਾਈ ਐਂਡ ਡੀਮਾਂਡ ਦੇ ਨਿਯਮ ਨਾਲ ਬੀਪਰ ਮੁਨਾਫਾ ਕਮਾਉਣ ’ਚ ਜੁੜੇ

ਰਹਿੰਦੇ ਹਨ। ਬਾਜ਼ਾਰ ਵਿਵਸਥਾ ਦਾ ਸੱਚ ਇਹੀ ਹੈ।

ਇਸ ਵਰਤਾਰੇ 'ਤੇ ਕਈ ਬੁੱਧੀਜੀਵੀਗਨ ਇਉਂ ਬੋਲ ਰਹੇ ਹਨ ਜਿਵੇਂ ਉਨ੍ਹਾਂ ਨੂੰ ਪਤਾ ਹੀ ਨਾ ਹੋਵੇ ਕਿ 'ਆਦਰਸ਼', 'ਨੈਤਿਕਤਾ', 'ਸ਼ੁਚਿਤਾ' ਵਰਗੇ ਸ਼ਬਦਾਂ ਦਾ ਵੀ ਜਮਾਤੀ ਕਿਰਦਾਰ ਹੁੰਦਾ ਹੈ। ਹੁਣ ਵਿਸ਼ਣੂ ਪਰਾਡਕਰ ਤੇ ਗਣੇਸ਼ ਸ਼ੰਕਰ ਵਿਦਿਆਰਥੀ ਦੀ ਪੱਤਰਕਾਰਿਤਾ ਦੀ ਸਿਰਫ ਦੁਹਾਈ ਦੇ ਕੇ ਕੁਝ ਨਹੀਂ ਕਰ ਸਕਦੇ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਬਸਤੀਵਾਦ ਵਿਰੁੱਧ ਸੰਘਰਸ਼ ਦੌਰਾਨ ਵਧੀ ਫੁਲੀ ਕੌਮੀ ਚੇਤਨਾ ਨਾਲ ਲੈਸ ਉਸ ਵੇਲੇ ਦੀ ਪੱਤਰਕਾਰਿਤਾ ਦੀ ਜ਼ਮੀਨ ਕੌਮੀ ਪੂੰਜੀ ਦੇ ਹਿੱਤਾਂ ਦੇ ਅਨੁਕੂਲ ਸੀ। ਇਹ ਦੌਰ ਕੌਮੀ ਅੰਦੋਲਨ ਦੇ ਦੌਰ ਵਾਂਗੂੰ ਨਹੀਂ ਹੈ, ਜਦ ਜਨਹਿੱਤਾਂ ਦੇ ਉਲਟ ਹਿੱਤ ਰੱਖਣ ਵਾਲੀ ਸਰਮਾਏਦਾਰ ਜਮਾਤ ਅੰਗ੍ਰੇਜ਼ੀ ਹਕੂਮਤ ਖਿਲਾਫ਼ ਲੋਕਾਂ ਦੇ ਨਾਲ ਖੜ੍ਹੇ ਹੋ ਰਹੇ ਹੋਣ। ਅੱਜ ਸੱਤਾ ਉਨ੍ਹਾਂ ਦੇ ਹੱਥਾਂ ਵਿੱਚ ਹੈ ਤੇ ਲੁੱਟ ਦੀ ਪੂਰੀ ਮਸ਼ੀਨਰੀ ਨੂੰ ਉਹ ਆਪਣੇ ਗੋਰੇ ਪੂਰਵਜਾਂ ਤੋਂ ਵੀ ਵੱਧ ਕੁਸ਼ਲਤਾ ਨਾਲ ਚਲਾ ਰਹੇ ਹਨ। ਹਕੀਕਤ ਇਹ ਹੈ ਕਿ ਜੋ ਸਮਾਜਕ ਬਟਵਾਰਾ ਸਾਨੂੰ ਭੌਤਿਕ ਜੀਵਨ 'ਚ ਵੇਖਣ ਨੂੰ ਮਿਲਦਾ ਹੈ, ਵੈਸਾ ਹੀ ਵਿਚਾਰਾਂ ਦੀ ਦੁਨੀਆਂ 'ਚ ਮੌਜੂਦ ਹੈ। ਅੱਜ ਸਵਰਗਵਾਸੀ ਮਰਨ ਕੰਢੇ ਪੂੰਜੀਵਾਦ ਦਾ ਦੌਰ ਹੈ ਜੋ ਆਪਣੀ ਸਮੁੱਚੀ ਸਰਗਰਮੀ ਤੇ ਤਰਕਸ਼ੀਲਤਾ ਗੁਆ ਚੁੱਕਿਆ ਹੈ। ਕਾਰਪੋਰੇਟੀਕਰਨ ਦਾ ਬੋਲਬਾਲਾ ਹੈ। ਉਸ ਦੀ ਪੂੰਜੀ ਮੀਡੀਆ ਜਗਤ ਦੀਆਂ ਧਮਨੀਆਂ ਵਿੱਚ ਵਹਿ ਰਹੀ ਹੈ। ਇਸ ਲਈ ਮੀਡੀਆ ਜਗਤ ਦੇ ਧਨਲੋਲੁਪ ਕ੍ਰਿਆ-ਕਲਪਾਂ ਦੀ ਉਦਾਹਰਨ ਨੂੰ ਮੌਜੂਦਾ ਰਾਜਸੀ ਵਿਵਸਥਾ ਅਤੇ ਅਰਥਤੰਤਰ ਦੀ ਉਦਾਹਰਨ ਵਜੋਂ ਵੇਖੇ ਜਾਣ ਦੀ ਲੋੜ ਹੈ। ਜੈਸੀ ਪੂੰਜੀ ਵੈਸਾ ਰੂਪ, ਜਿਸ ਦੀ ਪੂੰਜੀ ਉਸਦਾ ਗੁਣਗਾਨ, ਹਿੰਦੂ ਜਾ, ਆਈ. ਬੀ. ਐੱਨ. ਟੂਡੇ ਗਰੁੱਪ ਜਾਂ ਸ਼ੋਭਨਾ ਭਰਤਿਆ ਨੇ ਮੀਡੀਆ ਉਦਯੋਗ 'ਚ ਪੂੰਜੀ ਨਿਵੇਸ਼ ਮੁਨਾਫ਼ਾ ਕਮਾਉਣ ਲਈ ਕੀਤਾ ਹੈ। ਘੱਟ ਖ਼ਰਚ ਵੱਧ ਮੁਨਾਫ਼ਾ ਹੀ ਇਸ ਦਾ ਮੂਲ ਮੰਤਰ ਹੈ। ਸੂਚਨਾ ਸਮਾਚਾਰ ਖੇਤਰ ਅੱਜ ਵਾਧੂ ਮੁਨਾਫ਼ਾ ਕਮਾਉਣ ਵਾਲੇ ਸੈਕਟਰਾਂ ਵਿੱਚੋਂ ਇਕ ਹੈ। ਅੱਜ ਦੇ ਦੌਰ ਵਿਚ ਕਾਰਪੋਰੇਟ ਲੀਗ ਮੀਡੀਆ ਨੂੰ ਇਸ਼ਤਿਹਾਰ ਦਿੰਦੇ ਹਨ ਜਿਸ ਨਾਲ ਮੀਡੀਆ ਦੀ ਹਰ ਸਾਲ ਲਗਭਗ 18000 ਕਰੋੜ ਰੁਪਏ ਦੀ ਕਮਾਈ ਹੁੰਦੀ ਹੈ। ਸਰਕਾਰੀ ਇਸ਼ਤਿਹਾਰਾਂ ਨਾਲ ਕਾਗਜ਼ ਕੋਟੇ ਤੋਂ ਮਿਲਣ ਵਾਲੀ ਕਮਾਈ ਤਾਂ ਹੈ ਹੀ ਅਜਿਹੇ 'ਚ ਮੀਡੀਆ ਜਗਤਾ ਦੇ ਪੱਖਪਾਤੀ ਹੋਣ ਬਾਰੇ ਭੁਲੇਖੇ 'ਚ ਰਹਿਣ ਦੀ ਲੋੜ ਨਹੀਂ ਹੈ। ਕੀ ਇਹ ਬਿਨਾਂ ਕਾਰਨ ਹੈ ਕਿ ਜਦ ਦੇਸ਼ ਦੇ ਕਈ ਹਿੱਸਿਆਂ ਵਿੱਚ ਆਦੀਵਾਸੀਆਂ ਨੂੰ ਉਹਨਾਂ ਦੀ ਜਗ੍ਹਾ-ਜ਼ਮੀਨ ਤੋਂ ਉਜਾੜਿਆ ਜਾਂਦਾ ਹੈ ਤਾਂ ਖਬਰ ਗਾਇਬ ਰਹਿੰਦੀ ਹੈ? ਕੀ ਇਹ ਬਿਨ੍ਹਾਂ ਕਾਰਨ ਹੈ ਕਿ ਦਾਰਜੀਲਿੰਗ ਤੋਂ ਲੈ ਕੇ ਅਸਮ ਤੱਕ ਦੇ ਚਾਹ ਬਾਗਾਂ ਦੇ ਮਜ਼ਦੂਰ ਆਪਣੇ ਹੱਕਾਂ ਦੀ ਆਵਾਜ਼ ਉਠਾਉਂਦੇ ਹਨ ਤਾਂ ਖ਼ਬਰ ਗਾਇਬ ਮਿਲਦੀ ਹੈ? ਇਹੀ ਨਹੀਂ ਕੁਝ ਖ਼ਬਰਾਂ ਨੂੰ ਲਗਾਤਾਰ ਗਾਇਬ ਕਰਨਾ, ਕੁਝ ਖਬਰਾਂ ਨੂੰ ਸਨਸਨੀ ਤਰੀਕੇ ਨਾਲ ਪਰੋਸਨਾ ਕਿ ਆਦਮੀ ਕੁਝ ਸੋਚ ਹੀ ਨਾ ਸਕੇ। ਇਸ ਦਾ ਕੀ ਮਤਲਬ ਹੈ। ਜੇ ਕੁਝ ਖਬਰਾਂ ਬਾਹਰ ਆਉਂਦੀਆਂ ਵੀ ਹਨ ਤਾਂ ਉਹ ਅੰਦਰੂਨੀ ਖਿਚੋਤਾਣ ਦਾ ਸਿੱਟਾ ਹਨ। ਮੀਡੀਆ ਆਪਣੇ ਜਮਾਤੀ ਕਿਰਦਾਰ ਮੁਤਾਬਕ ਹੀ ਵਿਹਾਰ ਕਰ ਰਿਹਾ ਹੈ। ਇਸ ਤੋਂ ਕੋਈ ਉਮੀਦ ਕਰਨੀ ਮੂਰਖਤਾ ਹੈ।

# ਮਾਇਆ ਦੀ ਮਾਲਾ ਬਨਾਮ ਭਾਰਤੀ ਪੂੰਜੀਵਾਦ

ਬਹੁਜਨ ਸਮਾਜ ਪਾਰਟੀ ਦੇ 25ਵੇਂ ਸਥਾਪਨਾ ਦਿਵਸ ’ਤੇ ਪਿਛਲੇ ਦਿਨੀਂ ਬਸਪਾ ਦੀ ਨੇਤਾ ਤੇ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੂੰ ਕਰੋੜਾਂ ਰੁਪਏ ਦੇ ਨੋਟਾਂ ਦੇ ਹਾਰ ਪਹਿਨਾਏ ਗਏ। ਚੈਨਲ ਵਾਲਿਆਂ ਨੇ ਬਕਾਇਦਾ ਹਜ਼ਾਰ-ਹਜ਼ਾਰ ਦੇ ਨੋਟਾਂ ਦਾ ਹਿਸਾਬ ਲਾ ਕੇ ਦੱਸਿਆ ਕਿ ਹਾਰ ’ਚ ਘੱਟੋ-ਘੱਟ 22 ਕਰੋੜ ਦੇ ਨੋਟ ਤਾਂ ਹੋਣਗੇ ਹੀ। ਵੈਸੇ ਤਾਂ ਮਾਇਆਵਤੀ ਹਰ ਸਾਲ ਆਪਣੇ ਜਨਮ ਦਿਨ ’ਤੇ ਕਰੋੜਾਂ ਰੁਪਏ ਦੇ ਤੋਹਫੇ ਬਟੋਰਦੀ ਸੀ ਇਸ ਲਈ ਉਹਨਾਂ ਦੇ ਉਤਸ਼ਾਹੀ ਹਮਾਇਤੀ ਸੂਬੇ ਭਰ ’ਚ ਸਰਕਾਰੀ ਮਸ਼ੀਨਰੀ ਤੇ ਧੌਂਸ ਦੀ ਵਰਤੋਂ ਕਰਕੇ ਜਬਰੀ ਵਸੂਲ ਦੱਬ ਕੇ ਕਰਦੇ ਸਨ। ਜੇ ਇਹਨਾਂ ਤੋਫਿਆਂ ਨੂੰ ਪਾਰਟੀ ਫੰਡ ਲਈ ‘ਲੋਕਾਂ ਦਾ ਸਹਿਯੋਗ’ ਕਹਿ ਕੇ ਅਜਿਹੇ ਦੋਸ਼ ਖਾਰਜ ਕਰ ਦਿੱਤੇ ਜਾਂਦੇ ਸਨ। ਪਰ ਏਨਾ ਕੌਂਡਾ ਵਰਗੀ ਇਸ 22 ਕਰੋੜ ਦੀ ਮਾਲਾ ਨੂੰ ਛੁਪਾਉਣਾ ਮੁਸ਼ਕਲ ਸੀ। ਸਾਰੀਆਂ ਪਾਰਟੀਆਂ ਵਾਲੇ ਫੌਰਨ ਟੁੱਟ ਪਏ। ਇਸ ਦੇ ਜੁਆਬ ’ਚ ਬਸਪਾ ਨੇ ਅਗਲੇ ਦਿਨ ਫਿਰ ਮਾਇਆਵਤੀ ਨੂੰ 18 ਲੱਖਾਂ ਦੇ ਨੋਟਾਂ ਦੀ ਮਾਲਾ ਪਹਿਨਾਈ ਤੇ ਐਲਾਨ ਕਰ ਦਿੱਤਾ ਕਿ ਉਹ ਵਾਰ-ਵਾਰ ਮਾਇਆਵਤੀ ਨੂੰ ਅਜਿਹੀਆਂ ਮਾਲਾਵਾਂ ਪਹਿਨਾਉਂਦੇ ਰਹਿਣਗੇ। ਦੂਜੀਆਂ ਪਾਰਟੀਆਂ ਨੂੰ ਇਸ ਦੀ ਨਿੰਦਾ ਕਰਨ ਦਾ ਕੋਈ ਹੱਕ ਨਹੀਂ ਕਿਉਂਕਿ ਉਹਨਾਂ ਦੇ ਨੇਤਾ ਵੀ ਖੁਦ ਸੋਨੇ ਦਾ ਮੁਕਟ ਪਹਿਨਦੇ ਹਨ ਤਾਂ ਕਦੀ ਚਾਂਦੀ ਦੀ ਤਲਵਾਰ ਹਾਸਲ ਕਰਦੇ ਹਨ ਆਦਿ। ਵਾਹ ਕੀ ਤਰਕ ਹੈ! ਇਸ ਦੇਸ਼ ਦੀ ਤਿੰਨ ਚੌਥਾਈ ਆਬਾਦੀ ਬੇਹੱਦ ਗਰੀਬੀ ਵਿੱਚ ਜਿਉਂਦੀ ਹੈ। 84 ਕਰੋੜ ਲੋਕ ਸਿਰਫ਼ 20 ਰੁਪਏ ਰੋਜ਼ ਦਿਹਾੜੀ ’ਤੇ ਗੁਜ਼ਾਰਾ ਕਰਦੇ ਹਨ ਅਤੇ ਉੱਤਰ ਪ੍ਰਦੇਸ਼ ਦੀ ਅਬਾਦੀ ਵਿਚ ਗਰੀਬਾਂ ਦਾ ਪ੍ਰਤੀਸ਼ਤ ਸਭ ਤੋਂ ਵੱਧ ਹੈ। ਜਿਸ ਦਲਿਤ ਆਬਾਦੀ ਦੀ ਮਾਇਆਵਤੀ ਆਗੂ ਹੋਣ ਦਾ ਦਾਅਵਾ ਕਰਦੀ ਹੈ ਉਸ ਦਾ 90 ਫੀਸਦੀ ਤੋਂ ਵੱਧ ਹਿੱਸਾ ਜਾਨ ਲੇਵਾ ਤੇ ਅਪਮਾਨਜਨਕ ਗਰੀਬੀ ’ਚ ਡੁੱਬਿਆ ਹੋਇਆ ਹੈ। ਜੇ ਮਾਇਆਵਤੀ ਇਹਨਾਂ ਦੱਬੇ ਕੁਚਲੇ ਲੋਕਾਂ ਦੀ ਆਰਥਕ-ਰਾਜਸੀ ਤੇ ਸਭਿਆਚਾਰ ਮੁਕਤੀ ਲਈ ਕੁਝ ਕਰਨ ਦੀ ਬਜਾਏ ਅਰਬਾਂ ਦੀ ਜਾਇਦਾਦ ਇਕੱਠੀ ਕਰਨ ਤੇ ਖੁਦ ਨੂੰ ਜੀਵਤ ਦੇਵੀ ਐਲਾਨਣ ’ਚ ਲੱਗੀ ਹੋਈ ਹੈ। ਅੱਜ ਜੇ ਅੰਬੇਦਕਰ ਹੁੰਦੇ ਤਾਂ ਉਹਨਾਂ ਦੇ ਨਾਂ ’ਤੇ ਕੀਤੀ ਜਾ ਰਹੀ ਰਾਜਨੀਤੀ ਦੇ ਇਸ ਰੂਪ ਨੂੰ ਵੇਖ ਕੇ ਉਹ ਵੀ ਸ਼ਰਮਾ ਜਾਂਦੇ। ਦਲਿਤ ਮੁਕਤ ਦੇ ਪ੍ਰੋਜੈਕਟ ਸਬੰਧੀ ਅੰਬੇਦਕਰ ਦੇ ਚਾਹੇ ਜੋ ਵੀ ਵਿਚਾਰ ਹੋਣ, ਉਹ ਪੱਛਮੀ ਪੂੰਜੀਵਾਦੀ ਜਮਹੂਰੀਅਤ ਦੀ ਗੱਲ ਕਰਦੇ ਸਨ ਜਿਸ ’ਚ ਲੋਭ-ਲਾਲਚ ਤੇ ਅੰਨੀ ਲਾਲਸਾ ਦੇ ਅਜਿਹੇ ਭੱਦੇ ਪ੍ਰਦਰਸ਼ਨ ਕਈ ਥਾਂ ਨਹੀਂ ਸੀ। ਇਹ ਗੱਲ ਪੂਰੀ ਤਰ੍ਹਾਂ ਸਹੀ ਹੈ ਕਿ ਦੂਜੀਆਂ ਪਾਰਟੀਆਂ ਦੇ ਨੇਤਾ ਭਲਾ ਕਿਸ ਮੂੰਹ ਨਾਲ ਮਾਇਆਵਤੀ ਦੇ ਹਾਰ ਦੀ ਨਿੰਦਾ ਕਰਨਗੇ? ਉਹਨਾਂ ਵਿਚੋਂ ਕੋਈ ਚਾਂਦੀ ਦੇ ਸਿੰਘਾਸਨ ’ਤੇ ਬੈਠਦਾ ਹੈ, ਕੋਈ ਮੰਚ ’ਤੇ ਸੋਨੇ ਦਾ ਮੁਕਟ ਧਾਰਨ ਕਰਦਾ ਹੈ, ਕੋਈ ਚਾਂਦੀ ਦੀ ਤਲਵਾਰ ਸਵੀਕਾਰ ਕਰਦਾ ਹੈ ਤਾਂ ਕਿਸੇ ਨੂੰ ਲੱਖਾਂ ਦੇ ਸਿੱਕਿਆਂ ਨਾਲ ਤੋਲਿਆ ਜਾਂਦਾ ਹੈ। ਜਾਹਿਰ ਹੈ ਇਹਨਾਂ ਪਾਰਟੀਆਂ ਦੀ ਜ਼ਮੀਨ ’ਦੇ ਖੜ੍ਹੇ ਹੋਏ ਮਾਇਆਵਤੀ ਦੀ ਨਿੰਦਾ ਕਰਨ ਦੀ ਕੋਈ ਤੁਕ ਨਹੀਂ। ਪਰ ਕੀ ਇਸ ਦਾ ਜੁਆਬ

ਇਹੋ ਹੈ ਕਿ ਜੋ ਜੋ ਇਹਨਾਂ ਪਾਰਟੀਆਂ ਤੇ ਨੇਤਾਵਾਂ ਨੇ ਕੀਤਾ ਹੈ। ਉਹ ਸਭ ਅਸੀਂ ਵੀ ਕਰਾਂਗੇ, ਉਹਨਾਂ ਤੋਂ ਵੀ ਚਾਰ ਕਦਮ ਅੱਗੇ ਵੱਧ ਕੇ ਕਰਾਂਗੇ। ਕੀ ਅਰਬਾਂ ਰੁਪਏ ਖਰਚ ਕਰਦੇ ਦਿਉਂ ਕੱਦ ਸਮਾਰਕ ਤੇ ਮੂਰਤੀਆਂ ਬਣਾਉਣ ਨਾਲ ਦਲਿਤ ਮੁਕਤੀ ਦਾ ਪ੍ਰੋਜੈਕਟ ਇਕ ਕਦਮ ਵੀ ਅੱਗੇ ਵਧੇਗਾ? ਮੰਨਿਆ ਕਿ ਸਦੀਆਂ ਤੋਂ ਅਪਮਾਨਿਤ ਵਾਂਝੀ ਦਲਿਤ ਅਬਾਦੀ 'ਚ ਇੱਜ਼ਤ ਮਾਣ ਦੀ ਇੱਛਾ ਪ੍ਰਬਲ ਹੈ ਪਰ ਬਹੁਗਿਣਤੀ ਦਲਿਤ ਆਬਾਦੀ ਦੇ ਜੀਵਨ ਦੀਆਂ ਅਪਮਾਨਜਨਕ ਹਾਲਤਾਂ ਨੂੰ ਖਤਮ ਕੀਤੇ ਬਿਨ੍ਹਾਂ ਕੀ ਉਹਨਾਂ ਨੂੰ ਸਮਾਜ 'ਚ ਇੱਜ਼ਤ ਤੇ ਬਰਾਬਰੀ ਹਾਸਲ ਹੋ ਸਕਣਗੇ?

ਦਲਿਤ ਅਵਾਮ ਦੀ ਮੁਕਤੀ ਬਾਰੇ ਡਾ. ਅੰਬੇਦਕਰ ਦੇ ਵਿਚਾਰ ਯੂਟੋ ਪੀ ਆਈ ਸਨ। ਮੰਦਰ ਪ੍ਰਵੇਸ਼ ਜਾਂ ਬੋਧ ਧਰਮ ਸਵੀਕਾਰ ਕਰ ਲੈਣ ਨਾਲ ਜਾਂ ਕੁਝ ਫੀਸਦੀ ਦਲਿਤਾਂ ਨੂੰ ਰਾਖਵਾਂਕਰਨ ਮਿਲ ਜਾਣ ਨਾਲ ਅਨਸੂਚਿਤ ਜਾਤੀਆਂ ਦੀ ਭਾਰੀ ਅਬਾਦੀ ਦੇ ਜੀਵਨ 'ਚ ਕੋਈ ਖਾਸ ਫਰਕ ਨਹੀਂ ਪੈਣਾ ਸੀ। ਸੱਤਾ ਬਦਲੀ ਦੇ 62 ਸਾਲਾਂ ਦੇ ਅਨੁਭਵ ਨੇ ਇਹੋ ਸਾਬਤ ਕੀਤਾ ਹੈ। ਇਸ ਦੇਸ਼ ਦੇ ਸਮਾਜਕ ਤਾਣੇਬਾਣੇ ਵਿੱਚ ਹਜ਼ਾਰਾਂ ਸਾਲਾਂ ਤੋਂ ਜਮਹੂਰੀਅਤ ਦੀ ਘਾਟ ਰਹੀ ਹੈ। ਜਿਸਨੂੰ 200 ਸਾਲਾਂ ਦੀ ਗੁਲਾਮੀ ਨੇ ਹੋਰ ਵਧਾ ਦਿੱਤਾ। ਦਲਿਤ ਜਾਤੀਆਂ ਦੀ ਬੇਰਹਿਮ ਲੁੱਟ ਇਸ ਸਮਾਜਕ ਢਾਂਚੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਰਹੀ ਹੈ। ਰਵਾਇਤਾਂ, ਰੀਤੀ ਰਿਵਾਜ਼ਾਂ ਕਰਮਕਾਂਡਾ ਤੇ ਦੇਵੀ ਦੇਵਤਿਆਂ ਦੇ ਨਾਂ 'ਤੇ ਦਲਿਤ ਜਾਤੀਆਂ 'ਤੇ ਜਬਰ, ਲੁੱਟ ਘਸੁੱਟ ਤੇ ਅਪਮਾਨ ਦਾ ਕਹਿਰ ਵਰਤਾਇਆ ਜਾਂਦਾ ਰਿਹਾ ਹੈ। ਗਰੀਬਾਂ ਨੂੰ ਲੁੱਟ ਤੇ ਨਿਚੋੜ ਕੇ ਸਮਾਜ ਦੇ ਹੈਸੀਅਤਦਾਰ ਲੋਕ ਆਪਣੀਆਂ ਵਿਲਾਸਤਾਵਾਂ ਤੇ ਸਨਕਾਂ 'ਤੇ ਪਾਣੀ ਵਾਂਗੂੰ ਪੈਸਾ ਵਹਾਉਂਦੇ ਅਤੇ ਜਸ਼ਨ ਮਨਾਉਂਦੇ ਰਹੇ ਹਨ। ਅਜਿਹੇ 'ਚ ਜਿਸ ਆਬਾਦੀ ਦੇ ਲੋਕਾਂ 'ਚ ਨਾਇਕ ਪੂਜਾ ਤੇ ਦੇਵੀ ਪੂਜਾ ਤੋਂ ਸਭ ਤੋਂ ਵੱਧ ਨਫ਼ਰਤ ਹੋਣੀ ਚਾਹੀਦੀ ਸੀ ਉਹ ਜੇ 'ਜੀਵਤਦੇਵੀ' ਨੂੰ ਬਰਦਾਸ਼ਤ ਕਰ ਰਹੇ ਹਨ ਤਾਂ ਇਹ ਸਮਾਜ ਤਬਦੀਲੀ ਦੀ ਚਾਹਤ ਰੱਖਣ ਵਾਲੇ ਲੋਕਾਂ ਲਈ ਇਹ ਬੇਹੱਦ ਚਿੰਤਾ ਦਾ ਵਿਸ਼ਾ ਹੈ। ਜਿਸ ਫਿਰਕੇ ਦੇ ਨੌਜਵਾਨਾਂ 'ਚ ਐਸ਼ ਦੇ ਅਜਿਹੇ ਭੱਦੇ ਤਮਾਸ਼ਿਆ ਪ੍ਰਤੀ ਨਫ਼ਰਤ ਭਰੀ ਹੋਣੀ ਚਾਹੀਦੀ ਸੀ। ਉਹ ਜੇ ਉਸ ਵਿਰੁੱਧ ਆਵਾਜ਼ ਨਹੀਂ ਉਠਾਉਂਦੇ ਤਾਂ ਇਸ ਨੂੰ ਕਦੀ ਮਾਨਤਾ ਨਹੀਂ ਦਿੱਤੀ ਜਾ ਸਕਦੀ। ਇਹ ਸਭ ਮਹਿਜ ਇਸ ਲਈ ਮੰਨ ਲਿਆ ਜਾਂਦਾ ਹੈ ਕਿ ਉਹਨਾਂ ਦੇ ਵਿਚੋਂ ਹੀ ਉਪਰ ਉੱਠ ਕੇ ਕੋਈ ਬੰਦਾ ਉਹੀ ਸਭ ਕੁਝ ਕਰ ਰਿਹਾ ਹੈ ਕਿ ਜੋ ਪਹਿਲਾਂ ਉਹਨਾਂ ਦੇ ਮਾਲਕ ਕਰਿਆ ਕਰਦੇ ਸਨ ਇਸ ਨਾਲ ਦਲਿਤ ਆਵਾਮ ਦੇ ਜਖਮੀ ਸਵੈਮਾਨ 'ਤੇ ਮਰਹਮ ਲਾਉਂਦਾ ਹੈ ਪਰ ਇਹ ਇਕ ਭਿਅੰਕਰ ਇਤਿਹਾਸਕ ਮਿੱਥ ਹੈ। ਇਹ ਆਪਣੇ ਆਪ ਨੂੰ ਝੂਠੀ ਤਸੱਲੀ ਦੇਣ ਤੋਂ ਸਿਵਾ ਹੋਰ ਕੁਝ ਵੀ ਨਹੀਂ ਹੈ। ਅੱਜ ਵੀ ਇਸ ਦੇਸ਼ ਦੀ ਬਹੁਗਿਣਤੀ ਦਲਿਤ ਅਬਾਦੀ ਪਿੰਡਾਂ 'ਚ ਗਰੀਬਾਂ ਤੇ ਭੁੱਖਮਰੀ ਦੀ ਦਲਦਲ 'ਚ ਫਸੀ ਹੋਈ ਹੈ। ਬੇਸ਼ੱਕ ਪੁਰਾਣੇ ਜਾਗੀਰੂ ਜਬਰ, ਲੁੱਟ-ਘਸੁੱਟ ਤੇ ਅਪਮਾਨ ਤੋਂ ਉਸ ਨੂੰ ਕੁਝ ਹੱਦ ਤੱਕ ਆਜ਼ਾਦੀ ਮਿਲੀ ਹੈ ਪਰ ਅੱਜ ਵੀ ਉਹ ਪੇਂਡੂ ਜੀਵਨ ਦੇ ਸਭ ਤੋਂ ਹੇਠਲੇ ਪਾਏਦਾਨ 'ਤੇ ਬਸ ਕਿਸੇ ਤਰ੍ਹਾਂ ਜਿਉਂ ਰਹੀ ਹੈ। ਪਿੰਡਾਂ ਤੋਂ ਉਜੜ ਕੇ ਸ਼ਹਿਰਾਂ 'ਚ ਮਜ਼ਦੂਰੀ ਕਰਨ ਵਾਲੀ ਗਰੀਬ ਆਬਾਦੀ 'ਚ ਵੀ ਦਲਿਤਾਂ ਦਾ ਬਹੁਤ ਵੱਡਾ ਹਿੱਸਾ ਹੈ ਜੋ ਬਸ ਜਿਉਣ ਲਾਇਕ ਮਜ਼ਦੂਰੀ 'ਤੇ ਨਰਕ ਤੋਂ ਵੀ ਬਦਤਰ ਹਾਲਤ 'ਚ ਰਹਿ ਕੇ ਕੰਮ ਕਰ ਰਹੇ ਹਨ। ਉਹਨਾਂ ਦੀ ਹਾਲਤ 'ਚ

ਇਹਨਾਂ ਸਾਰੇ ਡਰਾਮਿਆਂ ਨਾਲ ਕੀ ਤਬਦੀਲੀ ਆਉਣ ਵਾਲੀ ਹੈ? ਇਤਿਹਾਸ ਵਿੱਚ ਹਮੇਸ਼ਾ ਹੀ ਹਾਕਮ ਜਮਾਤ ਦੀ ਚੇਤਨਾ ਨੂੰ ਅਨਕੂਲਿਤ ਕਰਕੇ ਉਸ ਤੋਂ ਆਪਣੇ ਉਪਰ ਰਾਜ ਕਰਨ ਦੀ ਇਜਾਜ਼ਤ ਲੈਂਦੇ ਰਹੇ ਹਨ। ਇੱਥੇ ਵੀ ਅਜਿਹਾ ਹੀ ਹੋ ਰਿਹਾ ਹੈ। ਜਦ ਤੱਕ ਮਾਇਆਵਤੀ ਵਰਗੇ ਨੇਤਾਵਾਂ ਦਾ ਇਹ ਤਰਕ ਆਮ ਦਲਿਤ ਆਬਾਦੀ 'ਚ ਮਨਜ਼ੂਰ ਹੁੰਦਾ ਰਹੇਗਾ ਕਿ ਜੋ ਕੁਝ ਸਵਰਨ ਕਰਦੇ ਰਹੇ ਹਨ ਉਹੀ ਸਭ ਕੁਝ ਕਰਨ ਦੀ ਉਹਨਾਂ ਨੂੰ ਵੀ ਛੋਟ ਹੈ ਤਦ ਤੱਕ ਵਿਆਪਕ ਦਲਿਤ ਜਨਤਾ ਦੀ ਮੁਕਤੀ ਦਾ ਅਸਲੀ ਸੰਘਰਸ਼ ਅੱਗੇ ਨਹੀਂ ਵੱਧਣਾ। ਮਾਇਆਵਤੀ ਦੀ ਸਿਆਸਤ ਵਿਰੁੱਧ ਦਲਿਤ ਸਮਾਜ ਦੇ ਅੰਦਰੋਂ ਪੁਰਜ਼ੋਰ ਆਵਾਜ਼ਾਂ ਦਾ ਨਾਂ ਉਠਣਾ ਘੱਟੋ-ਘੱਟ ਜਮਹੂਰੀ ਚੇਤਨਾ ਦੀ ਘਾਟ ਨੂੰ ਦਰਸਾਉਂਦਾ ਹੈ। ਇਹ ਕਾਫੀ ਚਿੰਤਾ ਦੀ ਗੱਲ ਹੈ।

# ਪੂੰਜੀਵਾਦੀ ਇਨਸਾਫ਼ ਦਾ ਰਾਹ ਕਿੰਨਾ ਲੰਬਾ?

ਆਖਰ 27 ਮਾਰਚ, 2010 ਨੂੰ ਨਰੈਂਦਰ ਮੋਦੀ ਤੋਂ ਸੁਪਰੀਮ ਕੋਰਟ ਵਲੋਂ ਗਠਿਤ ਐਸ. ਆਈ. ਟੀ. (ਵਿਸ਼ੇਸ਼ ਜਾਂਚ ਦਲ) ਨੇ 2002 ਗੁਜਰਾਤ ਕਤਲੇਆਮ ਨਾਲ ਜੁੜੇ ਮਾਮਲਿਆਂ ਸਬੰਧੀ ਪੁੱਛਗਿੱਛ ਕਰ ਹੀ ਲਈ ਇਸ ਕਾਰਨ ਕਈ ਦਿਨਾਂ ਤੋਂ ਬਣੇ ਹੋਏ ਭੇਦ ਤੇ ਅਲਕਲ ਬਾਜੀਆ ’ਤੇ ਮੋਦੀ ਐਸ. ਆਈ. ਟੀ. ਦੇ ਸਾਹਮਣੇ ਪੇਸ਼ ਹੋਣਗੇ ਕਿ ਨਹੀਂ ਰੋਕ ਵੀ ਲੱਗ ਗਈ ਹੈ। ਯਾਦ ਹੋਵੇ ਕਿ 2002 ਗੁਜਰਾਤ ਕਤਲੇਆਮ ਦੇ ਬਾਰਾਂ ਵੱਡੇ ਕੇਸਾਂ ਦੀ ਜਾਂਚ ਲਈ ਐਸ. ਆਈ. ਟੀ. ਦੇ ਗਠਨ ਦਾ ਹੁਕਮ ਸੁਪਰੀਮ ਕੋਰਟ ਨੇ 2008 ਵਿੱਚ ਦਿੱਤਾ ਸੀ। ਖੁਦ ਸੁਪਰੀਮ ਕੋਰਟ ਇਸ ਗੱਲ ਨਾਲ ਸਹਿਮਤ ਸੀ ਕਿ ਰਾਜ ਸਰਕਾਰ ਦੇ ਅਧੀਨ ਆਜ਼ਾਦ ਤੇ ਨਿਰਪੱਖ ਜਾਂਚ ਸੰਭਵ ਨਹੀਂ। ਐਸ. ਆਈ. ਟੀ. ਵਲੋਂ ਮੋਦੀ ਨੂੰ ਸੰਮਨ ਜਾਰੀ ਕਰਨ ਦੀ ਮੁੱਖ ਵਜ੍ਹਾ ਗੁਜਰਾਤ ਕਤਲੇਆਮ ਦੌਰਾਨ ਗੁਲਬਰਗ ਹਾਊਸਿੰਗ ਸੁਸਾਇਟੀ ਕਾਂਡ ’ਚ ਮਾਰੇ ਗਏ ਕਾਂਗਰਸ ਦੇ ਸਾਬਕਾ ਐਮ. ਪੀ. ਇਹਸਾਨ ਜਾਫਰੀ ਦੀ ਪਤਨੀ ਜਾਕਿਆ ਜਾਫਰੀ ਵਲੋਂ ਦਰਜ ਕਰਵਾਈ ਗਈ ਸ਼ਿਕਾਇਤ ਹੈ ਜਿਸ ’ਚ ਉਹਨਾਂ ਨੇ ਮੋਦੀ, ਉਹਨਾਂ ਦੇ ਮੰਤਰੀ ਮੰਡਲ ਦੇ ਕਈ ਮੈਂਬਰਾਂ ਅਤੇ ਕਈ ਉੱਚ ਕੋਟੀ ਦੇ ਨੌਕਰਸ਼ਾਹਾਂ ਤੇ ਪੁਲਸ ਅਫਸਰਾਂ ’ਤੇ ਦੰਗਿਆਂ ਦੌਰਾਨ ਹਿੰਸਾ ਭੜਕਾਉਣ ’ਚ ਮਦਦ ਕਰਨ ਜਾਂ ਜਾਣ ਬੁਝ ਕੇ ਅਣਗਹਿਲੀ ਵਰਤਣ ਦਾ ਦੋਸ਼ ਹੈ। ਜੇ ਐਸ. ਆਈ. ਟੀ. ਦੀ ਜਾਂਚ ਸਹੀ ਦਿਸ਼ਾ ’ਚ ਅੱਗੇ ਵਧਦੀ ਹੈ ਅਤੇ ਆਪਣੇ ਤਰਕਸ਼ੀਲ ਸਿੱਟੇ ’ਤੇ ਪੁੱਜਦੀ ਹੈ ਤਾਂ ਮੋਦੀ ਸਮੇਤ 62 ਦੋਸ਼ੀਆਂ ਖਿਲਾਫ਼ ਤਾਜ਼ਾ ਐਫ ਆਈ ਆਰ ਦਰਜ ਕੀਤੀ ਜਾ ਸਕਦੀ ਹੈ। ਇਸ ਸੰਭਾਵਨਾ ਨਾਲ ਭਾਰਤ ਦੀ ਪ੍ਰਸਿੱਧ ਸੈਕੂਲਰ ਨਿਆਂਪ੍ਰਣਾਲੀ ਨਿਆਂਪਸੰਦ ‘ਸਿਵਲ ਸੋਸਾਇਟੀ’ ਖੁਸ਼ੀ ਦੇ ਰੌਂਅ ਵਿੱਚ ਹੈ। ਅਜਿਹੀ ਹਾਲਤ ’ਚ ਸੁਵਾਲ ਉੱਠਦਾ ਹੈ ਕਿ ਕੀ ਐਸ. ਆਈ. ਟੀ. ਵਲੋਂ ਕੀਤੀ ਜਾ ਰਹੀ ਤਹਿਕੀਕਾਤ ਵਾਕਿਆ ਹੀ ਗੁਜਰਾਤ ਕਤਲੇ ਆਮ ਦੇ ਕਰਤਾ ਧਰਤਿਆਂ ਨੂੰ ਸਜ਼ਾ ਦਿਵਾਉਣ ’ਚ ਅਤੇ ਪੀੜਤ ਨੂੰ ਨਿਆਂ ਦੇਣ ਵਿੱਚ ਸਫਲ ਹੋ ਸਕੇਗੀ? ਕੀ ਇਹ ਜਾਂਚ ਅਤੇ ਇਸ ਦੇ ਨਤੀਜ਼ੇ ਕਿਸੇ ਰੂਪ ’ਚ ਫਿਰਕੂ ਦੰਗਿਆਂ ’ਚ ਰਾਜ ਦੀ ਪ੍ਰਤੱਖ ਅਤੇ ਅਪ੍ਰਤੱਖ ਭੂਮਿਕਾ ’ਤੇ ਲਗਾਮ ਕਸ ਸਕੇਗੀ। ਇਹ ਗੱਲ ਕਿਸੇ ਤੋਂ ਛੁਪੀ ਨਹੀਂ ਹੈ ਕਿ ਜਿਹਨਾਂ 1500 ਤੋਂ 3000 ਲੋਕਾਂ ਨੇ ਇਸ ਭਿਅੰਕਰ ਕਤਲੇਆਮ ’ਚ ਆਪਣੀਆਂ ਜਾਨਾਂ ਗੁਆਈਆਂ ਉਹ ਕਿਸੇ ਸੁੱਤੇ ਸਿੱਧ ਤਰੀਕੇ ਨਾਲ ਹੋਏ ਦੰਗਿਆਂ ਦੀ ਭੇਂਟ ਨਹੀਂ ਚੜ੍ਹੇ, ਦੰਗੇ ਹੋਏ ਨਹੀਂ ਭੜਕਾਏ ਗਏ ਸਨ। ਫਰਵਰੀ–ਮਾਰਚ 2002 ਵਿੱਚ ਗੁਜਰਾਤ ’ਚ ਜੋ ਕੁਝ ਹੋਇਆ ਉਹ ਸੋਚੀ ਸਮਝੀ ਵਿਉਂਤ ਦਾ ਸਿੱਟਾ ਸੀ ਜਿਸ ਨੂੰ ਅਮਲੀ ਰੂਪ ਦੇਣ ਖਾਤਰ ਰਾਜ ਮਸ਼ੀਨਰੀ ਹਰ ਪੱਧਰ ’ਤੇ ਸ਼ਾਮਲ ਸੀ। ਐਸ. ਆਈ. ਟੀ. ਦੀ ਜਾਂਚ ਜੇ ਇਸ ਸਿੱਟੇ ’ਤੇ ਪਹੁੰਚ ਵੀ ਜਾਂਦੀ ਹੈ ਤਾਂ ਇਹ ਦੂਰ ਦੀ ਗੱਲ ਹੈ ਕਿ ਅਪਰਾਧੀਆਂ ਨੂੰ ਉਹ ਸਜ਼ਾ ਮਿਲੇਗੀ ਜਿਸ ਦੇ ਉਹ ਸੱਚੀ ਹੱਕਦਾਰ ਹਨ। ਇਥੇ ਮੁੱਦਾ ਸਿਰਫ ਐਸ ਆਈ ਟੀ ਦੀ ਭਰੋਸੇਯੋਗਤਾ ਦਾ ਨਹੀਂ ਹੈ ਐਸ. ਆਈ. ਟੀ. ਦੇ ਮੁੱਖੀ ਆਰ ਕੇ ਰਾਘਵਨ ਨੇ ਵਾਰ–ਵਾਰ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਆਪਣੀ ਪ੍ਰਤੀਬੱਧਤਾ ਜ਼ਾਹਿਰ ਕੀਤੀ ਹੈ। ਦੇਸ਼ ਭਰ ’ਚ

ਧਰਮ ਨਿਰਪੱਖ ਲੋਕਾਂ ਦੀ ਐਸ. ਆਈ. ਟੀ. ਵਲੋਂ ਪੇਸ਼ ਕੀਤੀ ਜਾਣ ਵਾਲੀ ਰਿਪੋਰਟ ਤੋਂ ਕਾਫ਼ੀ ਉਮੀਦਾਂ ਹਨ। ਪਰ ਅਜਿਹੇ ਕੇਸ 'ਚ ਜਿਥੇ ਖ਼ੁਦ ਰਾਜ ਦੀ ਭੂਮਿਕਾ ਹੀ ਇਕ ਫਾਸਿਸਟ ਸੰਗਰਕ ਦੀ ਰਹੀ ਹੋਵੇ ਉਥੇ ਮੁੱਠੀਭਰ ਲੋਕਾਂ ਦੇ ਇਮਾਨਦਾਰ ਹੋ ਜਾਣ ਨਾਲ ਅਤੇ ਇਮਾਨਦਾਰੀ ਦੇ ਨਾਲ ਨਿਆਂ ਲਈ ਸਿਰਫ਼ ਸੰਘਰਸ਼ ਕਰਨ ਨਾਲ ਭਵਿੱਖ 'ਚ ਅਜਿਹੀਆਂ ਭਿਅੰਕਰ ਘਟਨਾਵਾਂ 'ਤੇ ਰੋਕ ਨਹੀਂ ਲੱਗ ਸਕਦੀ। ਗੁਜਰਾਤ ਕਤਲੇਆਮ ਦੇ 8 ਲੰਮੇ ਸਾਲਾਂ ਬਾਅਦ ਵੀ ਜੇ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਬਣ ਸਕਦੇ ਹਨ ਅਤੇ ਕਨੂੰਨ ਦੇ ਡਰ ਬਗੈਰ ਖੁੱਲ੍ਹੇਆਮ ਆਜ਼ਾਦ ਘੁੰਮ ਸਕਦੇ ਹਨ ਤਾਂ ਇਹ ਆਪਣੇ ਆਪ 'ਚ ਇਸ ਦੇਸ਼ ਦੀ ਨਿਆਂ ਪ੍ਰਣਾਲੀ ਤੇ ਸੁਆਲੀਆ ਚਿੰਨ੍ਹ ਖੜ੍ਹਾ ਕਰਦਾ ਹੈ। ਜੇ ਇਹ ਮੰਨ ਲਿਆ ਜਾਵੇ ਕਿ ਸਾਰੇ 62 ਮੁੱਖ ਦੋਸ਼ੀਆਂ ਖਿਲਾਫ਼ ਨਵੇਂ ਸਿਰੇ ਤੋਂ ਐਫ ਆਈ ਆਰ ਦਰਜ ਕੀਤੀ ਜਾਂਦੀ ਹੈ ਤਾਂ ਵੀ ਇਹਨਾਂ ਸਾਰਿਆਂ ਨੂੰ ਸਜ਼ਾ ਮਿਲਣ ਤੱਕ ਦੀ ਨਿਆਂਇਕ ਪ੍ਰੀਕ੍ਰਿਆ ਏਨੀ ਲੰਬੀ ਹੋਵੇਗੀ ਕਿ ਸਜ਼ਾ ਦੀ ਸੁਣਵਾਈ ਤੱਕ ਇਹਨਾਂ ਦੋਸ਼ੀਆਂ 'ਚ ਕਈ ਐਸ਼ ਆਰਾਮ ਦੀ ਜ਼ਿੰਦਗੀ ਬਸਰ ਕਰਨ ਪਿੱਛੋਂ ਸੁਭਾਵਿਕ ਮੌਤ ਮਰ ਚੁੱਕੇ ਹੋਣਗੇ। ਬਾਬਰੀ ਮਸਜਿਦ ਮਾਮਲੇ ਤੋਂ ਲੈ ਕੇ 1984 ਦੇ ਸਿੱਖ ਵਿਰੋਧੀ ਦੰਗੇ ਇਸ ਦੀ ਉਦਾਹਰਣ ਹਨ। ਐਫ ਆਈ ਆਰ ਦਰਜ ਹੋਵੇਗੀ, ਫਿਰ ਕੇਸ ਚਲੇਗਾ, ਜਿੰਨੇ ਅਸਲੀ ਗਵਾਹ ਮੁਦਈ ਮੁੱਖ ਪੇਸ਼ ਕਰ ਸਕੇਗਾ ਉਨ੍ਹੇ ਹੀ ਖਰੀਦੇ ਹੋਏ ਗਵਾਹ ਵਿਰੋਧੀ ਮੁਲਜ਼ਮ ਧਿਰ ਪੇਸ਼ ਕਰ ਦੇਵੇਗੀ। ਬਹੁਤੇ ਗਵਾਹ ਡਰ ਕੇ ਆਪਣੇ ਬਿਆਨ ਬਦਲ ਦੇਣਗੇ। ਮਾਮਲਾ ਲਟਕ ਜਾਵੇਗਾ ਅਤੇ ਕਈ ਦਹਾਕਿਆਂ ਤੱਕ ਖਿੱਚਿਆ ਜਾਵੇਗਾ। ਦੂਜੇ ਪਾਸੇ ਕਤਲੇਆਮ ਦੇ 8 ਸਾਲਾਂ ਬਾਅਦ ਵੀ ਜਿਨ੍ਹਾਂ ਲੋਕਾਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਉਹਨਾਂ ਦੀ ਜ਼ਿੰਦਗੀ 'ਚ ਕੋਈ ਤਬਦੀਲੀ ਨਹੀਂ ਆਈ ਹੈ। ਇਹਨਾਂ ਸਾਰਿਆਂ ਲਈ ਜ਼ਿੰਦਗੀ ਨਰਕ ਤੋਂ ਘੱਟ ਨਹੀਂ ਹੈ। ਅਗ੍ਰੇਜ਼ੀ ਦੇ ਮੈਗਜ਼ੀਨ 'ਫਰੰਟ ਲਾਈਨ' ਨੇ ਅਪ੍ਰੈਲ 2010 ਅੰਕ 'ਚ ਛਪੇ ਇਕ ਲੇਖ 'ਚ ਦੰਗਿਆਂ ਤੋਂ ਪੀੜ੍ਹਤ ਲੋਕਾਂ ਦੀਆਂ ਜੀਵਨ ਹਾਲਤਾਂ 'ਤੇ ਰੋਸ਼ਨੀ ਪਾਈ ਹੈ। ਫੈਜਲ ਪਾਰਕ, ਸਿਟੀਜਨ ਪਾਰਕ ਵਰਗੇ ਇਲਾਕਿਆਂ ਵਿੱਚ, ਜਿੱਥੇ ਦੰਗਾ ਪੀੜ੍ਹਤਾਂ ਨੂੰ ਵਸਾਇਆ ਗਿਆ ਹੈ, ਉਥੇ ਹਾਲਤਾਂ ਇਨਸਾਨ ਦੇ ਰਹਿਣ ਲਾਇਕ ਨਹੀਂ ਹਨ। ਇਹ ਦੋਨੋਂ ਕਲੋਨੀਆਂ, ਅਹਿਮਦਾਬਾਦ ਦੇ ਅਜਿਹੇ ਇਲਾਕਿਆਂ ਦੇ ਰਹਿਣ ਲਾਇਕ ਨਹੀਂ ਹੈ ਇਹ ਦੋਨੋਂ ਕਲੋਨੀਆਂ ਅਹਿਮਦਾਬਾਦ ਦੇ ਅਜਿਹੇ ਇਲਾਕਿਆਂ 'ਚ ਵਸਾਈਆਂ ਗਈਆਂ ਹਨ ਜਿਥੇ ਲੋਕ ਕੂੜਾ-ਕਰਕੱਟ ਸੁੱਟਦੇ ਹਨ। ਏਧਰ ਉਧਰ ਖੁੱਲ੍ਹੇ ਗਟਰ ਮੌਜੂਦ ਹਨ। ਗੰਦਗੀ, ਸੜਾਂਦ ਬੀਮਾਰੀਆਂ ਇਹ ਸਭ ਇਹਨਾਂ ਦੋਨਾਂ ਕਲੋਨੀਆਂ ਦੀ ਖਾਸੀਅਤ ਹੈ। ਬਹੁਤੇ ਲੋਕ ਬੇਰੁਜ਼ਗਾਰ ਹਨ। ਕੁਝ ਨੇੜੇ-ਤੇੜੇ ਥੋੜ੍ਹਾ ਬਹੁਤ ਛੋਟਾ ਮੋਟਾ ਧੰਦਾ ਕਰਦੇ ਹਨ। ਬੱਚਿਆਂ ਲਈ ਆਸ-ਪਾਸ ਕਿਸੇ ਸਕੂਲ ਦੀ ਵਿਵਸਥਾ ਨਹੀਂ ਹੈ। ਇਸ ਲਈ ਬਹੁਤੇ ਬੱਚੇ ਸਕੂਲ ਜਾਂਦੇ ਹੀ ਨਹੀਂ। ਡਿਸਪੈਂਸਰੀ ਤੇ ਸਿਹਤ ਕੇਂਦਰ ਵੀ ਨਹੀਂ ਹੈ। ਐਮਰਜੰਸੀ 'ਚ ਲੋਕਾਂ ਨੂੰ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਦੋਨਾਂ ਹੀ ਇਲਾਕਿਆਂ 'ਚ ਪੀਣ ਦਾ ਪਾਣੀ ਤੱਕ ਮੁਹੱਈਆ ਨਹੀਂ ਹੈ। ਮੁਸ਼ਕਲ ਨਾਲ ਆਉਣ ਵਾਲੇ ਪਾਣੀ ਲਈ ਪੂਰੇ ਇਲਾਕੇ 'ਚ ਪਾਣੀ ਭਰਨ ਦੀ ਦੌੜ ਲੱਗ ਜਾਂਦੀ ਹੈ। ਗੰਦੇ ਪ੍ਰਦੂਸ਼ਿਤ ਵਾਤਾਵਰਣ ਕਰਕੇ ਬੱਚਿਆਂ 'ਚ ਸਾਹਾਂ ਨਾਲ ਜੁੜੀਆਂ ਸਮੱਸਿਆਵਾਂ ਆਮ ਹਨ। ਸਾਫ਼ ਹੈ ਕਿ ਦੰਗਿਆਂ ਦੇ ਅੱਠ ਸਾਲ ਬਾਅਦ ਵੀ ਇਥੇ ਰਹਿਣ ਵਾਲੇ ਲੋਕਾਂ

ਦੇ ਹਾਲਾਤ ਬਦ ਤੋਂ ਬਦਤਰ ਹਨ। ਉਹਨਾਂ ਨੂੰ ਅੱਜ ਵੀ ਅਸੁਰੱਖਿਆ ਦੇ ਭੈਅ ਦੇ ਸਾਏ ਹੇਠ ਜ਼ਿੰਦਗੀ ਜਿਉਣੀ ਪੈ ਰਹੀ ਹੈ। ਜਿਸ ਤਰ੍ਹਾਂ ਹਿਟਲਰ ਦੇ ਜਰਮਨੀ ਵਿੱਚ ਯਹੂਦੀਆਂ ਨੂੰ ਘੱਟੋ ਇਲਾਕਿਆਂ 'ਚ ਵਸਾਇਆ ਗਿਆ ਸੀ, ਵੈਸੇ ਹੀ ਹਿੰਦੂਤਵ ਦੀ ਲਬਾਟਰੀ ਗੁਜਰਾਤ ਵਿੱਚ ਮੁਸਲਮਾਨਾ ਨੂੰ ਘੈਟੋਨੁਮਾ ਇਲਾਕਿਆਂ 'ਚ ਵਸਾਇਆ ਗਿਆ ਹੈ। ਇਹਨਾਂ ਦੋਨਾਂ ਸਵਾਲਾਂ 'ਤੇ ਗੌਰ ਕੀਤੇ ਬਗੈਰ ਤੁਸੀਂ ਵਿਸ਼ੇਸ਼ ਜਾਂਚ ਟੀਮ ਵਲੋਂ ਮੋਦੀ ਦੀ ਪੁੱਛਗਿਛ 'ਤੇ ਖੁਸ਼ੀ ਮਨਾ ਕੇ ਕੀ ਕਰੋਗੇ? ਅਸਲ 'ਚ ਮੋਦੀ ਤੇ ਉਸ ਦੇ ਹਤਿਆਰੇ ਗਰੋਹ ਨਾਲ ਇਨਸਾਫ ਦਾ ਰਾਹ ਜਿੰਨਾ ਸਿੱਧਾ ਤੇ ਸੌਖਾ ਦਿਸ ਰਿਹਾ ਹੈ, ਉਨਾਂ ਹੈ ਨਹੀਂ। ਬਹੁਤੇ ਕੇਸਾਂ ਵਿੱਚ ਜਿਹੋ ਜਿਹਾ ਹੁੰਦਾ ਰਿਹਾ ਹੈ, ਵੈਸੇ ਹੀ ਇਸ ਮਾਮਲੇ 'ਚ ਵੀ ਹੋਣ ਦੀ ਉਮੀਦ ਸਭ ਤੋਂ ਵੱਧ ਹੈ। ਅਵੱਲ ਤਾਂ ਇਹ ਜਾਂਚ ਐਫ ਆਈ ਆਰ ਦਰਜ ਹੋਣ ਤੱਕ ਮੁਸ਼ਕਲ ਨਾਲ ਹੀ ਪਹੁੰਚ ਸਕੇਗੀ, ਕਾਰਣ ਇਹ ਹੈ ਕਿ ਰਾਜ ਸਰਕਾਰ ਜਾਂਚ 'ਚ ਕਿਸੇ ਕਿਸਮ ਦਾ ਸਹਿਯੋਗ ਕਰਨ ਦੀ ਬਜਾਏ ਰੋੜ੍ਹੇ ਅਟਕਾਵੇਗੀ। ਪਹਿਲਾਂ ਦੀ ਜਾਂਚ ਟੀਮ ਦੇ ਮੁੱਖੀ ਨੇ ਇਹੀ ਕਹਿੰਦੇ ਹੋਏ ਜਾਂਚ ਤੋਂ ਹੱਥ ਪਿੱਛੇ ਖਿੱਚ ਲਏ ਸਨ ਕਿ ਇਹ ਅਰਥਹੀਨ ਕਸਰਤ ਹੈ ਜੋ ਕਿਸੇ ਸਿੱਟੇ 'ਤੇ ਨਹੀਂ ਪੁੱਜਣੀ। ਕਿਉਂਕਿ ਸੂਬਾ ਸਰਕਾਰ ਹਰ ਤਰ੍ਹਾਂ ਨਾਲ ਜਾਂਚ ਨੂੰ ਮੁਕਾਮ 'ਤੇ ਨਾ ਪਹੁੰਚਣ ਦੇਣ ਲਈ ਚੰਗੀ ਸਥਿਤੀ ਵਿੱਚ ਹੈ। ਇਹ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ ਜਾਂ ਜਾਂਚ ਅਧਿਕਾਰੀਆਂ ਤੇ ਜਾਂਚ ਵਰਕਰਾਂ ਨੂੰ ਭੈਭਿਤ ਕਰ ਸਕਦੀ ਹੈ। ਦੂਜੀ ਗੱਲ ਜੇ ਜਾਂਚ ਐਫ ਆਈ ਆਰ ਦਰਜ ਕਰਾਉਣ ਦੀ ਨੌਬਤ ਤੱਕ ਪਹੁੰਚ ਵੀ ਗਈ ਤਾਂ ਉਸ ਪਿੱਛੋਂ ਜੋ ਮੁੱਕਦਮਾ ਚਲੇਗਾ ਉਹ ਏਨੀ ਜਲਦੀ ਕਿਸੇ ਸਿੱਟੇ 'ਤੇ ਨਹੀਂ ਪਹੁੰਚਣ ਵਾਲਾ ਸਭ ਤੋਂ ਵੱਧ ਸੰਭਾਵਨਾ ਇਸ ਗੱਲ ਦੀ ਹੋਵੇਗੀ ਕਿ ਸਬੂਤਾਂ ਤੇ ਗਵਾਹਾਂ ਦੇ ਅੰਤਰ ਵਿਰੋਧ ਹੋਣ ਜਾਂ ਦੋਸ਼ੀਆਂ ਖਿਲਾਫ ਉਹਨਾਂ ਦੇ ਪ੍ਰਮਾਣ ਮੂਲਕ ਨਾ ਦੇਣ ਕਰਕੇ ਉਹਨਾਂ ਨੂੰ ਸ਼ੱਕ ਦਾ ਲਾਭ ਦੇ ਕੇ ਬਾਇਜ਼ਤ ਬਰੀ ਕਰ ਦਿੱਤਾ ਜਾਵੇਗਾ। ਜੇ ਇਹ ਮੁਕੱਦਮਾ ਕਿਸੇ ਸਿੱਟੇ 'ਤੇ ਪਹੁੰਚਦਾ ਵੀ ਹੈ ਤਾਂ ਵੱਧ ਉਮੀਦ ਇਹੀ ਹੋਵੇਗੀ ਕਿ ਉਸ ਸਮੇਂ ਤੱਕ ਮੋਦੀ ਸਮੇਤ ਉਹਨਾਂ ਦਾ ਪੂਰਾ ਕਾਤਲੀ ਗ੍ਰੋਹ ਧਰਮ ਦੀ ਰੱਖਿਆ ਕਰਨ ਦੇ ਇਨਾਮ ਵੜੇ ਸੁਅਰਗ ਸੁਧਾਰ ਚੁੱਕਿਆ ਹੋਵੇਗਾ। ਤੀਜੀ ਗੱਲ ਇਹਨਾਂ ਸਾਰਿਆਂ ਦੇ ਬਾਵਜੂਦ ਪੂੰਜੀਵਾਦੀ ਵੋਟਾਂ ਦੀ ਰਾਜਨੀਤੀ ਵਿੱਚ ਫਿਰਕਾਪ੍ਰਸਤੀ ਦੀ ਵਰਤੋਂ ਹੁੰਦੀ ਰਹੇਗੀ ਅਤੇ ਲੋਕਾਂ ਦੀ ਜਾਨਾਂ ਇਸ ਦੀ ਭੇਂਟ ਚੜ੍ਹਦੀਆਂ ਹੀ ਰਹਿਣਗੀਆਂ। ਅੱਜ ਗੁਜਰਾਤ 'ਚ ਹੋਇਆ ਕਲ ਕਿਧਰੇ ਹੋਰ ਹੋਵੇਗਾ। ਅੱਜ ਮੋਦੀ ਨੇ ਕਿਹਾ ਕੱਲ੍ਹ ਕੋਈ ਹੋਰ ਕਹੇਗਾ। ਕੀ ਸੱਤਾ ਬਦਲੀ ਦੇ 63 ਸਾਲ ਇਸ ਗੱਲ ਦੀ ਹਾਮੀ ਨਹੀਂ ਭਰਦੇ? ਜੇ ਇਸ ਕੁਚੱਕਰ ਤੋਂ ਮੁਕਤੀ ਪਾਉਣੀ ਹੈ ਤਾਂ ਪੂਰੀ ਪੂੰਜੀਵਾਦੀ ਵਿਵਸਥਾ ਸਭਿਅਤਾ ਤੇ ਸਮਾਜ ਦੇ ਹੀ ਵਿਕਲਪ ਬਾਰੇ ਸੋਚਣਾ ਪਵੇਗਾ। ਹਰ ਇਨਸਾਫ ਪਸੰਦ ਨੌਜਵਾਨ ਦਾ ਅੱਜ ਇਹ ਫਰਜ ਬਣਦਾ ਹੈ।

# ਮਜ਼ਦੂਰਾਂ ਨੂੰ ਕਾਨੂੰਨਵਾਦ ਤੋਂ ਮੁਕਤੀ ਕਿਉਂ ਜ਼ਰੂਰੀ?

ਫਰੀਦਾਵਾਦ ਸਨਅਤੀ ਖੇਤਰ ਲਗਭਗ ਦੋ ਤਿੰਨ ਦਹਾਕੇ ਪਹਿਲਾਂ ਤੱਕ ਖਾੜਕੂ ਮਜ਼ਦੂਰ ਅੰਦੋਲਨ ਦਾ ਇਕ ਮਹੱਤਵਪੂਰਨ ਕੇਂਦਰ ਰਿਹਾ ਹੈ। ਲੰਬੇ ਸਮੇਂ ਦੀ ਖਾਮੋਸ਼ੀ ਪਿਛੋਂ ਇਕ ਵਾਰ ਫਿਰ ਇਥੇ ਮਜ਼ਦੂਰਾਂ ਵਿਚਕਾਰ ਰੋਹ ਦੇਖਣ ਵਿੱਚ ਆ ਰਿਹਾ ਹੈ ਭਾਵੇਂ ਕਿ ਮਜ਼ਦੂਰਾਂ ਦਾ ਰੋਹ ਕਿਸੇ ਵੱਡੀ ਤੇ ਵਿਆਪਕ ਹੜਤਾਲ ਵਜੋਂ ਵਿਖਾਈ ਨਹੀਂ ਦਿੱਤਾ ਹੈ। ਪਰ ਟੁੱਟਵੇਂ ਰੂਪ 'ਚ ਛੋਟੀਆਂ ਵੱਡੀਆ ਫੈਕਟਰੀਆਂ ਵਿੱਚ ਆਏ ਦਿਨ ਹੋਣ ਵਾਲੀਆਂ ਝੜਪਾਂ ਸਨਅਤੀ ਝਮੇਲੇ ਅਤੇ ਹੜਤਾਲਾਂ ਵਜੋਂ ਇਹ ਰੋਹ ਆਪਣੇ ਆਪ ਨੂੰ ਜਾਹਰ ਕਰ ਰਿਹਾ ਹੈ। ਪਿੱਛੇ ਜਿਹੇ ਹੀ 2-3 ਮਹੀਨੇ ਅੰਦਰ ਫਰੀਦਾਬਾਦ ਦੇ ਚਾਰ-ਪੰਜ ਮੱਧ ਦਰਜੇ ਦੇ ਕਾਰਖਾਨਿਆਂ 'ਚ ਮਜ਼ਦੂਰਾਂ ਦਾ ਗੁੱਸਾ ਵੱਖ-ਵੱਖ ਰੂਪਾਂ 'ਚ ਪ੍ਰਗਟ ਹੋਇਆ। ਮੁੱਖ ਤੌਰ 'ਤੇ ਇਹਨਾਂ ਕਾਰਖਾਨਿਆਂ 'ਚ ਸ਼ਾਮਲ ਹਨ ਸੰਡਨ ਵਿਕਾਸ, ਵੀ ਐਕਸ ਐਲ, ਭਾਰਤ ਗਿਅਰਸ , ਆਟੋ ਅਗਿਨਸ਼ਨ ਆਦਿ। ਇਸ ਤੋਂ ਇਲਾਵਾ ਕਈ ਕੰਪਨੀਆਂ 'ਚ ਪੈਦਾਵਾਰ ਵਧਾਉਣ ਅਤੇ ਓਵਰਟਾਈਮ ਦੇ ਭੁਗਤਾਨ ਆਦਿ ਦੇ ਮੁੱਦੇ 'ਤੇ ਮਜ਼ਦੂਰਾਂ ਤੇ ਪ੍ਰਬੰਧਕਾਂ ਵਿਚਕਾਰ ਤਿੱਖੇ ਝਗੜੇ ਸਾਹਮਣੇ ਆਏ। ਬੀਤੇ ਇਕ ਸਾਲ ਤੋਂ ਵੱਖ-ਵੱਖ ਕੰਪਨੀਆਂ' ਪ੍ਰਬੰਦਕ ਮੰਦੀ ਦਾ ਬਹਾਨਾ ਬਣਾ ਕੇ ਮਜ਼ਦੂਰਾਂ ਦਾ ਵਰਕਲੋਡ ਤੇ ਕੰਮ ਦੇ ਘੰਟੇ ਵਧਉਣ ਲਈ ਦਬਾਅ ਬਣਾ ਰਿਹਾ ਹੈ। ਪਹਿਲਾਂ ਤੋਂ ਹੀ ਖਸਤਾ ਹਾਲ ਮਜ਼ਦੂਰਾਂ ਨੂੰ ਹੋਰ ਵੱਧ ਨਿਚੋੜਨ ਦੀਆਂ ਤਰਕੀਬਾਂ ਪ੍ਰਬੰਦਕਾਂ ਵਲੋਂ ਆਏ ਦਿਨ ਅਮਲ 'ਚ ਲਿਆਂਦੀਆ ਜਾ ਰਹੀਆਂ ਹਨ। ਅਜਿਹੇ 'ਚ ਸਥਿਤੀ ਉਸ ਵੱਲ ਪਹੁੰਚ ਰਹੀ ਹੈ, ਜਿਥੇ ਮਜ਼ਦੂਰਾਂ ਦਾ ਸਾਲਾਂ ਦਾ ਇਕੱਠਾ ਹੋਇਆ ਰੋਹ ਇਕ ਵੱਡੇ ਅੰਦੋਲਨ ਦਾ ਰੂਪ ਲੈ ਸਕਦਾ ਹੈ। ਫਿਲਹਾਲ ਇਹ ਰੋਹ ਜੇ ਵਿਆਪਕ ਤੌਰ 'ਤੇ ਸਾਹਮਣੇ ਨਹੀਂ ਆ ਰਿਹਾ ਹੈ ਤਾਂ ਇਸ ਦਾ ਕਾਰਨ ਫਰੀਦਾਬਾਦ ਦੇ ਟ੍ਰੇਡ ਯੂਨੀਅਨ ਸੰਘਰਸ਼ ਵਿੱਚ ਕਾਨੂੰਨਵਾਦ ਦੀ ਮਜ਼ਬੂਤ ਜਕੜ ਦਾ ਹੋਣਾ ਹੈ। ਮਜ਼ਦੂਰਾਂ ਦਾ ਰੋਹ ਵੱਖ-ਵੱਖ ਕਾਰਖਾਨਿਆਂ 'ਚ ਟੁੱਟਵੇਂ ਰੂਪ 'ਚ ਤਾਂ ਕਦੀ ਮੁਕਾਬਲਤਨ ਸ਼ਰੇਆਮ ਜਦ ਵੀ ਪ੍ਰਗਟ ਹੁੰਦਾ ਹੈ ਤਾਂ ਮੌਜੂਦਾ ਟ੍ਰੇਡ ਯੂਨੀਅਨ ਦੇ ਨੇਤਾ ਕਾਨੂੰਨ ਦੇ ਸ਼ਰਨ 'ਚ ਪਹੁੰਚ ਜਾਂਦੇ ਹਨ। ਲੰਮੀਆਂ-ਲੰਮੀਆਂ ਤਰੀਕਾਂ ਦੇ ਇਕ ਲੰਬੇ ਸਿਲਸਿਲੇ ਪਿੱਛੋਂ ਅੰਦੋਲਨ ਠੰਡਾ ਹੋ ਜਾਂਦਾ ਹੈ ਅਤੇ ਸ਼ਰਮਨਾਕ ਸ਼ਰਤਾਂ 'ਤੇ ਸਮਝੌਤਾ ਕਰਕੇ ਮਜ਼ਦੂਰ ਨੇਤਾ ਅੰਦੋਲਨ ਦੀ ਸਮਾਪਤੀ ਕਰ ਦਿੰਦੇ ਹਨ। ਆਟੋ ਇੰਗਨਿਸ਼ਨ ਦੇ ਮਜ਼ਦੂਰ ਵਰਕਲੋਡ ਵਧਾਉਣ ਦੇ ਪ੍ਰਬੰਧਕਾਂ ਦੇ ਦਬਾਅ ਦੇ ਖਿਲਾਫ ਤੇ ਸਲਾਨਾ ਤਨਖਾਹ ਵਾਧੇ ਲਈ ਸੰਘਰਸਸ਼ੀਲ ਸਨ। ਉਹਨਾਂ ਦਾ ਮੰਨਣਾ ਸੀ ਕਿ ਉਹਨਾਂ ਦੀ ਆਪਣੀ ਟ੍ਰੇਡ ਯੂਨੀਅਨ ਕਿਉਂਕਿ ਇੰਟਕ ਨਾਲ ਜੁੜੀ ਹੈ, ਜੋ ਕਿ ਕਾਂਗਰਸੀ ਦਾ ਮਜ਼ਦੂਰ ਕੇਂਦਰ ਹੈ। ਇਸ ਲਈ ਕੇਂਦਰ ਨੂੰ ਮਨਾਉਣ ਦੇ ਲਈ ਮਜ਼ਬੂਰ ਹੋਣਗੇ। ਉਹ ਅੰਦੋਲਨ ਦੀ ਸ਼ੁਰੂਆਤ ਤੋਂ ਹੀ ਇੰਟਕ ਦੇ ਕੌਮੀ ਪ੍ਰਧਾਨ ਤੋਂ ਲੈ ਕੇ ਕਾਂਗਰਸੀ ਨੇਤਾਵਾਂ ਤੇ ਮੰਤਰੀਆਂ ਦੇ ਚੱਕਰ ਲਾਉਂਦੇ ਰਹੇ। ਸੰਘਰਸ਼ ਦਾ ਕੋਈ ਜ਼ੋਰਦਾਰ ਜਾਂ ਕਾਰਗਰ ਰੂਪ ਉਹਨਾਂ ਨਹੀਂ ਅਪਣਾਇਆ ਅੰਤ 'ਚ ਜੋ ਸਮਝੌਤਾ ਹੋਇਆ ਉਸ 'ਚ ਪ੍ਰਬੰਧਕ ਵਰਕ ਲੋਡ ਵਧਾਉਣ ਦੇ ਮਕਸਦ 'ਚ ਕਾਮਯਾਬ ਹੋ ਗਏ। ਇਹੀ ਨਹੀਂ ਉਸਨੇ ਅਸਥਾਈ ਮਜ਼ਦੂਰਾਂ ਦੀ ਛਾਂਟੀ ਕਰਨ 'ਚ

ਵੀ ਸਫਲਤਾ ਹਾਸਲ ਕਰ ਲਈ। ਸੰਡਨ ਵਿਕਾਸ ਤੇ ਭਾਰਤ ਗੀਅਰਸ ’ਚ ਮਜ਼ਦੂਰ ਕੰਮ ਦੇ ਘੰਟੇ ਵਧਾਉਣ ’ਚ ਲੁੱਟ-ਘਸੁੱਟ ਖਿਲਾਫ ਯੂਨੀਅਨ ਬਣਾਉਣ ਵੱਲ ਵਧੇ। ਜਿਹਨਾਂ ਟ੍ਰੇਡ ਯੂਨੀਅਨਾਂ ’ਚ ਇਹ ਮਜ਼ਦੂਰ ਜੁੜੇ ਸਨ ਉਹਨਾਂ ਨੇ ਜ਼ਮੀਨੀ ਸੰਘਰਸ਼ ਦਾ ਰਾਹ ਨਾ ਅਪਣਾਇਆ ਬਲਕਿ ਕਾਨੂੰਨੀ ਤੌਰ ਤਰੀਕਿਆਂ ਨਾਲ ਆਪਣੀ ਲੜਾਈ ਲੜਨੀ ਚਾਹੀ ਸਿੱਟੇ ਵਜੋਂ ਸੰਡਨ ਵਿਕਾਸ ’ਚ ਜੋ ਸਮਝੌਤਾ ਹੋਇਆ ਉਸ ’ਚ ਵੀ ਪ੍ਰਬੰਧਕ ਹੀ ਜਿੱਤੇ। ਪ੍ਰਬੰਧਕ ਨਾ ਸਿਰਫ ਨੇਤਾਵਾਂ ਨੂੰ ਬਾਹਰ ਕੱਢਣ ’ਚ ਕਾਮਯਾਬ ਹੋ ਗਿਆ ਬਲਕਿ ਉਸ ਨੇ ਭਾਰੀ ਮਾਤਰਾ ਵਿੱਚ ਠੇਕੇਦਾਰੀ ਦੇ ਤਹਿਤ ਨਿਯੋਜਿਤ ਉਹਨਾਂ ਮਜ਼ਦੂਰਾਂ ਦੀ ਛੁੱਟੀ ਕਰਨ ਵਿੱਚ ਵੀ ਸਫਲ ਹੋ ਗਏ ਜੋ ਸੰਘਰਸ਼ ਵਿੱਚ ਸ਼ਾਮਲ ਸਨ। ਭਾਰਤ ਗੀਅਰਸ ਵਿੱਚ ਵੀ ਇਹੀ ਕਹਾਣੀ ਰਹੀ ਹੈ। ਇਸ ਤਰ੍ਹਾਂ ਵੀ ਐਕਸ ਐਲ ’ਚ ਸਥਾਈ ਮਜ਼ਦੂਰਾਂ ਤੇ ਯੂਨੀਅਨ ਤੋਂ ਖਹਿੜਾ ਛੁਡਾਉਣ ਲਈ ਪ੍ਰਬੰਧਕਾਂ ਨੇ ਮਜ਼ਦੂਰਾਂ ਦੇ ਦੂਰ-ਦਰਾਡੇ ਸਥਿਤ ਆਪਣੇ ਕਾਰਖਾਨਿਆਂ ’ਚ ਨਜ਼ਾਇਜ ਤਰੀਕੇ ਨਾਲ ਤਬਦੀਲੀ ਕਰਨੀ ਸ਼ੁਰੂ ਕਰ ਦਿੱਤੀ ਹੈ। ਯੂਨੀਅਨ ਨੇ ਇਸ ਖਿਲਾਫ਼ ਆਵਾਜ਼ ਤਾਂ ਉਠਾਈ ਪਰ ਸੰਘਰਸ਼ ਦੇ ਨਾਂ ’ਤੇ ਕਿਰਤ ਵਿਭਾਗ ਤੇ ਸ਼ਾਂਤੀਪੂਰਨ ਧਰਨੇ ਤੋਂ ਅੱਗੇ ਆਪਣੀਆਂ ਕਾਰਵਾਈਆਂ ਨੂੰ ਨਹੀਂ ਵਧਾਇਆ। ਇਹਨਾਂ ਸਾਰੇ ਸੰਘਰਸ਼ਾਂ ਦੀ ਖਾਸ ਗੱਲ ਇਹ ਰਹੀ ਕਿ ਸਭ ਬਚਾਉ ਸੁਭਾਅ ਦੇ ਅੰਦੋਲਨ ਸਨ। ਮਜ਼ਦੂਰ ਸਥਾਪਤ ਕਿਰਤ ਕਾਨੂੰਨਾਂ ਅੰਦਰ ਹੀ ਕੁਝ ਹਾਸਲ ਕਰਨ ਅਤੇ ਪ੍ਰਬੰਧ ਰਾਹੀਂ ਕਿਰਤ ਕਾਨੂੰਨਾਂ ਦੀ ਉਲੰਘਣਾ ਦੇ ਖਿਲਾਫ ਸੰਘਰਸ਼ਸ਼ੀਲ ਰਹੇ ਪਰ ਉਹ ਨਾ ਤਾਂ ਪ੍ਰਸ਼ਾਸਨ ਤੋਂ ਕੋਈ ਟਕਰਾਅ ਲੈਣਾ ਚਾਹੁੰਦੇ ਸਨ ਅਤੇ ਨਾ ਹੀ ਉਹਨਾਂ ਨੇ ਕੋਈ ਅੰਦੋਲਨ ਦੀ ਵਿਆਪਕ ਤੇ ਪ੍ਰਭਾਵੀ ਰੂਪ ਰੇਖਾ ਹੀ ਬਣਾਈ। ਟ੍ਰੇਡ ਯੂਨੀਅਨ ਨੇਤਾ ਇਨ੍ਹਾਂ ਅੰਦੋਲਨਾਂ ਨੂੰ ਵੱਖ-ਵੱਖ ਕਾਰਖਾਨਿਆਂ ਦੇ ਮਜ਼ਦੂਰਾਂ ਦੀਆਂ ਲੜਾਈਆਂ ਹੀ ਬਣਾਈ ਬੈਠੇ ਰਹੇ। ਇਹਨਾਂ ਸਭ ਸੰਘਰਸ਼ਾਂ ਨੂੰ ਇਕਜੁੱਟ ਕਰਕੇ ਇਕ ਵਿਆਪਕ ਅੰਦੋਲਨ ਦਾ ਰੂਪ ਦੇਣਾ, ਜਿਵੇਂ ਕਿ ਗੁੜਗਾਵਾਂ ’ਚ ਬੀਤੇ ਸਮੇਂ ਨਜ਼ਰ ਆਇਆ ਹੈ। ਵੱਲ ਨਹੀਂ ਵੱਧੇ। ਇਹਨਾਂ ਅੰਦੋਲਨਾਂ ’ਚ ਕਿਰਤ ਕਾਨੂੰਨਾਂ ਦੇ ਹਿਸਾਬ ਨਾਲ ਦੋਸ਼ੀ ਠਹਿਰਾਏ ਜਾਣ ਦੇ ਬਾਵਜੂਦ ਕਿਰਤ ਵਿਭਾਗ, ਪੁਲਸ ਪ੍ਰਸਾਸ਼ਨ ਦੀ ਕ੍ਰਿਪਾ ਨਾਲ ਪ੍ਰਬੰਧਕਾਂ ਦੀ ਹੀ ਜਿੱਤ ਹੋਈ। ਅਜਿਹੇ ’ਚ ਜਦ ਇਕ ਕਾਰਖਾਨੇ ਦਾ ਪੂੰਜੀਪਤੀ ਮਜ਼ਦੂਰਾਂ ਮੂਹਰੇ ਮੁਕਾਬਲੇ ’ਚ ਇਕੱਲਾ ਨਹੀਂ ਹੈ ਤਾਂ ਮਜ਼ਦੂਰ ਕਿਵੇਂ ਇਕੱਲੇ ਬਿਨ੍ਹਾ ਦੂਜੇ ਕਾਰਖਾਨਿਆਂ ਦੇ ਮਜ਼ਦੂਰਾਂ ਦੀ ਯੂਨੀਅਨ ਦੇ ਸਹਿਯੋਗ ਦੇ ਉਸ ਨੂੰ ਹਰਾ ਦੇਣਗੇ। ਇਹ ਗੱਲ ਮਜ਼ਦੂਰ ਤੇ ਯੂਨੀਅਨ ਨੇਤਾ ਨਹੀਂ ਸਮਝ ਸਕੇ। ਪਰ ਜਿੱਤ ਹਾਰ ਤੇ ਅਸ਼ੰਕ ਸਫਲਤਾ ਦੌਰਾਨ ਮਜ਼ੂਦਰ ਵਿਚਕਾਰ ਲੰਮੇ ਸਮੇਂ ਤੋਂ ਚੱਲਦੀ ਚੁੱਪ ਟੁੱਟੀ ਹੈ। ਇਹ ਚੰਗਾ ਸੰਕੇਤ ਹੈ। ਪਰ ਮਜ਼ਦੂਰਾਂ ਨੂੰ ਟ੍ਰੇਡ ਯੂਨੀਅਨ ਅੰਦੋਲਨ ’ਚ ਵਿਆਪਕ ਕਾਨੂੰਨਵਾਦ ਨਾਲ ਟਕਰਾਉਣਾ ਹੀ ਪਵੇਗਾ। ਆਪਣੇ ਸੰਘਰਸ਼ ਦੀਆਂ ਇਹਨਾਂ ਬੇੜੀਆਂ ਨੂੰ ਤੋੜੇ ਬਗੈਰ ਮਜ਼ਦੂਰ ਕੋਈ ਵਿਆਪਕ ਜਿੱਤ ਹਾਸਲ ਨਹੀਂ ਕਰ ਸਕਦੇ।

# ਭਾਰਤੀ ਖੇਤੀ-ਮਸ਼ੀਨ ਤੇ ਮਿਹਨਤ ਦਾ ਤਾਲਮੇਲ

ਖੇਤੀ ਖੇਤਰ 'ਚ ਗਿਆਰਵੀਂ ਪੰਜ ਸਾਲਾਂ ਯੋਜਨਾ ਅਧੀਨ ਵਿਕਾਸ ਦੀਆਂ ਜੋ ਸਕੀਮਾਂ ਬਣਾਈਆਂ ਗਈਆਂ ਹਨ। ਉਹਨਾਂ ਦੀ ਸਫਲਤਾ ਸ਼ੱਕ ਦੇ ਦਾਇਰੇ 'ਚ ਹੈ। ਕਾਰਣ ਜਿਸ ਸੀਮਤ ਅਰਸੇ 'ਚ ਉਪਜ ਵਧਾ ਕੇ ਵਿਕਾਸ ਕਰਨ ਦੀ ਯੋਜਨਾ ਬਣਾਈ ਗਈ ਹੈ। ਉਸ ਲਈ ਫੌਰੀ ਕੋਸ਼ਿਸ਼ਾਂ ਦੀ ਲੋੜ ਹੈ ਅਤੇ ਉਹਨਾਂ ਉਦੇਸ਼ਾਂ ਨੂੰ ਹਾਸਲ ਕਰਨ ਲਈ ਖੇਤੀ ਖੇਤਰ ਵਿਚ ਨਿਵੇਸ਼ ਵਧਾਉਣਾ ਬੇਹੱਦ ਜ਼ਰੂਰੀ ਹੈ। ਭਾਰਤ ਦੀ ਕੁਲ ਘਰੇਲੂ ਪੈਦਾਵਾਰ 'ਚ ਖੇਤੀ ਦਾ ਹਿੱਸਾ ਲਗਾਤਾਰ ਘਟਦਾ ਜਾ ਰਿਹਾ ਹੈ। 2007-08 'ਚ ਇਹ ਸਿਰਫ਼ 16.3 ਫੀਸਦੀ ਰਹਿ ਗਿਆ ਹੈ। 1980 ਤੋਂ 1996 ਤਕ ਇਹ 3.6 ਫੀਸਦੀ ਸਲਾਨਾ ਦੀ ਦਰ ਨਾਲ ਵਾਧੇ ਪਿੱਛੋਂ ਨੱਬੇ ਦੇ ਦਹਾਕੇ ਦੇ ਅੱਧ ਤੋਂ ਖੇਤੀ ਖੇਤਰ ਦੀ ਕੁਝ ਘਰੇਲੂ ਪੈਦਾਵਾਰ 'ਚ ਵਾਧਾ ਦਰ ਕਰੀਬ ਦੋ ਫੀਸਦੀ ਹੀ ਰਹਿ ਗਈ ਹੈ ਪਰ ਅਨਾਜ ਖੇਤਰ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ ਤਾਂ ਵਿਸ਼ਵੀਕਰਨ ਨਾਲ ਜੁੜਨ ਦੇ (1990-91) ਪਿਛੋਂ ਦੇ ਸਮੇਂ ਵਿਚ ਵਿੱਤੀ ਸਾਲ 2007-08 ਤਕ ਭਾਰਤ ਦੇ ਅਨਾਜਾਂ ਦੀ ਪੈਦਾਵਾਰ 1.55 ਫੀਸਦੀ ਸਲਾਨਾ ਦੀ ਦਰ ਨਾਲ ਵਧੀ ਹੈ। ਇਸ ਦੌਰਾਨ ਅਬਾਦੀ ਦੀ 1.8 ਫੀਸਦੀ ਵਾਧਾ ਦਰ ਨਾਲੋਂ ਕਾਫੀ ਘੱਟ ਹੈ ਜਿਸ ਨਾਲ ਪ੍ਰਤੀ ਵਿਅਕਤੀ ਅਨਾਜ ਪੈਦਾਵਾਰ ਅਨੁਪਾਤ 'ਚ ਗਿਰਾਵਟ ਆਈ ਹੈ। ਵਿੱਤੀ ਸਾਲ 2001-02 ਦੌਰਾਨ ਭਾਰਤ ਵਿਚ ਅਨਾਜਾਂ ਦੀ ਔਸਤ ਵਰਤੋਂ 446 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ ਸੀ ਜੋ 1960 ਦੇ ਔਖੇ ਦਹਾਕੇ ਦੌਰਾਨ (ਜੋ ਪੀ ਐਲ-480 ਦੇ ਤਹਿਤ ਵੱਡੀ ਪੱਧਰ 'ਤੇ ਕਣਕ ਦਰਾਮਦ ਲਈ ਪ੍ਰਸਿੱਧ ਹੈ) ਔਸਤ ਖਪਤ ਪੱਧਰ ਤੋਂ ਵੀ ਘੱਟ ਸੀ। ਅਕਸਰ ਇਹ ਤਰਕ ਦਿੱਤਾ ਜਾਂਦਾ ਹੈ ਕਿ ਸਨਅਤੀ ਵਿਕਾਸ ਵੱਲ ਵਧਦੇ ਦੇਸ਼ 'ਚ ਖੇਤੀ ਖੇਤਰ 'ਚ ਗਿਰਾਵਟ ਇਕ ਕੁਦਰਤੀ ਅਮਲ ਹੈ ਅਤੇ ਜੇ ਕਿਸੇ ਦੇਸ਼ 'ਚ ਖਾਂਦਾ ਦੀ ਪੈਦਾਵਾਰ ਉਹਨਾਂ ਦੇ ਲੋਕਾਂ ਦੀ ਮੰਗ ਪੂਰੀ ਕਰਨ ਲਈ ਕਾਫੀ ਨਹੀਂ ਹੈ ਤਾਂ ਇਹਨਾਂ ਦੀ ਦਰਾਮਦ ਕੀਤੀ ਜਾ ਸਕਦੀ ਹੈ ਪਰ ਇਹ ਤਰਕ ਭਾਰਤ ਵਰਗੇ ਦੇਸ਼ ਦੇ ਲਈ ਸਟੀਕ ਨਹੀਂ ਲੱਗਦਾ ਅਜੇ ਪਿੱਛੇ ਜਿਹੇ ਜਾਰੀ ਸੰਯੁਕਤ ਰਾਸ਼ਟਰ ਵਿਸ਼ਵ ਖਾਦ ਪ੍ਰੋਗਰਾਮ ਦੀ ਰਿਪੋਰਟ ਜਿਸ ਐਮ ਐਸ ਸਵਾਮੀਨਾਥਨ ਖੋਜ ਫਾਊਡੇਸ਼ਨ ਦੇ ਨਾਲ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਹੈ ਦੇ ਅਨੁਸਾਰ ਭਾਰਤ ਵਿੱਚ 23 ਕਰੋੜ ਗਰੀਬ ਪੇਂਡੂ ਹਨ ਜੋ ਕੁਪੋਸ਼ਣ ਦਾ ਸ਼ਿਕਾਰ ਹਨ। ਕੁਲ ਵਿਸ਼ਵੀ ਭੁੱਖਮਰੀ ਆਬਾਦੀ ਦਾ 50% ਲੋਕ ਭਾਰਤ ਵਿੱਚ ਰਹਿੰਦੇ ਹਨ। ਭਾਰਤ 'ਚ ਹੋਣ ਵਾਲੀ ਸਲਾਨਾ ਮੌਤ ਦਰ 'ਚ ਅੱਧੇ ਬੱਚਿਆਂ ਦੀ ਮੌਤ ਲਈ ਵੀ ਕੁਪੋਸ਼ਣ (ਭੁੱਖਮਰੀ) ਹੀ ਜ਼ਿੰਮੇਵਾਰ ਹੈ। ਐਮ ਐਸ ਸਵਾਮੀ ਨਾਥਨ ਅਨੁਸਾਰ, ਅਨਾਜਾਂ ਦੀ ਦਰਾਮਦ ਦੀ ਹਮਾਇਤ 'ਚ ਦਿੱਤੇ ਜਾਣ ਵਾਲੇ ਤਰਕ ਇਸ ਗੱਲ ਨੂੰ ਨਜ਼ਰਅੰਦਾਜ਼ ਕਰਦੇ ਹਨ ਕਿ ਖੇਤੀ ਸਾਡੇ ਦੇਸ਼ ਵਿਚ ਸਿਰਫ਼ ਅਨਾਜ ਪੈਦਾ ਕਰਨ ਦੀ ਹੀ ਮਸ਼ੀਨ ਨਹੀਂ ਹੈ। ਇਹ ਸਾਡੀ 60 ਫੀਸਦੀ ਜਨਤਾ ਲਈ ਰੋਟੀ ਰੋਜ਼ੀ ਦਾ ਮੁੱਖ ਸਾਧਨ ਹੈ। ਦੇਸ਼ ਦੀਆਂ ਮੌਜੂਦਾ ਹਾਲਤਾਂ ਅਨਾਜ ਦੀ ਦਰਆਮਦ ਦਾ ਮਤਲਬ ਹੈ ਕਿ ਖੇਤੀ ਕੰਮ 'ਚ ਲੱਗੇ ਮਰਦਾਂ ਤੇ ਔਰਤਾਂ ਲਈ ਬੇਰੁਜ਼ਗਾਰੀ ਤੇ ਭੱਖੁਮਰੀ ਦੀ ਦਰਾਮਦ ਨੌਵੀਂ ਤੇ

ਦਸਵੀਂ ਪੰਜ ਸਾਲਾਂ। ਯੋਜਨਾਵਾਂ 'ਚ ਖੇਤੀ ਵਿਕਾਸ ਦਾ ਟੀਚਾ ਚਾਰ ਫੀਸਦੀ ਸਲਾਨਾ ਰੱਖਿਆ ਗਿਆ ਸੀ ਪਰ ਨੌਵੀਂ ਯੋਜਨਾਵਾਂ ਦੇ ਪੰਜ ਸਾਲਾਂ ਅਤੇ ਦਸਵੀਂ ਯੋਜਨਾ ਦੇ ਸ਼ੁਰੂ ਦੇ ਤਿੰਨ ਸਾਲਾਂ (ਦੋਨਾਂ ਨੂੰ ਮਿਲਾ ਕੇ ਕੁਲ 8 ਸਾਲ) ਦੇ ਅਰਸੇ 1997-98 ਤੋਂ 2004-05 'ਚ ਖੇਤੀ ਖੇਤਰ 'ਚ ਸਿਰਫ ਦੋ ਫੀਸਦੀ ਸਲਾਨਾ ਦਾ ਵਾਧਾ ਦਰਜ ਕੀਤਾ ਗਿਆ। ਇਸ ਤਰ੍ਹਾਂ ਦੋਹਾਂ ਯੋਜਨਾਵਾਂ (ਨੌਵੀਂ ਤੇ ਦਸਵੀਂ) 'ਚ ਚਾਰ ਫੀਸਦੀ ਸਲਾਨਾ ਦੀ ਦਰ ਦਾ ਪੰਚਾ ਹਾਸਲ ਨਹੀਂ ਕੀਤਾ ਜਾ ਸਕਿਆ। ਦਸਵੀਂ ਯੋਜਨਾ ਦੇ ਆਖਰੀ ਦੋ ਸਾਲਾਂ ਵਿਚ ਖੇਤੀ ਵਿਕਾਸ ਦੀ ਦਰ ਚਾਰ ਫੀਸਦੀ ਸਲਾਨਾ ਤੋਂ ਥੋੜ੍ਹੀ ਵੱਧ ਰਹੀ। ਇਸ ਨਾਲ ਇਹ ਉਮੀਦ ਬਣੀ ਕਿ ਗਿਆਰਵੀਂ ਪੰਜ ਸਾਲਾ ਯੋਜਨਾ ਦਾ ਖੇਤੀ ਵਿਕਾਸ ਦਾ ਚਾਰ ਫੀਸਦੀ ਸਲਾਨਾ ਦੀ ਦਰ ਦਾ ਟੀਚਾ ਹਾਸਲ ਨਹੀਂ ਕੀਤਾ ਜਾ ਸਕਿਆ। ਦਸਵੀਂ ਯੋਜਨਾ ਦੇ ਆਖਰੀ ਦੋ ਸਾਲਾਂ ਵਿਚ ਖੇਤੀ ਵਿਕਾਸ ਦੀ ਦਰ ਚਾਰ ਫੀਸਦੀ ਸਲਾਨਾ ਤੋਂ ਥੋੜ੍ਹੀ ਵੱਧ ਰਹੀ। ਇਸ ਨਾਲ ਇਹ ਉਮੀਦ ਬਣੀ ਕਿ ਗਿਆਰਵੀਂ ਪੰਜ ਸਾਲਾਂ ਯੋਜਨਾ ਦਾ ਖੇਤੀ ਵਿਕਾਸ ਦਾ ਚਾਰ ਫੀਸਦੀ ਸਲਾਨਾ ਦਾ ਟੀਚਾ ਹਾਸਲ ਕੀਤਾ ਜਾ ਸਕੇਗਾ। ਗਿਆਰਵੀਂ ਯੋਜਨਾ ਦੇ ਪਹਿਲੇ ਸਾਲ (2007-08) 'ਚ ਖੇਤੀ ਖੇਤਰ ਦੀ ਘਰੇਲੂ ਪੈਦਾਵਾਰ 'ਚ 4.9 ਫੀਸਦੀ ਦਾ ਵਾਧਾ ਹੋਇਆ। ਪਰ 2005-06 ਤੋਂ 2007-08 ਤੱਕ ਦੇ ਤਿੰਨ ਸਾਲਾਂ ਦੇ ਅਰਸੇ 'ਚ ਉੱਚੀ ਵਿਕਾਸ ਦਰ ਦੀ ਪ੍ਰਾਪਤੀ ਨੂੰ ਅੱਗੇ ਜਾਰੀ ਨਹੀਂ ਰੱਖਿਆ ਜਾ ਸਕੇਗਾ। ਗਿਆਰਵੀਂ ਯੋਜਨਾ ਦੇ ਦੂਜੇ ਸਾਲ (2008-09) 'ਚ ਖੇਤੀ ਵਿਕਾਸ ਦਰ ਘੱਟ ਕੇ 1.6 ਫੀਸਦੀ ਹੀ ਰਹਿ ਗਈ। ਬਦਕਿਸਮਤੀ ਨਾਲ 2009-10 'ਚ ਖੇਤੀ ਪੈਦਾਵਾਰ 'ਚ 0.2 ਫੀਸਦੀ ਦੀ ਗਿਰਾਵਟ ਦਾ ਅੰਦਾਜ਼ਾ ਲਾਇਆ ਗਿਆ ਹੈ। ਲਿਹਾਜਾ ਗਿਆਰਵੀਂ ਯੋਜਨਾ ਦੇ ਚਾਰ ਫੀਸਦੀ ਸਲਾਨਾ ਦੇ ਟੀਚੇ ਦੀ ਪ੍ਰਾਪਤੀ ਹੁਣ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੈ। ਹੁਣ ਦੋਨਾਂ ਯੋਜਨਾਵਾਂ ਦੇ ਸਿੱਟੇ ਦਾ ਲੰਬੇ ਦਾਅ ਤੋਂ ਅਨੁਮਾਨ ਲਾਇਆ ਜਾਵੇ ਤਾਂ ਖੇਤੀ ਖੇਤਰ ਦੀ ਸਥਿਤੀ ਬਹੁਤ ਹੀ ਚਿੰਤਾਜਨਕ ਪ੍ਰਤੀਤ ਹੁੰਦੀ ਹੈ। ਪਿਛਲੇ ਕਰੀਬ 15 ਸਾਲਾਂ ਵਿੱਚ ਖੇਤੀ ਖੇਤਰ ਦੇ ਕੰਮਜ਼ੋਰ ਪ੍ਰਦਰਸ਼ਨ ਦਾ ਮੁੱਖ ਕਾਰਨ ਸਿੰਚਾਈ ਖੇਤਰਾਂ 'ਚ ਤਕਨੀਕ ਦੇ ਵਿਕਾਸ ਅਤੇ ਖੇਤੀ ਖੇਤਰਾਂ ਦੀ ਅਣਦੇਖੀ ਰਹੀ ਹੈ। ਫਸਲਾਂ ਦੀਆਂ ਨਵੀਆਂ ਨਸਲਾਂ ਦਾ ਹੁਣ ਉਪਜ 'ਤੇ ਪ੍ਰਭਾਵ ਪੈਣਾ ਅਕਸਰ ਬੰਦ ਹੋ ਗਿਆ ਹੈ। ਜਦ ਤਕ ਖੇਤੀ ਪੈਦਾਵਾਰ 'ਚ ਤਕਨੀਕ ਦਾ ਮਹੱਤਵਪੂਰਨ ਯੋਗਦਾਨ ਰਿਹਾ, ਤਦ ਤਕ ਖੇਤੀ ਪ੍ਰਬੰਧ ਨਾਲ ਜੁੜੇ ਹੋਰ ਪਹਿਲੂਆਂ ਜਿਵੇਂ ਪਾਣੀ ਦੀ ਸਹੀ ਵਰਤੋਂ ਅਤੇ ਮੀਂਹ ਤੇ ਅਧਾਰਤ ਇਲਾਕਿਆਂ ਵਿੱਚ ਖੇਤੀ ਦੇ ਤਰੀਕਿਆਂ 'ਤੇ ਲੋੜੀਂਦਾ ਧਿਆਨ ਹੀ ਨਹੀਂ ਦਿੱਤਾ ਗਿਆ। ਹੁਣ ਜਦਕਿ ਤਕਨੀਕ ਦੀ ਲਗਾਤਾਰ ਵਰਤੋਂ ਨਾਲ ਉਸ ਨੂੰ ਪ੍ਰਭਾਵ ਹੀਣ ਕਰ ਦਿੱਤਾ ਹੈ ਇਸ ਲਈ ਉਹਨਾਂ ਅਣਗੋਲੇ ਪਹਿਲੂ 'ਤੇ ਸਹੀ ਤਰੀਕੇ ਨਾਲ ਧਿਆਨ ਦੇਣ ਦੀ ਲੋੜ ਹੈ। ਗਿਆਰਵੀਂ ਪੰਜ ਸਾਲਾਂ ਯੋਜਨਾ ਦੇ ਦਸਤਾਵੇਜ਼ ਅਨੁਸਾਰ ਸਾਡੇ ਦੇਸ਼ 'ਚ ਫਿਲਹਾਲ ਜੋ ਉਪਜ ਹਾਸਲ ਕੀਤੀ ਜਾ ਰਹੀ ਹੈ ਅਤੇ ਜੋ ਫਸਲਾਂ ਸਰਬਉਤਮ ਪ੍ਰਣਾਲੀਆਂ ਰਾਹੀਂ ਉਚ ਗੁਣ ਵੰਣਤਾ 'ਚ ਹਾਸਲ ਕੀਤੀਆਂ ਜਾ ਸਕਦੀਆਂ ਹਨ ਉਹਨਾਂ 'ਚ 60-100 ਫੀਸਦੀ ਦਾ ਫ਼ਰਕ ਹੈ। ਇਹ ਦਸਤਾਵੇਜ਼ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਘੱਟ ਸਮੇਂ 'ਚ ਖੇਤੀ ਉਪਜ ਵਧਾਉਣ ਦਾ ਤਰੀਕਾ ਇਹੀ ਹੈ ਕਿ ਇਸ ਪਾੜੇ ਨੂੰ ਭਰਿਆ ਜਾਵੇ ਅਤੇ ਸੁਧਾਰ ਦੀ ਸੰਭਾਵਨਾ ਨੂੰ ਅਸਲੀਅਤ

’ਚ ਬਦਲਿਆ ਜਾਵੇ। ਯੋਜਨਾ ਕਮਿਸ਼ਨ ਦੇ ਉਪ-ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆਂ ਨੇ ਪਿੱਛੇ ਜਿਹੇ ਦਿੱਤੀ ਇਕ ਇੰਟਰਵਿਊ ’ਚ ਇਸ ਗੱਲ ਨੂੰ ਦੁਹਰਾਇਆ ਹੈ। ਪਰ ਇਸ ਤਰ੍ਹਾਂ ਦਾ ਬਿਆਨ ਸਿਰਫ਼ ਇਕ ਛਲਾਵਾ ਹੈ ਕਿਉਂਕਿ ਪੈਦਾਵਾਰ ’ਚ ਪੱਧਰ ਦਾ ਵਾਧਾ ਕਰਨ ਲਈ ਜਿਹਨਾਂ ਠੋਸ ਉਪਾਵਾਂ ਦੀ ਕੋਸ਼ਿਸ਼ਾਂ ਦੀ ਲੋੜ ਹੈ, ਉਹਨਾਂ ਨੂੰ ਪੂਰਾ ਕਰਨ ’ਚ ਸਰਕਾਰ ਪੂਰੀ ਤਰ੍ਹਾਂ ਅਯੋਗ ਵਿਖਾਈ ਦੇ ਰਹੀ ਹੈ।

ਜੇ ਅਸੀਂ ਖੇਤੀ ਖੇਤਰ ਵਿੱਚ ਮੌਜੂਦ ਖੜ੍ਹੋਤ ਦੂਰ ਕਰਨੀ ਹੈ ਅਤੇ ਖੇਤੀ ਪੈਦਾਵਾਰ ਨਾਲ ਸਬੰਧਤ ਟੀਚਿਆਂ ਨੂੰ ਸਹੀ ਅਰਥਾਂ ’ਚ ਹਾਸਲ ਕਰਨਾ ਹੈ ਤਾਂ ਇਸ ਦੇ ਲਈ ਬੇਹੱਦ ਜ਼ਰੂਰੀ ਹੈ ਕਿ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਰ੍ਹਾਂ ਨਿਭਾਵੇ। ਇਸ ਦੇ ਲਈ ਸਭ ਤੋਂ ਜ਼ਰੂਰੀ ਕੰਮ ਇਹ ਹੈ ਕਿ ਖੇਤੀ ਖੇਤਰ ’ਚ ਖ਼ਾਸ ਕਰਕੇ ਸਿੰਚਾਈ ਸਾਧਨਾਂ ਦੇ ਵਿਕਾਸ ’ਚ ਜਨਤਕ ਨਿਵੇਸ਼ ਵਧਾਇਆ ਜਾਵੇ। ਗਿਆਰਵੀਂ ਯੋਜਨਾ ਦਾ ਦਸਤਾਵੇਜ਼ ਸਪੱਸ਼ਟ ’ਤੇ ਦਰਸਾਉਂਦਾ ਹੈ ਕਿ ਪੂੰਜੀ ਪੈਦਾਵਾਰ ਦਾ ਅਨੁਪਾਤ ਹੁਣ 2.5 ਤੋਂ ਵਧ ਕੇ 4 ਹੋ ਗਿਐ। ਇਸ ਲਈ ਖੇਤੀ ਪੈਦਾਵਾਰ ’ਚ ਚਾਰ ਫੀਸਦੀ ਸਲਾਨਾ ਵਾਧੇ ਲਈ ਖੇਤੀ ਖੇਤਰ ’ਚ ਨਿਵੇਸ਼ ਇਸ ਖੇਤਰ ਦੀ ਕੁਲ ਘਰੇਲੂ ਪੈਦਾਵਾਰ ਦਾ 16 ਫੀਸਦੀ ਹੋਣਾ ਜ਼ਰੂਰੀ ਹੈ। ਜੇ ਇਹਨਾਂ ਉਪਾਵਾਂ ਨੂੰ ਫੌਰੀ ਤੌਰ ’ਤੇ ਪ੍ਰਭਾਵਸ਼ਾਲੀ ਬਣਾਇਆ ਜਾਵੇ ਤਾਂ ਹੀ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ।

# ਸੂਰਜੀ ਮਿਸ਼ਨ 'ਚ ਆਮ ਆਦਮੀ ਦੀ ਅਣਦੇਖੀ

ਜਦ ਅੱਸੀ ਦੇ ਦਹਾਕੇ 'ਚ ਰਾਜੀਵ ਗਾਂਧੀ ਨੇ ਕੌਮੀ ਤਕਨੀਕੀ ਮਿਸ਼ਨ (ਨੈਸ਼ਨਲ ਸੋਲਰ ਮਿਸ਼ਨ-MTM) ਦਾ ਸੁਪਨਾ ਲਿਆ ਤਾਂ ਸੈਮ ਪ੍ਰਿਤੋਦਾ ਨੇ ਬਹੁਤ ਸਮਝਦਾਰੀ ਤੇ ਦੂਰ ਦਰਸ਼ਿਤਾ ਦਿਖਾਉਂਦਿਆਂ ਸਭ ਤੋਂ ਪਹਿਲਾਂ ਮਿਸ਼ਨਾਂ ਦੇ ਦਸਤਾਵੇਜ਼ਾਂ ਨੂੰ ਭਾਰਤ ਦੇ ਲੋਕਾਂ ਲਈ ਖੋਲ੍ਹ ਦਿੱਤਾ। ਮਿਸ਼ਨ 'ਚ ਲੋਕਾਂ ਦੀ ਸ਼ਮੂਲੀਅਤ ਤਹਿ ਕਰਨ ਲਈ ਉਹਨਾਂ ਦੀਆਂ ਅਲੋਚਨਾ ਤੇ ਸੁਝਾਅ ਜਾਨਣ ਲਈ ਉਹਨਾਂ ਦੇ ਸਹਿਯੋਗ ਅਤੇ ਸਮੂਹਿਕ ਹੱਕ ਨੂੰ ਯਕੀਨੀ ਬਣਾਉਣ ਲਈ ਆਮ ਲੋਕਾਂ ਨਾਲ ਜੁੜਨ ਦੀਆਂ ਵੱਧ ਕੋਸ਼ਿਸ਼ ਕੀਤੀਆਂ ਗਈਆਂ ਤਾਂ ਕਿ ਮਿਸ਼ਨ ਦੀਆਂ ਡਰਾਫਟ ਨੀਤੀਆਂ ਨੂੰ ਸਹੀ ਅਰਥਾਂ 'ਚ ਕੌਮੀ ਬਣਾਇਆ ਜਾ ਸਕੇ। ਪਰ ਸੰਵਾਦ ਤੇ ਬਹਿਸ ਨੇ ਐਨ ਟੀ ਐਮ ਟੀਮ ਨੂੰ ਹਮੇਸ਼ਾ ਜ਼ਮੀਨੀ ਪੱਧਰ ਤੋਂ ਆਉਣ ਵਾਲੀਆਂ ਆਵਾਜ਼ਾਂ ਦੇ ਸੰਪਰਕ ਵਿੱਚ ਰੱਖਿਆ। ਇਸ ਦਾ ਸਿੱਟਾ ਇਹ ਰਿਹਾ ਕਿ ਨੀਤੀਆਂ 'ਚ ਹੋਈ ਤਬਦੀਲੀ ਹਮੇਸ਼ਾ ਸਭ ਦੇ ਸਾਹਮਣੇ ਖੁਲ੍ਹੀ ਰਹੀ। ਲੋਕਾਂ ਤੱਕ ਪਹੁੰਚਣ ਲਈ ਸ਼ੱਕ ਤੇ ਪੇਚੀਦਗੀ ਨੂੰ ਪਰੇ ਰੱਖਿਆ ਗਿਆ ਤਾਂ ਕਿ ਹਰ ਵਿਅਕਤੀ ਦੇਸ਼ ਦੇ ਸਾਹਮਣੇ ਮੌਜੂਦ ਗੰਭੀਰ ਮੁੱਦਿਆਂ ਨੂੰ ਸਮਝ ਸਕੇ। ਬਹੁਤ ਜਲਦੀ ਸਾਨੂੰ ਪਤਾ ਲੱਗ ਗਿਆ ਕਿ ਸਮੱਸਿਆ ਬੁਨਿਆਦੀ ਬਦਲਾਅ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਦੇਸ਼ ਦੇ ਸਿੱਧੇ-ਸਿੱਧੇ ਤੇ ਇਮਾਨਦਾਰ ਲੋਕਾਂ ਨਾਲ ਨਹੀਂ ਹੈ। ਅਸਲ ਸਮੱਸਿਆ ਵਿਗਿਆਨਕਾਂ, ਤਕਨੀਕੀ ਮਾਹਰਾਂ, ਸਨਅਤਕਾਰਾਂ ਤੇ ਨੌਕਰਸ਼ਾਹਾਂ ਦੀ ਜੜ੍ਹ ਮਨੋਸਥਿਤੀ ਸੀ। ਇਹ ਸਭ ਮਿਲ ਕੇ ਸੰਨ 1984-89 ਦੌਰਾਨ ਇਕ ਅਜਿਹਾ ਗੁਪਤ ਮਾਫੀਆ ਜੋ ਬਦਲਣਾ ਨਹੀਂ ਚਾਹੁੰਦਾ ਸੀ। ਬਦਲਾਅ ਨੂੰ ਢਾਹ ਲਾਉਣ ਦੀ ਹਰ ਕੋਸ਼ਿਸ਼ ਕਰਦਾ ਸੀ। ਇਹ ਲੋਕ ਦਿੱਲੀ ਦੇ ਏਅਰ ਕੰਡੀਸ਼ਨ ਕਮਰਿਆਂ 'ਚ ਬੈਠ ਕੇ ਸੋਚਦੇ ਹਨ ਕਿ ਉਹਨਾਂ ਨੂੰ ਸਭ ਪਤਾ ਹੈ। ਅੱਜ 25 ਸਾਲਾਂ ਪਿੱਛੋਂ ਕੌਮੀ ਸ਼ੌਰ ਮਿਸ਼ਨ (NSM) ਦੇ ਡਰਾਫਟ ਦੇ ਪ੍ਰਸੰਗ ਵਿੱਚ ਕੁਝ ਵੀ ਨਹੀਂ ਬਦਲਿਆ। ਇਹ ਮਾਫੀਆ ਅੱਜ ਵੀ ਜਿਉਂ ਦਾ ਤਿਉਂ ਹੀ ਹੈ। ਨਾ ਤਾਂ ਸੱਤਾ ਛੱਡਣ ਨੂੰ ਤਿਆਰ, ਨਾ ਅਸਲੀ ਤਬਦੀਲੀ ਲਿਆਉਣ ਲਈ ਰਾਜ਼ੀ ਅਤੇ ਆਮ ਲੋਕਾਂ ਦੀ ਸਮਝ 'ਚ ਆਏ ਅਜਿਹੀਆਂ ਸਾਧਾਰਨ ਜਾਣਕਾਰੀਆ ਤੱਕ ਸਾਂਝੀਆਂ ਕਰਨ ਦਾ ਵਿਰੋਧੀ। ਵਿਆਪਕ ਤੌਰ 'ਤੇ ਬਦਲ ਚੁੱਕੇ ਦ੍ਰਿਸ਼ ਵਿੱਚ NSM ਇਕ ਸਾਫ ਸੰਦੇਸ਼ ਹੈ। ਮਾਫੀਆ ਦਾ 2009 ਸੰਸਕਰਨ ਅਜੇ ਜਿਉਂਦਾ ਹੈ। ਇਸ ਦੇ ਲਈ ਵਪਾਰਕ, ਨਿੱਜੀ ਅਤੇ ਛੋਟੇ ਲਾਲਚੀ ਹਿੱਤ ਦੇਸ਼ ਤੋਂ ਉਪਰ ਹਨ। ਕਈ ਦੁਸ਼ਮਣ ਬਣਾਉਣ ਅਤੇ ਦੋਸਤਾਂ ਨੂੰ ਖੋਹਣ ਦੇ ਜੋਖਿਮ ਦੇ ਬਾਵਜੂਦ ਇਹ ਕਹਿਣਾ ਹੋਵੇਗਾ ਕਿ ਕੌਮੀ ਸੋਲਰ ਮਿਸ਼ਨ ਦਾ ਦਸਤਾਵੇਜ਼ ਭਿਅੰਕਰ ਹਾਦਸਾ ਹੈ। ਇਸ ਖਰਾਬ ਦਸਤਾਵੇਜ਼ ਦੇ ਖਿਲਾਫ ਅਵਾਜ਼ ਉਠਾਉਣੀ ਪਵੇਗੀ। ਇਹ ਦਸਤਾਵੇਜ਼ ਬੋਝਲ, ਨੀਰਸ ਤੇ ਘਟੀਆ ਹੈ ਅਤੇ ਇਸ ਦੀ ਘਰੇਲੂ ਬੋਲੀ ਦੋਨਾਂ ਸਦਨਾਂ ਦੇ ਸਾਂਸਦਾਂ ਨੂੰ ਭੈਭੀਤ ਕਰਨ ਲਈ ਹੈ ਜਿਸ ਨਾਲ ਤੋਂ ਇਹ ਸਵਾਲ ਪੁੱਛਣ ਦੀ ਬਜਾਏ ਚੁੱਪ ਧਾਰੀ ਬੈਠੇ ਰਹੇ।

ਅਜਿਹਾ ਲੱਗਦਾ ਹੈ ਕਿ ਜਿਹਨਾਂ ਬੁੱਧੀਮਾਨਾਂ ਨੇ ਇਹ ਡਰਾਫਟ ਤਿਆਰ ਕੀਤਾ ਹੈ ਉਹ ਸੌਰ ਤਕਨੀਕ ਅਤੇ ਇੰਡੀਆ (ਭਾਰਤ ਨੂੰ ਭੁੱਲ ਜਾਓ) ਨੂੰ ਰੋਸ਼ਨ ਕਰਨ ਲਈ 90000 ਕਰੋੜ ਰੁਪਏ ਦੀ ਲੋੜ ਨੂੰ ਸਹੀ ਠਹਿਰਾਉਣ ਲਈ ਜਿੰਨੀਆਂ ਗੱਲਾਂ ਜ਼ਰੂਰੀ ਹਨ, ਸਭ ਜਾਣਦੇ ਹਨ ਪਰ ਖੁਦ ਆਪਣੇ ਲੋਕਾਂ ਦੀ ਯੋਗਤਾ ਤੇ ਕਾਬਲੀਅਤ

ਬਾਰੇ ਉਹਨਾਂ ਨੂੰ ਕੁਝ ਵੀ ਪਤਾ ਨਹੀਂ। ਜੇ ਇਹ ਨੀਤੀ (ਜਲਵਾਯੂ ਤਬਦੀਲੀ ’ਤੇ ਕੌਮੀ ਕਾਰਵਾਈ NADCC) ਜ਼ਮੀਨੀ ਪੱਧਰ ’ਤੇ ਲੋਕਾਂ ਨੂੰ ਮਜ਼ਬੂਤ ਕਰਨ ਲਈ ਊਰਜਾ ਦੇ ਵਿਕੇਂਦਰੀਕਰਨ ਬਾਰੇ ਹੈ ਤਾਂ ਜਿਹਨਾਂ ਮਾਹਰਾਂ ਨੇ ਇਸ ਨੂੰ ਹੈਰਾਨੀ ਜਨਕ ਰੂਪ ਨਾਲ ਸੰਵੇਦਨਹੀਣ, ਲੋਕ-ਵਿਰੋਧੀ ਤੇ ਗਰੀਬ ਵਿਰੋਧ ਦਸਤਾਵੇਜ਼ ਨੂੰ ਤਿਆਰ ਕੀਤਾ ਹੈ, ਉਹਨਾਂ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕਿਧਰੇ ਇਕ ਵਾਰੀ ਵੀ ਆਮ ਆਦਮੀ ਦਾ ਜ਼ਿਕਰ ਕਿਉਂ ਨਹੀਂ ਹੈ? ਪੰਚਾਇਤਾਂ ਨੂੰ ਸੰਵੇਦਨਸ਼ੀਲ ਬਣਾਉਣ ਅਤੇ ਜਥੇਬੰਦ ਕਰਨ ਬਾਰੇ ਇਕ ਵੀ ਸ਼ਬਦ ਕਿਉਂ ਨਹੀਂ ਹੈ? NSM ਮੁਤਾਬਕ ਉਹਨਾਂ ਦਾ ਮੁੱਖ ਉਦੇਸ਼ ਭਾਰਤ ਨੂੰ ਸੂਰਜੀ ਊਰਜਾ ਵਿੱਚ ਵਿਸ਼ਵ ਦਾ ਨੇਤਾ ਬਣਾਉਣਾ ਹੈ। ਗਲਤ ਅਤੇ ਭਰਮਾਊ ਹੈ। ਐਨ. ਐਸ. ਐਮ. ਦਾ ਮੁੱਖ ਉਦੇਸ਼ ਅਜਿਹੇ ਪਿੰਡਾਂ ਤੇ ਸ਼ਹਿਰਾਂ ਦੇ ਹਰ ਨਾਗਰਿਕ ਤੱਕ ਸਾਫ ਸੌਖੀ ਤੇ ਸਸਤੀ ਸੂਰਜੀ ਊਰਜਾ ਪਹੁੰਚਾਉਣ ਹੋਣਾ ਚਾਹੀਦਾ ਹੈ। ਜਿਥੇ ਰਵਾਇਤੀ ਗ੍ਰਿਡ ਪਾਵਰ ਪਹੁੰਚਾਉਣਾ ਬੇਹੱਦ ਮਹਿੰਗਾ ਹੈ। ਭਾਰਤ ਦੇ ਲੋਕਾਂ ਲਈ ਜ਼ਰੂਰੀ ਇਹ ਹੈ ਕਿ ਕਿਵੇਂ ਪੇਂਡੂ ਇਲਾਕਿਆਂ ਵਿੱਚ ਸੂਰਜੀ ਊਰਜਾ ਦੇ ਰਾਹੀਂ ਰੁਜ਼ਗਾਰ ਪੈਦਾ ਕੀਤਾ ਜਾਵੇ ਕਿਵੇਂ ਦੂਜੇ ਬਾਲਣ ’ਤੇ ਨਿਰਭਰ ਘਟੇ (ਕਾਲਾ ਬਾਜ਼ਾਰੀ ਨਾਲ ਮਿਲਾਵਟੀ ਮਿੱਟੀ ਦਾ ਤੇਲ ਖਰੀਦਣਾ) ਕਿਵੇਂ ਕੰਮ ਦੀ ਤਲਾਸ਼ ਵਿੱਚ ਪਿੰਡ ਤੋਂ ਸ਼ਹਿਰ ਵੱਲ ਪਲਾਇਨ ਰੁਕੇ। ਕਿਵੇਂ ਅਸੀਂ ਦੁਨੀਆਂ ਦਾ ਪਹਿਲਾਂ ਤਕਨੀਕੀ ਅਤੇ ਵਿਤੀ ਤੌਰ ’ਤੇ ਆਤਮ ਨਿਰਭਰ ਸੂਰਜੀ ਊਰਜਾ ਨਾਲ ਜਗਮਗ ਪਿੰਡ ਬਣਾ ਸਕੀਏ। ਐਨ. ਐਸ. ਐਮ. ਰਾਹੀਂ ਅਜੇਹਾ ਕਰਨ ’ਤੇ ਅਸੀਂ ਖੁਦ ਨੂੰ ਉਪਰ ਵੇਖਾਂਗੇ ਅਤੇ ਸੂਰਜੀ ਊਰਜਾ ’ਚ ਸੰਸਾਰੀ ਨੇਤਾ ਦਾ ਦਾਅਵਾ ਵੀ ਕਰ ਸਕਾਂਗੇ। ਅਜਿਹਾ ਪੈਦਾਵਾਰ ਯੋਗਤਾ ਵਧਾ ਕੇ ਨਹੀਂ ਬਲਕਿ ਆਖਰੀ ਬੰਦੇ ਤੱਕ ਪਹੁੰਚਣ ਦੀ ਭਾਰੀ ਯੋਗਤਾ ਨਾਲ ਹੀ ਹੋਵੇਗਾ। ਜਰਾ ਦੇਖੋ ਕਿ ਸੂਰਜੀ ਮਿਸ਼ਨ ਰਾਹੀਂ ਉਪਰੋਕਿਤ ਮਾਫੀਆ ਕੀ ਮੰਗ ਕਰ ਰਿਹਾ ਹੈ ਸੂਰਜੀ ਕੰਪਨੀਆਂ ਲਈ ਫਾਇਦੇ ਸਬਸਿਡੀ ਵਜੋਂ 70000 ਕਰੋੜ ਰੁਪਏ, 7300 ਕਰੋੜ ਰੁਪਏ ਦੀ ਵਿਆਜ ਛੋਟ (ਸੂਰਜੀ ਕੰਪਨੀਆਂ ਨੂੰ) 4800 ਕਰੋੜ ਰੁਪਏ ਖੋਜ ਤੇ ਵਿਕਾਸ ਯੋਗਤਾ ਵਧਾਉਣ ਲਈ (ਆਈ ਆਈ ਟੀ, ਆਈ ਆਈ ਐਮ ਦੇ ਤਕਨੀਕੀ ਮਾਹਰਾਂ ਤੇ ਨੌਕਰਸ਼ਾਹਾਂ ਨੂੰ ਫਾਇਦਾ) ਜਿਸ ਨਾਲ ਆਕਾਸ਼ ਵਾਂਗੂੰ ਕਦੀ ਨਾ ਖਤਮ ਹੋਣ ਵਾਲੀ ਖੋਜ ਚਲਦੀ ਰਹੇ। ਕਸਟਮ ਤੇ ਐਕਸਾਈਜ਼ ਡਿਊਟੀ ਤੋਂ ਛੋਟ (ਸੂਰਜੀ ਕੰਪਨੀਆਂ ਨੂੰ) ਵਿਆਜ ਰਹਿਤ ਕਰਜ਼ੇ, ਨਿਰਮਾਣ ਇਕਾਈਆਂ ਲਾਉਣ ਲਈ ਪੈਕੇਜ ਆਦਿ। ਅਜਿਹੇ ਨੌਕਰਸ਼ਾਹ ਤੇ ਤਕਨੀਕੀ ਅਧਿਕਾਰੀ ਜੋ ਸੇਵਾ ਮੁਕਤ ਹੋਣ ਵਾਲੇ ਅਤੇ ਜਿਨ੍ਹਾਂ ਨੂੰ ਮੁੜ ਰੁਜ਼ਗਾਰ ਦੀ ਲੋੜ ਹੈ, ਉਹਨਾਂ ਲਈ ਨਿਆਂਮਿਕ ਕਮਿਸ਼ਨ (ਅਨੁਭਵੀ ਤੇ ਪ੍ਰਸਿੱਧ ਲੋਕਾਂ ਦੀ ਅਗਵਾਈ ’ਚ) ਖੋਜ ਪ੍ਰੀਸ਼ਦ, ਕਾਰਜਦਲ ਇਕ ਸੂਰਜੀ ਊਰਜਾ ਅਥਾਰਟੀ, ਇਕ ਸੂਰਜੀ ਊਰਜਾ ਕਮਿਸ਼ਨ ਬਣਾਉਣ ਦਾ ਸੁਝਾਅ ਦਿੱਤਾ ਗਿਆ ਹੈ। ਬਿਲਕੁਲ ਅਜਿਹੇ ਹੀ ਸ਼ਬਦ ਵਰਤੇ ਗਏ ਸਨ ਜਦ ਸੂਚਨਾ ਦੇ ਅਧਿਕਾਰ ਕਾਨੂੰਨ ’ਚ ਰਾਜ ਸੂਚਨਾ ਕਮਿਸ਼ਨਾਂ ਨੂੰ ਨਿਯੁਕਤ ਕਰਨਾ ਸੀ। ਅਸੀਂ ਸਾਰੇ ਜਾਣਦੇ ਹਾਂ ਕਿ ਆਖਰ ’ਚ ਨਿਯੁਕਤ ਕੌਣ ਹੋਇਆ। ਕੇਂਦਰੀ ਤੇ ਵਿਕੇਂਦਰੀਕ੍ਰਿਤ ਸੂਰਜੀ ਵਿਵਸਥਾ ਦੇ ਨਫੇ ਨੁਕਸਾਨ ’ਤੇ ਗੰਭੀਰ ਬਹਿਸ ਬਾਕੀ ਹੈ ਜੋ ਕੌਮੀ ਸੂਰਜੀ ਮਿਸ਼ਨ ਨੂੰ ਛੇੜਨੀ ਚਾਹੀਦੀ ਹੈ।

# ਵਿਸ਼ਵੀ ਕਬਾੜ ਤੋਂ ਹਾਦਸਿਆਂ ਦਾ ਖਤਰਾ ਕਿਵੇਂ?

ਚਮਕੀਲੀ ਦਿੱਸਣ ਵਾਲੀ ਚੀਜ਼ ਨੇ ਜਦ ਕਹਿਰ ਢਾਹਿਆ ਤਾਂ ਜਾਨ 'ਤੇ ਆ ਪਈ। ਨਾ ਧਮਾਕਾ, ਨਾ ਨਸ਼ਤਰ ਸੀ ਪਰ ਚੋਟ ਜੋ ਲੱਗੀ ਉਹ ਕਿਸੇ ਡਰਾਉਣੀ ਫਿਲਮ ਦੇ ਦ੍ਰਿਸ਼ ਤੋਂ ਘੱਟ ਨਹੀਂ ਸੀ। ਪਹਿਲਾਂ ਚਮੜੀ ਕਾਲੀ ਪਈ ਫਿਰ ਸਿਰ ਦੇ ਵਾਲ ਉਤਰਨ ਲੱਗੇ ਅਤੇ ਥੋੜ੍ਹੀ ਦੇਰ 'ਚ ਹੋਸ਼ ਗਾਇਬ। ਇਹ ਸੀ 8 ਅਪ੍ਰੈਲ ਨੂੰ ਦਿੱਲੀ ਦੇ ਮਾਇਆ ਪੁਰੀ ਇਲਾਕੇ 'ਚ ਅਜੀਬੋ-ਗਰੀਬ ਕਿਸਮ ਦੇ ਕਬਾੜ ਦੀ ਦੁਕਾਨ ਦਾ ਮੰਜਰ। ਮੌਤ ਦਾ ਇਹ ਸਮਾਨ ਉਸ ਕਬਾੜ 'ਚ ਨਿਕਲਿਆ ਜਿਸ ਨੂੰ ਗਾਲਣਾ-ਕੱਟਣਾ ਉਹਨਾਂ ਦਾ ਨਿੱਤ ਦਾ ਕੰਮ ਹੈ। ਜਦ ਦੁਕਾਨ ਦਾ ਮਾਲਕ ਇਸ ਦੀ ਲਪੇਟ 'ਚ ਆਇਆ ਤਦ ਮਾਮਲੇ ਨੇ ਹੋਰ ਗੰਭੀਰ ਰੂਪ ਧਾਰਨ ਕਰ ਲਿਆ ਅਤੇ ਪੂਰੇ ਇਲਾਕੇ 'ਚ ਦਹਿਸ਼ਤ ਛਾ ਗਈ। ਇਹ ਰੇਡਿਓਧਰਮੀ ਕਬਾੜ ਦਾ ਅਸਰ ਸੀ। ਜਿਸ ਦਾ ਖੌਫ ਅਗਲੇ ਕਈ ਹਫ਼ਤੇ ਤਕ ਮਾਇਆਪੁਰੀ 'ਚ ਛਾਇਆ ਰਿਹਾ। ਇਹ ਉਹੀ ਰੇਡੀਓਧਰਮੀ ਖਤਰਾ ਹੈ ਜਿਸ ਦਾ ਅਸਰ ਰਾਜਸਥਾਨ ਦੇ ਰਾਵਤਭਾਟਾ 'ਚ ਪ੍ਰਮਾਣੂ ਊਰਜਾ ਕੇਂਦਰ ਦੇ ਆਸ ਪਾਸ ਦੇ ਹਜ਼ਾਰਾਂ ਨਿਵਾਸੀ ਪਿਛਲੇ ਕਈ ਸਾਲਾਂ ਤੋਂ ਹੁਣ ਤੱਕ ਝੱਲ ਰਹੇ ਹਨ। ਰਾਜਧਾਨੀ ਅੰਦਰ ਰੇਡਿਉਧਰਮੀ ਕਚਰੇ ਦੀਆਂ ਜੋ ਵਿਕਰਣਾਂ ਯਾਨੀ ਰੇਡੀਏਸ਼ਨ ਹਫਤੇ ਭਰ ਤੱਕ ਸੁਰਖ਼ੀਆਂ ਬਣੀਆਂ ਉਸ ਤੋਂ ਕਿਤੇ ਵੱਧ ਜ਼ਹਿਰ ਤਾਂ ਝਾਰਖੰਡ ਦੇ ਜਾਦੂਗੁੜਾ ਇਲਾਕੇ ਦੀ ਫਿਜਾ 'ਚ ਘੁਲ ਚੁਕਿਆ ਹੈ ਜੋ ਭਾਰਤ ਦਾ ਯੁਰੇਨੀਅਮ ਖੁਦਾਈ ਦਾ ਮੁੱਖ ਸ੍ਰੋਤ ਹੈ। ਰਾਵਤਭਾਟਾ ਦੇ ਲੋਕਾਂ 'ਤੇ ਹੋਏ ਰੇਡੀਓਐਕਟਿਵ ਵਿਕਰਣ ਦੇ ਅਸਰ 'ਤੇ ਸੰਘਮਿਤ੍ਰਾ ਅਤੇ ਸੁਰਿੰਦਰ ਗਾਡੇਕਰ ਦੀ ਖੋਜ ਦੱਸਦੀ ਹੈ ਕਿ ਪ੍ਰਮਾਣ ਸੁਯੰਤਰ ਦੇ ਆਸਪਾਸ ਰਹਿਣ ਵਾਲੇ ਲੋਕਾਂ 'ਚ ਚਮੜੀ ਸਬੰਧੀ ਰੋਗ, ਟਿਊਮਰ, ਅੰਨ੍ਹਾਪਣ, ਜੋੜਾਂ ਦਾ ਦਰਦ ਵਰਗੀਆਂ ਸਮੱਸਿਆਵਾਂ ਬਾਕੀ ਇਲਾਕਿਆਂ ਤੋਂ ਦੋ-ਤਿੰਨ ਗੁਣਾ ਵੱਧ ਹਨ। ਇਸ ਤਰ੍ਹਾਂ ਜਾਦੂਗੁੜਾ ਵਿੱਚ ਕੀਤੇ ਸ਼ਰਵੇ ਦੱਸਦੇ ਹਨ ਕਿ ਕਰੀਬ 30 ਫੀਸਦੀ ਔਰਤਾਂ ਗਰਭ ਸਬੰਧੀ ਸਮੱਸਿਆਵਾਂ ਤੇ ਬੀਮਾਰੀਆਂ ਨਾਲ ਗ੍ਰਸਿਤ ਹਨ। ਉਥੇ ਹੀ ਵੱਡੀ ਤੈਦਾਦ 'ਚ ਲੋਕ ਟੀ. ਬੀ. ਕੈਂਸਰ, ਦਿਮਾਗੀ ਨੁਕਸਾਨ ਤੇ ਗੁਰਦਾ ਤੇ ਦਿਮਾਗ ਦਾ ਹਰਜਾ ਅਤੇ ਤੰਤੂ ਪ੍ਰਬੰਧ 'ਚ ਗੜਬੜ ਦੇ ਸ਼ਿਕਾਰ ਹਨ। ਪਰ ਹੁਣ ਇਸ ਭਿਆਨਕ ਤੇ ਲਾਇਲਾਜ ਖਤਰੇ ਨੇ ਮਹਾਂਨਗਰ ਦਾ ਕੁੰਡਾ ਖੜਕਾ ਦਿੱਤਾ ਹੈ ਅਤੇ ਦਿੱਲੀ 'ਚ ਹੋਈ ਵਿਕਰਣ ਦੀ ਹੁਣੇ ਹੋਈ ਘਟਨਾ ਇਸ ਦਾ ਤਾਜ਼ਾ ਸਬੂਤ ਹੈ। ਹਾਲਾਂ ਕਿ ਦਿੱਲੀ ਦੀ ਘਟਨਾ ਦੀ ਵਿਗਿਆਨਕ ਜਾਂਚ ਹੁਣ ਵੀ ਜਾਰੀ ਹੈ। ਇਸ ਘਟਨਾ ਨੇ ਜ਼ਹਿਰੀਲੇ ਕਚਰੇ ਦੇ ਖਤਰੇ ਦੀ ਉਹ ਤਸਵੀਰ ਪੇਸ਼ ਕੀਤੀ ਹੈ। ਜਿਸ ਨੂੰ ਨਜ਼ਰ ਅੰਦਾਜ਼ ਕਰਕੇ ਭਾਰਤ ਨੂੰ ਜ਼ਹਿਰੀਲੇ ਕਚਰੇ ਦਾ ਕੂੜਾਦਾਨ ਬਣਾਇਆ ਜਾ ਰਿਹਾ ਹੈ। ਖੁਦ ਸਰਕਾਰ ਦੇ ਅੰਕੜੇ ਕਹਿੰਦੇ ਹਨ ਕਿ ਸਾਲ 2003-04 'ਚ ਜਿਥੇ ਭਾਰਤ 'ਚ ਕਰੀਬ 11 ਕਰੋੜ ਟਨ ਇਸਪਾਤ ਕਚਰੇ ਵਜੋਂ ਲਿਆਂਦਾ ਗਿਆ, ਉਥੇ 2007-08 'ਚ ਇਸ ਦੀ ਮਾਤਰਾ ਵਧ ਕੇ ਕਰੀਬ 34 ਕਰੋੜ ਟਨ ਹੋ ਗਈ। ਪੂੰਜੀ ਅਤੇ ਸਾਧਨਾਂ ਦੇ ਵਿਸ਼ਵੀਕਰਨ ਦੇ ਨਾਲ-ਨਾਲ ਕੂੜੇ ਕਚਰੇ ਦੇ ਗਲੋਬਲ ਹੋ ਕੇ ਵਿਕਸ਼ਤ ਦੇਸ਼ਾਂ ਤੋਂ ਗਰੀਬ ਮੁਲਕਾਂ ਵੱਲ ਜਾਣ ਦੇ ਇਸ ਦੌਰ ਨੇ ਭਾਰਤ ਵਰਗੇ ਦੇਸ਼

ਨੂੰ ਮਾਇਆਪੁਰੀ ਵਰਗੇ ਹਾਦਸਿਆਂ ਦੇ ਢੇਰ 'ਤੇ ਖੜ੍ਹਾ ਕਰ ਦਿੱਤਾ ਹੈ। ਇਸ ਪ੍ਰਕਾਰ ਵਿਦੇਸ਼ਾਂ ਤੋਂ ਵੱਡੀ ਮਾਤਰਾ ਵਿੱਚ ਆਉਣ ਵਾਲੇ ਕਚਰੇ ਵਿੱਚ ਨਾ ਸਿਰਫ ਜ਼ਹਿਰੀਲੇ ਅਤੇ ਫਿਸਫੋਟਿਕ ਪਦਾਰਥ ਹੋਣ ਦਾ ਡਰ ਬਣਿਆ ਹੋਇਆ ਹੈ ਬਲਕਿ ਦਿੱਲੀ ਵਾਂਗੂੰ ਰੇਡੀਓਐਕਟਿਵ ਪਦਾਰਥਾਂ ਤੋਂ ਵਿਕਰਣ ਯਾਨੀ ਰੇਡੀਏਸ਼ਨ ਦਾ ਖਤਰਾ ਵੀ ਹੈ। ਇਹ ਖਤਰਾਂ ਉਦੋਂ ਹੋਰ ਵਧ ਜਾਂਦਾ ਹੈ ਜਦ ਇਸ ਕਚਰੇ ਨਾਲ ਜੁੜੀ ਪੂਰੀ ਸਨਅਤ ਪੁਖਤਾ ਸੁਰੱਖਿਆ ਉਪਾਵਾਂ ਅਤੇ ਇੰਤਜ਼ਾਮਾਂ ਦੀ ਬਦਹਾਲ ਸਥਿਤੀ ਦੌਰਾਨ ਸ਼ਹਿਰਾਂ ਦੀਆਂ ਗਰੀਬ ਬਸਤੀਆਂ 'ਚ ਪਣਪ ਰਿਹਾ ਹੈ। ਇਹਨਾਂ ਹਾਲਤਾਂ ਨੂੰ ਜਾਨਣ ਦੇ ਬਾਵਜੂਦ ਜਿਸ ਤੇਜ਼ੀ ਨਾਲ ਸਰਕਾਰ ਖਤਰਨਾਕ ਕਚਰੇ ਦੀ ਦਰਾਮਦ ਦਿਨੋ ਦਿਨ ਵਧਾ ਰਹੀ ਹੈ ਉਹ ਹੋਰ ਵੀ ਹੈਰਾਨ ਕੁੰਨ ਹੈ। ਭਾਰਤ ਸਰਕਾਰ ਦੇ ਵਣਜ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਸਾਲ 2004-05 'ਚ 10111 ਕਿਲੋ ਮੈਡੀਕਲ ਕਚਰਾ ਸਾਲ 2007-08 'ਚ 500 ਕਿਲੋਗ੍ਰਾਮ ਖ਼ਤਰਨਾਕ ਰੇਡੀਓਧਰਮੀ ਕੋਬਾਲਟ ਦਾ ਕੂੜਾ ਅਤੇ 27 ਲੱਖ ਕਿਲੋਗ੍ਰਾਮ ਬੈਟਰੀਆਂ ਦਾ ਕੂੜਾ ਦਰਾਮਦ ਹੋ ਚੁੱਕਿਆ ਹੈ। ਇਹੀ ਹਾਲ ਇਲੈਕਟ੍ਰਾਨਿਕ ਕਚਰੇ ਸਬੰਧੀ ਵੀ ਹੈ। ਪਿਛਲੇ ਸਾਲ ਸਤੰਬਰ ਵਿੱਚ ਹੀ ਭਾਰਤ ਨੇ ਉਤਰਾਖੰਡ ਸਥਿਤ ਇਕ ਰੀਸਈਕਲਿੰਗ ਫਰਮ ਨੂੰ 8000 ਟਨ ਇਲੈਕਟ੍ਰੋਨਿਕ ਕਚਰੇ ਦੀ ਦਰਾਮਦ ਦੀ ਕਾਨੂੰਨੀ ਮੰਜ਼ੂਰੀ ਦਿੱਤੀ ਗਈ। ਦੁਨੀਆ ਭਰ ਦੇ ਕੂੜ-ਕਬਾੜ ਨਾਲ ਭਾਰਤ ਦਾ ਇਹ ਮੋਹ ਉਦੋਂ ਦਿਸ ਰਿਹਾ ਹੈ ਜਦ ਖੁਦ ਦਾ ਘਰੇਲੂ ਕਚਰਾ ਆਪਣੇ ਆਪ 'ਚ ਵੱਡੀ ਚੁਣੌਤੀ ਹੈ। ਵਾਤਾਵਰਨ ਨਾਲ ਜੁੜੇ ਕਈ ਅਧਿਐਨ ਦੱਸਦੇ ਹਨ ਕਿ ਭਾਰਤ 'ਚ ਸਲਾਨਾ ਨਿਕਲਣ ਵਾਲੇ ਕਰੀਬ 4 ਲੱਖ ਟਨ ਇਲੈਕਟ੍ਰਾਨਿਕ ਕਚਰੇ ਵਿਚੋਂ ਕਰੀਬ 60 ਫੀਸਦੀ ਨੂੰ ਸੋਧਿਆ ਹੀ ਨਹੀਂ ਜਾਂਦਾ। ਵਾਤਾਰਣ ਸਬੰਧੀ ਮੁੱਦੇ ਤੇ ਸਰਗਰਮ ਸੰਸਥਾ ਟਾਕਿਸਕ ਲਿੰਕਸ ਦੇ ਸਹਾਇਕ ਨਿਦੇਸ਼ਕ ਸ਼ਤੀਸ਼ ਸਿਨਹਾ ਸਵਾਲ ਉਠਾਉਂਦੇ ਹਨ ਕਿ ਭਾਰਤ 'ਚ ਏਨੀ ਵੱਡੀ ਤੈਦਾਦ ਵਿਚ ਵਿਦੇਸ਼ਾਂ ਤੋਂ ਕਚਰਾ ਮੰਗਵਾਉਣ ਦਾ ਕੀ ਤੁਕ ਹੈ? ਸਰਕਾਰ ਵਾਤਾਵਰਣ ਅਤੇ ਲੋਕਾਂ ਨੂੰ ਜਾਨ ਜੋਖਿਮ 'ਚ ਪਾ ਕੇ ਦੇਸ਼ ਦੇ ਕਚਰੇ ਵਾਲੇ ਦੇ ਇਸ ਖਤਰਨਾਕ ਕਾਰੋਬਾਰ ਨੂੰ ਸਹਿ ਦੇ ਰਹੀ ਹੈ। ਇਸ ਤਰ੍ਹਾਂ ਆਉਣ ਵਾਲੇ ਕਚਰੇ ਦੀ ਪੂਰੀ ਜਾਂਚ ਲਈ ਨਾ ਤਾਂ ਬੰਦਰਗਾਹਾਂ ਤੇ ਪੁਖਤਾ ਇੰਤਜ਼ਾਮ ਹੈ ਅਤੇ ਨਾ ਹੀ ਰੇਡੀਏਸ਼ਨ ਵਰਗੇ ਹਾਦਸੇ ਨਾਲ ਮੁਕਾਬਲੇ ਦੀ ਤਿਆਰੀ। ਬਾਹਰ ਤੋਂ ਆਉਣ ਵਾਲੇ ਖਤਰਨਾਕ ਕਚਰੇ ਵਿਚੋਂ ਸਿਰਫ਼ 10 ਫੀਸਦੀ ਦੀ ਹੀ ਜਾਂਚ ਹੋ ਸਕਦੀ ਹੈ ਅਤੇ ਇਸ ਕਚਰੇ ਵਿੱਚ ਕਿਸੇ ਵਿਸਫੋਟ ਜਾਂ ਹੋਰ ਜ਼ਹਿਰੀਲੇ ਪਦਾਰਥ ਦੇ ਆਉਣ ਦਾ ਪੂਰਾ ਡਰ ਰਹਿੰਦਾ ਹੈ। ਸਰਕਾਰੀ ਏਜੰਸੀਆਂ, ਖਾਸ ਕਰਕੇ ਕੇਂਦਰ ਸਰਕਾਰ ਦੇ ਪ੍ਰਮਾਣੂ ਊਰਜਾ ਵਿਭਾਗ ਨੇ ਜਿਸ ਤਰੀਕੇ ਨਾਲ ਮਾਇਆਪੁਰੀ ਦੇ ਹਾਦਸੇ ਦਾ ਮੁਕਾਬਲਾ ਕੀਤਾ, ਉਸ 'ਤੇ ਕਈ ਸਵਾਲ ਖੜ੍ਹੇ ਹੋ ਰਹੇ ਹਨ। ਹਫਤੇ ਭਰ ਤੋਂ ਵੱਧ ਚਲੀ ਸ਼ੁਰੂਆਤੀ ਅਤੀ ਛਾਣਬੀਣ ਦੇ ਬਾਵਜੂਦ ਸਰਕਾਰ ਇਹ ਦੱਸਣ 'ਚ ਨਾਕਾਮ ਹੈ ਕਿ ਜਿਸ ਕੂੜੇ ਨਾਲ ਮਾਇਆਪੁਰੀ 'ਚ ਰੇਡੀਏਸ਼ਨ ਫੈਲਿਆ ਉਹ ਘਰੇਲੂ ਕੂੜਾ ਸੀ ਜਾਂ ਵਿਦੇਸ਼ਾਂ ਤੋਂ ਦਰਾਮਦ। ਜਿਸ ਕੋਬਾਲਟ-60 ਨੂੰ ਇਸ ਰੇਡੀਏਸ਼ਨ ਦੀ ਵਜ੍ਹਾ ਕਰਾਰ ਦਿੱਤਾ ਗਿਆ ਉਸ ਦੀ ਵਰਤੋਂ ਆਮ ਤੌਰ 'ਤੇ ਮੈਡੀਕਲ ਉਪਕਰਣਾਂ 'ਚ ਹੁੰਦੀ ਹੈ। ਪਰ ਹਾਦਸੇ ਦੀ ਵਜ੍ਹਾ ਬਣੇ ਪਦਾਰਥ ਦੇ ਸਰੋਤ ਦਾ ਭੇਦ ਖਤਮ ਨਹੀਂ ਹੋਇਆ ਹੈ। ਇਸ ਤੋਂ ਇਲਾਵਾ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਇਸ ਰੇਡਿਉਧਰਮੀ

ਕਬਾੜ ਦੀ ਵਰਤੋਂ ਕਿਧਰੇ ਇਸਪਾਤ ਬਣਾਉਣ 'ਚ ਹੀ ਨਹੀਂ ਕੀਤਾ ਗਿਆ। ਪ੍ਰਮਾਣੂ ਊਰਜਾ ਪੈਮਾਨਾ ਬੋਰਡ (IRB) ਨੇ ਦਿੱਲੀ ਪੁਲਸ ਨੂੰ ਜੋ ਰਿਪੋਰਟ ਸੌਂਪੀ ਹੈ ਉਸ 'ਚ ਕਿਹਾ ਗਿਆ ਹੈ ਕਿ ਕੋਬਾਲਟ-60 ਇਕ ਤੋਂ ਵੱਧ ਸਰੋਤ ਤੋਂ ਆਇਆ ਹੋ ਸਕਦਾ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਸਨਅਤੀ ਜਾਂ ਹਸਪਤਾਲਾਂ ਦੇ ਕਚਰੇ ਵਜੋਂ ਇਸ ਦੀ ਦੇਸ਼ ਦੇ ਬਾਹਰ ਤੋਂ ਵੀ ਆਉਣ ਦੀ ਸੰਭਾਵਨਾ ਹੈ। ਦੋ ਦੁਕਾਨਾਂ ਨੂੰ ਛੱਡ ਕੇ ਜਿੱਥੇ ਰੇਡੀਉਧਰਮੀ ਪਦਾਰਥ ਮਿਲਿਆ ਸੀ, ਪੂਰੇ ਬਾਜ਼ਾਰ ਨੂੰ ਰੇਡੀਏਸ਼ਨ ਮੁਕਤ ਐਲਾਨ ਦਿੱਤਾ ਗਿਆ ਹੈ ਪਰ ਇਸ ਕੋਬਾਲਟ-60 ਦੇ ਦੋ ਹੋਰ ਸ੍ਰੋਤ ਮਿਲਣ ਦੇ ਨਾਲ-ਨਾਲ ਵਿਕਰਣ ਦੇ ਸ਼ਿਕਾਰ ਇਕ ਹੋਰ ਵਿਅਕਤੀ ਦੀ ਪਹਿਚਾਨ ਨੇ ਭੈਅ ਦਾ ਸਿਲਸਲਾ ਟੁੱਟਣ ਨਹੀਂ ਦਿੱਤਾ। ਮਾਇਆਪੁਰੀ ਦੀ ਘਟਨਾ ਤੋਂ ਪਹਿਲਾਂ ਹੀ ਕੋਬਾਲਟ 60 ਨਾਲ ਜੁੜਿਆ ਰੇਡੀਏਸ਼ਨ ਇਕ ਅਜਿਹਾ ਕੇਸ ਸਾਹਮਣੇ ਆਇਆ ਸੀ ਜਿਸ ਨੇ ਭਾਰਤ 'ਚ ਕਬਾੜ ਦੇ ਨਾਲ-ਨਾਲ ਲਾਹਪ੍ਰਵਾਹੀ ਦੀ ਪੋਲ ਖੋਹਲ ਦਿੱਤੀ ਸੀ। ਸਾਲ 2008 'ਚ ਫ਼੍ਰਾਂਸ ਨੇ ਭਾਰਤ 'ਚ ਬਣੀ ਲਿਫਟ ਦੇ ਸਵਿਚ ਇਹ ਕਹਿੰਦੇ ਹੋਇਆ ਵਾਪਸ ਭੇਜ ਦਿੱਤੇ ਕਿ ਇਸ 'ਚ ਰੇਡਿਉਧਰਮੀ ਤੱਤ ਕੋਬਾਲਟ-60 ਪਾਇਆ ਗਿਆ ਹੈ। ਪਿੱਛੋਂ ਪਤਾ ਲੱਗਿਆ ਕਿ ਇਹ ਸਵਿਚ ਪੁਣੇ ਦੀ ਇਕ ਕੰਪਨੀ ਨੇ ਵਿਦੇਸ਼ਾਂ ਤੋਂ ਮੰਗਵਾਏ ਗਏ ਕਬਾੜ ਨੂੰ ਗਾਲ ਕੇ ਬਣਾਏ ਸਨ। ਸਾਲ 2003 ਦੇ ਬਾਅਦ ਤੋਂ ਅਮਰੀਕਾ ਨੇ ਤਾਂ ਆਪਣੇ ਇਥੇ ਭਾਰਤ ਵਰਗੇ ਦੇਸ਼ਾਂ ਤੋਂ ਆਉਣ ਵਾਲੇ ਸਮਾਨ ਦਾ ਵੀ ਰੇਡੀਉਧਰਮ ਪ੍ਰੀਖਣ ਸ਼ੁਰੂ ਕਰ ਦਿੱਤਾ ਹੈ। ਭਾਰਤ ਤੋਂ ਗਏ ਇਸਪਾਤ ਦੇ 67 ਕੰਟੇਨਰਾਂ ਨੂੰ ਇਸ ਤਰ੍ਹਾਂ ਦੇ ਪ੍ਰਦੂਸ਼ਣ ਕਾਰਨ ਵਾਪਸ ਕੀਤਾ ਜਾ ਚੁੱਕਿਆ ਹੈ। ਜ਼ਾਹਿਰ ਹੈ ਕਿ ਉਥੇ ਰੇਡਿਉ-ਐਕਟਿਵ ਦੇ ਜਾਂਚ ਪੈਮਾਨੇ ਕਾਫੀ ਕਰੜੇ ਹਨ।

ਕੇਂਦਰੀ ਪ੍ਰਮਾਣੂ ਊਰਜਾ ਰਾਜ ਮੰਤਰੀ ਪ੍ਰਿਥਵੀ ਰਾਜ ਚੌਹਾਣ ਨੇ ਰਾਜ ਸਭਾ 'ਚ ਕਿਹਾ ਹੈ ਕਿ ਮਾਇਆਪੁਰੀ 'ਚ ਜਿਸ ਉਪਕਰਣ ਨਾਲ ਰੇਡੀਉਧਰਮੀ ਵਿਕਰਣ ਹੋਇਆ ਉਹ ਮੈਡੀਕਲ ਉਪਕਰਣ ਸੀ। ਉਹਨਾਂ ਨੇ ਕਿਹਾ ਕਿ ਇਕ ਸਿੱਟਾ ਇਹ ਵੀ ਕੱਢਿਅ ਜਾ ਰਿਹਾ ਹੈ ਕਿ ਇਹ ਵਿਦੇਸ਼ਾਂ ਤੋਂ ਆਇਆ ਹੈ। ਹਾਲਾਂਕਿ ਕਬਾੜ ਤੋਂ ਹੋਣ ਵਾਲੀਆਂ ਦੁਰਘਟਨਾਵਾਂ ਦਾ ਇਹ ਸਿਲਸਿਲਾ ਨਵਾਂ ਨਹੀਂ ਹੈ। ਪਰ ਇਸ ਮਾਮਲੇ ਪਿੱਛੋਂ ਦੇਸ਼ 'ਚ ਕਬਾੜ ਦੇ ਬੇਕਾਬੂ ਕਾਰੋਬਾਰ 'ਤੇ ਲਗਾਮ ਕਸਣ ਅਤੇ ਪ੍ਰਮਾਣੂ ਹਾਦਸਿਆਂ ਦੀ ਜੁਆਬਦੇਹੀ ਤਹਿ ਕਰਨ ਦੀ ਮੰਗ ਤੇਜ਼ ਹੋ ਰਹੀ ਹੈ।

# ਜਾਤ, ਜ਼ਮੀਨ ਤੇ ਕਤਲੇਆਮ

ਮੱਧ ਬਿਹਾਰ ਦੇ ਪਰਸਬਿਘਾ 'ਚ 6 ਫਰਵਰੀ 1980 ਦੀ ਰਾਤ ਨੂੰ ਦੋ ਸੌ ਲੋਕਾਂ ਨੇ ਕਮਜ਼ੋਰ ਵਰਗ ਦੇ ਬੰਦਿਆਂ ਦੇ ਘਰਾਂ ਨੂੰ ਬਾਹਰੋਂ ਬੰਦ ਕਰਕੇ ਉਹਨਾਂ 'ਤੇ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ ਸੀ। ਜਦ ਸੁੱਤੇ ਲੋਕ ਅੱਗ ਦੀਆਂ ਲਪਟਾ ਨਾਲ ਬੇਹਾਲ ਹੋ ਕੇ ਘਰਾਂ ਤੋਂ ਬਾਹਰ ਨਿਕਲ ਕੇ ਭੱਜਣ ਲੱਗੇ ਤਾਂ ਉਹਨਾਂ ਨੂੰ ਗੋਲੀ ਮਾਰ ਦਿੱਤੀ ਗਈ ਅਤੇ ਲਾਸ਼ਾਂ ਨੂੰ ਅੱਗ ਵਿਚ ਸੁੱਟ ਦਿੱਤਾ ਗਿਆ। ਇਸ ਸਮੂਹਕ ਖ਼ੂਨੀ ਰੰਜਸ਼ ਵਿੱਚ ਗਿਆਰਾਂ ਵਿਅਕਤੀਆਂ ਦੀ ਘਟਨਾ ਵਾਲੀ ਥਾਂ 'ਤੇ ਹੀ ਮੌਤ ਹੋ ਗਈ ਇਕ ਬੰਦਾ ਹਸਪਤਾਲ 'ਚ ਮਰਿਆ ਇਸ ਤਰ੍ਹਾਂ ਦਾ ਕਤਲੇਆਮ 25 ਫਰਵਰੀ 1980 ਨੂੰ ਪਟਨਾ ਜ਼ਿਲ੍ਹੇ ਦੇ ਪਿਪਰਾ ਪਿੰਡ 'ਚ ਵੀ ਹੋਇਆ। ਇਹਨਾਂ ਕਤਲੇਆਮ ਪਿੱਛੋਂ ਜ਼ਮੀਨੀ ਝੌਮੇਲੇ, ਮਜ਼ਦੂਰੀ ਝਗੜੇ ਅਤੇ ਕਮਜ਼ੋਰ ਜਮਾਤ ਦੀਆਂ ਔਰਤਾਂ ਦੀ ਇੱਜ਼ਤ ਦੇ ਸਵਾਲ ਸਨ। ਇਹਨਾਂ ਘਟਨਾਵਾਂ ਦੇ ਬਾਵਜੂਦ ਸਰਕਾਰ ਨੇ ਸੂਬੇ ਦੇ ਜ਼ਮੀਨੀ ਝਗੜਿਆਂ ਦਾ ਨਿਪਟਾਰਾ ਕਰਨ 'ਚ ਕੋਈ ਦਿਲਚਸਪੀ ਨਹੀਂ ਵਿਖਾਈ ਸਿੱਟੇ ਵਜੋਂ ਬਿਹਾਰ 'ਚ ਜ਼ਮੀਨ ਅਧਾਰਤ ਕਤਲੇਆਮਾਂ ਦੀ ਝੜੀ ਲੱਗ ਗਈ। ਪਿਛਲੇ ਚਾਰ ਸਾਲਾਂ ਤੋਂ ਕਤਲੇਆਮ ਦੀ ਗਿਣਤੀ ਘਟੀ ਹੈ ਪਰ ਝਮੇਲਿਆਂ ਦੇ ਮੂਲ ਕਾਰਨਾਂ ਨੂੰ ਦੂਰ ਕੀਤਾ ਜਾਣਾ ਅਜੇ ਬਾਕੀ ਹੈ। ਪਰਸਬਿਘਾ ਕਤਲੇਆਮ ਦੀ ਪਿੱਠਭੂਮੀ ਨੂੰ ਯਾਦ ਕਰਨਾ ਚਾਹੀਦੈ ਜੋ ਇਸ ਕਾਂਡ ਦੀ ਜੜ੍ਹ ਸੀ। ਗਯਾ ਜ਼ਿਲ੍ਹੇ 'ਚ ਟੇਕਾਰੀ ਦੇ ਸਾਬਕਾ ਜ਼ਿੰਮੀਦਾਰ ਨੇ ਪਿਛਲੇ ਸੱਤਾਬਦੀ ਦੇ ਸ਼ੁਰੂ ਵਿੱਚ ਆਪਣੇ ਇਕ ਪਟਵਾਰੀ ਗਣੇਸ਼ ਲਾਲ ਨੂੰ ਪਰਸਬਿਘਾ ਦੀ ਕਰੀਬ ਪੰਜਾਹ ਏਕੜ ਜ਼ਮੀਨ ਦਿੱਤੀ ਸੀ ਪਟਵਾਰੀ ਨੇ ਆਪਣੀ ਇਸ ਜ਼ਮੀਨ ਦੇ ਦੇਖਭਾਲ ਲਈ ਪਟਨਾ ਜ਼ਿਲ੍ਹੇ ਦੇ ਪਾਲੀ ਠਾਣੇ ਦੇ ਅੰਕੁੜੀ ਪਿੰਡ ਦੇ ਰਾਮ ਨਿਰੰਜਨ ਨੂੰ ਪਰਸ ਬਿਘਾ ਪਿੰਡ 'ਚ ਵਸਾਇਆ। ਇਕ ਅਨੁਮਾਨ ਅਨੁਸਾਰ ਰਾਮ ਨਿਰੰਜਨ ਸਿੰਘ ਪੰਜ ਏਕੜ ਜ਼ਮੀਨ ਦੀ ਪੂਰੀ ਫਸਲ ਪਟਵਾਰੀ ਗਣੇਸ਼ ਲਾਲ ਨੂੰ ਦਿੰਦਾ ਸੀ ਉਧਰ ਦੂਜੀ ਜ਼ਮੀਨ 'ਚ ਜ਼ਿਆਦਾਤਰ ਬਟਾਈ ਵਜੋਂ ਗਡਰਿਆਂ, ਦਲਿਤਾਂ ਤੇ ਯਾਦਵਾਂ ਕੋਲ ਸੀ। ਇਸ ਜ਼ਮੀਨ ਨੂੰ ਰਾਮ ਨਿਰੰਜਣ ਸਿੰਘ ਹੜੱਪ ਲੈਣਾ ਚਾਹੁੰਦਾ ਸੀ। ਸਮਾਂ ਬੀਤ ਜਾਣ ਦੇ ਨਾਲ ਰਾਮ ਨਿਰੰਜਣ ਨੇ ਪਟਵਾਰੀ ਨੂੰ ਪੰਜ ਏਕੜ 'ਚੋਂ ਵੀ ਫਸਲ ਦੇਣੀ ਬੰਦ ਕਰ ਦਿੱਤੀ। ਪਟਵਾਰੀ ਨੇ ਰਾਮ ਨਿਰੰਜਨ ਸਿੰਘ ਤੋਂ ਤੰਗ ਆ ਕੇ ਆਪਣੀ ਪੂਰੀ ਜ਼ਮੀਨ ਨੇੜੇ ਦੇ ਪਿੰਡ ਪੰਡੁਈ ਦੇ ਜੱਟੀ ਸਿੰਘ ਨੂੰ ਵੇਚ ਦਿੱਤੀ। ਬਟਾਈ ਦਾਰਾਂ ਨੇ ਰਾਮ ਨਿਰੰਜਨ ਸਿੰਘ ਦੇ ਮੁਕਾਬਲਤਨ ਜੱਟੀ ਸਿੰਘ ਨੂੰ ਬੇਹਤਰ ਮਾਲਕ ਮੰਨਿਆ। ਜੱਟੀ ਸਿੰਘ ਤੇ ਰਾਮ ਨਿਰੰਜਨ ਸਿੰਘ ਵਿਚਾਲੇ ਜਦ ਇਸ ਜ਼ਮੀਨ ਸਬੰਧੀ ਮੁਕੱਦਮੇ ਬਾਜ਼ੀ ਸ਼ੁਰੂ ਹੋਈ ਤਾਂ ਬਟਾਈਦਾਰਾਂ ਨੇ ਜੱਟੀ ਸਿੰਘ ਦਾ ਸਾਥ ਦਿੱਤਾ। ਮੁਕੱਦਮਾ ਸੁਪਰੀਮ ਕੋਰਟ ਤੱਕ ਪਹੁੰਚਿਆ ਜਿਸ ਵਿੱਚ ਜੱਟੀ ਸਿੰਘ ਦੀ ਜਿੱਤ ਹੋਈ। ਇਸ ਦੇ ਬਾਵਜੂਦ ਰਾਮ ਨਿਰੰਜਨ ਸਿੰਘ ਨੇ ਜਬਰਦਸਤੀ ਬਟਾਈਦਾਰਾਂ ਨੂੰ ਇਸ ਜ਼ਮੀਨ ਤੋਂ ਬੇਦਖਲ ਕਰਨ ਦੀ ਕੋਸ਼ਿਸ਼ ਜਾਰੀ ਰੱਖੀ। ਉਸ ਨੇ ਪਿੰਡ ਦੀ ਪੰਜ ਏਕੜ ਗੈਰ-ਮਜਰੂਆ ਚਰਾਂਦ 'ਤੇ ਵੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਸਿੱਟੇ ਵਜੋਂ ਬਟਾਈਦਾਰਾਂ ਤੇ ਰਾਮ ਨਿਰੰਜਨ ਸਿੰਘ ਦੇ ਲਠੈਤਾਂ ਵਿਚਾਲੇ ਅਕਸਰ ਹਿੰਸਕ ਝੜਪਾਂ ਹੋਣ ਲੱਗੀਆਂ। ਮਾਸਟਰ

ਸਾਹਿਬ ਨਾਂ ਦੇ ਇਕ ਬੰਦੇ ਦੀ ਅਗਵਾਈ 'ਚ ਬਟਾਈਦਾਰਾਂ ਨੇ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਜਾਰੀ ਰੱਖਿਆ। ਇਸ ਝਮੇਲੇ ਕਾਰਨ ਸੰਨ 1979 'ਚ ਕਤਲਾਂ ਦਾ ਸਿਲਸਲਾ ਸ਼ੁਰੂ ਹੋ ਗਿਆ। ਇਕ ਬਟਾਈਦਾਰ ਦਾ ਕਤਲ ਕਰ ਦਿੱਤਾ ਗਿਆ। ਦੱਸਿਆ ਜਾਂਦਾ ਹੈ ਕਿ ਇਸ ਕਤਲ ਦੇ ਬਦਲੇ ਵਜੋਂ ਅਕਤੂਬਰ 1979 'ਚ ਰਾਮ ਨਿਰੰਜਨ ਸਿੰਘ ਦਾ ਕਤਲ ਹੋਇਆ। ਰਾਮ ਨਿਰੰਜਨ ਸਿੰਘ ਦੇ ਕਤਲ ਨੂੰ ਉਸ ਦੇ ਪੁੱਤਰ ਅਤੇ ਆਸ-ਪਾਸ ਦੀ ਇੱਕ ਖਾਸ ਜਾਤ ਦੇ ਲੋਕਾਂ ਨੇ ਵਕਾਰ ਦਾ ਸਵਾਲ ਬਣਾ ਲਿਆ। ਉਹਨਾਂ ਨੂੰ ਰਾਜਸੀ ਸ਼ਹਿ ਵੀ ਮਿਲੀ। ਇਸ ਨਾਲ ਪਿੰਡ 'ਚ ਤਣਾਅ ਪੈਦਾ ਹੋ ਗਿਆ ਅਤੇ ਉਥੇ ਪੁਲਸ ਫੋਰਸ ਨੂੰ ਤੈਨਾਤ ਕਰ ਦਿੱਤਾ ਗਿਆ। ਪਰ 1980 ਦੇ ਸੰਸਦੀ ਚੋਣ ਦਾ ਮੌਕਾ ਆਇਆ ਤਾਂ ਪੁਲਸ ਫੋਰਸ ਹਟਾ ਲਈ ਗਈ। ਪੁਲਸ ਦੇ ਹਟਣ ਮਗਰੋਂ ਪਰਸਬਿਘਾ ਕਤਲੇਆਮ ਹੋਇਆ ਇਸ ਕਾਂਡ ਦਾ ਇਕ ਦੋਸ਼ੀ ਬਿਹਾਰ ਸਰਕਾਰ ਦੇ ਇਕ ਮੰਤਰੀ ਦਾ ਅੰਗ ਰੱਖਿਅਕ ਸੀ। ਅੰਗਰੱਖਿਅਕ ਨੂੰ ਬਚਾਉਣ ਲਈ ਰਾਜ ਦੇ ਕਈ ਮੁੱਖ ਨੇਤਾਵਾਂ ਨੇ ਅਦਾਲਤ 'ਚ ਝੂਠੇ ਬਿਆਨ ਦਿੱਤੇ ਪਰ ਅਦਾਲਤ ਨੇ ਉਨ੍ਹਾਂ ਗਵਾਹਾਂ ਨੂੰ ਸਹੀ ਨਹੀਂ ਮੰਨਿਆ। ਆਖਰਕਾਰ ਕਈ ਸਾਲਾਂ ਪਿੱਛੋਂ ਇਸ ਕਾਂਡ ਦੇ ਦੋਸ਼ੀਆਂ ਨੂੰ ਅਦਾਲਤ ਨੇ ਮਾਮੂਲੀ ਸਜ਼ਾ ਵੀ ਦਿੱਤੀ। ਪਰ ਇਸ ਕਾਂਡ ਨੇ ਪ੍ਰਸ਼ਾਸਨ, ਪੁਲਸ ਅਤੇ ਕਈ ਨੇਤਾਵਾਂ ਦੇ ਪੱਖਪਾਤੀ ਰਵੱਈਏ ਨੂੰ ਸਾਬਤ ਕਰ ਦਿੱਤਾ। ਰਾਜ ਸਰਕਾਰ ਨੂੰ ਭਾਰੀ ਮੰਗ ਕਾਰਨ ਇਸ ਦੀ ਜਾਂਚ ਲਈ ਐਨ. ਕੇ. ਪ੍ਰਸਾਦ ਦੀ ਪ੍ਰਧਾਨਗੀ ਹੇਠਾਂ ਇਕ ਜਾਂਚ ਸੰਮਤੀ ਦਾ ਗਠਨ ਕਰਨਾ ਪਿਆ। ਬਦਲਾ ਲੈਣ ਲਈ ਪਿਛੜੀ ਜਾਤੀ ਦੇ ਲੋਕਾਂ ਦੇ ਦੋਹਿਆ ਪਿੰਡ ਦੇ ਜ਼ਿੰਮੀਦਾਰਾਂ ਦੇ ਘਰਾਂ 'ਤੇ ਹਮਲਾ ਕਰ ਦਿੱਤਾ। ਇਕ ਔਰਤ ਮਾਰੀ ਗਈ। ਦੋਹਾਂ ਕਾਂਡਾਂ ਦੇ ਸਿਲਸਿਲੇ 'ਚ ਕਈ ਲੋਕ ਗ੍ਰਿਫ਼ਤਾਰ ਹੋਏ। ਮੁਕੱਦਮਾ ਚੱਲਿਆ ਪਰਸਬਿਘਾ ਦੀ ਘਟਨਾ ਤੋਂ ਤੁਰੰਤ ਪਿੱਛੋਂ 25 ਫਰਵਰੀ 1980 ਦੀ ਰਾਤ ਨੂੰ ਪਟਨਾ ਜ਼ਿਲ੍ਹੇ ਦੇ ਪਿਪਰਾ 'ਚ ਜ਼ਿੰਮੀਦਾਰਾਂ ਦੇ ਹਮਲਾਵਰ ਦਸਤੇ ਨੇ ਪਿਪਰਾ ਪਿੰਡ 'ਤੇ ਹਮਲਾ ਕਰਕੇ 14 ਦਲਿਤਾਂ ਦਾ ਸਮੂਹਕ ਕਤਲੇਆਮ ਕੀਤਾ। ਪਹਿਲਾਂ ਹਮਲਾਵਰਾਂ ਨੇ ਮਿੱਟੀ ਦਾ ਤੇਲ ਛਿੜਕ ਝੁੱਗੀ ਵਿੱਚ ਅੱਗ ਲਾਈ, ਫਿਰ ਇਕ ਘਰ 'ਚ ਜਬਰੀ ਵੜ੍ਹ ਕੇ ਨੌਂ ਦਲਿਤਾਂ ਨੂੰ ਇਕੋ ਵਾਰੀ 'ਚ ਮਾਰ ਸੁੱਟਿਆ। ਉਸ ਘਟਨਾ 'ਚ ਹੋਰ ਪੰਜ ਦਲਿਤਾਂ ਨੂੰ ਇਕੋ ਵਾਰੀ 'ਚ ਮਾਰ ਸੁੱਟਿਆ। ਉਸ ਘਟਨਾ 'ਚ ਹੋਰ ਪੰਜ ਦਲਿਤਾਂ ਨੂੰ ਇਕੋ ਵਾਰੀ 'ਚ ਮਾਰ ਸੁੱਟਿਆ। ਉਸ ਘਟਨਾ 'ਚ ਹੋਰ ਪੰਜ ਦਲਿਤਾਂ ਦੀ ਵੀ ਹੱਤਿਆ ਕਰ ਦਿੱਤੀ ਗਈ। ਕਰੀਬ ਛੇ ਘੰਟੇ ਤਕ ਇਹ ਕਤਲੇਆਮ ਹੁੰਦਾ ਰਿਹਾ। ਹਮਲਾਵਰਾਂ ਦੀ ਗਿਣਤੀ ਕਰੀਬ ਚਾਰ ਸੌ ਦੱਸੀ ਗਈ। ਜ਼ਿੰਮੀਦਾਰਾਂ ਦੇ ਇਸ ਗਰੋਹ ਨੇ ਉਸ ਦਲਿਤ ਪਿੰਡ 'ਤੇ ਹਮਲਾ ਕਰ ਦਿੱਤਾ। ਉਹਨਾਂ ਦੇ ਸਮਰਥਕਾਂ ਨੇ ਪਿਛੋਂ ਦੱਸਿਆ ਕਿ ਪਿਪਰਾ ਨਕਸਲੀਆਂ ਦਾ ਅੱਡਾ ਬਣ ਗਿਆ ਸੀ ਉਹਨਾਂ ਹਮਲਾਵਰਾਂ ਨੂੰ ਇਕ ਖ਼ਾਸ ਜਾਤੀ ਦੇ ਕੁਝ ਜ਼ਿੰਮੀਦਾਰਾਂ, ਨੇਤਾਵਾਂ, ਹਿੰਸਕ ਤੱਤਾਂ ਤੇ ਬਹੁਬਲੀਆਂ ਦੀ ਸਿੱਧੀ ਤੇ ਸਪੱਸ਼ਟ ਹਮਾਇਤ ਹਾਸਲ ਸੀ। 26 ਜੁਲਾਈ 1979 ਨੂੰ ਪੁਨਪੁਨ ਥਾਣੇ ਦੇ ਕੁਲੀ ਪਿੰਡ ਦੇ ਕੁਰਮੀ ਜਗੀਰਦਾਰ ਦਵਾਰਿਕਾ ਸਿੰਘ ਦੀ ਨਕਸਲੀਆ ਨੇ ਹੱਤਿਆ ਕਰ ਦਿੱਤੀ ਸੀ। ਪਿਪਰਾ ਵੀ ਪੁਨਪੁਨ ਥਾਣੇ ਵਿੱਚ ਹੀ ਹੈ। ਇਸ ਹੱਤਿਆ ਪਿਛੋਂ ਕੁਰਮੀ ਜ਼ਿੰਮੀਦਾਰ ਵੀ ਜਥੇਬੰਦ ਹੋਣ ਲੱਗੇ ਉਹਨਾਂ ਨੂੰ ਲੱਗਿਆ ਕਿ ਸਰਕਾਰ ਉਹਨਾਂ ਦੀ ਰਾਖੀ ਨਹੀਂ ਕਰ ਸਕੀ ਹੈ। ਸਿੱਟੇ ਵਜੋਂ ਭੂੰਮੀ ਪਤੀਆਂ ਨੇ ਆਪਣੇ ਹਥਿਆਬੰਦ ਗਰੋਹ

ਬਣਾਏ ਜਿਹਨਾਂ ਨੂੰ ਪਿਛੋਂ ਭੂਮੀ ਸੈਨਾ ਕਿਹਾ ਗਿਆ। ਦੂਜੇ ਪਾਸੇ ਨਕਸਲੀ ਵਰਕਰ ਅਤੇ ਬੁੱਧੀ ਜੀਵੀ ਗਰੀਬਾਂ ਤੇ ਦਲਿਤਾਂ ਨੂੰ ਜਥੇਬੰਦ ਕਰਨ ਲਈ ਪਿੰਡਾਂ 'ਚ ਸਰਗਰਮ ਹੋ ਚੁੱਕੇ ਸਨ। ਹਿੰਸਾ ਤੇ ਮੋੜਵੀਂ ਹਿੰਸਾ ਦਾ ਦੌਰ ਸ਼ੁਰੂ ਹੋਇਆ। ਬਿਹਾਰ ਦੇ ਪਰਸਬਿਘਾ ਅਤੇ ਪਿਪਰਾ ਦੀਆਂ ਘਟਨਾਵਾਂ ਪਿਛੋਂ ਉਹਨਾਂ ਤੋਂ ਸਬਕ ਸਿੱਖ ਕੇ ਜੇ ਪ੍ਰਸ਼ਾਸਨ ਨੇ ਹਿੰਸਾ ਦੇ ਮੂਲ ਕਾਰਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਬਾਅਦ 'ਚ ਕਤਲੇਆਮਾਂ ਦੀ ਝੜੀ ਨਾ ਲੱਗਦੀ। ਪਰ ਇਕ ਭਰਿਸ਼ਟ ਤੇ ਨਿਕੰਮੇ ਪ੍ਰਸ਼ਾਸਨ ਅਤੇ ਲੋਕਾਂ ਤੋਂ ਹੌਲੀ-ਹੌਲੀ ਕੱਟਦੀ ਜਾ ਰਹੀ ਰਾਜਨੀਤੀ ਤੋਂ ਇਹ ਉਮੀਦ ਕਰਨਾ ਬੇਕਾਰ ਸਾਬਿਤ ਹੋਇਆ। ਪਿਪਰਾ ਅਤੇ ਪਰਸਬਿਘਾ ਦੀਆਂ ਘਟਨਾਵਾਂ ਨੇ ਕਾਨੂੰਨ ਦੇ ਰਾਜ ਅਤੇ ਕਲਿਆਣਕਾਰੀ ਨਿਜਾਮ ਦੀ ਅਸਲੀਅਤ ਨੂੰ ਬੇਪਰਦ ਕਰਕੇ ਰੱਖ ਦਿੱਤਾ। ਮਜ਼ਦੂਰੀ ਸਬੰਧੀ ਗਰੀਬਾਂ ਦੀ ਲੁੱਟ ਜਾਰੀ ਰਹੀ। ਦੂਜੇ ਪਾਸੇ ਨਕਸਲੀ ਵੀ ਹਥਿਆਰਬੰਦ ਗੁਰੀਲੇ ਤਿਆਰ ਕਰਨ ਲੱਗੇ। ਇਸ ਦੌਰਾਨ ਲਗਨ ਸਿੰਘ ਨਾਂ ਦੇ ਕੁਰਮੀ ਜ਼ਿੰਮੀਦਾਰ ਤੋਂ ਵੱਡੀ ਮਾਤਰਾ 'ਚ ਚੌਲ ਚੰਦੇ ਵਜੋਂ ਵਸੂਲ ਕੀਤੇ ਗਏ। ਸਰਕਾਰ ਤੋਂ ਨਿਰਾਸ਼ ਕਿਸਾਨਾਂ ਨੇ ਕਿਸਾਨ ਸੁਰੱਖਿਆ ਸੰਮਤੀ ਬਣਾਈ ਜਿਸ ਦਾ ਪ੍ਰਧਾਨ ਜ਼ਿੰਮੀਦਾਰ ਭੋਲਾ ਸਿੰਘ ਬਣਾਏ ਗਏ। ਇਹਨਾਂ ਨੇ ਹਥਿਆਰ ਖਰੀਦਣ ਲਈ ਕਾਫ਼ੀ ਮਾਤਰਾ 'ਚ ਪੈਸਾ ਇਕੱਠਾ ਕਰਨਾ ਸ਼ੁਰ ਕਰ ਦਿੱਤਾ। ਨਕਸਲੀਆਂ ਨੂੰ ਇਸ ਦਾ ਪਤਾ ਲੱਗ ਗਿਆ। ਉਹਨਾਂ ਨੇ 6 ਦਸੰਬਰ 1979 ਨੂੰ ਭੋਲਾ ਸਿੰਘ ਦੀ ਹੱਤਿਆ ਕਰ ਦਿੱਤੀ। ਨਕਸਲੀ ਦਲਿਤ ਭੋਲਾ ਸਿੰਘ ਦਾ ਸਿਰ ਵੱਢ ਕੇ ਨਾਲ ਲੈ ਗਏ। ਫੇਰ ਸੁਰੱਖਿਆ ਸੰਮਤੀ ਦੇ ਖਜਾਨਚੀ ਦੇਵਨੰਦਨ ਸਿੰਘ ਦਾ ਵੀ ਤਾਂ ਜਨਵਰੀ ਨੂੰ ਕਤਲ ਕਰ ਦਿੱਤਾ ਗਿਆ। ਇਸ ਕਾਰਨ ਜਾਤੀ ਵੰਡ ਹੋਰ ਤਿੱਖੀ ਹੋ ਗਈ। ਸਿੱਟੇ ਵਜੋਂ ਪਿਪਰਾ ਕਤਲੇਆਮ ਸਾਹਮਣੇ ਆਇਆ। ਮਜ਼ਦੂਰ ਇਕ ਸੇਰ ਖੇਸਾਰੀ ਤੇ ਅੱਧਾ ਸੇਰ ਸੱਤੂ ਦੀ ਰੋਜ਼ਾਨਾ ਦਿਹਾੜੀ 'ਤੇ ਕੰਮ ਕਰਨ ਲਈ ਤਿਆਰ ਨਹੀਂ ਸਨ। ਉਹ ਇਹ ਵੀ ਨਹੀਂ ਚਾਹੁੰਦੇ ਸਨ ਕਿ ਜ਼ਿੰਮੀਦਾਰ ਉਹਨਾਂ ਦੇ ਪ੍ਰੀਵਾਰਾਂ ਦੀਆਂ ਔਰਤਾਂ ਨੂੰ ਰਖੈਲ ਵਜੋਂ ਰੱਖਣ। ਸਰਕਾਰੀ ਸਹਾਇਤਾ ਮਿਲੀ ਨਹੀਂ। ਰਵਾਇਤੀ ਪਾਰਟੀਆਂ ਦੇ ਨੇਤਾਵਾਂ 'ਚ ਸੇਵਾ ਬਦਲੇ ਸੱਤਾ ਤੇ ਪੈਸੇ ਦਾ ਲਾਲਚ ਵਧਦਾ ਗਿਆ ਅਤੇ ਉਹਨਾਂ ਲੋਕਾਂ ਤੋਂ ਕੱਟਦੇ ਗਏ। ਉਹਨਾਂ ਲਈ ਇਹ ਠੀਕ ਹੀ ਸੀ ਕਿ ਲੋਕ ਜਾਤੀ ਅਧਾਰ 'ਤੇ ਵੰਡੇ ਜਾਣ ਅਤੇ ਉਹਨਾਂ ਕੋਈ ਮਿਹਨਤ ਕੀਤੇ ਬਿਨ੍ਹਾਂ ਉਸ ਅਧਾਰ 'ਤੇ ਵੋਟਾਂ ਦਿੰਦੇ ਰਹਿਣ। ਵਿਕਾਸ ਤੇ ਕਲਿਆਣ ਰਾਜਨੀਤੀ ਦਾ ਮੁੱਦਾ ਨਾ ਬਣੇ। ਉਧਰ ਨਕਸਲੀ ਵੀ ਸਰਗਰਮੀ ਹੁੰਦੇ ਗਏ ਅਤੇ ਗਰੀਬੀ ਤੇ ਲੁੱਟ ਨੇ ਉਹਨਾਂ ਨੂੰ ਲੋਕਾਂ ਦੀ ਅਗਵਾਈ ਸੌਂਪ ਦਿੱਤੀ।

# ਕਰੋੜਾਂ ਦੀ ਖੇਡ, ਅਰਬਾਂ ਦਾ ਮੁਨਾਫ਼ਾ ਕਿਵੇਂ?

ਖੇਡ ਮਨੋਰੰਜਨ ਤੇ ਕਾਰੋਬਾਰ ਦੀ ਤਿਕੜੀ ਨੇ ਕ੍ਰਿਕਟ ਦੇ ਜਿਸ ਨਵੇਂ ਅਰਥਚਾਰੇ ਨੂੰ ਜਨਮ ਦਿੱਤਾ ਹੈ। ਉਸ ਦੀ ਕਲਪਨਾ ਪਹਿਲਾਂ ਤੋਂ ਕੀਤੀ ਜਾ ਰਹੀ ਸੀ। ਦਿਨ ਭਰ ਖੇਡੀ ਜਾਣ ਵਾਲੀ ਇਹ ਖੇਡ ਅੱਜ ਰਾਤ ਦੇ ਕੁਝ ਘੰਟਿਆਂ ਤਕ ਸਿਮਟ ਕੇ ਰਹਿ ਗਈ ਹੈ ਅਤੇ ਮੁਨਾਫ਼ਾ ਏਨਾ ਹੈ ਜਿੰਨਾ ਵੱਡੇ ਤੋਂ ਵੱਡੇ ਵਪਾਰ 'ਚ ਵੀ ਸੰਭਵ ਨਾ ਹੋਵੇ। ਪ੍ਰਸ਼ਨ ਉਠਦਾ ਹੈ ਕਿ ਆਖਰ ਆਈ. ਪੀ. ਐੱਲ. 'ਚ ਕਰੋੜਾਂ ਰੁਪਏ ਲਾਉਣ ਵਾਲੇ ਹਨ ਕੌਣ? ਸਿਰਫ਼ ਤਿੰਨ ਸਾਲ ਪਹਿਲਾਂ ਸ਼ੁਰੂ ਹੋਏ ਆਈ. ਪੀ. ਐਲ. ਨੇ ਜਿਸ ਵੱਡੇ ਬਾਜ਼ਾਰ ਨੂੰ ਜਨਮ ਦਿੱਤਾ ਹੈ। ਉਸ ਵਿੱਚ ਉਦਯੋਗਪਤੀ, ਕਾਰਪੋਰੇਟ ਘਰਾਣੇ, ਖੇਡ ਕਲੱਬ, ਫ਼ਿਲਮੀ ਹਸਤੀਆਂ ਅਤੇ ਰਾਜਨੇਤਾ ਤਕ ਸ਼ਾਮਲ ਹਨ। ਆਈ. ਪੀ. ਐੱਲ. ਨੂੰ ਪ੍ਰਯੋਜਿਤ ਕਰਨ ਵਾਲੀਆਂ ਚਾਰ ਵੱਡੀਆਂ ਕੰਪਨੀਆਂ 'ਚ ਦੇਸ਼ ਦੀ ਸਭ ਤੋਂ ਵੱਡੀ ਪ੍ਰਾਪਰਟੀ ਡੀਲਰ ਡੀ. ਐਲ. ਐਫ. ਹੀਰੋ ਹੋਂਡਾ ਮੋਟਰ ਸਾਈਕਲ, ਪੈਪਸਿਕੋ ਅਤੇ ਚੌਥੀ ਕਿੰਗ ਫਿਸਰ ਹੈ। ਇਹਨਾਂ ਕੰਪਨੀਆਂ ਲਈ ਕਰੋੜਾਂ ਦਾ ਨਿਵੇਸ਼ ਕਰਨਾ ਕੋਈ ਵੱਡੀ ਗੱਲ ਨਹੀਂ ਹੈ।

ਸਾਲ 2008 ਤੋਂ 2013 ਤਕ ਇਹਨਾਂ ਚਾਰੋਂ ਕੰਪਨੀਆਂ ਤੋਂ ਆਈ. ਪੀ. ਐਲ. ਨੇ ਬਤੌਰ ਪ੍ਰਯੋਜਿਕ ਸਮਝੌਤਾ ਕੀਤਾ ਹੈ। ਵਿਗਿਆਪਨ ਤੇ ਵਿਪਣਨ ਬਾਜ਼ਾਰ 'ਚ ਇਹ ਚਰਚਾ ਜੋਰਾਂ 'ਤੇ ਹੈ ਕਿ ਸਿਰਫ਼ ਤਿੰਨ ਸਾਲਾਂ 'ਚ ਆਈ. ਪੀ. ਐਲ. 1865 ਅਰਬ ਰੁਪਏ ਦਾ ਬ੍ਰਾਂਡ ਬਣ ਚੁੱਕਿਆ ਹੈ। ਇਸ ਦੇ ਮਾਲੀਏ ਦੇ ਸ਼੍ਰੋਤਾਂ 'ਚ ਟੀ. ਵੀ. ਪ੍ਰਸਾਰਣ ਅਧਿਕਾਰ, ਪ੍ਰਮੋਸ਼ਨ ਤੇ ਫ੍ਰੈਂਚਾਈਜੀ ਤੋਂ ਅੱਗੇ ਮਲਟੀਪਲੈਕਸ, ਮੋਬਾਇਲ ਫੋਨ, ਗੂਗਲ, ਯੂ-ਟਿਊਬ, ਸਿਤਾਰਿਆਂ ਦੇ ਨਾਲ ਹੋਣ ਵਾਲੀਆਂ ਪਾਰਟੀਆਂ ਤੱਕ ਸ਼ਾਮਲ ਹੋ ਚੁੱਕੀਆਂ ਹਨ। ਆਈ. ਪੀ. ਐੱਲ.-3 ਬਾਰੇ ਵੀ ਇਹ ਕਿਹਾ ਜਾਂਦਾ ਹੈ ਕਿ ਇਸ ਦੇ ਸ਼ੁਰੂਆਤੀ ਮੈਚ 'ਚ ਖਿਡਾਰੀਆਂ ਵਲੋਂ ਪਹਿਨੀ ਜਾਣ ਵਾਲੀ ਨਾਰੰਗੀ ਤੇ ਬੈਂਗਨੀ ਰੰਗ ਦੀ ਟੋਪੀ 'ਤੇ ਵੀ ਇਸ਼ਤਿਹਾਰ ਵੇਚਣ ਦੀ ਕੋਸ਼ਿਸ਼ ਕੀਤੀ ਗਈ ਸੀ। ਪਰ ਸਫਲਤਾ ਨਾ ਮਿਲਣ 'ਤੇ ਇਸ ਨੂੰ ਘਾਟੇ ਵਜੋਂ ਲਿਆ ਗਿਆ ਹੈ। ਹਾਲਾਂਕਿ ਆਈ. ਪੀ. ਐੱਲ.-4 'ਚ ਇਸ ਲਈ ਫਿਰ ਤੋਂ ਕੋਸ਼ਿਸ਼ ਕਰਨ ਦਾ ਸੰਕੇਤ ਦਿੱਤਾ ਜਾ ਰਿਹਾ ਹੈ। ਦੇਖਿਆ ਜਾਏ ਤਾਂ ਆਈ. ਪੀ. ਐਲ. ਦਾ ਹਰ ਮਿੰਟ ਅਤੇ ਸਕਿੰਟ ਕਰੋੜਾਂ ਰੁਪਏ ਦਾ ਹੈ। ਮੈਚ ਦੇ ਵਿਚਾਲੇ ਇਸ਼ਤਿਹਾਰਬਾਜ਼ੀ ਆਈ. ਪੀ. ਐਲ. ਨੂੰ 54 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਕ੍ਰਿਕਟ ਟੈਲੀਵਿਜ਼ਨ ਦੇ ਇਤਿਹਾਸ 'ਚ ਪਹਿਲਾਂ ਕਦੀ ਅਜਿਹਾ ਨਹੀਂ ਹੋਇਆ। ਇਸ਼ਤਿਹਾਰ ਦੇਣ ਵਾਲਿਆਂ ਨੂੰ ਉਹਨਾਂ ਦੀ ਪਸੰਦ ਮੁਤਾਬਕ ਮੈਚ ਦੇ ਵਿਚਕਾਰ ਸਮੇਂ ਤੇ ਸਥਾਨ ਦਿੱਤਾ ਜਾਂਦਾ ਹੈ। ਇਸ ਲਈ ਇਸ 'ਚ ਇਸ਼ਤਿਹਾਰ ਦੇਣ ਵਾਲੀਆਂ ਕੰਪਨੀਆਂ ਖਰਚ ਕਰਨੋ ਨਹੀਂ ਝਿਜਕ ਦੀਆਂ। ਚੋਟੀ ਦੀ ਇਸ਼ਤਿਹਾਰਦਾਤਾ ਕੰਪਨੀ ਵੀਡੀਓ ਕੋਨ ਦਾ ਕਹਿਣਾ ਹੈ ਕਿ ਆਈ. ਪੀ. ਐਲ. ਰਾਹੀਂ ਹੋਣ ਵਾਲੀ ਕਮਾਈ ਕਾਰਨ ਹੀ ਕੰਪਨੀ ਨੇ ਜੰਗਲ ਥੀਮ 'ਤੇ ਨਵੀਂ ਇਸ਼ਤਿਹਾਰੀ ਫਿਲਮ ਬਣਾਈ ਹੈ। ਮਲਟੀ ਸਕਰੀਨ ਮੀਡੀਆ ਦੇ ਪ੍ਰਧਾਨ ਰੋਹਿਤ ਗੁਪਤਾ ਦਾ ਕਹਿਣਾ ਹੈ ਕਿ ਪਿੱਛੇ ਦੋ ਸੈਸ਼ਨ 'ਚ ਸ਼ਾਮਲ ਕੰਪਨੀਆਂ ਤੀਜੇ ਸੈਸ਼ਨ 'ਚ ਵੀ ਸਿਰਫ਼ ਇਸ ਲਈ ਮੌਜੂਦ ਸਨ

ਕਿ ਇਹਨਾਂ ਰਾਹੀਂ ਬਾਜ਼ਾਰ 'ਚ ਛਾ ਜਾਣਾ ਬਹੁਤ ਸੌਖਾ ਹੈ। ਆਈ. ਪੀ. ਐਲ. ਦੇ ਅਰਥਚਾਰੇ ਦੇ ਕੇਂਦਰ 'ਚ ਆਮ ਆਦਮੀ (ਦਰਸ਼ਕ) ਹੀ ਹੈ। ਆਈ. ਪੀ. ਐਲ. ਨੇ ਕ੍ਰਿਕਟ ਦੀ ਜਿਸ ਨਵੀਂ ਸਰਚਨਾ ਨੂੰ ਖੜ੍ਹਾ ਕੀਤਾ, ਉਸ ਨੂੰ ਵਧਾਉਣ ਦਾ ਕੰਮ ਦਰਸ਼ਕਾਂ ਨੇ ਕੀਤਾ। ਦਰਸ਼ਕਾਂ ਦੀ ਪ੍ਰਿੰਟ ਇਲੈਕਟ੍ਰਾਨਿਕ ਤੇ ਹੋਰ ਮਾਧਿਅਮ 'ਚ ਵਧਦੀ ਰੇਟਿੰਗ ਨੇ ਇਸ਼ਤਿਹਾਰਬਾਜ਼ੀ ਦੇ ਵਿਕਲਪ ਖੋਹਲੇ। ਇਸ਼ਤਿਹਾਰਾਂ ਦੀ ਵਧਦੀ ਗਿਣਤੀ ਵੱਧ ਤੋਂ ਵੱਧ ਗਾਹਕਾਂ ਨੂੰ ਜੋੜਨ 'ਚ ਸਫਲ ਹੋਈ। ਲਿਹਾਜਾ ਵਸਤਾਂ ਦੀ ਮੰਗ ਵਧਦੀ। ਮੰਗ ਵਧਣ ਨਾਲ ਵਸਤੂਆਂ ਦੀ ਕੀਮਤ ਵਧੀ ਜਿਸ ਦਾ ਸਿੱਧਾ ਫਾਇਦਾ ਕੰਪਨੀਆਂ ਨੂੰ ਮਿਲਿਆ। ਆਈ. ਪੀ. ਐਲ. ਦੇ ਇਸ ਅਰਥ ਸਾਸ਼ਤਰ ਦਾ ਫਾਇਦਾ ਉਠਾਉਣ ਵਾਲੀਆਂ ਕੰਪਨੀਆਂ ਦਾ ਕਰੋੜਾਂ ਰੁਪਏ ਦਾ ਨਿਵੇਸ਼ ਹੈ। ਇਸ 'ਚ ਸ਼ਾਮਲ ਹੋਣ ਵਾਲੇ ਫਿਲਮੀ ਸਿਤਾਰੇ ਸਾਲ ਭਰ 'ਚ ਆਪਣੀ ਇਕ ਫਿਲਮ ਨਾਲ 10-15 ਕਰੋੜ ਰੁਪਏ ਹੀ ਕਮਾ ਸਕਦੇ ਹਨ। ਪਰ ਆਈ. ਪੀ. ਐਲ. ਦੇ ਇਕ ਪੱਧਰ 'ਚ ਇਹਨਾਂ ਨੇ 300-400 ਕਰੋੜ ਰੁਪਏ ਦੀ ਕਮਾਈ ਹੁੰਦੀ ਹੈ।

ਇਹ ਕਾਰੋਬਾਰ ਸਿਰਫ ਕਾਰਪੋਰੇਟ ਕੰਪਨੀਆਂ ਨੂੰ ਹੀ ਫਾਇਦਾ ਨਹੀਂ ਪਹੁੰਚਾਉਂਦਾ ਪਰ ਇਸ ਨਾਲ ਸਰਕਾਰ ਨੂੰ ਵੀ ਮਾਲੀਏ ਦੀ ਮੋਟੀ ਰਕਮ ਮਿਲਦੀ ਹੈ। ਵਿੱਤ ਮੰਤਰਾਲੇ ਅਨੁਸਾਰ ਬਜ਼ਾਰ, ਇਸ਼ਤਿਆਰਬਾਜ਼ੀ ਖਿਡਾਰੀ ਪ੍ਰੋਮੋਸ਼ਨ, ਪ੍ਰਸਾਰਣ ਅਧਿਕਾਰ ਆਦਿ ਨਾਲ ਸਰਕਾਰ ਨੂੰ ਸਿੱਧੇ ਟੈਕਸ (ਆਮਦਨ ਟੈਕਸ) ਅਤੇ ਅਸਿੱਧੇ ਟੈਕਸ ਵਜੋਂ (ਸੇਵਾ ਟੈਕਸ) 'ਚ ਲਗਭਗ 100 ਕਰੋੜ ਦੇ ਮਾਲੀਏ ਦੀ ਪ੍ਰਾਪਤੀ ਹੁੰਦੀ ਹੈ। ਪਿਛਲੇ 40 ਸਾਲ ਦੀ ਪ੍ਰਿੰਟ ਪ੍ਰਤਕਾਰਿਤਾ ਦੇ ਇਤਿਹਾਸ ਵਿੱਚ ਕ੍ਰਿਕਟ ਵਿਸ਼ੇਸਾਂਕ ਸਭ ਤੋਂ ਵੱਧ ਵਿੱਕੇ ਤੇ ਪੜ੍ਹੇ ਗਏ। ਫਿਰ ਟੀ. ਵੀ. ਦੇ ਖੇਡ ਚੈਨਲਾਂ ਦੀ ਚਮਕ ਵਿੱਚ ਵੀ ਵਾਧਾ ਹੋਇਆ। ਇਸ ਚਮਕ ਨੂੰ ਹੋਰ ਵਧਾਉਣ ਦਾ ਕੰਮ ਕੀਤਾ ਆਈ. ਪੀ. ਐਲ. ਦੇ ਨਵੇਂ ਕ੍ਰਿਕਟ ਤਾਣੇ ਬਾਣੇ ਨੇ।

ਇਕ ਅੰਦਾਜ਼ੇ ਅਨੁਸਾਰ ਆਈ. ਪੀ. ਐਲ.-2 ਨੂੰ ਭਾਰਤ ਤੋਂ ਬਾਹਰ ਕਰੀਬ 45 ਕਰੋੜ ਲੋਕਾਂ ਨੇ ਟੀ. ਵੀ. ਤੇ ਵੇਖਿਆ। ਆਈ. ਪੀ. ਐਲ.-1 ਨਾਲ ਜੁੜੇ ਬ੍ਰਾਂਡਾਂ ਦੀ ਗਿਣਤੀ 40 ਸੀ। ਜੋ ਦੂਜੇ ਸੈਸ਼ਨ 'ਚ ਵਧ ਕੇ 68 ਅਤੇ ਤੀਜੇ 'ਚ 8032 ਪਹੁੰਚ ਗਈ। ਅਨੁਮਾਨ ਹੈ ਕਿ ਚੌਥੇ ਸੈਸ਼ਨ 'ਚ ਇਸਦੀ ਗਿਣਤੀ 9532 ਜਾ ਸਕਦੀ ਹੈ। ਇਸ਼ਤਿਹਾਰਬਾਜ਼ੀ ਦੇ ਗੁਰੂਆਂ ਦੀ ਮੰਨੀਏ ਤਾਂ ਅੱਜ ਦੇ ਬਾਜ਼ਾਰਵਾਦ 'ਚ ਉਹੀ ਟਿਕ ਸਕਦਾ ਹੈ ਜੋ ਵੱਡੇ ਬ੍ਰਾਂਡ ਨੂੰ ਆਪਣੇ ਨਾਲ ਲੈ ਕੇ ਚੱਲਦਾ ਹੈ। ਇਸ ਮਾਮਲੇ 'ਚ ਆਈ. ਪੀ. ਐਲ. ਕਾਫੀ ਅੱਗੇ ਹੈ। ਦੂਜਾ ਅੱਜ ਹਰ ਵੱਡਾ ਬ੍ਰਾਂਡ ਆਈ. ਪੀ. ਐਲ. ਨਾਲ ਜੁੜਿਆ ਹੈ। ਇਸ ਦਾ ਕਾਰਨ ਹੈ ਬਾਜ਼ਾਰ ਦੇ ਵਿਕਾਸ ਤੇ ਮੁਨਾਫੇ ਦਾ ਬੇਹਤਰ ਮੇਲ-ਜੋਲ, ਵੋਡਾਫੋਨ, ਏਅਰਟੈਲ, ਇਸਾਰ, ਵੀਡੀਓ ਕੋਨ, ਸੈਮਸੰਗ, ਗੋਦਰੇਜ, ਐਲ ਜੀ ਸਵਿਸ ਵਾਚ ਕੰਪਨੀ ਬ੍ਰਾਂਡ ਬੈਂਡਰ ਕਿਅਰ, ਕਾਰਬਨ, ਮੋਬਾਇਲਜ਼ ਮਾਈਕਰੋ ਮੈਕਸ ਮੋਬਾਇਲ, ਵੀ ਰਾਕ ਮੋਬਾਇਲ ਕ੍ਰਿਕੇਟ ਵੇਂਚਰਸ ਹੁੰਦੇ ਹਨ, ਟਾਟਾ ਫੋਟਾਨ, ਏਅਰਟੈਲ ਅਤੇ ਡੀ. ਟੀ. ਐਚ. ਸਮੇਤ ਕਈ ਜਾਣੀਆਂ ਪਹਿਚਾਣੀਆਂ ਕੰਪਨੀਆਂ ਅੱਜ ਆਈ. ਪੀ. ਐੱਲ. ਨਾਲ ਜੁੜ ਕੇ ਚੰਗਾ ਕਾਰੋਬਾਰ ਕਰ ਰਹੀਆਂ ਹਨ। ਪਿਛਲੀ ਵਾਰ ਦੇ ਮੁਕਾਬਲੇ ਇਸ ਵਾਰ 10 ਸਕਿੰਟ ਦੇ ਇਸ਼ਤਿਹਾਰ ਦੀ ਕੀਮਤ ਵੀ ਚਾਰ ਲੱਖ ਤੋਂ ਵੱਧ ਕੇ ਦਸ ਲੱਖ ਹੋ ਗਈ ਸੀ। ਬਾਵਜੂਦ ਇਸ ਦੇ ਇਸ਼ਤਿਹਾਰ ਦਾਤਾ ਕੰਪਨੀਆਂ ਦੀ

ਗਿਣਤੀ 'ਚ ਕੋਈ ਕਮੀ ਨਹੀਂ ਆਈ, ਉਲਟਾ ਇਸ਼ਤਿਹਾਰਬਾਜ਼ੀ ਲਈ ਸਮਾਂ ਲੈਣ ਦੀ ਮਾਰਾਮਾਰੀ ਰਹੀ। ਆਮਦਨ ਦੇ ਵਸੀਲਿਆਂ ਦਾ ਵਿਕਾਸ ਕਰਕੇ ਆਈ. ਪੀ. ਐਲ.-3 'ਚ ਹੇਠ ਲਿਖੇ ਨਵੇਂ ਖੇਤਰਾਂ ਦਾ ਸੂਜਨ ਕੀਤਾ ਗਿਆ।

**ਵੀਡੀਓ** : ਆਈ. ਪੀ. ਐਲ. ਅਤੇ ਗੂਗਲ ਦੇ ਇਕਰਾਰ ਨਾਲ ਮੈਚ ਰੇਟਿੰਗ ਦੀ ਦਰ ਵਧੀ। ਪਿਛਲੇ ਦੋ ਸੈਸ਼ਨਾ ਦੀ ਤੁਲਨਾ ਵਿੱਚ ਇਸ ਸਾਲ ਆਈ. ਪੀ. ਐਲ. ਦੇ ਦਰਸ਼ਕਾਂ ਦੀ ਗਿਣਤੀ 'ਚ 84 ਫੀਸਦੀ ਦਾ ਵਾਧਾ ਹੋਇਆ। ਪਿਛਲੇ ਮੈਚ ਦੌਰਾਨ ਲਗਭਗ 30 ਲੱਖ ਲੋਕਾਂ ਨੇ ਮੈਚ ਦਾ ਆਨੰਦ ਲਿਆ। ਇੰਟਰਨੈਟ 'ਤੇ ਐਚ ਪੀ, ਕੋਕਾ ਕੋਲਾ, ਸੈਮਸੰਗ, ਐਚ ਐਸ ਬੀ ਸੀ, ਏਅਰਟੈਲ ਅਤੇ ਰਾਇਲ ਚੈਲੇਂਜ ਦੇ ਇਸ਼ਤਿਹਾਰ ਨੂੰ ਵੀ ਆਈ. ਪੀ. ਐਲ. ਨੇ ਸਮੇਟਿਆ।

**ਈ ਟਿਕਟ** : ਬੁਕਮਾਏਸ਼ੋ ਡਾਟ ਕਾਮ ਨੇ ਆਈ. ਪੀ. ਐਲ. ਦੇ ਨਾਲ ਆਨਲਾਈਨ ਟਿਕਟ ਦੀ ਵਿਕਰੀ ਸਬੰਧੀ ਸਮਝੌਤਾ ਕੀਤਾ। ਸੈਸ਼ਨ ਤਿੰਨ 'ਚ 25 ਫੀਸਦੀ ਤੋਂ ਵੱਧ ਟਿਕਟ ਆਨ ਲਾਈਨ ਖਰੀਦੇ ਗਏ, ਅਜਿਹਾ ਕਰਕੇ ਇਹ ਆਨ ਲਾਈਨ ਟਿਕਟ ਨਾਲ ਹਾਸਲ ਮਾਲੀਏ ਸੰਬੰਧੀ ਦੂਜੀ ਸਭ ਤੋਂ ਵੱਡੀ ਟਿਕਟ ਪੋਰਟਲ ਬਣ ਗਈ। ਟਿਕਟ ਲਈ ਆਈ ਪੀ ਐਲ ਨੇ ਪੋਰਟਲ ਨੂੰ ਵੇਖਣ ਵਾਲੇ ਇੰਟਰਨੈਟ ਉਪਯੋਗ ਕਰਨ ਵਾਲਿਆਂ ਦੀ ਗਿਣਤੀ ਰੋਜ਼ਾਨਾ 9000 ਅੰਕਿਤ ਕੀਤੀ ਗਈ। ਇਕੱਲੇ ਮੁੰਬਈ ਇੰਡੀਅਨ ਟੀਮਜ਼ ਦੀ 1.6 ਕਰੋੜ ਰੁਪਏ ਦੀ ਅਤੇ ਕਿੰਗਜ਼ ਇਲੇਵਨ ਪੰਜਾਬ ਦੀ 3.5 ਕਰੋੜ ਰੁਪਏ ਦੀ ਟਿਕਟ ਵਿਕੀ।

**ਕਮਪਿਊਟਰਗੇਮ** : ਗੇਮਿੰਗ ਪੋਰਟਲ ਜਾਪਾਕ ਤੇ ਇੰਡੀਆ ਗੇਮਜ਼ ਦੇ ਟੀ-20 ਅਧਾਰਤ ਵੀਡੀਓ ਗੇਮ ਦੇ ਪੇਜ ਨੂੰ ਸਿਰਫ ਅਪ੍ਰੈਲ ਮਹੀਨੇ 'ਚ 15-20 ਲੱਖ ਲੋਕਾਂ ਨੇ ਵੇਖਿਆ। ਇੰਡੀਆ ਗੇਮਜ਼ ਦੇ ਸੀ ਈ ਓ ਵਿਸ਼ਾਲ ਗੋਂਦਲ ਅਨੁਸਾਰ ਪ੍ਰਤੀ ਗੇਮ ਡਾਊਨਲੋਡ ਕੀਮਤ 10-99 ਰੁਪਏ ਤੱਕ ਰੱਖੀ ਗਈ। ਪੈਂਤਾਲੀ ਦਿਨਾਂ 'ਚ ਕਰੀਬ 50 ਲੱਖ ਡਾਊਨਲੋਡ ਹੋਏ ਜੋ ਹੁਣ ਤਕ ਦਾ ਰਿਕਾਰਡ ਹੈ।

**ਮੋਬਾਈਲ** : ਸੈਸ਼ਨ-3 ਦੇ ਪਹਿਲੇ ਕਰੀਬ ਦਸ ਲੱਖ ਮੋਬਾਇਲ ਹੀ ਜੀ ਪੀ ਆਰ ਐਸ. ਤਕਨੀਕ ਨਾਲ ਲੈਸ ਸਨ। ਪਰ ਜਦ ਮੈਚ ਦੇ ਵੀਡੀਓ ਦਾ ਪ੍ਰਸ਼ਾਰਣ ਆਈ. ਪੀ. ਐਲ. ਨੇ ਮੋਬਾਈਲ 'ਤੇ ਖਰੀਦਿਆਂ ਤਾਂ ਇਸ ਪਿੱਛੋਂ ਜੀ. ਪੀ. ਆਰ. ਐਸ. ਮੋਬਾਇਲ ਦੀ ਗਿਣਤੀ ਚਾਰ ਗੁਣਾ ਵਧ ਗਈ।

**ਸੁਪਰ ਲਗਜ਼ਰੀ ਸੀਟ** : ਟਿਕਟ ਲਈ ਉਚੀ ਕੀਮਤ ਦੇਣ ਵਾਲੇ ਨੂੰ ਸੇਲੀਬ੍ਰੇਟੀਜ਼ ਨੇ ਖਾਣ-ਪੀਣ ਅਤੇ ਬੈਠਣ ਦਾ ਮੌਕਾ ਦਿੱਤਾ ਗਿਆ। ਮੈਚ ਦੇ 200 ਟਿਕਟ 40000 ਰੁਪਏ ਪ੍ਰਤੀ ਟਿਕਟ ਦੀ ਦਰ ਨਾਲ ਵੇਚੇ ਗਏ।

**ਨਾਈਟ ਪਾਰਟੀ** : ਕ੍ਰਿਕਟਰਾਂ ਪ੍ਰਯੋਜਕਾਂ ਅਤੇ ਸੇਲੀਬਰੇਟੀਜ਼ ਲਈ ਮੈਚ ਪਿੱਛੋਂ ਕਾਕਟੇਲ ਪਾਰਟੀਆਂ ਆਯੋਜਿਤ ਕੀਤੀਆਂ ਗਈਆਂ। ਇਹਨਾਂ ਨੂੰ ਕਿੰਗ ਫਿਸ਼ਰ ਨੇ ਇਕ ਸਾਲ ਲਈ 12 ਕਰੋੜ ਰੁਪਏ ਦੀ ਲਾਗਤ ਨਾਲ ਆਯੋਜਿਤ ਕੀਤਾ।

# ਰਾਸ਼ਟਰਵਾਦ ਤੋਂ ਸਾਵਧਾਨ ਹੋਣ ਦੀ ਲੋੜ ਕਿਉਂ?

ਸਮੇਂ-ਸਮੇਂ 'ਤੇ ਭਾਰਤੀ ਸਮਾਜ ਵਿੱਚ ਵੱਖ-ਵੱਖ ਕੋਨਿਆਂ ਤੋਂ ਐਮ. ਡੀ. ਰਾਸ਼ਟਰਵਾਦ ਦੀ ਗੱਲ ਉਠਦੀ ਰਹਿੰਦੀ ਹੈ। ਕੌਮੀ ਭਾਵਨਾਵਾਂ ਦੀ ਘਾਟ ਦੀ ਗੱਲ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਤੋਂ ਲੈ ਕੇ ਇਮਾਨਦਾਰ ਰਾਜਸੀ ਵਰਕਰਾਂ ਵਲੋਂ ਉਠਾਈ ਜਾਂਦੀ ਹੈ। ਭਾਰਤੀ ਜਨਤਾ ਪਾਰਟੀ ਤੇ ਆਰ. ਐਸ. ਐਸ. ਦਾ ਇਹ ਬੇਹੱਦ ਪਸੰਦੀਦਾ ਵਿਸ਼ਾ ਹੈ। ਇਸ ਦੇ ਰਾਹੀਂ ਉਹ ਆਪਣੇ ਆਪ ਨੂੰ ਰਾਸ਼ਟਰ (ਦੇਸ਼) ਭਗਤ ਸਾਬਤ ਕਰਦੇ ਹਨ ਅਤੇ ਦੂਜਿਆਂ ਨੂੰ ਅਕਸਰ ਹੀ ਸ਼ੱਕ ਦੇ ਦਾਇਰੇ ਵਿੱਚ ਲਿਆਉਂਦੇ ਹਨ। 'ਕੌਮੀ ਦਿਨਾਂ' (26 ਜਨਵਰੀ, 15 ਅਗਸਤ) ਸਮੇਂ ਦੇਸ਼ ਦੇ ਰਾਸ਼ਟਰਪਤੀ ਤੋਂ ਲੈ ਕੇ ਹਰ ਕੋਈ ਰਾਜਨੇਤਾ, ਅਧਿਕਾਰੀ ਭਾਵਕ ਭਾਸ਼ਣਾਂ ਤੇ ਅਪੀਲਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਕੌਮੀ ਭਾਵਨਾਵਾਂ ਨੂੰ ਭੜਕਾਉਣ ਦੇ ਕੁਝ ਨਿਸ਼ਚਿਤ ਤਰੀਕੇ ਪਿਛਲੇ ਸਮੇਂ ਵਿਚ ਭਾਰਤੀ ਹਾਕਮ ਜਮਾਤੀ ਪਾਰਟੀਆਂ ਨੇ ਖੋਜੇ ਹੋਏ ਹਨ। ਅਕਸਰ ਹੀ ਭਾਰਤ ਦੇ ਗੁਆਂਢੀ ਦੇਸ਼ਾਂ ਉੱਪਰ ਦੋਸ਼ ਲਾਇਆ ਜਾਂਦਾ ਹੈ ਕਿ ਉਹ ਭਾਰਤ ਦੀ ਧਰਤੀ ਨੂੰ ਇੰਚ-ਇੰਚ ਕਰਕੇ ਕਬਜ਼ੇ 'ਚ ਲੈਂਦੇ ਜਾ ਰਹੇ ਹਨ ਇਹ ਦੋਸ਼ ਬੜੀ ਤੇਜ਼ੀ ਨਾਲ ਆਪਣਾ ਅਸਰ ਵਿਖਾਉਂਦਾ ਹੈ ਅਤੇ "ਕੌਮੀ ਭਾਵਨਾਵਾਂ' ਕਈ ਵਾਰੀ ਜ਼ੋਰ ਮਾਰਨ ਲੱਗਦੀਆਂ ਹਨ ਅਤੇ ਅਜਿਹੇ ਸਮੇਂ 'ਚ ਇਹਨਾਂ ਪਾਰਟੀਆਂ ਦੇ ਨੇਤਾ-ਵਰਕਰ ਕੌਮਵਾਦ ਦੀਆਂ ਉਲਟੀਆਂ ਕਰਕੇ ਪੂਰੇ ਦੇਸ਼ ਦੇ ਮਹੌਲ 'ਚ ਜ਼ਹਿਰ ਘੋਲਣ 'ਚ ਕੋਈ ਕਸਰ ਬਾਕੀ ਨਹੀਂ ਛੱਡਦੇ। ਚੀਨ, ਪਾਕਿਸਤਾਨ ਵਰਗੇ ਵਿਸ਼ਾਲ ਗੁਆਂਢੀਆਂ ਦੇ ਨਾਲ-ਨਾਲ ਨੇਪਾਲ, ਬੰਗਲਾ ਦੇਸ਼, ਸ੍ਰੀ ਲੰਕਾ ਜੋ ਖੁਦ ਭਾਰਤੀ ਵਿਸਥਾਰਵਾਦ ਤੋਂ ਪੀੜਤ ਹੈ, ਵੀ ਇਸ ਕੌਮੀ ਜਨੂੰਨ ਦੇ ਨਿਸ਼ਾਨੇ 'ਤੇ ਆ ਜਾਂਦੇ ਹਨ। ਇਸ ਬੇਸੁਰੇ ਰਾਸ਼ਟਰਵਾਦ ਦਾ ਗੁਣਗਾਣ ਅਜਿਹਾ ਨਹੀਂ ਕਿ ਭਾਜਪਾ ਆਰ ਆਰ ਐਸ-ਸ਼ਿਵ ਸੈਨਾ ਹੀ ਛੇੜਦੇ ਹਨ, ਇਹ ਰਾਗ ਕਾਂਗਰਸ-ਸਮਾਜਵਾਦੀ ਪਾਰਟੀ ਵੀ ਕਦੇ ਵੀ ਛੇੜ ਸਕਦੇ ਹਨ। ਕਿਸੇ ਨੂੰ ਕਦੀ ਵੀ ਲੱਗ ਸਕਦਾ ਹੈ ਕਿ ਕਿਸੇ ਗੁਆਂਢੀ ਨੇ ਦੇਸ਼ ਦੀ ਜ਼ਮੀਨ ਨੱਪ ਲਈ ਹੈ। ਭਾਰਤੀ ਜਨਤਾ ਪਾਰਟੀ ਆਰ ਐਸ ਐਸ ਵਰਗਿਆਂ ਦੇ ਕੌਮੀ ਜਨੂੰਨ ਦਾ ਸਾਰ 'ਹਿੰਦੂ ਰਾਸ਼ਟਰਵਾਦ" ਹੈ ਇਸ ਰਾਸ਼ਟਰਵਾਦ ਦਾ ਟੀਚਾ 'ਆਖੰਡ ਭਾਰਤ' ਹੈ ਇਸ ਅਖੰਡ ਭਾਰਤ ਵਿਚ ਪਾਕਿਸਤਾਨ, ਬੰਗਲਾ ਦੇਸ਼, ਨੇਪਾਲ, ਭੂਟਾਨ ਮਿਆਂਮਾਰ, ਸ੍ਰੀ ਲੰਕਾ, ਮਾਲਦੀਵ ਆਦਿ ਸਭ ਦੇਸ਼ਾਂ ਨੂੰ ਇਕ ਇਕਾਈ 'ਚ ਸ਼ਾਮਲ ਕਰਨਾ ਹੈ। ਹਿੰਦੂ ਧਰਮ ਇਸ ਅਖੰਡ ਭਾਰਤ ਦੀ ਜਿੰਦਜਾਨ ਹੈ। ਯਾਨੀ ਇਕ ਅਜਿਹਾ ਰਾਸ਼ਟਰਵਾਦ ਜਿਸ 'ਚ "ਹਿੰਦੂ ਸਾਮਰਾਜ" ਕਾਇਮ ਕਰਨ ਦੀ ਮੰਸ਼ਾ ਕੁੱਟ-ਕੁੱਟ ਕੇ ਭਰੀ ਹੈ। ਹਿੰਦੂ ਧਰਮ ਨੂੰ ਮੰਨਣ ਵਾਲੇ ਇਸ ਦੇਸ਼ ਦੇ ਨਾਗਰਿਕ ਅਤੇ ਬਾਕੀ ਜਾਂ ਤਾਂ ਹਿੰਦੂ ਬਣ ਜਾਣ ਜਾਂ ਫਿਰ ਨਾਗਰਿਕਤਾ ਤੋਂ ਵਾਂਝੇ ਹੋ ਜਾਣ। ਇਸ ਕੌਮਵਾਦ ਦੀ ਸਭ ਤੋਂ ਨਰਮਰੂਪ ਦੀਨ ਦਿਆਲ ਉਪਾਧਿਆਏ ਦਾ 'ਇਕਾਤਮ ਮਾਨਵਵਾਦ" ਹੈ। ਕਠੋਰ ਰੂਪ ਲਈ ਨਾਜੀਵਾਦ ਦੇ ਭਾਰਤੀ ਸੰਸਕਰਣ 'ਤੇ ਗੌਰ ਕਰਨਾ ਹੋਵੇਗਾ। ਇਹ ਰਾਸ਼ਟਰਵਾਦ ਆਪਣੀ ਕੁਲ ਪ੍ਰੇਰਣਾ ਨਾਜੀ ਦਰਸ਼ਨ ਤੇ ਹਿਟਲਰ ਤੋਂ ਲੈਂਦਾ ਹੈ ਭਾਰਤ 'ਚ ਹਿੰਦੀ 'ਚ ਹਿਟਲਰ ਦੀ ਜੀਵਨੀ 'ਮੇਰਾ ਸੰਘਰਸ਼' (ਮੈਨ ਕਾਮਫ) ਦੀ ਪ੍ਰਸਿੱਧੀ

ਪਿੱਛੇ ਸੰਘ ਦਾ ਪ੍ਰਚਾਰ ਕਿੰਨਾ ਹੈ ਇਹ ਇਕ ਮਜ਼ੇਦਾਰ ਖੋਜ ਦਾ ਵਿਸ਼ਾ ਹੈ। ਹਰ ਦੂਜਾ ਤੀਜਾ ਹਿੰਦੂ, ਮੱਧ ਵਰਗੀ ਬੰਦਾ ਜਾਂ ਤਾਂ ਇਸ ਪੁਸਤਕ ਨੂੰ ਖਰੀਦਦਾ ਹੈ ਜਾਂ ਫਿਰ ਪੜ੍ਹਨ ਦੀ ਲਲਕ ਰੱਖਦਾ ਹੈ। ਹਿਟਲਰ ਪ੍ਰਤੀ ਸੰਘ ਸੈਨਾ ਦਾ ਅਨੁਰਾਗ ਗੁੰਗੇ ਬੰਦੇ ਦੀ ਭਾਸ਼ਾ ਵਾਂਗੂੰ ਜੋ ਕੁਝ ਕਹਿ ਨਹੀਂ ਸਕਦਾ ਨਹੀਂ ਤਾਂ ਭਾਰਤੀ ਹਿਟਲਰ ਬਣਨ ਦੀ ਤਮੰਨਾ ਅਡਵਾਨੀ ਤੋਂ ਲੈ ਕੇ ਮੋਦੀ ਤਕ ਸਭ ਸੰਘ ਭਾਈਆਂ ਵਿੱਚ ਹੈ। ਜਸਵੰਤ ਸਿੰਘ ਨੂੰ ਤੀਹ ਸਾਲ ਭਾਜਪਾ 'ਚ ਰਹਿਣ ਪਿਛੋਂ ਆਤਮ ਗਿਆਨ ਹੋਇਆ ਤਾਂ ਉਹਨਾਂ ਨੇ ਇਸ ਦੀ ਤੁਲਨਾ ਨਸਲੀ ਸੰਗਠਨ 'ਕਊ-ਕਲਾਕਸ-ਕਲਾਨ' ਨਾਲ ਕੀਤੀ ਸੀ। ਭਾਰਤ 'ਚ ਇਸ ਅੰਨ੍ਹੀ ਦੇਸ਼ ਭਗਤੀ (ਰਾਸ਼ਟਰਵਾਦ) ਨੇ ਕਈ ਪੀੜ੍ਹੀਆਂ ਨੂੰ ਬਰਬਾਦ ਕਰ ਦਿੱਤਾ ਹੈ ਅਤੇ ਇਹ ਕਦੀ ਵੀ ਕਿਸੇ ਵੀ ਡੂੰਘੇ ਰਾਜਸੀ-ਆਰਥਕ ਸੰਕਟ ਸਮੇਂ ਆਪਣੇ ਦਿਉ ਕਦ ਆਕਾਰ ਨੂੰ ਪ੍ਰਗਟ ਕਰਕੇ ਭਾਰਤ ਦੀ ਮਿਹਨਤਕਸ਼ ਜਨਤਾ ਦੇ ਮੌਢੇ 'ਤੇ ਸਵਾਰ ਹੋ ਕੇ ਜਬਰ ਦੀ ਇਹ ਕਹਾਣੀ ਲਿਖ ਸਕਦਾ ਹੈ ਜਿਵੇਂ ਜਰਮਨ ਰਾਸ਼ਟਰਵਾਦ ਨੇ ਹਿਟਲਰ ਸਮੇਂ ਲਿਖੀ ਸੀ। ਜਿੱਥੋਂ ਤੱਕ ਕਾਂਗਰਸ ਦੇ ਰਾਸ਼ਟਰਵਾਦ ਦਾ ਚਰਿੱਤਰ ਹੈ ਉਹ ਆਪਣੇ ਜਨਮ ਤੋਂ ਹੁਣ ਤੱਕ ਭਾਰਤ ਦੇ ਅਜ਼ਾਰੇਦਾਰ ਪੂੰਜੀਵਾਦੀ ਘਰਾਣਿਆਂ ਦੀ ਜ਼ਰੂਰਤ ਤੇ ਆਸ ਤੋਂ ਪ੍ਰੇਰਿਤ ਤੇ ਨਿਰਦੇਸ਼ਿਤ ਹੈ। ਟਾਟਾ, ਬਿਰਲਾ, ਅੰਬਾਨੀ ਵਰਗਿਆਂ ਦੇ ਹਿੱਤਾਂ ਦੀ ਪੂਰਤੀ ਲਈ ਜੋ ਵੀ ਰਾਜਸੀ ਆਰਥਕ ਨੀਤੀਆਂ ਨਿਰਧਾਰਿਤ ਕਰਨੀਆਂ ਪੈਣਾ, ਇਹੀ ਰਾਸ਼ਟਰਵਾਦ ਹੈ ਅੰਨ੍ਹੀ ਕੌਮਪ੍ਰਸਤੀ ਹੈ। ਨਰਮ ਹਿੰਦੂ ਤੋਂ ਲੈ ਕੇ ਨਹਿਰੂ ਵਾਦੀ ਧਰਮ ਨਿਰਪੱਖਤਾ ਗਾਂਧੀ ਜੀ ਦੀ ਜਾਤੀ ਧਰਮ ਨੂੰ ਕੌਮੀਅਤਾ ਦੀ ਪਹਿਚਾਣ ਮੰਨਣ ਤੋਂ ਲੈ ਕੇ ਸਾਰੇ ਪਿਛੜੇ ਖਿਆਲ ਜੋ ਕਿ ਆਪਣੇ ਕਿਰਦਾਰ ਵਿੱਚ ਜਾਗੀਰੂ ਤੇ ਮੱਧਯੁੱਗੀ ਹਨ, ਇਸ ਅੰਨ੍ਹੀ ਕੌਮਪ੍ਰਸਤੀ ਦੇ ਨਾਲ ਬਰਾਜਮਾਨ ਹੈ। ਨਾਲ-ਨਾਲ ਚਲਦੇ ਹਨ ਇਸ ਲਈ ਇਸ ਅੰਨ੍ਹੀ ਕੌਮਪ੍ਰਸਤੀ (ਰਾਸ਼ਟਰਵਾਦ) ਦਾ ਸੰਘੀ ਰਾਸ਼ਟਰਵਾਦ ਦੇ ਨਾਲ ਸਬੰਧ, ਦਰਖਤ ਤੇ ਉਸ ਉਪਰ ਲਪੇਟੀ ਵੇਲ ਦਾ ਹੈ। ਸਮਾਜਵਾਦੀ ਪਾਰਟੀ ਤੋਂ ਲੈ ਕੇ ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਦਾ ਰਾਸ਼ਟਰਵਾਦ ਕਾਂਗਰਸੀ ਰਾਸ਼ਟਰਵਾਦ ਦਾ ਅਨੁਗਾਮੀ ਹੈ। ਕੁਝ ਗੱਲਾਂ 'ਚ ਆਪਣੀ ਦੂਰੀ ਬਣਾ ਕੇ ਕੁਝ ਨਾਂਹ-ਨੁਕਰ ਦੇ ਨਾਲ, ਕੁੱਝ ਕਿੰਤੂ ਪ੍ਰੰਤੂ ਲਾ ਕੇ ਇਹ ਕੌਮਪ੍ਰਸਤੀ ਵੱਡੀ ਪੂੰਜੀ ਦੇ ਰਾਸ਼ਟਰਵਾਦ ਦਾ ਹੀ ਅਨੁਰਾਗਨ ਕਰਦਾ ਹੈ। ਭਾਰਤ ਦੀ ਮਹਾਨ ਮਿਹਨਤਕਸ਼ ਜਨਤਾ ਦੇ ਪੱਖ ਨੂੰ ਤਿਆਗ ਕੇ ਕਈ ਸਾਲ ਪਹਿਲਾਂ ਉਹਨਾਂ ਨੇ ਆਪਣੀ ਉਪਰੋਕਿਤ ਨੀਤੀ ਤਹਿ ਕਰ ਲਈ ਸੀ। ਅਸਲ 'ਚ ਰਾਸ਼ਟਰਵਾਦ ਦੇ ਮਨੁੱਖ ਜਾਤੀ ਦੇ ਇਤਿਹਾਸ ਵਿਚ ਦੋ ਪ੍ਰਸ਼ੰਗਾਂ 'ਚ ਪ੍ਰਗਤੀਸ਼ੀਲ ਭੂਮਿਕਾ ਰਹੀ ਹੈ। ਪਹਿਲੀ ਜਗੀਰਦਾਰੀ ਦੇ ਖਿਲਾਫ ਲੜਨ ਦੌਰਾਨ ਇਕ ਅਧੁਨਿਕ ਰਾਸ਼ਟਰ ਨੂੰ ਜਨਮ ਦੇਣ ਵਿੱਚ ਅਤੇ ਦੂਜੀ ਸਾਮਰਾਜਵਾਦ ਖਿਲਾਫ਼ ਲੜਨ ਵਿੱਚ ਸਾਮਰਾਜਵਾਦ ਤੋਂ ਪੀੜ੍ਹਤ ਦੇਸ਼ਾਂ ਦੇ ਲੋਕਾਂ ਨੇ ਜਦ ਆਪਣੀ ਗੁਲਾਮੀ ਖਿਲਾਫ ਸੰਘਰਸ਼ ਛੇੜੇ ਤਦ ਦੇਸ਼ ਭਗਤੀ (ਰਾਸ਼ਟਰਵਾਦ) ਉਹਨਾਂ ਦੀ ਵਿਚਾਰਧਾਰਾ ਤੇ ਲੜਾਈ ਦਾ ਅਹਿਮ ਪਹਿਲੂ ਬਣਿਆ।

ਭਾਰਤ ਜਦ ਬ੍ਰਿਟਿਸ਼ ਬਸਤੀਵਾਦੀ ਗੁਲਾਮੀ ਖਿਲਾਫ਼ ਲੜ ਰਿਹਾ ਸੀ ਤਦ ਇਸ ਨੇ ਮਹਾਨ ਕੌਮੀ ਨੇਤਾ ਪੈਦਾ ਕੀਤੇ। ਇਸ ਗੁਲਾਮੀ ਖਿਲਾਫ਼ ਸੰਘਰਸ਼ ਦੌਰਾਨ ਕੌਮੀ ਚੇਤਨਾ ਨਾਲ ਭਰਪੂਰ ਸਾਹਿਤ ਪੈਦਾ ਹੋਇਆ ਅਤੇ ਅਜਿਹੇ ਲੋਕਾਂ ਦੀਆਂ

ਕਤਾਰਾਂ ਵੇਖੀਆਂ ਜਾ ਸਕਦੀਆਂ ਹਨ ਜਿਹਨਾਂ ਨੇ ਆਪਣੇ ਜੀਵਨ ਦਾ ਸਭ ਕੁਝ ਭਾਰਤੀ ਅਜ਼ਾਦੀ ਦੀ ਲੜਾਈ ਅਤੇ ਦੇਸ਼ ਦੀ ਉਸਾਰੀ 'ਚ ਲਾ ਦਿੱਤਾ ਹੈ। ਕਈ ਲੋਕ ਅੱਜ ਇਕ-ਦੂਜੇ ਦੇ ਗਲ ਲੱਗ ਕੇ ਤਾਂ ਅਤੀਤ ਨੂੰ ਯਾਦ ਕਰਕੇ ਪੁੱਛਦੇ ਹਨ ਕਿ ਅਜਿਹੇ ਲੋਕ ਕਿੱਥੇ ਚੱਲੇ ਗਏ। ਹੁਣ ਅਜਿਹੇ ਕਿਰਦਾਰ ਕਿਉਂ ਨਹੀਂ ਪੈਦਾ ਹੁੰਦੇ। ਜ਼ਾਹਿਰ ਜਿਹੀ ਗੱਲ ਹੈ ਕਿ ਹੁਣ ਉਹਨਾਂ ਦਾ ਪੈਦਾ ਹੋਣਾ ਦੁੱਭਰ ਹੀ ਹੈ। ਸੰਘੀ ਕਾਂਗਰਸੀ ਜਿਸ ਰਾਸ਼ਟਰਵਾਦੀ ਦੀ ਆਪਾਂ ਚਰਚਾ ਕੀਤੀ ਹੈ ਉਹ ਉਪਰੋਕਿਤ ਦੋ ਕਾਰਜਾਂ ਜਾਗੀਰਦਾਰੀ ਤੇ ਸਾਮਰਾਜ ਖਿਲਾਫ ਸੰਘਰਸ਼ ਵਿੱਚ ਕਿਉਂਕਿ ਕਿਨਾਰਕਸ਼ੀ ਕਰਦੇ ਹਨ। ਉਹਨਾਂ ਨੇ ਨਾ ਸਿਰਫ ਅਤੀਤ 'ਚ ਬਲਕਿ ਵਰਤਮਾਨ ਵਿੱਚ ਵੀ ਸਾਮਰਾਜੀ ਤੇ ਜਾਗੀਰੂ ਤਾਕਤਾਂ ਨਾਲ ਸਮਝੌਤੇ ਕੀਤੇ ਹੋਏ ਹਨ ਅਤੇ ਇਕ ਜਾਂ ਦੂਜੇ ਰੂਪ ਵਿੱਚ ਇਹਨਾਂ ਦੇ ਹਿੱਤਾਂ ਦੀ ਪੂਰਤੀ ਕਰਦੇ ਰਹੇ ਹਨ। ਇਸ ਲਈ ਹੁਣ ਅਜਿਹੇ ਰਾਸ਼ਟਰਵਾਦ 'ਚ ਜੋ ਕੁਝ ਵੀ ਬਚੇਗਾ ਉਹ ਘ੍ਰਿਣਤ ਹੋਵੇਗਾ। ਪ੍ਰਤੀਗਾਮੀ ਹੋਵੇਗਾ। ਭਾਰਤ ਦੀ ਮਹਾਨ ਮਿਹਨਤਕਸ ਜਨਤਾ ਦੇ ਹਿੱਤਾਂ ਖਿਲਾਫ ਜਾਵੇਗਾ। ਜਾਰਜ ਬੁਸ਼ ਬਰਾਕ-ਉਬਾਮਾ ਦੀ ਸੇਵਾ ਤੇ ਗੁਣਗਾਣ 'ਚ ਲੱਗੇ ਲੋਕ ਕਿਸ ਮੂੰਹ ਨਾਲ ਭਾਰਤ ਦੇ ਨੌਜਵਾਨਾਂ ਤੋਂ ਦੇਸ਼ ਲਈ ਬਲੀਦਾਨ ਦੇਣ ਦੀ ਮੰਗ ਕਰ ਸਕਦੇ ਹਨ। ਇਸ ਤਰ੍ਹਾਂ ਨਾਲ ਭਾਰਤ ਦੇ ਕਿਸਾਨਾਂ ਦੀ ਸਦੀਆਂ ਤੋਂ ਲੁੱਟ-ਘਸੁੱਟ ਕਰਨ ਵਾਲੇ ਰਾਜੇ-ਮਹਾਰਾਜੇ-ਜਗੀਰਦਾਰਾਂ ਨਾਲ ਲੈਸ ਇਹ ਪਾਰਟੀਆਂ ਕਿਸ ਮੂੰਹ ਨਾਲ ਰਾਸ਼ਟਰ ਉਸਾਰੀ ਦੀ ਗੱਲ ਕਰ ਸਕਦੀਆਂ ਹਨ। ਇਹਨਾਂ ਸਾਰਿਆਂ ਦੇ ਬਾਪ ਦਾਦੇ-ਪੜਦਾਦੇ ਜੋ ਆਜ਼ਾਦੀ ਦੀ ਲੜਾਈ ਦੇ ਦਿਨਾਂ 'ਚ ਬ੍ਰਿਟਿਸ਼ ਹਾਕਮ ਦੇ ਜੁੱਤਿਆਂ ਦੇ ਫੀਤੇ ਖੋਹਲਣ ਵਿਚ ਆਪਣੀ ਕਿਸਮਤ ਸਮਝਦੇ ਰਹੇ ਹੋਣ, ਉਹ ਕਿਵੇਂ ਮੱਧਯੁੱਗੀ ਸੰਸਥਾਵਾਂ ਤੇ ਜਾਗੀਰਦਾਰੀ ਖਿਲਾਫ ਸੰਘਰਸ਼ ਕਰ ਸਕਦੇ ਹਨ। ਨਾ ਉਹਨਾਂ ਨੇ ਕਰਨਾ ਸੀ, ਨਾ ਉਹਨਾਂ ਕੀਤਾ ਅਤੇ ਨਾ ਹੀ ਉਹਨਾਂ ਦੀ ਪੀੜ੍ਹੀਆਂ ਨੇ ਕਰਨਾ ਸੀ। ਇਸ ਲਈ ਉਹ ਸਾਰੇ ਮੌਕਿਆਂ 'ਤੇ ਚੁੱਪ ਧਾਰਨ ਕਰ ਜਾਂਦੇ ਹਨ ਅਤੇ ਅਸੀਂ ਵੇਖਦੇ ਹਾਂ ਕਿ ਹਰਿਆਣੇ ਦੇ ਖਾਪਾਂ ਤੋਂ ਲੈ ਕੇ ਬਿਹਾਰ ਦੀ ਰਣਬੀਰ ਸੈਨਾ ਨੂੰ ਕਾਂਗਰਸੀਆਂ ਤੇ ਭਾਜਪਾਈਆਂ ਦੀ ਹੀ ਹਮਾਇਤ ਹਾਸਲ ਰਹੀ ਹੈ।

ਅੱਜ ਰਾਸ਼ਟਰਵਾਦ (ਕੌਮਵਾਦ) ਇਕ ਖੋਖਲਾ ਫਿਕਰਾ ਹੈ, ਇਸ ਦੀ ਵਰਤੋਂ ਭਾਰਤ ਦੀ ਹਾਕਮ ਜਮਾਤ ਜਨਤਾ ਦੇ ਹਿੱਤਾਂ ਖਿਲਾਫ਼ ਹੀ ਕਰਦੀ ਹੈ। ਆਪਣੇ ਘ੍ਰਿਣਿਤ ਮੰਸੂਬਿਆਂ ਨੂੰ ਇਸ ਨਾਲ ਨੇਪਰੇ ਚਾੜ੍ਹਦੀ ਹੈ ਹੋਰ ਕੁਝ ਨਹੀਂ। ਅਮਰੀਕਾ ਵਿਰੁੱਧ ਸੇਧਤ ਹੋਣ ਦੀ ਥਾਂ ਅੱਜ ਇਸ ਰਾਸ਼ਟਰਵਾਦ ਦੀ ਟੀਚਾ ਨੇਪਾਲ-ਬੰਗਲਾਦੇਸ਼ ਹੈ। ਮੱਧਯੁਗੀ ਸੰਸਥਾਵਾਂ-ਰਵਾਇਤਾਂ 'ਤੇ ਹਮਲਾ ਦੀ ਥਾਂ ਇਸ ਦਾ ਕੰਮ ਉਹਨਾਂ ਦੀ ਰਾਖੀ ਕਰਨਾ ਹੈ। ਅਜਿਹੇ ਰਾਸ਼ਟਰਵਾਦ ਦੇ ਹਰ ਨਾਹਰੇ, ਹਰ ਸੱਦੇ ਤੋਂ ਸਾਵਧਾਨ ਹੋਣਾ ਹੀ ਭਾਰਤ ਦੀ ਮਹਾਨ ਮਿਹਨਤਕਸ਼ ਜਨਤਾ ਦੇ ਹਿੱਤ ਵਿੱਚ ਹੈ।

# ਕੀ ਇੰਡੀਅਨ ਪੈਸਾਖੋਰ ਲੀਗ ਹੈ ਆਈ ਪੀ ਐਲ?

ਕੇਂਦਰੀ ਵਿਦੇਸ਼ ਮੰਤਰੀ ਸ਼ਸ਼ੀ ਥਰੂਰ ਦੀ ਬਲੀ ਲੈਣ ਪਿੱਛੋਂ ਇੰਡੀਅਨ ਪ੍ਰੀਮੀਅਰ ਲੀਗ (IPL) ਦੇ ਲਲਿਤ ਮੋਦੀ ਦੀ ਗਰਦਨ ਤੇ ਸ਼ਿਕਜਾ ਕਸਦਿਆਂ ਕ੍ਰਿਕਟ ਦੇ ਨਾਂ ’ਤੇ ਹੁਣ ਤੱਕ ਹੋਏ ਸਭ ਤੋਂ ਵੱਡੇ ਮਹਾਂ ਘਪਲੇ ਨੇ ਦੋ ਮੁੱਖ ਕੇਂਦਰੀ ਮੰਤਰੀਆਂ ਸ਼ਰਦ ਪਵਾਰ ਤੇ ਪ੍ਰਫੁੱਲ ਪਟੇਲ ਨੂੰ ਲਪੇਟ ’ਚ ਲੈ ਕੇ ਕੇਂਦਰ ਸਰਕਾਰ ਨੂੰ ਹਿੱਲਾ ਕੇ ਰੱਖ ਦਿੱਤਾ ਹੈ। ਆਈ. ਪੀ. ਐੱਲ. ਦੇ ਨਾਂ ’ਤੇ ਵਿਦੇਸ਼ਾਂ ਤੋਂ ਆਏ ਕਈ ਲੱਖ ਕਰੋੜ ਦੇ ਕਾਲੇ ਧਨ ਨੇ ਇਸ ਖੇਡ ਵਿੱਚ ਇਕ ਤੋਂ ਬਾਅਦ ਇਕ ਭੇਦ ਖੁੱਲ੍ਹ ਰਹੇ ਹਨ। ਜਿਸ ’ਚ ਅਜੇ ਦੇਸ਼ ਦੀਆਂ ਕਈ ਵੱਡੀਆਂ ਹਸਤੀਆਂ ਦੇ ਨਾਂ ਵੀ ਸਾਹਮਣੇ ਆਉਣ ਦੀ ਉਮੀਦ ਹੈ। ਕ੍ਰਿਕਟ, ਪੈਸਾ, ਸੁੰਦਰੀਆਂ ਤੇ ਸਿਆਸਤ ਨਾਲ ਜੁੜੇ ਇਹਨਾਂ ਘਪਲਿਆਂ ’ਚ ਅਸਲੀ ਦਿਮਾਗ ਆਈ ਪੀ ਐੱਲ ਕਮਿਸ਼ਨ ਲਲਿਤ ਮੋਦੀ ਦਾ ਹੀ ਹੈ। ਪਰ ਉਹਨਾਂ ਮੁੱਠੀਭਰ ਸਨਅਤਕਾਰਾਂ ਅਤੇ ਨੇਤਾਵਾਂ ਦੇ ਕਾਰੋਬਾਰੀਆਂ ਨੂੰ ਆਪਣੇ ਨਾਲ ਲੈ ਕੇ ਮੌਜ਼ ਮਸਤੀ ਕਰਨ ਲਈ ਆਈ ਪੀ ਐੱਲ ਨਾਂ ਹੇਠ ਜੋ ਆਪਣਾ ਨਿੱਜੀ ਕਲੱਬ ਬਣਾ ਰੱਖਿਆ ਸੀ, ਉਸ ਦਾ ਦੂਰਗਾਮੀ ਅਸਰ ਕਈ ਪ੍ਰਭਾਵਸ਼ਾਲੀ ਲੋਕਾਂ ਦੇ ਨਾਲ ਹੀ ਦੇਸ਼ ਦੀ ਰਾਜਨੀਤੀ ’ਤੇ ਪੈਂਦਾ ਦਿਸ ਰਿਹਾ ਸੀ। ਘਪਲਿਆਂ ਦੀ ਜਾਂਚ ’ਚ ਜੁਟੀ ਆਮਦਨ ਟੈਕਸ ਵਿਭਾਗ ਪ੍ਰਵਰਤਨ ਡਾਇਰੈਕਟੋਰੇਟ ਅਤੇ ਖ਼ੁਫੀਆ ਬਿਊਰੋ ਵਰਗੀਆਂ ਏਜੰਸੀਆਂ ਨੂੰ ਹਰ ਦਿਨ ਹੈਰਾਨ ਕੁੰਨ ਨਵੇਂ ਤੱਥ ਮਿਲ ਰਹੇ ਹਨ। ਦੁਨੀਆ ’ਚ ਟੈਕਸ ਦਾ ਸਮੂਹ ਸਮਝੇ ਜਾਣ ਵਾਲੇ ਮਾਰਿਸ਼ਸ਼, ਬਹਾਮਾ, ਕੋਮਨ ਆਈਲੈਂਡ ਵਰਗੇ ਕਈ ਛੋਟੇ ਦੀਪਾਂ ਤੋਂ ਇਫਰਾਤ ’ਚ ਕਾਲਾ ਧਨ ਭਾਰਤ ਲਿਆਂਦਾ ਗਿਆ ਹੈ ਕਿ ਜਾਂਚ ਏਜੰਸੀਆਂ ਨੂੰ ਪਤਾ ਲਾਉਣ ’ਚ ਕਈ ਮਹੀਨੇ ਲੱਗ ਜਾਣਗੇ। ਹਵਾਲਾ ਕਾਰੋਬਾਰ ਅਤੇ ਅੰਡਰਵਰਲਡ ਨਾਲ ਰਿਸ਼ਤਿਆਂ ਪਿੱਛੋਂ ਹੁਣ ਉਹ ਮਾਮਲਾ ਕੌਮੀ ਸੁਰੱਖਿਆ ਦੇ ਨਾਲ ਵੀ ਜੁੜ ਗਿਆ ਹੈ। ਸਾਬਕਾ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਤੋਂ ਸ਼ੁਰੂ ਹੋਏ ਇਸ ਝਮੇਲੇ ਦਾ ਕੇਂਦਰ ਆਈ ਪੀ ਐਲ ਦੇ ਚੇਅਰਮੈਨ ਅਤੇ ਕਮਿਸ਼ਨ ਲਲਿਤ ਮੋਦੀ ਬਣੇ ਹੋਏ ਹਨ ਪਰ ਇਸ ਦੀਆਂ ਤਾਰਾਂ ਹੁਣ ਕਈ ਨੇਤਾਵਾਂ, ਸਨਅਤਕਾਰਾਂ ਤੇ ਫਿਲਮੀ ਹਸਤੀਆਂ ਨਾਲ ਜੁੜੀਆਂ ਹੋਈਆਂ ਹਨ। ਇਸ ਘਪਲੇ ’ਚ ਖੇਤੀ ਮੰਤਰੀ ਸ਼ਰਦ ਪਵਾਰ ਤੇ ਨਗਰ ਵਿਮਾਨਨ ਮੰਤਰੀ ਪ੍ਰਫੁਲ ਪਟੇਲ ਦਾ ਨਾਂ ਆਉਣ ਪਿੱਛੋਂ ਉਹਨਾਂ ਦੇ ਅਸਤੀਫੇ ਦੀ ਮੰਗ ’ਤੇ ਪੂਰੀ ਵਿਰੋਧੀ ਧਿਰ ਇਕਜੁਟ ਹੋ ਗਈ ਅਤੇ ਵਿਰੋਧੀ ਪਾਰਟੀਆਂ ਨੇ ਆਈ. ਪੀ. ਐਲ. ਨੂੰ “ਲੁਟੇਰਿਆਂ ਦਾ ਅੱਡਾ” ਕਰਾਰ ਦਿੰਦੇ ਹੋਇਆ ਇਸ ਦੀ ਸੰਯੁਕਤ ਸੰਸਦੀ ਸੰਮਤੀ (ਜੇ ਪੀ ਸੀ) ਤੋਂ ਕਰਾਉਣ ਦੇ ਨਾਲ ਹੀ ਇਸ ’ਤੇ ਪਾਬੰਧੀ ਲਾਉਣ ਦੀ ਮੰਗ ਰੱਖ ਦਿੱਤੀ। ਸੰਸਦ ਤੇ ਸਰਕਾਰ ਨੂੰ ਹਿਲਾ ਦੇਣ ਵਾਲੇ ਇਸ ਝਮੇਲੇ ਦੇ ਬਾਵਜੂਦ 25 ਅਪ੍ਰੈਲ ਨੂੰ ਆਈ. ਪੀ. ਐਲ. ਦਾ ਫਾਈਨਲ ਮੈਚ ਵੀ ਸਿਰੇ ਚੜ੍ਹ ਗਿਆ ਅਤੇ ਪੁਰਸਕਾਰ ਸਮਾਰੋਹ ਵੀ। ਪਰ ਜਾਂਚ ਏਜੰਸੀਆਂ, ਟੀਮ ਮਾਲਕਾਂ ਤੇ ਰਾਜਸੀ ਨੇਤਾਵਾਂ ਵਿਚਕਾਰ ਅਸਲੀ ਮੈਚ ਅਜੇ ਕਈ ਹਫ਼ਤੇ ਤੱਕ ਜਾਰੀ ਰਹਿਣ ਵਾਲਾ ਹੈ। ਦਰਅਸਲ ਖ਼ੁਦ ਲਲਿਤ ਮੋਦੀ ਨੂੰ ਵੀ ਇਹ ਅੰਦਾਜ਼ਾ ਨਹੀਂ ਸੀ ਕਿ ਉਹ ਆਈ. ਪੀ. ਐਲ. ਚਾਰ ਲਈ ਕੋਚੀ ਟੀਮ ’ਚ ਸ਼ਸ਼ੀ ਥਰੂਰ ਦੀ ਸਹੇਲੀ ਸੁਨੰਦਾ ਪੁਸ਼ਕਰ ਦੇ ਸ਼ੇਅਰ ਹੋਲਡਰ ਹੋਣ ਦੀ ਜਾਣਕਾਰੀ ਟਵੀਟਰ ’ਤੇ ਜਾਹਰ ਕਰਨਗੇ ਇਸ ਨਾਲ ਏਨਾ ਝਮੇਲਾ ਪੈ ਜਾਵੇਗਾ ਕਿ ਉਹ ਖ਼ੁਦ ਵੀ ਇਸ ਵਿੱਚ ਫਸ ਜਾਣਗੇ। ਕੋਚੀ ਦੀ ਫ੍ਰੇਂਚਾਈਜੀ ਵਾਲੀ

ਕੰਪਨੀ ਮਦੇਵ ਖੇਡ ਸੰਸਾਰ 'ਚ ਪੰਜ ਫੀਸਦੀ ਯਾਨੀ ਕਰੀਬ 75 ਕਰੋੜ ਰੁਪਏ ਦਾ ਮੁਫ਼ਤ ਹਿੱਸਾ ਸੁਨੰਦਾ ਨੂੰ ਦਿੱਤਾ ਗਿਆ ਸੀ ਅਤੇ ਥਰੂਰ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੀ ਸਹੇਲੀ ਦਾ ਨਾਂ ਜਨਤਕ ਹੋਵੇ। ਪਰ ਪਿੱਛੇ ਜਿਹੇ ਮਿਲ ਕੇ ਮੌਜ਼ ਮਸਤੀ ਕਰਨ ਲਈ ਮੋਦੀ ਦੀਆਂ ਥਰੂਰ ਨਾਲ ਦੋ ਵਜਾਹਾਂ 'ਤੇ ਐਸੀ ਠਨੀ ਕਿ ਉਸ ਨੇ ਏਨੇ ਵੱਡੇ ਘਟਾਲੇ ਨੂੰ ਹੀ ਉਜਾਗਰ ਕਰਕੇ ਰੱਖ ਦਿੱਤਾ। ਪਹਿਲਾਂ ਕਾਰਨ ਸੀ ਕਿ ਮੋਦੀ ਕੋਚੀ ਦੀ ਬਜਾਏ ਅਹਿਦਾਬਾਦ ਨੂੰ ਫ੍ਰੇਂਚਾਈ ਦੇਣ ਦੇ ਪੱਖ ਵਿੱਚ ਸਨ ਕਿਉਂਕਿ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਉਹਨਾਂ ਦੇ ਪਰਮ ਮਿੱਤਰ ਸਨ ਜੋ ਗੁਜਰਾਤ ਦੀ ਟੀਮ ਚਾਹੁੰਦੇ ਸਨ। ਲਿਹਾਜਾ ਉਹਨਾਂ ਨੇ ਆਪਣੇ ਸਨਅਤੀ ਮਿੱਤਰ ਗੌਤਮ ਅਡਵਾਨੀ ਦੀ ਕੰਪਨੀ ਨਾਲ ਅਡਾਨੀ ਦੀ ਕੰਪਨੀ ਤੋਂ ਨਿਲਾਮੀ ਦੌਰਾਨ ਬੋਲੀ ਵੀ ਲਵਾਈ ਪਰ ਘੱਟ ਰਕਮ ਕਾਰਨ ਅਡਾਨੀ ਅਸਫਲ ਹੋ ਗਏ। ਇਸ ਦੀ ਪਹਿਲੀ ਨਿਲਾਮੀ ਵੀਡੀਓ ਕੋਨ ਦੇ ਪੱਖ ਵਿੱਚ ਗਈ ਸੀ ਜੋ ਲਲਿਤ ਮੋਦੀ ਨੇ ਰੱਦ ਕਰ ਦਿੱਤੀ ਸੀ। ਕਰੀਬ 1533 ਕਰੋੜ ਰੁਪਏ ਦੀ ਦੂਜੀ ਨਿਲਾਮੀ ਜਿੱਤਣ ਵਾਲੀ ਕੋਚੀ ਟੀਮ ਦੇ ਪ੍ਰਮੋਟਰ ਸਲੈਂਦਰ ਗਾਇਕਵਾੜ ਨੇ ਦੋਸ਼ ਲਾਇਆ ਕਿ ਲਲਿਤ ਮੋਦੀ ਨੇ ਉਸਨੂੰ ਘੱਟ ਰਾਸ਼ੀ ਬਿੱਡ ਕਰਾਉਣ ਨੂੰ ਕਿਹਾ ਸੀ ਤਾਂ ਕਿ ਨਿਲਾਮੀ ਉਹਨਾਂ ਦੇ ਪੱਖ ਵਿੱਚ ਨਾ ਜਾਵੇ। ਹਾਲਾਂਕਿ ਮੋਦੀ ਨੇ ਇਸ ਦਾ ਖੰਡਨ ਕੀਤਾ। ਕੋਚੀ ਟੀਮ ਲਈ ਥਰੂਰ ਨੇ ਆਪਣੇ ਸਹਿਯੋਗੀ ਨਾਗਰ ਵਿਮਾਨਨ ਮੰਤਰੀ ਪ੍ਰਫੁੱਲ ਪਟੇਲ ਤੋਂ ਮਦਦ ਮੰਗੀ ਸੀ ਕਿ ਉਹ ਆਈ. ਪੀ. ਐਲ. 'ਚ ਸਰਗਰਮ ਆਪਣੀ ਬੇਟੀ ਪੂਰਣਾ ਪਟੇਲ ਰਾਹੀਂ ਇਹ ਪਤਾ ਲਵਾਉਣ ਕਿ ਆਈ. ਪੀ. ਐੱਲ. ਦੇ ਅਸਲੀ ਮੁੱਲ ਅਤੇ ਆਮਦਨ ਦਾ ਅਸਲੀ ਮੁਲਅੰਕਨ ਕੀ ਹੈ। ਪੂਰਣਾ ਆਈ. ਪੀ. ਐਲ ਦੀ ਮੈਨੇਜਰ ਹੈ। ਸੋ ਆਈ ਪੀ ਐਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੁੰਦਰ ਰਮਨ ਤੋਂ ਉਹਨਾਂ ਦੇ ਧਨ ਦਾ ਮੁਲਅੰਕਨ ਮੰਗਵਾਇਆ ਅਤੇ ਉਸ ਨੂੰ ਆਪਣੇ ਪਿਤਾ ਦੀ ਨਿੱਜੀ ਸਕੱਤਰ ਚੰਪਾ ਭਾਰਦਵਾਜ ਨੂੰ ਈ-ਮੇਲ ਕਰ ਦਿਤਾ। ਚੰਪਾ ਨੇ ਉਹੀ ਈ-ਮੇਲ ਥਰੂਰ ਨੂੰ ਕਰ ਦਿੱਤੀ ਜਿਸ ਵਿਚ ਫ੍ਰੇਂਚਾਈਜ਼ ਦੇ ਮੁਲ ਅੰਕਣ ਨਾਲ ਜੁੜੇ ਅੰਦਾਜ਼ੇ ਸਨ। ਮੋਦੀ ਵਲੋਂ ਸੁਨੰਦਾ ਪੁਸ਼ਕਰ ਦਾ ਨਾਂ ਉਛਾਲੇ ਜਾਣ ਦੇ ਪਿੱਛੋਂ ਕੁਰਸੀ ਗਵਾਉਣ ਵਾਲੇ ਥਰੂਰ ਤੋਂ ਮੋਦੀ ਦੀ ਨਰਾਜ਼ਗੀ ਦੀ ਦੂਜੀ ਵਜਾਹ ਵੀ ਇੱਕ ਔਰਤ ਹੈ। ਦੱਖਣੀ ਅਫਰੀਕਾ ਦੀ ਅਡਲ ਗੈਬਰਿਲਾ ਦਿਮਿਤਰਿਆਦੇਸ਼ ਨੂੰ ਵੀਜਾ ਨਾ ਦੇਣ ਲਈ ਮੋਦੀ ਨੇ ਥਰੂਰ ਨੂੰ ਬੇਨਤੀ ਕੀਤੀ ਸੀ ਪਰ ਥਰੂਰ ਨੇ ਮੋਦੀ ਦੀ ਨਹੀਂ ਸੁਣੀ ਅਤੇ ਵੀਜਾ ਦਵਾਇਆ। ਫਰਵਰੀ 'ਚ ਇਹ ਮਾਡਲ ਭਾਰਤ ਆਏ ਅਤੇ ਇਹ ਝਮੇਲਾ ਉਠਦਿਆਂ ਹੀ 13 ਅਪ੍ਰੈਲ ਨੂੰ ਵਾਪਸ ਚਲੀ ਗਈ। ਖੁਫੀਆ ਬਿਊਰੋ ਦੇ ਸੂਤਰਾਂ ਮੁਤਾਬਕ ਇਸ ਮਾਡਲ ਨਾਲ ਮੋਦੀ ਨੂੰ ਉਦੋਂ ਦੋਸਤੀ ਹੋਈ ਜਦ ਇਹ 2009 'ਚ ਆਈ. ਪੀ. ਐੱਲ. ਨੂੰ ਦੱਖਣੀ ਅਫਰੀਕਾ ਲੈ ਗਏ ਸਨ। ਦੋਨਾਂ ਦੀ ਦੋਸਤੀ ਦੁਸ਼ਮਣੀ 'ਚ ਬਦਲਣ ਅਤੇ ਮਾਡਲ ਦੀ ਸ਼ੱਕੀ ਭੂਮਿਕਾ ਨੂੰ ਵੀ ਹੁਣ ਖੰਗਾਲਿਆ ਜਾ ਰਿਹਾ ਹੈ। ਥਰੂਰ ਪਿੱਛੋਂ ਇਸ ਘਪਲੇ ਦੀ ਜਾਂਚ ਕੇਂਦਰੀ ਮੰਤਰੀ ਸ਼ਰਦ ਪਵਾਰ ਤੇ ਪ੍ਰਫੁੱਲ ਪਟੇਲ 'ਤੇ ਵੀ ਆ ਗਈ ਹੈ। ਪਵਾਰ 'ਤੇ ਪਹਿਲਾਂ ਦੋਸ਼ ਲੱਗਿਆ ਸੀ ਕਿ ਉਹਨਾਂ ਨੇ ਆਪਣੇ ਜਵਾਈ ਸਦਾਨੰਦ ਸੁਲੇ ਨੂੰ ਵੀਡੀਓ ਕੰਪਨੀ ਰਾਹੀਂ ਲਾਈ ਗਈ ਬੋਲੀ ਵਿੱਚ 30 ਫੀਸਦੀ ਹਿੱਸਾ ਦਵਾਇਆ ਸੀ ਹਾਲਾਂਕਿ ਇਹ ਬੋਲੀ ਅਸਫਲ ਰਹੀ ਸੀ ਪਰ ਸਦਾਨੰਦ ਸੁੱਲੇ 'ਤੇ ਲੱਗੇ ਦੂਜੇ ਦੋਸ਼ ਨੇ ਪਵਾਰ ਤੇ ਉਸ ਦੀ ਸਾਂਸਦ ਧੀ ਨੂੰ ਬਚਾਅ ਦੀ ਮੁਦਰਾਂ 'ਚ ਲਿਆ ਦਿੱਤਾ। ਜਿਸ ਕੰਪਨੀ ਐਮ ਐਸ ਐਮ ਦੇ ਕੋਲ ਆਈ. ਪੀ. ਐਲ. ਦੇ ਪ੍ਰਸਾਰਣ ਅਧਿਕਾਰ ਹਨ ਉਸ ਦੇ 10 ਫੀਸਦੀ ਸ਼ੇਅਰ ਪਵਾਰ ਦੇ ਇਸੇ ਜਵਾਈ ਕੋਲ

ਹਨ ਇਸ 'ਤੇ ਸੁਪ੍ਰਿਆ ਸੁੱਲੇ ਨੇ ਸਫਾਈ ਦਿੱਤੀ ਕਿ ਉਹਨਾਂ ਦੇ ਪਤੀ ਨੂੰ ਇਹ ਸ਼ੇਅਰ ਉਹਨਾਂ ਦੇ ਪਿਤਾ ਨੇ ਪੁਰਖਾ ਅਧਿਕਾਰ 'ਚ ਦਿੱਤੇ ਹਨ ਕਿਉਂਕਿ ਉਹ ਹੁਣ ਬਹੁਤ ਬੁੱਢੇ ਤੇ ਬੀਮਾਰ ਹਨ। ਇਹ ਦੋਸ਼ ਲੱਗਣ ਤੋਂ ਪਹਿਲਾਂ ਤੱਕ ਪਵਾਰ ਲਲਿਤ ਮੋਦੀ ਦਾ ਖੁੱਲ੍ਹ ਕੇ ਬਚਾਅ ਕਰ ਰਹੇ ਸਨ ਪਰ ਜਦ ਕੇਂਦਰੀ ਮੰਤਰੀਆਂ ਪ੍ਰਣਾਬ ਮੁਕਰਜੀ ਤੇ ਪੀ. ਚਿਤੰਬਰਮ ਨੇ ਉਹਨਾਂ ਨੂੰ ਕੁਝ ਅਜਿਹੇ ਦਸਤਾਵੇਜ ਵਿਖਾਏ ਅਤੇ ਸਰਕਾਰ ਦੀ ਮੰਸ਼ਾ ਜਾਹਿਰ ਕੀਤੀ ਤਾਂ ਉਹਨਾਂ ਦੇ ਸੁਰ ਬਦਲ ਗਏ। ਹੁਣ ਪਵਾਰ ਇਹੀ ਸਫਾਈ ਦੇ ਰਹੇ ਹਨ ਕਿ ਇਹ ਮੋਦੀ ਦੇ ਹਮਾਇਤੀ ਨਹੀਂ ਹਨ ਅਤੇ ਉਹਨਾਂ ਦੇ ਆਈ. ਪੀ. ਐੱਲ. ਜਾਂ ਬੀ ਸੀ ਸੀ ਆਈ ਨਾਲ ਕੋਈ ਸਬੰਧ ਨਹੀਂ ਹੈ। ਪਟੇਲ ਬਾਰੇ ਪਵਾਰ ਦਾ ਕਹਿਣਾ ਹੈ ਕਿ ਉਹਨਾਂ ਨੇ ਥਰੂਰ ਨੂੰ ਸੂਚਨਾ ਦੇ ਕੇ ਕੋਈ ਅਪਰਾਧ ਨਹੀਂ ਕੀਤਾ ਹੈ। ਪਟੇਲ ਵੀ ਆਪਣੇ ਬਚਾਅ 'ਚ ਇਹੀ ਤਰਕ ਦੇ ਰਹੇ ਹਨ। ਪਰ ਦੋਸ਼ਾਂ ਤੇ ਸਫਾਈਆਂ ਵਿਚਕਾਰ ਰੋਜ਼ ਕੋਈ ਨਵਾਂ ਤੱਥ ਸਾਹਮਣੇ ਆ ਰਿਹਾ ਹੈ। ਤਾਜ਼ਾ ਕੇਸ ਇਹ ਹੈ ਕਿ ਪਟੇਲ ਦੀ ਪਤਨੀ ਵਰਸ਼ਾ ਪਟੇਲ ਨੇ 19 ਫਰਵਰੀ ਨੂੰ ਥਾਈਲੈਂਡ ਦੇ ਫੁਕੇਤ ਤੋਂ ਮੁੰਬਈ ਤਕ ਦੀ ਯਾਤਰਾ ਜਿਸ ਜੈੱਟ ਜਹਾਜ ਵਿੱਚ ਕੀਤੀ ਸੀ ਉਹ ਲਲਿਤ ਮੋਦੀ ਦਾ ਹੈ ਅਤੇ ਉਸ ਸਫਰ 'ਚ ਉਹਨਾਂ ਦੇ ਨਾਲ ਖੁਦ ਮੋਦੀ ਅਤੇ ਵੀਡੀਓ ਕੋਨ ਦੇ ਮਾਲਕ ਵੇਣੂਗੋਪਾਲ ਧੂਤ ਵੀ ਸਨ। ਆਮਦਨ ਕਰ ਅਧਿਕਾਰੀਆਂ ਮੁਤਾਬਕ ਬੰਮਾ ਰਡਿਅਰ ਚੈਲੇਂਜਰ 300 ਜੈੱਟ ਜਹਾਜ ਨੂੰ ਦੋ ਸਾਲ ਪਹਿਲਾਂ ਮੋਦੀ ਨੇ ਕਰੀਬ 96 ਕਰੋੜ ਰੁਪਏ 'ਚ ਖਰੀਦਿਆ ਸੀ। ਇਸ ਦਾ ਪਤਾ ਮੋਦੀ ਦੀ ਉਸ ਈ-ਮੇਲ ਤੋਂ ਲੱਗਿਆ ਜੋ ਜਾਂਚ ਦੌਰਾਨ ਮਿਲਿਆ ਹੈ। ਸਰਕਾਰ ਦੀ ਸਹਿਯੋਗੀ ਪਾਰਟੀ ਰਾਸ਼ਟਰਵਾਦੀ ਕਾਂਗਰਸ ਪਾਰਟੀ ਤੋਂ ਦੋ ਮੰਤਰੀਆਂ ਦੇ ਨਾਂ ਸਾਹਮਣੇ ਆਉਣ ਪਿੱਛੋਂ ਸਰਕਾਰ ਦੀ ਮੁਸੀਬਤ ਵਧ ਗਈ ਹੈ। ਪਵਾਰ ਨੂੰ ਸਰਕਾਰ ਤੋਂ ਕਰਨ ਦੀ ਬਜਾਏ ਉਹਨਾਂ 'ਤੇ ਕੰਟਰੋਲ ਰੱਖਣ ਦੀ ਕਾਂਗਰਸ ਦੀ ਰਣਨੀਤੀ ਹੈ। ਸਰਕਾਰ ਨੇ ਇਸ ਘਪਲੇ ਦਾ ਪਰਦਾਫਾਸ਼ ਕਰਨ ਲਈ ਆਈ. ਪੀ. ਐੱਲ. ਦੀਆਂ ਸਾਰੀਆਂ ਅੱਠ ਫਰੈਂਚਾਈਜ਼ ਨੂੰ ਇਥੇ ਜਾਂਚ ਏਜੰਸੀਆਂ ਤੇ ਛਾਪੇ ਮਾਰਨ ਦੀ ਜੋ ਕਾਰਵਾਈ ਕੀਤੀ ਹੈ ਉਸ ਤੋਂ ਜਾਹਿਰ ਹੋਇਆ ਹੈ ਕਿ ਕਿਸੇ ਤਰ੍ਹਾਂ ਮੋਦੀ ਨੇ ਆਪਣੇ ਰਿਸ਼ਤੇਦਾਰਾਂ ਰਾਹੀਂ ਆਈ ਪੀ ਐਲ 'ਚ ਵਿਦੇਸ਼ੀ ਪੈਸੇ ਦਾ ਨਿਵੇਸ਼ ਕਰ ਰੱਖਿਆ ਹੈ। ਰਾਜਸਥਾਨ ਰਿਲਾਇੰਸ, ਕਿੰਗ ਇਲਵੇਨ, ਪੰਜਾਬ ਤੇ ਕੋਲਕਾਤਾ ਨਾਈ ਟਰਾਈਡਰਸ਼ ਦੀ ਟੀਮ 'ਚ ਮੋਦੀ ਨੇ ਆਪਣੇ ਰਿਸ਼ਤੇਦਾਰਾਂ, ਸਾਢੂ ਸੁਰੇਸ਼ ਚੇਲਾਰਾਮ ਅਤੇ ਮਤੇਰ ਜਵਾਈ ਗੌਰਵ ਬਰਮਨ ਤੋਂ ਜੋ ਨਿਵੇਸ਼ ਕਰਵਾਇਆ ਉਸ ਦੇ ਲਈ ਰਿਜ਼ਰਵ ਬੈਂਕ ਤੋਂ ਨਾ ਕੋਈ ਇਜ਼ਾਜਤ ਲਈ ਅਤੇ ਨਾ ਹੀ ਕਿਸੇ ਏਜੰਸੀ ਨੂੰ ਇਸ ਦੀ ਭਿਣਕ ਪੈਣ ਦਿੱਤੀ।

ਰਾਜਸਥਾਨ ਰਿਲਾਇੰਸ ਲਈ ਬੋਲੀ ਲਾਉਣ ਵਾਲੀ ਕੰਪਨੀ ਇਮਜਿੰਗ ਮੀਡੀਆ ਬ੍ਰਿਟੇਨ 'ਚ ਰਜਿਸਟਰਡ ਹੈ। ਮਾਲਕੀ ਦਾ ਹੱਕ ਜਤਾਉਣ ਪਿੱਛੋਂ ਉਸ ਨੇ ਇਸ ਦੀ 44 ਫੀਸਦੀ ਹਿੱਸੇਦਾਰੀ ਨਜੀਰੀਆ ਨਿਵਾਸੀ ਸੁਰੇਸ਼ ਚੇਲਾਰਾਮ ਦੀ ਕੰਪਨੀ ਜੈਪੁਰ ਆਈ ਪੀ ਐੱਲ ਲਿਮਟਿਡ ਨੂੰ ਵੇਚ ਦਿੱਤੀ। ਚੇਲਾਰਾਮ ਮੋਦੀ ਦੇ ਸਾਢੂ ਹਨ। ਕਰੀਬ 32 ਫੀਸਦੀ ਹਿੱਸਾ ਬ੍ਰਿਟੇਨ ਨਿਵਾਸੀ ਮਨੋਜ ਬਦਾਲੇ ਦੀ ਕੰਪਨੀ ਨੂੰ ਵੇਚ ਦਿੱਤਾ ਗਿਆ। ਬਾਕੀ ਦਾ ਸਾਢੇ ਤੇਈ ਫੀਸਦੀ ਹਿੱਸਾ ਫਿਲਮ ਸਟਾਰ ਸ਼ਿਲਪਾ ਸ਼ੈਟੀ, ਉਸ ਦੇ ਪਤੀ ਰਾਜ ਕੁੰਦਰਾ ਤੇ ਮੀਡੀਆ ਮਾਲਕ ਰੂਪਰਟ ਮਡੋਂਕ ਦੇ ਵਿਮੁੱਖ ਬੇਟੇ ਲਚਲਨ ਮੰਡੋਕ ਦੀਆਂ ਦੋ ਕੰਪਨੀਆਂ ਨੂੰ ਵੇਚ ਦਿੱਤਾ ਗਿਆ ਇਸ ਤਰ੍ਹਾਂ ਮੋਦੀ ਨੇ ਆਪਣੇ ਮਤੇਰ ਜਵਾਈ ਗੌਰਵ ਬਰਮਨ ਦੇ ਭਾਈ ਮੋਹਿਤ ਨੂੰ ਪ੍ਰਿਟੀ ਜਿੰਟਾ ਦੀ ਕਿੰਗਸ ਇਲੇਵਨ

ਪੰਜਾਬ ਟੀਮ 'ਚ ਹਿੱਸੇਦਾਰੀ ਦਿਵਾਈ। ਜਦ ਕਿ ਗੌਰਵ ਬਰਮਨ ਦੀ ਉਸ ਜੀ ਸੀ ਵੀ ਕੰਪਨੀ 'ਚ ਹਿੱਸੇਦਾਰੀ ਹੈ ਜਿਸ ਨੂੰ ਆਈ. ਪੀ. ਐੱਲ. ਨੇ ਸਭ ਡਿਜ਼ੀਟਲ ਤੇ ਮੋਬਾਈਲ ਪ੍ਰਸਾਰਣ ਦੇ ਅਧਿਕਾਰ ਮਿਲੇ ਹੋਏ ਸਨ। ਦੋਸ਼ ਹੈ ਕਿ ਇਹਨਾਂ ਨੂੰ ਪਿਛਲੇ ਦਰਵਾਜ਼ੇ ਤੋਂ ਹਿੱਸੇਦਾਰੀ ਦੇਣ ਲਈ ਕਾਲਾ ਧਨ ਮਾਲਦੀਵ, ਸਿੰਗਾਪੁਰ ਤੇ ਦੁਬਈ ਤੋਂ ਆਇਆ ਰਾਜਸਥਾਨ ਰਿਲਾਇੰਸ ਨੂੰ ਸਭ ਤੋਂ ਘੱਟ ਬੋਲੀ 'ਚ ਖਰੀਦਿਆ ਗਿਆ ਸੀ ਅਤੇ 2008 ਦਾ ਆਈ. ਪੀ. ਐੱਲ. ਦਾ ਫਾਈਨਲ ਵੀ ਇਸ ਨੇ ਜਿੱਤਿਆ ਸੀ। ਗੌਰਤਲਬ ਹੈ ਕਿ ਆਈ. ਪੀ. ਐੱਲ. ਭਾਰਤੀ ਕ੍ਰਿਕਟ ਕੰਟਰੋਲ ਬੋਰਡ (BCCI) ਦੀ ਇਕ ਉਪ ਸੰਮਤੀ ਹੈ ਅਤੇ ਬੀ. ਸੀ. ਸੀ. ਆਈ ਨੂੰ ਬਗੈਰ ਲਾਭ ਦੀ ਸੰਸਥਾ ਹੋਣ ਦੇ ਕਾਰਣ ਆਮਦਨ ਟੈਕਸ 'ਚ ਛੋਟ ਮਿਲੀ ਹੋਈ ਹੈ। ਲਲਿਤ ਮੋਦੀ ਨੇ ਇਸ ਅਥਾਰ ਤੇ ਆਈ. ਪੀ. ਐੱਲ਼ 'ਚ ਹੋਈ ਆਮਦਨੀ ਬਦਲੇ ਅਜੇ ਤਕ ਕੋਈ ਟੈਕਸ ਨਹੀਂ ਭਰਿਆ। ਉਲਟਾ ਮਹਾਂਰਾਸ਼ਟਰ ਤੇ ਪੰਜਾਬ 'ਚ ਹੋਏ ਕ੍ਰਿਕਟ ਮੈਚਾਂ 'ਤੇ ਲੱਗਣ ਵਾਲੇ ਮਨੋਰੰਜਨ ਟੈਕਸ ਨੂੰ ਵੀ ਉਥੋਂ ਦੀਆਂ ਸਰਕਾਰਾਂ ਤੋਂ ਮੁਆਫ਼ ਕਰਵਾ ਲਿਆ। ਇਕੱਲੇ ਮਹਾਂਰਾਸ਼ਟਰ ਸਰਕਾਰ ਨੂੰ ਹੀ ਇਸ ਨਾਲ 500 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਜਾਂਚ ਨਾਲ ਜੁੜੇ ਅਫਸਰਾਂ ਮੁਤਾਬਕ ਮੋਦੀ ਜਿਸ ਅੰਦਾਜ਼ 'ਚ ਆਈ. ਪੀ. ਐੱਲ. ਚਲਾ ਰਹੇ ਸਨ, ਉਸ ਨਾਲ ਤਾਂ ਲੱਗਦਾ ਹੈ ਕਿ ਬੀ ਸੀ. ਸੀ. ਆਈ. ਦੇ ਅਧਿਕਾਰੀ ਜਾਂ ਤਾਂ ਕੁੰਭਕਰਨੀ ਨੀਂਦ 'ਚ ਸਨ ਜਾਂ ਫਿਰ ਜਾਣਬੁੱਝ ਅੱਖਾਂ ਬੰਦ ਕਰੀਂ ਬੈਠੇ ਸਨ। ਬੀ. ਸੀ. ਸੀ. ਆਈ. ਦੇ ਪ੍ਰਧਾਨ ਸਾਸ਼ਕ ਮਨੋਹਰ ਹੁਣ ਕਹਿ ਰਹੇ ਹਨ ਕਿ ਬੋਰਡ 'ਚ ਕਿਸੇ ਨੂੰ ਵੀ ਇਹ ਨਹੀਂ ਪਤਾ ਸੀ ਕਿ ਆਈ ਪੀ ਐਲ ਦੀਆਂ ਟੀਮਾਂ 'ਚ ਮੋਦੀ ਦੇ ਰਿਸ਼ਤੇਦਾਰਾਂ ਦੀ ਵੀ ਹਿੱਸੇਦਾਰੀ ਹੋਵੇਗੀ। ਮੋਦੀ ਨੇ ਬੋਰਡ ਨੂੰ ਉਹਨਾਂ ਅਨੁਬੰਧਾਂ ਦੀ ਵੀ ਭਣਕ ਨਹੀਂ ਲੱਗਣ ਦਿੱਤੀ ਜੋ ਉਹਨਾਂ ਨੇ ਪਿਛਲੇ ਦਰਵਾਜ਼ੇ ਤੋਂ ਹਿੱਸੇਦਾਰ ਦਿਵਾਉਣ ਤੋਂ ਲੈ ਕੇ ਮੈਚਾਂ ਦੇ ਪ੍ਰਸਾਰਣ-ਪ੍ਰਯੋਜਨ ਸਬੰਧੀ ਕੀਤੇ ਗਏ ਸਨ। ਤਿੰਨ ਟੀਮਾਂ 'ਚ ਮੋਦੀ ਦੇ ਰਿਸ਼ਤੇਦਾਰਾਂ ਦੀ ਵੀ ਹਿੱਸੇਦਾਰੀ ਹੈ। ਮੋਦੀ ਦੇ ਰਿਸ਼ਤੇਦਾਰਾਂ ਦੀ ਜੋ ਹਿੱਸੇਦਾਰੀ ਸਾਹਮਣੇ ਆਈ ਹੈ, ਉਸ ਦਾ ਵਿਸਥਾਰਿਤ ਬਿਉਰਾ ਉਹਨਾਂ ਨੇ ਬੋਰਡ ਨੂੰ ਦਿੱਤਾ ਹੀ ਨਹੀਂ। ਇਹ ਵੀ ਦੋਸ਼ ਹੈ ਕਿ ਮੋਦੀ ਨੇ ਡਬਲਯੂ ਐਸ ਜੀ ਕੰਪਨੀ ਨੂੰ ਟੀ. ਵੀ. ਪ੍ਰਸਾਰਣ ਦੇ ਅਧਿਕਾਰ ਦਿਵਾਉਣ 'ਚ ਅੱਠ ਕਰੋੜ ਡਾਲਰ ਦਾ ਸੁਵਿਧਾ ਟੈਕਸ ਲਿਆ ਅਤੇ ਇਹ ਸੌਦਾ ਵੀ ਬੋਰਡ ਤੇ ਆਈ. ਪੀ. ਐੱਲ. ਦੇ ਕਿਸੇ ਅਹੁਦੇਦਾਰ ਨੂੰ ਦੱਸੇ ਬਗੈਰ ਵਿਦੇਸ਼ 'ਚ ਹੋਇਆ। ਮੋਦੀ ਦੀ ਮਨਮਾਨੀ ਦਾ ਹੀ ਇਹ ਹਾਲ ਹੈ ਕਿ ਉਹਨਾਂ ਨੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਰਾਹੀਂ ਬਣਾਏ ਗਏ ਨਿਯਮਾਂ ਨੂੰ ਤੋੜਨ ਵਿੱਚ ਵੀ ਕਿਸੇ ਦੀ ਪ੍ਰਵਾਹ ਨਹੀਂ ਕੀਤੀ। ਬੋਰਡ ਦਾ ਨਿਯਮ ਹੈ ਕਿ ਖਿਡਾਰੀ ਟੂਰ ਦੌਰਾਨ ਆਪਣੇ ਨਾਲ ਪਤਨੀ ਜਾਂ ਪ੍ਰੇਮਿਕਾ ਨੂੰ ਨਹੀਂ ਲੈ ਜਾ ਸਕਦੇ ਤਾਂ ਕਿ ਉਹਨਾਂ ਦਾ ਸਾਰਾ ਧਿਆਨ ਆਪਣੀ ਖੇਡ ਵੱਲ ਹੀ ਰਹੇ ਪਰ ਮੋਦੀ ਦੇ ਹਰ ਮੈਚ ਪਿੱਛੋਂ ਆਲੀਸ਼ਾਨ ਹੋਟਲਾਂ 'ਚ ਪਾਰਟੀਆਂ ਦਾ ਆਯੋਜਨ ਰੱਖਿਆ ਜਿਸ 'ਚ ਖਿਡਾਰੀਆਂ ਨੂੰ ਵੀ ਬੁਲਾਇਆ ਗਿਆ ਜਿਥੇ ਉਹ ਸ਼ਰਾਬ ਦੇ ਨਾਲ ਸੁੰਦਰੀਆਂ ਦੇ ਨਾਲ ਡਾਂਸ ਤੇ ਫੈਸ਼ਨ ਸ਼ੋਅ ਦਾ ਮਜ਼ਾ ਲੈ ਸਕਣ। ਇਹਨਾਂ ਪਾਰਟੀਆਂ 'ਚ ਅਫਰੀਕਾ ਤੇ ਰੂਸ ਤੋਂ ਬੁਲਾਈਆਂ ਗਈਆਂ ਚੀਰਲੀਡਰਸ ਸੁੰਦਰੀਆਂ ਦੇ ਨਾਲ ਕਈ ਖਿਡਾਰੀ ਵੀ ਨਚਦੇ ਵੇਖੇ ਗਏ। ਦੇਰ ਰਾਤ ਤੱਕ ਚੱਲਣ ਵਾਲੀ ਅਜਿਹੀ ਹਰ ਪਾਰਟੀ 'ਚ ਮਹਿਮਾਨਾਂ ਨੂੰ 40 ਹਜ਼ਾਰ ਰੁਪਏ 'ਚ ਇਕ ਪਾਸ ਵੇਚਿਆ ਅਤੇ ਪਾਰਟੀ 'ਚ ਕਰੀਬ 500 ਲੋਕਾਂ ਦੀ ਮੌਜੂਦਗੀ ਰਹੀ। ਦਰਅਸਲ ਮੋਦੀ ਦਾ ਸਾਰਾ ਜ਼ੋਰ ਕ੍ਰਿਕਟ ਤੋਂ ਵੱਧ ਗਲੈਮਰ ਪਾਰਟੀ

ਬਾਜੀ ਤੇ ਪੈਸੇ ਵੱਲ ਰਿਹਾ ਉਹਨਾਂ ਨੇ ਦੇਸ਼ ਦੇ ਲੋਕਾਂ ਦੇ ਕ੍ਰਿਕਟ ਪ੍ਰੇਮ ਨੂੰ ਆਪਣੇ ਤੇ ਦੋਸਤਾਂ ਦੀ ਅਯਾਸੀ ਲਈ ਵਰਤਿਆ। ਜਾਂਚ ਨਾਲ ਜੁੜੇ ਵਿਭਾਗ ਦੇ ਅਫਸਰਾਂ ਮੁਤਾਬਕ ਆਈ ਪੀ ਐਲ-3 ਵਿਚ ਕੀ ਅਤੇ ਕਿੰਨਾ ਘਪਲਾ ਹੋਇਆ, ਇਸ ਦਾ ਪਤਾ ਤਾਂ ਪਿੱਛੋਂ ਲੱਗੇਗਾ, ਹਾਲ ਦੀ ਘੜੀ ਤਾਂ ਆਈ ਪੀ ਐੱਲ-ਇਕ ਤੇ ਦੋ ਦੇ ਦੌਰਾਨ ਹੋਏ ਘਪਲਿਆਂ ਦੀ ਜਾਂਚ ਹੋ ਰਹੀ ਹੈ। ਦਰਅਸਲ ਪਿਛਲੇ ਸਾਲ ਗ੍ਰਹਿ ਮੰਤਰੀ ਦਾ ਅਹੁਦਾ ਸੰਭਾਲਣ ਪਿੱਛੋਂ ਪੀ. ਚਿਦੰਬਰਮ ਨੇ ਇਕ ਮਹੱਤਵਪੂਰਨ ਸ਼ਿਕਾਇਤ ਕਰਕੇ ਆਮਦਨ ਟੈਕਸ ਵਿਭਾਗ ਤੋਂ ਮੋਦੀ ਦੇ ਇਸ ਅਰਬ ਰੁਪਏ ਦੀ ਖੇਡ ਦੀ ਜਾਂਚ ਕਰਨ ਨੂੰ ਕਿਹਾ ਸੀ। ਛੇ ਮਹੀਨੇ ਪਹਿਲਾਂ ਵਿਭਾਗ ਨੇ ਇਹ ਰਿਪੋਰਟ ਸਰਕਾਰ ਨੂੰ ਦਿੱਤੀ ਸੀ ਪਰ ਸਰਕਾਰ ਕਾਰਵਾਈ ਕਰਨ ਲਈ ਮੌਜੂਦਾ ਆਈ ਪੀ ਐੱਲ ਦੇ ਖਤਮ ਹੋਣ ਦੀ ਉਡੀਕ ਕਰ ਰਹੀ ਸੀ ਕਿ ਇਸ ਦੌਰਾਨ ਥਰੂਰ ਵਿਵਾਦ ਉਠ ਖੜ੍ਹਿਆ ਤਾਂ ਕਾਰਵਾਈ ਕਰਨਾ ਸਰਕਾਰ ਦੀ ਮਜ਼ਬੂਰੀ ਬਣ ਗਈ। ਆਮਦਨ ਟੈਕਸ ਵਿਭਾਗ ਦੀ ਰਿਪੋਰਟ ’ਚ ਬੇਹੱਦ ਹੈਰਾਨਕੁੰਨ ਤੱਥ ਪੇਸ਼ ਕੀਤੇ ਗਏ ਹਨ। ਰਿਪੋਰਟ ਦੀ ਸ਼ੁਰੂਆਤ ਹੀ ਇਥੋਂ ਹੁੰਦੀ ਹੈ, ‘ਚਾਰ ਸਾਲ ਪਹਿਲਾਂ ਤੱਕ ਲਲਿਤ ਮੋਦੀ ਦੇ ਖਾਤਿਆਂ ’ਚ ਖਰਾਬ ਉਪਕਰਮਾ ਦਾ ਸਿਲਸਲਾ ਦੇ ਦੇਣਦਾਰੀਆਂ ਚੁਕਾਉਣ ’ਚ ਨਾਕਾਮੀ ਦੇ ਮਾਮਲੇ ਸਨ ਪਰ ਅੱਜ ਉਹਨਾਂ ਦੀ ਜੀਵਨ ਸ਼ੈਲੀ ਵਿੱਚ ਇਕ ਨਿੱਜੀ ਜੈੱਟ ਜਹਾਜ਼, ਇਕ ਯਾਟ (ਲਕਜ਼ਰੀ ਕਿਸ਼ਤੀ) ਅਤੇ ਮਰਸੀਡੀਜ਼ ਐਸ ਕਲਾਸ ਅਤੇ ਬੀ ਐਮ ਡਬਲਯੂ ਵਰਗੀਆਂ ਮਹਿੰਗੀਆਂ ਕਾਰਾਂ ਦਾ ਕਾਫ਼ਲਾ ਹੈ। ਇਹ ਸਭ ਪਿਛਲੇ ਤਿੰਨ ਸਾਲਾਂ ’ਚ ਹਾਸਲ ਕੀਤੇ ਗਏ ਹਨ।’ ਰਿਪੋਰਟ ’ਚ ਮੋਦੀ ਦੀਆਂ ਸਰਗਰਮੀਆਂ ਦੀ ਚੌਂਕਾਂ ਦੇਣ ਵਾਲੀ ਤਸਵੀਰ ਪੇਸ਼ ਕੀਤੀ ਗਈ ਹੈ। ਇਸ ’ਚ ਰਾਜਸਥਾਨ ਵਿੱਚ ਹੋਏ ਜ਼ਮੀਨੀ ਸੌਦਿਆਂ ’ਚ ਮੋਦੀ ਦੇ ਜੋੜ-ਤੋੜ, ਜਿਸ ਬਾਰੇ ਉਥੋਂ ਦੇ ਮੁੱਖ ਮੰਤਰੀ ਅਸੋਕ ਗਲਹੋਤ ਨੇ ਵੀ ਦੋਸ਼ ਲਾਏ ਹਨ ਕਿ ਇਹ ਮੋਦੀ ਦੀ ਕਰੀਬੀ ਸਾਬਕਾ ਮੁੱਖ ਮੰਤਰੀ ਵਸੁੰਦਰਾ ਰਾਜੇ ਦੀ ਮਿਲੀ ਭੁਗਤ ਨਾਲ ਹੋਇਆ ਤੋਂ ਲੈ ਕੇ ਉਹਨਾਂ ਕਾਗਜ਼ੀ ਕੰਪਨੀਆਂ ਅਤੇ ਵਿਦੇਸ਼ੀ ਇਕਾਈਆਂ ਦਾ ਵੇਰਵਾ ਹੈ। ਜਿਹਨਾਂ ਦੀ ਵਰਤੋਂ ਕਰੋੜਾਂ ਰੁਪਏ ਦੇ ਭੁਗਤਾਨ ਤੇ ਹਿੱਸੇਦਾਰੀ ਦੇ ਲੈਣ-ਦੇਣ ’ਚ ਕੀਤਾ ਗਿਆ। ਇਸ ਰਿਪੋਰਟ ’ਚ ਮੋਦੀ ’ਤੇ ਆਪਣੇ ਸਹਿਯੋਗੀਆਂ ਦੇ ਨਾਲ ਮਿਲ ਕੇ ਸੱਟੇਬਾਜ਼ੀ ਕਰਨ ਅਤੇ ਆਈ. ਪੀ. ਐੱਲ. ਮੈਚਾਂ ਦੇ ਨਤੀਜੇ ਫਿਕਸ ਕਰਨ ਦਾ ਵੀ ਦੋਸ਼ ਹੈ। ਰਿਪੋਰਟ ਤਿਆਰ ਕਰਨ ’ਚ ਜਾਂਚ ਕਰਨ ਵਾਲਿਆਂ ਨੇ ਮੋਦੀ ਦੇ ਈ-ਮੇਲ ਅਕਾਊਂਟ, ਬ੍ਰਿਟੇਨ ਦੇ ਇਕ ਮੋਬਾਇਲ ਨੰਬਰ ’ਤੇ ਹੋਈ ਗੁਪਤ ਗੱਲਬਾਤ ਤੋਂ ਲੈ ਕੇ ਦੁਨੀਆਂ ਦੇ ਕਈ ਦੇਸ਼ਾਂ ਤੋਂ ਦਾਖਲ ਕੀਤੀ ਗਈ ‘ਰੇਗੂਲੇਟਰੀ ਫਾਇਲਿੰਗ’ ਨੂੰ ਖੰਗਾਲਿਆ ਹੈ। ਜਾਂਚ ਕਰਤਾਵਾਂ ਨੂੰ ਕਈ ਭਾਰਤੀ ਮੋਬਾਇਲ ਨੰਬਰ ਵੀ ਮਿਲੇ ਹਨ ਜਿਨਾਂ ਬਾਰੇ ਉਹਨਾਂ ਦਾ ਦਾਅਵਾ ਹੈ ਕਿ ਮੋਦੀ ਨੇ ਆਪਣੀ ਪਹਿਚਾਣ ਛੁਪਾਉਣ ਲਈ ਉਹਨਾਂ ਨੂੰ ਬਦਲ-ਬਦਲ ਕੇ ਵਰਤਿਆ। ਇਸ ਰਿਪੋਰਟ ’ਚ ਮੋਦੀ ਦੇ ਸਹਿਯੋਗੀਆਂ ਦੇ ਨਾਂ ਅਤੇ ਉਹਨਾਂ ਦੀ ਭੂਮਿਕਾ ਦਾ ਵੀ ਜ਼ਿਕਰ ਹੈ। ਉਹਨਾਂ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਇਕ ਮੁੱਖ ਨਾਂ ਦੀਪਾ ਮਾਇਜਾਦਾ ਦਾ ਹੈ। ਜੋ ਮੋਦੀ ਇੰਟਰਟੈਨਮੈਂਟ ਨੈਟਵਰਕ ਕੰਪਨੀ ਦੀ ਸੀ ਈ ਓ ਹੈ। ਰਿਪੋਰਟ ਮੁਤਾਬਕ ਉਹ ਮੋਦੀ ਦੀ ਕਰੀਬੀ ਦੋਸਤ ਹੈ ਅਤੇ ਵਿਦੇਸ਼ ’ਚ ਹੋਣ ਵਾਲੇ ਉਹਨਾਂ ਦੇ ਲੈਣ ਦੇਣ ਅਤੇ ਵਿਦੇਸ਼ੀ ਕੰਪਨੀਆਂ ਦਾ ਕਾਰੋਬਾਰ ਸੰਭਾਲਦੀ ਹੈ। ਉਹ ਪਿਛਲੇ ਦਸ ਸਾਲਾਂ ਤੋਂ ਇਸ ਕੰਪਨੀ ਵਿੱਚ ਹੈ। ਆਮਦਨ ਟੈਕਸ ਅਧਿਕਾਰੀਆਂ ਦੀ ਮੰਨੀਏ ਤਾਂ ਜਦ ਉਨ੍ਹਾਂ ਨੇ ਮੁੰਬਈ ’ਚ ਮੋਦੀ ਦੇ ਹੋਟਲ ਦੇ ਕਮਰੇ ’ਤੇ ਛਾਪਾ ਮਾਰਿਆ, ਉਸ ਤੋਂ ਪਹਿਲਾਂ ਦੀਪਾ ਨੇ ਹੀ ਉਸ ਦੇ ਕਮਰੇ ਤੋਂ ਅਹਿਮ

ਦਸਤਾਵੇਜ਼ ਕੱਢ ਲਏ ਸਨ। ਰਿਪੋਰਟ ਮੁਤਾਬਕ ਰਾਜਸਥਾਨ ਰਿਲਾਇੰਸ, ਕਿੰਗ; ਇਲੇਵਨ, ਪੰਜਾਬ ਤੇ ਕੋਲਕਾਤਾ ਨਾਈਟ-ਰਾਈਡਰਸ 'ਚ ਮੋਦੀ ਦੀ ਅਸਿੱਧੀ ਹਿੱਸੇਦਾਰੀ ਹੈ। ਇਸ 'ਚ ਇਹ ਵੀ ਦੋਸ਼ ਹੈ ਕਿ ਦਿੱਲੀ ਦੀਆਂ ਹਾਈ-ਫਾਈ ਪਾਰਟੀਆਂ 'ਚ ਸ਼ਾਮਲ ਹੋਣ ਵਾਲੇ ਸਮੀਰ ਠਕਰਾਲ ਨਾਂ ਦੇ ਇਕ ਸਖਸ਼ ਨਾਲ ਮੋਦੀ ਦੀ ਡੂੰਘੀ ਦੋਸਤੀ ਹੈ ਅਤੇ ਉਹੀ ਮੋਦੀ ਦੀ ਤਰਫੋਂ ਸੱਟੇਬਾਜ਼ੀ ਕਰਦਾ ਹੈ। ਸਮੀਰ ਨੂੰ ਆਈ. ਪੀ. ਐੱਲ. ਦੇ ਸਾਰੇ ਮੈਚਾਂ 'ਚ ਵੀ ਆਈ. ਪੀ ਦਾ ਦਰਜਾ ਮਿਲਦਾ ਆਇਆ ਹੈ। ਜਾਂਚ 'ਚ ਇਹ ਪੁਖਤਾ ਹੋ ਗਿਆ ਕਿ ਰਾਜਸਥਾਨ ਰਲਾਇੰਸ 'ਚ ਸਿਲਪਾ ਸ਼ੈਟੀ ਅਤੇ ਉਹਨਾਂ ਦੇ ਪਤੀ ਨੇ ਜੋ ਪੈਸਾ ਲਾਇਆ ਹੈ, ਉਸ ਦਾ ਕੁਝ ਹਿੱਸਾ ਕਰ ਰਿਆਇਤ ਵਾਲੇ ਦੇਸ਼ਾਂ ਤੋਂ ਆਇਆ ਹੈ, ਜਿਸ ਇਕ ਦੇਸ਼ ਦਾ ਨਾਂ ਸਾਹਮਣੇ ਆਇਆ ਹੈ ਉਹ ਹੈ ਕੇਮਨਆਈਲੈਂਡ ਦੁਨੀਆ ਦੇ ਅਜਿਹੇ 70 ਟੈਕਸ ਰਿਆਇਤ ਕਰਨ ਵਾਲੇ ਦੇਸ਼ ਹਨ ਜੋ ਮਨਚਾਹਾ ਧਨ ਆਪਣੇ ਬੈਂਕਾਂ 'ਚ ਜਮ੍ਹਾਂ ਕਰਨ ਬਦਲੇ 3 ਫੀਸਦੀ ਤੋਂ ਵੀ ਘੱਟ ਟੈਕਸ ਵਸੂਲਦੇ ਹਨ ਅਤੇ ਬਦਲੇ 'ਚ ਪੂਰਾ ਭੇਦ ਰੱਖਣ ਦੀ ਗਾਰੰਟੀ ਦਿੰਦੇ ਹਨ। ਉਧਰ BCCI ਦੇ ਨਿਰਦੇਸ਼ਕ 'ਤੇ ਆਨਲਾਇਨ ਕਮਿਊਨੀਕੇਸ਼ਨ ਦੀ ਜਾਂਚ ਕਰ ਰਹੇ ਉਦੈਪੁਰ ਦੇ ਸਾਈਬਰ ਮਾਹਰ ਅਭਿਸ਼ੇਕ ਥਾਬਾਈ ਅਨੁਸਾਰ ਮੋਦੀ ਦੇ ਮੌਰਸੀਅਸ ਤੇ ਸਾਈਪ੍ਰਸ 'ਚ ਆਨ ਲਾਈਨ ਖਾਤੇ ਹਨ। ਜਿਨ੍ਹਾਂ 'ਚ ਕਰੋੜਾਂ ਰੁਪਏ ਜਮ੍ਹਾਂ ਹਨ। ਕੁਝ ਟੀਮਾਂ ਦੇ ਮਾਲਕੀ ਹੱਕ ਤੇ ਹਿੱਸੇਦਾਰੀ ਸਬੰਧੀ ਕੋਈ ਝਮੇਲਾ ਨਹੀਂ ਜਿਵੇਂ ਕਿ ਮੁਕੇਸ਼ ਅੰਬਾਨੀ ਦੀ ਮੁੰਬਈ ਇੰਡੀਅੰਸ ਸੰਬੰਧੀ ਕੋਈ ਸ਼ੱਕ ਨਹੀਂ ਆਈ. ਪੀ. ਐਲ. ਮੈਚਾਂ 'ਤੇ ਕਰੀਬ ਪੰਜ ਹਜ਼ਾਰ ਕਰੋੜ ਦਾ ਸੱਟਾਂ ਲੱਗਿਆ। ਗੁਜਰਾਤ ਦੇ ਸੌ ਰਾਸ਼ਟਰ ਤੇ ਮੁੰਬਈ ਦੇ ਕੁਝ ਸਟੀਰਿਓ ਦੇ ਤਾਰ ਵੀ ਲਲਿਤ ਮੋਦੀ ਨਾਲ ਜੁੜੇ ਹੋਣ ਦੀ ਖ਼ਬਰ ਹੈ। ਹੁਣ ਮੋਦੀ ਦੇ ਕਾਰਨਾਮੇ ਵੀ ਉਜਾਗਰ ਹੋਣ ਲੱਗੇ ਹਨ। 2004 'ਚ ਰਾਜਸਥਾਨ 'ਚ ਉਨ੍ਹਾਂ ਤੇ ਨਗੌਰ 'ਚ ਫਰਜੀ ਦਸਖਤ ਕਰਕੇ ਜ਼ਮੀਨ ਖਰੀਦਣ ਦਾ ਦੋਸ਼ ਹੈ ਕਿਉਂਕਿ ਉਹਨਾਂ ਨੇ ਅਗਲੇ ਸਾਲ ਕ੍ਰਿਕਟ ਸੰਘ ਦੀ ਚੋਣ 'ਚ ਹਿੱਸਾ ਲੈਣਾ ਸੀ ਤੇ ਸੰਘ ਦੀ ਅਹੁਦੇਦਾਰੀ ਲਈ ਰਾਜ 'ਚ ਜਾਇਦਾਦ ਹੋਣੀ ਜ਼ਰੂਰੀ ਸੀ। ਇਹ ਕੇਸ ਅਜੇ ਵੀ ਅਦਾਲਤ 'ਚ ਹੈ। ਰਾਜ ਦੀ ਸਾਬਕਾ ਮੁੱਖ ਮੰਤਰੀ ਵਸੁੰਦਰਾ ਰਾਜੇ ਨਾਲ ਆਪਣੀ ਨੇੜ੍ਹਤਾ ਕਾਰਨ ਉਹਨਾਂ ਨੇ ਆਮੇਰ ਪੈਲੇਸ ਦੀ ਸੁਰੱਖਿਅਤ ਖੇਤਰ 'ਚ ਕੌਡੀਆਂ ਦੇ ਭਾਅ ਸਰਕਾਰੀ ਮਾਲਕੀ ਵਾਲੀ ਹੈਰੀਟੇਜ ਹਵੇਲੀ ਨਜ਼ਾਇਜ ਖਰੀਦੀ। ਮੁੱਖ ਮੰਤਰੀ ਅਸ਼ੋਕ ਗਲੋਹਤ ਅਨੁਸਾਰ ਆਈ. ਪੀ. ਐਲ ਵਿਵਾਦ 'ਤੇ ਹੁਣ ਵਸੁੰਦਰਾ ਨੂੰ ਸਥਿਤੀ ਸਪੱਸ਼ਟੀ ਕਰਨੀ ਪਵੇਗੀ ਕਿਉਂਕਿ ਆਈ ਪੀ ਐੱਲ 'ਚ ਰਾਜਸਥਾਨ ਤੋਂ ਕਮਾਇਆ ਪੈਸੇ ਵੀ ਹੋਵੇਗਾ ਵਸੁੰਧਰਾ ਨੇ ਅੱਜ ਮੋਦੀ ਰਾਜਸਥਾਨ ਕ੍ਰਿਕਟ ਬੋਰਡ ਦਾ ਪ੍ਰਧਾਨ ਸਮੁੰਦਰਾਂ ਨੂੰ ਸਥਿਤੀ ਬਣਾਉਣ ਲਈ ਲੇ ਨਿਯਮ ਬਣਾਇਆ। ਘਪਲੇ ਨਾਲ ਜੁੜੀ ਜਾਂਚ ਦੇ ਸਿੱਟਿਆਂ 'ਤੇ ਨਜ਼ਰ ਰੱਖ ਕੇ ਸਰਕਾਰ ਇਸ 'ਤੇ ਪਾਬੰਦੀ ਬਾਰੇ ਸੋਚ ਸਕਦੀ ਹੈ।

# ਅਦਾਲਤਾਂ 'ਚ ਬੰਦੇ ਬਿਰਖ ਹੋ ਗਏ

ਜ਼ਰਾ ਇਹਨਾਂ ਕੇਸਾਂ 'ਤੇ ਨਜ਼ਰ ਮਾਰੀਏ ਧੋਖਾਧੜੀ ਅਤੇ ਡਰੱਗ ਐਕਟ ਦੀ ਉਲੰਘਣਾ ਦੇ ਮਾਮਲਿਆਂ 'ਚ ਉੱਤਰਪ੍ਰਦੇਸ਼ ਦੀ ਰਾਜ ਪੁਲਸ ਦੀ ਸੀ ਆਈ ਡੀ ਅਪਰਾਧ ਸ਼ਾਖਾ ਨੇ ਨੇ 1955-56 'ਚ ਦੋਸ਼ ਪੱਤਰ ਦਾਖਲ ਕੀਤਾ ਪਰ 50 ਸਾਲ ਲੰਘ ਜਾਣ ਬਾਅਦ ਵੀ ਫੈਸਲਾ ਨਹੀਂ ਹੋਇਆ। ਨਸ਼ੀਲੇ ਪਦਾਰਥ ਦੀ ਰੋਕਥਾਮ ਸਬੰਧੀ ਕਨੂੰਨ ਦੇ ਤਹਿਤ ਦਾਇਰ ਇਕ ਕੇਸ ਵਿਚ ਦੋਸ਼ੀਆਂ ਖਿਲਾਫ਼ ਚਲਾਨ 1987 'ਚ ਹੀ ਦਾਖਲ ਹੋਣ ਦੇ ਬਾਵਜੂਦ ਪੁਲਸ ਅੱਜ ਤੱਕ ਅਦਾਲਤ ਸਾਹਮਣੇ ਸਬੂਤ ਪੇਸ਼ ਨਹੀਂ ਕਰ ਸਕੀ ਹੈ, ਇਹ ਗੱਲ ਸਾਫ਼ ਹੋ ਗਈ ਹੈ ਇਕ ਲੰਮਾ ਅਰਸਾ ਬੀਤ ਜਾਣ ਪਿੱਛੋਂ ਵੀ ਨਿਆਂ ਨਹੀਂ ਹੋਇਆ। ਥੋੜ੍ਹਾ ਅੱਗੇ ਪੜ੍ਹੀਏ ਤਾਂ ਪਤਾ ਲੱਗੇਗਾ ਕਿ ਗੱਲ ਸਿਰਫ਼ ਸੀ ਆਈ ਡੀ ਜਾਂ ਵਿਜੀਲੈਂਸ ਵਿਭਾਗ ਦੀ ਹੀ ਨਹੀਂ ਹੈ, ਪੁਲਸ ਨੇ ਵੀ ਸੈਂਕੜੇ ਕੇਸ ਜਾਂਚ ਪੂਰੀ ਹੋਣ ਤੇ ਦੋਸ਼ੀਆਂ ਖਿਲਾਫ ਦੋਸ਼ ਪੱਤਰ ਦਾਖਲ ਹੋਣ ਦੇ ਬਾਵਜੂਦ ਦਹਾਕਿਆਂ ਤੋਂ ਲਮਕਾਈ ਜਾ ਰਹੇ ਹਨ। ਦੋਸ਼ੀ ਜਾਂ ਤਾਂ ਜਮਾਨਤ ਲੈਣ ਵਿੱਚ ਜਾਂ ਪੁਲਸ ਨੂੰ ਉਹਨਾਂ ਖਿਲਾਫ ਸਬੂਤ ਪੇਸ਼ ਨਾ ਕਰਨ ਦੇਣ 'ਚ ਸਫਲ ਰਹੇ ਹਨ ਜਾਂ ਉਹ ਇਹ ਇੰਤਜਾਮ ਕਰਨ 'ਚ ਸਫਲ ਰਹੇ ਹਨ ਕਿ ਸੰਮਨ ਉਹਨਾਂ ਤੱਕ ਨਾ ਪਹੁੰਚ ਸਕਣ। ਬਰੇਲੀ 'ਚ ਸੀ. ਆਈ. ਡੀ. ਦੀ ਅਪਰਾਘ ਸ਼ਾਖਾ ਨੂੰ 18 ਮਾਰਚ 1974 ਨੂੰ ਸਾਧਨ ਸਰਕਾਰੀ ਸੰਮਤੀ ਆਦਿਲਪੁਰ ਬਰੇਲੀ ਵਿੱਚ ਵਿੱਤੀ ਬੇਨਿਯਮੀਆ ਦੀ ਸ਼ਿਕਾਇਤ ਮਿਲੀ ਸੀ। ਸੀ. ਆਈ. ਡੀ. ਨੇ ਦੋਸ਼ੀਆਂ ਖਿਲਾਫ਼ ਦੋਸ਼ ਪੱਤਰ ਦਾਖਲ ਕੀਤਾ ਅਤੇ 28 ਅਪ੍ਰੈਲ 1975 ਨੂੰ ਆਪਣੀ ਰਿਪੋਰਟ ਅਦਾਲਤ ਨੂੰ ਸੌਂਪ ਦਿੱਤੀ ਪਰ ਦੋਸ਼ੀਆਂ ਨੂੰ ਅੱਜ ਤੱਕ ਅਦਾਲਤ 'ਚ ਪੇਸ਼ ਨਹੀਂ ਕੀਤਾ ਗਿਆ। ਸ਼ਿਕਾਇਤ-ਕਰਤਾ ਦੀ ਮੌਤ ਹੋ ਚੁੱਕੀ ਹੈ। ਦੋਸ਼ੀਆਂ ਦੀ ਉਪਰ 70 ਸਾਲ ਤੋਂ ਵੱਧ ਹੈ ਅਤੇ ਉਹ ਨੌਂਕਰੀਆਂ ਤੋਂ ਸੇਵਾ ਮੁਕਤ ਹੋ ਚੁੱਕੇ ਹਨ। ਇਹ ਦੇਖਣਾ ਅਦਾਲਤ ਦਾ ਕੰਮ ਹੈ ਕਿ ਪਿਛਲੇ 35 ਸਾਲਾਂ 'ਚ ਦੋਸ਼ੀਆਂ ਨੂੰ ਪੇਸ਼ ਕਿਉਂ ਨਹੀਂ ਕੀਤਾ ਗਿਆ। ਸੀ. ਆਈ. ਡੀ. ਵਾਲੇ ਕੀ ਕਰ ਰਹੇ ਸਨ ਇਹ ਤਾਂ ਸਾਫ਼ ਹੀ ਹੈ। ਇਸ ਤਰ੍ਹਾਂ ਇਕ ਹੋਰ ਕੇਸ ਵਿੱਚ ਆਈ. ਟੀ. ਆਈ. ਨੈਨੀ, ਇਲਾਹਾਬਾਦ ਦੇ ਸਹਾਇਕ ਲੇਖਾਪਾਲ ਜੇ. ਕੇ. ਖੰਨਾ ਖਿਲਾਫ਼ 30 ਸਾਲਾਂ ਤੋਂ ਵੀ ਵੱਧ ਦੇ ਅਰਸੇ 'ਚ ਦੋਸ਼ੀ ਨੂੰ ਇਕ ਵਾਰੀ ਵੀ ਅਦਾਲਤ ਦੇ ਸਾਹਮਣੇ ਪੇਸ਼ ਨਹੀਂ ਕੀਤਾ ਗਿਆ। ਸੀ. ਆਈ. ਡੀ. ਵਾਲੇ ਤਾਂ ਹੁਣ ਜਾਣਦੇ ਵੀ ਨਹੀਂ ਕਿ ਉਹ ਕਿੱਥੇ ਹੈ। ਕੇਸ ਚਾਹੇ ਜੋ ਵੀ ਹੋਵੇ ਚਾਹੇ ਅਦਾਲਤਾਂ ਦੀ ਲਾਪ੍ਰਵਾਹੀ ਜਾਂ ਦੋਸ਼ੀਆਂ ਨਾਲ ਪੁਲਸ ਦੀ ਮਿਲੀ ਭੁਗਤ ਦਾ ਸਿੱਟਾ ਇਹੀ ਹੈ ਕਿ ਪੀੜ੍ਹਤ ਪੱਖ ਅਤੇ ਸ਼ਿਕਾਇਤ ਕਰਤਾਂ ਨੂੰ ਉਹਨਾਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਜਾਂਦੈ ਅਤੇ ਬਹੁਤੇ ਕੇਸਾਂ 'ਚ ਨਿਆਂ ਹੁੰਦਾ ਹੀ ਨਹੀਂ, ਰੋਚਕ ਤੱਥ ਇਹ ਹੈ ਕਿ ਬਕਾਇਆ ਕੇਸਾਂ ਵਿੱਚ ਦੀ ਸਮੀਖਿਆ ਪੁਲਸ ਵਿਭਾਗ ਤੇ ਅਦਾਲਤਾਂ ਵਿੱਚ ਨਿਯਮ ਤੌਰ 'ਤੇ ਹੁੰਦੀ ਹੈ ਪਰ ਅੰਤ 'ਚ ਸਿੱਟਾ ਉਹੀ ਹੁੰਦਾ ਹੈ ਨਾ ਤਾਂ ਕੋਈ ਕਾਰਵਾਈ ਕੀਤੀ ਜਾਂਦੀ ਹੈ ਅਤੇ ਨਾ ਹੀ ਗ੍ਰਹਿ ਵਿਭਾਗ ਕੋਈ ਜ਼ਿੰਮੇਵਾਰੀ ਤਹਿ ਕਰਦਾ ਹੈ। ਇਹੀ ਨਹੀਂ ਲਮਕਦੇ ਕੇਸਾਂ ਦੇ ਨਿਪਟਾਰੇ ਲਈ ਜ਼ਰੂਰੀ ਕੇਸਾਂ ਦੀ ਜਾਂਚ ਲਈ ਅਧੁਨਿਕ ਤਰੀਕਿਆਂ ਨੂੰ ਅਪਨਾਉਣ ਅਤੇ ਨਵੀਂ ਤਕਨੀਕ ਦੀ ਵਰਤੋਂ ਦੀ ਹੈ, ਉਦਾਹਰਣ ਵਜੋਂ ਦੇਸ਼ ਦੇ ਸਰਕਾਰੀ ਦਫ਼ਤਰਾਂ 'ਚ ਕਮਪਿਊਟਰ ਦੀ ਵਰਤੋਂ ਹੁੰਦਿਆਂ ਇਕ ਅਰਸਾ ਬੀਤ ਚੁੱਕਿਆ ਹੈ ਪਰ ਅਦਾਲਤਾਂ ਹੁਣ ਵੀ ਮਹਿਰੂਮ ਹਨ।

ਅਦਾਲਤ ਦਾ ਮੁਨਸ਼ੀ ਅੱਜ ਵੀ ਦੋਸ਼ ਪੱਤਰ ਦੀ ਕਾਪੀ ਹੱਥ ਨਾਲ ਤਿਆਰ ਕਰਦਾ ਹੈ। ਇਸ ਵਿੱਚ ਕਾਫ਼ੀ ਸਮਾਂ ਬਰਬਾਦ ਹੁੰਦਾ ਹੈ। ਬਹੁਤੇ ਕੇਸਾਂ ਵਿੱਚ ਦੋਸ਼ੀ ਪੱਤਰ ਦੀ ਕਾਪੀ ਲੈਣ ਤੋਂ ਬਚਦੇ ਹਨ ਜਿਸ ਦੇ ਬਿਨ੍ਹਾਂ ਅਦਾਲਤ 'ਚ ਸੁਣਵਾਈ ਸ਼ੁਰੂ ਹੀ ਨਹੀਂ ਹੋ ਸਕਦੀ ਹੈ। ਇਸ ਨਾਲ ਮੁਕੱਦਮਾ ਬੇਲੋੜ੍ਹਾ ਲਮਕ ਜਾਂਦਾ ਹੈ। ਇਸ ਸਾਲ ਮਾਰਚ ਦੇ ਅੰਤ ਤੱਕ 1595604 ਕੇਸ ਹੇਠਲੀਆਂ ਅਦਾਲਤਾਂ ਅਤੇ 112692 ਕੇਸ ਉੱਪਰਲੀਆਂ ਅਦਾਲਤਾਂ 'ਚ ਲਮਕ ਰਹੇ ਸਨ, ਇਹ ਸੱਚ ਹੈ ਕਿ ਕੁਝ ਛੋਟੇ ਕੇਸ ਅਤੇ ਫੁਟਕਲ ਵਿਵਾਦ ਵੀ ਲਮਕਦੇ ਕੇਸਾਂ ਦੀ ਗਿਣਤੀ 'ਚ ਵਾਧਾ ਕਰਦੇ ਹਨ ਉਦਾਹਰਣ ਵਜੋਂ ਅਨਸੂਚਿਤ ਜਾਤੀ/ਅਨਸੂਚਿਤ ਜਨਜਾਤੀ ਅਤਿਆਚਾਰ ਨਿਰੋਧਕ ਕਨੂੰਨ ਤਹਿਤ ਔਸਤ 400 ਕੇਸ ਹਰ ਮਹੀਨੇ ਪੁਲਸ 'ਚ ਦਰਜ ਕਰਵਾਏ ਜਾਂਦੇ ਹਨ। ਜ਼ਿਲ੍ਹਾ ਪੱਧਰ 'ਤੇ ਇਕ ਗਰੋਹ ਵਰਗੀ ਚੀਜ਼ ਕੰਮ ਕਰਦੀ ਹੈ, ਜਿਸ ਵਿੱਚ ਵਿੱਤੀ ਮੁਆਵਜ਼ੇ ਦੀ ਰਕਮ ਨੂੰ ਪੀੜ੍ਹਤ, ਸ਼ਿਕਾਇਤ ਕਰਤਾ ਅਦਾਲਤ ਤੇ ਸਮਾਜ ਕਲਿਆਣ ਵਿਭਾਗ 'ਚ ਮਾਮਲੇ ਦੀ ਦੇਖ-ਰੇਖ ਕਰਨ ਵਾਲੇ ਵਿਚਕਾਰ ਇਕੋ ਜਿਹਾ ਵੰਡ ਲਿਆ ਜਾਂਦਾ ਹੈ। ਅਜਿਹੇ ਫਰਜ਼ੀ ਕੇਸ ਨਾ ਸਿਰਫ ਅਪਰਾਧ ਦੇ ਅੰਕੜਿਆਂ 'ਚ ਵਾਧਾ ਕਰਦੇ ਹਨ ਬਲਕਿ ਲਟਕਦੇ ਕੇਸਾਂ ਦੀ ਗਿਣਤੀ ਵੀ ਕਾਫ਼ੀ ਵਧਾ ਦਿੰਦੇ ਹਨ ਕਿਉਂਕਿ ਇਕ ਵਾਰੀ ਮੁਆਵਜ਼ਾ ਮਿਲ ਜਾਣ ਪਿੱਛੋਂ ਸ਼ਿਕਾਇਤ ਕਰਤਾ ਨੂੰ ਮਾਮਲੇ 'ਤੇ ਅੱਗੇ ਕਾਰਵਾਈ 'ਚ ਸ਼ਾਇਦ ਹੀ ਕੋਈ ਰੁਚੀ ਬਚਦੀ ਹੋਵੇ ਅਤੇ ਉਹ ਕੇਸ ਦੇ ਨਿਪਟਾਰੇ ਦੀ ਦਿਸ਼ਾ ਵਿੱਚ ਅੱਗੇ ਨਹੀਂ ਵਧਦਾ। ਹੇਠਲੀਆਂ ਅਦਾਲਤਾਂ ਤੇ ਹਾਈਕੋਰਟ ਵਿੱਚ ਕੇਸਾਂ ਦੇ ਲੱਗਦੇ ਢੇਰਾਂ ਦਾ ਕਾਰਨ ਲਮਕਦੇ ਕੇਸਾਂ 'ਚ ਇਕ ਕੰਮਜ਼ੋਰ ਕੜ੍ਹੀ ਗਵਾਹਾਂ ਦੀ ਪੇਸ਼ੀ 'ਚ ਸੁਸਤੀ ਵੀ ਹੈ। ਪਹਿਲੀ ਸ਼੍ਰੇਣੀ ਦੀ ਸੇਵਾ ਕਰਨ ਵਾਲੇ ਗਵਾਹ ਨੂੰ ਪੇਸ਼ ਹੋਣ ਦੇਣ ਦੇ ਲਈ ਪੂਰੇ ਦਿਨ ਬਦਲੇ 15 ਰੁਪਏ ਦੀ ਮਾਮੂਲੀ ਜਿਹੀ ਰਕਮ ਮਿਲਦੀ ਹੈ ਅਤੇ ਦੂਜੀ ਸ਼੍ਰੇਣੀ ਦੇ ਕਰਮਚਾਰੀ ਨੂੰ ਸਿਰਫ 10 ਰੁਪਏ ਮਿਲਦੇ ਹਨ ਉਹ ਵੀ ਉਦੋਂ ਜਦ ਜ਼ਿਲ੍ਹਾ ਜੱਜ ਦਫ਼ਤਰ ਅਤੇ ਅਦਾਲਤਾਂ ਦੇ ਚੱਕਰ ਕੱਟ ਕੇ ਉਹ ਥੱਕ ਜਾਂਦਾ ਹੈ। ਰਾਜ 'ਚ ਗਵਾਹਾਂ ਦੀ ਰਾਖੀ ਲਈ ਕੋਈ ਪ੍ਰੋਗ੍ਰਾਮ ਨਾ ਹੋਣ ਜਾਂ ਗਵਾਹ ਪਹਿਚਾਣ ਪ੍ਰੋਗ੍ਰਾਮ ਨਾ ਹੋਣ ਅਤੇ ਗਵਾਹ ਨੂੰ ਅਜਿਹੀ ਮਜ਼ਾਕੀਆ ਤੇ ਮਾਮੂਲੀ ਰਕਮ ਦਿੱਤੇ ਜਾਣ ਨਾਲ ਪੁਲਸ ਅਧਿਕਾਰੀਆਂ ਮੂਹਰੇ ਗਵਾਹ ਪੇਸ਼ ਕਰਨ ਵਿੱਚ ਭਾਰੀ ਸਮੱਸਿਆ ਆਉਂਦੀ ਹੈ। ਰਾਜ ਸਰਕਾਰ ਨੇ 1992 'ਚ ਇਕ ਹੁਕਮ ਜਾਰੀ ਕੀਤਾ ਸੀ ਜਿਸ ਵਿੱਚ ਦੋਨੋਂ ਸ਼੍ਰੇਣੀਆਂ ਦੇ ਗਵਾਹਾਂ ਨੂੰ ਪ੍ਰਭਾਸ਼ਿਤ ਕੀਤਾ ਗਿਆ ਸੀ ਅਤੇ ਸਰਕਾਰ ਵਲੋਂ ਪੇਸ਼ ਹੋਣ 'ਤੇ ਉਹਨਾਂ ਨੂੰ ਦਿੱਤੀ ਜਾਣ ਵਾਲੀ ਮਾਮੂਲੀ ਜਿਹੀ ਰਕਮ ਦਾ ਜ਼ਿਕਰ ਕੀਤਾ ਗਿਆ ਸੀ ਪਰ ਇਹ ਰਕਮ ਫਿਰ ਵੀ ਵਧਾਈ ਤਾਂ ਨਹੀਂ ਗਈ ਹੈ। ਇਹੀ ਨਹੀਂ ਛੋਟੇ ਕੇਸਾਂ 'ਚ ਇਉਂ ਹੀ ਹੁੰਦਾ ਹੈ। ਵੱਡੇ ਤੇ ਸੰਵੇਦਨਸ਼ੀਲ ਮਾਮਲੇ ਵੀ ਨਿਆਂ ਬਾਝੋਂ ਦਫਨ ਹੋ ਜਾਂਦੇ ਹਨ। ਪੀ. ਏ. ਸੀ ਦੇ ਜਵਾਨਾਂ ਵਲੋਂ 1973 'ਚ ਕੀਤੀ ਬਗਾਵਤ ਦਾ ਕੇਸ 37 ਸਾਲਾਂ ਬਾਅਦ ਵੀ ਲਟਕ ਰਿਹਾ ਹੈ, ਜਵਾਨ ਜੋ ਲੱਚਰ ਸੇਵਾ ਸ਼ਰਤਾਂ ਘੱਟ ਤਨਖਾਹ ਤੇ ਤਣਾਅਪੂਰਨ ਡਿਊਟੀ ਦੀਆਂ ਸ਼ਿਕਾਇਤਾਂ ਕਰਦੇ ਰਹੇ ਸਨ ਉਹਨਾਂ ਦੀ ਸੁਣਵਾਈ ਨਹੀਂ ਹੋਈ। ਬਗਾਵਤ 'ਚ 350 ਜਵਾਨ ਫੜ੍ਹੇ ਗਏ, 34 ਮਾਰੇ ਗਏ। ਬਗਾਵਤ ਤਾਂ ਦਬ ਗਈ ਪਰ ਕੇਸ ਅਜੇ ਵੀ ਲਮਕ ਰਿਹਾ ਹੈ। ਸਰਕਾਰ ਜ਼ਰਾ ਵੀ ਫਿਕਰਮੰਦ ਨਹੀਂ। ਅਪਰਾਧਿਕ ਨਿਆਂ ਪ੍ਰਣਾਲੀ ਬੇਕਾਰ ਹੋ ਗਈ ਹੈ।

# ਕੀ ਹੈ ਮਜ਼ਦੂਰ ਜਮਾਤ ਦਾ ਸਭਿਆਚਾਰ?

ਕੁਝ ਲੋਕਾਂ ਨੂੰ ਲੇਖ ਦੇ ਸਿਰਲੇਖ 'ਤੇ ਹੀ ਇਤਰਾਜ਼ ਹੋ ਸਕਦੈ ਕਿ ਕੀ ਮਜ਼ਦੂਰ ਜਮਾਤ ਦਾ ਸਭਿਆਚਾਰ ਵਰਗੀ ਕੋਈ ਚੀਜ਼ ਹੁੰਦੀ ਹੈ। ਇਹ ਕਿਸੇ ਜਮਾਤ ਦੀ ਨਹੀਂ ਬਲਕਿ ਸਭ ਮਨੁੱਖਾਂ ਦਾ ਸਭਿਆਚਾਰ ਹੁੰਦਾ ਹੈ। ਇਹ ਮਨੁੱਖੀ ਸਮਾਜ ਦਾ ਸਾਂਝਾ ਸਭਿਆਚਾਰ ਹੁੰਦਾ ਹੈ। ਅਜਿਹੀ ਵੰਡ ਕਰਨਾ ਹੀ ਗਲਤ ਹੈ। ਉਸ ਦਾ ਕੋਈ ਜਮਾਤੀ ਸਭਿਆਚਾਰ ਨਹੀਂ ਹੁੰਦਾ ਹੈ। ਸਾਨੂੰ ਕਿਸੇ ਜਮਾਤ-ਤਬਕੇ ਦੇ ਸਭਿਆਚਾਰ ਦੀ ਬਜਾਏ ਮਨੁੱਖੀ ਸਭਿਆਚਾਰ ਦੀ ਗੱਲ ਕਰਨੀ ਚਾਹੀਦੀ ਹੈ। ਅਜਿਹੇ ਕੁਝ ਲੋਕਾਂ ਨੂੰ ਛੱਡ ਦਿੱਤਾ ਜਾਵੇ ਤਾਂ ਬਹੁਤੇ ਮੰਨਣਗੇ ਕਿ ਸਭਿਆਚਾਰ ਵੱਖ-ਵੱਖ ਤਰ੍ਹਾਂ ਦਾ ਹੁੰਦਾ ਹੈ। ਸਮਾਜ ਦੀ ਧਨੀ ਹਾਕਮ ਜਮਾਤ ਦਾ ਸਭਿਆਚਾਰ ਇਕ ਹੁੰਦਾ ਹੈ, ਕਿਸਾਨਾਂ ਦਾ ਦੂਜੀ ਤਰ੍ਹਾਂ ਦਾ, ਆਦੀਵਾਸੀਆਂ ਦਾ ਤੀਜੀ ਕਿਸਮ ਦਾ ਅਤੇ ਮਜ਼ਦੂਰ ਵਰਗ ਦਾ ਚੌਥੀ ਕਿਸਮ ਦਾ। ਯਾਨੀ ਵੱਖ-ਵੱਖ ਜਮਾਤਾਂ ਤਬਕਿਆਂ ਦਾ ਸਭਿਆਚਾਰ ਵੱਖ-ਵੱਖ ਕਿਸਮ ਦਾ ਹੁੰਦਾ ਹੈ। ਅਮੀਰ ਜਮਾਤ ਹੱਥ ਨਾਲ ਕੰਮ ਕਰਨ ਵਾਲਿਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੀ ਹੈ। ਉਹਨਾਂ ਨੂੰ ਅਸਭਿਅਕ, ਗੰਵਾਰ, ਹੀਣ ਤੇ ਮੂਰਖ ਸਮਝਦੀ ਹੈ। ਉਹ ਉਹਨਾਂ ਨੂੰ ਉਹਨਾਂ ਦੇ ਨਾਂ ਨਾਲ ਬੁਲਾਉਣ ਦੀ ਬਜਾਏ ਉਹਨਾਂ ਦੇ ਕੰਮ ਦੇ ਆਧਾਰ 'ਤੇ ਬੁਲਾਉਂਦੇ ਹਨ। ਉਹ ਵੀ ਆਮ ਸ਼ਿਸ਼ਟਾਚਾਰ ਨੂੰ ਧਿਆਨ 'ਚ ਰੱਖ ਕੇ ਡ੍ਰਾਈਵਰ, ਮਾਲੀ ਵਰਗੇ ਸੰਬੋਧਨ ਆਮ ਹੁੰਦੇ ਹਨ। ਇਥੇ ਇਕ ਮਨੁੱਖ ਦੀ ਪੂਰੀ ਜ਼ਿੰਦਗੀ ਉਸ ਦਾ ਪੂਰਾ ਵਿਅਕਤਿਤਵ, ਉਸ ਦੀਆਂ ਵੱਖ-ਵੱਖ ਖੂਬੀਆਂ ਉਸ ਦੇ ਕੰਮ ਜਿਨ੍ਹਾਂ ਨੂੰ ਅਮੀਰ ਜਮਾਤ ਨੀਵਾਂ ਸਮਝਦੀ ਹੈ ਦੇ ਦੁਆਲੇ ਸਿਮਟ ਜਾਂਦੇ ਹਨ। ਇਸ ਦੇ ਉਲਟ ਮਜ਼ਦੂਰ ਕਿਸਾਨ ਜਿਨ੍ਹਾਂ ਦੀ ਜ਼ਿੰਦਗੀ ਦਾ ਹਰ ਪਲ, ਮਿਹਨਤ ਦੇ ਦੁਆਲੇ ਹੁੰਦਾ ਹੈ, ਦਾ ਸਭਿਆਚਾਰ ਵੱਖਰੀ ਪ੍ਰਕਿਰਤੀ ਦਾ ਹੁੰਦਾ ਹੈ। ਕਿਰਤ ਉਹਨਾਂ ਦੇ ਜੀਵਨ ਦਾ ਆਧਾਰ ਹੁੰਦਾ ਹੈ। ਸਰਮਾਏਦਾਰ ਜਮਾਤ ਦਾ ਆਧਾਰ ਨਿੱਜੀ ਜਾਇਦਾਦ ਅਤੇ ਉਸ ਦੇ ਆਧਾਰ 'ਤੇ ਬੇਰਹਿਮ ਲੁੱਟ ਹੁੰਦਾ ਹੈ। ਮਜ਼ਦੂਰ ਜਮਾਤ ਕੋਲ ਅਜਿਹੀ ਕੋਈ ਨਿੱਜੀ ਜਾਇਦਾਦ ਨਹੀਂ ਹੁੰਦੀ ਜਿਸ ਦੇ ਆਧਾਰ 'ਤੇ ਉਹ ਕਿਸੇ ਹੋਰ ਦੀ ਲੁੱਟ ਕਰ ਸਕੇ। ਜਿੱਥੇ ਸਰਮਾਏਦਾਰੀ ਜਮਾਤ ਲੁਟੇਰੀ ਹੁੰਦੀ ਹੈ ਉਥੇ ਮਜ਼ਦੂਰ ਜਮਾਤ ਲੁੱਟੀ ਜਾਣ ਵਾਲੀ ਹੁੰਦੀ ਹੈ। ਕਿਸਾਨਾਂ ਤੇ ਆਦੀਵਾਸੀਆਂ ਦਾ ਸਭਿਆਚਾਰ ਵੀ ਇਸ ਤਰ੍ਹਾਂ ਨਾਲ ਉਸ ਸਭਿਆਚਾਰ ਤੋਂ ਵੱਖਰਾ ਹੁੰਦਾ ਹੈ ਜਿਸ ਨੂੰ ਸਾਡੇ ਜਮਾਤ ਦੀ ਹਾਕਮ ਜਮਾਤ ਫੈਲਾਅ ਰਹੀ ਹੁੰਦੀ ਹੈ। ਉਸ 'ਚ ਅਨੇਕਾਂ ਅਜਿਹੀਆਂ ਗੱਲਾਂ ਹੁੰਦੀਆਂ ਹਨ ਜੋ ਹਾਕਮ ਜਮਾਤ ਦੇ ਸਭਿਆਚਾਰ 'ਚ ਨਹੀਂ ਹੋ ਸਕਦੀਆਂ ਹਨ। ਕਿਸਾਨਾਂ ਆਦੀਵਾਸੀਆਂ ਦੇ ਗੀਤਾਂ ਨਾਚਾਂ, 'ਚ ਆਮ ਤੌਰ 'ਤੇ ਪੈਦਾਵਾਰ ਦੀਆਂ ਸਰਗਰਮੀਆਂ ਦੀ ਛਾਪ ਹੁੰਦੀ ਹੈ। ਸਰਲਤਾ, ਸਹਿਜਤਾ, ਸਮੂਹਿਕਤਾ ਵਰਗੇ ਮੁੱਲਾਂ ਨੂੰ ਇਹਨਾਂ ਨ੍ਰਿਤਾਂ-ਗੀਤਾਂ ਵਿਚ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਸਭਿਆਚਾਰ ਦਾ ਕਿਰਦਾਰ ਇਸ ਤਰ੍ਹਾਂ ਇਸ ਗੱਲ ਨਾਲ ਤਹਿ ਹੁੰਦਾ ਹੈ ਕਿ ਕਿਸੇ ਵਰਗ ਦਾ ਸਮਾਜ ਦੀ ਸਭ ਤੋਂ ਬੁਨਿਆਦੀ ਕਾਰਵਾਈ ਪੈਦਾਵਾਰ ਨਾਲ ਕੀ ਲੈਣ ਦੇਣ ਹੈ। ਉਹ ਪੈਦਾਵਾਰ ਦੀ ਕਾਰਵਾਈ 'ਚ ਹਿੱਸਾ ਲੈਂਦਾ ਹੈ ਕਿ ਜਾਂ ਦੂਜਿਆਂ ਤੋਂ ਪੈਦਾਵਾਰ ਕਰਵਾਉਂਦਾ ਹੈ। ਉਹ ਆਪਣੀ

ਮਿਹਨਤ 'ਤੇ ਜਿਉਂਦਾ ਹੈ ਜਾਂ ਉਹ ਦੂਜਿਆਂ ਦੀ ਮਿਹਨਤ ਨੂੰ ਹੜੱਪ ਕਰਕੇ ਜਿਉਂਦਾ ਹੈ। ਉਹ ਫੈਕਟਰੀ ਦਾ ਮਾਲਕ ਹੈ ਜਾਂ ਫੈਕਟਰੀ 'ਚ ਕੰਮ ਕਰਨ ਵਾਲਾ ਮਜ਼ਦੂਰ ਹੈ। ਉਹ ਖੇਤ ਦਾ ਮਾਲਕ ਹੈ ਜਾਂ ਉਹ ਦੂਜਿਆਂ ਦੇ ਖੇਤਾਂ 'ਚ ਕੰਮ ਕਰਨ ਵਾਲਾ ਮਜ਼ਦੂਰ ਹੈ। ਉਹ ਖੁਦ ਜਾਲ ਲੈ ਕੇ ਸਮੁੰਦਰ 'ਚ ਮੱਛੀਆਂ ਫੜਨ ਵਾਲਾ ਮਛੇਰਾ ਹੈ ਜਾਂ ਸਮੁੰਦਰ 'ਚ ਜਹਾਜ਼ਾਂ ਦੇ ਰਾਹੀਂ ਮੱਛੀ ਫੜਨ ਵਾਲੀ ਕਿਸੇ ਕੰਪਨੀ ਦਾ ਮਜ਼ਦੂਰ, ਯਾਨੀ ਪੈਦਾਵਾਰ ਦੀ ਸਰਗਰਮੀ ਨਾਲ ਉਸ ਦਾ ਕੀ ਸਬੰਧ ਹੈ? ਉਹ ਪੈਦਾਵਾਰ ਦੇ ਸਾਧਨਾਂ ਫੈਕਟਰੀ, ਕਲ-ਕਾਰਖਾਨਿਆ ਖੇਤ ਆਦਿ ਦਾ ਮਾਲਕ ਹੈ ਜਾਂ ਉਥੇ ਕੰਮ ਕਰਨ ਵਾਲੇ ਮਜ਼ਦੂਰ? ਇਹ ਸਰਮਾਏਦਾਰੀ ਜਮਾਤ ਦਾ ਮੈਂਬਰ ਕਿ ਮਜ਼ਦੂਰ ਜਮਾਤ ਦਾ? ਸਰਮਾਏਦਾਰੀ ਜਮਾਤ ਤੇ ਮਜ਼ਦੂਰ ਜਮਾਤ ਤੋਂ ਇਲਾਵਾ ਸਾਡੇ ਜਮਾਤ ਦੀਆਂ ਹੋਰ ਜਮਾਤਾਂ ਯਾਨੀ ਕਿਸਾਨ, ਦਸਤਕਾਰ, ਬੁੱਧੀਜੀਵੀ ਜਮਾਤ, ਛੋਟੇ ਦੁਕਾਨਦਾਰਾਂ ਦੀ ਹਾਲਤ ਸਰਮਾਏਦਾਰ ਤੇ ਮਜ਼ਦੂਰ ਜਮਾਤਾਂ ਤੋਂ ਵੱਖਰੀ ਹੁੰਦੀ ਹੈ। ਇਹ ਨਾ ਤਾਂ ਸਰਮਾਏਦਾਰਾਂ ਵਾਂਗੂੰ ਦੂਜਿਆਂ ਦੀ ਲੁੱਟ 'ਤੇ ਜਿਉਂਦੇ ਹਨ ਅਤੇ ਨਾ ਹੀ ਮਜ਼ਦੂਰ ਵਰਗ ਵਾਂਗੂੰ ਪੈਦਾਵਾਰ ਦੇ ਸਾਧਨਾਂ ਤੋਂ ਬਿਲਕੁਲ ਹੀ ਵੰਚਿਤ ਹੁੰਦੇ ਹਨ। ਉਹਨਾਂ ਕੋਲ ਜ਼ਮੀਨ ਦਾ ਟੁਕੜਾ ਜਾਂ ਅਜਿਹੇ ਕੁਝ ਪੈਦਾਵਾਰ ਦੇ ਸਾਧਨ ਹੁੰਦੇ ਹਨ ਜਿਸ 'ਤੇ ਉਹ ਆਪਣੀ ਮਿਹਨਤ ਨਾਲ ਕੰਮ ਕਰਕੇ ਆਪਣੀ ਰੋਟੀ ਰੋਜ਼ੀ ਕਮਾਉਂਦੇ ਹਨ। ਕਿਸਾਨ ਤੇ ਹੋਰ ਛੋਟੇ ਪੈਮਾਨੇ ਦੀ ਪੈਦਾਵਾਰ ਆਪਣੀ ਮਿਹਨਤ ਨਾਲ ਕਰਨ ਵਾਲੀਆਂ ਜਮਾਤਾਂ ਦਾ ਸਰਮਾਏਦਾਰ ਜਾਂ ਹਾਕਮ ਜਮਾਤ ਨਾਲ ਰਿਸ਼ਤਾ ਲੁਟੇਰਿਆਂ ਤੇ ਲੁੱਟੇ ਜਾਣ ਵਾਲਿਆਂ ਦਾ ਹੁੰਦਾ ਹੈ। ਛੋਟੇ ਦੁਕਾਨਦਾਰਾਂ ਦੀ ਸਥਿਤੀ ਵੀ ਛੋਟੇ ਤੇ ਦਰਮਿਆਨੇ ਕਿਸਾਨਾਂ ਵਰਗੀ ਹੁੰਦੀ ਹੈ। ਬੁੱਧੀਜੀਵੀ ਵਰਗ ਦਾ ਆਮ ਹਿੱਸਾ ਵੀ ਮਿਹਨਤਕਸ਼ਾਂ ਵਾਂਗੂੰ ਹੀ ਹੁੰਦਾ ਹੈ। ਹਾਲਾਂਕਿ ਇਸ ਦਾ ਇਕ ਖਾਸ ਹਿੱਸਾ ਜੋ ਕਿ ਇਸ ਦਾ ਉਪਰੀ ਹਿੱਸਾ ਹੁੰਦਾ ਹੈ। ਸਰਮਾਏਦਾਰਾਂ ਜਮਾਤ ਦੇ ਮੈਂਬਰਾਂ ਵਾਂਗੂੰ ਜ਼ਿੰਦਗੀ ਜਿਉਂਦਾ ਹੈ ਅਤੇ ਇਸ ਜਮਾਤ ਦੇ ਮੈਂਬਰਾਂ ਵਾਂਗੂੰ ਹੀ ਵਿਹਾਰ ਕਰਦਾ ਹੈ। ਇਸ ਤਰ੍ਹਾਂ ਨਾਲ ਅਸੀਂ ਵੇਖੀਏ ਤਾਂ ਹਰ ਜਮਾਤ ਦੇ ਰਹਿਣ ਸਹਿਣ, ਖਾਣ-ਪੀਣ, ਸਿੱਖਿਆ-ਦਿਸ਼ਾ, ਅਹਾਰ-ਵਿਹਾਰ, ਵਿਚਾਰ-ਧਾਰਣਾ ਮਨੋਰੰਜਨ ਛੁੱਟੀ ਮਨਾਉਣ ਦੇ ਤਰੀਕੇ ਆਦਿ ਵੱਖ-ਵੱਖ ਹੁੰਦੇ ਹਨ। ਇਹ ਸਭ ਮਿਲ ਕੇ ਹੀ ਸਭਿਆਚਾਰ ਦੀ ਉਸਾਰੀ ਕਰਦੇ ਹਨ। ਮਜ਼ਦੂਰ ਜਮਾਤ ਦਾ ਰਹਿਣ-ਸਹਿਣ, ਖਾਣ-ਪਹਿਨਣ ਪੂੰਜੀਪਤੀ ਵਰਗ ਤੋਂ ਵੱਖਰਾ ਹੁੰਦਾ ਹੈ ਪੂੰਜੀਪਤੀ ਜਮਾਤ ਨੂੰ ਛੁੱਟੀਆਂ-ਮਨੋਰੰਜਨ ਦੇ ਵਧੀਆ ਸਾਧਨ ਮੁਹੱਈਆ ਹੁੰਦੇ ਹਨ ਜਦ ਕਿ ਮਜ਼ਦੂਰ ਜਮਾਤ ਨੂੰ ਛੁੱਟੀ ਤਾਂ ਆਸਾਨੀ ਨਾਲ ਮਿਲਦੀ ਹੀ ਨਹੀਂ ਹੈ ਅਤੇ ਮਨੋਰੰਜਨ ਦੇ ਨਾਂ 'ਤੇ ਬੇਹੱਦ ਘਟੀਆ ਸਾਧਨ ਹੀ ਪੂੰਜੀਪਤੀਆਂ ਨੂੰ ਹਾਸਲ ਹੁੰਦੇ ਹਨ। ਕੁਲ ਮਿਲਾਕੇ ਇਹੋ ਸਥਿਤੀ ਸਮਾਜ ਦੇ ਹੋਰਾਂ ਮਿਹਨਤਕਸ਼ਾਂ ਦੀ ਹੁੰਦੀ ਹੈ। ਉਹ ਸਾਰੀਆਂ ਚੀਜ਼ਾਂ ਤੋਂ ਵਾਂਝੇ ਹੁੰਦੇ ਹਨ। ਪੂੰਜੀਪਤੀ ਸਮਾਜ 'ਚ ਕਿਉਂਕਿ ਸਮਾਜ ਦੇ ਪੈਦਾਵਾਰ ਦੇ ਸਾਧਨਾ 'ਤੇ ਸੁਰਮਾਏਦਾਰ ਜਮਾਤ ਦਾ ਕਬਜਾ ਹੁੰਦਾ ਹੈ ਅਤੇ ਉਹ ਸੁਭਾਵਿਕ ਤੌਰ 'ਤੇ ਇਸ ਸਥਿਤੀ 'ਚ ਹੁੰਦਾ ਹੈ ਕਿ ਉਸ ਦਾ ਸਭਿਆਚਾਰ ਸਮਾਜ 'ਚ ਪ੍ਰਭਾਵਸ਼ਾਲੀ ਸਥਿਤੀ ਹੋਵੇ। ਕਿਉਂਕਿ ਉਹ ਸਮਾਜ ਦੀ ਹਾਕਮ ਜਮਾਤ ਹੈ। ਇਸ ਲਈ ਉਸ ਦੇ ਸੱਭਿਆਚਾਰ ਦਾ ਦਾਬਾ ਚਾਰੋ ਪਾਸੇ ਹੁੰਦਾ ਹੈ। ਉਸ ਦੇ ਹਿੱਤਾਂ ਅਨੁਸਾਰ ਹੀ ਸਿੱਖਿਆ ਹੁੰਦਾ ਹੈ। ਉਸ ਦੇ ਹਿੱਤਾਂ ਦੀ ਹੀ ਮੀਡੀਆ ਤੇ ਮਨੋਰੰਜਨ ਦੇ ਸਾਧਨ ਬੇਹੱਦ ਸੂਖਮਤਾ ਤੇ ਦਇਆਨਤਦਾਰੀ ਨਾਲ

ਪੂਰਤੀ ਕਰਦੇ ਹਨ। ਸਿੱਖਿਆ ਪ੍ਰਣਾਲੀ ਤੋਂ ਲੈ ਕੇ ਮੀਡੀਆ, ਸਰਕਾਰ ਤੋਂ ਲੈ ਕੇ ਅਦਾਲਤ ਤੱਕ ਸਰਮਾਏਦਾਰ ਜਮਾਤ ਆਮ ਹਿੱਤਾਂ ਨੂੰ ਪੂਰੇ ਸਮਾਜ ਦੇ ਹਿੱਤ ਦੱਸ ਕੇ ਪ੍ਰਚਾਰ ਕਰਦੇ ਹਨ। ਇਸ ਤਰ੍ਹਾਂ ਸਰਮਾਏਦਾਰ ਜਮਾਤ ਦੇ ਸਭਿਆਚਾਰ ਨੂੰ ਇਹ ਸਾਧਾਰਨ ਸਮਾਜ ਕੀ ਆਮ ਸਥਿਤੀ ਦਾ ਦਰਜਾ ਦਿੰਦੇ ਹਨ। ਇਹ ਸਾਧਨ ਠੀਕ ਅਜਿਹਾ ਇਸ ਲਈ ਕਰਦੇ ਹਨ ਕਿ ਇਹਨਾਂ ਸਾਧਨਾਂ ’ਤੇ ਹੀ ਸਰਮਾਏਦਾਰ ਜਮਾਤ ਦਾ ਕਬਜ਼ਾ ਹੁੰਦਾ ਹੈ ਅਤੇ ਇਹਨਾਂ ਸਾਧਨਾਂ ’ਚ ਕੰਮ ਕਰਨ ਵਾਲੇ ਲੋਕ ਆਜ਼ਾਦ ਇੱਛਾ ਨਹੀਂ ਹੁੰਦੀ। ਟੈਲੀਵੀਜਨ ਦੇ ਕਿਸੇ ਪ੍ਰੋਗ੍ਰਾਮ ਜਾਂ ਸਮਾਚਾਰ ਬੁਲਾਰੇ ਨੇ ਉਹੀ ਬੋਲਣਾ ਹੁੰਦਾ ਹੈ ਜੋ ਉਸ ਤੋਂ ਬੁਲਾਇਆ ਜਾਂਦਾ ਹੈ। ਕਿਸੇ ਅਖ਼ਬਾਰ ਦਾ ਪੱਤਰਕਾਰ ਉਹੀ ਲਿਖਦਾ ਹੈ ਜੋ ਉਸ ਤੋਂ ਲਿਖਵਾਇਆ ਜਾਂਦਾ ਹੈ। ਜਾਂ ਉਸ ਦੇ ਉਲਟ ਜੇ ਉਹ ਜਿੰਦਾ ਰਹਿਣਾ ਚਾਹੁੰਦਾ ਹੈ, ਆਪਣੀ ਰੋਟੀ ਕਮਾਉਣਾ ਚਾਹੁੰਦਾ ਹੈ ਤਾਂ ਉਸ ਨੇ ਉਹੀ ਲਿਖਣਾ ਹੁੰਦਾ ਹੈ ਜੋ ਛਪਾ ਸਕੇ ਅਤੇ ਬਿਰਲਾ ਜੀ ਦੇ ਅਖਬਾਰ ’ਚ ਉਹ ਛਪੇਗਾ ਜੋ ਬਿਰਲਾ ਚਾਹੁੰਣਗੇ। ਬਿਰਲਾ ਜੀ ਉਹੀ ਛਾਪਣਗੇ ਜੋ ਬਾਜ਼ਾਰ ’ਚ ਵਿਕੇ ਅਤੇ ਉਹਨਾਂ ਦੀ ਨਿੱਜੀ ਜਾਇਦਾਦ ਵਿੱਚ ਇਸ ਤਰ੍ਹਾਂ ਸਰਮਾਏਦਾਰੀ ਜਮਾਤ ਦੇ ਸਭਿਆਚਾਰ ਦੇ ਕੇਂਦਰ ’ਚ ਹੁੰਦੇ ਹਨ ਨਿੱਜੀ ਜਾਇਦਾਦ ਅਤੇ ਮੁਨਾਫਾ। ਇਹ ਉਸ ਦੇ ਸਭਿਆਚਾਰ ਦਾ ਅਸਲੀ ਸਾਰ ਹੈ। ਸਭਿਆਚਾਰ ਹੋਣ ਦਾ ਅਰਥ ਹੈ ਨਿੱਜੀ ਜਾਇਦਾਦ ਦਾ ਮਾਲਕ ਹੋਣਾ ਜਿੰਨੀ ਵਧ ਜਾਇਦਾਦ, ਉਹਨਾਂ ਹੀ ਵੱਡਾ ਸਭਿਆਚਾਰ। ਜਿੰਨੀ ਵਿਸ਼ਾਲ ਜਾਇਦਾਦ ਉਨ੍ਹਾਂ ਹੀ ਵਿਸ਼ਾਲ ਵਿਅਕਤਿਤਵ ਜੇ ਪੈਸਾ ਨਹੀਂ ਹੈ ਤਾਂ ਪੂੰਜਪਤੀ ਸਮਾਜ ਵਿੱਚ ਤੁਹਾਡਾ ਕੋਈ ਵਿਅਕਤੀਤਵ ਨਹੀਂ ਹੈ। ਪੈਸਾ ਹੈ ਤਾਂ ਵਿਅਕਤੀਤਵ (ਪ੍ਰਸਨੈਲਟੀ) ਨਹੀਂ ਤਾਂ ‘ਠਨ-‘ਠਨ ਗੋਪਾਲ ਬੰਦਾ ਵਿਅਕਤਿਤਵ ਹੀਣ। ਵਿਅਕਤੀਤਵਹੀਣ ਵਿਅਕਤੀ ਦਾ ਵਿਅਕਤੀਤਵ ਤਾਂ ਹੀ ਬਣ ਸਕਦਾ ਹੈ ਜੇ ਉਹ ਪੈਸਾ ਕਮਾਵੇ। ਖੂਬਾ ਪੈਸਾ ਕਮਾਏ, ਇਸ ਲਈ ਸਮਾਜ ’ਚ ਹਰੇਕ ਬੰਦੇ ਦਾ ਟੀਚਾ ਪੈਸਾ ਕਮਾਉਣਾ ਬਣਾ ਦਿੱਤਾ ਜਾਂਦਾ ਹੈ। ਇਹ ਕੰਮ ਪੂਰਾ ਸਮਾਜ ਕਰਦਾ ਹੈ। ਬਚਪਨ ਤੋਂ ਹੀ ਇਹ ਉਸ ਦੇ ਸੰਸਕਾਰ ’ਚ ਭਰ ਦਿੱਤਾ ਜਾਂਦਾ ਹੈ। ਉਸ ਨੂੰ ਘਰ ਤੋਂ ਸਕੂਲ ਤੱਕ ਦਾ ਹੀ ਪਾਠ ਪੜ੍ਹਾਇਆ ਜਾਂਦਾ ਹੈ। ਧਨੀ ਰਿਸ਼ਤੇਦਾਰਾਂ-ਗੁਆਂਢੀਆਂ ਦਾ ਜੀਵਨ ਅਤੇ ਕਿੱਸੇ ਉਸ ਦੇ ਸਾਹਮਣੇ ਆਦਰਸ਼ ਵਜੋਂ ਪੇਸ਼ ਕੀਤੇ ਜਾਂਦੇ ਹਨ। ਧਾਰਮਕ ਸੰਸਕਾਰ ਤਾਂ ਸਿਰਫ ਰਵਾਇਤੀ ਜਾਂ ਵੱਧ ਤੋਂ ਵੱਧ ਡਰ ਕਾਰਨ ਕੀਤੇ ਜਾਂਦੇ ਹਨ ਪਰ ਪੈਸੇ ਦਾ ਸੰਸਕਾਰ ਅਸਲੀ ਤੇ ਰੋਜ਼ਾਨਾ ਹਰ ਪਲ ਕੀਤਾ ਜਾਂਦਾ ਹੈ। ਨਿੱਜੀ ਜਾਇਦਾਦ ਫਲਸਫਾ ਅਤੇ ਸਭਿਆਚਾਰ ਇਸ ਤਰ੍ਹਾਂ ਨਾਲ ਪੂਰੇ ਸਮਾਜ ’ਚ ਆਪਣੀਆਂ ਸ਼ਾਖਾਵਾਂ ਫੈਲਾ ਦਿੰਦੇ ਹਨ। ਇਹ ਵਿਚਾਰ ਤੇ ਫਿਲਾਸਫਾ ਆਪਣੇ ਆਪ ਨੂੰ ਇਸ ਆਮ ਕੰਮ ਚਲਾਊ ਫਿਕਰ ’ਚ ਜ਼ਾਹਿਰ ਕਰਦਾ ਹੈ ਕਿ ‘ਬਾਪ ਵੱਡਾ ਨਾ ਭਈਆ, ਸਭ ਤੋਂ ਵੱਡਾ ਰੁਪਈਆ।’

ਸਰਮਾਏਦਾਰ ਜਮਾਤ ਦਾ ਸਭਿਆਚਾਰ ਅਤੇ ਉਸ ਤੋਂ ਪਹਿਲਾਂ ਦਾ ਜਾਗੀਰੂ ਤੇ ਮੱਧਯੁਗੀ ਸਭਿਆਚਾਰ ’ਚ ਅਤੀਤ ’ਚ ਕਾਫੀ ਤਿੱਖਾ ਸੰਘਰਸ਼ ਹੋਇਆ ਸੀ। ਜਦ ਜਾਗੀਰੂ ਸਭਿਆਚਾਰ ਦਾ ਦਾਬਾ ਟੁੱਟ ਗਿਆ ਤਾਂ ਪੂੰਜੀਵਾਦੀ ਸਭਿਆਚਾਰ ਨੇ ਉਹਨਾਂ ਦੀਆਂ ਉਹਨਾਂ ਸਾਰੀਆਂ ਗੱਲਾਂ ਨੂੰ ਅਪਣਾ ਲਿਆ ਜੋ ਉਹਨਾਂ ਦੇ ਹਿੱਤਾਂ ਦੇ ਰਾਖੀ ਲਈ ਚੰਗੀਆਂ ਸਨ। ਅਸਲ ’ਚ ਅਸਲੀ ਲੜਾਈ ਤਾਂ ਸਮਾਜਕ ਅਰਥਚਾਰੇ ਦੇ ਖੇਤਰ ’ਚ ਹੋਈ ਸੀ। ਜਦ ਪੂੰਜੀਪਤੀ ਜਮਾਤ ਨੇ ਪੈਦਾਵਾਰ ਦੇ ਸਾਧਨਾਂ ’ਤੇ ਕਬਜਾ ਜਮ੍ਹਾਂ

ਲਿਆ ਤਾਂ ਉਸ ਨੇ ਸਥਾਪਤ ਪੈਦਾਵਾਰੀ ਪ੍ਰਣਾਲੀ ਨੂੰ ਪੂੰਜੀਪਤੀ ਰੰਗ ਢੰਗ ਨਾਲ ਰੰਗ ਲਿਆ। ਜਗੀਰਦਾਰਾਂ ਨੂੰ ਸੱਤਾ ਤੋਂ ਹਟਾ ਕੇ ਸਰਮਾਏਦਾਰਾਂ ਨੇ ਆਪਣਾ ਰਾਜ ਕਾਇਮ ਕਰ ਲਿਆ ਤਾਂ ਫਿਰ ਉਹਨਾਂ ਦੇ ਸਭਿਆਚਾਰ ਦੀ ਭਾਰੂ ਸਥਿਤੀ ਦਾ ਕੁਝ ਨਹੀਂ ਬਚਣਾ ਸੀ। ਉਸ ਨੇ ਪਿੱਛੇ ਹਟਣਾ ਸੀ ਪਰ ਪੂੰਜੀਪਤੀ ਵਰਗ ਨੇ ਸ਼ੁਰੂ ਤੋਂ ਹੀ ਇਹ ਗੱਲ ਸਿੱਖ ਲਈ ਸੀ ਕਿ ਜਾਗੀਰੂ ਤੱਤਾਂ ਤੇ ਉਹਨਾਂ ਦੇ ਸਭਿਆਚਾਰ ਨੂੰ ਵੱਧ ਇਨਕਲਾਬੀ ਢੰਗ ਨਾਲ ਸਫਾਇਆ ਕਰਨ ਨਾਲ ਉਸ ਨੂੰ ਵੱਧ ਨੁਕਸਾਨ ਉਠਾਉਣਾ ਪਵੇਗਾ। ਸਭ ਤੋਂ ਵੱਧ ਨੁਕਸਾਨ ਤਾਂ ਇਹ ਉਠਾਉਣਾ ਪਵੇਗਾ ਕਿ ਸੱਤਾ 'ਤੇ ਮਜ਼ਦੂਰ ਕਿਸਾਨ-ਦਸਤਕਾਰ ਆਦਿ ਕਬਜ਼ਾ ਕਰ ਲੈਣਗੇ। 1989 ਦੇ ਫਰਾਸੀਸੀ ਇਨਕਲਾਬ ਦੇ ਨਾਹਰੇ ਆਜ਼ਾਦੀ-ਬਰਾਬਰੀ-ਭਾਈਚਾਰੇ' ਨੂੰ ਫਰਾਂਸੀਸੀ ਇਨਕਲਾਬ ਪਿੱਛੋਂ ਕਿਸੇ ਵੀ ਪੂੰਜੀਵਾਦੀ ਇਨਕਲਾਬ 'ਚ ਉਸ ਜ਼ੋਰ-ਸੋਰ ਨਾਲ, ਅਸਲੀ ਰੂਪ 'ਚ ਨਹੀਂ ਦੁਹਰਾਇਆ ਗਿਆ। ਪੂੰਜੀਪਤ ਜਮਾਤ ਨੇ ਮਜ਼ਦੂਰਾਂ ਕਿਸਾਨਾਂ ਦੀ ਬਜਾਏ ਪਤਿਤ ਤੱਤਾਂ ਨਾਲ ਗੱਠਜੋੜ ਬਣਾਉਣ ਵੱਧ ਸਹੀ ਸਮਝਿਆ। ਅਜਿਹਾ ਉਸ ਨੇ ਉਸ ਦੀ ਪਤਿਤ ਧਾਰਮਿਕ ਮੱਧਯੁਗੀ ਜਾਗੀਰੂ ਸਭਿਆਚਾਰ ਦੇ ਨਾਲ ਕੀਤਾ। ਭਾਰਤ 'ਚ ਅਸੀਂ ਵੇਖਦੇ ਹਾਂ ਕਿ ਬ੍ਰਿਟਿਸ਼ ਬਸਤੀਵਾਦੀਆਂ ਤੋਂ ਸੱਤਾ ਤਬਦੀਲੀ ਜਦ ਭਾਰਤੀ ਦਲਾਲ ਸਰਮਾਏਦਾਰੀ ਦੇ ਹੱਥਾਂ 'ਚ ਹੋਈ ਤਾਂ ਉਸ ਨੇ ਇਹੀ ਸਭ ਕੁਝ ਕੀਤਾ। ਭਾਰਤ ਦੀ ਨਵੀਂ ਹਾਕਮ ਜਮਾਤ ਨੇ ਜਾਗੀਰੂ ਤੱਤਾਂ ਨਾਲ ਨਾ ਸਿਰਫ ਸੱਤਾ 'ਚ ਹਿੱਸੇਦਾਰੀ ਕੀਤੀ, ਉਹਨਾਂ ਨੂੰ ਲੰਮੇ ਸਮੇਂ ਤੱਥ ਪ੍ਰੀਵੀ ਪਰਸ ਦਿੱਤੇ ਬਲਕਿ ਉਹਨਾਂ ਦੇ ਸਭਿਆਚਾਰ ਨੂੰ ਅੰਗੀਦਾਰ ਕਰ ਲਿਆ। ਲੱਭ-ਲੱਭ ਕੇ ਉਹਨਾਂ ਨੇ ਮੰਦਰਾਂ ਦੇ ਤਾਲੇ ਖੁੱਲ੍ਹਵਾਏ ਜੋ ਸਮੇਂ ਨਾਲ ਅਹਿਮੀਅਤ ਗੁਆਉਂਦੇ ਜਾ ਰਹੇ ਸਨ। ਸੋਮਨਾਥ ਦੇ ਮੰਦਰ ਤੋਂ ਸ਼ੁਰੂ ਹੋਈ ਇਹ ਯਾਤਰਾ ਬਾਬਰੀ ਮਸਜਿਦ ਦੇ ਢਹਿਢੇਰੀ ਹੋਣ ਤੱਕ ਜਾ ਪੁੱਜੀ। ਜਾਤੀ ਵਿਵਸਥਾ, ਛੂਤਛਾਤ, ਔਰਤਾਂ ਦੀ ਬੇਇਜ਼ਤੀ ਤੇ ਉਹਨਾਂ ਦਾ ਅਧਿਕਾਰਾਂ ਤੋਂ ਵਾਂਝੇ ਹੋਣਾ, ਧਾਰਮਿਕ ਅੰਧਵਿਸ਼ਵਾਸ਼ ਦਹੇਜ ਪ੍ਰਥਾ ਵਰਗੀਆਂ ਸਾਰੀਆਂ ਕੁਰੀਤੀਆਂ ਨਾ ਸਿਰਫ ਉਸ ਨੇ ਕਾਇਮ ਰੱਖੀਆਂ ਬਲਕਿ ਉਹਨਾਂ ਨੂੰ ਉਤਸ਼ਾਹਿਤ ਵੀ ਕੀਤਾ।

ਅੱਜ ਭਾਰਤੀ ਸਮਾਜ 'ਚ ਜੋ ਸਭਿਆਚਾਰ ਹਾਕਮ ਜਮਾਤ ਵਲੋਂ ਆਪਣੀ ਭਾਰੂ ਹਾਲਤ ਕਾਰਨ ਪਰੋਸੀ ਜਾ ਰਹੀ ਹੈ ਉਹ ਜਾਗੀਰੂ ਤੇ ਸਾਮਰਾਜੀ ਸਭਿਆਚਾਰ ਦਾ ਪੂੰਜੀਵਾਦੀ ਸਭਿਆਚਾਰ ਨਾਲ ਘਾਲਾਮਾਲਾ ਹੈ। ਇਸ ਨੂੰ ਭਾਰਤੀ ਦਲਾਲ ਪੂੰਜੀਵਾਦੀ ਸਭਿਆਚਾਰ ਵੀ ਕਿਹਾ ਜਾਂਦੈ। ਜਿਸ ਵਿਚ ਵੈਲਨਟਾਈਨ ਡੇ ਤੋਂ ਲੈ ਕੇ ਕਰਵਾਚੌਥ ਤੱਕ ਸਭ ਕੁਝ ਸ਼ਾਮਲ ਹੈ। ਰੱਥ 'ਤੇ ਸਵਾਰ ਤਲਵਾਰ ਦਾ ਮੁੱਠਾ ਸੰਭਾਲੀ ਮੁਕਟ ਧਾਰਨ ਕਰਕੇ, ਰੇਮੰਡ ਦੀ ਸੂਟ-ਟਾਈ ਪਹਿਨੀ ਭਾਰਤੀ ਲਾੜਾ ਇਸ ਦਾ ਸਭ ਤੋਂ ਮਜ਼ੇਦਾਰ ਨਮੂਨਾ ਹੈ। ਇਹ ਨਮੂਨਾ ਅਤੇ ਉਸ ਦਾ ਪ੍ਰੀਵਾਰ ਵੱਧ ਤੋਂ ਵੱਧ ਦਹੇਜ ਉਹ ਵੀ ਬਰਾਂਡਿਡ ਕੰਪਨੀਆਂ ਦਾ ਹਾਸਲ ਕਰਨ ਲਈ ਕਮੀਨਗੀ ਦੀ ਕਿਸੇ ਵੀ ਹੱਦ ਤੱਕ ਡਿੱਗ ਸਕਦਾ ਹੈ। ਇੱਥੋਂ ਤੱਕ ਕਿ ਆਪਣੀ ਪਤਨੀ ਨੂੰ ਅੱਗ ਲਾ ਕੇ ਸਾੜ ਸਕਦਾ ਹੈ। ਭਵਿੱਖ 'ਚ ਉਸ ਨੂੰ ਕਿਤੇ ਦਹੇਜ ਨਾ ਦੇਣਾ ਪੈ ਜਾਵੇ ਇਸ ਲਈ ਮਾਸੂਮ ਕੰਨਿਆ ਸ਼ਿਸ਼ੂ ਦੇ ਪੈਦਾ ਹੁੰਦਿਆਂ ਹੀ ਗਲ ਘੋਟ ਸਕਦਾ ਹੈ। ਅਜਿਹੀਆਂ ਕਿੰਨੀਆਂ ਹੀ ਮਿਸਾਲਾਂ ਇਸ ਮਾਹਨ ਭਾਰਤੀ ਸਰਮਾਏਦਾਰੀ ਸਭਿਆਚਾਰ ਦੀਆਂ ਦਿੱਤੀਆਂ ਜਾ ਸਕਦੀਆਂ ਹਨ। ਇਸ ਦਾ ਕਸੀਦਾ ਦਿਨ ਰਾਤ ਦੇਸ਼ ਦੀ ਸੰਸਦ ਤੋਂ ਲੈ ਕੇ ਰੋਜ਼ਾਨਾ ਅਖਬਾਰ

'ਚ ਕੱਢਿਆ ਜਾਂਦਾ ਹੈ। ਟੈਲੀਵੀਜ਼ਨ ਦੇ ਚੈਨਲ ਚੌਬੀ ਘੰਟੇ ਇਸ ਮਹਾਨ ਸਭਿਆਚਾਰ ਦੀ ਉਲਟੀਆਂ ਕਰ-ਕਰ ਕੇ ਥੱਕ ਜਾਂਦੇ ਹਨ। ਅਜਿਹੇ ਘ੍ਰਿਣਤ ਪੂੰਜੀਵਾਦੀ ਸਮਾਜ 'ਚ ਮਜ਼ਦੂਰ ਵਰਗ ਦਾ ਸਭਿਆਚਾਰ ਸਭ ਤੋਂ ਪਹਿਲਾਂ ਬਗਾਵਤ ਦਾ ਸਭਿਆਚਾਰ ਹੀ ਹੋ ਸਕਦਾ ਹੈ। ਜਾਂ ਦੂਜੇ ਸ਼ਬਦਾਂ ਵਿੱਚ ਉਸ ਦੇ ਸਭਿਆਚਾਰ ਦਾ ਅਹਿਮ ਤੱਤ ਬਗਾਵਤ ਹੀ ਹੋ ਸਕਦਾ ਹੈ ਯਾਨੀ ਇਸ ਗਲੇ ਸੜ੍ਹੇ ਸਭਿਆਚਾਰ ਦੇ ਹਰ ਰੂਪ ਹਰ ਤੱਤ ਨੂੰ ਉਸ ਨੂੰ ਆਪਣੇ ਨਿਸ਼ਾਨੇ 'ਤੇ ਲਿਆਉਣਾ ਪੈਂਦਾ ਹੈ। ਉਸ ਨੂੰ ਪੂੰਜੀਵਾਦੀ ਦਰਸ਼ਨ, ਵਿਚਾਰ, ਧਾਰਨਾ, ਰਹਿਣ-ਸਹਿਣ, ਸਿੱਖਿਆ, ਦਿਸ਼ਾ, ਗੀਤ-ਸੰਗੀਤ ਯਾਨੀ ਹਰ ਚੀਜ਼ 'ਤੇ ਆਪਣਾ ਨਿਸ਼ਾਨਾ ਸੇਧਣਾ ਹੁੰਦਾ ਹੈ। ਇਹ ਸਭ ਉਸ ਦੇ ਉਸ ਟੀਚੇ ਦਾ ਹਿੱਸਾ ਹੁੰਦਾ ਹੈ ਜਿਸ ਵਿੱਚ ਉਸ ਨੂੰ ਸਰਮਾਏਦਾਰੀ ਜਮਾਤ ਨੂੰ ਸੱਤਾ ਤੋਂ ਬੇਦਖਲ ਕਰਕੇ ਖੁਦ ਸੱਤਾ 'ਤੇ ਕਬਜ਼ਾ ਕਰਨਾ ਹੁੰਦਾ ਹੈ। ਉਸ ਦੀ ਬਗ਼ਾਵਤ ਉਦੋਂ ਇੱਕ ਵੱਡੀ ਮੰਜ਼ਿਲ ਹਾਸਲ ਕਰਦੀ ਹੈ ਜਦ ਉਹ ਮਜ਼ਦੂਰ ਜਮਾਤ ਦੇ ਰਾਜ ਦੀ, ਸਮਾਜਵਾਦ ਦੀ ਸਥਾਪਨਾ ਕਰਦੀ ਹੈ। ਸਮਾਜਵਾਦ ਦਾ ਮਜ਼ਦੂਰ ਜਮਾਤ ਦੇ ਰਾਜ ਤੋਂ ਸਿਵਾਏ ਹਰ ਅਰਥ ਝੂਠਾ ਹੈ। ਮਜ਼ਦੂਰ ਜਮਾਤ ਦੇ ਇਸ ਰਾਜ ਵਿੱਚ ਉਹਨਾਂ ਦਾ ਸਭ ਤੋਂ ਨੇੜਲਾ ਸਹਿਯੋਗੀ ਛੋਟਾ ਕਿਸਾਨ ਹੁੰਦਾ ਹੈ। ਹੋਰ ਮਿਹਨਤ ਕਸ਼ ਜਮਾਤਾਂ ਨੂੰ ਵੀ ਇਸ ਰਾਜ ਵਿੱਚ ਵਾਜਬ ਥਾਂ ਦਿੱਤੀ ਜਾਂਦੀ ਹੈ ਪਰ ਲੁਟੇਰਿਆਂ ਜਾਬਰਾਂ ਦਾ ਨਾਸ਼ ਕਰਨ ਲਈ ਹਰ ਸੰਭਵ ਕਦਮ ਉਠਾਏ ਜਾਂਦੇ ਹਨ ਉਹਨਾਂ ਦਾ ਨਾਸ਼ ਕੀਤੇ ਬਗੈਰ ਮਾਨਵ ਜਾਤੀ ਦੀ ਰਾਖੀ ਕਰਨਾ ਵੀ ਸੰਭਵ ਨਹੀਂ ਹੈ। ਜਿਵੇਂ ਸਰਮਾਏਦਾਰੀ ਜਮਾਤ ਦੇ ਸਭਿਆਚਾਰ ਦਾ ਸਾਰ ਨਿੱਜੀ ਜਾਇਦਾਦ ਅਤੇ ਮੁਨਾਫ਼ਾ ਹੁੰਦਾ ਹੈ ਵੈਸੇ ਹੀ ਮਜ਼ਦੂਰ ਜਮਾਤ ਦੇ ਸਭਿਆਚਾਰ ਦਾ ਸਾਰ ਕਿਰਤ ਹੁੰਦਾ ਹੈ ਅਤੇ ਅਸਲ ਵਿੱਚ ਇਹੀ ਮਨੁੱਖੀ ਸਾਰਤੱਤ ਵੀ ਹੈ। ਇਹੀ ਮਨੁੱਖ ਦੇ ਸਾਰੇ ਸਭਿਆਚਾਰ ਦਾ ਸਾਰ ਹੈ। ਇਸ ਰੂਪ 'ਚ ਜੇ ਮਨੁੱਖ ਜਾਤੀ ਦੇ ਸਾਂਝੇ ਸਭਿਆਚਾਰ ਦੀ ਗੱਲ ਕੀਤੀ ਜਾਵੇ ਜਾਂ ਪੂਰੇ ਮਨੁੱਖੀ ਇਤਿਹਾਸ ਦਾ ਸਾਰ ਕੱਢਿਆ ਜਾਵੇ ਤਾਂ ਇਹ ਆਪਣੇ ਆਪ ਨੂੰ ਮਨੁੱਖ ਜਮਾਤ ਦੇ ਸਭਿਆਚਾਰ ਦੇ ਇਕ ਅਹਿਮ ਹਿੱਸੇ ਵਜੋਂ ਪ੍ਰਗਟ ਕਰੇਗਾ। ਮਜ਼ਦੂਰ ਜਮਾਤ ਦਾ ਸਭਿਆਚਾਰ ਮਨੁੱਖੀ ਜਾਤੀ ਦੀਆਂ ਸਾਰੀਆਂ ਉਤਮ ਚੀਜ਼ਾਂ ਨੂੰ ਆਪਣੇ ਅੰਦਰ ਸਮੇਟ ਕੇ ਇਕ ਦਮ ਨਵੇਂ ਤੇ ਉੱਚੇ ਦਰਜ਼ੇ ਦੇ ਸਭਿਆਚਾਰ ਦਾ ਨਿਰਮਾਣ (ਉਸਾਰੀ) ਕਰਦਾ ਹੈ ਅਤੇ ਇਸ ਵੱਲ ਨਿਰੰਤਰ ਅੱਗੇ ਵਧਦਾ ਹੈ। ਇਹ ਸਭ ਇਹ ਉਦੋਂ ਕਰ ਸਕਦਾ ਹੈ ਜਦ ਉਸ ਦਾ ਕਬਜ਼ਾ ਰਾਜਭਾਗ 'ਤੇ ਹੁੰਦਾ ਹੈ। ਪੈਦਾਵਾਰ ਦੇ ਵਸੀਲਿਆਂ ਨੂੰ ਇਹ ਆਪਣੇ ਕੰਟਰੋਲ ਵਿੱਚ ਲੈ ਲੈਂਦਾ ਹੈ ਤਾਂ ਹੀ ਇਹ ਸਥਿਤੀ 'ਚ ਆ ਸਕਦਾ ਹੈ ਕਿ ਇਹ ਆਪਣੇ ਸਭਿਆਚਾਰ ਦਾ ਪ੍ਰਚਾਰ, ਪਸਾਰ ਕਰ ਸਕੇ ਉਸ ਨੂੰ ਆਮ ਜਨ-ਜੀਵਨ ਦਾ ਹਿੱਸਾ ਬਣਾ ਸਕੇ। ਮਜ਼ਦੂਰ ਜਮਾਤ ਦਾ ਸਭਿਆਚਾਰ ਲੋਕ ਸਭਿਆਚਾਰ ਦੇ ਉਤਮ ਰੂਪਾਂ 'ਤੇ ਮੁੱਲਾਂ ਨੂੰ ਆਤਮ ਸ਼ਾਂਤ ਕਰ ਲੈਂਦਾ ਹੈ। ਕਿਸਾਨਾਂ ਆਦੀਵਾਸੀਆਂ ਦੇ ਸਭਿਆਚਾਰ ਦੇ ਕਈ ਤੱਤ ਮਜ਼ਦੂਰ ਵਰਗ ਦੇ ਸਭਿਆਚਾਰ 'ਚ ਸਮੋ ਜਾਂਦੇ ਹਨ। ਅਜਿਹੇ ਤੱਤਾਂ 'ਚ ਮਿਹਨਤ ਨਾਲ ਜੁੜੇ ਮੁੱਲ ਪੈਦਾਵਾਰ ਦੌਰਾਨ ਰਚੇ ਜਾਣ ਵਾਲੇ ਗੀਤ ਤੇ ਨਾਚ ਦੇ ਨਾਲ ਨਾਲ ਸਮੂਹਿਕਤਾ ਦੀ ਭਾਵਨਾ ਆਦਿ ਨੂੰ ਰੱਖਿਆ ਜਾ ਸਕਦਾ ਹੈ। ਇਹ ਇਹਨਾਂ ਸਭਿਆਚਾਰਾਂ ਵਿਚਲੇ ਜਾਗੀਰੂ-ਧਾਰਮਿਕ-ਮੱਧਯੁਗੀ ਤੇ ਹੋਰ ਗੈਰ-ਜਮਹੂਰੀ ਮੁੱਲਾਂ ਨੂੰ ਤਿਆਗ ਦਿੰਦਾ ਹੈ ਅਤੇ ਉਤਮ ਤੱਤਾਂ ਨੂੰ ਆਤਮਸ਼ਾਂਤ ਕਰ ਲੈਂਦਾ ਹੈ। ਮਜ਼ਦੂਰ ਵਰਗ

ਦਾ ਸਭਿਆਚਾਰ ਆਧੁਨਿਕ ਗਿਆਨ-ਵਿਗਿਆਨ ਦੇ ਸਾਰੇ ਉਤਮ ਤੱਤਾਂ ਨੂੰ ਵੀ ਆਤਮਸ਼ਾਤ ਕਰ ਲੈਂਦਾ ਹੈ। ਅਜਿਹਾ ਕਰਨ ਸਮੇਂ ਉਹ ਸਭ ਤੋਂ ਪਹਿਲਾਂ ਉਹਨਾਂ ਨੂੰ ਪੂੰਜੀ ਦੇ ਚੁੰਗਲ ਤੋਂ ਮੁਕਤ ਕਰਦਾ ਹੈ। ਉਹ ਇਸ ਰੂਪ ਵਿੱਚ ਵਿਗਿਆਨ ਨੂੰ ਪੂੰਜੀ ਦੀ ਬਜਾਏ ਕਿਰਤ ਦੀ ਸੇਵਾ ਵਿੱਚ ਲਾਉਂਦਾ ਹੈ। ਇਸ ਤਰ੍ਹਾਂ ਨਾਲ ਵਿਗਿਆਨ ਮਿਹਨਤਕਸ਼ਾਂ ਦੇ ਜੀਵਨ ਤੇ ਫਿਲਾਸਫੀ ਦਾ ਅਟੁੱਟ ਹਿੱਸਾ ਬਣ ਜਾਂਦਾ ਹੈ। ਇਸ ਤਰ੍ਹਾਂ ਮਜ਼ਦੂਰ ਵਰਗ ਦਾ ਸਭਿਆਚਾਰ ਮਾਨਸਿਕ ਤੇ ਸਰੀਰਕ ਮਿਹਨਤ ਦੇ ਫਰਕ ਨੂੰ ਖਤਮ ਕਰਨ ਦਾ ਕਾਰਜ ਆਪਣੇ ਸਾਹਮਣੇ ਰੱਖਦਾ ਹੈ। ਇਹ ਬੁੱਧੀਜੀਵੀ ਵਰਗ ਦੀ ਤਬਦੀਲੀ ਕਰਕੇ ਉਹਨਾਂ ਨੂੰ ਮਨੁੱਖ ਜਾਤੀ ਦੀ ਸੇਵਾ ਕਰਨ ਦੇ ਉਤਮ ਗੁਣ ਨਾਲ ਲੈਸ ਕਰਦਾ ਹੈ। ਬੌਧਿਕ ਤਬਕਾ ਹੁਣ ਪੂੰਜੀ ਦੀ ਬਜਾਏ ਕਿਰਤ ਦੀ ਸੇਵਾ ਕਰਨ ਲਈ ਅੱਗੇ ਆਉਂਦਾ ਹੈ। ਖੁਦ ਮਜ਼ਦੂਰ ਤੇ ਮਿਹਨਤਕਸ਼ ਜਮਾਤ ਵਿਚੋਂ ਨਵੇਂ ਲੇਖਕ, ਕਲਾਕਾਰ, ਕਵੀ ਆਦਿ ਪੈਦਾ ਹੁੰਦੇ ਹਨ ਅਤੇ ਪਿਛਲੇ ਸਮਾਜ ਦੇ ਕਈ ਲੇਖਕ-ਕਲਾਕਾਰ ਆਦਿ ਆਪਣੇ ਆਪ ਨੂੰ ਮੁਕਤੀ ਦੇ ਸੰਘਰਸ਼ ਨਾਲ ਜੋੜ ਲੈਂਦੇ ਹਨ ਅਤੇ ਉਹ ਮਜ਼ਦੂਰ ਵਰਗ ਦੇ ਨੇੜਲੇ ਸਾਥੀ ਬਣ ਜਾਂਦੇ ਹਨ।

# ਪ੍ਰਧਾਨ ਮੰਤਰੀ ਦੀ ਲਫਾਜ਼ੀ ਕਿੰਨੀ ਥੋਥੀ?

ਦੇਸ਼ ਦੇ ਅਰਥਸਾਸ਼ਤਰੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਦਸੰਬਰ 2009 ਨੂੰ ਭੁਵਨੇਸ਼ਵਰ 'ਚ 'ਭਾਰਤੀ ਆਰਥਕ ਸੰਘ' ਤੇ 92 ਵੇਂ ਸੰਮੇਲਨ ਨੂੰ ਸੰਬੋਧਿਤ ਕਰਦਿਆਂ ਅਜਿਹਾ ਦਾਅਵਾ ਕਰ ਬੈਠੇ ਜਿਸ ਨੂੰ ਸੁਣ ਕੇ ਦੇਸ਼ ਦਾ ਹਰ ਗਰੀਬ ਦੰਗ ਰਹਿ ਗਿਆ। ਲੰਦਨ ਸਕੂਲ ਆਫ਼ ਇਕੋਨਾਮਿਕਸ 'ਚ ਸਿੱਖਿਆ ਹਾਸਲ ਅਤੇ ਦਿੱਲੀ ਸਕੂਲ ਆਫ਼ ਇਕੋਨਾਮਿਕਸ 'ਚ ਪੜ੍ਹਾਉਣ ਵਾਲੇ ਡਾ. ਸਿੰਘ ਨੇ ਕਿਹਾ ਕਿ 1991 'ਚ ਉਨ੍ਹਾਂ ਵਲੋਂ ਨਵੀਆਂ ਆਰਥਕ ਨੀਤੀਆਂ ਦੇ ਆਰੰਭ ਪਿੱਛੋਂ ਹੀ ਦੇਸ਼ 'ਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ 'ਚ ਕਮੀ ਆਈ ਹੈ। ਉਹਨਾਂ ਕਿਹਾ ਕਿ ਅਸੀਂ ਆਰਥਕ ਸੁਧਾਰਾਂ ਦੀ ਰਫਤਾਰ ਘਟਾਵਾਂਗੇ ਤਾਂ ਅਰਥਚਾਰਾ ਉਸ ਰਫਤਾਰ ਨਾਲ ਵਿਕਾਸ ਨਹੀਂ ਕਰ ਸਕੇਗਾ ਕਿ ਲੋੜੀਂਦੇ ਰੁਜ਼ਗਾਰ ਪੈਦਾ ਹੋ ਸਕਣ।

ਡਾ. ਮਨਮੋਹਨ ਸਿੰਘ ਦਾ ਇਹ ਬਿਆਨ ਕਿ ਦੇਸ਼ 'ਚ ਗਰੀਬੀ ਰੇਖਾ ਦੇ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ 'ਚ ਕਮੀ ਆਈ ਹੈ, ਦਾ ਆਧਾਰ ਪਹਿਲਾਂ ਤੋਂ ਮਜ਼ਾਕਿਆ ਗਰੀਬੀ ਰੇਖਾ ਪੈਮਾਨੇ ਨੂੰ ਅੰਕੜਿਆਂ ਦੀ ਬਾਜ਼ੀਗਿਰੀ ਨਾਲ ਅਤੇ ਮਜ਼ਾਕਿਆ ਬਣਾ ਦੇਣ ਅਤੇ ਫਿਰ ਉਸ ਦੇ ਆਧਾਰ 'ਤੇ ਗਰੀਬਾਂ ਦੀ ਗਿਣਤੀ ਦਾ ਅਨੁਮਾਨ ਹੈ। ਸਥਾਪਤ ਗਰੀਬੀ ਰੇਖਾ ਦੇ ਅਨੁਸਾਰ ਪਿੰਡਾਂ 'ਚ 2400 ਕੈਲਰੀ ਅਤੇ ਸ਼ਹਿਰਾਂ 'ਚ 2100 ਕੈਲਰੀ ਪ੍ਰਤੀ ਵਿਅਕਤੀ ਰੋਜ਼ਾਨਾ ਦੀ ਵਰਤੋਂ ਪੱਧਰ ਕਿਸੇ ਵਿਅਕਤੀ ਨੂੰ ਗਰੀਬੀ ਰੇਖਾ ਤੋਂ ਉਪਰ ਕਰ ਦਿੰਦਾ ਹੈ। ਸਰਕਾਰ ਵੱਲੋਂ ਗਰੀਬਾਂ ਦੇ ਨਾਲ ਧੋਖਾਧੜੀ ਤੇ ਲੁੱਟ ਵਿਚ ਅੰਕੜਿਆਂ ਦੀ ਖੇਡ ਕੋਈ ਨਵੀਂ ਗੱਲ ਨਹੀਂ ਹੈ। ਪਰ ਹੁਣ ਖਬਰ ਇਹ ਵੀ ਹੈ ਕਿ ਕੈਲਰੀ ਵਰਤੋਂ ਪੱਧਰ ਦੇ ਉਪਰੋਕਿਤ ਪੈਮਾਨੇ ਨੂੰ ਘਟਾ ਕੇ ਪੇਂਡੂ ਖੇਤਰਾਂ 'ਚ 1890 ਅਤੇ ਸ਼ਹਿਰੀ ਖੇਤਰਾਂ 'ਚ 1875 ਕੈਲਰੀ ਪ੍ਰਤੀ ਵਿਅਕਤੀ ਕਰਨ ਦੀ ਯੋਜਨਾ ਹੈ। ਭਾਵ ਹੁਣ ਕਾਗਜ਼ੀ ਵਿਕਾਸ ਦੇ ਇਸ ਮਾਡਲ ਵਿੱਚ ਗਰੀਬਾਂ ਦੀ ਘਟਦੀ ਗਿਣਤੀ ਦਿਖਾਉਣ ਲਈ ਪੂੰਜੀ ਦੇ ਚਾਕਰਾਂ ਨੂੰ ਅੰਕੜਿਆਂ ਦੀ ਬਾਜ਼ੀਗਿਰੀ ਕਰਨ ਦੀ ਵੀ ਲੋੜ ਨਹੀਂ ਪੈਣੀ। ਇਥੇ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਜਦ 2200/2400 ਕੈਲਰੀ ਦੇ ਗਰੀਬ ਰੇਖਾ ਪੈਮਾਨੇ ਨੂੰ ਤਹਿ ਕੀਤਾ ਗਿਆ ਸੀ ਤਦ ਮਾਹਰਾਂ ਦਾ ਇਹ ਮੰਨਣਾ ਸੀ ਕਿ ਸਿੱਖਿਆ, ਇਲਾਜ ਤੇ ਸਸਤੀ ਰਿਹਾਇਸ਼ ਨੂੰ ਮੁਹੱਈਆ ਕਰਾਉਣ ਦਾ ਕੰਮ ਸਰਕਾਰ ਦਾ ਹੈ। ਇਸ ਲਈ ਇਹਨਾਂ ਕਾਰਕਾਂ ਨੂੰ ਗਰੀਬੀ ਰੇਖਾ ਦੀ ਗਣਨਾ 'ਚ ਸ਼ਾਮਲ ਨਹੀਂ ਕੀਤਾ ਗਿਆ ਸੀ। ਪਰ ਨਵੀਆਂ ਆਰਥਕ ਨੀਤੀਆਂ ਦੇ ਲਾਗੂ ਹੋਣ ਪਿੱਛੋਂ ਇਹ ਸਪੱਸ਼ਟ ਹੋ ਗਿਆ ਕਿ ਰਾਜ ਕਾਰਪੋਰੇਟਾਂ ਦੀ ਮੰਦੀ ਨੂੰ ਦੂਰ ਕਰਨ ਲਈ ਖਰਚ ਕਰਨ ਨੂੰ ਤਿਆਰ ਹੈ ਪਰ ਗਰੀਬਾਂ ਲਈ ਸਸਤੀ ਸਮੱਗਰੀ, ਰਿਹਾਇਸ਼, ਸਿੱਖਿਆ, ਇਲਾਜ ਦਾ ਖਰਚ ਉਠਾਉਣ ਲਈ ਬਿਲਕੁਲ ਤਿਆਰ ਨਹੀਂ ਹੈ। ਇਹੀ ਕਾਰਨ ਹੈ ਕਿ ਹਾਲੀਆ ਬਜਟ ਵਿੱਚ 11 ਲੱਖ ਕਰੋੜ ਰੁਪਏ ਵਿਚੋਂ 5 ਲੱਖ ਕਰੋੜ ਰੁਪਿਆ ਦਾ ਤੋਹਫਾ ਵੱਖ-ਵੱਖ ਤਰ੍ਹਾਂ ਦੀਆਂ ਛੋਟਾਂ ਵਜੋਂ ਕਾਰਪੋਰੇਟ ਘਰਾਣਿਆਂ ਅਤੇ ਉੱਚ ਵਰਗ ਦੇ ਕਰਦਾਤਿਆਂ ਨੂੰ ਦਿੱਤਾ ਗਿਆ ਹੈ। ਅੱਜ ਜੇ ਇਨ੍ਹਾਂ ਸਾਰਿਆਂ ਖਰਚਿਆਂ ਨੂੰ ਗਰੀਬੀ ਰੇਖਾ ਦੀ ਗਿਣਤੀ 'ਚ ਜੋੜਿਆ ਜਾਵੇ ਤਾਂ ਉਹ ਕਰੀਬ ਸਾਢੇ ਨੌ ਹਜ਼ਾਰ ਮਾਸਿਕ ਬੈਠੇਗੀ। ਪਰ ਅੱਜ ਇਹ ਲਗਭਗ ਸਾਢੇ ਚਾਰ ਸੌ ਰੁਪਏ ਮਹੀਨੇ ਤੋਂ ਵੀ ਘੱਟ ਹੈ।

1991 ਤੋਂ ਲਾਗੂ ਹੋਈਆਂ ਜਿਨ੍ਹਾਂ ਆਰਥਕ ਨੀਤੀਆਂ ਰਾਹੀਂ ਵਿਕਾਸ ਦੀ ਚਕਾਚੌਂਧ ਦੀ ਮਣਿਮਾਲਾ ਮਨਮੋਹਣ ਸਿੰਘ ਜੀ ਜਪ ਰਹੇ ਹਨ ਉਸਦਾ ਮੂਲ ਮੰਤਰ ਸੀ 'ਨਿੱਜੀਕਰਣ' ਭਾਵ ਜਨਤਕ ਖੇਤਰ ਦੇ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਸਰਮਾਏਦਾਰਾਂ ਕੋਲ ਵੇਚਣਾ, ਜਿਨ੍ਹਾਂ ਨੂੰ ਲੋਕਾਂ ਦੇ ਪੈਸੇ ਨਾਲ ਖੜ੍ਹਾ ਕੀਤਾ ਗਿਆ ਸੀ, ਨਾਲ ਹੀ ਸਿੱਖਿਆ, ਸਿਹਤ, ਪੀਣ ਵਾਲੇ ਪਾਣੀ, ਬਿਜਲੀ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਨਿੱਜੀ ਹੱਥਾਂ 'ਚ ਸੌਂਪ ਕੇ ਮੁਨਾਫਾ ਕਮਾਉਣ ਦੇ ਧੰਦੇ 'ਚ ਤਬਦੀਲ ਕਰਨਾ ਅਤੇ ਦੂਜੇ ਪਾਸੇ ਮਜ਼ਦੂਰ ਨੂੰ ਹਾਸਲ ਥੋੜ੍ਹੇ ਜਿਹੇ ਕਿਰਤ ਹੱਕਾਂ ਨੂੰ ਵੀ ਖੋਹ ਲੈਣਾ ਜੋ ਵੈਸੇ ਵੀ ਦੇਸ਼ 'ਚ ਕਦੇ ਲਾਗੂ ਨਹੀਂ ਹੁੰਦੇ। ਇਹਨਾਂ ਨੀਤੀਆਂ ਦਾ ਅਰਥ ਪੂੰਜੀਪਤੀਆਂ ਲਈ ਪੂਰੇ ਆਰਥਕ ਤੇ ਮਿਹਨਤਕਸ਼ਾਂ ਦੇ ਬਚੇ ਖੁਚੇ ਅਧਿਕਾਰਾਂ ਨੂੰ ਖੋਹ ਕੇ ਬਾਜ਼ਾਰ ਦੀਆਂ ਅੰਨ੍ਹੀਆਂ ਸ਼ਕਤੀਆਂ ਦੇ ਅਧੀਨ ਕਰ ਦੇਣਾ (ਕਠੋਰੀਕਰਣ) ਸੀ। ਇਸ ਉਦਾਰੀਕਰਣ ਤੇ ਨਿੱਜੀਕਰਣ ਲਈ ਤਰਕ ਇਹ ਦਿੱਤਾ ਗਿਆ ਸੀ ਕਿ ਜਦ ਸਮਾਜ ਦੇ ਉਚ ਵਰਗ 'ਚ ਖੁਸ਼ਹਾਲੀ ਤੇ ਐਸ਼ ਆਏਗੀ ਤਾਂ ਇਹ ਛਣ-ਛਣ ਕੇ ਨੀਚੇ ਤੱਕ ਜਾਏਗੀ (ਟ੍ਰਿਕਲ ਡਾਊਨ ਥਿਊਰੀ) ਪਰ ਨਵੇਂ ਉਦਾਰਵਾਦੀਆਂ ਨੀਤੀਆਂ ਦੇ ਵੀਹ ਸਾਲਾਂ ਦੇ ਅਨੁਭਵ ਹੈ ਦਿਖਾ ਦਿੱਤਾ ਹੈ ਕਿ ਪੂੰਜੀਵਾਦੀ ਵਿਵਸਥਾ 'ਚ ਜੇ ਉੱਪਰ ਤੋਂ ਟ੍ਰਿਕਲ ਡਾਊਨ ਕਰਕੇ ਨੀਚੇ ਤੱਕ ਕੁਝ ਜਾਂਦਾ ਹੈ ਤਾਂ ਉਹ ਅਮੀਰਜਾਦਿਆਂ ਦਾ ਸੰਕਟ ਅਤੇ ਮੰਦੀ ਹੈ, ਖੁਸ਼ਹਾਲੀ ਨਹੀਂ। ਖੁਸ਼ਹਾਲੀ ਤਾਂ ਸਿਖਰਾਂ 'ਤੇ ਹੀ ਕੇਂਦਰਿਤ ਹੁੰਦੀ ਰਹਿੰਦੀ ਹੈ। ਰਿਸਰਿਸ ਕੇ ਜੋ ਹੇਠਾਂ ਆਉਂਦਾ ਹੈ ਉਹ ਹੈ ਇਸ ਖੁਸ਼ਹਾਲੀ ਦਾ ਭਾਰ, ਜਿਸ ਨੂੰ ਚੁੱਕਦੇ ਚੁੱਕਦੇ ਗਰੀਬ ਲੋਕਾਂ ਦੀ ਕਮਰ ਟੁੱਟ ਜਾਂਦੀ ਹੈ। ਸਰਕਾਰ ਵੱਲੋਂ ਬਣਾਈ ਗਈ ਅਰਜਨ ਸੇਨਗੁਪਤਾ ਸੰਮਤੀ ਦੀ ਰਿਪੋਰਟ ਦੱਸਦੀ ਹੈ ਕਿ ਅੱਜ ਦੇਸ਼ 'ਚ 77 ਫੀਸਦੀ ਆਬਾਦੀ ਯਾਨੀ ਕਰੀਬ 84 ਕਰੋੜ ਲੋਕ 20 ਰੁਪਏ ਜਾਂ ਉਸ ਤੋਂ ਘੱਟ ਆਮਦਨ 'ਤੇ ਗੁਜ਼ਾਰਾ ਕਰ ਰਹੇ ਹਨ। ਇਹਨਾਂ 'ਚ 27 ਕਰੋੜ ਲੋਕ 11 ਰੁਪਏ ਫੀ ਦਿਨ ਦੀ ਆਮਦਨ 'ਤੇ ਜਿਉਂ ਰਹੇ ਹਨ। ਇਕ ਸਿਹਤ ਸੰਸਥਾ ਦੀ ਰਿਪੋਰਟ ਅਨੁਸਾਰ ਦੇਸ਼ 'ਚ 46 ਫੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ 55 ਫੀਸਦੀ ਔਰਤਾਂ ਦਾ ਵਜਣ ਬੀਮਾਰ ਹੋਣ ਦੀ ਹੱਦ ਤੱਕ ਘੱਟ ਹੈ। ਦੇਸ਼ 'ਚ 18 ਕਰੋੜ ਲੋਕ ਬੇਘਰ ਹਨ ਅਤੇ 18 ਕਰੋੜ ਲੋਕ ਝੁੱਗੀਆਂ 'ਚ ਰਹਿੰਦੇ ਹਨ। ਇਹਨਾਂ ਸਾਰੇ ਅੰਕੜਿਆਂ ਦੇ ਬਾਵਜੂਦ ਕੋਈ ਕਹੇ ਕਿ ਗਰੀਬੀ ਘਟ ਰਹੀ ਹੈ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹ ਸਾਨੂੰ ਮੂਰਖ ਬਣਾ ਰਿਹੈ। ਪ੍ਰਧਾਨ ਮੰਤਰੀ ਨੇ ਗਰੀਬ ਘੱਟ ਹੋਣ ਦੇ ਦਾਅਵੇ ਦਾ ਆਧਾਰ 'ਕੌਮੀ ਨਮੂਨਾ ਸਰਵੇਖਣ' ਦੇ ਅੰਕੜੇ ਹਨ। ਜਿਸ ਵਿਚ ਗਰੀਬੀ ਰੇਖਾ ਤੋਂ ਰਹਿਣ ਵਾਲਿਆਂ ਦੀ ਗਿਣਤੀ ਸਿਰਫ 28.6 ਫੀਸਦੀ ਵਿਖਾਈ ਗਈ ਹੈ। ਇਹਨਾਂ ਅੰਕੜਿਆਂ ਰਾਹੀ ਹਾਕਮ ਜਮਾਤਾਂ ਨੇ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗਰੀਬੀ ਘਟ ਰਹੀ ਹੈ। 1979 'ਚ ਜਦੋਂ ਯੋਜਨਾ ਕਮਿਸ਼ਨ ਵਲੋਂ ਗਰੀਬੀ ਰੇਖਾ ਹੇਠਾਂ ਰਹਿਣ ਵਾਲੇ ਪ੍ਰੀਵਾਰਾਂ ਦੀ ਗਿਣਤੀ ਸ਼ੁਰੂ ਹੋਈ ਉਦੋਂ ਤੱਕ ਲਗਭਗ 52 ਫੀਸਦੀ ਤੋਂ ਘੱਟ ਕੇ 28 ਫੀਸਦੀ ਤੱਕ ਆ ਚੁੱਕੀ ਹੈ। ਹਰ ਪੰਜ ਸਾਲ 'ਚ ਯੋਜਨਾ ਕਮਿਸ਼ਨ ਦੇ ਅਰਥਸਾਸ਼ਤਰੀ ਗਰੀਬਾਂ ਨੂੰ ਘੱਟ ਵਿਖਾਉਣ 'ਚ ਅੰਕੜਿਆਂ ਦੀ ਬੁਝਾਰਤ ਕਿਵੇਂ ਪਾਉਂਦੇ ਹਨ, ਅਸੀਂ ਇਸ ਨੂੰ ਲੜੀਵਾਰ ਸਪੱਸ਼ਟ ਕਰਦੇ ਹਾਂ।

ਜਦ 1973-74 ਦੇ ਕੌਮੀ ਨਮੂਨਾ ਸਰਵੇਖਣ ਦੇ ਅੰਕੜਿਆਂ ਨੂੰ ਆਧਾਰ ਬਣਾ ਕੇ ਗਰੀਬੀ ਰੇਖਾ ਤਹਿ ਕੀਤੀ ਜਾ ਰਹੀ ਸੀ ਤਾਂ ਇਹ ਮੰਨਿਆ ਗਿਆ ਸੀ ਕਿ ਸਿੱਖਿਆ ਤੇ ਸਿਹਤ ਦੇ ਖ਼ਰਚਿਆਂ ਨੂੰ ਗਰੀਬੀ ਰੇਖਾ 'ਚ ਨਹੀਂ ਜੋੜਿਆ ਜਾਵੇਗਾ

ਕਿਉਂਕਿ ਇਹਨਾਂ ਦੀ ਜ਼ਿੰਮੇਵਾਰੀ ਸਰਕਾਰ ਉਠਾਵੇਗੀ। ਪਰ ਅਜਿਹਾ ਨਾ ਤਾਂ 1974 'ਚ ਹੋਇਆ ਸੀ ਨਾ ਅੱਜ ਹੈ। ਸਰਕਾਰੀ ਹਸਪਤਾਲਾਂ ਦੇ ਰੂਪ 'ਚ ਮੁਹੱਈਆ ਸਿਹਤ ਸਹੂਲਤ ਗਰੀਬਾਂ ਨੂੰ ਸਿਹਤ ਲਾਭ ਥਾਂ ਮੌਤ ਦੇਣ 'ਚ ਵਧ ਸਮਰੱਥ ਹਨ। ਸਰਭ ਸਿੱਖਿਆ ਅਭਿਆਨ ਅਤੇ ਅਜਿਹੀਆਂ ਸਮੁੱਚੀਆਂ ਮੁਹਿੰਮਾਂ ਰਾਹੀਂ ਮੁਫਤ ਸਿੱਖਿਆ ਦੇਣ ਦੀ ਜੋ ਗੱਲ ਕਹੀ ਜਾ ਰਹੀ ਹੈ ਉਹ ਨਾ ਤਾਂ ਅਸਾਨੀ ਨਾਲ ਮੁਹੱਈਆ ਹੈ ਅਤੇ ਜੇ ਮਿਲ ਵੀ ਗਈ ਤਾਂ ਉਸਦਾ ਮਿਲਣਾ ਨਾ ਮਿਲਣਾ ਇਕ ਬਰਾਬਰ ਹੈ। ਭਾਵ ਸਿੱਖਿਆ ਅਤੇ ਸਿਹਤ ਜਿਸ ਨੂੰ ਗਰੀਬੀ ਰੇਖਾ ਤੋਂ ਵੱਧ ਰੱਖਿਆ ਗਿਆ ਹੈ, ਨਾ ਤਾਂ ਉਸ ਸਮੇਂ ਮੁਹੱਈਆ ਸੀ, ਨਾ ਅੱਜ। ਗਰੀਬੀ ਰੇਖਾ ਨੂੰ ਇਸ ਰੂਪ 'ਚ ਪ੍ਰਭਾਸ਼ਿਤ ਕੀਤਾ ਗਿਆ ਸੀ ਸ਼ਹਿਰ 'ਚ ਜੋ ਪ੍ਰੀਵਾਰ 2100 ਕੈਲੋਰੀ ਅਤੇ ਪਿੰਡ 'ਚ 2400 ਕੈਲਰੀ ਪ੍ਰਤੀ ਵਿਅਕਤੀ ਇਸਤੇਮਾਲ ਕਰੇਗਾ ਉਸ ਨੂੰ ਗਰੀਬ ਨਹੀਂ ਮੰਨਿਆ ਜਾਵੇਗਾ। ਇਹ ਪੈਮਾਨਾ ਹਾਸੋਹੀਣਾ ਹੈ ਕਿਉਂਕਿ ਇਸ 'ਚ ਖਾਣਾ ਪਕਾਉਣ ਲਈ ਬਾਲਣ, ਰਹਿਣ ਲਈ ਮਕਾਨ ਅਤੇ ਪਹਿਨਣ ਲਈ ਕੱਪੜਿਆਂ ਦਾ ਖਰਚ ਨਹੀਂ ਜੋੜਿਆ ਜਾਵੇਗਾ। ਸਿੱਖਿਆ ਅਤੇ ਸਿਹਤ ਨੂੰ ਪਹਿਲਾਂ ਤੋਂ ਹੀ ਵੱਖ ਰੱਖਿਆ ਗਿਆ ਹੈ। ਭਾਵ ਜੇ ਕੋਈ ਬੰਦਾ ਸਿਰਫ ਉਪਰੋਕਿਤ ਕੈਲਰੀ ਪੈਮਾਨੇ ਦੇ ਬਰਾਬਰ ਕੱਚਾ ਆਨਾਜ਼ ਪੇਟ 'ਚ ਸੁੱਟ ਲੈਂਦਾ ਹੈ ਤਾਂ ਉਹ ਗਰੀਬ ਨਹੀਂ ਹੈ। ਇਕ ਹਾਲੀਆਂ ਸਰਵੇਖਣ ਅਨੁਸਾਰ ਅੱਜ ਗਰੀਬਾਂ ਦੀ ਕੁਲ ਆਮਦਨ ਦਾ 75 ਤੋਂ 80 ਫੀਸਦੀ ਹਿੱਸਾ ਬਾਲਣ, ਜੁੱਤੇ, ਰਿਹਾਇਸ਼ ਅਤੇ ਕੱਪੜਿਆਂ ਤੇ ਖਰਚ ਆਉਂਦਾ ਹੈ। ਖਾਣ ਲਈ ਸਿਰਫ 20.25 ਫੀਸਦੀ ਆਮਦਨ ਹੀ ਬਚਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਗਰੀਬੀ ਰੇਖਾ ਅਤਾਕਿਰਕ ਅਤੇ ਅਸਲੀ ਗਰੀਬੀ ਨੂੰ ਛੁਪਾਉਣ ਲਈ ਬਣਾਈ ਗਈ ਹੈ। ਜੇ ਕੋਈ ਬੰਦਾ ਜੀ-ਮਾਰ ਕੇ ਸਿਰਫ ਪੂੰਜੀਪਤੀਆਂ ਲਈ ਕੰਮ ਕਰਨ ਲਾਇਕ ਹੋ ਜਾਏ ਤਾਂ ਉਹ ਗਰੀਬ ਨਹੀਂ ਮੰਨਿਆ ਜਾਵੇਗਾ। ਇਹ ਗਰੀਬੀ ਰੇਖਾ ਨਹੀਂ ਬਲਕਿ ਭੁੱਖਮਰੀ ਰੇਖਾ ਹੈ।

ਗਰੀਬੀ ਰੇਖਾ ਦੇ ਨਵੇਂ ਅੰਕੜੇ ਅੱਜ ਅਰਥਸਾਸ਼ਤਰੀ ਕਿਵੇਂ ਤਿਆਰ ਕਰਦੇ ਹਨ ਇਸ 'ਤੇ ਇਕ ਨਜ਼ਰ ਮਾਰਦੇ ਹਾਂ ਇਸ ਲਈ ਅਰਥ ਸ਼ਾਸਤਰੀ 1973-74 ਨੂੰ ਆਧਾਰ ਸਾਲ ਮੰਨਦੇ ਹਨ। ਉਸ ਸਮੇਂ ਦੀ ਖਪਤ ਦੀ ਘੱਟੋ-ਘੱਟ ਮਾਤਰਾ ਦੀ ਤੁਲਨਾ ਖਪਤਕਾਰ ਕੀਮਤ ਸੂਚਕਾਕਾਂ ਨਾਲ ਕਰ ਦਿੱਤੀ ਜਾਂਦੀ ਹੈ। ਜਿਸ ਕਾਰਨ ਗਰੀਬੀ ਰੇਖਾ ਬੇਹੱਦ ਹੇਠਾਂ ਆ ਜਾਂਦੀ ਹੈ। ਅਰਥਾਤ 1973-74 'ਚ ਦਰਸਾਏ ਖਪਤ ਪੱਧਰ ਲਈ ਜਿਸ ਖਰਚੇ ਦੀ ਗਣਨਾ ਕੀਤੀ ਗਈ ਸੀ ਉਸ ਖਰਚੇ ਨੂੰ ਅੱਜ ਸਿੱਧੇ ਵਸਤੂਆਂ ਦੇ ਰੀਟੇਲ ਮੁੱਲ ਅਨੁਸਾਰ ਨਾ ਨਿਕਾਲ ਕੇ ਉਸ ਨੂੰ ਕੀਮਤ ਸੂਚਕਾਕਾਂ ਦੇ ਆਧਾਰ 'ਤੇ ਸਮਾਯੋਜਿਤ ਕਰ ਲਿਆ ਜਾਂਦਾ ਹੈ। ਗਰੀਬੀ ਰੇਖਾ ਦਾ ਆਧਾਰ ਕੈਲਰੀ ਖਪਤ ਮੰਨਿਆ ਗਿਆ ਹੈ। ਇਸ ਲਈ ਗਰੀਬੀ ਰੇਖਾ ਦੇ ਨਵੇਂ ਸਿਰ ਤੋਂ ਗਣਨਾ ਕਰਕੇ ਇਹ ਤਹਿ ਕਰਨਾ ਚਾਹੀਦਾ ਹੈ ਕਿ ਪਿੰਡਾਂ 'ਚ 2400 ਅਤੇ ਸ਼ਹਿਰਾਂ 'ਚ 2100 ਕੈਲਰੀ ਦੀ ਵਰਤੋਂ ਕਰਨ ਲਈ ਕਿੰਨੀ ਔਸਤ ਪ੍ਰੀਵਾਰਕ ਹੁੰਦੀ ਹੈ ਅਤੇ ਨਾਲ ਹੀ ਇਹ ਗਣਨਾ ਵੀ ਕੀਤੀ ਹੈ ਕਿ ਜੇ ਕਿਸੇ ਬੰਦੇ ਦੀ ਮਾਸਕ ਆਮਦਨ 356 ਰੁਪਏ 30 ਪੈਸੇ ਹੋਵੇ ਤਾਂ ਉਹ ਕਿੰਨੀ ਕੈਲਰੀ ਦਾ ਵਰਤੋਂ ਕਰ ਸਕਦਾ ਹੈ। ਜੇ ਕਿਸੇ ਪੇਂਡੂ ਪ੍ਰੀਵਾਰ ਦੀ ਪ੍ਰਤੀ ਵਿਅਕਤੀ ਆਮਦਨ 356 ਰੁਪਏ 30 ਪੈਸੇ ਹੈ ਤਾਂ ਉਸ ਦਾ ਹਰ ਮੈਂਬਰ ਪ੍ਰਤੀ ਦਿਨ 1890 ਕੈਲਰੀ ਦੀ ਵਰਤੋਂ ਕਰ ਸਕੇਗਾ ਜੋ ਤਹਿ ਮਾਣਕ ਨਾਲ 500 ਕੈਲਰੀ ਤੋਂ ਵੀ ਵੱਧ ਘੱਟ ਹੈ। ਦੂਜੇ ਪਾਸੇ ਜੇ ਕਿਸੇ ਸ਼ਹਿਰੀ ਪ੍ਰੀਵਾਰ ਦੀ ਪ੍ਰਤੀ ਵਿਅਕਤੀ ਆਮਦਨ 538 ਰੁਪਏ 80 ਪੈਸੇ ਹੈ ਤਾਂ ਉਹ ਪ੍ਰਤੀ ਮੈਂਬਰ 1875 ਕੈਲਰੀ ਹੀ ਵਰਤ ਸਕੇਗਾ

ਜੋ ਪੈਮਾਨੇ ਤੋਂ 225 ਕੈਲਰੀ ਘੱਟ ਹੈ। ਭਾਵ ਦੇਸ਼ 'ਚ ਗਰੀਬੀ ਨਹੀਂ ਘੱਟ ਰਹੀ ਬਲਕਿ ਗਰੀਬੀ ਰੇਖਾ ਪੈਮਾਨਾ ਨੂੰ ਹੇਠਾਂ ਸਰਕਾਰ ਸਰਕਾ ਕੇ ਸਰਕਾਰ ਗਰੀਬੀ ਨੂੰ ਘੱਟ ਵਿਖਾਉਂਦੀ ਹੈ। ਗਰੀਬੀ ਰੇਖਾ ਦੀ ਕੈਲਰੀ ਖਪਤ ਦੇ ਪੈਮਾਨੇ ਨੂੰ ਜੇ ਨਜ਼ਰ ਅੰਦਾਜ਼ ਕਰ ਦਿੱਤਾ ਜਾਵੇ ਤਾਂ ਗਰੀਬੀ ਰੁੱਕੀ ਹੋਈ ਜਾਂ ਘੱਟ ਹੁੰਦੀ ਜ਼ਰੂਰ ਦਿਸੇਗੀ। ਪਰ ਕੈਲਰੀ ਖਪਤ ਦੇ ਪੱਧਰ ਨੂੰ ਪੋਸ਼ਣ ਦੇ ਸਿੱਟੇ ਵਜੋਂ ਵੇਖੀਏ ਤਾਂ ਗਰੀਬੀ ਰੇਖਾ ਅਰਥਹੀਣ ਹੋ ਜਾਵੇਗੀ। ਦੇਸ਼ 'ਚ ਜੇ ਕੁਪੋਸ਼ਣ ਤੇ ਭੁੱਖਮਰੀ ਵੱਧ ਰਹੀ ਹੈ ਤਾਂ ਜਾਹਿਰ ਹੈ ਕਿ ਇਹ ਪੈਮਾਨਾ ਅਰਥਹੀਣ ਹੈ। ਸੰਯੁਕਤ ਰਾਜ ਦੇ ਮਨੁੱਖੀ ਵਿਕਾਸ ਸੂਚਕਾਂਕ ਵਿੱਚ ਭਾਰਤ ਦਾ ਸਥਾਨ 182 ਦੇਸ਼ਾਂ ਵਿੱਚ 134 ਵਾਂ ਹੈ। ਪਤਾ ਹੋਵੇ ਕਿ 2005 'ਚ ਇਹ ਸਥਾਨ 128 ਵਾਂ ਸੀ। ਵਧਦੀ ਭੁੱਖਮਰੀ ਤੇ ਕੁਪੋਸ਼ਣ ਕਾਰਨ ਭਾਰਤ ਮਨੁੱਖੀ ਵਿਕਾਸ ਦੇ ਮਾਮਲੇ 'ਚ ਸਬਸਹਾਰਾ ਦੇ ਦੇਸ਼ਾਂ ਤੋਂ ਵੀ ਪਿੱਛੇ ਰਹਿੰਦਾ ਜਾ ਰਿਹਾ ਹੈ। ਅਫਗਾਨਿਸਤਾਨ, ਚਾੜ, ਅੰਗੋਲਾ, ਬੁਰੁੰਡੀ ਆਦਿ ਵੀ ਪ੍ਰਤੀ ਵਿਅਕਤੀ ਪੋਸ਼ਣ ਦੇ ਮੁਕਾਬਲੇ ਭਾਰਤ ਤੋਂ ਕਿਤੇ ਅੱਗੇ ਹੈ। ਜਾਹਿਰ ਹੈ ਕਿ ਮਨਮੋਹਨ ਸਿੰਘ ਦੇ ਮਨਮੌਜੀ ਦਾਅਵਿਆਂ ਦਾ ਕੀ ਅਰਥ ਕੱਢਿਆ ਜਾਵੇ, ਇਸ ਦਾ ਫੈਸਲਾ ਪਾਠਕ ਖੁਦ ਕਰ ਸਕਦੇ ਹਨ। ਕੌਮੀ ਨਮੂਨਾ ਸਰਵੇਖਣ ਦੇ ਅੰਕੜੇ ਦੱਸਦੇ ਹਨ ਕਿ ਨਵੀਆਂ ਆਰਥਕ ਨੀਤੀਆਂ ਪਿੱਛੋਂ ਪ੍ਰਤੀ ਵਿਅਕਤੀ ਅਨਾਜ ਦੀ ਖਪਤ ਘਟੀ ਹੈ। ਇਹ 1993-94 'ਚ ਸ਼ਹਿਰਾਂ 'ਚ 10.6 ਕਿਲੋ ਮਹੀਨਾ ਸੀ ਜੋ 2006-07 'ਚ 9.6 ਕਿਲੋ ਮਾਸਕ ਹੋ ਗਈ। ਪਿੰਡਾਂ 'ਚ ਇਹ 13.4 ਕਿਲੋ ਤੋਂ ਘੱਟ ਕੇ 11.7 ਕਿਲੋ ਮਹੀਨਾ ਰਹਿ ਗਈ। ਇਸ ਦਾ ਕਾਰਨ ਨਵੀਆਂ ਆਰਥਕ ਨੀਤੀਆਂ ਦੇ ਲਾਗੂ ਹੋਣ ਪਿੱਛੋਂ ਤੇਜ਼ੀ ਨਾਲ ਮਹਿੰਗਾ ਹੁੰਦਾ ਜੀਵਨ ਅਤੇ ਅਨਾਜਾਂ 'ਚ ਸੱਟਾ ਬਾਜ਼ਾਰੀ। ਇਜ਼ਾਰੇਦਾਰ ਪੂੰਜੀ ਦੇ ਨਿਵੇਸ਼, ਜਮਾਖੋਰੀ ਤੇ ਵਾਅਦਾ ਵਪਾਰ ਦੇ ਕਾਰਣ ਹੋਇਆ ਮਹਿੰਗਾਈ ਵਾਧਾ ਹੈ। ਗਰੀਬੀ ਰੇਖਾ ਤਹਿ ਕਰਦੇ ਸਮੇਂ ਸਿੱਕੇ ਦਾ ਫੈਲਾਅ ਅਤੇ ਮਜ਼ਦੂਰੀ 'ਚ ਕਮੀ ਵਰਗੇ ਮੱਹਤਵਪੂਰਨ ਕਾਰਕਾਂ ਨੂੰ ਨਹੀਂ ਸ਼ਾਮਲ ਕੀਤਾ ਗਿਆ ਹੈ। ਅੱਜ ਦੇ ਖਪਤਕਾਰ ਕੀਮਤ ਸੂਚਕਾਂਕ ਪਿਛਲੇ ਕੁਝ ਦਿਨਾਂ 'ਚ ਕਮੀ ਵਿਖਾ ਰਹੇ ਹਨ। ਜਦਕਿ ਦੁਕਾਨਾਂ 'ਤੇ ਚੀਜ਼ਾਂ ਹੋਰ ਮਹਿੰਗੀਆਂ ਵਿੱਕ ਰਹੀਆਂ ਹਨ। ਇਸ ਦਾ ਕਾਰਨ ਥੋਕ ਮੁੱਲਾਂ 'ਤੇ ਆਧਾਰਤ ਖਪਤ ਸੂਚਕਾਂਕਾਂ ਦੀ ਗਿਣਤੀ ਹੈ ਜੋ ਆਪਣੇ ਆਪ 'ਚ ਅਧੂਰੀ ਤੇ ਗਲਤ ਹੈ। ਸਿੱਕੇ ਦੇ ਫੈਲਾਅ ਦੇ ਕਾਰਨ ਨੂੰ ਨਜ਼ਰ ਅੰਦਾਜ਼ ਕਰ ਦੇਈਏ ਤਾਂ 1973-74 ਦੇ ਪੈਮਾਨਿਆਂ ਨਾਲ ਮਜ਼ਦੂਰੀ ਵਧੀ ਨਜ਼ਰ ਆਉਂਦੀ ਹੈ ਪਰ ਜੇ ਮੁਦਰਾਸਫਿਤੀ ਦੇ ਕਾਰਨ ਨੂੰ ਵਿਚ ਗਿਣੀਏ ਤਾਂ ਅਸੀਂ ਵੇਖਦੇ ਹਾਂ ਕਿ ਇਸ ਦੇਸ਼ ਦੀ ਮਜ਼ਦੂਰ ਜਮਾਤ ਤੇ ਆਮ ਮਿਹਨਤਕਸ਼ ਜਨਤਾ ਦੀ ਅਸਲੀ ਆਮਦਨ 'ਚ ਕਮੀ ਆਈ ਹੈ ਜੋ ਉਸ ਦੇ ਜੀਵਨ ਪੱਧਰ 'ਚ ਸਾਫ ਝਲਕਦੀ ਹੈ। ਜਾਹਿਰ ਹੈ ਕਿ ਅੰਕੜਿਆਂ ਦੇ ਨਾਲ ਇਹ ਜ਼ੋਰ ਜਬਰਦਸਤੀ ਇਸ ਕੰਮ 'ਚ ਮਾਹਰ ਹੋ ਚੁੱਕਿਆ ਦੇਸ਼ ਦੀ ਵਿਭਚਾਰੀ ਹਾਕਮ ਜਮਾਤ ਹੀ ਕਰ ਸਕਦੀ ਹੈ ਪਰ ਜੋ ਅੱਧੀ ਤੋਂ ਵੱਧ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ ਉਹ ਪ੍ਰਧਾਨ ਮੰਤਰੀ ਦੀ ਬਿਆਨਬਾਜ਼ੀ ਨਾਲ ਇਹ ਫੈਸਲਾ ਨਹੀਂ ਕਰੇਗੀ ਕਿ ਉਹ ਗਰੀਬ ਹੈ ਜਾਂ ਨਹੀਂ ਬਲਕਿ ਉਹ ਆਪਣੇ ਜੀਵਨ ਦੀਆਂ ਹਾਲਤਾਂ ਤੋਂ ਇਹ ਫੈਸਲਾ ਕਰੇਗੀ। ਪ੍ਰਧਾਨ ਮੰਤਰੀ ਦੇ ਬਿਆਨ ਉੱਚ ਮੱਧਵਰਗ ਤੇ ਮੱਧ ਵਰਗ ਦੇ ਪੜ੍ਹੇ ਲਿਖੇ ਅਨਪੜ੍ਹਾਂ ਨੂੰ ਤਾਂ ਮੂਰਖ ਬਣਾ ਸਕਦੇ ਹਨ ਪਰ ਦੇਸ਼ ਦੀ 80 ਫੀਸਦੀ ਆਮ ਮਿਹਨਤਕਸ਼ ਜਨਤਾ ਨੂੰ ਨਹੀਂ।

# ਬਸਪਾ ਦੇ ਪੱਚੀ ਸਾਲ-ਦਲਿਤਾਂ ਨਾਲ ਠੱਗੀ

ਬਹੁਜਨ ਸਮਾਜ ਪਾਰਟੀ ਨੇ ਪਿੱਛੇ ਜਿਹੇ ਹੀ ਆਪਣੀ ਸਥਾਪਨਾ ਦੀ ਪੱਚੀਵੀ ਵਰ੍ਹੇਗੰਢ ਧੂਮਧਾਮ ਨਾਲ ਬਣਾਈ। ਬਸਪਾ ਦੇ ਬਾਨੀ ਕਾਂਸੀਰਾਮ ਦੇ ਜਨਮ ਦਿਨ ਮੌਕੇ ਇਕ ਵਿਸ਼ਾਲ ਰੈਲੀ ਕਰਕੇ ਬਸਪਾ ਨੇਤਾ ਮਾਇਆਵਤੀ ਨੇ ਆਪਣੀ ਸੱਤਾ ਤੇ ਸ਼ਕਤੀ ਦਾ ਬੇਹੱਦ ਮੁਜ਼ਾਹਰਾ ਕੀਤਾ। ਕਰੋੜਾਂ ਰੁਪਏ ਦਾ ਹਾਰ ਪਹਿਨ ਕੇ ਬਸਪਾ ਅਤੇ ਮਾਇਆਵਤੀ ਨੇ ਇਹ ਸਾਫ਼ ਕਰ ਦਿੱਤਾ ਕਿ ਕਦੀ ਦਲਿਤਾਂ ਤੇ ਗਰੀਬਾਂ ਦੀ ਪਾਰਟੀ ਦੌਲਤ ਤੇ ਫਜ਼ੂਲਖਰਚੀ 'ਚ ਅੱਜ ਕਿਸੇ ਸਰਮਾਏਦਾਰਾਂ ਪਾਰਟੀ ਤੋਂ ਘੱਟ ਨਹੀਂ ਹੈ। ਇਸ ਰੈਲੀ ਦੇ ਆਯੋਜਨ 'ਚ ਵੀ ਕਰੋੜਾਂ ਰੁਪਏ ਖਰਚ ਹੋਏ। ਜਦ ਮਾਇਆਵਤੀ ਤੇ ਬਸਪਾ ਦੇ ਖਰਚੀਲੇਪਣ ਦੀ ਵਿਰੋਧੀ ਪਾਰਟੀਆਂ ਨੇ ਆਲੋਚਨਾ ਕੀਤੀ ਤਾਂ ਬਸਪਾ ਨੇਤਾਵਾਂ ਨੇ ਇੰਦਰਾ ਗਾਂਧੀ ਤੋਂ ਲੈ ਕੇ ਮੁਲਾਇਮ-ਲਾਲੂ ਤਕ ਸਭ ਨੇਤਾਵਾਂ ਵਲੋਂ ਨੋਟਾਂ ਦਾ ਹਾਰ ਪਹਿਨਣ, ਨੋਟਾਂ ਨਾਲ ਖੁਦ ਨੂੰ ਹੀ ਤੁਲਵਾਉਣ ਜਾਂ ਸੋਨੇ ਦਾ ਮੁਕਟ, ਤਲਵਾਰ ਜਾਂ ਗਦਾ ਧਾਰਣ ਕਰਨ ਵਰਗੀਆਂ ਉਦਾਹਰਣਾਂ ਦੇ ਕੇ ਆਪਣੀ ਪਾਰਟੀ ਤੇ ਆਪਣੇ ਨੇਤਾਵਾਂ ਦਾ ਬਚਾਅ ਕੀਤਾ। ਇਹ ਇਸ ਗੱਲ ਦਾ ਸਬੂਤ ਸੀ ਕਿ ਬਸਪਾ ਤੇ ਹੋਰ ਰਾਜਸੀ ਪਾਰਟੀਆਂ 'ਚ ਕੋਈ ਫਰਕ ਨਹੀਂ ਹੈ। ਬਹੁਜਨ ਸਮਾਜ ਪਾਰਟੀ ਨਾਲ ਜੁੜੇ ਬਹੁਤੇ ਲੋਕ ਮਾਇਆਵਤੀ ਤੇ ਬਸਪਾ ਵਲੋਂ ਦੌਲਤ ਤੇ ਤਾਕਤ ਦੇ ਇਸ ਦਿਖਾਵੇ ਤੋਂ ਬਹੁਤ ਦੁੱਖੀ ਹੁੰਦੇ ਹਨ। ਉਹਨਾਂ ਦਾ ਮੰਨਣਾ ਹੁੰਦਾ ਹੈ ਕਿ ਕਾਂਸ਼ੀਰਾਮ ਹੁੰਦੇ ਤਾਂ ਅਜਿਹਾ ਨਾ ਹੁੰਦਾ। ਕੀ ਬਸਪਾ 'ਚ ਅੱਜ ਜੋ ਕੁਝ ਹੋ ਰਿਹਾ ਹੈ ਉਹ ਬਸਪਾ ਦੇ ਉਦੇਸ਼ਾਂ ਤੋਂ ਵੱਖਰਾ ਹੈ, ਉਸ ਦੇ ਖਿਲਾਫ ਹੈ? ਇਸ ਗੱਲ ਦੀ ਪੜਤਾਲ ਕਰਨ ਲਈ ਬਸਪਾ ਦੇ ਇਤਿਹਾਸ ਨੂੰ ਥੋੜ੍ਹਾ ਜਾਨਣਾ ਹੋਵੇਗਾ। ਬਸਪਾ ਦੀ ਸਥਾਪਨਾ 1984 'ਚ ਕਾਂਸ਼ੀਰਾਮ ਨੇ ਕੀਤੀ। ਇਸ ਤੋਂ ਪਹਿਲਾਂ ਕਾਂਸ਼ੀਰਾਮ ਨੇ ਪਾਰਟੀ ਦੀ ਬੁਨਿਆਦ ਰੱਖਣ ਲਈ ਡੀ ਐਸ-4 (ਦਲਿਤ ਸੋਸ਼ਿਤ ਸਮਾਜ ਸੰਘਰਸ਼ ਸੰਮਤੀ) ਅਤੇ ਉਸ ਤੋਂ ਪਹਿਲਾਂ ਬਾਮਸੇਫ (ਬੈਕਵਰਡ ਮਾਇਨੋਰਟੀ ਐਂਡ ਸ਼ੈਡੂਲਡ ਕਲਾਸ ਇਮਪਲਾਈਜ਼ ਫੈਡਰੇਸ਼ਨ) ਦਾ ਗਠਨ ਕੀਤਾ ਸੀ। ਕਾਂਸੀਰਾਮ ਨੇ ਦਲਿਤ ਉੱਚ ਅਧਿਕਾਰੀਆਂ ਖਾਸ ਕਰਕੇ ਆਈ ਏ ਐਸ ਪੀ ਸੀ ਐਸ ਅਧਿਕਾਰੀਆਂ ਨੂੰ ਜੋੜਿਆਂ ਜੋ ਉਹਨਾਂ ਲਈ 'ਮਨੀ ਬੈਂਕ ਤੇ ਬ੍ਰੇਨ ਬੈਂਕ' ਵਜੋਂ ਸਹਿਯੋਗੀ ਬਣੇ। ਇਸ ਲੜੀ 'ਚ ਖਾਂਦੇ ਪੀਂਦੇ ਸਰਕਾਰੀ ਮੁਲਾਜ਼ਮਾ ਨੂੰ ਲੈ ਕੇ ਬਾਮਸੇਫ ਗਠਿਤ ਕੀਤੀ ਗਈ। ਦਲਿਤਾਂ ਦੇ ਇਸ ਹਿੱਸੇ ਦੀ ਆਰਥਕ ਸਥਿਤੀ ਤਾਂ ਠੀਕ ਸੀ ਪਰ ਉਹਨਾਂ ਦਾ ਸਮਾਜਿਕ ਤੌਰ 'ਤੇ ਆਪਣੇ ਬਰਾਬਰ ਦੇ ਸਵਰਨ ਜਾਤੀਆਂ ਵਾਲਿਆਂ ਵਰਗਾ ਰੁਤਬਾ ਨਹੀਂ ਸੀ। ਇਹ ਵਰਗੇ ਨਪੀੜੀ ਜਾਂਦੀ ਦਲਿਤ ਅਬਾਦੀ ਨਾਲੋਂ ਕੱਟਿਆ ਹੋਇਆ ਸੀ ਜਾ ਕਿ ਖੁਦ ਸਵਰਣ ਬਣਨ ਦੀ ਦੌੜ 'ਚ ਖੁਦ ਨੂੰ ਨਪੀੜੇ ਤੇ ਲੁੱਟੇ ਜਾਂਦੇ ਦਲਿਤਾਂ ਤੋਂ ਆਪਣੇ ਆਪ ਨੂੰ ਕੱਟ ਰੱਖਿਆ ਸੀ। ਇਸ ਲਈ ਬਰਾਬਰੀ ਦੇ ਅਰਥ ਸਿਰਫ ਸਮਾਜਕ ਤੌਰ 'ਤੇ ਸਵਰਣ ਦੇ ਬਰਾਬਰ ਪਹੁੰਚ ਕੇ ਪੂਰੀ ਤਰ੍ਹਾਂ ਸਵਰਣਾਂ 'ਚ ਘੁਲ ਮਿਲ ਜਾਣ ਦੀ ਇਸ ਦੀ ਲਾਲਸਾ ਦੀ ਪੂਰਤੀ ਤੋਂ ਵੱਧ ਕੁਝ ਨਹੀਂ ਸੀ। ਇਸ ਲਈ ਇਸ ਨੇ ਨਾਹਰਾ ਦਿੱਤਾ ਪਹਿਲਾਂ ਸਮਾਜਕ ਬਰਾਬਰੀ ਪਿੱਛੋਂ ਆਰਥਕ ਬਰਾਬਰੀ। ਇਸ ਤਰ੍ਹਾਂ ਇਹ ਜਮਾਤ ਜਬਰ ਤੇ ਲੁੱਟ ਦੀ ਸ਼ਿਕਾਰ ਦਲਿਤ ਬਹੁਗਿਣਤੀ

ਦੀ ਮੁਕਤੀ ਦੇ ਸਵਾਲ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਸੀ ਇਹ ਨੌਕਰਸ਼ਾਹ ਤੇ ਖਾਂਦਾ ਪੀਂਦਾ ਤਬਕਾ ਖੁਦ ਪੂੰਜੀਵਾਦੀ ਪ੍ਰਬੰਧ ਦਾ ਅੰਗ ਸੀ, ਇਸ ਲਈ ਇਹ ਅਜਿਹਾ ਕੋਈ ਸੰਘਰਸ਼ ਨਾ ਲੜ ਸਕਦਾ ਸੀ ਤੇ ਨਾ ਹੀ ਲੜਨਾ ਚਾਹੁੰਦਾ ਸੀ। ਜੋ ਸਮੁੱਚੇ ਦਲਿਤ ਵਰਗ ਦੀ ਮੁਕਤੀ ਅਤੇ ਪ੍ਰਬੰਧ ਦੇ ਟਕਰਾਅ ਨਾਲ ਜੁੜਦਾ ਹੋਵੇ ਅਜਿਹੇ 'ਚ ਇਸ ਵਰਗ ਦੇ ਸਾਹਮਣੇ ਇਕ ਹੀ ਰਾਹ ਸੀ-ਵਿਆਪਕ ਦਲਿਤ ਆਬਾਦੀ ਦੀ ਪੂਰਨ ਮੁਕਤੀ, ਆਰਥਕ ਬਰਾਬਰੀ, ਇਨਕਲਾਬੀ ਭੂਮੀ ਸੁਧਾਰ ਵਰਗੇ ਸਵਾਲਾਂ ਨੂੰ ਕਿਨਾਰੇ ਰੱਖਕੇ ਦਲਿਤਾਂ ਦੇ ਸਮਾਜਕ ਸਨਮਾਨ ਦੇ ਸਵਾਲ ਨੂੰ ਹੀ ਕੇਂਦਰ ਬਣਾ ਕੇ ਇਕ ਰਾਜ ਸੀ ਸ਼ਕਤੀ ਵਜੋਂ ਦਲਿਤਾਂ ਨੂੰ ਆਪਣੇ ਪਿੱਛੇ ਲਾਮਬੰਦ ਕਰਨਾ ਤੇ ਦੂਜਾ ਰਾਜਸੀ ਸ਼ਕਤੀ ਲਈ ਚੁਣਾਵੀ ਰਾਜਨੀਤੀ ਦੇ ਤਹਿਤ ਹਰ ਤਰ੍ਹਾਂ ਦੇ ਪੂੰਜੀਵਾਦੀ ਗੱਠਜੋੜ ਤੇ ਮੌਕਾਪ੍ਰਸਤੀ ਨੂੰ ਆਪਣਾ ਹਥਿਆਰ ਬਣਾਉਣਾ। ਇਸ ਲਈ ਬਸਪਾ ਬਾਨੀ ਕਾਂਸ਼ੀ ਰਾਮ ਨੇ ਨਿਰਸੰਕੋਚ ਮੌਕਾਪ੍ਰਸਤੀ ਨੂੰ ਅਪਣਾ ਮੁੱਖ ਹਥਿਆਰ ਤੇ ਰਣਨੀਤੀ ਐਲਾਨਿਆ।

ਬਸਪਾ ਦੀ ਸਥਾਪਨਾ ਪਿੱਛੋਂ ਕਾਸ਼ੀਰਾਮ ਨੇ ਖਾੜਕੂ ਸਵਰਨ ਵਿਰੋਧੀ ਨਾਹਰੇ ਦੇ ਕੇ ਦਲਿਤ ਵਿਚਕਾਰ ਤੇਜ਼ੀ ਨਾਲ ਪ੍ਰਸਿੱਧੀ ਤੇ ਪਿਆਰ ਹਾਸਲ ਕਰ ਲਿਆ 'ਤਿਲਕ ਤਰਾਜੂ ਔਰ ਤਲਵਾਰ ਸਭ ਨੂੰ ਮਾਰੋ ਜੁੱਤੇ ਚਾਰ' 'ਵੋਟ ਹਮਾਰਾ ਰਾਜ ਤੁਮਾਰਾ ਨਹੀਂ ਚਲੇਗਾ' ਵਰਗੇ ਨਾਹਰਿਆਂ ਰਾਹੀਂ ਉਹਨਾਂ ਨੇ ਦਲਿਤ ਸਵੈਮਾਨ ਨੂੰ ਉਭਾਰਨ 'ਚ ਸਫਲਤਾ ਹਾਸਲ ਕੀਤੀ ਅਤੇ ਦਲਿਤ ਭਾਈਚਾਰੇ ਅੰਦਰ ਮਸੀਹੇ ਦਾ ਦਰਜਾ ਹਾਸਲ ਕਰ ਲਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕਾਂਸ਼ੀ ਰਾਮ ਨੇ ਆਪਣੀ ਰਾਜਸੀ ਕਰਮਭੂਮੀ ਉਤਰਪ੍ਰਦੇਸ਼ ਤੇ ਪੰਜਾਬ ਵਰਗੇ ਉਤਰ ਭਾਰਤੀ ਰਾਜਾਂ ਨੂੰ ਬਣਾਇਆ। ਇਹ ਰਵਾਇਤੀ ਤੌਰ 'ਤੇ ਦਲਿਤ ਅੰਦੋਲਨ ਦਾ ਕੋਈ ਜ਼ਿਕਰਯੋਗ ਇਤਿਹਾਸ ਨਹੀਂ ਸੀ। ਮਹਾਰਾਸ਼ਟਰ ਵਰਗੇ ਸੂਬੇ ਜੋ ਅੰਬੇਦਕਰ ਦੇ ਸਮੇਂ ਤੋਂ ਹੀ ਅੰਦੋਲਨ ਦੇ ਗੜ੍ਹ ਰਹੇ ਸਨ ਉਧਰ ਵੱਲ ਉਹਨਾਂ ਰੁੱਖ ਨਹੀਂ ਕੀਤਾ। ਉਥੇ ਅੰਬੇਦਕਰ ਦੀ ਵਿਰਾਸਤ ਦੇ ਉਤਰਾਧਿਕਾਰੀ ਵਜੋਂ ਉਹਨਾਂ ਦੇ ਦਾਅਵੇ ਨੂੰ ਰਿਪਬਲੀਕਨ ਪਾਰਟੀ ਤੇ ਪੈਂਥਰਸ ਹੁੰਦਿਆਂ ਮਾਨਤਾ ਨਹੀਂ ਸੀ ਮਿਲਣੀ। ਇਹ ਵੀ ਵਰਨਣਯੋਗ ਹੈ ਕਿ ਤੇਜ਼ ਸਵਰਨ ਵਿਰੋਧੀ ਪ੍ਰਚਾਰ ਤੋਂ ਇਲਾਵਾ ਦਲਿਤਾਂ ਦੀ ਮਾੜੀ ਹਾਲਤ ਤੇ ਗੈਰ ਮਨੁੱਖੀ ਲੁੱਟ ਖਿਲਾਫ਼ ਜ਼ਮੀਨੀ ਪੱਧਰ 'ਤੇ ਬਸਪਾ ਨੇ ਕਦੀ ਕੋਈ ਲੜਾਈ ਲੜੀ ਹੀ ਨਹੀਂ ਪਰ ਫਿਰ ਵੀ ਸਵਰਨ ਵਿਰੋਧੀ ਤੇਜ਼ ਪ੍ਰਚਾਰ ਕਾਰਨ ਉਤਰ ਭਾਰਤ 'ਚ ਬਸਪਾ ਤੇਜ਼ੀ ਨਾਲ ਹਰਮਨਪਿਆਰੀ ਹੋਈ।

ਸ਼ੁਰੂਆਤੀ ਦੌਰ ਵਿੱਚ ਬਸਪਾ ਨੂੰ ਦਲਿਤ-ਗਰੀਬਾਂ ਦੀ ਪਾਰਟੀ ਦੀ ਪਹਿਚਾਣ ਹਾਸਲ ਹੋਈ। ਉਹਨਾਂ ਦੇ ਦਫਤਰ ਆਮ ਤੌਰ 'ਤੇ ਦਲਿਤ ਬਸਤੀਆਂ ਜਾਂ ਸ਼ਹਿਰਾਂ 'ਚ ਝੁੱਗੀ ਝੌਂਪੜੀਆਂ 'ਚ ਹੁੰਦੇ ਸਨ ਅਤੇ ਹੇਠਲੇ ਪੱਧਰ 'ਤੇ ਨੇਤਾਂ ਤੇ ਵਰਕਰ ਗਰੀਬ ਦਲਿਤ ਫਿਰਕੇ 'ਚੋਂ ਹੁੰਦੇ ਸਨ। 1991 'ਚ ਉਤਰ ਪ੍ਰਦੇਸ਼ ਵਿਧਾਨ ਸਭਾ 'ਚ 100 ਤੋਂ ਆਰਥਕ ਸੀਟਾਂ ਹਾਸਲ ਕਰਕੇ ਬਸਪਾ ਨੇ ਸਪਾ ਦੇ ਨਾਲ ਸਾਂਝੀ ਸਰਕਾਰ ਬਣਾਈ। ਇਸ ਪਿੱਛੋਂ ਮੌਕਾਪ੍ਰਸਤੀ ਦਾ ਨੰਗਾ ਨਾਚ ਨਚਦਿਆ ਮਾਇਆਵਤੀ 1996 'ਚ ਭਾਜਪਾ ਵਰਗੀ 'ਮੰਨੂਵਾਦੀ' ਪਾਰਟੀ ਦੇ ਸਹਿਯੋਗ ਨਾਲ ਮੁੱਖ ਮੰਤਰੀ ਬਣੀ। ਹੁਣ ਬਸਪਾ ਨੇ 'ਬਹੁਜਨ' ਦੀ ਪ੍ਰੀਭਾਸ਼ਾ ਹੀ ਬਦਲ ਦਿੱਤੀ ਮਾਇਆਵਤੀ ਨੇ ਖੁੱਲ੍ਹੇਆਮ ਐਲਾਨ ਕੀਤਾ ਜੋ ਜਾਤੀ ਜਿੱਥੇ ਬਹੁਗਿਣਤੀ ਵਿੱਚ ਹੈ ਉਹ ਉਥੇ ਬਹੁਜਨ ਹੈ। ਬਸਪਾ ਦੇ ਦਰਵਾਜ਼ੇ ਸਵਰਨ ਨੇਤਾਵਾਂ, ਧਨਕੁਬੇਰਾਂ ਲਈ ਖੋਲ੍ਹ ਦਿੱਤੇ ਅਤੇ ਬਸਪਾ ਨੇਤਾ ਮਾਇਆਵਤੀ 'ਤੇ ਪੈਸੇ

ਲੈ ਕੇ ਟਿਕਣੇ ਦੇਣ ਦੇ ਦੋਸ਼ ਸ਼ਰੇਆਮ ਲੱਗਣ ਲੱਗੇ। ਅਪਰਾਧੀਆਂ ਤੇ ਹਿਸਟਰੀਸ਼ੀਟਰ ਬਦਮਾਸ਼ਾ ਲਈ ਬਸਪਾ ਸਭ ਤੋਂ ਸੁਰੱਖਿਅਤ ਪਨਾਹਗਾਹ ਬਣ ਗਈ। ਇਸ ਦੌਰਾਨ ਕਾਂਸ਼ੀਰਾਮ ਲਕਵੇ ਦਾ ਸ਼ਿਕਾਰ ਹੋ ਕੇ ਰਾਜਸੀ ਤੌਰ 'ਤੇ ਗੈਰ ਸਰਗਰਮ ਹੋ ਗਏ ਅਤੇ ਬਸਪਾ ਦੀ ਕਮਾਨ ਮਾਇਆਵਤੀ ਕੋਲ ਆ ਗਈ। ਵਕਤ ਗੁਜ਼ਰਨ ਨਾਲ ਮਾਇਆਵਤੀ ਤੇ ਬਸਪਾ ਨੂੰ ਇਹ ਅਹਿਸਾਸ ਹੋ ਗਿਆ ਕਿ ਸਿਰਫ ਦਲਿਤ ਵੋਟਾਂ, ਜੋੜ-ਤੋੜ ਤੇ ਮੌਕਾਪ੍ਰਸਤੀ ਦੇ ਆਸਰੇ ਇਕਦਮ ਸੱਤਾ ਹਾਸਲ ਕਰਨਾ ਅਸੰਭਵ ਹੈ। ਸਥਾਈ ਤੇ ਬਾਝਵੀਂ ਸੱਤਾ ਹਾਸਿਲ ਕਰਨ ਲਈ ਬਸਪਾ ਨੂੰ ਆਪਣੀ ਦਲਿਤ ਪਹਿਚਾਣ ਤੋਂ ਮੁਕਤੀ ਹਾਸਲ ਕਰਨੀ ਹੋਵੇਗੀ। ਹੁਣ ਬਸਪਾ ਨੇ ਖੁਦ ਨੂੰ ਦਲਿਤਾਂ ਦੀ ਜਾਂ ਬਹੁਜਨ ਦਾ ਪਾਰਟੀ ਦੀ ਬਜਾਏ ਸਰਭਜਨ ਦੀ ਪਾਰਟੀ ਐਲਾਨ ਕਰ ਦਿੱਤਾ। ਇਸ ਨੂੰ ਬਸਪਾ ਦੀ ਨਵੀਂ 'ਸੋਸ਼ਨ ਇੰਜਨੀਰਿੰਗ' ਦੇ ਤਹਿਤ ਬਸਪਾ ਨੇ 'ਬ੍ਰਾਹਮਣ ਸੰਮੇਲਨ' 'ਖਤਰੀ ਸੰਮੇਲਨ' ਅਤੇ 'ਵੈਸ਼ਿਆ ਸੰਮੇਲਨ' ਆਯੋਜਿਤ ਕੀਤੇ ਗਏ। ਬਸਪਾ ਦੇ ਲਈ ਹੁਣ ਬ੍ਰਾਹਮਣ ਮੰਨੂਵਾਦੀ ਨਹੀਂ ਰਹਿ ਗਏ। ਬਲਕਿ ਇਉਂ ਕਹੀਏ ਤਾਂ ਬਸਪਾ ਨੇ ਖੁਦ ਦੀ ਦਲਿਤ ਪਹਿਚਾਣ ਨੂੰ ਝਟਕਾਉਣ ਲਈ ਪੂਰਾ ਜ਼ੋਰ ਲਾ ਦਿੱਤਾ। ਬਸਪਾ ਨੇ ਨਵਾਂ ਨਾਹਰਾ ਖੋਜਿਆ, 'ਹਾਥੀ ਨਹੀਂ ਗਣੇਸ਼ ਹੈ ਬ੍ਰਿਮਾ ਵਿਸ਼ਨੂੰ ਮਹੇਸ਼ ਹੈ।' ਬਸਪਾ ਨੇ ਉਤਰ ਪ੍ਰਦੇਸ਼ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਇਸ ਰਣਨੀਤੀ 'ਤੇ ਕੰਮ ਕਰਦਿਆਂ 80 ਬ੍ਰਾਹਮਣਾਂ ਅਤੇ 140 ਦੇ ਲਗਭਗ ਉਚਜਾਤੀ ਦੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ। ਗਰੀਬਾਂ ਦੀ ਪਾਰਟੀ ਨੇ ਉਤਰ ਪ੍ਰਦੇਸ਼ ਵਿਧਾਨ ਸਭਾ 'ਚ ਪੂਰਨ ਬਹੁਮਤ ਹਾਸਲ ਕਰਕੇ ਸਰਕਾਰ ਬਣਾਈ। ਦਲਿਤ ਸਰਮਾਏਦਾਰ ਜਮਾਤ ਦੀ ਹਸਰਤਾਂ ਪੂਰੀਆਂ ਹੋ ਗਈਆਂ। ਉਸ ਦਾ ਸਮਾਜਕ ਬਰਾਬਰੀ ਦਾ ਮਿਸ਼ਨ ਪੂਰਾ ਹੋ ਗਿਆ। ਉਸ ਦੇ ਲਈ ਹੁਣ ਸੱਤਾ ਦੇ ਜ਼ੋਰ 'ਤੇ ਭਰਪੂਰ ਲੁੱਟ ਮਚਾਉਣ ਦਾ ਟੀਚਾ ਹੀ ਬਚਿਆ ਸੀ। ਇਸ ਲਈ ਨਜਾਇਜ਼ ਵਸੂਲੀਆਂ ਆਮ ਗੱਲ ਹੋ ਗਈ। ਕੁਲ ਮਿਲਾ ਕੇ ਅੱਜ ਸਵਰਨ ਧਨਿਕ ਤੇ ਦਲਿਤ ਧਨਿਕ ਇਕ ਹੀ ਥਾਲੀ 'ਚ ਸੱਤਾ ਦੀ ਮਲਾਈ ਮਿਲ ਕੇ ਇਕੱਠੇ ਚੱਟ ਰਹੇ ਹਨ। ਇਹੀ ਤਾਂ ਨਵ-ਧਨਾਢ ਦਲਿਤਾਂ ਦਾ ਉਦੇਸ਼ ਸੀ। ਸਪੱਸ਼ਟ ਹੈ ਕਿ ਬਸਪਾ ਜੋ ਅੱਜ ਆਚਰਣ ਕਰ ਰਹੀ ਹੈ ਉਹ ਉਸ ਦੇ ਇਤਿਹਾਸ ਨਾਲ ਜੂਝ ਰਹੀ ਹੈ। ਦਲਿਤ ਪੂੰਜੀਵਾਦ ਦੇ ਪਿੱਛੇ ਲਾਮਬੰਦ ਹੋ ਕੇ ਦਲਿਤ ਮੁਕਤੀ ਦਾ ਇਹੀ ਰੂਪ ਸਾਹਮਣੇ ਆ ਸਕਦਾ ਸੀ। ਦਲਿਤਾਂ ਦੀ ਅਸਲੀ ਮੁਕਤੀ ਮਜ਼ਦੂਰ ਜਮਾਤ ਦੇ ਝੰਡੇ ਹੇਠ ਲਾਮਬੰਦ ਹੋ ਕੇ ਪੂੰਜੀਵਾਦ ਦੇ ਖਿਲਾਫ ਬੁਨਿਆਦੀ ਸੰਘਰਸ਼ ਰਾਹੀਂ ਹੀ ਹੋ ਸਕਦੀ ਹੈ।

# ਕਿੱਥੇ ਜਾ ਕੇ ਰੁਕੇਗਾ ਸੋਨੇ ਦਾ ਭਾਅ?

ਸੋਨੇ ਦੇ ਬਾਰੇ ਮਾਹਰ ਜਾਣਦੇ ਹਨ ਕਿ ਇਹ ਇਕ ਅਜਿਹੀ ਮੁਦਰਾ ਹੈ ਜੋ ਹਰ ਦੇਸ਼ ਵਿੱਚ ਚੱਲਦੀ ਹੈ। ਗ੍ਰੀਸ ਤੇ ਹੰਗਰੀ ਵਰਗੇ ਦੇਸ਼ਾਂ ਦੀ ਆਰਥਕ ਮੋਰਚੇ 'ਤੇ ਨਾਕਾਮੀ, ਬੈਂਕਾ ਦੇ ਦਿਵਾਲੀਆ ਹੋਣ ਅਤੇ ਮੁਦਰਾ ਸੰਕਟ ਦੇ ਦੌਰ ਵਿੱਚ ਨਿਵੇਸ਼ਕ ਵੱਡੀ ਤੇਜ਼ੀ ਨਾਲ ਇਸ ਗੱਲ ਨੂੰ ਸਮਝ ਰਹੇ ਹਨ ਕਿ ਸੁਰੱਖਿਅਤ ਨਿਵੇਸ਼ ਦਾ ਇਕੋ ਇਕ ਬਦਲ ਹੈ ਸੋਨਾ। ਨਿਵੇਸ਼ ਸਬੰਧੀ ਹਰ ਤਰ੍ਹਾਂ ਦੀ ਅਨਿਸ਼ਚੱਤਤਾ ਤੋਂ ਬਚਣ ਲਈ ਹਮੇਸ਼ਾ ਤੋਂ ਹੀ ਅਤੀਤ ਵਿੱਚ ਇਸ ਧਾਤੂ ਨੂੰ ਤਰਜੀਹ ਮਿਲਦੀ ਰਹੀ ਹੈ ਪਰ ਹੁਣ ਨਿਵੇਸ਼ ਸਬੰਧੀ ਡਾਵਾਂਡੋਲਤਾ ਵੀ ਆਪਣੇ ਆਪ ਵਿੱਚ ਬਦਲ ਗਈਆਂ ਹਨ। ਵੱਖ-ਵੱਖ ਦੇਸ਼ਾਂ ਦੇ ਕੇਂਦਰੀ ਬੈਂਕਾਂ ਤੋਂ ਲੈ ਕੇ ਪ੍ਰਚੂਨ ਨਿਵੇਸ਼ਕਾਂ ਤੱਕ ਹਰ ਕੋਈ ਇਸ ਕੀਮਤੀ ਧਾਤੂ 'ਤੇ ਦਾਅ ਲਾ ਰਿਹਾ ਹੈ। ਹੁਣ ਸੋਨੇ ਦੀ ਭੂਮਿਕਾ ਵੀ ਬਦਲ ਗਈ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਸੋਨੇ ਦੀ ਕੀਮਤ ਪਿਛਲੇ ਪੰਜ ਸਾਲਾਂ ਵਿੱਚ ਨਵੀਆਂ ਉਚਾਈਆਂ ਛੋਹ ਰਹੀ ਹੈ। ਬੀਤੇ ਦੋ ਸਾਲਾਂ ਵਿੱਚ ਤਾਂ ਸੋਨੇ ਵਿਚ ਖਾਸ ਤੌਰ 'ਤੇ ਉਛਾਲ ਵੇਖਿਆ ਗਿਆ ਹੈ। ਕਲਪਨਾ ਕਰੋ ਕਿ ਸਾਲ 2003-04 'ਚ ਜੋ ਆਪ ਨੇ ਇਕ ਲੱਖ ਦਾ ਸੋਨਾ ਖਰੀਦਿਆ ਹੋਵੇਗਾ ਤਾਂ ਅੱਜ ਉਸ ਦਾ ਮੁੱਲ 2.75705 ਰੁਪਏ ਹੋ ਗਿਆ ਹੈ। ਯਾਨੀ ਇਸ ਦੇ ਭਾਅ 'ਚ ਕੁਲ ਮਿਲਾ ਕੇ 19 ਫੀਸਦੀ ਦੀ ਦਰ ਨਾਲ ਵਾਧਾ ਹੋਇਆ ਅਤੇ ਇਸ ਨਿਵੇਸ਼ 'ਤੇ ਅੱਜ 175 ਫੀਸਦੀ ਰਿਟਰਨ ਮਿਲ ਰਹੀ ਹੈ। ਆਰਥਕ ਜਗਤ ਵਿੱਚ ਵਿਆਪਕ ਅਸਥਿਰਤਾ ਅਤੇ ਵੱਖ-ਵੱਖ ਦੇਸ਼ਾਂ ਦੀਆਂ ਮੁਦਰਾਵਾਂ ਦੀ ਫਿੱਕੀ ਪੈਂਦੀ ਚਮਕ-ਦਮਕ ਨੂੰ ਵੇਖਦੇ ਹੋਇਆ ਬਹੁਤੇ ਨਿਵੇਸ਼ ਸਲਾਹਕਾਰ ਹੁਣ ਸ਼ੇਅਰਾਂ ਵਾਂਗੂ ਸੋਨੇ ਨੂੰ ਵੀ ਗੰਭੀਰਤਾ ਨਾਲ ਲੈ ਰਹੇ ਹਨ। ਸਪੱਸ਼ਟ ਹੈ ਕਿ ਸੋਨੇ ਦੀ ਅਹਿਮੀਅਤ ਹੁਣ ਮਹਿੰਗਾਈ ਦਾ ਮੁਕਾਬਲਾ ਕਰਨ ਦੇ ਸੰਦ ਦੀ ਤੁਲਨਾ 'ਚ ਕਿੱਤੇ ਵੱਧ ਹੋ ਗਈ ਹੈ। ਨਿਵੇਸ਼ ਲਈ ਇਹ ਇਕ ਦਿਲ-ਖਿੱਚਵੇਂ ਬਦਲ ਵਜੋਂ ਉਭਰੀ ਹੈ ਕਿਉਂਕਿ ਸਲਾਨਾ ਆਧਾਰ 'ਤੇ ਵੇਖਿਆ ਜਾਵੇ ਤਾਂ ਇਸ ਨੇ ਬਹੁਤ ਚੰਗੀ ਰਿਟਰਨ ਦਿੱਤੀ ਹੈ। ਨਿਵੇਸ਼ ਥੋੜ੍ਹੇ ਸਮੇਂ ਲਈ ਹੋਣ ਜਾਂ ਲੰਮੇ ਸਮੇਂ ਲਈ ਨਿਵੇਸ਼ ਦੇ ਹੋਰ ਵਿਕਲਪਾਂ ਦੇ ਮੁਕਾਬਲੇ ਸੋਨੇ ਦੇ ਨਿਵੇਸ਼ ਦੇ ਬਹੁਤ ਚੰਗੇ ਸਿੱਟੇ ਮਿਲੇ ਹਨ। ਪਿਛਲੇ ਪੰਜ ਸਾਲਾਂ ਵਿੱਚ ਸੋਨਾ 4.38 ਫੀਸਦੀ ਵੱਧ ਗਿਆ ਹੈ ਜਦ ਕਿ ਇਸ ਅਰਸੇ ਵਿੱਚ ਸੰਸੈਕਸ 0.11 ਫੀਸਦੀ ਹੀ ਵਧਿਆ ਹੈ ਅਤੇ ਜੇ ਬੈਂਕ ਵਿੱਚ ਇਹ ਪੈਸਾ ਨਿਵੇਸ਼ ਕੀਤਾ ਜਾਂਦਾ ਤਾਂ ਡਿਪਾਜਿਟ 'ਤੇ 3 ਫੀਸਦੀ ਵਿਆਜ ਹੀ ਮਿਲ ਸਕਦਾ ਸੀ। ਪਿਛਲੇ ਪੰਜ ਸਾਲਾਂ ਦੇ ਅਰਸੇ ਵਿੱਚ ਸੋਨੇ ਨੇ 208 ਫੀਸਦੀ ਸ਼ੁੱਧ ਲਾਭ ਦਿੱਤਾ ਹੈ ਜਦ ਕਿ ਇਸ ਅਰਸੇ 'ਚ ਇਕਵਟੀ ਸ਼ੇਅਰਾਂ ਵਿੱਚ ਨਿਵੇਸ਼ ਕਰਨ 'ਤੇ 160 ਫੀਸਦੀ ਆਮਦਨ ਹੋਈ ਜੇ ਕੁਝ ਖੇਤੀ ਜਿਣਸਾਂ ਨੂੰ ਛੱਡ ਦਿੱਤਾ ਜਾਵੇ ਤਾਂ ਸਪਸ਼ਟ ਤੌਰ 'ਤੇ ਸੋਨਾ ਨਿਵੇਸ਼ਕਾਂ ਨੂੰ ਲਾਭ ਦੇਣ ਦੇ ਮਾਮਲੇ 'ਚ ਕਾਫੀ ਅੱਗੇ ਵਧਿਆ ਹੈ ਤੇ ਵਧ ਵੀ ਰਿਹਾ ਹੈ। ਇਸ ਸਮੁੱਚੇ ਘਟਨਾਕ੍ਰਮ ਬਾਰੇ ਰੇਲੀਗੇਅਰ ਕਮੋਡਿਟੀਜ਼ ਦੇ ਪ੍ਰਧਾਨ ਜੈਅੰਤ ਮਾਂਗਲਿਕ ਅਨੁਸਾਰ 'ਪੂੰਜੀ ਉਥੇ ਜਾਵੇਗੀ ਜਿੱਥੇ ਚੰਗਾ ਮੁਨਾਫਾ ਮਿਲੇਗਾ। ਸਾਡੇ ਆਸਪਾਸ ਨਿਵੇਸ਼ ਦਾ ਕੋਈ ਸੁਰੱਖਿਅਤ ਬਦਲ ਨਾ ਹੋਣ ਦੀ ਵਜ੍ਹਾ ਕਰਕੇ ਲੋਕ ਸੋਨੇ ਵਿੱਚ ਪੈਸੇ ਲਾ ਰਹੇ

ਹਨ। ਦੁਨੀਆ ਭਰ 'ਚ ਵਿਆਜ ਦਰਾਂ ਬਹੁਤ ਹੇਠਲੇ ਪੱਧਰ 'ਤੇ ਹਨ ਅਤੇ ਮਹਿੰਗਾਈ ਦਰ ਉੱਚੀ ਹੈ ਇਸ ਲਈ ਇਸ ਵਿੱਚ ਮਿਲਣ ਵਾਲਾ ਮੁਨਾਫ਼ਾ ਨਾਕਾਰਤਮਕ ਹੈ, ਅਜਿਹੀ ਹਾਲਤ ਵਿੱਚ ਘੱਟ ਤੋਂ ਘੱਟ ਅਗਲੇ ਛੇ ਮਹੀਨਿਆਂ ਵਿਚ ਸੋਨੇ ਦੇ ਨਿਵੇਸ਼ ਦੇ ਚੰਗੇ ਰਿਟਰਨ ਮਿਲਦੇ ਰਹਿਣਗੇ। ਕਿਉਂਕਿ ਸੋਨਾ ਇਸ ਹਫਤੇ 19000 ਰੁਪਏ ਪ੍ਰਤੀ ਗ੍ਰਾਮ ਦੇ ਰਿਕਾਰਡ ਪੱਧਰ ਨੂੰ ਛੂਹ ਰਿਹਾ ਹੈ, ਇਸ ਲਈ ਸਵਾਲ ਇਹ ਉੱਠਦਾ ਹੈ ਕਿ ਕੀ ਸੋਨੇ ਦੇ ਭਾਅ ਇਸ ਤਰ੍ਹਾਂ ਹੀ ਅੱਗੇ ਵਧਦੇ ਰਹਿਣਗੇ? ਅਗਲੇ ਕੁਝ ਮਹੀਨਿਆਂ 'ਚ ਵਿਸ਼ਲੇਸ਼ਕਾਂ ਦਾ ਦਾਅਵਾ ਹੈ ਕਿ ਸੋਨੇ ਦੇ ਭਾਅ 'ਚ ਵਾਧਾ ਜਾਰੀ ਰਹੇਗਾ ਅਤੇ ਇਸ ਸਾਲ ਦੇ ਅੰਤ ਤੱਕ ਕੁਝ ਨਵੀਆਂ ਉੱਚਾਈਆਂ ਛੂ ਲਵੇਗਾ, ਸੋਨੇ ਦੀਆਂ ਕੀਮਤਾਂ 'ਚ ਹੁਣ ਇਹ ਚੜ੍ਹਤ 5-7 ਫੀਸਦੀ ਤੋਂ ਵੱਧ ਨਹੀਂ ਹੋਵੇਗੀ ਪਰ ਇਸ ਗੱਲ ਦੇ ਕੋਈ ਸੰਕੇਤ ਨਹੀਂ ਹਨ ਕਿ ਸੋਨੇ ਦੀ ਕੀਮਤ ਸਭ ਤੋਂ ਉਚੇ ਪੱਧਰ 'ਤੇ ਜਾਂ ਪਹੁੰਚੀਆਂ ਹਨ। ਸੋਨੇ ਵਿੱਚ ਤੇਜ਼ੀ ਸਬੰਧੀ ਵਿਸਲੇਸ਼ਕਾਂ ਦੇ ਆਸਵੰਦ ਹੋਣ ਦੇ ਵੱਖ-ਵੱਖ ਕਾਰਨ ਹਨ, ਵੱਖ-ਵੱਖ ਦੇਸ਼ਾਂ ਤੋਂ ਲੈ ਕੇ ਨਿਵੇਸ਼ਕਾਂ ਤੱਕ ਹਰ ਕੋਈ ਆਪਣੇ ਕੋਲ ਸੋਨਾ ਜਮ੍ਹਾਂ ਕਰ ਰਿਹਾ ਹੈ। ਇਸ ਦਾ ਸਬੂਤ ਵੇਖਣ ਲਈ ਬਹੁਤੀ ਦੂਰ ਜਾਣ ਦੀ ਲੋੜ ਨਹੀਂ ਹੈ। ਭਾਰਤੀ ਰਿਜ਼ਰਵ ਬੈਂਕ (RBI) ਨੇ ਨਵੰਬਰ 2009 ਵਿੱਚ ਕੌਮਾਂਤਰੀ ਮੁਦਰਾ ਕੋਸ਼ (IMF) ਤੋਂ 200 ਟਨ ਸੋਨਾ ਖਰੀਦਿਆਂ ਹੈ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਆਰ. ਬੀ. ਆਈ. ਡਾਲਰ 'ਚ ਨਿਵੇਸ਼ ਘਟਾ ਰਿਹਾ ਹੈ। ਅਮਰੀਕੀ ਡਾਲਰ ਨੂੰ ਆਰਥਕ ਮਜ਼ਬੂਤੀ ਦੇ ਮਾਪਦੰਡ ਵਜੋਂ ਦੇਖਿਆ ਜਾਂਦਾ ਸੀ ਪਰ ਕੁਝ ਹੀ ਸਾਲ ਪਹਿਲਾਂ ਇਸ ਵਿੱਚ ਕੰਮਜ਼ੋਰੀ ਦੀ ਸ਼ੁਰੂਆਤ ਹੋਈ, ਕੁਝ ਅਰਸਾ ਪਹਿਲਾਂ ਸੋਨੇ ਵਿੱਚ ਤੇਜ਼ੀ ਦੀ ਸਥਿਤੀ ਸਿਰਫ ਉਸ ਵਕਤ ਬਣਦੀ ਸੀ ਜਦ ਮਹਿੰਗਾਈ ਦਰ ਵਧਣ ਦਾ ਡਰ ਹੁੰਦਾ ਸੀ, ਇਸ ਵਜ੍ਹਾ ਕਾਰਨ ਬੀਤੇ ਸਾਲਾਂ ਵਿੱਚ ਕੱਚੇ ਮਾਲ ਦੀਆਂ ਕੀਮਤਾਂ ਨਾਲ ਸੋਨੇ ਦੇ ਭਾਵਾਂ ਦਾ ਸਿੱਧਾ ਸਬੰਧ ਹੁੰਦਾ ਸੀ। ਜਦ ਕੱਚੇ ਤੇਲ ਦੀਆਂ ਕੀਮਤਾਂ ਵਧਦੀਆਂ ਸਨ ਤਦ ਮਹਿੰਗਾਈ ਦੇ ਡਰ ਕਾਰਨ ਸੋਨੇ ਦੀਆਂ ਕੀਮਤਾਂ ਤੇਜ਼ ਹੋ ਜਾਂਦੀਆਂ ਸਨ ਪਰ ਪਿਛਲੇ ਪੰਜ ਸਾਲਾਂ ਵਿੱਚ ਕੱਚੇ ਮਾਲ ਅਤੇ ਸੋਨੇ ਦੇ ਭਾਵਾਂ ਵਿੱਚ ਆਪਸੀ ਕੋਈ ਸਬੰਧ ਨਹੀਂ ਰਹਿ ਗਿਆ। ਸਾਲ 2008-09 ਦੌਰਾਨ ਕੱਚੇ ਤੇਲ ਦੇ ਭਾਵਾਂ ਵਿੱਚ 147 ਡਾਲਰ ਪ੍ਰਤੀ ਬੈਰਲ ਤੋਂ ਘਟ ਕੇ 47 ਡਾਲਰ ਹੋਣ ਦੇ ਬਾਵਜੂਦ ਸੋਨੇ ਵਿਚ ਮਜ਼ਬੂਤੀ ਬਣੀ ਰਹੀ, ਇਸ ਨੂੰ ਸਪੱਸ਼ਟ ਕਰਦੇ ਹੋਏ ਕਾਰਵੇ ਕਾਮਟੇਡ ਦੇ ਮੀਤ ਪ੍ਰਧਾਨ ਅਸ਼ੋਕ ਮਿੱਤਲ ਅਨੁਸਾਰ "ਜਦ ਵੀ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਲੋਕ ਸੁਰੱਖਿਅਤ ਨਿਵੇਸ਼ ਵੱਲ ਭੱਜਦੇ ਹਨ ਜਦ ਯੂਰੋ ਖੇਤਰ 'ਤੇ ਦਬਾਅ ਹੁੰਦਾ ਹੈ ਤਾਂ ਇਹ ਧਾਰਨਾ ਬਣਦੀ ਹੈ ਕਿ ਇਕ ਵਾਰ ਫਿਰ ਬਰਾਮਦ 'ਤੇ ਅਸਰ ਪਵੇਗਾ ਅਤੇ ਸੈਂਸੇਕਸ ਚੰਗਾ ਮੁਨਾਫ਼ਾ ਨਹੀਂ ਦੇਵੇਗਾ। ਇਸੇ ਵਜ੍ਹਾ ਕਰਕੇ ਨਿਵੇਸ਼ਕਾਂ ਦੀ ਮੰਗ ਕਾਰਨ ਸੋਨੇ ਵਿੱਚ ਤੇਜ਼ੀ ਦਾ ਦੌਰ ਹੈ ਜਦ ਕਿ ਬਾਜ਼ਾਰ ਵਿੱਚ ਗਹਿਣੀਆਂ ਦੀ ਕੋਈ ਖਾਸ ਮੰਗ ਨਹੀਂ ਹੈ।" ਸੋਨੇ ਦੇ ਭਾਅ 'ਚ ਉਤਰਾਅ-ਚੜ੍ਹਾਅ ਨੂੰ ਪ੍ਰਭਾਵਿਤ ਕਰਨ ਵਾਲੀਆਂ ਪੁਰਾਣੀਆਂ ਧਾਰਨਾਵਾਂ ਦੇ ਢਹਿ ਢੇਰੀ ਹੋਣ ਦੀ ਵਜ੍ਹਾ ਸਪੱਸ਼ਟ ਹੈ। ਗ੍ਰੀਸ ਤੇ ਹੰਗਰੀ ਵਰਗੇ ਯੂਰੋ ਮੁਦਰਾ ਵਰਗੇ ਕੁਝ ਦੇਸ਼ਾਂ 'ਚ ਭੁਗਤਾਨ ਸਬੰਧੀ ਸੰਕਟ ਡੂੰਘਾ ਹੋਇਆ ਅਤੇ ਕੁਝ ਬੈਂਕ ਵੀ ਦਿਵਾਲੀਆ ਹੋਏ ਪਰ ਹੁਣ ਇਹਨਾਂ ਦੀ ਹਾਲਤ ਪਤਲੀ ਹੋਣ ਕਰਕੇ ਨਿਵੇਸ਼ ਲਈ ਸੁਰੱਖਿਅਤ ਬਦਲ ਸੀਮਤ ਰਹਿ ਗਏ ਹਨ। ਅਮਰੀਕੀ ਅਰਥਚਾਰੇ ਦਾ ਮੰਦੀ ਦੀ ਦਿਸ਼ਾ

ਵੱਲ ਵਧਣਾ ਅਤੇ ਰਾਜਕੋਸ਼ੀ ਘਾਟੇ ਸਬੰਧੀ ਡਰ ਕਾਰਨ ਹਾਲ ਦੇ ਸਾਲਾਂ ਵਿੱਚ ਡਾਲਰ ਕੰਮਜ਼ੋਰ ਹੋ ਗਿਆ। ਪਹਿਲਾਂ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਡਾਲਰ ਨੂੰ ਨਿਵੇਸ਼ ਦਾ ਚੰਗਾ ਬਦਲ ਮੰਨਦੇ ਹੋਇਆ ਇਸ ਵਿੱਚ ਨਿਵੇਸ਼ ਕਰਦੀਆਂ ਸਨ। ਡਾਲਰ 'ਚ ਜਿੱਥੇ-ਜਿੱਥੇ ਨਿਵੇਸ਼ ਹੁੰਦਾ ਸੀ ਉਹ ਘਟ ਗਿਆ ਜਦ ਕਿ ਪਹਿਲਾਂ ਵੱਖ-ਵੱਖ ਦੇਸ਼ਾਂ ਦੇ ਕੇਂਦਰੀ ਬੈਂਕ ਆਪਣੇ ਰਾਖਵੇਂ ਮੁਦਰਾ ਭੰਡਾਰਾਂ 'ਚ ਡਾਲਰ ਜਮ੍ਹਾ ਕਰਕੇ ਰੱਖਦੇ ਸਨ ਜਾਂ ਅਮਰੀਕੀ ਟ੍ਰੇਜਰੀ ਬਿੱਲਾਂ 'ਚ ਨਿਵੇਸ਼ ਕਰਦੇ ਸਨ। ਸੰਨ 2005 'ਚ ਸੋਨੇ ਦੀਆਂ ਕੀਮਤਾਂ 'ਚ ਜੋ ਤੇਜ਼ੀ ਆਈ ਸੀ ਉਹ ਮੁੱਖ ਤੌਰ 'ਤੇ ਡਾਲਰ 'ਚ ਕੰਮਜ਼ੋਰੀ ਕਾਰਣ ਸੀ। ਫਿਰ ਡਾਲਰ ਦੇ ਲਗਾਤਾਰ ਕੰਮਜ਼ੋਰ ਹੋਣ ਕਰਕੇ ਸੋਨੇ ਦੀਆਂ ਕੀਮਤਾਂ 'ਚ ਤੇਜ਼ੀ ਬਣੀ ਰਹੀ। ਹੁਣ ਡਾਲਰ ਦੇ ਮਜ਼ਬੂਤ ਹੁੰਦਿਆਂ ਸੋਨੇ ਤੇ ਡਾਲਰ 'ਚ ਨਾਕਾਰਤਮਕ ਆਪਸੀ ਸਬੰਧ ਖਤਮ ਹੋ ਗਿਆ ਹੈ। ਹੁਣ ਸੋਨੇ ਦਾ ਨਾਕਾਰਤਮਕ ਸਬੰਧ ਯੂਰੋ ਨਾਲ ਹੈ। ਮਿਸਾਲ ਵਜੋਂ ਜੇ ਡਾਲਰ ਮਜ਼ਬੂਤ ਹੋ ਰਿਹਾ ਹੈ ਤਾਂ ਨਿਵੇਸ਼ਕ ਆਪਣੇ ਪੈਸਾ ਡਾਲਰ ਦੀ ਮੁਦਰਾ ਵਾਲੀਆਂ ਜਾਇਦਾਦ 'ਚ ਲਾਉਣਗੇ ਤਾਂ ਅਜਿਹੇ 'ਚ ਸੋਨੇ ਦੀਆਂ ਕੀਮਤਾਂ ਡਿੱਗਣੀਆਂ ਚਾਹੀਦੀਆਂ ਹਨ ਪਰ ਸੋਨੇ ਦਾ ਭਾਅ ਘੱਟ ਨਹੀਂ ਰਿਹਾ ਜਦ ਕਿ ਡਾਲਰ ਦੀ ਤੁਲਨਾ 'ਚ ਯੂਰੋ ਡਿੱਗਦਾ ਰਹੇਗਾ। ਸੋਨੇ ਦਾ ਭਾਅ ਹੇਠਾਂ ਨਹੀ ਆਉਣਾ ਕਿ ਸੋਨੇ ਦਾ ਯੂਰੋ ਨਾਲ ਨਕਾਰਤਮਕ ਸਬੰਧ ਹੈ। ਐਮ ਐਫ ਗਲੋਬਲ ਵਿੱਚ ਕਮੋਡਿਟੀ ਰਿਸਰਚ ਮੁੱਖੀ ਰਜਨੀ ਪਨਿਕਠ ਦਾ ਕਹਿਣਾ ਹੈ ਕਿ "ਸੋਨੇ ਦੇ ਭਾਅ ਨਵੀਆਂ ਉੱਚਾਈਆਂ ਤਕ ਉਦੋਂ ਤਕ ਵਧਦੇ ਰਹਿਣਗੇ ਜਦ ਤੱਕ ਸੋਨੇ ਤੇ ਡਾਲਰ ਦੀਆਂ ਕੀਮਤਾਂ 'ਚ ਪੁਰਾਣਾ ਆਪਸੀ ਸਬੰਧ ਫਿਰ ਤੋਂ ਸਥਾਪਤ ਨਹੀਂ ਹੋ ਜਾਂਦਾ। ਯੂਰਪ ਤੋਂ ਸੋਨੇ ਦੀ ਜਬਰਦਸਤ ਮੰਗ ਹੈ।" ਪਿਛਲੇ ਕੁਝ ਸਾਲਾਂ 'ਚ ਸੋਨੇ ਦੇ ਭਾਅ ਤਿੰਨ ਗੁਣਾ ਹੋਣ ਦੇ ਬਾਵਜੂਦ ਦੁਨੀਆਂ ਭਰ 'ਚ ਸੋਨੇ ਪ੍ਰਤੀ ਭੁੱਖ ਬਰਕਰਾਰ ਹੈ। ਸੰਨ 2007 ਵਿੱਚ ਸੋਨੇ ਦੀ ਵਿਸ਼ਵੀ ਮੰਗ 3552 ਟਨ ਸੀ ਜੋ 2009 'ਚ ਵਧ ਕੇ 3656 ਟਨ ਹੋ ਗਈ ਹਾਲਾਂ ਕਿ ਇਸ ਮੰਗ ਨੂੰ ਉਤਸ਼ਾਹਿਤ ਕਰਨ ਵਾਲੇ ਕਾਰਕ ਬਦਲ ਗਏ ਹਨ। ਗਹਿਣਿਆਂ ਦੀ ਮੰਗ ਸਾਲ 2007 ਵਿੱਚ 2405 ਟਨ ਸੀ ਜੋ ਘਟ ਕੇ 2009 ਵਿੱਚ 1759 ਟਨ ਰਹਿ ਗਈ ਜਦ ਕਿ ਸੋਨੇ 'ਚ ਨਿਵੇਸ਼ ਲਈ ਮੰਗ 2007 'ਚ 686 ਟਨ ਸੀ ਜੋ ਦੋਗੁਣਾ ਵਧ ਕੇ 2009 ਵਿੱਚ 1323 ਟਨ ਹੋ ਗਈ। ਭਾਰਤ ਵਿੱਚ ਵੀ ਇਹੋ ਕਹਾਣੀ ਹੈ ਪਰ ਪੂਰੀ ਤਰ੍ਹਾਂ ਇਹੋ ਜਿਹੀ ਨਹੀਂ। ਭਾਰਤ ਵਿੱਚ ਸੋਨੇ ਦੀ ਦਰਾਮਦ ਘਟ ਰਹੀ ਹੈ ਪਰ ਨਿਵੇਸ਼ਕ ਇਸ ਜਾਇਦਾਦ 'ਤੇ ਦਾਅ ਲਾ ਰਹੇ ਹਨ। 2007 ਵਿੱਚ ਭਾਰਤ ਨੇ 757 ਟਨ ਸੋਨੇ ਦੀ ਦਰਾਮਦ ਕੀਤੀ ਸੀ ਪਰ ਇਹ ਅੰਕੜਾ 2009 'ਚ ਘਟ ਕੇ 217 ਟਨ ਰਹਿ ਗਿਆ ਹੈ। ਇਸ ਦੀ ਵਜ੍ਹਾ ਇਹ ਹੈ ਕਿ ਭਾਰਤ ਵਿੱਚ ਸੋਨੇ ਦੀ ਮੰਗ ਮੁੱਖ ਤੌਰ 'ਤੇ ਗਹਿਣਿਆਂ ਕਾਰਨ ਹੁੰਦੀ ਹੈ। ਹੋਰ ਵਿਕਸ਼ਤ ਦੇਸ਼ਾਂ ਵਾਂਗੂੰ ਭਾਰਤ ਵਿੱਚ ਵੀ ਸੋਨਾ ਨਿਵੇਸ਼ ਦੇ ਸੁਰੱਖਿਅਤ ਬਦਲ ਵਜੋਂ ਉਭਰ ਰਿਹਾ ਹੈ, ਜੋ ਲੋਕ ਆਪਣੇ ਕੋਲ ਸੋਨਾ ਨਹੀਂ ਰੱਖਣਾ ਚਾਹੁੰਦੇ ਉਹ ਐਕਸਚੇਂਜ ਟ੍ਰੇਡੇਡ ਫੰਡ (ETF) ਦੇ ਰੂਪ 'ਚ ਸੋਨੇ ਦੇ ਇਕ ਛੋਟੇ ਜਿਹੇ ਲਾਟ ਦੀ ਕੀਮਤ ਦੇ ਬਰਾਬਰ ਦੇ ਇਕਵਟੀ ਸ਼ੇਅਰ ਖਰੀਦ ਸਕਦੇ ਹਨ ਭਾਰਤ 'ਚ ETF 'ਚ ਨਿਵੇਸ਼ ਦੀ ਮਾਤਰਾ ਅਸਲ ਅਰਥਾਂ ਵਿੱਚ ਘਟ ਨਜ਼ਰ ਆਉਂਦੀ ਹੈ ਪਰ ਇਸ ਤਰ੍ਹਾਂ ਦੇ ਨਿਵੇਸ਼ 'ਚ ਜ਼ਬਰਦਸਤ ਮੁਨਾਫ਼ਾ ਹੋਇਆ ਹੈ ਈ. ਟੀ. ਐਫ. ਰਾਹੀਂ 2008 ਵਿੱਚ 4.03 ਟਨ ਦੇ ਮੁਕਾਬਲਤਨ ਸਾਲ 2010 ਵਿੱਚ ਹੁਣ

ਤਕ 9.4 ਟਨ ਸੋਨੇ ਵਿੱਚ ਨਿਵੇਸ਼ ਹੋ ਚੁੱਕਿਆ ਹੈ। ਵਿਸ਼ਵ ਸਵਰਣ ਪ੍ਰੀਸ਼ਦ ਦਾ ਮੰਨਣਾ ਹੈ ਕਿ ਭਾਰਤੀ ਨਿਵੇਸ਼ਕ ਇਕ ਬੀਮਾ ਪਾਲਸੀ ਵਜੋਂ ਸੋਨੇ 'ਚ ਨਿਵੇਸ਼ ਕਰਦੇ ਰਹਿਣਗੇ ਤਾਂ ਕਿ ਉਹ ਸੰਸਾਰਕ ਵਿੱਤੀ ਸੰਕਟ ਦੇ ਸੋਨੇ ਦੂਰ ਪ੍ਰਭਾਵਾਂ ਤੋਂ ਆਪਣੀ ਜਾਇਦਾਦ ਦਾ ਬਚਾਅ ਕਰ ਸਕਣ। ਜੋ ਲੋਕ ਸੋਨੇ ਨੂੰ ਨਿਵੇਸ਼ ਦੇ ਲਿਹਾਜ਼ ਨਾਲ ਵੇਖਦੇ ਹਨ ਉਹਨਾਂ ਲਈ ਮਾਹਰਾਂ ਦਾ ਕਹਿਣਾ ਹੈ ਕਿ ਇਸ ਵਿਚ ਅਜੇ ਬਹੁਤ ਕੁਝ ਬਾਕੀ ਹੈ। ਅਗਲੇ ਛੇ ਮਹੀਨਿਆਂ ਦੌਰਾਨ ਸੋਨੇ ਦੀਆਂ ਕੀਮਤਾਂ ਦੇ 1300 ਡਾਲਰ ਪ੍ਰਤੀ ਔਂਸ ਤੱਕ ਪਹੁੰਚਣ ਦਾ ਅੰਦਾਜ਼ਾ ਹੈ। ਜੇ ਵਿਗੜੀ ਆਰਥਕ ਹਾਲਤ ਵਾਲੇ ਦੇਸ਼ਾਂ ਵਿੱਚ ਰਾਹਤ ਪੈਕਜਾਂ ਦਾ ਐਲਾਨ ਕੀਤਾ ਵੀ ਜਾਂਦਾ ਹੈ ਤਾਂ ਸਿਸਟਮ ਵਿੱਚ ਆਉਣ ਵਾਲੀ ਵਾਧੂ ਤਰਲਤਾ (ਚਲੰਤ ਫੰਡ) ਦੀ ਵਜ੍ਹਾ ਨਾਲ ਮਹਿੰਗਾਈ ਦਰ ਵਿੱਚ ਇਜਾਫੇ ਦਾ ਡਰ ਹੈ ਅਤੇ ਅਜਿਹੇ ਵਿੱਚ ਆਪਣੀ ਜਾਇਦਾਦ ਦੀ ਕੀਮਤ ਘਟਣ ਨਾ ਦੇਣ ਲਈ ਇਕ ਵਾਰੀ ਫਿਰ ਤੋਂ ਸੋਨੇ ਵਿੱਚ ਨਿਵੇਸ਼ ਵੱਲ ਲੋਕ ਰੁੱਖ ਕਰਨਗੇ। ਤੇਜ਼ੀ ਦੇ ਇਸ ਦੌਰ ਦੇ ਬਾਵਜੂਦ ਨਿਵੇਸ਼ਕਾਂ ਦਾ ਮੰਨਣਾ ਹੈ ਕਿ ਇਸ ਮੁਕਾਮ ਤੋਂ ਅੱਗੇ ਸੋਨੇ ਦਾ ਭਾਅ 7 ਤੋਂ 15 ਫੀਸਦੀ ਦਰਮਿਆਨ ਵਧ ਸਕਦਾ ਹੈ ਹਾਲਾਂਕਿ ਫਿਰ ਇਸ ਪਿੱਛੋਂ ਸੋਨੇ ਦੇ ਭਾਵਾਂ ਦੇ ਵਧਣ ਦੀ ਬਜਾਏ ਘਟਣ ਦੇ ਆਸਾਰ ਵੱਧ ਹਨ। ਇਸ ਪੱਧਰ 'ਤੇ ਭਾਅ ਹੇਠਾਂ ਜਾਣ ਦਾ ਜੋਖਿਮ ਵੱਧ ਹੈ, ਬਜਾਏ ਉਪਰ ਦੇ ਜੋਖਿਮ ਦੇ 1240 ਡਾਲਰ ਦੀ ਉਚਾਈ ਛੂਹਣ ਪਿੱਛੋਂ ਸੋਨੇ ਦੀਆਂ ਕੀਮਤਾਂ 50 ਡਾਲਰ ਵਧ ਸਕਦੀਆਂ ਹਨ ਪਰ ਇਸ ਵਿਚ ਗਿਰਾਵਟ ਕਰੀਬ 100 ਡਾਲਰ ਦੀ ਹੋਵੇਗੀ।

ਇਸ ਦੌਰਾਨ ਮੀਡੀਅਮ ਟਰਮ ਵਿੱਚ ਜੇ ਆਰਥਕ ਹਾਲਤਾਂ ਸੁਧਰ ਜਾਂਦੀਆਂ ਹਨ ਤਾ ਭਾਰੀ ਗੈਰਯਕੀਨੀ ਬਣੀ ਰਹੇਗੀ–ਨਾ ਸਿਰਫ ਆਰਥਕ ਅਨਿਸ਼ਚਤਤਾ ਬਲਕਿ ਮੁਦਰਿਕ ਤੇ ਸਿੱਕੇ ਦੇ ਫੈਲਾਅ ਸੰਬੰਧੀ ਅਨਿਸ਼ਚਤਤਾਵਾਂ ਵੀ ਬਣੀਆਂ ਰਹਿਣਗੀਆਂ। ਇਹਨਾਂ ਕਾਰਨਾਂ ਕਰਕੇ ਸੋਨੇ ਵਿੱਚ ਹੋਰ ਉਛਾਲ ਦੇ ਆਸਾਰ ਨਜ਼ਰ ਆਉਂਦੇ ਹਨ, ਪਰ ਸੋਨੇ ਦੀਆਂ ਉੱਚੀਆਂ ਕੀਮਤਾਂ ਨੂੰ ਵੇਖਦੇ ਹੋਇਆਂ ਕਿਸੇ ਨੂੰ ਇਹ ਬੇਹੱਦ ਕੀਮਤੀ ਧਾਤ 'ਚ ਨਿਵੇਸ਼ ਦਾ ਡਰ ਹੈ ਤਾਂ ਉਹ ਭਾਰਤੀ ਰਿਜ਼ਰਵ ਬੈਂਕ ਵਲ ਦੇਖਣ, ਪਿਛਲੇ ਸਾਲ ਇਸ ਕੇਂਦਰੀ ਬੈਂਕ ਨੇ ਆਈ ਐਮ ਐਫ ਤੋਂ ਉਦੋਂ ਸੋਨਾ ਖਰੀਦਿਆਂ ਜਦ ਉਸਨੇ 400 ਟਨ ਸੋਨਾ ਵਿਕਰੀ ਲਈ ਜਾਰੀ ਕੀਤਾ ਸੀ। ਭਾਰਤੀ ਰਿਜ਼ਰਵ ਬੈਂਕ ਦੇ ਕੁਝ ਰਾਖਵੇਂ ਧਨ ਵਿੱਚ ਸੋਨੇ ਦੀ ਹਿੱਸੇਦਾਰੀ 6.9 ਫੀਸਦੀ ਹੈ ਅਤੇ ਇਸ ਕਾਰਨ ਭਾਰਤ ਦੀ ਗਿਣਤੀ ਦੁਨੀਆਂ ਭਰ ਦੇ ਗਿਆਰਾਂ ਸਭ ਤੋਂ ਵੱਧ ਸੋਨਾ ਰੱਖਣ ਵਾਲੇ ਦੇਸ਼ਾਂ ਵਿੱਚ ਹੁੰਦੀ ਹੈ। ਵਿਸ਼ਵ ਸਵਰਣ ਪ੍ਰੀਸ਼ਦ ਦੀ ਇਕ ਰਿਪੋਰਟ ਮੁਤਾਬਕ "ਅਮਰੀਕੀ ਡਾਲਰ ਤੇ ਬਿਊਰੋ ਨੂੰ ਲੈ ਕੇ ਚੱਲ ਰਹੀਆਂ ਗੈਰ ਯਕੀਨੀਆਂ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਵੱਖ ਵੱਖ ਦੇਸ਼ਾਂ ਦੇ ਕੇਂਦਰੀ ਬੈਂਕਾਂ ਰਾਹੀਂ ਨਿਵੇਸ਼ ਲਈ ਜਿਹਨਾਂ ਬਦਲਵੀਆਂ ਕੌਮਾਂਤਰੀ ਜਾਇਦਾਦ ਦੀ ਤਲਾਸ਼ ਹੋ ਰਹੀ ਹੈ ਉਹਨਾਂ 'ਚ ਨਿਸ਼ਚੈ ਹੀ ਸੋਨੇ 'ਤੇ ਵਿਚਾਰ ਹੋ ਰਿਹਾ ਹੋਵੇਗਾ।" ਥੋੜ੍ਹੇ ਸਮੇਂ ਲਈ ਸੋਨੇ ਦਾ ਭਾਅ ਕਿਸੇ ਵੀ ਦਿਸ਼ਾਂ 'ਚ ਵਧ ਸਕਦਾ ਹੈ, ਪਰ ਇਸ ਸਬੰਧੀ ਦੋ ਰਾਵਾਂ ਨਹੀਂ ਹਨ ਕਿ ਲੰਮੇ ਦਾਅ ਤੋਂ ਇਹ ਉਪਰ ਵੱਲ ਹੀ ਵਧੇਗਾ।

# ਡੂੰਘਾ ਆਰਥਕ ਸੰਕਟ ਤੇ ਦਿਵਾਲੀਆਪਨ ਹਨ ਕੀ?

ਮਾਰਚ 2008 'ਚ ਅਮਰੀਕਾ ਦੇ ਪੰਜਵੇਂ ਸਭ ਤੋਂ ਵੱਡੇ ਨਿਵੇਸ਼ਕ ਬੈਂਕ ਵਿਅਰ ਸਟੰਰਸ ਦੇ ਢਹਿ ਢੇਰੀ ਹੋਣ ਦੇ ਦੋ ਸਾਲ ਪਿੱਛੋਂ ਹੁਣ ਦੇਸ਼ਾਂ ਦੀਆਂ ਸਰਕਾਰਾਂ ਦੇ ਦਿਵਾਲੀਆ ਹੋਣ ਦਾ ਖਤਰਾ ਦੁਨੀਆ ਭਰ ਦੇ ਸਾਮਰਾਜੀਆਂ, ਪੂੰਜੀਪਤੀਆਂ ਨੂੰ ਸਤਾ ਰਿਹਾ ਹੈ। ਪੂਰੇ ਮਾਰਚ ਅਤੇ ਅਪ੍ਰੈਲ 2010 'ਚ ਗ੍ਰੀਸ ਸਰਕਾਰ ਦੇ ਦਿਵਾਲੀਆ ਹੋਣ ਦਾ ਖਤਰਾ ਵਧਦਾ ਗਿਆ ਅਤੇ ਉਸ ਨੇ ਦੁਨੀਆ ਭਰ ਦੇ ਵਿੱਤੀ ਬਾਜ਼ਾਰਾਂ ਵਿੱਚ ਭੂਚਾਲ ਨੂੰ ਪੈਦਾ ਕੀਤਾ। ਸਿਰਫ ਗ੍ਰੀਸ ਦਾ ਇਕੱਲਾ ਕੇਸ ਹੁੰਦਾ ਤਾਂ ਵੀ ਏਨੀ ਗੰਭੀਰ ਗੱਲ ਨਾ ਹੁੰਦੀ ਪਰ ਇਥੇ ਗ੍ਰੀਸ ਦੇ ਨਾਲ ਸਪੇਨ, ਪੁਰਤਗਾਲ, ਇਟਲੀ ਤੇ ਆਇਰਲੈਂਡ ਦਾ ਕੇਸ ਜੁੜਿਆ ਹੋਇਆ ਹੈ। ਜਦੋਂ ਗ੍ਰੀਸ ਸਰਕਾਰ ਦੀ ਹਾਲਤ ਮਾਰਚ 'ਚ ਖਸਤਾ ਹੋਈ ਤਾਂ ਇਹ ਉਮੀਦ ਕੀਤੀ ਜਾਣ ਲੱਗੀ ਕਿ ਇਸ ਨੂੰ 'ਬੇਲੇਆਊਟ' ਕਰਨ ਲਈ ਯੂਰਪੀ ਭਾਈਚਾਰਾ ਅੱਗੇ ਆਵੇਗਾ, ਆਖਰ ਗ੍ਰੀਸ ਯੂਰਪੀ ਭਾਈਚਾਰੇ ਦਾ ਹਿੱਸਾ ਹੈ ਅਤੇ ਇਸ ਦੀ ਸਰਕਾਰ ਦੇ ਦਿਵਾਲੀਆ ਹੋ ਜਾਣ ਦਾ ਪ੍ਰਭਾਵ ਪੂਰੇ ਯੂਰਪੀ ਭਾਈਚਾਰੇ 'ਤੇ ਪਵੇਗਾ ਪਰ ਚਾਂਸਲਰ ਅੰਜੇਲਾ ਮਰਕੇਲ ਦੀ ਅਗਵਾਈ 'ਚ ਜਰਮਨੀ ਨੇ ਇਹ ਐਲਾਨ ਕੀਤਾ ਕਿ ਇਹ ਗ੍ਰੀਸ ਸਰਕਾਰ ਨੂੰ ਬਚਾਉਣ ਲਈ ਅੱਗੇ ਨਹੀਂ ਆਵੇਗੀ। ਇਸ ਦੇ ਵਿੱਤੀ ਬਾਜ਼ਾਰ 'ਚ ਗ੍ਰੀਸ ਸਰਕਾਰ ਦੀ ਹਾਲਤ ਹੋਰ ਖਰਾਬ ਹੋਣ ਲੱਗੀ। ਉਸ ਨੂੰ ਕਰਜ਼ਾ ਮਿਲਣਾ ਹੋਰ ਮੁਸ਼ਕਲ ਹੋਣ ਲੱਗਾ। ਅਪ੍ਰੈਲ ਦਾ ਅੰਤ ਆਉਂਦੇ ਆਉਂਦੇ ਸਥਿਤੀ ਇਹ ਹੋ ਗਈ ਕਿ ਇਸ ਨੂੰ ਮਿਲਣ ਵਾਲੇ ਕਰਜ਼ਿਆ 'ਤੇ ਵਿਆਜ ਦੀਆਂ ਦਰਾਂ ਜਰਮਨੀ ਤੋਂ 7 ਫੀਸਦੀ ਵੱਧ ਪਹੁੰਚ ਗਈਆਂ। ਅਪ੍ਰੈਲ ਦੇ ਅੰਤ ਵਿੱਚ ਅੰਜੇਲਾ ਮਰਕੇਲ ਨੇ ਸੁਰ ਬਦਲੀ ਅਤੇ ਜਰਮਨੀ ਇਸ ਗੱਲ ਲਈ ਤਿਆਰ ਹੋਇਆ ਕਿ ਉਹ ਗ੍ਰੀਸ ਸਰਕਾਰ ਨੂੰ ਯੂਰਪੀ ਕੇਂਦਰੀ ਬੈਂਕ ਅਤੇ ਯੂਰਪੀ ਕਮਿਸ਼ਨ ਵਲੋਂ ਦਿੱਤੇ ਜਾਣ ਵਾਲੇ 45 ਅਰਬਯੂਰੋ ਦੇ ਕਰਜ਼ੇ ਵਿੱਚ ਭਾਗੀਦਾਰ ਬਣੇਗਾ। ਇਸ ਕਰਜ਼ੇ ਦੀਆਂ ਸਾਰੀਆਂ ਸ਼ਰਤਾਂ ਮਈ ਦੇ ਅੰਤ 'ਚ ਸ਼ੁਰੂ ਕੀਤੀਆਂ ਜਾਣੀਆਂ ਹਨ ਪਰ ਇਸ ਸਹਿਮਤੀ ਦੇ ਬਾਵਜੂਦ ਬਾਜ਼ਾਰ ਸਥਿਰ ਨਹੀਂ ਹੋ ਰਿਹਾ ਹੈ ਅਤੇ ਸੰਕਰਮਣ ਵਧਦਾ ਜਾ ਰਿਹਾ ਹੈ। ਬਾਜ਼ਾਰ 'ਚ ਇਹ ਗੱਲ ਆਮ ਹੈ ਕਿ ਗ੍ਰੀਸ ਪਿੱਛੋਂ ਸਪੇਨ ਅਤੇ ਪੁਰਤਗਾਲ ਦਾ ਨੰਬਰ ਲੱਗੇਗਾ। ਇਟਲੀ ਤੇ ਆਇਰਲੈਂਡ ਵੀ ਕਤਾਰ ਵਿੱਚ ਹਨ। ਸਪੇਨ ਤੇ ਪੁਰਤਗਾਲ ਦੀਆਂ ਸਰਕਾਰਾਂ ਦੀ ਸ਼ਾਖ ਤਾਂ ਬਾਜ਼ਾਰ 'ਚ ਡਿੱਗਣ ਵੀ ਲੱਗੀ ਹੈ। ਪਿਛਲੇ ਛੇ ਮਹੀਨਿਆਂ ਤੋਂ ਸਾਰੇ ਸਾਮਰਾਜੀ ਇਹ ਖੁਸ਼ਫਹਿਮੀ ਫੈਲਾਉਣ ਵਿੱਚ ਲੱਗੇ ਹੋਏ ਹਨ ਕਿ ਮੌਜੂਦਾ ਆਰਥਕ ਸੰਕਟ ਖਤਮ ਹੋ ਰਿਹਾ ਹੈ, ਕਿ ਮੌਜੂਦਾ ਅਰਥਚਾਰੇ ਇਸ ਸੰਕਟ 'ਚੋਂ ਬਾਹਰ ਨਿਕਲ ਰਹੇ ਹਨ, ਕਿ 2011 ਤੱਕ ਸਭ ਕੁਝ ਆਮ ਵਾਂਗ ਹੋ ਜਾਵੇਗਾ। ਉੱਪਰੋਂ ਅਰਥਚਾਰੇ ਦੇ ਕੁਝ ਸੰਕੇਤ ਇਸਦੀ ਪੁਸ਼ਟੀ ਕਰਦੇ ਵੀ ਲੱਗਦੇ ਹਨ। ਅਰਥਚਾਰਿਆਂ ਵਿੱਚ ਵਾਧਾ ਹੋਣ ਲੱਗਿਆ ਹੈ ਜਾਂ ਘੱਟੋ-ਘੱਟ ਗਿਰਾਵਟ ਤਾਂ ਰੁਕ ਹੀ ਗਈ ਹੈ। ਵੱਡੇ ਵਿੱਤੀ ਸੰਸਥਾਵਾਂ ਦਾ ਮੁਨਾਫਾ ਫਿਰ ਚਮਕਣ ਲੱਗਿਆ ਹੈ। ਬੇਰੁਜ਼ਗਾਰੀ ਦੀ ਦਰ ਵਧਣੀ ਬੰਦ ਹੋ ਗਈ ਹੈ ਆਦਿ। ਪਰ ਉਹਨਾਂ ਦੀ ਇਸ ਖੁਸ਼ਫਹਿਮੀ ਦੇ ਬਾਵਜੂਦ ਦੀ ਆਲੋਚਨਾਤਮਕ ਦ੍ਰਿਸ਼ਟੀ ਰੱਖਣ ਵਾਲੇ ਬੰਦੇ ਲਈ ਸਪੱਸ਼ਟ ਸੀ ਕਿ ਇਹ ਸਾਰਾ ਕੁਝ ਇਕਦਮ ਨਾ ਕਾਫੀ ਹੈ। ਅਰਥਚਾਰੇ ਨੂੰ ਗੰਭੀਰ ਸੰਕਟ ਵਿਚ ਧੱਕਣ ਵਾਲੇ ਕਾਰਨਾਂ ਦਾ ਕੋਈ ਹੱਲ ਨਹੀਂ ਹੋਇਆ ਹੈ। ਇੱਥੋਂ ਤੱਕ ਕਿ ਫੌਰੀ ਜੋ ਹੱਲ ਕੀਤੇ ਗਏ ਹਨ ਉਹਨਾਂ

’ਚ ਕੋਈ ਅਸਲ ਹੱਲ ਨਹੀਂ ਲੱਭਿਆ ਗਿਆ ਸੀ ਅਜਿਹੇ ’ਚ ਸੰਕਟ ਦੇ ਖਤਮ ਹੋਣ ਦੀ ਗੱਲ ਕਿਵੇਂ ਕੀਤੀ ਜਾ ਸਕਦੀ ਹੈ? ਜਦ ਦੋ ਸਾਲ ਪਹਿਲਾਂ ਮੌਜੂਦ ਸੰਕਟ ਦੇ ਗੰਭੀਰ ਰੂਪ ਧਾਰਣ ਕੀਤਾ ਤਾਂ ਪਤਾ ਲੱਗਿਆ ਕਿ ਦਿਉਕੱਦ ਸਾਮਰਾਜ ਵਿੱਤੀ ਅਦਾਰੇ ਬੁਰੀ ਤਰ੍ਹਾਂ ਨਾਲ ਕਰਜ਼ੇ ’ਚ ਡੁੱਬੇ ਹੋਏ ਹਨ ਅਤੇ ਆਪਣੀਆਂ ਹਾਲਤਾਂ ਦੇ ਰਸਾਤਲ ’ਚ ਚਲੇ ਜਾਣ ਕਰਕੇ ਉਹ ਖੜ੍ਹੇ ਨਹੀਂ ਰਹਿ ਸਕਦੇ। ਇਹਨਾਂ ਦੇ ਢਹਿ-ਢੇਰੀ ਹੋਣ ਪਿੱਛੋਂ ਸਮੁੱਚੇ ਵਿੱਤੀ ਬਾਜ਼ਾਰ ਤੇ ਉਸ ਦੇ ਨਾਲ ਪੂੰਜੀਵਾਦੀ ਦੇ ਵੀ ਢਹਿ-ਢੇਰੀ ਹੋਣ ਦਾ ਖਤਰਾ ਪੈਦਾ ਹੋ ਗਿਆ। ਤਦ ਸਰਕਾਰਾਂ ਨੂੰ ਇਸ ’ਚੋਂ ਨਿਕਲਣ ਦਾ ਇਕ ਹੀ ਤਰੀਕਾ ਸੁਝਿਆ। ਸਰਕਾਰ ਨੇ ਇਹਨਾਂ ਵਿੱਤੀ ਸੰਸਥਾਵਾਂ ਨੂੰ ‘ਬੇਲਆਊਟ’ ਕੀਤਾ ਇਸ ਦੇ ਲਈ ਇਹਨਾਂ ਦੇ ਰਾਸ਼ਟਰੀਕਰਨ ਕਰਨ ਤੋਂ ਲੈ ਕੇ ਇਹਨਾਂ ’ਚ ਪੈਸਾ ਝੋਕਣ ਦੇ ਸਾਰੇ ਕੰਮ ਕੀਤੇ ਗਏ। ਪਰ ਇਹਨਾਂ ਸਾਰਿਆਂ ਦਾ ਇਕ ਹੀ ਮਤਲਬ ਸੀ ਵਿੱਤੀ ਅਦਾਰਿਆਂ ਦੇ ਦਿਉਕੱਦ ਕਰਜ਼ਿਆਂ ਨੂੰ ਉਹਨਾਂ ਦੇ ਖਾਤੇ-ਵਹੀ ਤੋਂ ਬਾਹਰ ਕਰਕੇ ਸਰਕਾਰ ਦੇ ਜਿੰਮੇ ਲੈ ਲੈਣ। ਖਰਾਬ ਹਾਲਤਾਂ ਦਾ ਬੋਝ ਇਹਨਾਂ ਵਿੱਤੀ ਅਦਾਰਿਆਂ ਦੇ ਬਦਲੇ ਸਰਕਾਰ ਦੇ ਸਿਰ ’ਤੇ ਆ ਗਿਆ। ਪਰ ਸਮੱਸਿਆ ਦੀ ਸ਼ਨਾਖਤ ਨਹੀਂ ਸੀ। ਨਿੱਜੀ ਵਿੱਤੀ ਸੰਸਥਾਵਾਂ ਦੇ ਜਿੰਮੇ ਤੋਂ ਸਰਕਾਰ ਦੇ ਜਿੰਮੇ ਵਟਾਂਦਰੇ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ ਸੀ ਅਤੇ ਉਹ ਹੋਈ ਨਹੀਂ। ਪਰ ਇਹ ਜ਼ਰੂਰ ਹੋਇਆ ਕਿ ਇਸ ਦੇ ਕਾਰਨ ਸਰਕਾਰਾਂ ਦਾ ਬਜਟ ਘੱਟ ਕਰਨ ਦੇ ਨਾਂ ’ਤੇ ਮਜ਼ਦੂਰ ਵਰਗ ਤੇ ਹੋਰ ਮਿਹਨਤਕਸ਼ ਲੋਕਾਂ ਦੀ ਸਬਸਿਡੀ ’ਚ ਕਟੌਤੀ ਕਰਨ ਵਾਲੀ ਸਰਕਾਰ ਸਾਮਰਾਜੀ ਵਿੱਤੀ ਪ੍ਰਭੂਆਂ ਨੂੰ ਬਚਾਉਣ ਲਈ ਬਜਟ ਘਾਟੇ ਨੂੰ ਭੁੱਲ ਗਈ ਪਰ ਉਹਨਾਂ ਦੇ ਭੁੱਲ ਜਾਣ ਨਾਲ ਸਮੱਸਿਆ ਤਾਂ ਹੱਲ ਨਹੀਂ ਹੋ ਜਾਵੇਗੀ ਅਤੇ ਇਹ ਸਮੱਸਿਆ ਇਸ ਰੂਪ ’ਚ ਆ ਖੜ੍ਹੀ ਹੋਈ ਹੈ ਕਿ ਖੁਦ ਸਰਕਾਰਾਂ ਦੇ ਹੀ ਦਿਵਾਲੀਆ ਹੋ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ। ਇਹ ਮੌਜੂਦਾ ਆਰਥਕ ਸੰਕਟ ਦਾ ਅਗਲਾ ਪੜ੍ਹਾਅ ਹੈ। ਇਸ ਪੜ੍ਹਾਅ ਵਿੱਚ ਵੱਡੇ ਵਿਤੀ ਸੰਸਥਾਵਾਂ ਬਦਲੇ ਵੱਡੇ ਦੇਸ਼ ਦਿਵਾਲੀਆ ਹੋਣ ਵੱਲ ਵਧ ਰਹੇ ਹਨ। ਪਹਿਲੇ ਪੜ੍ਹਾਅ ’ਚ ਜਿੱਥੇ ਆਈਸ ਲੈਂਡ ਤੇ ਲਾਟਵੀਆ ਦੀ ਸਰਕਾਰ ਅਜਿਹੀ ਸਥਿਤੀ ਵਿੱਚ ਪਹੁੰਚੀ ਸੀ ਜਿੱਥੇ ਹੁਣ ਸਪੇਨ ਅਤੇ ਇਟਲੀ ਵਰਗੇ ਦੇਸ਼ ਇਸ ਵੱਲ ਵੱਧ ਰਹੇ ਹਨ। ਸੰਕਟ ਅਤੇ ਬੁਨਿਆਦੀ ਪੱਧਰ ਦੀ ਸਮੱਸਿਆ ਜਿਉਂ ਦੀ ਤਿਉਂ ਹੈ। ਮੌਜੂਦਾ ਸੰਕਟ ਦੀ ਜੜ੍ਹ ਵਿਚ ਸੀ ਪੈਦਾਵਾਰ-ਵੰਡ ’ਚ ਠਹਿਰਾਅ। ਇਸ ਨਾਲ ਫੌਰੀ ਮੁਕਤੀ ਦੇ ਲਈ ਵਿੱਤੀ ਬੁਲਬਲਾ, ਰੀਅਲ ਸਟੇਟ ਬੁਲਬਲਾ ਆਦਿ ਸਾਰੇ ਪੈਦਾ ਹੋਏ ਸਨ। ਸਪੇਨ ਵਿੱਚ ਤਾਂ ਇਕ ਸਮੇਂ ਰੀਅਲ ਸਟੇਟ ਦਾ ਕਾਰੋਬਾਰ ਕੁਲ ਘਰੇਲੂ ਪੈਦਾਵਾਰ ’ਚ 16 ਫੀਸਦੀ ਦਾ ਅਤੇ ਰੁਜ਼ਗਾਰ ’ਚ 12 ਫੀਸਦੀ ਦਾ ਯੋਗਦਾਨ ਕਰ ਰਿਹਾ ਸੀ। ਮਜ਼ਦੂਰ ਵਰਗ ਅਤੇ ਹੋਰ ਮਿਹਨਤਕਸ਼ ਲੋਕਾਂ ਦੀ ਅਸਲੀ ਕਾਰਜ ਸ਼ਕਤੀ ਨੂੰ ਘਟਾ ਕੇ ਜਦ ਇਸ ਤਰੀਕੇ ਨਾਲ ਉਸ ’ਚ ਜਾਨ ਫੂਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹ ਬਹੁਤ ਦਿਨ ਤੱਕ ਨਹੀਂ ਚੱਲ ਸਕਦੀ ਸੀ ਅਤੇ ਉਹ ਚੱਲੀ ਵੀ ਨਹੀਂ। ਹੁਣ ਲੱਖਾਂ ਦਾ ਸਵਾਲ ਇਹ ਹੈ ਕਿ ਅਰਥਚਾਰੇ ’ਚ ਵਾਧੇ ਲਈ ਅਸਲੀ ਕਾਰਜ ਸ਼ਕਤੀ ਕਿੱਥੋਂ ਆਵੇ? ਜਦਕਿ ਕਰੋੜਾ ਲੋਕ ਬੇਰੁਜ਼ਗਾਰਾਂ ਦੀ ਲਾਇਨ ’ਚ ਲੱਗ ਗਏ ਹਨ। ਤਦ ਇਹ ਕਿਵੇਂ ਸੰਭਵ ਹੈ? ਸਪੇਨ ’ਚ ਆਮ ਬੇਰੁਜ਼ਗਾਰੀ ਦਾ ਪੱਧਰ 20 ਫੀਸਦੀ ਅਤੇ ਨੌਜਵਾਨਾਂ ’ਚ 43 ਫੀਸਦੀ ਹੈ। ਇਹ ਬੇਰੁਜ਼ਗਾਰ ਲੋਕ ਅਰਥਚਾਰੇ ’ਚ ਕਿਵੇਂ ਰਫਤਾਰ ਮੁਹੱਈਆ ਕਰਨਗੇ? ਇਸ ਤਰ੍ਹਾਂ ਮੌਜੂਦਾ ਸੰਕਟ ਦੇ ਬੁਨਿਆਦੀ ਕਾਰਕ ਉਥੇ ਦੇ ਉਥੇ ਹਨ ਅਤੇ ਉਹ ਹੁਣ ਮੁੱਖ ਰੂਪਾਂ ਵਿੱਚ ਆਪਣਿਆਂ ਨੂੰ ਜਾਹਰ ਕਰ ਰਹੇ ਹਨ ਅਤੇ ਇਹਨਾਂ ਪ੍ਰਤੀ ਸਾਮਰਾਜੀਆਂ

ਦਾ ਰੁੱਖ ਕੀ ਹੈ? ਸਾਮਰਾਜੀ ਵਿੱਤੀ ਪ੍ਰਭੂ ਇਸ ਸੂਤਰ 'ਤੇ ਚੱਲਦੇ ਹਨ ਕਿ ਸੰਕਟ ਦਾ ਫਾਇਦਾ ਉਠਾਓ ਭਾਵੇਂ ਹੀ ਇਸ ਕਾਰਨ ਤਬਾਹ ਹੋ ਜਾਓ। ਮੁਨਾਫੇ ਦੀ ਹਵਸ਼ ਮਰਦੇ ਦਮ ਤੱਕ ਉਹਨਾਂ ਦਾ ਪਿੱਛਾ ਨਹੀਂ ਛੱਡਦੀ। ਡੇਢ ਸਾਲ ਪਹਿਲਾਂ ਸਤੰਬਰ-ਅਕਤੂਬਰ 2008 'ਚ ਜਦ ਅਮਰੀਕਾ 'ਚ ਇੱਕ ਤੋਂ ਪਿੱਛੋਂ ਇੱਕ ਵਿੱਤੀ ਅਦਾਰੇ ਦਿਵਾਲੀਆ ਹੋ ਰਹੇ ਸਨ ਤਾਂ ਬਾਕੀ ਇਹਨਾਂ ਨੂੰ ਗਿੰਡ਼ਾਂ ਵਾਲੇ ਨੋਚਣ ਲੱਗੇ ਹੋਏ ਸਨ। ਅਕਸਰ ਖੁਦ ਲੜਖੜਾਉਣ ਵਾਲਾ ਅਦਾਰਾ ਵੀ ਇਸ ਨੋਚ-ਖਸੋਟ 'ਚ ਜੀ ਜਾਨ ਨਾਲ ਲੱਗਿਆ ਹੁੰਦਾ ਸੀ। ਗੋਲਡਮਾਨ ਸਾਕ ਬਾਰੇ ਚੱਲ ਰਹੀ ਮੌਜੂਦਾ ਜਾਂਚ ਤਾਂ ਇਸ ਦੀ ਇਕ ਝਲਕ ਹੀ ਵਿਖਾ ਰਹੀ ਹੈ। ਹੁਣ ਜਦ ਕਿ ਦੇਸ਼ ਦੀਆਂ ਸਰਕਾਰਾਂ ਦਿਵਾਲੀਆ ਹੋਣ ਵੱਲ ਵੱਧ ਰਹੀਆਂ ਹਨ ਤਦ ਵੀ ਇਹੀ ਹੋ ਰਿਹਾ ਹੈ। ਇਸ ਦੇ ਦਿਵਾਲੀਆ ਹੋਣ ਦੀ ਸੱਟੇਬਾਜ਼ੀ ਕਰਕੇ ਅਸਲ ਵਿੱਚ ਇਹਨਾਂ ਨੂੰ ਗਿਰਾਵਟ ਵੱਲ ਧੱਕਿਆ ਜਾ ਰਿਹਾ ਹੈ। ਮੌਜੂਦਾ ਵਿੱਤੀ ਬਾਜ਼ਾਰ 'ਚ ਹਰ ਕੋਈ ਜਾਣਦਾ ਹੈ ਕਿ ਕਿਸੇ ਅਦਾਰੇ ਜਾਂ ਸਰਕਾਰ ਨੂੰ ਦਿਵਾਲੀਆ ਕਰਨ ਦਾ ਇਕ ਤਰੀਕਾ ਇਹ ਵੀ ਹੈ। ਇਸ ਨੂੰ ਬਾਜ਼ਾਰ ਦੀ ਭਾਸ਼ਾ ਵਿਚ 'ਖੁਦ ਨੂੰ ਸਾਬਤ ਕਰਨ ਵਾਲੀ ਭਵਿੱਖਬਾਣੀ' ਕਹਿੰਦੇ ਹਨ ਪਰ ਸਭ ਤੋਂ ਘ੍ਰਿਣਤ ਗੱਲ ਤਾਂ ਇਹ ਹੈ ਕਿ ਦੁਨੀਆਂ ਭਰ ਦੇ ਨਿੱਜੀ ਵਿੱਤੀ ਅਦਾਰੇ ਇਹ ਦਬਾਅ ਬਣਾ ਰਹੇ ਹਨ ਕਿ ਬਿਨ੍ਹਾਂ ਕਠੋਰ ਸ਼ਰਤਾਂ ਦੇ ਇਹਨਾਂ ਸਰਕਾਰਾਂ ਨੂੰ ਨਾ ਬਚਾਇਆ ਜਾਵੇ ਇਸ ਦੇ ਲਈ ਇਨ੍ਹਾਂ 'ਤੇ ਬੱਚਤ ਕਰਨ ਦਾ ਦਬਾਅ ਬਣਾਇਆ ਜਾਵੇ। ਜੋ ਵਿੱਤੀ ਅਦਾਰੇ ਖੁਦ ਨੂੰ ਬਚਾਉਣ ਲਈ ਸਰਕਾਰਾਂ 'ਤੇ ਦਬਾਅ ਬਣਾ ਰਹੇ ਸਨ ਹੁਣ ਦੂਜਾ ਰਾਗ ਅਲਾਪ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਬਜਟ ਘਾਟਾ ਅਤੇ ਕਰਜ਼ੇ ਨੂੰ ਘੱਟ ਕਰਨ ਦੀ ਸ਼ਰਤ ਬਿਨ੍ਹਾਂ ਇਹਨਾਂ ਸਰਕਾਰਾਂ ਨੂੰ ਨਾ ਬਚਾਇਆ ਜਾਵੇ। ਇਸ ਦੀ ਇਕ ਉਦਾਰਹਰਣ ਲਾਟਵਿਆ 'ਚ ਲਾਗੂ ਕੀਤੀ ਗਈ ਸੀ ਜਿੱਥੇ ਅਰਥਚਾਰੇ 'ਚ 10 ਫੀਸਦੀ ਦੀ ਕਟੌਤੀ ਕੀਤੀ ਗਈ ਸੀ ਅਤੇ ਜਨਤਕ ਖੇਤਰ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ 45 ਫੀਸਦੀ ਦੀ ਵਿੱਤੀ ਅਦਾਰਿਆਂ ਨੇ ਸਰਕਾਰ ਦੇ ਹੱਥੋਂ ਮੁਕਤ ਰਸਤ ਬੇਲ ਆਊਟ ਹਾਸਲ ਕਰਕੇ ਆਪਣੇ ਕਰਮਚਾਰੀਆ ਨੂੰ ਅਰਬਾਂ ਡਾਲਰ ਦਾ ਬੋਨਸ ਦਿੱਤਾ ਸੀ ਅਤੇ ਸ਼ੇਅਰ ਧਾਰਕਾਂ ਨੂੰ ਅਰਬਾਂ ਦਾ ਮੁਨਾਫਾ ਹੈ ਪਰ ਹੁਣ ਉਹ ਚਾਹੁੰਦੇ ਹਨ ਕਿ ਸਰਕਾਰਾਂ ਵਲੋਂ ਸਬਸਿਡੀ 'ਚ ਕਟੌਤੀ ਕੀਤੀ ਜਾਵੇ, ਮਜ਼ਦੂਰਾਂ ਦੀਆਂ ਤਨਖਾਹਾਂ ਘਟਾਈਆਂ ਜਾਣ ਆਦਿ। ਸੰਕਟ ਦੇ ਪਹਿਲੇ ਪੜ੍ਹਾਅ 'ਚ ਇਹਨਾਂ ਨੇ ਸੰਕਟ ਦਾ ਬੋਝ ਮਜ਼ਦੂਰਾਂ ਤੇ ਸਰਕਾਰ ਉੱਪਰ ਸੁੱਟਿਆ। ਸੰਕਟ ਦੇ ਦੂਜੇ ਪੜ੍ਹਾਅ ਵਿੱਚ ਇਹ ਫਿਰ ਇਸ ਨੂੰ ਮਜ਼ਦੂਰ ਉੱਪਰ ਸੁੱਟਣਾ ਚਾਹੁੰਦੇ ਹਨ। ਸੰਕਟ ਦੇ ਇਸ ਪੜ੍ਹਾਅ ਦੀ ਗੰਭੀਰਤਾ ਇਹ ਹੈ ਕਿ ਇਹ ਸਾਮਰਾਜਵਾਦ ਦੇ ਐਨ ਗੜ੍ਹ ਵਿਚ ਸਾਮਰਾਜੀ ਸਰਕਾਰਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਦੇ ਪਹਿਲਾਂ ਦੇ ਸੰਕਟਾਂ ਵਿੱਚ ਪਿਛਲੇ ਪੂੰਜੀਵਾਦੀ ਦੇਸ਼ਾਂ ਦੀਆਂ ਸਰਕਾਰਾਂ ਪ੍ਰਭਾਵਿਤ ਹੋਈਆਂ ਸਨ। ਉਦੋਂ ਸਾਮਰਾਜੀਆਂ ਦੀ ਅਗਵਾਈ 'ਚ ਕੌਮਾਂਤਰੀ ਮੁਦਰਾਕੋਸ਼ ਵਰਗੇ ਅਦਾਰੇ ਉਹਨਾਂ ਨੂੰ ਪਾਠ ਪੜਾਇਆ ਕਰਦੇ ਸਨ। ਸੰਕਟ ਦੀ ਸ਼ੁਰੂਆਤ ਵਿੱਚ ਵੀ ਆਈਸ ਲੈਂਡ, ਲਾਟਵਿਆ, ਲਿਥਵਾਨੀਆਂ, ਵਰਗੇ ਛੋਟੇ ਮੁਲਕਾਂ ਦੀਆਂ ਸਰਕਾਰਾਂ ਪ੍ਰਭਾਵਿਤ ਹੋਈਆਂ ਪਰ ਹੁਣ ਤਾਂ ਕੇਸ ਸਪੇਨ ਤੇ ਇਟਲੀ ਤੱਕ ਜਾ ਪਹੁੰਚਿਆ ਹੈ। ਇਟਲੀ ਜੀ-8 ਦਾ ਦੇਸ਼ ਹੈ। ਇਸ ਕਾਰਨ ਯੂਰਪੀ ਸੰਘ ਦੀ ਹਾਲਤ ਖਸਤਾ ਹੋਣ ਲੱਗੀ ਹੈ। ਯੂਰਪ ਦੇ ਸਾਮਰਾਜੀਆਂ ਨੇ ਆਪਣੀ ਵਿੱਤੀ ਪੂੰਜੀ ਦੀ ਸੇਵਾ 'ਚ ਇਕ ਲੰਬੇ ਸਮੇਂ 'ਚ ਯੂਰਪੀ ਏਕੀਕਰਨ ਦੇ ਅਮਲ ਨੂੰ ਅੱਗੇ ਵਧਾਇਆ ਸੀ। ਇਸ ਦਾ ਇਕ ਹੀ ਮਕਸਦ ਸੀ-ਯੂਰਪੀ ਪੂੰਜੀ ਦੇ ਮੁਨਾਫੇ ਨੂੰ ਵਧਾਉਣਾ, ਇਹਨਾਂ

ਨੂੰ ਹੋਰ ਸਾਮਰਾਜੀ ਧੜਿਆਂ ਤੇ ਮਜ਼ਦੂਰ ਵਰਗ ਦੇ ਮੁਕਾਬਲੇ ਬੇਹਤਰ ਸਥਿਤੀ ਮੁਹੱਈਆ ਕਰਨਾ। ਪਰ ਇਹ ਸੰਕਟ ਯੂਰਪੀ ਏਕੀਕਰਨ ਦੀ ਨੀਂਹ ਨੂੰ ਹੀ ਹਿਲਾ ਰਿਹਾ ਹੈ। ਗ੍ਰੀਸ ਸਰਕਾਰ ਦੇ ਦਿਵਾਲੀਆ ਹੋਣ ਵੱਲ ਵਧਣ ਦੇ ਨਾਲ ਯੂਰੋ ਹੇਠਾਂ ਡਿੱਗਦਾ ਗਿਆ ਹੈ। ਜੇ ਉਪਰੋਕਿਤ ਚਾਰ ਪੰਜ ਦੇਸ਼ਾਂ ਦੀਆਂ ਸਰਕਾਰਾਂ ਹੋਰ ਡੂੰਘੇ ਸੰਕਟ 'ਚ ਫਸਦੀਆਂ ਹਨ ਤਾਂ ਇਕ ਕੇਂਦਰੀਕ੍ਰਿਤ ਮੁਦਰਾ ਵਜੋਂ ਯੂਰੋ ਦੀ ਸਥਿਤੀ ਗੰਭੀਰ ਹੋ ਜਾਵੇਗੀ। ਜਿਵੇਂ ਕਿ ਹਮੇਸ਼ਾ ਹੁੰਦਾ ਹੈ ਸੰਕਟ ਸਮੇਂ ਆਪਸੀ ਮੱਤਭੇਦ ਬਹੁਤ ਵੱਧ ਜਾਂਦੇ ਹਨ। ਇਹਨਾਂ ਦੇਸ਼ ਦਾ ਸੰਕਟ ਡੂੰਘਾ ਹੋਣ ਦੇ ਨਾਲ ਯੂਰਪੀ ਸਾਮਰਾਜੀਆ ਵਿਚਕਾਰ ਮਤਭੇਦ ਵੱਧ ਗਏ ਹਨ। ਜਰਮਨੀ ਵਲੋਂ ਗ੍ਰੀਸ ਸਰਕਾਰ ਨੂੰ ਬਚਾਉਣ ਨਾਲ ਸ਼ੁਰੂ ਵਿਚ ਇਨਕਾਰ ਇਸੇ ਕਾਰਨ ਸੀ ਕਿ ਉਸ ਨੂੰ ਲੱਗਦਾ ਸੀ ਕਿ ਇਹ ਸਾਰਾ ਬੋਝ ਉਸ ਨੂੰ ਚੁੱਕਣਾ ਪੈਣਾ ਹੈ। ਪਰ ਜੇ ਯੂਰਪ ਦੇ ਸਾਮਰਾਜੀ ਏਕੀਕਰਣ ਦਾ ਸਭ ਤੋਂ ਵੱਧ ਫਾਇਦਾ ਫ੍ਰਾਂਸ ਤੇ ਜਰਮਨੀ ਦੇ ਸਾਮਰਾਜੀਆਂ ਨੇ ਉਠਾਇਆ ਸੀ ਤਾਂ ਹੁਣ ਉਹ ਇਸ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੇ ਪ੍ਰਭਾਵਾਂ ਤੋਂ ਬਚ ਨਹੀਂ ਸਕਦੇ। ਉਹ ਇਉਂ ਹੀ ਸਾਥ ਨਹੀਂ ਛੱਡ ਸਕਦੇ ਅਤੇ ਬਹੁਤ ਜਲਦੀ ਇਹ ਅੰਜੇਲਾ ਮਾਰਕੇਲ ਦੀ ਸਮਝ 'ਚ ਆ ਗਿਆ।

ਦੱਖਣੀ ਯੂਰਪ ਦਾ ਇਹ ਹਿੱਸਾ (ਸਪੇਨ, ਪੁਰਤਗਾਲ, ਗ੍ਰੀਸ, ਇਟਲੀ) ਯੂਰਪ ਦੇ ਸਭ ਤੋਂ ਪਿਛੜੇ ਹਿੱਸਿਆਂ ਵਿੱਚ ਹੈ। ਪਰ ਠੀਕ ਇਸੇ ਕਾਰਨ ਇਹ ਮੌਜੂਦਾ ਦਾ ਸੰਕਟ 'ਚ ਫਰਾਂਸ ਤੇ ਜਰਮਨੀ ਵਰਗੇ ਦੇਸ਼ਾਂ ਦੇ ਮੁਕਾਬਲੇ ਪਹਿਲਾਂ ਦਿਵਾਲੀਆ ਹੋਣ ਵੱਲ ਵੱਧ ਰਹੇ ਹਨ ਪਰ ਜਿਵੇਂ ਕਿ ਵਿੱਤੀ ਸੰਸਥਾਵਾਂ ਦੇ ਢਹਿ-ਢੇਰੀ ਹੋਣ ਸਮੇਂ ਦੇਖਿਆ ਸੀ, ਇਕ ਦਾ ਪਤਨ ਦੂਜੇ ਦੇ ਪਤਨ ਲਈ ਰਾਹ ਪੱਧਰਾ ਕਰਦਾ ਹੈ। ਇਸ ਸੰਬੰਧ 'ਚ ਬਹੁਤ ਸਪੱਸ਼ਟ ਹੈ ਕਿ ਸਮੱਸਿਆ ਸਿਰਫ ਯੂਰਪੀ ਮਹਾਂਦੀਪ ਦੀ ਨਹੀਂ ਹੈ। ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਵੀ ਇਸ ਨਾਲ ਆਪਣੇ ਆਪ ਨੂੰ ਪੂਰਨ ਸੁਰੱਖਿਅਤ ਮਹਿਸੂਸ ਨਹੀਂ ਕਰ ਸਕਦੀ। ਇੰਗਲੈਂਡ ਦੀ ਸਰਕਾਰ ਦੀ ਵਿੱਤੀ ਸਿਹਤ ਬਾਰੇ ਤਾਂ ਪਹਿਲਾਂ ਹੀ ਕਾਫੀ ਚੇਤਵਾਨੀ ਪੂਰਨ ਖ਼ਬਰ ਆ ਚੁੱਕੀ ਹੈ। ਸਾਮਰਾਜੀ ਵਿੱਤੀ ਸਰਕਾਰਾਂ ਨੂੰ ਬਚਾਉਣ ਦੀ ਕੀਮਤ ਮਜ਼ਦੂਰ ਜਮਾਤ ਤੋਂ ਵਸੂਲਣਾ ਚਾਹੁੰਦੇ ਹਨ। ਉਹ ਖੁਸ਼ਹਾਲੀ ਤੇ ਸੰਕਟ ਦੇ ਹਰ ਸਮੇਂ 'ਚ ਮਜ਼ਦੂਰਾਂ ਨੂੰ ਲੁੱਟਣਾ ਚਾਹੁੰਦੇ ਹਨ। ਗ੍ਰੀਸ 'ਚ ਜਰਜ ਪੋਪੇਂਦੂ ਦੀ ਸਮਾਜਕ ਜਮਹੂਰੀ ਸਰਕਾਰ 'ਤੇ ਇਹ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਨਾ ਸਿਰਫ ਆਪਣੇ ਖਰਚਿਆਂ 'ਚ ਕਟੌਤੀ ਕਰੇ ਬਲਕਿ ਉਹ ਯੂਨੀਅਨ 'ਤੇ ਵੀ ਇਹ ਦਬਾਅ ਪਾਵੇ ਕਿ ਉਹ ਮਜ਼ਦੂਰਾਂ ਨੂੰ ਸੰਘਰਸ਼ ਤੋਂ ਰੋਕਣ। ਗ੍ਰੀਸ 'ਚ ਜਨਤਕ ਖੇਤਰ ਦੇ ਕਰਮਚਾਰੀ ਇਹਨਾਂ ਕਦਮਾਂ ਖਿਲਾਫ 24 ਫਰਵਰੀ ਨੂੰ ਹੜਤਾਲ ਕਰ ਚੁੱਕੇ ਹਨ। ਉਸ ਪਿੱਛੋਂ ਫਿਰ 11 ਮਾਰਚ ਨੂੰ ਨਿੱਜੀ ਤੇ ਜਨਤਕ ਦੋਨੋਂ ਖੇਤਰ ਦੇ ਮਜ਼ਦੂਰਾਂ ਨੇ ਇਕ ਦਿਨ ਦੀ ਆਮ ਹੜਤਾਲ ਕੀਤੀ। ਇਟਲੀ ਤੇ ਆਇਰਲੈਂਡ ਵਿੱਚ ਵੀ ਫਰਵਰੀ ਮਹੀਨੇ 'ਚ ਇਹਨਾਂ ਕਦਮਾਂ ਖਿਲਾਫ ਵੱਡੀਆਂ ਹੜਤਾਲਾਂ ਹੋਈਆਂ। ਇਟਲੀ ਦੀ ਹੜਤਾਲ 'ਚ ਤਾਂ ਲੱਕ 'ਬੇਲਾ ਕਲਾਓ' ਦਾ ਇਹ ਗੀਤ ਗਾ ਰਹੇ ਸਨ ਜੋ ਫਾਸ਼ੀਵਾਦ ਖਿਲਾਫ ਪ੍ਰਤੀਰੋਧ ਯੁੱਧ ਦੇ ਜਮਾਨੇ 'ਚ ਗਾਇਆ ਜਾਂਦਾ ਸੀ। ਸਾਮਰਾਜੀ ਪੂੰਜੀਪਤੀ ਜਮਾਤ ਇਸ ਸੰਕਟ ਵਿਚ ਮਜ਼ਦੂਰ 'ਤੇ ਵੱਧ ਕਹਿਰ ਢਹਿ ਰਹੀ ਹੈ। ਇਸ ਤਰ੍ਹਾਂ ਕਰਕੇ ਇਹ ਮਜ਼ਦੂਰ ਜਮਾਤ 'ਚ ਆਪਣੇ ਪ੍ਰਤੀ ਨਫ਼ਰਤ ਨੂੰ ਕਈ ਗੁਣਾ ਵਧਾ ਰਹੀ ਹੈ। ਜ਼ਰੂਰੀ ਹੈ ਕਿ ਮਜ਼ਦੂਰ ਪੂੰਜੀਪਤੀ ਨਾਜ਼ਾਮ ਨੂੰ ਉਖਾੜ ਦੇਣ।

# ਫਿਰਕਾਪ੍ਰਸਤ ਦੰਗਿਆਂ ਦੀ ਉਸਾਰੀ ਹੁੰਦੀ ਕਿਵੇਂ ਹੈ?

ਮਾਰਚ ਮਹੀਨਾ ਬਰੇਲੀ ਸ਼ਹਿਰ ਲਈ ਬੁਰਾ ਗੁਜ਼ਰਿਆ। ਬਾਰਾਵਫ਼ਾਤ ਦੇ ਜਲੂਸ ਦੇ ਰਸਤੇ ਸਬੰਧੀ ਵਿਵਾਦ ਤੇ ਤਣਾਅ ਦੇ ਸਿੱਟੇ ਵਜੋਂ ਸ਼ਹਿਰ ਵਿੱਚ ਫਿਰਕੂ ਦੰਗੇ ਹੋਏ ਅਤੇ ਫਿਰ ਕੁਝ ਦਿਨਾਂ ਤੱਕ ਸ਼ਹਿਰ ਵਿੱਚ ਕਰਫਿਊ ਵੀ ਲਾਇਆ ਗਿਆ। ਪਰ ਬਰੇਲੀ ਲਈ ਇਹ ਘਟਨਾ ਆਮ ਨਹੀਂ ਸੀ ਜਿਸ ਤਰ੍ਹਾਂ ਉੱਤਰ ਪ੍ਰਦੇਸ਼ ਤੇ ਹੋਰ ਸ਼ਹਿਰਾਂ ਲਈ ਇਹ ਆਮ ਗੱਲ ਹੋ ਸਕਦੀ ਹੈ। ਕਾਰਨ ਇਹ ਕਿ ਬਰੇਲੀ 'ਚ ਫਿਰਕੂ ਦੰਗਿਆਂ ਦਾ ਕੋਈ ਇਤਿਹਾਸ ਨਹੀਂ ਰਿਹਾ ਹੈ ਪਰ ਮਾਰਚ 2010 ਬਰੇਲੀ ਦੇ ਇਤਿਹਾਸ ਵਿੱਚ ਇਕ ਮੀਲ ਪੱਥਰ ਬਣ ਗਿਆ। ਇਕ ਬੇਹੱਦ ਮਾਮੂਲੀ ਜਿਹੇ ਝਮੇਲੇ ਨਾਲ ਪੂਰਾ ਸ਼ਹਿਰ ਹਿੰਦੂ-ਮੁਸਲਮਾਨ ਦੰਗਿਆਂ ਦੀ ਲਪੇਟ ਵਿੱਚ ਆ ਗਿਆ। ਜਾਨ-ਮਾਲ ਦਾ ਕਾਫੀ ਨੁਕਸਾਨ ਹੋਇਆ ਅਤੇ ਆਉਣ ਵਾਲੇ ਸਮੇਂ ਤੱਕ ਲਈ ਇਹ ਦੰਗਾ ਦੋਨੋਂ ਫਿਰਕਿਆਂ ਦੇ ਲੋਕਾਂ ਵਿਚਕਾਰ ਨਫਰਤ ਛੱਡ ਗਿਆ। ਪਰ ਜੇ ਆਪਾਂ ਇਹਨਾਂ ਦੰਗਿਆਂ ਤੋਂ ਪਹਿਲਾਂ ਅਤੇ ਉਸ ਦੇ ਦੌਰਾਨ ਹੋਏ ਘਟਨਾਕ੍ਰਮ 'ਤੇ ਨੇੜਿਉਂ ਨਜ਼ਰ ਮਾਰੀਏ ਅਤੇ ਸਰਕਾਰੀ ਤੇ ਗੈਰ ਸਰਕਾਰੀ ਸਰੋਤਾਂ ਦੇ ਆਧਾਰ 'ਤੇ ਵਿਸ਼ਲੇਸ਼ਣ ਕਰੀਏ ਤਾਂ ਸਾਨੂੰ ਲੱਗਦਾ ਹੈ ਕਿ ਇਹ ਦੰਗਾ ਕੋਈ ਪਹਿਲਾਂ ਸੋਚਿਆ ਦੰਗਾ ਨਹੀਂ ਸੀ। ਕਿਤੇ ਵੀ ਹਿੰਦੂ ਤੇ ਮੁਸਲਮਾਨ ਫਿਰਕਿਆਂ ਵਿਚਕਾਰ ਖੁਦ ਕੋਈ ਮਾਰਕੁਟ ਪਥਰਾਅ ਜਾਂ ਝਗੜਾ ਨਹੀਂ ਹੋਇਆ ਸੀ। ਇਹ ਸਭ ਕੁਝ ਕਿਵੇਂ ਸ਼ੁਰੂ ਹੋਇਆ ਇਸ 'ਤੇ ਨਜ਼ਰ ਮਾਰਦਿਆਂ ਹੀ ਸਾਫ਼ ਹੋ ਜਾਂਦਾ ਹੈ ਕਿ ਬਹੁਤੇ ਫਿਰਕੂ ਦੰਗਿਆਂ ਵਾਂਗੂੰ ਇਹ ਦੰਗਾ ਵੀ ਬਣਾਇਆ ਗਿਆ ਸੀ ਆਪਣੇ ਆਪ ਪੈਦਾ ਨਹੀਂ ਹੋਇਆ ਸੀ। ਘਟਨਾਕ੍ਰਮ ਦੀ ਸ਼ੁਰੂਆਤ 2 ਮਾਰਚ ਤੋਂ ਹੁੰਦੀ ਹੈ। ਅਖ਼ਬਾਰਾਂ 'ਚ ਰਪਟ ਆਈ ਕਿ ਬਾਰਾਵਫਾਤ ਦੇ ਜਲੂਸਾਂ ਦੇ ਰਾਹ ਸਬੰਧੀ ਹਿੰਦੂ ਤੇ ਮੁਸਲਮਾਨ ਸਮੂਹਾਂ 'ਚ ਇਕ ਝਗੜਾ ਸ਼ੁਰੂ ਹੋਇਆ ਸ਼ੁਰੂ ਵਿਚ ਲੋਕਾਂ ਨੇ ਇੱਕ ਦੂਜੇ 'ਤੇ ਡਾਂਗਾਂ ਵਰ੍ਹਾਈਆਂ ਅਤੇ ਪਥਰਾਅ ਕੀਤਾ ਬਾਅਦ 'ਚ ਭੀੜ ਨੇ ਦੁਕਾਨਾਂ ਤੇ ਘਰ ਸਾੜਣੇ ਸ਼ੁਰੂ ਕਰ ਦਿੱਤੇ। ਬਰਾਵਫਾਤ ਜਲੂਸ ਮਿਲਾਦਓਨ ਨਬੀ (ਹਜ਼ਰਤ ਮਹੰਮਤ ਦੇ ਜਨਮ ਦਿਨ) 'ਤੇ ਸੁੰਨੀ ਮੁਸਲਮਾਨਾਂ ਵਲੋਂ ਕੱਢਿਆ ਜਾਂਦਾ ਹੈ। ਭਾਰਤ ਦੇ 80 ਫੀਸਦੀ ਮੁਸਲਮਾਨ ਬਰੇਲਵੀ ਫਿਰਕੇ ਨਾਲ ਜੁੜੇ ਹੋਏ ਹਨ। ਬਰੇਲ ਵੀ ਅੰਦੋਲਨ 19 ਵੀਂ ਸਦੀ ਦੇ ਉਤਰਾਅ ਸਮੇਂ ਸ਼ੁਰੂ ਹੋਇਆ ਸੀ ਅਤੇ ਇਹ ਇੱਕ ਉਦਾਰਵਾਦੀ ਅੰਦੋਲਨ ਸੀ ਜੋ ਹੋਰਨਾਂ ਫਿਰਕਿਆਂ ਦੀਆਂ ਪ੍ਰਥਾਵਾਂ ਨੂੰ ਵੀ ਆਪਣੇ ਵਿਚ ਸਮੋ ਲੈਂਦਾ ਸੀ। ਇਸ ਅੰਦੋਲਨ 'ਤੇ ਬਰੇਲੀ ਦੇ ਅਹਿਮਦ ਰਿਜ਼ਾ ਖਾਨ ਦੀ ਲਿਖਤ ਦਾ ਭਾਰੀ ਪ੍ਰਭਾਵ ਸੀ, ਜੋ ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕੇ 'ਚ ਲਿਖ ਰਹੇ ਸਨ। ਬਰੇਲੀ ਸ਼ਹਿਰ ਵਿਚ ਬਾਰਾਵਫਾਤ ਦਾ ਜਲੂਸ ਕਾਫੀ ਮਾਅਨੇ ਰੱਖਦਾ ਹੈ ਕਿਉਂ ਇਥੇ ਹੀ ਭਾਰਤ ਦੇ 80 ਫੀਸਦੀ ਮੁਸਲਮਾਨਾਂ ਦਾ ਸਭ ਤੋਂ ਮਹੱਤਵਪੂਰਨ ਪੂਜਾ ਸਥਾਨ ਦਰਗਾਹ-ਅਲ-ਹਜ਼ਰਤ ਸਥਿਤ ਹੈ। ਇਸ ਦਿਨ ਨਾ ਸਿਰਫ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਬਲਕਿ ਦੁਨੀਆਂ ਦੇ ਕਈ ਹਿੱਸਿਆਂ ਤੋਂ ਮੁਸਲਮਾਨ ਬਾਰਾਵਫਾਤ ਦੇ ਜਲੂਸ 'ਚ ਸ਼ਾਮਲ ਹੋਣ ਲਈ ਆਉਂਦੇ ਹਨ। ਇਹ ਜਲੂਸ ਕਈ ਹਿੱਸਿਆਂ ਵਿੱਚ ਨਿਕਲਦਾ ਹੈ ਅਤੇ ਇਕ ਥਾਂ ਆ ਕੇ ਜਥੇਬੰਦ ਹੋ ਕੇ ਫਿਰ ਅੱਗੇ ਦਰਗਾਹ ਤੱਕ ਜਾਂਦਾ ਹੈ। ਦਹਾਕਿਆਂ ਤੋਂ ਇਸ ਜਲੂਸ

ਸਬੰਧੀ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਆਪ ਸੀ ਸਹਿਮਤੀ ਰਹੀ ਹੈ। ਬਲਕਿ ਇਸ ਵਿੱਚ ਹਿੰਦੂਆਂ ਨੇ ਅਜੇ ਤੱਕ ਮੁਸਲਮਾਨਾਂ ਦੀ ਕਾਫੀ ਮਦਦ ਕੀਤੀ ਸੀ। ਝਗੜਾ ਤਾਂ ਬਹੁਤ ਦੂਰ ਦੀ ਗੱਲ ਹੈ। ਵੱਖ-ਵੱਖ ਛੋਟੇ ਜਲੂਸਾਂ ਨੂੰ ਅੰਜੁਮਨ ਕਿਹਾ ਜਾਂਦਾ ਹੈ। ਵੱਖ-ਵੱਖ ਅੰਜੁਮਨਾ ਦੇ ਰਾਹ ਵੱਖ-ਵੱਖ ਹੁੰਦੇ ਹਨ। ਇਸ ਪੂਰੇ ਸਮਾਰੋਹ ਨੂੰ ਅਯੋਜਿਤ ਕਰਨ ਦਾ ਕੰਮ ਅੰਜੁਮਨ ਖੁਦਮਾ ਰਸੂਲ ਤੰਜੀਮ ਨਾਂ ਦੀ ਮੁਸਲਮਾਨਾਂ ਦੀ ਇਕ ਜਥਬੰਦੀ ਕਰਦੀ ਹੈ। 2 ਮਾਰਚ ਨੂੰ ਜਦ ਬਰੇਲੀ ਦੇ ਗੁਲਾਬਨਗਰ ਇਲਾਕੇ ਦਾ ਅੰਜੁਮਨ ਚਹਿਬਾਈ ਖੇਤਰ ਵਿਚ ਜਾਣਾ ਚਾਹੁੰਦਾ ਸੀ ਜੋ ਉਸ ਦੇ ਪਹਿਲੇ ਤਹਿ ਹੋਏ ਰਸਤੇ ’ਤੇ ਨਹੀਂ ਸੀ ਤਾਂ ਚਹਿਬਾਣੀ ਖੇਤਰ ਦੇ ਮੁੱਠੀਭਰ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਇਸ ਪਿੱਛੋਂ ਇਸ ਖੇਤਰ ਦੇ ਲੋਕਾਂ ਨੇ ਇਕ ਮੀਟਿੰਗ ਕਰਕੇ ਇਹ ਤਹਿ ਕਰਨ ਦਾ ਫੈਸਲਾ ਕੀਤਾ ਕਿ ਅੰਜੁਮਨ ਨੂੰ ਚਹਿਬਾਈ ਖੇਤਰ ’ਚ ਆਉਣ ਦਿੱਤਾ ਜਾਵੇ ਜਾਂ ਨਹੀਂ। ਅੰਜੁਮਨ ਖੁਦਮਾ ਰਸੂਲ ਤੰਜੀਮ ਦੇ ਕਾਸਿਮ ਕਮੀਰੀ ਨੇ ਦੱਸਿਆ ਕਿ ਤਹਿ ਰਸਤਾ ਰੇਲ ਟ੍ਰੈਕ ਉਸਾਰੀ ਕਾਰਨ ਬੰਦ ਕਰ ਦਿੱਤਾ ਗਿਆ ਸੀ ਜਿਸ ਕਾਰਨ ਰਸਤੇ ’ਚ ਤਬਦੀਲੀ ਦੀ ਲੋੜ ਪਈ ਸੀ। ਚਹਿਬਾਈ ਖੇਤਰ ਦੇ ਨਾਗਰਿਕਾਂ ਨੇ, ਜੋ ਬੈਠਕ ਵਿੱਚ ਸ਼ਾਮਲ ਸਨ, ਦੱਸਿਆ ਕਿ ਉਹਨਾਂ ਨੇ ਅੰਜੁਮਨ ਨੂੰ ਚਹਿਬਾਈ ਖੇਤਰ ’ਚ ਆਉਣ ਦੇਣ ਦਾ ਫੈਸਲਾ ਕਰ ਲਿਆ ਸੀ। ਪਰ ਇਸ ਤੋਂ ਪਹਿਲਾਂ ਕਿ ਉਹ ਇਸ ਫੈਸਲੇ ਨੂੰ ਅੰਜੁਮਨ ਤੱਕ ਪਹੁੰਚਾ ਸਕਦੇ ਇਹ ਖਬਰ ਆਈ ਕਿ ਕੁਝ ਲੋਕਾਂ ਨੇ ਆਪਣੀਆਂ ਛੱਤਾਂ ਤੋਂ ਅੰਜੁਮਨ ’ਤੇ ਪਥਰਾਅ ਕਰਨਾ ਸ਼ੁਰੂ ਕੀਤਾ ਹੈ। ਇਸ ਦਾ ਜਵਾਬ ’ਚ ਅੰਜੁਮਨ ’ਚ ਸ਼ਾਮਲ ਕੁਝ ਮੁਸਲਮਾਨਾਂ ਨੇ ਵੀ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ। ਬਸ ਇੱਥੋਂ ਹੀ ਮਾਰਕੁਟ, ਲਾਠੀ ਬਾਜੀ ਤੇ ਪਥਰਾਅ ਦੀ ਸ਼ੁਰੂਆਤ ਹੋ ਗਈ। ਥੋੜ੍ਹੀ ਦੇਰ ’ਚ ਇਹ ਖਬਰ ਪੂਰੇ ਸ਼ਹਿਰ ’ਚ ਤੇਜ਼ੀ ਨਾਲ ਫੈਲ ਗਈ। ਪੂਰਾ ਸ਼ਹਿਰ ਦੰਗਿਆਂ ਦੀ ਲਪੇਟ ’ਚ ਆ ਗਿਆ। ਇਸ ਪੂਰੇ ਘਟਨਾਕ੍ਰਮ ਦੌਰਾਨ ਸੰਘ ਅਤੇ ਭਾਜਪਾ ਦੇ ਵਰਕਰਾਂ ਨੇ ਬੇਹੱਦ ਕੁਸ਼ਲਤਾ ਨਾਲ ਅਫਵਾਹਾਂ ਫੈਲਾਉਣ ਦਾ ਕੰਮ ਕੀਤਾ। ਫਿਰਕੂ ਦੰਗਿਆਂ ਦਾ ਇਤਿਹਾਸ ਦੱਸਦਾ ਹੈ ਕਿ ਹਮੇਸ਼ਾ ਹੀ ਦੰਗਿਆਂ ਵਿਚ ਫਿਰਕੂ ਸ਼ਕਤੀਆਂ ਵਲੋਂ ਅਫਵਾਹਾਂ ਫੈਲਾਉਣ ਦਾ ਵੱਡਾ ਯੋਗਦਾਨ ਰਿਹਾ ਹੈ। 1947 ਤੋਂ ਪਹਿਲਾਂ ਤੋਂ ਹੀ ਸੰਘ ਪ੍ਰੀਵਾਰ ਇਸ ਕੰਮ ’ਚ ਲੱਗਿਆ ਹੋਇਆ ਹੈ। ਗਿਆਨ ਪਾਂਡੇ, ਪਾਲ. ਆਰ. ਬ੍ਰਾਸ ਆਦਿ ਵਰਗੇ ਸਾਰੇ ਇਤਿਹਾਸਕਾਰ ਹਨ ਕਿ ਇਹ ਅਫਵਾਹਾਂ ਕਿਵੇਂ ਫੈਲਾਈਆਂ ਜਾਂਦੀਆਂ ਹਨ ਅਤੇ ਇਹ ਦੰਗੇ ਭੜਕਾਉਣ ’ਚ ਕਿਸ ਤਰ੍ਹਾਂ ਯੋਗਦਾਨ ਪਾਉਂਦੀਆਂ ਹਨ। ਫਿਰਕੂ ਭੀੜ ਨੇ ਥਾਂ-ਥਾਂ ਮਕਾਨਾਂ ਤੇ ਦੁਕਾਨਾਂ ਨੂੰ ਸਾੜਨਾ ਸ਼ੁਰੂ ਕਰ ਦਿੱਤਾ। ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਦ ਚਹਿਬਾਈ ਖੇਤਰ ਦੇ ਨਾਗਰਿਕ ਜਲੂਸ ਨੂੰ ਆਪਣੇ ਇਲਾਕੇ ਤੋਂ ਲੰਘਣ ਦੀ ਇਜ਼ਾਜਤ ਦੇਣ ਹੀ ਵਾਲੇ ਸਨ ਤਾਂ ਅੰਜੁਮਨ ਉਪਰ ਪਥਰਾਅ ਕਰਨਾ ਕਿਹੜੇ ਲੋਕਾਂ ਨੇ ਸ਼ੁਰੂ ਕੀਤਾ। ਦੰਗਿਆਂ ਦੀ ਸ਼ੁਰੂਆਤ ਪਿੱਛੋਂ ਕਾਫੀ ਸਮੇਂ ਤੱਕ ਤਾਂ ਪ੍ਰਸ਼ਾਸਨ ਨੇ ਕੋਈ ਵਿਸ਼ੇਸ਼ ਕਦਮ ਨਹੀਂ ਉਠਾਇਆ। ਇਸ ਦੇ ਨਿਰਦੇਸ਼ ਸਿੱਧੇ ਮਾਇਆਵਤੀ ਸਰਕਾਰ ਤੋਂ ਆਏ ਸਨ। ਇਸਦਾ ਕਾਰਨ ਇਹ ਸੀ ਕਿ ਬਰੇਲੀ ਦੇ ਸੰਸਦ ਖੇਤਰ ਤੋਂ ਪਿਛਲੇ ਛੇ ਬਾਰੀਆਂ ਤੋਂ ਭਾਜਪਾ ਨੇਤਾ ਸੰਤੋਸ ਗੰਗਵਾਰ ਨੇ ਜਿੱਤ ਹਾਸਲ ਕੀਤੀ ਸੀ ਪਰ ਪਿਛਲੀਆਂ ਲੋਕ ਸਭਾ ਚੋਣਾਂ ’ਚ ਕਾਂਗਰਸ ਦੇ ਪ੍ਰਵੀਣ ਸਿੰਘ ਅਰੁਣ ਨੇ ਉਸ ਨੂੰ ਲਗਭਗ 9500 ਵੋਟਾਂ ਦੇ ਮਾਮੂਲੀ ਫਰਕ ਨਾਲ

ਹਰਾ ਦਿੱਤਾ ਸੀ ਇਸ ਦਾ ਕਾਰਨ ਇਹ ਸੀ ਕਿ ਬਰੇਲੀ ਖੇਤਰ ਵਿਚ ਭਾਜਪਾ ਦਾ ਆਧਾਰ ਲੋਘ ਅਤੇ ਕੁਰੀਆ ਜਾਤੀਆਂ ਵਿਚਕਾਰ ਰਿਹਾ ਸੀ ਜੋ ਤੇਜ਼ੀ ਨਾਲ ਖਿਸਕ ਰਿਹਾ ਸੀ। ਇਸ ਕਾਰਨ ਹੀ ਆਖਰੀ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਕਾਰਨ ਭਾਜਪਾ 'ਚ ਕਾਫੀ ਬੇਚੈਨੀ ਸੀ। ਵਾਪਸ ਆਪਣਾ ਆਧਾਰ ਹਾਸਲ ਕਰਨ ਲਈ ਭਾਜਪਾ ਨੇ ਹਮੇਸ਼ਾ ਵਾਂਗੂੰ ਫਿਰਕੂ ਤਣਾਅ ਨੂੰ ਭੜਕਾਉਣ ਦਾ ਰਾਹ ਚੁਣਿਆ। ਇਸ ਦੀ ਤਿਆਰੀ ਉਹ ਲੰਮੇ ਸਮੇਂ ਤੋਂ ਕਰ ਰਹੀ ਸੀ। ਦੂਜੇ ਪਾਸੇ ਮਾਇਆਵਤੀ ਉਤਰ ਪ੍ਰਦੇਸ਼ 'ਚ ਕਾਂਗਰਸ ਦੇ ਵਧਦੇ ਆਧਾਰ ਤੋਂ ਘਬਰਾਈ ਹੋਈ ਸੀ ਜਿਸ ਕਾਰਨ ਉਸ ਨੇ ਇਸ ਗੱਲ ਦੀ ਇਜ਼ਾਜਤ ਦਿੱਤੀ ਕਿ ਫਿਰਕੂ ਤਣਾਅ ਫੈਲੇ ਅਤੇ 11 ਦਿਨਾਂ ਤੱਕ ਕੋਈ ਅਮਲੀ ਕਾਰਵਾਈ ਨਹੀਂ ਹੋਈ। ਦੂਜੇ ਪਾਸੇ ਕਾਂਗਰਸ ਦੇ ਸਾਂਸਦ ਨੇ ਇਸ 'ਤੇ ਕੋਈ ਧਿਆਨ ਹੀ ਨਹੀਂ ਦਿੱਤਾ। ਜਿਸ ਕਾਰਨ ਕਾਂਗਰਸ ਨੂੰ ਨੁਕਸਾਨ ਹੋ ਰਿਹਾ ਹੈ ਅਤੇ ਬਸਪਾ ਨੂੰ ਫਾਇਦਾ ਭਾਜਪਾ ਨੇ ਆਪਣਾ ਪੁਰਾਣਾ ਤਰੀਕਾ ਵਰਤਿਆ ਦਰਅਸਲ ਪਿਛਲੀਆਂ ਕਈ ਵਾਰੀਆਂ ਤੋਂ ਮਿਲਾਦ ਉਨਨਬੀ ਅਤੇ ਹੋਲੀ ਜਾਂ ਤਾਂ ਇਕ ਹੀ ਦਿਨ ਆ ਰਹੇ ਸਨ ਜਾਂ ਦੋ ਦਿਨ ਦੇ ਅੰਦਰ ਆਉਂਦੇ ਸਨ। ਮੁਸਲਮਾਨਾਂ ਨੇ ਹਰ ਵਾਰੀ ਪ੍ਰਸ਼ਾਸਨ ਦੀ ਇਸ ਗੁਜ਼ਾਰਿਸ ਨੂੰ ਮੰਨਿਆ ਸੀ ਕਿ ਉਹ ਜਲੂਸ ਐਨ ਮਿਲਾਦ ਉਨ ਨਬੀ ਦੇ ਦਿਨ ਨਾ ਕੱਢਣ। ਇਸ ਕਾਰਨ ਹਰ ਵਾਰੀ ਇਹ ਤਿਉਹਾਰਾਂ ਦਾ ਦੌਰ ਆਰਾਮ ਨਾਲ ਗੁਜਰਦਾ ਆ ਰਿਹਾ ਸੀ। ਸੰਘ ਪ੍ਰੀਵਾਰ ਨੇ ਇਸ ਨੂੰ ਇਕ ਮੌਕੇ 'ਚ ਤਬਦੀਲ ਕਰਨ ਦਾ ਫੈਸਲਾ ਲਿਆ। ਹਰ ਵਾਰੀ ਇਕ-ਦੋ ਕੱਟੜਪੰਥੀ ਮੁਸਲਮਾਨ ਨੇਤਾ ਆਪਣਾ ਜਲੂਸ ਮਿਲਾਦ ਉਨ ਨਬੀ ਦੇ ਦਿਨ ਹੀ ਕੱਢ ਰਹੇ ਸਨ। ਪਰ ਇਸ ਦਾ ਕੋਈ ਵਿਸ਼ੇਸ਼ ਫਰਕ ਨਹੀ ਪੈਂਦਾ ਸੀ। ਪਰ ਇਸ ਵਾਰੀ ਇਸਦੇ ਜਵਾਬ 'ਚ 28 ਫਰਵਰੀ ਨੂੰ ਕੁਝ ਲੋਕਾਂ ਨੇ ਇਕ ਮਸਜਿਦ ਅੰਦਰ ਗੰਦੇ ਕੱਪੜੇ ਸੁੱਟ ਦਿੱਤੇ ਇਸ ਤੋਂ ਬਾਅਦ ਪੁਲਿਸ ਨੇ ਕੁਝ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਹਿੰਦੂ ਜਾਗਰਣ ਇਸ ਮੰਚ ਜੋ ਕਿ ਸੰਘ ਦਾ ਹੀ ਇਕ ਮਖੌਟਾ ਹੈ ਨੇ ਇਸਦੇ ਖਿਲਾਫ਼ ਪੁਲਸ ਥਾਣੇ ਮੁਜਾਹਰਾ ਕੀਤਾ। ਇਸ ਦੌਰਾਨ ਵੱਡਾ ਬਾਜ਼ਾਰ ਦੇ ਵਪਾਰੀਆਂ ਨੇ (ਜੋ ਹਮੇਸ਼ਾ ਹੀ ਸਭ ਤੋਂ ਪਿਛਾਖੜੀ ਫਾਸ਼ੀਵਾਦ ਦੇ ਹਮਾਇਤੀ ਹੁੰਦੇ ਹਨ) ਪੁਲਸ ਦੇ ਉਸ ਹੁਕਮ ਦਾ ਵਿਰੋਧ ਕਰਦਿਆਂ ਰਸਤਾ ਜਾਮ ਕਰ ਦਿੱਤਾ। ਜਿਸ ਵਿਚ ਪੁਲਸ ਨੂੰ ਪ੍ਰਸ਼ਾਸਨ ਨੇ ਵੱਡੇ ਬਾਜ਼ਾਰ ਤੋਂ ਹੋਲਿਕਾ ਦਹਿਨ ਦੀ ਰਾਖ ਨੂੰ ਹਟਾਉਣ ਲਈ ਕਿਹਾ ਸੀ ਤਾਂ ਕਿ ਬਾਰਾਵਫਾਤ ਦਾ ਜਲੂਸ ਉੱਥੋਂ ਲੰਘ ਸਕੇ। ਵਪਾਰੀਆਂ ਨੇ ਮੰਗ ਕੀਤੀ ਕਿ ਤਿੰਨ ਦਿਨਾਂ ਤੱਕ ਰਾਖ ਨਹੀਂ ਰਹਿਣੀ ਚਾਹੀਦੀ। ਪੁਲਸ ਪ੍ਰਸ਼ਾਸਨ ਨੇ ਇਹ ਗੱਲ ਮੰਨ ਲਈ ਅਤੇ ਰਾਖ ਦੇ ਇਰਦ-ਗਿਰਦ ਇਕ ਸਲੈਬ ਦੀ ਦੀਵਾਰ ਖੜ੍ਹੀ ਕਰ ਦਿੱਤੀ। ਉਸ ਪਿੱਛੋਂ ਜਲੂਸ ਵਾਲੇ ਦਿਨ ਵੱਖ-ਵੱਖ ਅੰਜੁਮਾਨਾ ਦੀ ਸੰਘ ਦੇ ਵਰਕਰਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਅੰਤ ਵਿਚ ਚਹਿਬਾਈ ਦੀ ਘਟਨਾ ਵਾਪਰੀ।

ਸਾਫ਼ ਹੈ ਕਿ ਇਹ ਦੰਗੇ ਸਪਸ਼ਟ ਰੂਪ 'ਚ ਦੋ ਫਿਰਕਿਆਂ ਦਰਮਿਆਨ ਨਹੀਂ ਹੋਏ। ਇਹਨਾਂ ਨੂੰ ਯੋਜਨਾਬੱਧ ਢੰਗ ਨਾਲ ਸੰਘੀ ਫਾਸ਼ੀਵਾਦੀਆਂ ਨੇ ਅੰਜ਼ਾਮ ਦਿੱਤਾ। ਅਫਵਾਹਾਂ ਅਤੇ ਝੂਠਾਂ ਰਾਹੀਂ ਨਫ਼ਰਤ ਫੈਲਾਈ ਗਈ ਅਤੇ ਦੋਨੋ ਫਿਰਕਿਆਂ ਨੂੰ ਆਪਸ 'ਚ ਲੜਾ ਦਿੱਤਾ ਗਿਆ। ਪੁਲਸ ਦੇ ਇਕ ਆਲਾ ਅਧਿਕਾਰੀ ਨੇ ਦੱਸਿਆ ਕਿ ਬਰੇਲੀ ਰਵਾਇਤੀ ਤੌਰ 'ਤੇ ਫਿਰਕੂ ਤਣਾਅ ਤੋਂ ਮੁਕਤ ਸ਼ਹਿਰ ਹੈ। ਪਰ ਪਿਛਲੇ ਤਿੰਨ-ਚਾਰ

ਸਾਲਾਂ ਦੌਰਾਨ ਫਿਰਕੂ ਤਣਾਅ ਦੀਆਂ ਘਟਨਾਵਾਂ ਸੁਨਣ ਵਿੱਚ ਆਉਣ ਲੱਗੀਆਂ ਹਨ। ਬਰੇਲੀ 'ਚ ਸਭ ਤੋਂ ਵੱਧ ਵਿਕਣ ਵਾਲੇ ਹਿੰਦੀ ਦੈਨਿਕ ਅਮਰ ਉਜਾਲਾ ਦੇ ਇਕ ਸਾਬਕਾ ਸੰਪਾਦਕ ਨੇ ਦੱਸਿਆ ਕਿ ਰੋਹਿਲ ਖੰਡ ਦੇ ਪੂਰੇ ਖੇਤਰ ਤੋਂ ਹੀ ਫਿਰਕੂ ਤਣਾਅ ਦੀਆਂ ਖ਼ਬਰਾਂ ਆਉਣ ਲੱਗੀਆਂ ਹਨ। ਵਰੁਣ ਗਾਂਧੀ ਨੇ ਪਿਛਲੇ ਸਾਲ ਗੁਆਂਢੀ ਜ਼ਿਲ੍ਹੇ ਪੀਲੀਭਤ 'ਚ ਭੜਕਾਊ ਭਾਸ਼ਣ ਦਿੱਤਾ ਸੀ ਆਰ. ਐਸ. ਐਸ ਦੇ ਪੂਰੇ ਰੋਹਿਲਖੰਡ ਇਲਾਕੇ ਵਿਚ ਥਾਂ-ਥਾਂ ਸਰਨਵਤੀ ਸਿਸ਼ੂ ਮੰਦਰ ਖੋਹਲਣੇ ਸ਼ੁਰੂ ਕਰ ਦਿੱਤੇ ਹਨ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਭਾਜਪਾ ਰੋਹਿਲਖੰਡ ਦੇ ਵੱਖਰੇ ਸੂਬੇ ਦੀ ਮੰਗ ਏਨੀ ਗੰਭੀਰਤਾ ਨਾਲ ਕਿਉਂ ਉਠਾ ਰਹੀ ਹੈ। ਇਸ ਪੂਰੇ ਇਲਾਕੇ ਵਿੱਚ ਕੁਰਮੀਆਂ ਤੇ ਲੋਧਾਂ ਦੀ ਅੱਛੀ ਖਾਸੀ ਆਬਾਦੀ ਹੈ। ਇਹ ਭਾਜਪਾ ਦਾ ਰਵਾਇਤੀ ਹਥਿਆਰ ਹੈ। ਪਿਛਲੇ ਕੁਝ ਸਮੇਂ 'ਚ ਭਾਜਪਾ ਦਾ ਆਧਾਰ ਇਹਨਾਂ ਵਿਚ ਖਿਸਕਿਆ ਹੈ ਪਰ ਭਾਜਪਾ ਇਸ ਆਧਾਰ ਨੂੰ ਫਿਰ ਤੋਂ ਹਾਸਲ ਕਰਨ ਦੀ ਲੰਬੀ ਤਿਆਰੀ ਕਰ ਰਹੀ ਹੈ। ਫਿਲਹਾਲ ਉਤਰਪ੍ਰਦੇਸ਼ ਦੇ ਜਿਹੜੇ ਕੁਝ ਖੇਤਰਾਂ 'ਚ ਭਾਜਪਾ ਦੀ ਤਾਕਤ ਰਹਿ ਗਈ ਹੈ ਉਹਨਾਂ ਵਿੱਚ ਰੋਹਿਲਖੰਡ ਇਕ ਹੈ ਅਤੇ ਭਾਜਪਾ ਇਥੋਂ ਉਖੜਨ ਤੋਂ ਬਚਣ ਲਈ ਇਸ ਪੂਰੇ ਖੇਤਰ ਨੂੰ ਫਿਰਕੂ ਤਣਾਅ ਅਤੇ ਦੰਗਿਆਂ ਵਿਚ ਧੱਕਣ ਤੋਂ ਵੀ ਬਾਜ ਨਹੀਂ ਆਉਣ ਵਾਲੀ। ਬਰੇਲੀ ਇਹਨਾਂ ਸ਼ਹਿਰਾਂ ਵਿਚੋਂ ਇਕ ਹੈ। ਜਿੱਥੇ ਮੁਸਲਮਾਨ ਆਬਾਦੀ ਘੇਟਾਂ 'ਚ ਨਹੀਂ ਰਹਿੰਦੀ ਬਲਕਿ ਉਹਨਾਂ ਦੀ ਪੂਰੀ ਆਬਾਦੀ ਹਿੰਦੂਆਂ ਨਾਲ ਮਿਲੀ-ਜੁਲੀ ਹੈ ਇਸ ਦਾ ਕਾਰਨ ਇਹ ਹੈ ਕਿ ਦੋਨੋਂ ਫਿਰਕਿਆਂ ਵਿਚਕਾਰ ਆਪਸੀ ਆਰਥਕ ਨਿਰਭਰਤਾ ਦੇ ਰਿਸ਼ਤੇ ਹਨ ਜੋ ਆਪਣੇ ਆਪ ਵਿੱਚ ਸਦਭਾਵਨਾ ਬਰਕਰਾਰ ਰੱਖਣ ਦਾ ਇਕ ਵੱਡਾ ਕਾਰਨ ਹੈ ਪਰ ਗੁਜਰਾਤ ਦੇ ਕਈ ਸ਼ਹਿਰਾਂ ਵਿਚ ਵੀ ਆਰਥਕ ਆਪਸੀ ਨਿਰਭਰਤਾ ਦੇ ਅਸਰ ਨੂੰ ਤੋੜਨ 'ਚ ਸੰਘੀ ਕਾਮਯਾਬ ਰਹੇ ਸਨ। ਇਸ ਲਈ ਇਸ ਫਿਰਕੂ ਸਦਭਾਵਨਾ ਨੂੰ ਕੋਈ ਸਥਾਈ ਚੀਜ਼ ਨਹੀਂ ਮੰਨਿਆ ਜਾ ਸਕਦਾ। ਫਿਰਕੂ ਤਣਾਅ ਨੂੰ ਰੋਕਣ ਲਈ ਭਗਤ ਸਿੰਘ ਦੇ ਸ਼ਬਦਾਂ ਵਿੱਚ ਜਮਾਤੀ ਚੇਤਨਾ ਵਧਾਉਣ ਦੀ ਲੋੜ ਹੁੰਦੀ ਹੈ। ਇਹ ਗੱਲ ਨਾ ਸਿਰਫ ਬਰੇਲੀ ਲਈ ਸੱਚ ਹੈ ਬਲਕਿ ਹਰ ਥਾਂ ਲਈ ਸੱਚ ਹੈ। ਫਿਰਕੂ ਫਾਸ਼ੀਵਾਦ ਨੂੰ ਰੋਕਣ ਦਾ ਹੀ ਇਕ ਹੀ ਰਾਹ ਹੈ ਮਿਹਨਤਕਸ਼ਾਂ ਦੀ ਜਮਾਤੀ ਏਕਤਾ ਕਿਸੇ ਵੀ ਕਿਸਮ ਦੀ ਮਨੁੱਖਤਾ ਵਾਦੀ ਨਹਿਰੂ ਆਈ ਥਰਮਨਿਰਪੇਖਵਾਦ ਨਾਂ ਕਦੀ ਫਿਰਕੂ ਫਾਸ਼ੀਵਾਦ ਨੂੰ ਰੋਕ ਸਕਿਆ ਹੈ ਅਤੇ ਨਾ ਹੀ ਰੋਕ ਸਕੇਗਾ। ਮਜ਼ਦੂਰ ਜਮਾਤ ਦੀ ਇਨਕਲਾਬੀ ਰਾਜਨੀਤੀ ਹੀ ਫਿਰਕੂ ਫਾਸ਼ੀਵਾਦੀ ਰਾਜਨੀਤੀ ਦਾ ਇੱਕੋ-ਇਕ ਜਵਾਬ ਹੈ।

# ਕਿਵੇਂ ਹੁੰਦਾ ਹੈ ਨਜਾਇਜ਼ ਸ਼ਿਕਾਰ ਸ਼ੇਰਾਂ ਦਾ?

ਸ਼ਿਕਾਰ ਕਰਨ ਵਾਲੀਆਂ ਦੋ ਖਾਨਾਬਦੋਸ਼ ਜਨਜਾਤੀਆਂ ਭਰਿਸ਼ਟ ਜਾਂ ਅਸਮੱਰਥ ਅਧਿਕਾਰੀਆਂ ਦੇ ਨਾਲ ਮਿਲ ਕੇ ਸ਼ੇਰਾਂ ਤੇ ਉਹਨਾਂ ਦੀ ਕੁਦਰਤੀ ਰਿਹਾਇਸ਼ 'ਚ ਆਪਣੇ ਪੁਰਾਣੇ ਤਰੀਕੇ ਨਾਲ ਫਸਾ ਕੇ ਮਾਰ ਰਹੀ ਹੈ, ਇਸ ਦਾ ਨਤੀਜਾ ਇਹ ਹੈ ਕਿ ਬਾਘਾਂ (ਸ਼ੇਰਾਂ) ਦੀ ਆਬਾਦੀ ਹੁਣ ਤੱਕ ਦੀ ਸਭ ਤੋਂ ਘੱਟ ਹੱਦ ਤੱਕ ਪੁੱਜ ਗਈ ਹੈ। ਇਹ ਲੋਕ ਦੇਸ਼-ਵਿਦੇਸ਼ 'ਚ ਬਾਘਾਂ ਦੀ ਖੱਲ੍ਹ ਅਤੇ ਚੀਨੀ ਬਾਜ਼ਾਰ 'ਚ ਉਹਨਾਂ ਦੇ ਸਰੀਰ ਦੇ ਹਿੱਸਿਆਂ ਦੀ ਮਿਲਣ ਵਾਲੀ ਕੀਮਤ ਦੇ ਲਾਲਚ 'ਚ ਉਹਨਾਂ ਦੀ ਆਬਾਦੀ ਨੂੰ ਬੇਰੋਕ ਟੋਕ ਖਤਮ ਕਰ ਰਹੇ ਹਨ। ਸਰਿਸਕਾ ਤੇ ਪੰਨਾ ਬਾਘ ਸਾਰੇ ਖਤਮ ਹੋ ਗਏ ਹਨ। ਹਾਲਾਂਕਿ ਵਣ ਅਧਿਕਾਰੀ ਇਸ ਬਾਰੇ ਅਗਿਆਨਤਾ ਦਾ ਵਿਖਾਵਾ ਕਰ ਰਹੇ ਹਨ। ਪ੍ਰਮੁੱਖ ਪੱਤਰਕਾਰ ਮਿਹਿਰ ਸ੍ਰੀ ਵਾਸਤਵ ਮੁੱਖ ਅਪਰਾਧੀਆਂ, ਉਹਨਾਂ ਦੀ ਕਾਰਜ ਸ਼ੈਲੀ, ਖਰੀਦਦਾਰਾਂ ਤੇ ਉਹਨਾਂ ਸਾਰਿਆਂ ਕਾਰਨ ਮੱਚੀ ਤਬਾਹੀ ਦਾ ਪਤਾ ਲਾਉਣ ਲਈ ਸ਼ਿਕਾਰੀਆਂ ਦਾ ਪਿੱਛਾ ਕਰ ਰਹੇ ਸਨ ਉਹਨਾਂ ਦੀ ਰਿਪੋਰਟ : ਪਾਰਧੀ ਤੇ ਬਾਵਰਿਆ ਸ਼ਿਕਾਰ ਕਰਨ ਵਾਲੀਆਂ ਖਾਨਾਬਦੋਸ਼ ਜਨਜਾਤੀਆਂ ਹਨ, ਇਹ ਲੋਕ ਬਾਘਾਂ ਦਾ ਸ਼ਿਕਾਰ ਕਰਨ ਲਈ ਦੇਸ਼ ਭਰ 'ਚ ਘੁਮਦੇ ਹਨ, ਉਹ ਬਾਘ ਦੇ ਵੱਖ-ਵੱਖ ਅੰਗਾਂ ਨੂੰ ਸੰਗਠਿਤ ਸਮਗਲਰਾਂ ਨੂੰ ਸੌਂਪਦੇ ਹਨ, ਜੋ ਉਹਨਾਂ ਨੂੰ ਚੀਨੀ ਬਾਜ਼ਾਰ 'ਚ ਭੇਜ ਦਿੰਦੇ ਹਨ। ਅਪਰਾਧ ਉਹਨਾਂ ਦਾ ਖਾਨਦਾਨੀ ਪੇਸ਼ਾ ਹੈ। ਇਹ ਨਿਰੰਤਰ ਆਪਣਾ ਟਿਕਾਣਾ ਬਦਲਦੇ ਰਹਿੰਦੇ ਹਨ ਅਤੇ ਬਾਘਾ ਦੀ ਹੱਤਿਆ ਲਈ ਹੀ ਅਜਿਹਾ ਕਰਦੇ ਹਨ। ਇਕ ਬਾਘ ਮਾਰਨ ਦਾ ਮਤਲਬ ਹੈ ਮੋਟੀ ਕਮਾਈ। ਬਾਘ ਦੀ ਖੱਲ੍ਹ ਦੀ ਕੀਮਤ 2 ਲੱਖ ਰੁਪਏ ਲੱਗਦੀ ਹੈ ਅਤੇ ਕਿਉਂਕਿ ਉਹ ਸ਼ਿਕਾਰ 'ਚ ਮਾਹਰ ਹਨ, ਉਹਨਾਂ ਨੂੰ ਇਹ ਕਮਾਈ ਬੜੀ ਸੌਖੀ ਲੱਗਦੀ ਹੈ। ਬਾਘ ਦੇ ਵੱਖ-ਵੱਖ ਅੰਗਾਂ ਦੀ ਵਿਕਰੀ ਨਾਲ ਦੋ ਲੱਖ ਰੁਪਏ ਹੋਰ ਮਿਲ ਜਾਂਦੇ ਹਨ। ਕਾਫੀ ਲੋਕਾਂ ਨੂੰ ਇਹ ਨਹੀਂ ਪਤਾ ਕਿ ਇਹ ਜਨਜਾਤੀਆਂ ਦੂਜੀਆਂ ਅਪਰਾਧਿਕ ਗਤੀਵਿਧੀਆਂ 'ਚ ਵੀ ਸ਼ਾਮਲ ਰਹਿੰਦੀਆਂ ਹਨ। ਇਹ ਲੋਕ ਤੇਂਦੂਏ, ਭਾਲੂ ਅਤੇ ਦੰਦ ਲਈ ਹਾਥੀ ਦਾ ਵੀ ਕਤਲ ਕਰਦੇ ਹਨ। ਰੇਲਵੇ ਤੇ ਦੂਰ ਸੰਚਾਰ ਦੀਆਂ ਜਾਇਦਾਦ ਦੀ ਸਮੂਹਕ ਰੂਪ 'ਚ ਚੋਰੀ ਕਰਦੇ ਹਨ। ਚੰਦਨ ਦੀ ਲਕੜੀ ਦੀ ਤਸਕਰੀ ਕਰਦੇ ਹਨ ਅਤੇ ਇਹਨਾਂ ਵਿਚੋਂ ਕੁਝ ਲੋਕ ਤਾਂ ਸੁਪਾਰੀ ਲੈ ਕੇ ਕਤਲ ਕਰਦੇ ਹਨ, ਇਹ ਖਾਨਾਬਦੋਸ਼ ਲੋਕ ਅਪਰਾਧ ਕਰਨ ਪਿੱਛੋਂ ਆਪਣੀ ਥਾਂ ਬਦਲ ਦਿੰਦੇ ਹਨ। ਜਿਸ ਕਾਰਨ ਉਹਨਾਂ ਬਾਰੇ ਪਤਾ ਲਾਉਣਾ ਮੁਸ਼ਕਲ ਹੋ ਜਾਂਦਾ ਹੈ। ਉਹਨਾਂ ਦੇ ਅਧੁਨਿਕ ਹੱਥ ਕੰਡੇ ਜ਼ਮੀਨੀ ਘੁਟਾਲੇ ਹਨ। ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਇਹ ਜਾਣ ਕੇ ਸਦਮਾ ਪੁੱਜੇਗਾ ਕਿ ਉਹਨਾਂ ਦੇ ਰਾਜ ਵਿੱਚ ਜੋ ਲੋਕ ਬਾਘਾਂ ਦੀ ਹੱਤਿਆਂ ਕਰ ਰਹੇ ਹਨ, ਉਹ ਨਰਮਦਾ ਘਾਟੀ ਯੋਜਨਾ ਦੇ ਇਵਜ਼ 'ਚ ਮਿਲਣ ਵਾਲੇ ਮੁਆਵਜ਼ੇ ਦੇ ਵੱਡੇ ਘਪਲੇ 'ਚ ਵੀ ਸ਼ਾਮਲ ਹਨ। ਸ਼ਿਕਾਰੀਆਂ ਦਾ ਗੜ੍ਹ ਮੰਨੇ ਜਾਣ ਵਾਲੇ ਮੱਧ ਪ੍ਰਦੇਸ਼ ਦੇ ਕਟਨੀ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਪਾਰਧੀ ਜਨਜਾਤੀ ਲੋਕ ਪਲਾਇਨ ਕਰਕੇ ਮਹਾਂਰਾਸ਼ਟਰ ਸਰਹੱਦ ਨਾਲ ਲੱਗਦੇ ਖੰਡਵਾ ਤੇ ਹਰਦਾ ਜ਼ਿਲ੍ਹਿਆਂ 'ਚ ਪਹੁੰਚ ਗਏ ਹਨ। ਉਹ ਉਥੇ ਨਰਮਾ ਘਾਟੀ ਪ੍ਰੋਜੈਕਟ ਕਾਰਨ ਉਜੜੇ ਲੋਕਾਂ ਨਾਲ ਮੁਆਵਜ਼ੇ ਦੀ ਮੰਗ ਕਰ ਰਹੇ ਹਨ। ਉਹਨਾਂ 'ਚੋਂ ਕੁਝ ਲੋਕਾਂ ਨੂੰ ਜ਼ਮੀਨੀ ਦੇ ਨਾਲ ਲੱਖਾਂ ਰੁਪਏ ਮੁਆਵਜ਼ੇ ਵਜੋਂ ਮਿਲ ਵੀ ਗਏ ਹਨ। ਬਾਕੀ ਲੋਕ ਲੁੱਟ ਦੇ ਮਾਲ ਵਿੱਚੋਂ ਆਪਣੇ ਹਿੱਸੇ ਲਈ ਧਰਨਾ ਮਾਰੀ ਬੈਠੇ ਹਨ। ਸਥਾਨਕ ਲੋਕਾਂ ਨੂੰ ਇਸ

ਬਾਰੇ ਪਤਾ ਹੈ ਪਰ ਉਹ ਡਰਦੇ ਮੂੰਹ ਨਹੀਂ ਖੋਹਲਦੇ ਸ਼ਾਇਦ ਉਹਨਾਂ ਨੂੰ ਮੁਆਵਜ਼ੇ ਦੀ ਰਕਮ 'ਚੋਂ ਹਿੱਸਾ ਮਿਲਦਾ ਹੈ। ਜੇ ਭਾਰਤ ਦੇ ਜੰਗਲਾਂ ਵਿੱਚ ਸ਼ੇਰਾਂ ਨੂੰ ਬਚਾਉਣਾ ਹੈ ਤਾਂ ਇਸ ਖਤਰਨਾਕ ਜਾਲ, ਜਨਜਾਤੀਆਂ ਅਤੇ ਵਪਾਰੀਆਂ ਦੀ ਮਿਲੀ ਭੁਗਤ ਨੂੰ ਤੋੜਨਾ ਪਵੇਗਾ। ਹੁਣ ਇਹ ਸਪੱਸ਼ਟ ਹੋ ਚੁੱਕਿਆ ਹੈ ਕਿ ਬਾਘ ਤੇ ਜਨਜਾਤੀਆਂ ਕਿਸੇ ਜੰਗਲ 'ਚ ਇਕੱਠੀਆਂ ਨਹੀਂ ਰਹਿ ਸਕਦੀਆਂ ਕਿਉਂਕਿ ਬਾਘਾਂ ਦਾ ਸ਼ਿਕਾਰ ਕਰਨ ਨਾਲ ਹੁੰਦੀ ਮੋਟੀ ਕਮਾਈ ਨੂੰ ਨਜ਼ਰਅੰਦਾਜ਼ ਕਰਨਾ ਅਸੰਭਵ ਹੈ। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਆਦੀਵਾਸੀ ਉਹਨਾਂ ਦਾ ਖਿਆਲ ਰੱਖਦੇ ਹਨ ਕਿ ਆਪਣੀ ਰੋਟੀ-ਰੋਜ਼ੀ ਲਈ ਉਹ ਜੰਗਲ 'ਤੇ ਹੀ ਨਿਰਭਰ ਹਨ। ਸੰਸਾਰ ਚੰਦ ਤੇ ਸ਼ਬੀਰ ਹਸਨ ਕੁਰੈਸ਼ੀ ਵਰਗੇ ਖੂੰਖਾਰ ਧੰਦੇਬਾਜ ਇਹਨਾਂ ਸ਼ਿਕਾਰੀਆਂ ਨੂੰ ਪੈਸੇ ਦੇ ਕੇ ਉਹਨਾਂ ਨੂੰ ਜੰਗਲ ਵਿੱਚ ਭੇਜਦੇ ਹਨ। ਪਿਛਲੇ ਦਹਾਕੇ ਦੌਰਾਨ 1000 ਬਾਘਾਂ ਦੀ ਹੱਤਿਆ ਲਈ ਜ਼ਿੰਮੇਵਾਰ ਇਹ ਦੋਨੋਂ ਸਖਸ਼ ਜੇਲ੍ਹ ਵਿਚ ਹਨ ਪਰ ਹੁਣ ਉਹਨਾਂ ਦੇ ਪ੍ਰੀਵਾਰ ਨੇ ਬਾਘਾਂ ਦੀ ਹੱਤਿਆ ਜਾਰੀ ਰੱਖੀ ਹੈ। ਇਹ ਬੇਹੱਦ ਜਥੇਬੰਦ ਗੱਠਜੋੜ ਹੈ। ਰਵਾਇਤੀ ਤੌਰ 'ਤੇ ਸ਼ਿਕਾਰ ਹੋਣ ਵਾਲੇ ਪ੍ਰੀਵਾਰ ਰਵਾਇਤੀ ਰੂਪ 'ਚ ਵਣ ਜੀਵਾਂ ਦਾ ਵਪਾਰ ਕਰਨ ਵਾਲੇ ਪ੍ਰੀਵਾਰਾਂ ਨੂੰ ਬਾਘ ਦੇ ਵੱਖ-ਵੱਖ ਅੰਗਾਂ ਦੀ ਸਪਲਾਈ ਕਰਦੇ ਹਨ। ਅਵੈਧ ਸ਼ਿਕਾਰੀ ਤੋਂ ਮੁਖਬਰ ਬਣੇ ਲੋਕ ਅਤੇ ਕੁਝ ਪਾਰਧਿਆਂ ਨੇ ਖੁਦ ਹੀ ਬਾਘਾਂ ਦੀ ਹੱਤਿਆ ਦੇ ਤੌਰ ਤਰੀਕੇ ਤੇ ਉਸ ਨਾਲ ਹੋਣ ਵਾਲੇ ਫਾਇਦਿਆਂ ਬਾਰੇ ਦੱਸਿਆ ਹੈ। ਬਾਘਾਂ ਲਈ ਕਾਲ ਬਣੇ ਇਹ ਅਪਵਿੱਤਰ ਗੱਠਜੋੜ ਦਾ ਕੰਮ ਕਰਨ ਦਾ ਤਰੀਕਾ ਇਸ ਪ੍ਰਕਾਰ ਹੈਃ ਜਨਜਾਤੀ ਸ਼ਿਕਾਰੀਆਂ ਨੂੰ ਸਾਲ 'ਚ ਕਰੀਬ 60 ਬਾਘਾਂ ਦੀ ਹੱਤਿਆਂ ਦਾ ਹੁਕਮ ਮਿਲਦਾ ਹੈ, ਉਹਨਾਂ ਨੂੰ ਬਾਘਾਂ ਦੀ ਹੱਤਿਆਂ ਪਿੱਛੋਂ ਉਹਨਾਂ ਦੀ ਖੱਲ ਲਾਹੁਣ ਤੇ ਉਹਨਾਂ ਦੇ ਸਰੀਰ ਦੇ ਵੱਖ-ਵੱਖ ਹਿੱਸਿਆਂ ਨੂੰ ਵੱਖ ਕਰਕੇ ਉਹਨਾਂ ਨੂੰ ਸੰਭਾਲਣ ਨੂੰ ਕਿਹਾ ਜਾਂਦਾ ਹੈ। ਸ਼ਿਕਾਰੀ ਟੀਮ ਜਿਸ 'ਚ ਔਰਤਾਂ ਤੇ ਬੱਚੇ ਵੀ ਸ਼ਾਮਲ ਹੁੰਦੇ ਹਨ, ਰੇਲ ਗੱਡੀ ਰਾਹੀਂ ਆਪਣੇ ਟੀਚੇ ਵੱਲ ਰਵਾਨਾ ਹੋ ਜਾਂਦੀ ਹੈ। ਉਥੇ ਪਹੁੰਚ ਕੇ ਉਹ ਉਸ ਦੇ ਇਰਦ-ਗਿਰਦ ਡੇਰਾ ਲਾ ਲੈਂਦੇ ਹਨ। ਉਹ ਕੁਝ ਦਿਨਾਂ 'ਚ ਹੀ ਇਲਾਕੇ 'ਚ ਬਾਘਾਂ ਦੇ ਟਿਕਾਣੇ ਤੇ ਉਹਨਾਂ ਦੀ ਆਵਾਜਾਈ ਬਾਰੇ ਜਾਣਕਾਰੀ ਇਕੱਠੀ ਕਰ ਲੈਂਦੇ ਹਨ, ਉਹ ਬਾਘਾਂ ਨੂੰ ਭਰਮਾਉਣ ਤੇ ਖਿੱਚਣ ਲਈ ਚਾਰਾਂ-ਜੰਗਲੀ ਜਾਨਵਰ ਦਾ ਮਾਸ-ਸੁੱਟ ਦਿੰਦੇ ਹਨ ਅਤੇ ਚਾਰੇ ਤੱਕ ਪਹੁੰਚਣ ਲਈ ਬਾਘ ਜਿਸ ਰਾਹ ਤੋਂ ਜਾਂਦੇ ਹਨ ਉਥੇ ਉਹ ਲੋਹੇ ਦੇ ਫੰਦੇ ਛੁਪਾ ਦਿੰਦੇ ਹਨ। ਬਾਘਾਂ ਦੀ ਆਵਾਜਾਈ ਤੇ ਵਣ ਰੱਖਿਅਕਾਂ ਦੀ ਗਸ਼ਤ ਦੇ ਪ੍ਰੋਗ੍ਰਾਮ 'ਤੇ ਨਜ਼ਰ ਰੱਖਣ ਲਈ ਕੋਈ ਇਕ ਦਰਜਨ ਲੋਕਾਂ ਵਾਲੀ ਟੀਮ ਦੀ ਲੋੜ ਹੁੰਦੀ ਹੈ। ਆਮ ਤੌਰ 'ਤੇ ਵਣ ਰੱਖਿਅਕ ਆਖਰੀ ਵਾਰੀ ਅੱਧੀ ਰਾਤ ਨੂੰ ਗਸ਼ਤ ਲਾਉਂਦੇ ਹਨ ਅਤੇ ਉਸ ਪਿੱਛੋਂ ਅਗਲੀ ਸਵੇਰ ਤੱਕ ਇਹਨਾਂ ਸ਼ਿਕਾਰੀਆਂ ਨੂੰ ਬਾਘਾਂ ਦਾ ਪਿੱਛਾ ਕਰਨ ਲਈ ਮੈਦਾਨ ਖੁੱਲ੍ਹਾ ਮਿਲ ਜਾਂਦਾ ਹੈ। ਆਦੀਵਾਸੀ ਸ਼ਿਕਾਰੀਆਂ ਦੀ ਸਫਲਤਾ ਦਰ ਬਹੁਤ ਜ਼ਿਆਦਾ ਹੈ ਪਰ ਭਾਰਤ ਦੇ ਕੌਮੀ ਪਸ਼ੂ ਲਈ ਇਸ ਦੇ ਸਿੱਟੇ ਭਿਆਨਕ ਤੇ ਗੈਰ ਮਨੁੱਖੀ ਹਨ। ਲੋਹੇ ਦੇ ਫੰਦੇ ਦੇ ਬਹੁਤ ਜ਼ੋਰ ਨਾਲ ਬਾਘ ਦਾ ਸ਼ਕਤੀ ਸ਼ਾਲੀ ਪੈਰ ਦੋ ਹਿੱਸਿਆਂ 'ਚ ਟੁੱਟ ਜਾਂਦਾ ਹੈ ਅਤੇ ਉਹ ਉਸ ਨੂੰ ਜਕੜ ਲੈਂਦੇ ਹਨ। ਨੇੜੇ ਹੀ ਲੁੱਕੇ ਸ਼ਿਕਾਰੀ ਆਪਣੀ-ਆਪਣੀ ਥਾਂ ਤੋਂ ਨਿਕਲ ਕੇ ਆਉਂਦੇ ਹਨ ਅਤੇ ਬਾਘ ਦੇ ਮੂੰਹ ਵਿੱਚ ਭੱਲਾ ਘਸੋਕੇ ਉਸ ਦੇ ਮੂੰਹ 'ਚ ਮਿੱਟੀ ਭਰ ਦਿੰਦੇ ਹਨ ਜਿਸ ਨਾਲ ਬਾਘ ਜਲਦੀ ਹੀ ਚੁੱਪ ਚਾਪ ਦਮ ਤੋੜ ਜਾਂਦਾ ਹੈ। ਮ੍ਰਿਤਕ ਬਾਘ ਨੂੰ ਫੰਦੇ 'ਚੋਂ ਕੱਢਣ ਲਈ ਕੋਈ ਇਕ ਦਰਜਨ ਲੋਕਾਂ ਦੀ ਲੋੜ ਹੁੰਦੀ ਹੈ। ਬਾਘ ਦਾ ਵਜਨ 225 ਕਿਲੋ ਤੇ ਸ਼ੇਰਨੀ

ਦਾ ਵਜਣ 136 ਕਿਲੋ ਤੱਕ ਹੁੰਦਾ ਹੈ। ਫਿਰ ਇਹ ਸ਼ਿਕਾਰੀ ਤੇਜ਼ਧਾਰ ਚਾਕੂ ਨਾਲ ਉਥੇ ਹੀ ਬਾਘ ਦੀ ਖੱਲ ਉਤਾਰ ਲੈਂਦੇ ਹਨ। ਉਸ ਤੋਂ ਪਿੱਛੋਂ ਉਹ ਉਸ ਦੇ ਪੇਟ ਨੂੰ ਚੀਰ ਕੇ ਉਸ ਦੇ ਲਿੰਗ ਜੋ ਚੀਨ 'ਚ ਬਹੁਤ ਮਹਿੰਗੇ ਰੇਟ 'ਤੇ ਵਿੱਕਦਾ ਹੈ ਸਮੇਤ ਵੱਖ-ਵੱਖ ਅੰਗਾਂ ਨੂੰ ਕੱਢ ਲੈਂਦੇ ਹਨ। ਪਾਰਧੀ ਲੋਕ ਬਾਘ ਦੀ ਖੱਲ੍ਹ ਦੀ ਸ਼ੁਰੂਆਤੀ ਸੋਧ ਉਸੇ ਇਲਾਕੇ 'ਚ ਕਰਦੇ ਹਨ। ਉਹ ਹਲਦੀ ਤੇ ਨਮਕ ਲਾ ਕੇ ਉਸ ਨੂੰ ਖਿੱਚਦੇ ਹਨ ਅਤੇ ਸੁਕਾਉਂਦੇ ਹਨ। ਉਹ ਬਾਘ ਦੀ ਲਾਸ਼ ਨੂੰ ਨੇੜੇ ਹੀ ਮਿੱਟੀ 'ਚ ਦੱਬ ਦਿੰਦੇ ਹਨ ਤੇ ਹਫਤੇ ਪਿੱਛੋਂ ਸੜੇ ਹੋਏ ਮਾਸ 'ਚ ਹੱਡੀਆਂ ਕੱਢਣ ਜਾਂਦੇ ਹਨ। ਇਹ ਸ਼ਿਕਾਰੀ ਆਪਣੇ ਇਕ ਦੌਰੇ 'ਚ ਇਕ ਹੀ ਜੰਗਲ ਅੰਦਰ ਪੰਜ ਬਾਘਾਂ ਦਾ ਸ਼ਿਕਾਰ ਕਰ ਸਕਦੇ ਹਨ। ਉਹ ਜੰਗਲ ਦੇ ਨੇੜੇ ਕੁਝ ਮਹੀਨਿਆਂ ਲਈ ਡੇਰਾ ਲਾ ਲੈਂਦੇ ਹਨ। ਹਿਰਨ ਤੇ ਜੰਗਲੀ ਸੂਰ ਦਾ ਸ਼ਿਕਾਰ ਕਰਕੇ ਉਸ ਨੂੰ ਖਾਂਦੇ ਹਨ। ਇਸ ਅਮਲ 'ਚ ਉਹ ਬਾਘ ਹੀ ਨਹੀਂ ਬਲਕਿ ਤੇਂਦੂਏ ਦਾ ਵੀ ਸ਼ਿਕਾਰ ਕਰ ਸੁੱਟਦੇ ਹਨ। ਸ਼ਿਕਾਰੀ ਲੋਕ ਵਪਾਰੀਆਂ ਤੋਂ ਬਾਘਾਂ ਦੀ ਹੱਤਿਆ ਦਾ ਠੇਕਾ ਲੈਣ ਲਈ ਮੋਟਰ ਸਾਈਕਲ ਦੀ ਵਰਤੋਂ ਕਰਦੇ ਹਨ। ਉਹ ਕੌਮਾਂਤਰੀ ਬਾਜ਼ਾਰ ਵਿੱਚ ਵਣ ਜੀਵਾਂ ਦੇ ਵੱਖ-ਵੱਖ ਅੰਗਾਂ ਦੀ ਸਪਲਾਈ ਕਰਦੇ ਹਨ। ਅਤੇ ਇਹ ਨਸ਼ੀਲੇ ਪਦਾਰਥਾਂ ਦੇ ਧੰਦੇ ਪਿੱਛੋਂ ਦੂਜਾ ਸਭ ਤੋਂ ਵੱਡਾ ਗੈਰ ਕਾਨੂੰਨੀ ਕਾਰੋਬਾਰ ਹੈ। ਬਾਘ ਦੇ ਵੱਖ-ਵੱਖ ਅੰਗਾਂ ਦੇ ਥੋਕ ਵਿਕ੍ਰੇਤਾ ਅਤੇ ਵਪਾਰੀ ਆਪਣੇ ਆਰਡਰ ਦੇਣ 'ਚ ਪ੍ਰਗਤੀ ਦੇਖਣ ਅਤੇ ਫਤੇਹਪੁਰ, ਕਾਨਪੁਰ, ਗਜਿਆਬਾਦ ਅਤੇ ਦਿੱਲੀ ਵਿੱਚ ਮਾਲ ਭੇਜਣ ਦਾ ਪ੍ਰਬੰਧ ਕਰਨ ਲਈ ਮੋਟਰਸਾਈਕਲਾਂ ਰਾਹੀਂ ਆਉਂਦੇ ਹਨ। ਇਕ ਪਾਸੇ ਜਿੱਥੇ ਪਾਰਧਿਆਂ ਦੀ ਅੱਧੀ ਆਬਾਦੀ ਭੂਮੀ ਘੁਟਾਲੇ 'ਚ ਸ਼ਾਮਲ ਹੈ, ਉਥੇ ਅੱਧੀ ਆਬਾਦੀ ਕੁਝ ਬਾਘ ਦੀ ਖੱਲ ਦੇ ਆਡਰਾਂ ਨੂੰ ਪੂਰਾ ਕਰਨ ਲਈ ਕਰਨਾਟਕਾ ਦੇ ਜੰਗਲਾਂ ਦੀ ਖਾਕ ਛਾਣ ਰਹੀ ਹੈ। ਪਾਰਧੀ ਸ਼ਿਕਾਰ ਲਈ ਦੂਰ-ਦਰਾੜੇ ਇਲਾਕਿਆਂ ਦਾ ਦੌਰਾ ਕਰਦੇ ਹਨ, ਉਹ ਰੇਲ ਗੱਡੀ ਰਾਹੀਂ ਬਿਨ੍ਹਾਂ ਟਿਕਟ ਸਫਰ ਕਰਦੇ ਹਨ,ਇੱਥੋਂ ਤੱਕ ਕਿ ਟਿਕਟ ਚੈਕਰ ਵੀ ਡਰਦੇ ਹਨ। ਉਹ ਆਪਣੇ ਸ਼ਿਕਾਰ ਦੇ ਮਿਸ਼ਨ 'ਚ ਹਮੇਸ਼ਾ ਕਾਮਯਾਬ ਹੁੰਦੇ ਹਨ ਅਤੇ ਪੁਰਾਣੇ ਹਥਿਆਰਾਂ ਨਾਲ ਲੈਸ ਅਤੇ ਘੱਟ ਸਿਖਲਾਈ ਪ੍ਰਾਪਤ ਵਣ ਅਧਿਕਾਰੀ ਉਹਨਾਂ ਨੂੰ ਰੋਕ ਨਹੀਂ ਸਕਦੇ 1989 'ਚ ਪ੍ਰੋਜੈਕਟ ਟਾਈਗਰ ਦੇ ਤਹਿਤ ਦੇਸ਼ 'ਚ ਬਾਘਾਂ ਦੀ ਗਿਣਤੀ 4334 ਸੀ ਜੋ 2001-02 'ਚ ਘਟ ਕੇ 3642 ਹੋ ਗਈ ਅੱਜ ਦੇਸ਼ ਭਰ 'ਚ ਸਿਰਫ 1411 ਬਾਘ ਹੀ ਬਚੇ ਹਨ। ਪਾਰਧੀ ਬੇਖੌਂਫ ਹੋ ਕੇ ਜਿਸ ਤਰ੍ਹਾਂ ਸ਼ਿਕਾਰ ਕਰ ਰਹੇ ਹਨ ਉਹ ਕਿਸੇ ਵੱਡੇ ਘੁਟਾਲੇ ਤੋਂ ਘੱਟ ਨਹੀਂ ਹੈ। ਇਹ ਅੱਖਾਂ ਖੋਲ੍ਹ ਦੇਣ ਵਾਲਾ ਹੈ। ਚੀਨ 'ਚ ਬਾਘ ਦੇ ਵੱਖ-ਵੱਖ ਅੰਗਾਂ ਤੇ ਖੱਲ ਦੇ ਵੱਡੇ ਬਾਜ਼ਾਰ 'ਤੇ ਕਿਵੇਂ ਧਾਵਾ ਬੋਲਿਆ ਜਾਵੇ। ਗੁਆਂਢੀ ਮੁਲਕ 'ਚ ਇਹਨਾਂ ਦੀ ਵਰਤੋਂ ਰਵਾਇਤੀ ਦਵਾਈਆਂ 'ਚ ਹੁੰਦਾ ਹੈ। ਹਾਲ ਦੀ ਘੜੀ ਵਣਜੀਵ ਸੁਰੱਖਿਆ ਨਾਲ ਜੁੜੇ ਕੌਮਾਂਤਰੀ ਸੰਗਠਨ ਚੀਨੀਆਂ 'ਤੇ ਦਬਾਅ ਪਾ ਸਕਦੇ ਹਨ। ਪਾਰਧੀ ਛਟੇ ਹੋਏ ਅਪਰਾਧੀ ਹਨ ਜੋ ਜੰਗਲ-ਪਹਾੜ 'ਚ ਸੈਰ ਕਰਨ ਤੇ ਸ਼ਿਕਾਰ ਕਰਨ 'ਚ ਮਾਹਰ ਹਨ। ਖਤਰੇ ਦੀ ਘੰਟੀ ਲੰਮੇ ਸਮੇਂ ਤੋਂ ਵਜੋਂ ਰਹੀ ਹੈ। ਪਰ ਸਬੰਧਤ ਮੁੱਖ ਮੰਤਰੀ ਤੇ ਅਧਿਕਾਰੀ ਕਾਰਵਾਈ ਕਰਦੇ ਹੀ ਨਹੀਂ। ਜੇ ਇਸ ਤਰ੍ਹਾਂ ਚੱਲਦਾ ਰਿਹਾ ਤਾਂ ਸਾਡੇ ਬੱਚੇ ਦੁਨੀਆਂ ਦੇ ਸਭ ਤੋਂ ਖੂਬਸੂਰਤ ਪਸ਼ੂਆਂ ਵਿਚੋਂ ਇਕ ਅਤੇ ਸਾਡੇ ਕੌਮੀ ਪ੍ਰਤੀਕ ਨੂੰ ਆਪਣੇ ਕੁਦਰਤੀ ਵਾਸ 'ਚ ਕਦੀ ਨਹੀਂ ਵੇਖ ਸਕਣਗੇ।

# ਕੀ ਖ਼ਬਰਾਂ ਪੈਸੇ ਦੇ ਕੇ ਵੀ ਲੱਗਦੀਆਂ ਹਨ?

ਪੈਸੇ ਲੈ ਕੇ ਇਸ਼ਤਿਹਾਰਾਂ ਨੂੰ ਖ਼ਬਰਾਂ ਵਾਂਗੂੰ ਛਾਪਣਾ ਜਾਂ ਫਿਰ ਉਹਨਾਂ ਨੂੰ ਚੈਨਲਾਂ 'ਤੇ ਪ੍ਰਸਾਰਿਤ ਕਰਨ ਸਬੰਧੀ ਪ੍ਰੈਸ ਕਾਊਂਸਿਲ ਆਫ ਇੰਡੀਆ ਨੂੰ ਸੌਂਪ ਦਿੱਤੀ ਗਈ ਹੈ। ਕੌਂਸਿਲ ਦੋ ਮੈਂਬਰੀ ਸੰਸਦੀ ਉੱਚ ਕਮੇਟੀ ਵਲੋਂ ਤਿਆਰ ਇਸ ਰਿਪੋਰਟ ਵਿੱਚ ਕੁਝ ਮੀਡੀਆ ਘਰਾਣਿਆਂ ਦੇ ਸਖਤ ਦੋਸ਼ ਹਨ ਜਿਵੇਂ ਕਿ ਮੀਡੀਆ ਦੇ ਇਕ ਵਰਗ ਨੇ ਇਸ ਨੂੰ ਲਾਗੂ ਹੋਣ ਤੋਂ ਰੋਕਣ ਲਈ ਲਿਪਾ ਪੋਚੀ ਸ਼ੁਰੂ ਕਰ ਦਿੱਤੀ ਹੈ। ਜਿਸ ਰਿਪੋਰਟ ਦੀਆਂ ਸਿਫਾਰਸ਼ਾਂ ਲਾਗੂ ਕਰ ਦਿੱਤੀਆਂ ਗਈਆਂ ਤਾਂ ਭਰਿਸ਼ਟ ਜੋੜ-ਤੋੜ ਵਾਲੀ ਇਸ ਖੇਡ ਉਪਰ ਕਾਫੀ ਹੱਦ ਤੱਕ ਲਗਾਮ ਪਾਈ ਜਾ ਸਕਦੀ ਹੈ। ਧਿਆਨ ਦੇਣ ਯੋਗ ਹੈ ਕਿ ਪਿਛਲੇ ਸਾਲ ਅਪ੍ਰੈਲ-ਮਈ 'ਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਪ੍ਰੈਸ ਕਾਊਂਸਿਲ ਨੇ ਚੋਣਾਂ ਦੀ ਆਜ਼ਾਦ ਤੇ ਨਿਰਪੱਖ ਕਵਰੇਜ ਲਈ ਸਰਕਾਰੀ ਵਿਭਾਗਾਂ ਅਤੇ ਪ੍ਰੈੱਸ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ ਪਰ ਚੋਣਾਂ ਪਿੱਛੋਂ ਪਤਾ ਲੱਗਿਆ ਕਿ ਦੇਸ਼ ਦੇ ਕੁਝ ਅਖਬਾਰਾਂ ਤੇ ਸਮਾਚਾਰ ਚੈਨਲਾਂ ਨੇ ਰਾਜਸੀ ਪਾਰਟੀਆਂ ਤੇ ਉਹਨਾਂ ਦੇ ਉਮੀਦਵਾਰਾਂ ਤੋਂ ਪੈਸੇ ਲੈ ਕੇ ਉਹਨਾਂ ਦੇ ਇਸ਼ਤਿਹਾਰ ਨੂੰ ਖ਼ਬਰਾਂ ਵਜੋਂ ਪ੍ਰਕਾਸ਼ਿਤ ਪ੍ਰਸਾਰਿਤ ਕੀਤਾ ਸੀ। ਪਾਠਕਾਂ ਤੇ ਦਰਸ਼ਕਾਂ ਨੂੰ ਗੁੰਮਰਾਹ ਕਰਕੇ ਉਹਨਾਂ ਨੂੰ ਧੋਖਾ ਦੇਣ ਦੀ ਇਸ ਕਰਤੂਤ ਖਿਲਾਫ ਦੇਸ਼ ਦੇ ਕਈ ਪ੍ਰਮੁੱਖ ਸੰਪਾਦਕਾਂ-ਪੱਤਰਕਾਰਾਂ ਨੇ ਆਵਾਜ਼ ਵੀ ਉਠਾਈ ਸੀ। ਪਾਰਲੀਮੈਂਟ 'ਚ ਬਹਿਸ ਦੌਰਾਨ ਸਰਕਾਰ ਨੂੰ ਕਹਿਣਾ ਪਿਆ ਸੀ ਕਿ ਪੇਡ ਨਿਊਜ਼ ਦੇ ਵਾਲੇ ਰੁਝਾਣ ਨੂੰ ਠੱਲ ਪਾਉਣ ਲਈ ਕੋਈ ਰਾਹ 'ਤੇ ਕੱਢਣਾ ਹੀ ਪਵੇਗਾ। ਪੈਸੇ ਦੇ ਕੇ ਖਬਰ ਲਵਾਉਣ ਰਾਹੀਂ ਰਾਜਸੀ ਪਾਰਟੀਆਂ ਤੇ ਉਹਨਾਂ ਦੇ ਉਮੀਦਵਾਰਾਂ ਨੇ ਚੋਣ ਕਮਿਸ਼ਨ ਤੇ ਅਜਿਹੇ ਮੀਡੀਆ ਘਰਾਣਿਆਂ ਨੇ ਆਮਦਨ ਟੈਕਸ ਵਿਭਾਗ ਦੀਆਂ ਅੱਖਾਂ ਵਿੱਚ ਵੀ ਘੱਟਾ ਪਾਇਆ। 15 ਵੀਂ ਲੋਕ ਸਭਾ ਦੇ ਚੋਣ ਨਤੀਜੇ ਆਉਣ ਤੋਂ ਪਹਿਲਾਂ 13 ਮਈ ਨੂੰ ਪ੍ਰੀਸ਼ਦ ਦੇ ਪ੍ਰਧਾਨ ਨਿਆਂਮੂਰਤੀ ਜੀ ਐਨ ਰੇਅ ਨੇ ਖੁਦ ਇਕ ਸੈਮੀਨਾਰ ਵਿੱਚ ਪੇਡ ਨਿਊਜ਼ ਦੇ ਵਧਦੇ ਰਿਵਾਜ 'ਤੇ ਅਫਸੋਸ ਜਾਹਿਰ ਕਰਦਿਆਂ ਕਿਹਾ ਸੀ ਕਿ ਇਹ ਨਿਰਪੱਖ ਮੀਡੀਆ ਲਈ ਬੇਹੱਦ ਖਤਰਨਾਕ ਹੈ। ਘਾਤਕ ਵੀ ਹੈ। ਮੀਡੀਆ ਸਬੰਧੀ ਸੰਸਦ ਵਿੱਚ ਸ਼ੋਰ ਸ਼ਰਾਬਾ ਹੋਣ ਪਿੱਛੋਂ ਪ੍ਰੀਸ਼ਦ ਨੇ ਪਿਛਲੇ ਸਾਲ 3 ਜੁਲਾਈ ਨੂੰ ਦੋ ਮੈਂਬਰਾਂ ਦੀ ਉਪਸੰਮਤੀ ਕਿ ਉਹ ਪੇਡ ਨਿਊਜ਼ ਦੇ ਦੋਸ਼ਾਂ ਦੀ ਜਾਂਚ ਕਰੇਗੀ। ਸੰਮਤੀ ਨੇ ਪ੍ਰੈਸ ਪ੍ਰੀਸ਼ਦ ਪ੍ਰਧਾਨ ਨਿਆਂ ਮੂਰਤੀ ਰੇਅ ਅਤੇ ਸਕੱਤਰ ਵਿਭਾ ਭਾਰਗਵ ਆਦਿ ਦੇ ਨਾਲ ਦਿੱਲੀ, ਮੁੰਬਈ ਤੇ ਹੈਦਾਰਾਬਾਦ 'ਚ ਪੇਡ ਨਿਊਜ਼ ਨਾਲ ਜੁੜੇ ਸਾਰੇ ਲੋਕਾਂ ਨਾਲ ਮਿਲ ਕੇ ਦੋਸ਼ਾਂ ਦੀ ਪੜਤਾਲ ਕੀਤੀ। ਪ੍ਰੀਸ਼ਦ ਨੂੰ ਦੇਸ਼ ਭਰ 'ਚੋਂ ਜੋ ਅਨੇਕਾਂ ਸ਼ਿਕਾਇਤਾਂ ਮਿਲੀਆਂ ਸਨ, ਉਹਨਾਂ ਦੇ ਸਬੂਤ ਮੰਗੇ ਗਏ ਅਤੇ ਜਿਹੜੇ ਮੀਡੀਆ ਘਰਾਣਿਆਂ 'ਤੇ ਦੋਸ਼ ਸਨ, ਉਹਨਾਂ ਦੇ ਜਵਾਬ ਮੰਗੇ ਗਏ। ਇਸ ਸੰਮਤੀ ਨੇ ਬੀਤੇ ਇਕ ਅਪ੍ਰੈਲ ਨੂੰ ਕਈ ਸਿਫਾਰਸ਼ ਸਮੇਤ ਰਿਪੋਰਟ ਪ੍ਰੈਸ ਕੌਂਸਿਲ (ਪ੍ਰੀਸ਼ਦ) ਨੂੰ ਸੌਂਪ ਦਿੱਤੀ। ਇਸ ਵਿਚ ਭਾਵੇਂ ਕਈ ਸਿਫਾਰਸ਼ਾਂ ਹਨ ਪਰ ਮਹੱਤਵਪੂਰਨ ਸਿਫਾਰਸ਼ ਇਹ ਹੈ ਕਿ ਹੁਣ ਸੰਸਦ ਨੂੰ ਜਨ ਪ੍ਰਤੀਨਿਧੀ ਕਾਨੂੰਨ 1951 ਦੀ ਧਾਰਾ 123 ਵਿੱਚ ਸੋਧ ਕਰਕੇ ਪੈਸੇ ਲੈ ਕੇ ਖਬਰ ਛਾਪਣ (ਪੇਂਡ ਨਿਊਜ਼) ਜਾਂ ਪ੍ਰਸਾਰਿਤ ਕਰਨ ਨੂੰ ਚੁਣਾਵੀ

ਦੁਰਾਚਾਰ ਮੰਨਦਿਆਂ ਭਰਿਸ਼ਟਾਚਾਰ ਦੀ ਸ਼੍ਰੇਣੀ ਵਿੱਚ ਲਿਆ ਕੇ ਸਜ਼ਾਯੋਗ ਅਪਰਾਧ ਬਣਾ ਦੇਣਾ ਚਾਹੀਦਾ ਹੈ ਸੂਤਰਾਂ ਮੁਤਾਬਕ ਪੇਡ ਨਿਊਜ਼ ਦੇ ਦੋਸ਼ਾਂ ਵਿੱਚ ਘਿਰੇ ਮੀਡੀਆ ਘਰਾਣੇ ਨਹੀਂ ਚਾਹੁੰਦੇ ਸਨ ਕਿ ਅਜਿਹਾ ਕੋਈ ਕਾਨੂੰਨ ਬਣੇ, ਲਿਹਾਜਾ ਉਹ ਇਸਦੀਆਂ ਸਿਫਾਰਸ਼ਾਂ ਬਦਲਣ ਲਈ ਇਕਜੁਟ ਹੋ ਗਏ। ਰਿਪੋਰਟ ਤਿਆਰ ਕਰਨ ਵਾਲੀ ਪ੍ਰੀਸ਼ਦ ਦੇ ਮੈਂਬਰ ਤੇ ਆਹਲਾ ਪੱਤਰਕਾਰ ਪਰੰਜੈ ਗਹਾ ਠਾਕੁਰਤਾ ਅਨੁਸਾਰ 'ਰਿਪੋਰਟ ਸੌਂਪਣ ਪਿੱਛੋਂ ਹੋਈ ਪ੍ਰੈਸ ਪ੍ਰੀਸ਼ਦ ਦੀ ਮੀਟਿੰਗ ਵਿੱਚ ਪ੍ਰਧਾਨ ਨਿਆਂਮੂਰਤੀ ਰੇਅ ਨੇ ਇਹ ਰਿਪੋਰਟ ਮੈਂਬਰਾਂ ਸਾਹਮਣੇ ਰੱਖੀ ਸੀ ਕਿਉਂਕਿ ਰਿਪੋਰਟ 'ਚ ਪੇਂਡ ਨਿਊਜ਼ ਦੇ ਦੋਸ਼ਾਂ ਨਾਲ ਘਿਰੇ ਕੁਝ ਅਖਬਾਰਾਂ ਜਿਵੇਂ ਦੈਨਿਕ ਜਾਗਰਣ, ਦੈਨਿਕ ਭਾਸਕਰ, ਪੰਜਾਬ ਕੇਸਰੀ, ਲੋਕਸੱਤਾ, ਈਨਾਡੂ, ਸਾਖਸ਼ੀ ਆਦਿ ਦੇ ਨਾਂ ਹਨ ਲਿਹਾਜਾ ਇਹਨਾਂ ਦੇ ਮਾਲਕਾਂ ਦੇ ਪ੍ਰਤੀਨਿੱਧ ਨਹੀਂ ਚਾਹੁੰਦੇ ਕਿ ਉਹਨਾਂ ਦੇ ਨਾਂ ਇਸ ਵਿੱਚ ਹੋਣ। ਸੋ ਰਿਪੋਰਟ ਲਾਗੂ ਨਾ ਕਰਨ ਲਈ ਹੰਗਾਮਾ ਕੀਤਾ। ਤਦ ਪ੍ਰਧਾਨ ਨੇ 12 ਮੈਂਬਰੀ ਡ੍ਰਾਫਟਿੰਗ ਕਮੇਟੀ ਬਣਾ ਦਿੱਤੀ ਹੈ ਜੋ ਇਸ ਦਾ ਅਧਿਐਨ ਕਰਕੇ ਸੁਝਾਅ ਦੇਵੇਗੀ।' ਮਤਲਬ ਸਾਫ ਹੈ ਕਿ ਕੁਝ ਮੀਡੀਆ ਮਾਲਕਾਂ ਨੇ ਪ੍ਰੀਸ਼ਦ 'ਤੇ ਏਨਾ ਦਬਾਅ ਬਣਾਇਆ ਹੈ ਕਿ ਇਸ ਨੂੰ ਟਾਲਣ ਦੀ ਕੋਸ਼ਿਸ਼ ਹੋ ਰਹੀ ਹੈ। ਪ੍ਰੀਸ਼ਦ ਦੀ ਸਕੱਤਰ ਵਿਭਾ ਭਾਰਗਵ ਅਨੁਸਾਰ, "ਇਹ ਰਿਪੋਰਟ ਫਿਲਹਾਲ 28 ਮੈਂਬਰਾਂ ਲਈ ਪੂਰਨ ਪ੍ਰੀਸ਼ਦ ਦੇ ਸਾਹਮਣੇ ਵਿਚਾਰ ਅਧੀਨ ਹੈ। ਪੂਰਨ ਪ੍ਰੀਸ਼ਦ ਨੂੰ ਇਹ ਅਧਿਕਾਰ ਹੈ ਕਿ ਉਹ ਚਾਹੇ ਤਾਂ ਇਸ ਨੂੰ ਹੂ-ਬ-ਹੂ ਪਾਸ ਕਰਵਾ ਸਕਦੀ ਹੈ ਅਤੇ ਲੋੜੀਂਦੇ ਬਦਲਾਅ ਵੀ ਕਰ ਸਕਦੀ ਹੈ ਜਾਂ ਚਾਹੇ ਤਾਂ ਇਸ ਨੂੰ ਖਾਰਜ ਵੀ ਕਰ ਸਕਦੀ ਹੈ।' ਮਤਲਬ ਸਾਫ ਹੈ ਕਿ ਕੁਝ ਮੀਡੀਆ ਮਾਲਕਾਂ ਨੇ ਪ੍ਰੀਸ਼ਦ 'ਤੇ ਏਨਾ ਦਬਾਅ ਬਣਾਇਆ ਹੈ ਕਿ ਇਹ ਕਹਿਣਾ ਮੁਸ਼ਕਲ ਹੈ ਕਿ ਰਿਪੋਰਟ ਕਿਸ ਰੂਪ ਵਿੱਚ ਪਾਸ ਹੋਵੇਗੀ। ਤਸਵੀਰ ਸਾਫ ਹੋਣ ਵਿਚ ਦੋ ਮਹੀਨੇ ਲੱਗ ਵੀ ਸਕਦੇ ਹਨ। ਜਦ ਕਿ ਠਾਕੁਰਤਾ ਕਹਿੰਦੇ ਹਨ ਅਸੀਂ ਨਾ ਤਾਂ ਸੀ ਬੀ ਆਈ ਅਤੇ ਨਾ ਹੀ ਆਮਦਨ ਟੈਕਸ ਵਿਭਾਗ। ਰਿਪੋਰਟ ਤਿਆਰ ਕਰਨ 'ਚ 100 ਤੋਂ ਵੱਧ ਲੋਕਾਂ ਨਾਲ ਸੰਪਰਕ ਕੀਤਾ ਗਿਆ ਹੈ ਜਿਸ 'ਚ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਆਸ਼ੋਕ ਚਵਾਣ ਤੇ ਹਰਿਆਣੇ ਦੇ ਓਮ ਪ੍ਰਕਾਸ਼ ਚੋਟਾਲਾ ਵੀ ਹਨ ਜਿਹਨਾਂ 'ਤੇ ਪੇਡ ਨਿਊਜ਼ ਛਪਵਾਉਣ ਦੇ ਦੋਸ਼ ਹਨ। ਮੀਡੀਆ ਦੀ ਭਰੋਸੇਯੋਗਤਾ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਰਿਪੋਰਟ ਦੀਆਂ ਸਾਰੀਆਂ ਸਿਫਾਰਸ਼ਾਂ ਨੂੰ ਪ੍ਰੀਸ਼ਦ ਹੂ-ਬ-ਹੂ ਪਾਸ ਕਰੇ। ਦਬਾਅ ਹੇਠ ਨਾ ਆਵਾਂ ਰਿਪੋਰਟ 'ਚ ਸਾਫ ਹੈ ਕਿ ਪੇਂਡ ਨਿਊਜ਼ ਦੇ ਲੱਛਣ ਦੇਸ਼ ਭਰ 'ਚ ਵੇਖਣ ਨੂੰ ਮਿਲੇ ਹਨ। ਇਸ ਵਿੱਚ ਅੰਗ੍ਰੇਜ਼ੀ ਤੇ ਗੈਰ ਅੰਗ੍ਰੇਜ਼ੀ ਭਾਸ਼ਾ ਸਮੇਤ ਪ੍ਰਿੰਟ ਮੀਡੀਆ ਤੇ ਇਲੈਕਟ੍ਰਾਨਿਕ ਮੀਡੀਆ ਦੇ ਸ਼ਾਮਲ ਹੋਣ ਦੇ ਦੋਸ਼ ਹਨ। ਰਿਪੋਰਟ 'ਚ ਕਈ ਉਹਨਾਂ ਉਮੀਦਵਾਰਾਂ ਦਾ ਜ਼ਿਕਰ ਹੈ ਜਿਨ੍ਹਾਂ ਤੋਂ ਦੈਨਿਕ ਜਾਗਰਣ, ਭਾਸਕਰ, ਅਮਰ ਉਜਾਲਾ, ਆਜ, ਪੰਜਾਬ ਕੇਸਰੀ, ਹਰਿਭੂਮੀ, ਹਿੰਦੁਸਤਾਨ, ਲੋਕਸੱਤਾ, ਇਨਾਡੂ, ਸਾਖਸ਼ੀ ਅਖਬਾਰਾਂ ਦੇ ਨੁਮਾਇੰਦਿਆਂ ਨੇ ਉਹਨਾਂ ਦੇ ਪੱਖ ਵਿੱਚ ਖਬਰਾਂ ਛਾਪਣ ਲਈ ਪੈਕੇਜ਼ ਦੀ ਪੇਸ਼ਕਸ਼ ਕੀਤੀ। ਅਜਿਹੇ ਪੈਕੇਜ ਦੀਆਂ ਕੀਮਤਾਂ ਦੋ ਲੱਖ ਰੁਪਏ ਤੱਕ ਰੱਖੀਆਂ ਗਈਆਂ ਸਨ। ਪੇਂਡ ਨਿਊਜ਼ ਦਾ ਪੈਕੇਜ਼ ਲਾਉਣ ਵਾਲੇ ਉਮੀਦਵਾਰ ਦੇ ਪੱਖ 'ਚ ਖ਼ਬਰਾਂ ਛਾਪੀਆਂ ਜਾਂਦੀਆਂ ਸਨ ਅਤੇ ਉਸ ਦੇ ਵਿਰੋਧੀ ਦੇ ਖਿਲਾਫ਼ ਜੋ ਕਿ ਪੈਕੇਜ ਨਹੀਂ ਲੈਂਦਾ ਉਸ ਦੇ ਉਮੀਦਵਾਰ ਬਾਰੇ ਕੋਈ ਖਬਰ ਨਹੀਂ ਛਪਦੀ ਸੀ।

ਹਾਲ ਦੀ ਘੜੀ ਮੁੱਠੀਭਰ ਸੁਆਰਥੀ ਲੋਕਾਂ ਕਾਰਨ ਮੀਡੀਆ ਦੀ ਡਿੱਗਦੀ ਸ਼ਾਖ ਨੂੰ ਰੋਕਣ ਅਤੇ ਦੇਸ਼ ਵਾਸੀਆਂ ਵਿੱਚ ਮੀਡੀਆ ਦੀ ਭਰੋਸੇਯੋਗਤਾ ਵਧਾਉਣ ਸਬੰਧੀ ਕੀਤੀਆਂ ਗਈਆਂ ਇਹ ਭਰੋਸੇਯੋਗਤਾ ਵਧਾਉਣ ਸਬੰਧੀ ਕੀਤੀਆਂ ਗਈਆਂ ਇਹ ਸਿਫਾਰਸ਼ਾਂ ਮਹੱਤਵਪੂਰਨ ਹਨ। ਗੇਂਦ ਹੁਣ ਪ੍ਰੀਸ਼ਦ ਦੇ ਪ੍ਰਧਾਨ ਨਿਆਂਮੂਰਤੀ ਰੇਅ ਦੇ ਪਾਲੇ ਵਿੱਚ ਹੈ ਅਤੇ ਮੀਡੀਆ ਘਰਾਣਿਆਂ ਦੇ ਨਾਲ ਹੀ ਹਰ ਦੇਸ਼ ਵਾਸੀ ਇਹ ਜਾਨਣ ਵਿੱਚ ਇੱਛੁਕ ਰਹੇਗਾ ਕਿ ਰਿਪੋਰਟ ਨੂੰ ਕਦੋਂ, ਕਿਵੇਂ ਅਤੇ ਕਿਸ ਰੂਪ ਵਿੱਚ ਪਾਸ ਕੀਤਾ ਜਾਂਦਾ ਹੈ। ਪ੍ਰੈਸ ਪ੍ਰੀਸ਼ਦ ਵਲੋਂ ਪਾਸ ਕਰਨ 'ਤੇ ਹੀ ਪਾਰਲੀਮੈਂਟ ਇਸ 'ਤੇ ਵਿਚਾਰ ਕਰੇਗੀ।

# ਕੀ ਗੁਜਰਾਤ ਸਰਕਾਰ ਨਸ਼ਟ ਕਰ ਰਹੀ ਹੈ ਤਾਲਾਬਾਂ ਨੂੰ?

ਤੱਟੀ ਗੁਜਰਾਤ ਦੇ ਭਾਵ ਨਗਰ ਜ਼ਿਲ੍ਹੇ ਦੇ ਮਹੂਬਾ ਤਾਲੁਕਾ 'ਚ ਪਦਮ ਸ੍ਰੀ ਦਰਸ਼ਨ ਪਟੇਲ ਦੀ ਕੰਪਨੀ ਨਿਆ ਪ੍ਰਾਈਵੇਟ ਲਿਮਟਿਡ ਦੇ ਖਿਲਾਫ ਡੇਢ ਸਾਲ ਤੋਂ ਚਲ ਰਿਹਾ ਕਿਸਾਨਾਂ ਦੇ ਸੰਘਰਸ਼ ਦਾ ਦਮਨ ਮੋਦੀ ਪ੍ਰਸ਼ਾਸਨ 'ਚ ਚੱਲ ਰਹੇ ਵਿਕਾਸ ਦੇ ਨਾਂ ਹੇਠ ਸਰਕਾਰੀ ਅੱਤਵਾਦ ਹੈ। ਹਿੰਮਾਸ਼ੂ ਕੁਮਾਰ ਜਿਸ ਤਰ੍ਹਾਂ ਨਾਲ ਦਾਂਤੇਵਾੜਾ 'ਚ ਚੱਲ ਰਹੇ ਸੰਘਰਸ਼ ਦੇ ਕੇਂਦਰ ਵਿੱਚ ਹੈ। ਉਸੇ ਤਰ੍ਹਾਂ ਹੀ ਕਨੁਭਾਈ ਕਲਸਰਿਆ ਨਿਆਂ ਦੇ ਖਿਲਾਫ ਛਿੜੀ ਜੰਗ ਦੇ ਕੇਂਦਰ 'ਚ ਆ ਪਹੁੰਚੇ ਹਨ। ਜਨਵਰੀ 'ਚ ਸਤੀਸ਼ਗੜ੍ਹ 'ਚ ਹਿਮਾਸ਼ੂ ਕੁਮਾਰ ਦਾ ਵਣ ਚੇਤਨਾ ਆਸ਼ਰਮ ਢਾਹ ਦਿੱਤਾ ਗਿਆ ਸੀ। ਉਸ ਦੇ ਕੁਝ ਹੀ ਦਿਨ ਬਾਅਦ 11 ਫਰਵਰੀ 2010 ਨੂੰ ਕਲਸਰਿਆ ਨੂੰ ਭਾਵ ਨਗਰ 'ਚ ਜਾਨ ਤੋਂ ਮਾਰਨ ਦੀ ਸਾਜ਼ਿਸ਼ ਰਚੀ ਗਈ। ਫਿਰ ਵੀ ਦੋਨੋਂ ਬੰਦੇ ਆਪਣੀ-ਆਪਣੀ ਕਰਮਭੂਮੀ ਵਿੱਚ ਜਨਤਾ ਦੀ ਹਮਾਇਤ ਨਾਲ ਰਾਜ ਪ੍ਰੇਰਿਤ ਅੱਤਵਾਦ ਦਾ ਵਿਰੋਧ ਕਰ ਰਹੇ ਹਨ। ਕਲਸਰਿਆ ਭਾਵ ਨਗਰ ਦੇ ਮਹੂਬਾ ਸ਼ਹਿਰ ਤੋਂ ਭਾਜਪਾ ਦੇ ਵਿਧਾਇਕ ਵੀ ਹਨ। ਇਸ ਦੇ ਬਾਵਜੂਦ ਉਹ ਮੋਦੀ ਸਰਕਾਰ ਅਤੇ ਨਿਆਂ ਕੰਪਨੀ ਦੀ ਮਿਲੀ ਭੁਗਤ ਖਿਲਾਫ਼ ਆਵਾਜ਼ ਬੁਲੰਦ ਕਰ ਰਹੇ ਹਨ। ਮੋਦੀ ਸਰਕਾਰ ਨੇ ਭਾਵ ਨਗਰ ਜ਼ਿਲ੍ਹੇ ਦੇ ਮਹੂਬਾ ਤਾਲੁਕਾ 'ਚ ਹਜ਼ਾਰਾਂ ਹੇਕਟੇਅਰ 'ਚ ਫੈਲੇ ਪਾਣੀ ਦੇ ਸਰੋਤਾਂ ਤੇ ਖੇਤੀਯੋਗ ਜ਼ਮੀਨਾਂ ਨਿਆਂ ਵਾਲੇ ਉਹਨਾਂ ਜਲ ਸਰੋਤਾਂ (ਤਲਾਬਾਂ ਆਦਿ) ਨੂੰ ਖਤਮ ਕਰਕੇ ਉਥੇ ਸੀਮਿੰਟ ਦੀ ਫੈਕਟਰੀ ਲਾ ਰਹੇ ਹਨ। ਇਸ ਨਾਲ 600 ਲੋਕਾਂ ਨੂੰ ਰੁਜ਼ਗਾਰ ਬਦਲੇ 40 ਹਜ਼ਾਰ ਤੋਂ ਵੱਧ ਕਿਸਾਨ ਬੇਕਾਰ ਹੋਣਗੇ। ਕਲਸਰਿਆ ਕਹਿੰਦੇ ਹਨ, 'ਛੇ ਸੌ ਲੋਕਾਂ ਨੂੰ ਕੰਮ ਤੇ 40 ਹਜ਼ਾਰ ਬੇਰੁਜ਼ਗਾਰ ਇਹ ਕਿਹੋ ਜਿਹਾ ਵਿਕਾਸ ਹੈ? ਇਹ ਵਿਕਾਸ ਨਹੀਂ ਵਿਨਾਸ਼ ਹੈ।' ਸਾਡਾ ਵਿਰੋਧ ਵਿਕਾਸ ਨਾਲ ਨਹੀਂ, ਬਲਕਿ ਵਿਕਾਸ ਦੇ ਇਸ ਘਟੀਆ ਮਾਡਲ ਖਿਲਾਫ ਹੈ। ਨਿਆਂ ਵਾਲੇ ਇਸ ਜ਼ਮੀਨ 'ਤੇ ਫੈਕਟਰੀ ਲਾ ਰਹੇ ਹਨ ਕਿਉਂਕਿ ਇਸ ਦੇ ਹੇਠਾਂ ਕਰੋੜਾਂ ਅਰਬਾਂ ਰੁਪਏ ਦਾ ਚੂਨਾ-ਪੱਥਰ (ਲਾਈਮ ਸਟੋਨ) ਪਿਆ ਹੈ। ਲਾਈਮ ਸਟੋਨ ਕੱਢਣ ਲਈ ਖੁਦਾਈ ਹੋਈ ਤਾਂ ਇੱਥੋਂ ਦੀ 27000 ਵਿੱਘਾ ਜ਼ਮੀਨ ਹਮੇਸ਼ਾ ਲਈ ਬੰਜਰ ਹੋ ਜਾਵੇਗੀ। ਮਹੂਬਾ ਨੂੰ ਸੌ ਰਾਸ਼ਟਰ ਦਾ ਕਸ਼ਮੀਰ ਕਿਹਾ ਜਾਂਦਾ ਹੈ। ਇੱਥੋਂ ਦੀ ਜ਼ਮੀਨ ਏਨੀ ਵਧੀਆ ਹੈ ਕਿ ਗਰੀਬ ਕਿਸਾਨ ਵੀ ਸਾਲ 'ਚ ਤਿੰਨ ਵਾਰੀ ਫਸਲ ਉਗਾ ਲੈਂਦੇ ਹਨ। ਦਰਿਆ ਦਾ ਖਾਰਾ ਪਾਣੀ ਕਿਨਾਰੇ ਦੇ ਪਿੰਡਾਂ ਦੀ ਜ਼ਮੀਨ ਨੂੰ ਨਸ਼ਟ ਨਾ ਕਰੇ, ਇਸ ਲਈ ਕੁਝ ਸਾਲ ਪਹਿਲਾਂ ਸਰਕਾਰ ਨੇ ਕਰੋੜਾਂ ਰੁਪਏ ਖਰਚ ਕੇ ਤਲਾਅ ਤਿਆਰ ਕਰਵਾਏ। ਇਸ ਤੋਂ ਪਹਿਲਾਂ ਦੇ ਮੁਕਾਬਲਤਣ ਫਸਲ ਹੋਰ ਵੀ ਵੱਧ ਹੋਣ ਲੱਗੀ ਅਤੇ ਪਿੰਡਾਂ 'ਚ ਹਰਿਆਲੀ ਆਈ। ਪਰ 2009 'ਚ ਸਰਕਾਰ ਨੇ ਪਿੰਡ ਵਾਲਿਆਂ ਤੋਂ ਬਿਨ੍ਹਾਂ ਪੁੱਛੇ ਗੈਰ-ਕਾਨੂੰਨੀ ਤਰੀਕੇ ਨਾਲ ਇਹਨਾਂ ਤਲਾਬਾਂ ਤੇ ਉਸ ਦੇ ਆਸਪਾਸ ਦੀ 3466 ਹੇਕਟੇਅਰ ਜ਼ਮੀਨ ਨਿਆ ਪ੍ਰਾਈਵੇਟ ਲਿਮਟਿਡ ਨੂੰ ਲੀਜ਼ 'ਤੇ ਦੇ ਦਿੱਤੀ। ਨਤੀਜਾ ਇਹ ਹੋਇਆ ਕਿ ਨਿਰਮਾ ਕੇ ਮਹੂਬਾ ਦੇ ਸਮਢਿਆਲਾ ਵਿਸਤਾਰ 'ਚ ਕਰੀਬ 100 ਹੇਕਟੇਅਰ 'ਚ ਫੈਲੇ ਤਲਾਬਾਂ 'ਚ ਮਿੱਟੀ ਪਾ ਕੇ ਆਪਣੀ ਫੈਕਟਰੀ ਖੜ੍ਹੀ ਕਰਨ ਲਈ ਉਥੇ ਮੈਦਾਨ ਬਣਾ ਦਿੱਤਾ ਹੈ। ਕਲਸਰਿਆ ਕਹਿੰਦੇ ਹਨ

'ਹੁਣ ਨਿਰਮਾ ਦੂਜੇ 254 ਹੇਕਟੇਅਰ 'ਚ ਫੈਲੇ ਤਲਾਅ ਵੀ ਖਤਮ ਕਰਕੇ ਉਥੇ ਸੀਮਿੰਟ ਫੈਕਟਰੀ ਲਾਉਣਾ ਚਾਹੁੰਦੀ ਹੈ ਜੇ ਫੈਕਟਰੀ ਬਣੀ ਤਾਂ ਮਹੂਬਾ ਦੇ 10 ਪਿੰਡ ਜੋ ਖੇਤੀਬਾੜੀ 'ਤੇ ਨਿਰਭਰ ਹਨ, ਤਬਾਹ ਹੋ ਜਾਣਗੇ।' ਇਹ ਬਿਲਕੁਲ ਹੀ ਲੋਕ ਵਿਰੋਧੀ ਰਵੱਈਆ ਹੈ ਕੋਈ ਵੀ 'ਵਾਟਰ ਬਾਡੀ' ਤੁਸੀਂ ਇਸ ਤਰ੍ਹਾਂ ਨਿੱਜੀ ਕੰਪਨੀ ਨੂੰ ਨਹੀਂ ਦੇ ਸਕਦੇ। ਇੱਥੋਂ ਤੱਕ ਕਿ ਸਰਕਾਰ ਵੀ ਇਸ ਨਾਲ ਕੋਈ ਛੇੜਖਾਨੀ ਨਹੀਂ ਕਰ ਸਕਦੀ। 'ਸੰਨ 2002 'ਚ ਗੁਜਰਾਤ ਹਾਈਕੋਰਟ ਦੇ ਜੱਜ ਅਭਿਚੰਦਾਨੀ ਅਤੇ ਜਸਟਿਸ ਡੀ. ਕੇ ਮਹਿਤਾ ਦੇ ਇਕ ਬੈਂਚ ਨੇ ਆਪਣੇ ਇਕ ਫੈਸਲੇ ਵਿੱਚ ਇਹ ਗੱਲ ਸਾਫ਼ ਲਿਖੀ ਹੈ ਅਤੇ ਇਹ ਵੀ ਨਿਰਦੇਸ਼ ਦਿੱਤਾ ਕਿ ਤਿੰਨ ਮਹੀਨਿਆਂ ਦੇ ਅੰਦਰ ਗੁਜਰਾਤ ਵਿੱਚ ਜਿੰਨੇ ਵੀ ਵਾਟਰ ਬਾਡੀ ਹਨ ਉਹਨਾਂ ਦੀ ਪਹਿਚਾਣ ਕੀਤੀ ਜਾਵੇ। ਦਿਲਚਸਪ ਗੱਲ ਇਹ ਹੈ ਕਿ ਗੁਜਰਾਤ ਸਰਕਾਰ ਅਤੇ ਨਿਆਂ ਕੰਪਨੀ ਦੋਨੋਂ ਹਾਈਕੋਰਟ 'ਚ ਆਪਣੇ ਬਚਾਅ 'ਚ ਇਹ ਕਹਿ ਰਹੀਆਂ ਹਨ ਕਿ ਨਿਆਂ ਨੂੰ ਜੋ ਜ਼ਮੀਨ ਲੀਜ਼ 'ਤੇ ਦਿੱਤੀ ਗਈ ਹੈ, ਉਥੇ ਕੋਈ ਤਲਾਅ (ਵਾਟਰ ਬਾਡੀ) ਮਾਲ ਦੇ ਰਿਕਾਰਡ 'ਚ ਨਹੀਂ ਹੈ। ਫਿਲਹਾਲ ਗੁਜਰਾਤ ਹਾਈਕੋਰਟ ਨੇ ਨਿਆਂ ਨੂੰ ਅੱਗੇ ਇਸ ਥਾਂ 'ਤੇ ਕੋਈ ਵੀ ਵਿਕਾਸ ਕਰਨ 'ਤੇ ਰੋਕ ਲਾ ਦਿੱਤੀ ਹੈ।' ਕਲਸਰਿਆ ਕਹਿੰਦੇ ਹਨ 'ਸਾਡਾ ਮੁੱਖ ਮੰਤਰੀ ਨੂੰ ਇਹੀ ਸਵਾਲ ਹੈ ਕਿ ਜੋ ਨਿੱਜੀ ਕੰਪਨੀ ਸਾਡੇ ਅਦਾਰੇ, ਸਾਧਨ, ਖੋਹਣਾ ਚਾਹੁੰਦੀ ਹੈ, ਵਾਤਾਵਰਣ ਨੂੰ ਹਾਨੀ ਪਹੁੰਚਾਉਣਾ ਚਾਹੁੰਦੀ ਹੈ, ਤਲਾਬਾਂ ਨੂੰ ਖਤਮ ਕਰਕੇ ਉਥੇ ਫੈਕਟਰੀ ਖੜ੍ਹੀ ਕਰਨਾ ਚਾਹੁੰਦੀ ਹੈ 600 ਲੋਕਾਂ ਨੂੰ ਰੁਜ਼ਗਾਰ ਦੇਣ ਬਦਲੇ 50 ਹਜ਼ਾਰਾਂ ਕਿਸਾਨਾਂ ਨੂੰ ਭੁੱਖੇ ਮਾਰਨ ਦੀ ਕੋਸ਼ਿਸ਼ ਕਰ ਰਹੀ ਹੈ, ਤੁਸੀਂ ਉਸ ਦੀ ਤਰਫਦਾਰੀ ਕਿਉਂ ਕਰਦੇ ਹੋ?' ਇੱਥੋਂ ਤੱਕ ਕਿ 26 ਫਰਵਰੀ ਨੂੰ ਮਹੂਬਾ ਦੇ 11,111 ਕਿਸਾਨ ਆਪਣੇ ਖ਼ੂਨ ਨਾਲ ਅੰਗੂਠੇ ਲਵਾ ਕੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਉਹਨਾਂ ਦੇ ਦਫਤਰ ਵਿੱਚ ਮੰਗ ਪੱਤਰ ਦੇਣ ਗਏ ਤਾਂ ਮੰਗ ਪੱਤਰ ਲੈਣ ਦੀ ਬਜਾਏ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਹਨਾਂ 'ਚ ਗਾਂਧੀਵਾਦੀ ਚੁਨੀਭਾਈ ਵੈਦ ਵੀ ਸ਼ਾਮਲ ਸਨ। ਉਸ ਦਿਨ ਜਦ ਕਲਸਰਿਆ ਨੇ ਗੁਜਰਾਤ ਵਿਧਾਨ ਸਭਾ ਵਿੱਚ ਮਹੂਬਾ ਦਾ ਸਵਾਲ ਉਠਾਇਆ ਤਾਂ ਸੁਰੱਖਿਆ ਹਮਲੇ ਨੇ ਉਹਨਾਂ ਨੂੰ ਫੜ ਕੇ ਅਸੈਂਬਲੀ ਹਾਲ ਤੋਂ ਬਾਹਰ ਕੱਢ ਦਿੱਤਾ। ਸਰਕਾਰ ਦੇ ਇਸ ਗੈਰ ਜਮਹੂਰੀ ਰਵੱਈਏ ਨਾਲ ਨਿਰਾਸ਼ ਕਲਸਰਿਆ ਨੇ ਅਸੰਬਲੀ ਅੰਦਰ ਹੀ ਐਲਾਨ ਕਰ ਦਿੱਤਾ 'ਜੇ ਮੈਨੂੰ ਮੇਰੀ ਗੱਲ ਕਹਿਣ ਦਾ ਮੌਕਾ ਨਾ ਦਿੱਤਾ ਗਿਆ ਅਤੇ ਕਿਸਾਨ ਦਾ ਮੰਗ ਪੱਤਰ ਨਾ ਲਿਆ ਗਿਆ ਤਾਂ ਮੈਂ ਇੱਥੇ ਹੀ ਮਰਨ ਵਰਤ ਤੇ ਬੈਠ ਜਾਵਾਂਗਾ। ਇਹ ਸੁਣਦਿਆਂ ਹੀ ਅਸੰਬਲੀ 'ਚ ਸਨਾਟਾ ਛਾ ਗਿਆ। ਸਰਕਾਰੀ ਤੰਤਰ ਹਰਕਤ 'ਚ ਆ ਗਿਆ ਅਤੇ ਕਲਸਰਿਆ ਨੂੰ ਵਿਸਵਾਸ਼ ਦਵਾਇਆ ਕਿ ਉਹਨਾਂ ਦਾ ਮੰਗ-ਪੱਤਰ ਲਿਆ ਜਾਵੇਗਾ।

ਗੁਜਰਾਤ ਵਿਧਾਨ ਸਭਾ 'ਚ ਇਸ ਤਮਾਸ਼ੇ ਦੇ ਇਕ ਦਿਨ ਪਹਿਲਾਂ ਹੀ ਮੋਦੀ ਸਰਕਾਰ ਵਲੋਂ ਲੋਕਸ਼ਾਹੀ ਮੁੱਲਾਂ ਦਾ ਗਲਾ ਘੋਟਿਆ ਗਿਆ। ਪੱਚੀ ਫਰਵਰੀ ਦੇ ਦਿਨ ਕਲਸਰਿਆ ਅਤੇ ਗਾਂਧੀਵਾਦੀ ਚੁੰਨੀਭਾਈ ਵੈਦ ਨੇ ਮਹੂਬਾ ਦੇ ਹਜ਼ਾਰਾਂ ਕਿਸਾਨਾਂ ਦੇ ਨਾਲ ਗਾਂਧੀ ਆਸ਼ਰਮ ਤੋਂ ਗਾਂਧੀਨਗਰ ਪੈਦਲ ਜਾਣ ਦਾ ਪ੍ਰੋਗ੍ਰਾਮ ਤਹਿ ਕੀਤਾ ਸੀ। ਪਰ ਅਹਿਮਦਾਬਾਦ 'ਚ ਹੋ ਰਹੇ ਕ੍ਰਿਕਟ ਮੈਚ ਦੀ ਸੁਰੱਖਿਆ ਦਾ ਬਹਾਨਾ ਬਣਾ ਗੁਜਰਾਤ ਪੁਲਸ ਪਦਯਾਤਰਾ ਦੀ ਇਜਾਜ਼ਤ ਨਹੀਂ ਦਿੱਤੀ। ਮਹੂਬਾ ਤੋਂ ਆਉਣ ਵਾਲੇ

ਕਿਸਾਨਾਂ ਦੀਆਂ 20 ਤੋਂ ਵੱਧ ਗੱਡੀਆਂ ਰਾਹ 'ਚ ਹੀ ਰੋਕ ਲਈਆਂ ਗਈਆਂ।

ਸੂਰਤ ਤੇ ਮੁੰਬਈ ਤੋਂ ਨਿਕਲੀਆਂ 15 ਗੱਡੀਆਂ ਨੂੰ ਅਹਿਮਦਾਬਾਦ ਪਹੁੰਚਣ ਨਹੀਂ ਦਿੱਤਾ ਗਿਆ। ਪੂਰੀ ਰਾਤ ਪੁਲਸ ਨੇ ਨਾਕਾਬੰਦੀ ਕਰੀ ਰੱਖੀ। ਸਵੇਰ ਤੱਕ ਚਾਰ ਹਜ਼ਾਰ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕਲਸਰਿਆ ਅਨੁਸਾਰ ਅੰਦੋਲਨ 'ਚ ਜਿਵੇਂ-ਜਿਵੇਂ ਲੋਕ ਜੁੜ ਰਹੇ ਹਨ ਵੈਸੇ-ਵੈਸੇ ਗੁਜਰਾਤ ਸਰਕਾਰ ਤੇ ਨਿਆਂ ਕੰਪਨੀ ਦੋਨਾਂ ਦਾ ਰਵੱਈਆ ਹਿੰਸਕ ਹੁੰਦਾ ਜਾ ਰਿਹਾ ਹੈ। ਕਿਸਾਨ ਰਾਤ ਨੂੰ ਆਪਣੇ ਪਿੰਡਾਂ ਤੋਂ ਬਾਹਰ ਨਿਕਲਣ ਤੋਂ ਡਰਦੇ ਹਨ। ਪੁਲਸ ਤੇ ਕੰਪਨੀ ਤੇ ਗੁੰਡਿਆਂ ਵਲੋਂ ਉਹਨਾਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਅੰਦੋਲਨਕਾਰੀ ਔਰਤਾਂ ਦੇ ਘਰਾਂ 'ਚ ਘੁਸ ਕੇ ਉਹਨਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ ਅਤੇ ਉਹਨਾਂ ਨਾਲ ਗਾਲੀਗਲੋਚ ਕੀਤਾ ਜਾ ਰਿਹਾ ਹੈ। ਜੇ ਪਿੰਡ ਵਾਲੇ ਕਿਸੇ ਮਰੀਜ਼ ਨੂੰ ਹਸਪਤਾਲ ਲੈ ਜਾਂਦੇ ਹਨ ਤਾਂ ਉਹਨਾਂ ਦੀ ਗੱਡੀਆਂ ਵੀ ਰਾਹ 'ਚ ਰੋ ਕੇ ਉਹਨਾਂ ਦੀ ਪੁੱਛ ਪੜਤਾਲ ਕੀਤੀ ਜਾਂਦੀ ਹੈ। ਕੰਪਨੀ ਦੇ ਗੁੰਡੇ ਅੰਦੋਲਨਕਾਰੀਆਂ 'ਤੇ ਨਜ਼ਰ ਰੱਖਦੇ ਹਨ। ਪੁਲਸ ਤੇ ਨਿਆਂ ਦੇ ਗੁੰਡਿਆਂ ਵਿਚਾਲੇ ਮਿਲੀ ਭੁਗਤ ਹੈ। ਕੁਝ ਦਿਨ ਪਹਿਲਾ ਕਲਸਰਿਆ ਨੇ ਮਹੂਬਾ ਦੇ ਡੋਡਿਆਂ ਪਿੰਡ ਤੋਂ ਜਦ ਸ਼ਾਂਤੀਪੂਰਵ ਜਲੂਸ ਕੱਢਿਆ ਤਾਂ ਪੁਲਸ ਨੇ ਬੇਰਹਿਮੀ ਨਾਲ ਲਾਠੀਚਾਰਜ ਕਰਕੇ 15 ਕਿਸਾਨਾਂ ਨੂੰ ਜ਼ਖ਼ਮੀ ਕਰ ਦਿੱਤਾ, ਇਹਨਾਂ 'ਚ ਔਰਤਾਂ ਵੀ ਸ਼ਾਮਲ ਹਨ। ਪੁਲਸ ਤੇ ਨਿਆਂ ਦੇ ਗੁੰਡੇ ਔਰਤਾਂ 'ਤੇ ਵੀ ਨਜ਼ਰ ਰੱਖਦੇ ਹਨ ਅਤੇ ਅੰਦੋਲਨਕਾਰੀ ਔਰਤਾਂ ਨੂੰ ਬੁਰੀ ਤਰ੍ਹਾਂ ਮਾਰਿਆ ਕੁੱਟਿਆ ਜਾਂਦਾ ਹੈ। ਗੁੰਡਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਪੁਲਸ ਅੰਦੋਲਨਕਾਰੀਆਂ 'ਤੇ ਹੀ ਕੇਸ ਦਰਜ ਕਰ ਰਹੀ ਹੈ। ਕਲਸਰਿਆ 'ਤੇ ਵੀ ਸੋਚ ਸਮਝ ਕੇ ਉਦੋਂ 40-50 ਲੱਠਮਾਰਾਂ ਨੇ ਉਦੋਂ ਹਮਲਾ ਕਰ ਦਿੱਤਾ ਜਦੋਂ ਉਹ ਆਪਣੀ ਪਤਨੀ ਨਾਲ ਕਾਰ 'ਚ ਘਰ ਵੱਲ ਜਾ ਰਹੇ ਸਨ। ਕਾਰ ਦੇ ਸ਼ੀਸ਼ੇ ਟੁੱਟ ਗਏ। ਇਹ ਸਭ ਸ਼ਾਂਤਮਈ ਅੰਦੋਲਨ ਨੂੰ ਤੋੜਨ ਲਈ ਹੈ।

# ਐਮ. ਸੀ. ਆਈ. ਜਾਂ ਲੁੱਟ ਦਾ ਲਾਇਸੰਸ?

ਇਸ ਲਿਹਾਜ ਨਾਲ ਕੇਤਨ ਦੇਸਾਈ ਬਹੁਤ ਹੀ ਖੁਸ਼ ਸਨ। ਜ਼ਿੰਦਗੀ 'ਚ ਭੋਗ-ਵਿਕਾਸ ਦੀਆਂ ਵਸਤੂਆਂ ਉਸ ਦੀ ਕਮਜ਼ੋਰੀ ਸੀ। ਐਸੇ 'ਚ ਉਹਨਾਂ ਲਈ ਸਭ ਤੋਂ ਚੰਗੀ ਨੌਕਰੀ ਭਲਾ ਕਿਹੜੀ ਹੋ ਸਕਦੀ ਸੀ। ਭਾਰਤ ਇਲਾਜ ਪ੍ਰੀਸ਼ਦ (Medical council of India-MCI) ਦੇ ਪ੍ਰਧਾਨ ਵਜੋਂ ਉਹਨਾਂ ਨੂੰ ਤਨਖਾਹ ਤਾਂ ਬਹੁਤ ਨਹੀਂ ਮਿਲਦੀ ਸੀ ਪਰ ਉਹਨਾਂ ਮੂਹਰੇ ਮੌਕਿਆਂ ਦੀ ਭਰਮਾਰ ਸੀ ਅਤੇ ਦੇਸਾਈ ਨੇ ਅਜਿਹਾ ਕੋਈ ਮੌਕਾ ਹੱਥੋਂ ਜਾਣ ਨਹੀਂ ਦਿੱਤਾ। ਪਿਛਲੇ ਹਫ਼ਤੇ ਸੀ. ਬੀ. ਆਈ. ਨੇ ਪੰਜਾਬ ਸਥਿਤ ਇਕ ਮੈਡੀਕਲ ਕਾਲਜ ਨੂੰ ਮਾਨਤਾ ਮੁਹੱਈਆ ਕਰਨ ਬਦਲੇ ਦੋ ਕਰੋੜ ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ 'ਚ ਉਹਨਾਂ ਨੂੰ ਘਰੇ ਆ ਦਬੋਚਿਆ ਅਤੇ ਜਾਂਚ ਕਰਨ ਵਾਲਿਆਂ ਕੋਲ ਇਸ ਗੱਲ 'ਤੇ ਵਿਸਵਾਸ਼ ਕਰਨ ਦੇ ਅਨੇਕਾਂ ਕਾਰਨ ਹਨ ਕਿ ਇਹ ਕੇਸ ਤਾਂ ਪੂਰੀ ਖੇਡ ਦਾ ਇਕ ਮਾਮੂਲੀ ਹਿੱਸਾ ਹੈ। ਇਸ ਪਿੱਛੋਂ ਸੀ. ਬੀ. ਆਈ. ਦਿੱਲੀ ਪੰਜਾਬ, ਮੁੰਬਈ ਤੇ ਦੇਸਾਈ ਦੇ ਘਰੇਲੂ ਸ਼ਹਿਰ ਅਹਿਮਦਾਬਾਦ 'ਚ ਅਨੇਕਾਂ ਥਾਵਾਂ ਤੇ ਛਾਪੇ ਮਾਰ ਚੁੱਕੀ ਹੈ। ਇਸ ਲੜੀ 'ਚ ਜਾਂਚ ਵਿਚ ਏਜੰਸੀ ਨੇ ਉਹਨਾਂ ਦੇ ਕਈ ਜ਼ਮੀਨੀ ਸੌਦਿਆਂ ਤੇ ਨਿਵਾਸਾਂ ਨੂੰ ਲੱਭ ਲਿਆ ਹੈ। ਦੱਸਿਆ ਜਾਂਦਾ ਹੈ ਕਿ ਦੇਸਾਈ ਤੇ ਉਹਨਾਂ ਦੇ ਪ੍ਰੀਵਾਰ ਦੇ ਕਰੀਬੀ ਮੈਂਬਰਾਂ ਦੀ ਮਾਲਕੀ 'ਚ ਦਸ ਘਰ ਹਨ। ਮੁੰਬਈ ਦੇ ਅੰਧੇਰੀ ਵਿੱਚ ਉਹਨਾਂ ਦੀਆਂ ਵਪਾਰਕ ਜਾਇਦਾਦਾਂ ਹਨ। ਉਹਨਾਂ ਕੋਲ 39 ਲੱਖ ਰੁਪਏ ਦਾ ਸੋਨਾ ਹੈ ਅਤੇ ਅਹਿਮਦਾਬਾਦ ਸਥਿਤ ਬੈਂਕ ਆਫ ਬੜੌਦਾ ਦੀ ਇਕ ਸ਼ਾਖਾ ਵਿੱਚ ਉਹਨਾਂ ਦੇ ਵੱਖ-ਵੱਖ ਖਾਤਿਆਂ ਵਿੱਚ ਕੁੱਲ ਮਿਲਾ ਕੇ 1.08 ਕਰੋੜ ਰੁਪਏ ਦੀ ਰਾਸ਼ੀ ਜਮ੍ਹਾਂ ਹੈ। ਇਸ ਸਾਰੇ ਨੂੰ ਜੋੜੀਏ ਤਾਂ ਕੁਲ ਜਾਇਦਾਦ ਦੇਸਾਈ ਦੀ ਆਮਦਨ ਦੇ ਸਰੋਤਾਂ ਤੋਂ ਕਿਤੇ ਵੱਧ ਹੈ ਅਤੇ ਸੀ. ਬੀ. ਆਈ. ਨੂੰ ਉਮੀਦ ਹੈ ਕਿ ਆਉਣ ਵਾਲੇ ਕੁਝ ਦਿਨਾਂ 'ਚ ਹੋਰ ਵੀ ਅਹਿਮ ਖੁਲਾਸੇ ਹੋ ਸਕਦੇ ਹਨ ਕਿਉਂਕਿ ਇਸ ਜਾਂਚ ਏਜੰਸੀ ਮੁਤਾਬਕ ਹੁਣ ਦੇਸਾਈ ਬੋਲਣ ਲੱਗੇ ਹਨ। ਸੀ. ਬੀ. ਆਈ. ਨੇ ਦੇਸਾਈ ਦੇ ਦਫ਼ਤਰ ਨਾਲ ਜੁੜੇ ਅਨੇਕਾਂ ਦਸਤਾਵੇਜ਼ ਜਬਤ ਕੀਤੇ ਹਨ ਜਿਨ੍ਹਾਂ ਰਾਹੀਂ ਉਹ ਮੈਡੀਕਲ ਕਾਲਜਾਂ ਨੂੰ ਹਰ ਪ੍ਰਕਾਰ ਦੀ ਮਨਜ਼ੂਰੀ ਦਿੰਦੇ ਹੁੰਦੇ ਹਨ ਜਾਂ ਫਿਰ ਹਰ ਸਾਲ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਦੀ ਮਨਜੂਰੀ ਮੁਹੱਈਆ ਕਰਨ ਦਾ ਹੋਵੇ। ਐਮ. ਸੀ. ਆਈ. ਕੋਲ ਸਰਕਾਰੀ ਤੇ ਨਿੱਜੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਦੇ ਸੰਚਾਲਨ ਤੋਂ ਲੈ ਕੇ ਇਲਾਜ ਦੇ ਖੇਤਰ ਵਿੱਚ ਉੱਚ ਯੋਗਤਾ ਦੇ ਇਕੋ ਜਿਹੇ ਪੈਮਾਨੇ ਸਥਾਪਤ ਕਰਨ ਅਤੇ ਭਾਰਤ ਤੇ ਵਿਦੇਸ਼ ਦੀ ਡਾਕਟਰੀ ਯੋਗਤਾ ਨੂੰ ਮਾਨਤਾ ਦੇਣ ਵਰਗੇ 14 ਕੇਸਾਂ 'ਚ ਮੰਜੂਰੀ ਦੇਣ ਦਾ ਅਧਿਕਾਰੀ ਹੈ। ਹੁਣ ਸੀ. ਬੀ. ਆਈ. ਉਹਨਾਂ 30 ਤੋਂ 35 ਮੈਡੀਕਲ ਕਾਲਜਾਂ ਦੀ ਵੀ ਜਾਂਚ ਕਰੇਗੀ ਜਿਹਨਾਂ ਨੇ ਪਿੱਛੇ ਜਿਹੇ ਹੀ ਮਾਨਤਾ ਹਾਸਲ ਕੀਤੀ ਹੈ। ਸੀ. ਬੀ. ਆਈ. ਦੇ ਇਕ ਅੰਦਰੂਨੀ ਸੂਤਰ ਦਾ ਕਹਿਣਾ ਹੈ ਕਿ "ਦੇਸਾਈ ਐਮ. ਸੀ. ਆਈ. ਨੂੰ ਇੱਕ ਅੰਦਰੂਨੀ ਕਾਰਟੇਲ ਵਾਂਗੂੰ ਚਲਾਉਂਦੇ ਸਨ।" ਦੇਸਾਈ ਦੀ ਕਾਰਜ ਪ੍ਰਣਾਲੀ ਕੁਝ ਇਸ ਤਰ੍ਹਾਂ ਦੀ ਸੀ. ਐਮ. ਸੀ. ਆਈ. ਦੀ ਜਾਂਚ ਟੀਮ ਮਾਣਤਾ ਪ੍ਰਾਪਤ ਕਰਨ ਲਈ ਅਰਜ਼ੀਆਂ ਦੇਣ ਵਾਲੇ ਕਾਲਜਾਂ ਦਾ ਦੌਰਾ ਕਰਦੀ ਹੁੰਦੀ ਸੀ ਅਤੇ ਉਹਨਾਂ

ਬਾਰੇ ਖਰਾਬ ਰਿਪੋਰਟ ਦਿੰਦੀ ਸੀ ਉਸ ਪਿੱਛੋਂ ਐਮ. ਸੀ. ਆਈ. ਦੀ ਕਾਰਜਕਾਰੀ ਪ੍ਰੀਸ਼ਦ ਉਹਨਾਂ ਦੀ ਬੇਨਤੀ ਨਾ ਮੰਜੂਰ ਕਰ ਦਿੰਦੀ ਸੀ। ਇੱਥੋਂ ਹੀ ਦੇਸਾਈ ਦਾ ਕੰਮ ਸ਼ੁਰੂ ਹੁੰਦਾ ਸੀ ਫੇਰ ਉਹ ਸਿੱਧਾ ਕਾਲਜਾਂ ਨੂੰ ਸੌਦੇਬਾਜ਼ੀ ਕਰਦੇ ਸਨ ਅਤੇ ਐਮ. ਸੀ. ਆਈ ਪ੍ਰਧਾਨ ਦੀ ਆਪਣੀ ਹੈਸੀਅਤ ਦਾ ਲਾਭ ਉਠਾਉਂਦਿਆਂ ਪ੍ਰੀਸ਼ਦ ਦੇ ਫੈਸਲੇ ਨੂੰ ਖਾਰਜ ਕਰਕੇ ਉਸ ਦੀ ਥਾਂ ਕਾਲਜ ਨੂੰ ਮਾਨਤਾ ਦੇਣ ਦਾ ਆਪਣਾ ਫੈਸਲਾ ਠੋਸ ਦਿੰਦੇ ਸਨ। ਦੱਸਿਆ ਜਾਂਦਾ ਹੈ ਕਿ ਇਕੱਲੇ ਨਵੰਬਰ 2009 ਤੋਂ ਮਾਰਚ 2010 ਤੱਕ ਦੇਸਾਈ ਨੇ ਦੇਸ਼ ਦੇ ਵੱਖ-ਵੱਖ ਮੈਡੀਕਲ ਕਾਲਜਾਂ 'ਚ ਲਗਭਗ 125 ਨਿਰੀਖਣ ਕੀਤੇ ਸਨ। ਅਹਿਮਦਾਬਾਦ ਸਿਵਲ ਹਸਪਤਾਲ 'ਚ ਯੂਰੋਲੋਜੀ ਦੇ ਪ੍ਰੋਫੈਸਰ ਵਜੋਂ ਨੌਕਰੀ ਦੀ ਸ਼ੁਰੂ ਕਰਨ ਵਾਲੇ ਦੇਸਾਈ 1996 ਵਿੱਚ ਪਹਿਲੀ ਵਾਰ ਐਮ. ਸੀ. ਆਈ. ਦੇ ਮੁੱਖੀ ਬਣੇ ਸਨ ਪਰ ਦਸੰਬਰ 2000 'ਚ ਉਹਨਾਂ ਖਿਲਾਫ਼ ਬੇ-ਹਿਸਾਬ ਪੈਸੇ ਦਾ ਕੇਸ ਸਾਬਿਤ ਹੋ ਜਾਣ ਪਿੱਛੋਂ 2001 'ਚ ਦਿੱਲੀ ਹਾਈਕੋਰਟ ਦੇ ਹੁਕਮ ਨਾਲ ਉਹਨਾਂ ਨੂੰ ਅਹੁੱਦੇ ਤੋਂ ਹਟਾ ਦਿੱਤਾ ਗਿਆ ਸੀ। ਆਮਦਨ ਟੈਕਸ ਵਿਭਾਗ ਨੇ ਉਹਨਾਂ ਦੇ ਘਰ ਛਾਪਾ ਮਾਰਿਆ ਅਤੇ 65 ਲੱਖ ਰੁਪਏ ਬਰਾਮਦ ਕੀਤੇ ਸਨ। ਆਮਦਨ ਟੈਕਸ (ਜਾਂਚ) ਦੇ ਵਧੀਕ ਡਾਇਰੈਕਟਰ ਏ-ਭਾਸ਼ਕਰ ਰੈੱਡੀ ਦੀ ਰਿਪੋਰਟ 'ਚ ਕਿਹਾ ਗਿਆ ਹੈ ਇਹ ਤੋਹਫ਼ਿਆਂ ਵਜੋਂ ਵਿਉਂਤਬੱਧ ਲੈਣ ਦੇਣ ਹੈ ਅਤੇ ਅਖੌਤੀ ਦਾਨ ਦਾਤਾ ਤਾਂ ਦੇਸਾਈ ਦੇ ਬੇਹਿਸਾਬ ਕਿਤਾਬ ਵਾਲੇ ਪੈਸੇ ਨੂੰ ਉਹਨਾਂ ਤੇ ਉਹਨਾਂ ਦੇ ਰਿਸ਼ਤੇਦਾਰਾਂ ਦੇ ਖਾਤੇ 'ਚ ਪਹੁੰਚਾਉਣ ਦਾ ਜ਼ਰੀਆ ਮਾਤਰਾ ਹੁੰਦੇ ਸਨ ਉਸ ਸਮੇਂ ਦੇਸਾਈ ਨੂੰ ਨਵੀਂ ਦਿੱਲੀ ਸਥਿਤ ਆਲ ਇੰਡੀਆ ਇੰਸਟੀਚੂਟ ਵਿੱਚ ਸਟਾਫ ਸਿਲੈਕਸ਼ਨ ਕਮੇਟੀ ਦੇ ਪ੍ਰਧਾਨਗੀ ਅਹੁਦੇ ਅਤੇ ਉਸ ਦੀ ਸੰਚਾਲਨ ਪ੍ਰੀਸ਼ਦ ਦੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇਣਾ ਪਿਆ ਸੀ। ਐਮ. ਸੀ. ਆਈ. ਦੀ ਵੈਬਸਾਈਟ 'ਤੇ ਦੇਸਾਈ ਦੇ ਜੀਵਨ ਬਿਉਰੇ ਸਬੰਧੀ ਕੁਝ ਇਸ ਤਰ੍ਹਾਂ ਲਿਖਿਆ ਗਿਆ ਹੈ।" ਸੱਚੀ ਕਲਪਨਾ ਸ਼ੀਲਤਾ ਤੇ ਸਿਰਜਾਨਤਮਕ ਦੇ ਮਸੀਹਾ, ਜਿਸ ਦੇ ਸਿੱਟੇ ਵਜੋਂ ਮਹੱਤਵਪੂਰਨ ਅਹੁੱਦਿਆਂ ਦੀਆਂ ਪੌੜੀਆਂ ਚੜ੍ਹਦੇ ਗਏ" ਅਤੇ ਵਿਡੰਬਨਾ ਇਹ ਹੈ ਕਿ ਆਪਣੇ ਦੂਜੇ ਕਾਰਜਕਾਲ ਵਿੱਚ ਅਤੇ ਗ੍ਰਿਫ਼ਤਾਰੀ ਦੇ ਕੁਝ ਹੀ ਸਮੇਂ ਪਹਿਲਾਂ ਦੇਸਾਈ ਕੇਂਦਰੀ ਸਿਹਤ ਮੰਤਰਾਲੇ 'ਤੇ ਇਸ ਗੱਲ ਦਾ ਦਬਾਅ ਬਣਾਉਣ ਲਈ ਸੁਰਖ਼ੀਆ ਵਿੱਚ ਆਏ ਸਨ ਕਿ ਉਹ ਦਵਾ ਕੰਪਨੀਆਂ ਵਲੋਂ ਡਾਕਟਰਾਂ ਨੂੰ ਮੁਫਤ 'ਚ ਤੋਹਫ਼ੇ ਦਿੱਤੇ ਜਾਣ ਦੇ ਰਿਵਾਜ 'ਤੇ ਰੋਕ ਲਾਵੇ, ਵਜ੍ਹਾ ਇਹ ਕਿ ਦਵਾ ਕੰਪਨੀਆਂ ਡਾਕਟਰਾਂ ਨੂੰ ਇਸ ਲਈ ਖੁਸ਼ ਰੱਖਦੀਆਂ ਹਨ ਤਾਂ ਕਿ ਉਹ ਮਰੀਜ਼ਾਂ ਦੀ ਪਰਚੀ 'ਤੇ ਉਹਨਾਂ ਦੀ ਕੰਪਨੀ ਦੀ ਦਵਾਈ ਲਿਖਣ। ਐਮ. ਸੀ. ਆਈ. ਦੇ ਕੋਡ ਆਫ ਕੰਡਕਟ 'ਚ ਡਾਕਟਰਾਂ ਦੇ ਤੋਹਫੇ, ਸਫਰ ਸਹੂਲਤਾਂ, ਪੈਸੇ ਦੇ ਰੂਪ 'ਚ ਗਰਾਂਟ ਲੈਣ ਅਤੇ ਕੰਪਨੀ ਜਾਂ ਵਸਤ ਵਿਸ਼ੇਸ਼ ਦਾ ਪ੍ਰਚਾਰ ਕਰਨ ਦੀ ਮਨਾਹੀ ਹੈ। ਪਰ ਦੇਸਾਈ ਨੇ ਅਫਸੋਸ਼ ਜਾਹਰ ਕਰਦਿਆਂ ਕਿਹਾ ਸੀ ਕਿ "ਦਵਾ ਸਨਅਤ ਐਮ. ਸੀ. ਆਈ. ਦੇ ਅਧਿਕਾਰ ਖੇਤਰ 'ਚ ਨਹੀਂ ਆਉਂਦੀ।" ਐਮ. ਸੀ. ਆਈ. ਦੇ ਇਕ ਅੰਦਰੂਨੀ ਸੂਤਰ ਦਾ ਕਹਿਣਾ ਹੈ ਕਿ "ਇਹ ਤਾਂ ਸਭ ਜਾਣਦੇ ਹਨ ਕਿ ਐਮ. ਸੀ. ਆਈ. 'ਚ ਕਿਸ ਤਰ੍ਹਾਂ ਦਾ ਕੰਮ ਚਲ ਰਿਹਾ ਸੀ। ਭਰਿਸ਼ਟਾਚਾਰ ਨੂੰ ਤਾਂ ਇੱਥੇ ਸੰਸਥਾਗਤ ਹੀ ਬਣਾ ਦਿੱਤਾ ਗਿਆ ਸੀ ਅਤੇ ਸਰਕਾਰ ਨੂੰ ਇਸ ਗੱਲ ਦੀ ਜਾਣਕਾਰੀ ਹੈ।" ਇਸ ਬਾਬਤ ਸੁਪਰੀਮ ਕੋਰਟ ਵਲੋਂ 2002 'ਚ ਨਿਯੁਕਤ ਕੀਤੀ ਸੰਮਤੀ ਨੇ ਐਮ. ਸੀ. ਆਈ. 'ਚ

ਕੋਈ ਗੜਬੜ ਨੋਟ ਨਹੀਂ ਕੀਤੀ। ਜਦ ਕਿ ਹੁਣ ਸਪਸ਼ਟ ਹੋ ਚੁੱਕਿਆ ਹੈ ਕਿ ਵੱਖ-ਵੱਖ ਤਰ੍ਹਾਂ ਦੀ ਮੰਜੂਰੀ ਹਾਲਸ ਕਰਨ ਲਈ 10 ਲੱਖ ਰੁਪਏ ਤੋਂ ਲੈ ਕੇ ਦੋ ਕਰੋੜ ਰੁਪਏ ਤੱਕ ਦਾ ਭੁਗਤਾਨ ਕੀਤਾ ਜਾਂਦਾ ਰਿਹਾ ਹੈ। ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰਾਲੇ ਦੇ ਤਹਿਤ ਆਉਣ ਵਾਲੀ ਤੇ ਉਸ ਨੂੰ ਨਿਯਮਬੱਧ ਕਰਨ ਲਈ ਜ਼ੁੰਮੇਵਾਰ ਕੁਲ ਹਿੰਦ ਤਕਨੀਕੀ ਸਿੱਖਿਆ ਪ੍ਰੀਸ਼ਦ (Aicte) ਦੇ ਉੱਚ ਅਧਿਕਾਰੀਆਂ ਨੂੰ ਸੀ. ਬੀ. ਆਈ. ਦੇ ਗ੍ਰਿਫ਼ਤਾਰ ਕਰਨ ਦੇ ਠੀਕ ਨੌਂ ਮਹੀਨੇ ਪਿੱਛੋਂ ਹੁਣ ਦੇਸਾਈ ਦੀ ਵਾਰੀ ਆਈ ਹੈ। ਸਾਬਕਾ ਮਨੁੱਖੀ ਵਸੀਲਿਆਂ ਦੇ ਵਿਕਾਸ ਸਬੰਧੀ ਮੰਤਰੀ ਅਰਜੁਨ ਸਿੰਘ ’ਤੇ ਆਪਣੇ ਕਾਰਜਕਾਲ ਦੌਰਾਨ 54 ਡੀਮਡ ਯੂਨੀਵਰਸਿਟੀਆਂ ਨੂੰ ਮਾਨਤਾ ਮੁਹੱਈਆ ਕਰਨ ’ਚ ਬੇਨਿਯਮੀਆਂ ਵਰਤਣ ਤੇ ਭਰਿਸ਼ਟਾਚਾਰ ਦਾ ਦੋਸ਼ ਲਾਇਆ ਗਿਆ ਸੀ। ਵੈਸੇ ਪਿੱਛੋਂ ਕਪਿਲ ਸਿੱਬਲ ਨੇ ਇਹ ਮਾਨਤਾਵਾਂ ਰੱਦ ਕਰ ਦਿੱਤੀਆਂ ਸਨ। ਜਾਂਚ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਨਾਲ ਘਟਨਾਕ੍ਰਮ ਚੱਲਿਆ ਦੋਨੋਂ ਕੇਸ ’ਚ ਅਜੀਬ ਸਮਾਨਤਾ ਨਜ਼ਰ ਆਉਂਦੀ ਹੈ। ਦੇਸਾਈ ਦੀ ਪਿੱਠਭੂਮੀ ਨੂੰ ਵੇਖਦੇ ਹੋਇਆ ਸਰਕਾਰ ਨੂੰ ਹੁਣ ਖਾਸੀ ਸਫਾਈ ਦੇਣੀ ਪਵੇਗੀ ਕਿ ਆਖਰਕਾਰ ਉਹਨਾਂ ਨੂੰ ਏਨੇ ਮਹੱਤਵਪੂਰਨ ਅਹੁਦੇ ’ਤੇ ਨਿਯੁਕਤ ਕਿਉਂ ਕੀਤਾ ਗਿਆ। ਕੇਂਦਰੀ ਸਿਹਤ ਮੰਤਰੀ ਗੁਲਾਬ ਨਬੀ ਆਜ਼ਾਦ ਨੇ ਜਦ ਇਹ ਟਿੱਪਣੀ ਕੀਤੀ ਕਿ “ਸਰਕਾਰ ਨਾ ਤਾਂ ਪ੍ਰਧਾਨ ਨੂੰ ਚੁਣਦੀ ਹੈ ਅਤੇ ਉਸ ਨੂੰ ਅਹੁਦੇ ਤੋਂ ਹਟਾ ਸਕਦੀ ਹੈ। ਅਜਿਹਾ ਕਰਨ ਦਾ ਪੂਰਾ ਅਧਿਕਾਰ ਸੰਚਾਲਨ ਪ੍ਰੀਸ਼ਦ ਦੇ ਮੈਂਬਰਾਂ ਕੋਲ ਹੁੰਦਾ ਹੈ” ਤਾਂ ਉਹਨਾਂ ਦੀ ਬੇਵਸੀ ਸਮਝ ਆਉਂਦੀ ਹੈ। ਠੀਕ ਕਿਹਾ ਜਾਵੇ ਤਾਂ ਦੇਸਾਈ ਦਾ ਐਮ. ਸੀ. ਆਈ. ’ਤੇ ਪੂਰੀ ਤਰ੍ਹਾਂ ਕੰਟਰੋਲ ਸੀ, ਜਿਸ ਕਿਸੇ ਨੇ ਵੀ ਉਹਨਾਂ ਦੇ ਤਾਨਾਸ਼ਾਹੀ ਤੌਰ ਤਰੀਕਿਆਂ ਨੂੰ ਚੁਣੌਤੀ ਦਿੱਤੀ, ਉਸ ਨੂੰ ਸਜ਼ਾ ਮਿਲੀ, ਚੁਣੌਤੀ ਦੇਣ ਵਾਲਿਆਂ ਦੇ ਕਰੀਬੀ ਰਿਸ਼ਤੇਦਾਰਾਂ ਨੂੰ ਡਾਕਟਰੀ ਦੀ ਪ੍ਰੀਖਿਆ ’ਚੋਂ ਫੇਲ੍ਹ ਕਰ ਦਿੱਤਾ ਜਾਂਦਾ ਅਤੇ ਇਹ ਸਭ ਪ੍ਰੀਖਿਅਕਾਂ ’ਚ ਦੇਸਾਈ ਦੇ ਫੈਲੇ ਜਾਲ ਕਾਰਨ ਹੁੰਦਾ। ਉਹਨਾਂ ’ਤੇ ਦੇਸਾਈ ਦਾ ਸਿੱਕਾ ਚੱਲਦਾ ਸੀ। ਇਸ ਦੇ ਉਲਟ ਜੇ ਕੋਈ ਦੇਸਾਈ ਦਾ ਪੱਖ ਲੈਂਦਾ ਉਸ ਨੂੰ ਰਾਜਭਾਗ ਦਾ ਸਵਾਦ ਚੱਖਣ ਨੂੰ ਮਿਲਦਾ। ਦੇਸਾਈ ਦੇ ਪੇਕੇ ਰਾਜ ਗੁਜਰਾਤ ’ਚ ਉਹਨਾਂ ਦੇ ਅਨੇਕਾਂ ਸਮਰਥਕ ਅਜਿਹੇ ਹਨ ਜਿਹਨਾਂ ਦੇ ਰਿਸ਼ਤੇਦਾਰਾਂ ਡਾਕਟਰੀ ਦੀ ਪੜ੍ਹਾਈ ’ਚ ਕੰਮਜ਼ੋਰ ਹੋਣ ਦੇ ਬਾਵਜੂਦ ਵੀ ਐਮ. ਬੀ. ਬੀ. ਐਸ. ਦੇ ਆਖਰੀ ਸਾਲ ਦੇ ਇਮਤਿਹਾਨ ’ਚ ਚੰਗਾ ਦਰਜਾ ਹਾਸਲ ਕਰਨ ’ਚ ਸਫਲ ਰਹੇ। ਇਹ ਗੱਲ ਦੂਰ ਦੀ ਹੈ ਕਿ ਇਹੀ ਉਮੀਦਵਾਰ ਉਹਨਾਂ ਮੁੱਢਲੀਆਂ ਪ੍ਰੀਖਿਆਵਾਂ ਨੂੰ ਪਾਸ ਕਰਨ ’ਚ ਅਸਫਲ ਰਹੇ ਸਨ ਜਿਨ੍ਹਾਂ ’ਚ ਧਾਂਦਲੀ ਦੀ ਗੁਜਾਇਸ਼ ਨਹੀਂ ਦੇ ਬਰਾਬਰ ਸੀ। ਗੁਜਰਾਤ ਦੇ ਡਾਕਟਰੀ ਜਗਤ ’ਤੇ ਦੇਸਾਈ ਦੀ ਪਕੜ ਏਨੀ ਮਜ਼ਬੂਤ ਹੈ ਕਿ ਉਹਨਾਂ ਦੇ ਕੁਕਰਮਾ ਦੀਆਂ ਖਬਰਾਂ ਛਪਣ ਦੇ ਬਾਵਜੂਦ ਕੋਈ ਵੀ ਡਾਕਟਰ ਖੁੱਲ੍ਹ ਕੇ ਉਹਨਾਂ ਖਿਲਾਫ ਬੋਲਣ ਲਈ ਤਿਆਰ ਨਹੀਂ ਪਰ ਇੰਟਰਨੈਟ ਦੀ ਦੁਨੀਆਂ ’ਚ ਦੇਸਾਈ ਵਿਰੋਧੀ ਮੁਹਿੰਮ ਪੂਰੇ ਜ਼ੋਰਾਂ ਸ਼ੋਰਾਂ ’ਤੇ ਚੱਲ ਰਹੀ ਹੈ। ਪੂਰੇ ਮਾਮਲੇ ਸਬੰਧੀ ਦੇਸਾਈ ਪੂਰੀ ਬੇਸ਼ਰਮੀ ਨਾਲ ਫਿਰ ਵੀ ਮੁਕਰੀ ਜਾ ਰਹੇ ਹਨ।

# ਕੀ ਲਾਇਸੰਸ ਵੀ ਵਿਕਦੇ ਹਨ ਦਲਾਲਾਂ ਰਾਹੀਂ?

ਉੱਤਰ ਪ੍ਰਦੇਸ਼ ਦੇ ਲਗਭਗ ਸਭ ਜ਼ਿਲ੍ਹਿਆਂ ਦੇ ਮੁੱਖੀ 'ਰਾਈਫਲ ਕਲੱਬ ਦੇ 'ਚੰਦੇ' ਦੀ ਮਦਦ 'ਚ ਲੋਕਾਂ ਤੋਂ ਕਰੋੜਾਂ ਰੁਪਏ ਇਕੱਠੇ ਕਰ ਰਹੇ ਹਨ। ਜਿਹਨਾਂ ਦਾ ਕੋਈ ਹਿਸਾਬ-ਕਿਤਾਬ ਹੀ ਨਹੀਂ ਹੈ। ਇਸ ਚੰਦੇ ਦੀ ਇਸ ਹੱਦ ਤੱਕ ਦੁਰਵਰਤੋਂ ਹੋ ਰਹੀ ਹੈ ਕਿ ਕੁਝ ਥਾਵਾਂ ਤੇ ਇਸ ਨਾਲ ਬਣੀਆਂ ਸਰਕਾਰੀ ਇਮਾਰਤਾਂ ਆਈ. ਏ. ਐਸ. ਅਧਿਕਾਰੀਆਂ ਲਈ ਐਸ਼ ਕਰਨ ਦੇ ਗੜ੍ਹ ਬਣ ਗਈਆਂ ਹਨ। ਕਈ ਥਾਂ ਤਾਂ ਅਧਿਕਾਰੀ ਤੇ ਉਹਨਾਂ ਦੀਆਂ ਪਤਨੀਆਂ ਆਪਣੇ ਨਿੱਜੀ ਐਸ਼ੋ-ਆਰਾਮ ਅਤੇ ਮਨੋਰੰਜਨ ਲਈ ਇਸ ਪੈਸੇ ਦੀ ਦੁਰਵਰਤੋਂ ਕਰ ਰਹੀਆਂ ਹਨ। ਵਿਡੰਬਨਾ ਹੈ ਕਿ ਅਨੇਕਾਂ ਜ਼ਿਲ੍ਹਿਆਂ ਵਿੱਚ ਰਾਈਫਲ ਕਲੱਬਾਂ ਦਾ ਕੋਈ ਵਜੂਦ ਹੀ ਨਹੀਂ ਹੈ ਪਰ ਅਧਿਕਾਰੀ ਲੋਕਾਂ ਨੂੰ ਲੁੱਟ ਰਹੇ ਹਨ। ਉਹਨਾਂ ਕੋਲ ਅਜਿਹੀ ਕਰੋੜਾਂ ਰੁਪਏ ਦੀ ਰਕਮ ਗੈਰ ਕਾਨੂੰਨੀ ਪਈ ਹੈ ਅਤੇ ਸੂਬਾ ਸਰਕਾਰ ਨੂੰ ਇਸ ਬਾਰੇ ਪਤਾ ਵੀ ਹੈ ਜਾਂ ਨਹੀਂ। ਜੋ ਮੁਲਾਜ਼ਮ ਇਸ ਬਾਰੇ ਜਾਣਦੇ ਵੀ ਹਨ, ਉਹ ਵੀ ਇਸ ਸਬੰਧੀ ਚੁੱਪ ਧਾਰੀ ਬੈਠੇ ਹਨ ਕਿ ਕਿਤੇ ਅਧਿਕਾਰੀ ਉਹਨਾਂ ਦੀ ਹੀ ਜ਼ਿੰਦਗੀ ਖਰਾਬ ਨਾ ਕਰ ਦੇਣ। ਅੰਗ੍ਰੇਜ਼ਾ ਦੀ ਹਕੂਮਤ ਸਮੇਂ ਹਰ ਜ਼ਿਲ੍ਹੇ ਵਿਚ ਇਕ ਜ਼ਿਲ੍ਹਾ ਰਾਈਫਲ ਐਸੋਸੀਏਸ਼ਨ (DRA) ਹੁੰਦੀ ਸੀ ਜਿਸ ਦਾ ਮਕਸਦ ਹਥਿਆਰਾਂ ਦੇ ਲਾਇਸੰਸ ਧਾਰੀਆਂ ਨੂੰ ਬੰਦੂਕਾਂ ਲਿਜਾਣ-ਲਿਆਉਣ ਤੇ ਉਹਨਾਂ ਨੂੰ ਚਲਾਉਣ ਲਈ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਂਦਾ ਸੀ। ਲੋਕਾਂ 'ਚ ਨਿਸ਼ਾਨੇਬਾਜ਼ੀ ਦੀ ਖੇਡ ਨੂੰ ਉਤਸ਼ਾਹਿਤ ਕਰਨਾ ਵੀ ਇਸ ਦਾ ਕੰਮ ਸੀ। 1947 ਤੋਂ ਪਹਿਲਾਂ ਬ੍ਰਿਟਿਸ਼ ਕਲੈਕਟਰ ਡੀ. ਆਰ. ਏ. ਰਾਈਫਲ ਕਲੱਬ ਦੇ ਲਈ ਇਕ ਰੁਪਏ ਤੋਂ ਘੱਟ ਦਾ ਮਮੂਲੀ ਚੰਦਾ ਲੈਂਦੇ ਸਨ। ਅੰਗ੍ਰੇਜ਼ਾਂ ਦੇ ਚਲੇ ਜਾਣ ਪਿੱਛੋਂ ਵੀ ਭਾਰਤੀ ਕਲੈਕਟਰਾਂ ਨੇ ਖਾਸ ਅੰਦਾਜ਼ 'ਚ ਕੰਮ ਕਰਨਾ ਸ਼ੁਰੂ ਕੀਤਾ-ਰਾਈਫਲ ਕਲੱਬ ਦੀ ਫੀਸ ਵਧਾ ਦਿੱਤੀ। ਰਾਈਫਲ, ਰਿਵਾਲਵਰ ਤੇ ਪਸਤੌਲ ਦੇ ਲਾਈਸੰਸ ਦੀ ਅਰਜ਼ੀ ਲਈ ਇਸ ਦਾ ਭੁਗਤਾਨ ਲਾਜ਼ਮੀ ਕਰ ਦਿੱਤਾ ਗਿਆ ਅਤੇ ਕਈ ਵਾਰੀ ਤਾਂ ਫੀਸ ਵੀ ਮਨਚਾਹੇ ਢੰਗ ਨਾਲ ਵਧਾਉਣ ਲੱਗੇ। ਪਿੱਛੋਂ ਜ਼ਿਲ੍ਹਾ ਅਧਿਕਾਰੀਆਂ ਨੇ ਲਾਇਸੰਸ ਧਾਰੀਆਂ ਤੋਂ ਰਾਈਫਲ ਐਸੋਸੀਏਸ਼ਨ ਦੇ ਨਾਂ 'ਤੇ ਲਏ ਜਾਂਦੇ ਚੰਦੇ ਦੀ ਰਸੀਦ ਦੇਣੀ ਵੀ ਬੰਦ ਕਰ ਦਿੱਤੀ। ਰਾਈਫਲ ਐਸੋਸੀਏਸ਼ਨ ਦੀ ਫੀਸ ਹਰ ਜ਼ਿਲ੍ਹੇ 'ਚ ਵੱਖ ਵੱਖ ਹੈ। ਜ਼ਿਲ੍ਹਿਆਂ 'ਚ ਅਰਜ਼ੀਆਂ ਦੇਣ ਵਾਲਿਆਂ ਤੋਂ 300 ਰੁਪਏ ਤੋਂ 5000 ਤੱਕ ਲਏ ਜਾਂਦੇ ਹਨ ਅਤੇ ਉਹਨਾਂ ਕੋਲ ਹਥਿਆਰ ਦਾ ਲਾਇਸੰਸ ਲੈਣ ਲਈ ਇਹ ਫੀਸ ਦੇਣ ਤੋਂ ਸਿਵਾਏ ਹੋਰ ਕੋਈ ਚਾਰਾ ਵੀ ਨਹੀਂ ਹੈ। ਬੁੰਦੇਲ ਖੰਡ ਵਿੱਚ ਤਾਂ ਸਥਿਤੀ ਹੋਰ ਵੀ ਖਰਾਬ ਹੈ। ਇਥੇ ਬੰਦੂਕ ਹੋਣਾ ਮਾਣ ਵਾਲੀ ਗੱਲ ਮੰਨੀ ਜਾਂਦੀ ਹੈ। ਇਸ ਲਈ ਲੋਕ ਅਸਲ੍ਹਾ ਬਾਬੂ ਨੂੰ ਪੈਸੇ ਦੇਣ ਲਈ ਤਿਆਰ ਹੀ ਰਹਿੰਦੇ ਹਨ। ਹਰ ਜ਼ਿਲ੍ਹਾ ਅਧਿਕਾਰੀ ਦੇ ਦਫਤਰ 'ਚ ਉਹੀ ਸਭ ਤੋਂ ਤਾਕਤਵਾਰ ਕਰਮਚਾਰੀ ਹੁੰਦਾ ਹੈ। ਸਾਲਾਂ ਤੋਂ ਜ਼ਿਲ੍ਹਾ ਅਧਿਕਾਰੀ ਸਾਰੇ ਸੂਬੇ 'ਚ ਕਰੋੜਾਂ ਰੁਪਏ ਜਮ੍ਹਾਂ ਕਰਕੇ ਉਹਨਾਂ ਦੀ ਮਨਚਾਹੇ ਢੰਗ ਨਾਲ ਦੁਰਵਰਤੋਂ ਕਰਦੇ ਆ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਜਿਸ ਮਕਸਦ ਲਈ ਇਹ ਰਕਮ ਇਕੱਠੀ ਕੀਤੀ ਗਈ ਹੈ, ਉਸ ਲਈ ਤਾਂ ਇਹ ਖਰਚ ਹੀ ਨਹੀਂ ਹੁੰਦੀ। ਹਾਲਤ ਇਹ ਹੈ ਕਿ

71 ਜ਼ਿਲ੍ਹਿਆਂ ਵਿਚੋਂ 70 'ਚ ਕੋਈ ਸ਼ੂਟਿੰਗ ਰੇਂਜ ਹੀ ਨਹੀਂ ਹੈ।

ਰਾਜ ਵਿਚ ਅਨੁਮਾਨ ਹੈ ਕਿ ਤਿੰਨ ਲੱਖ ਤੋਂ ਵੱਧ ਹਥਿਆਰ ਲਾਇਸੰਸ ਹੋਲਡਰ ਹਨ। ਪਰ ਕਿਸੇ ਨੂੰ DRA ਤੋਂ ਸਿਖਲਾਈ ਨਹੀਂ ਮਿਲੀ ਹੈ ਅਤੇ ਨਾ ਹੀ ਉਹਨਾਂ ਨੂੰ ਸਸਤੀ ਦਰ 'ਤੇ ਕਾਰਤੂਸ ਮੁਹੱਈਆ ਕਰਵਾਏ ਜਾਂਦੇ ਹਨ ਹਾਲਾਂਕਿ ਰਾਈਫਲ ਐਸੋਸੀਏਸ਼ਨ ਦੀ ਸਥਾਪਨਾ ਦਾ ਇਹ ਮੂਲ ਮਕਸਦ ਸੀ ਤਾਂ ਇਹ ਪੈਸਾ ਕਿੱਥੇ ਜਾਂਦਾ ਹੈ? ਇਕ ਸਾਲ ਪਹਿਲਾਂ ਇਲਾਹਾਬਾਦ ਦੇ ਵਕੀਲ ਸ਼ਿਸਰ ਟੰਡਨ ਨੇ ਰਾਈਫਲ ਕਲੱਬ ਦੀ ਫੀਸ ਅਤੇ ਇਸ ਦੀ ਵਰਤੋਂ ਦੀ ਜਾਣਕਾਰੀ ਹਾਸਲ ਕਰਨ ਲਈ ਆਰ. ਟੀ. ਆਈ. ਤਹਿਤ ਅਰਜ਼ੀ ਦਿੱਤੀ ਸੀ ਪਰ ਜਵਾਬ ਅਜੇ ਵੀ ਨਹੀਂ ਮਿਲਿਆ। ਟੰਡਨ ਦੱਸਦੇ ਹਨ ਕਿ ਉਹਨਾਂ ਤੋਂ ਵੀ 500 ਰੁਪਿਆ ਹਥਿਆਰ ਦਾ ਲਾਇਸੰਸ ਬਣਾਉਣ ਲਈ ਲਿਆ ਗਿਆ ਪਰ ਰਸੀਦ ਕੋਈ ਨਹੀਂ ਦਿੱਤੀ ਗਈ। ਇਲਾਹਾਬਾਦ ਦੇ ਅਧਿਕਾਰੀ RTS ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। ਉਹਨਾਂ ਨੂੰ ਪਤਾ ਹੈ ਕਿ ਅਤੀਤ 'ਚ ਸੂਬੇ ਭਰ 'ਚ ਅਜਿਹੇ ਪੈਸੇ ਨੂੰ ਕਿਸ ਤਰ੍ਹਾਂ ਉਡਾਇਆ ਗਿਆ, ਉਸ ਨੂੰ ਰਾਈਫਲ ਐਸੋਸੀਏ-ਸ਼ਨ 'ਤੇ ਖਰਚ ਨਹੀਂ ਕੀਤਾ ਗਿਆ। ਇਸ ਲਈ ਅਧਿਕਾਰੀ ਜਾਣਕਾਰੀ ਕਿਉਂ ਨਾ ਛੁਪਾਉਣਗੇ? ਪੈਸੇ ਦੀ ਇਹ ਦੁਰਵਰਤੋਂ ਸਿਰਫ ਮਾਇਆਵਤੀ ਹਕੂਮਤ 'ਚ ਹੀ ਨਹੀਂ ਪਹਿਲਾਂ ਵੀ ਹੁੰਦੀ ਰਹੀ ਹੈ। ਪਰ ਹੁਣ ਜ਼ਿਲ੍ਹਾਂ ਅਧਿਕਾਰੀਆਂ ਨੇ ਫੀਸ ਮਨਮਾਨੇ ਢੰਗ ਨਾਲ ਵਧਾ ਦਿੱਤੀ ਹੈ। ਜ਼ਿਲ੍ਹਾ ਅਧਿਕਾਰੀ ਤੇ ਉਹਨਾਂ ਦੇ ਜੀਵਨ ਸਾਥੀ ਮੁੱਖ ਤੌਰ 'ਤੇ ਇਹ ਪੈਸੇ ਖਹਿ ਖਰਾਬ ਕਰ ਰਹੇ ਹਨ। ਲਖਨਾਊ ਤੋਂ 135 ਕਿਲੋ ਮੀਟਰ ਦੂਰ ਇਕ ਨਵਾਂ ਆਲੀਸ਼ਾਨ ਰੈਸਟ ਹਾਊਸ ਬਣ ਕੇ ਤਿਆਰ ਹੋ ਗਿਆ ਹੈ। ਇਹ ਆਮ ਲੋਕਾਂ ਲਈ ਨਹੀਂ ਬਲਕਿ ਸਿਰਫ ਤੇ ਸਿਰਫ ਅਧਿਕਾਰੀਆਂ ਲਈ ਹੈ। ਜੋ ਜੀ ਟੀ ਰੋਡ 'ਤੇ ਇਹ ਸਹੂਲਤ ਮਾਣ ਸਕਦੇ ਹਨ। ਇਹ ਸਿਰਫ ਡੀ ਐਮ ਤੇ ਕਮਿਸ਼ਨਰ ਸਾਹਿਬ ਲਈ ਹਨ। ਅਜਿਹੀ ਹੀ ਇਕ ਇਮਾਰਤ ਵਾਰਾਣਸੀ 'ਚ ਬਣੀ ਹੈ। ਹੋਰ ਬਹੁਤ ਸਾਰੀਆਂ ਦੂਜੇ ਜ਼ਿਲ੍ਹਿਆਂ 'ਚ ਉੱਗ ਆਈਆਂ ਹਨ। ਇਹਨਾਂ ਨੂੰ ਰਾਈਫਲ ਕਲੱਬ ਹਾਊਸ ਜਾਂ ਰਾਈਫਲ ਕਲੱਬ ਦਫ਼ਤਰ ਕਿਹਾ ਜਾਂਦਾ ਹੈ। ਜ਼ਿਲ੍ਹਾ ਰਾਈਫਲ ਐਸੋਸੀਏਸ਼ਨਾਂ ਦਾ ਜੇ ਕੋਈ ਵਜੂਦ ਹੈ ਤਾਂ ਉਹ ਨੈਸ਼ਨਲ ਰਾਈਫਲ ਐਸੋਸੀਏਸ਼ਨ ਨਾਲ ਜੁੜੀ ਰਾਜ ਰਾਈਫਲ ਐਸੋਸੀਏਸ਼ਨ ਨਾਲ ਸਬੰਧਤ ਹੋਣੀਆਂ ਚਾਹੀਦੀਆਂ ਸਨ। ਨੈਸ਼ਨਲ ਐਸੋਸੀਏਸ਼ਨ ਦਾ ਮੁੱਖ ਕੰਮ ਰਾਜ ਰਾਈਫਲ ਐਸੋਸੀਏਸ਼ਨ ਰਾਹੀਂ ਦੇਸ਼ ਭਰ ਨਿਸ਼ਾਨੇਬਾਜ਼ੀ ਨੂੰ ਉਤਸ਼ਾਹਿਤ ਕਰਨਾ ਹੈ ਪਰ ਰਾਜ ਰਾਈਫਲ ਐਸੋਸੀਏਸ਼ਨ ਬਿਲਕੁਲ ਗੈਰ ਸਰਗਰਮ ਹੈ ਕਿਉਂਕਿ ਉਥੇ ਪੈਸੇ ਦੀ ਕਿੱਲਤ ਹੈ ਪਰ ਜ਼ਿਲ੍ਹਾਂ ਅਧਿਕਾਰੀਆਂ ਵਾਲੀ DRA ਪਾਸ ਕਰੋੜਾਂ ਰੁਪਏ ਜਮ੍ਹਾਂ ਹੈ। ਨਿਸ਼ਾਨੇਬਾਜ਼ੀ ਦੇ ਅਭਿਆਸ ਲਈ ਕੋਈ ਫਾਈਰਿੰਗ ਰੇਂਜ ਹੀ ਨਹੀਂ ਹੈ ਨਾ ਗੋਲੀ ਬਰੂਦ ਦੀ ਖਰੀਦਦਾਰੀ 'ਚ ਕੋਈ ਸਬਸਿਡੀ ਹੀ ਮਿਲਦੀ ਹੈ। ਜ਼ਿਲ੍ਹਿਆਂ ਦੀਆਂ ਸਰਕਾਰੀ ਅਧਿਕਾਰੀਆਂ ਵਾਲੀਆਂ ਰਾਈਫਲ ਐਸੋਸੀਏਸ਼ਨ ਕੋਲ ਲੱਖਾਂ ਰੁਪਏ ਜਮਾਂ ਹੋਣ ਦੇ ਬਾਵਜੂਦ ਰਾਜ ਐਸੋਸੀਏਸ਼ਨਾ ਨੂੰ ਸਬੰਧਤ ਫੀਸ ਦੇਣ ਲਈ ਜ਼ਿਲ੍ਹਾ ਅਧਿਕਾਰੀ ਇਹ ਪੈਸਾ ਛੁਪਾ ਕੇ ਰੱਖਦੇ ਹਨ। ਪਿਛਲੇ ਸਾਲ ਲਖਨਊ ਪ੍ਰਸ਼ਾਸਨ ਨੇ ਲਖਨਊ ਮਹਾਂਉਤਸਵ ਦੇ ਮੌਕੇ ਨਿਸ਼ਾਨੇਬਾਜ਼ੀ ਦਾ ਮੁਕਾਬਲਾ ਕਰਵਾਇਆ ਪਰ ਗੋਲੀ-ਬਰੂਦ 'ਤੇ ਸਬਸਿਡੀ ਦੇਣ ਤਾਂ ਦੂਰ ਦੀ ਗੱਲ ਪ੍ਰਬੰਧਕਾਂ ਨੇ ਇਸ 'ਚ ਸ਼ਾਮਲ ਹੋਣ ਵਾਲਿਆਂ ਤੋਂ ਪੈਸੇ ਵਸੂਲ ਕੀਤੇ ਅਤੇ ਇਸ ਤਰ੍ਹਾਂ ਕਮਾਈ ਕਰ ਲਈ। ਲਖਨਊ 'ਚ ਇਕ ਫਾਇਰਿੰਗ ਰੇਂਜ ਅਸੌਸੀ

ਹਵਾਈ ਅੱਡੇ ਕੋਲ ਬਣ ਰਹੀ ਹੈ ਪਰ ਇਸ ਦੀ ਉਸਾਰੀ ਲਖਨਊ ਨਗਰ ਨਿਗਮ ਕਰਵਾ ਰਹੀ ਹੈ। ਸ਼ਾਇਦ ਇਹ ਨਿਗਮ ਦੇ ਕਿਸੇ ਉੱਚ ਅਧਿਕਾਰੀ ਦੇ ਨਿੱਜੀ ਸ਼ੌਂਕ ਨੂੰ ਪੂਰਾ ਕਰਨ 'ਚ ਪੈਸੇ ਦੀ ਹੇਰਾਫੇਰੀ ਅਤੇ ਰਾਜ ਰਾਈਫਲ ਐਸੋਸੀਏਸ਼ਨ 'ਚ ਪੈਸੇ ਦੀ ਘਾਟ ਕਾਰਨ ਪ੍ਰਤਿਭਾਸ਼ਾਲੀ ਨਿਸ਼ਾਨੇਬਾਜ ਅਤੇ ਖਿਡਾਰੀ ਸੂਬੇ 'ਚ ਹਿਜ਼ਰਤ ਕਰਨ ਲੱਗੇ ਹਨ। ਪਿੱਛੇ ਜਿਹੇ ਹੀ ਇਕ ਕੌਮਾਂਤਰੀ ਮੁਕਾਬਲੇ 'ਚ ਮੈਡਲ ਜਿੱਤਣ ਵਾਲੀ ਅਮੇਠੀ ਦੀ ਅਨੁਪਮਾ ਸਿੰਘ ਸਮੇਤ ਕਈ ਦਰਜਨ ਭਰ ਨਿਸ਼ਾਨੇਬਾਜਾਂ ਨੇ ਰਾਜ ਰਾਈਫਲ ਐਸੋਸੀਏਸ਼ਨ ਤੋਂ ਪ੍ਰਮਾਣ ਪੱਤਰ ਮੰਗਿਆ ਹੈ। ਸੂਬੇ ਦੇ ਅਧਿਕਾਰੀ ਰਾਈਫਲ ਐਸੋਸੀਏਸ਼ਨਾਂ ਦੇ ਪੈਸੇ 'ਚ ਹੇਰਾਫੇਰੀ ਕਰ ਰਹੇ ਹਨ। ਬਹੁਤੇ ਜ਼ਿਲ੍ਹੇ ਅਜਿਹੇ ਹਨ ਜਿੱਥੇ ਹੇਠਲੀ ਪੱਧਰ ਦੇ ਕਰਮਚਾਰੀ ਕੁਝ ਖਰਚ ਵਿਖਾਉਣ ਲਈ ਅਧਿਕਾਰੀਆਂ ਦੀਆਂ ਪਤਨੀਆਂ ਤੇ ਬੱਚਿਆਂ ਦੇ ਨਿਸ਼ਾਨੇਬਾਜ਼ੀ ਦੇ ਮੁਕਾਬਲੇ ਆਯੋਜਿਤ ਕਰਕੇ ਪੈਸੇ ਬਰਬਾਦ ਕਰਦੇ ਹਨ ਪਰ ਅਸਲ ਖਿਡਾਰੀਆਂ ਨੂੰ ਨਹੀਂ ਦਿੰਦੇ। ਇਕ ਟਰੱਕ ਡਰਾਈਵਰ ਦੇ ਪੁੱਤਰ ਅਤੇ ਨਿਸ਼ਾਨੇਬਾਜ਼ੀ 'ਚ ਅਨੇਕਾਂ ਕੌਮੀ ਤੇ ਕੌਮਾਂਤਰੀ ਪੁਰਸਕਾਰ ਜਿੱਤ ਚੁੱਕੇ ਫਾਰੂਕ ਅਲੀ ਦਾ ਹੀ ਕੇਸ ਲਓ। ਕੌਮਾਂਤਰੀ ਮੁਕਾਬਲਿਆਂ ਵਿੱਚ ਸ਼ਾਮਲ ਹੋਣ ਲਈ ਫਾਰੂਕ ਨੂੰ ਆਪਣੇ ਪਿੰਡ ਦੇ ਲੋਕਾਂ ਤੋਂ ਉਧਾਰ ਲੈਣਾ ਪਿਆ ਅਤੇ ਉਹ ਅਜੇ ਵੀ ਕਰਜਾਈ ਹਨ। ਰਾਜ ਐਸੋਸੀਏਸ਼ਨ ਨੇ ਨੰਗੇ ਪੈਰਾਂ ਵਾਲੇ ਇਸ ਨਿਸ਼ਾਨੇਬਾਜ਼ ਨੂੰ ਫੁੱਟੀ ਕੌਡੀ ਵੀ ਨਹੀਂ ਦਿੱਤੀ। ਹਥਿਆਰ ਵੀ ਉਸ ਨੂੰ ਕਿਸੇ ਤੋਂ ਉਧਾਰ ਲੈਣਾ ਪੈਂਦਾ ਹੈ। ਇਸ ਦੇ ਉਲਟ ਜ਼ਿਲ੍ਹਾ ਰਾਈਫਲ ਐਸੋਸੀਏਸ਼ਨ ਇਮਾਰਤਾਂ, ਫਰਨੀਚਰ ਤੇ ਮਨੋਰੰਜਨ ਪ੍ਰੋਗ੍ਰਾਮਾਂ 'ਤੇ ਕਰੋੜਾਂ ਰੁਪਏ ਖਰਚ ਕਰ ਦਿੰਦੀ ਹੈ। ਇਹ ਐਸੋਸੀਏਸ਼ਨਾਂ ਨਾ ਸਿਰਫ ਲੋਕਾਂ ਦੇ ਪੈਸੇ ਦੀ ਹੇਰਾਫੇਰੀ ਕਰ ਰਹੀਆਂ ਹਨ ਬਲਕਿ ਆਪਣੇ ਬੁਨਿਆਦੀ ਫਰਜ਼ ਦੀ ਵੀ ਅਣਦੇਖੀ ਕਰ ਰਹੀਆਂ ਹਨ। ਚੰਦਾ ਜਮ੍ਹਾਂ ਕਰਨ ਤੇ ਲਾਈਸੰਸ ਜਾਰੀ ਕਰਨ ਤੋਂ ਵੱਧ ਇਹ ਹੋਰ ਕੁਝ ਨਹੀਂ ਕਰਦੀਆਂ। ਜੇ ਚਾਹੁਣ ਤਾਂ ਇਹ ਲੋਕਾਂ ਨੂੰ ਡਕੈਤੀਆਂ ਰੋਕਣ ਖਾਤਰ ਹਥਿਆਰ ਚਲਾਉਣ ਦੀ ਸਿਖਲਾਈ ਦੇ ਸਕਦੀਆਂ ਹਨ। ਸਿੱਟੇ ਵਜੋਂ ਬਹੁਤੇ ਲਾਇਸੰਸ ਧਾਰੀ ਹਥਿਆਰ ਚਲਾਉਣਾ ਵੀ ਨਹੀਂ ਜਾਣਦੇ, ਆਤਮ ਰੱਖਿਆ ਤੇ ਇਸ ਕਾਰਨ ਬੇਗੁਨਾਹਾਂ ਨੂੰ ਜਾਨ ਗੁਆਉਣੀ ਪੈਂਦੀ ਹੈ। ਅਜਿਹੀ ਹਾਲਤ 'ਚ ਜ਼ਿਲ੍ਹਾ ਅਧਿਕਾਰੀ ਲੋਕਾਂ ਦਾ ਪੈਸਾ ਖਹਿ ਖਰਾਬ ਕਰਨ ਤੋਂ ਬਾਜ ਨਹੀਂ ਆਉਂਦੇ।

# ਕੀ ਟੀ. ਵੀ. ਸੀਰੀਅਲ ਬਜ਼ਾਰੂ ਸਭਿਆਚਾਰ ਵਧਾਉਂਦੇ ਹਨ?

ਵੱਡੇ-ਵੱਡੇ ਵਾਅਦਿਆਂ ਦੇ ਨਾਲ ਟੀ. ਵੀ. ਸੀਰੀਅਲ ਸ਼ੁਰੂ ਹੁੰਦੇ ਹਨ। ਸ਼ੁਰੂਆਤ ਵਿਚ ਲਗਦਾ ਹੈ ਕਿ ਕੁਝ ਨਵੇਂ ਮੁੱਦੇ ਉਠਣ ਵਾਲੇ ਹਨ, ਕੋਈ ਨਵੀਂ ਕਹਾਣੀ ਸ਼ੁਰੂ ਹੋਣ ਵਾਲੀ ਹੈ। ਜਿਵੇਂ 'ਅਗਲੇ ਜਨਮ ਮੋਹੇ ਬਿਟੀਆ ਹੀ ਦੇਣਾ' ਨੂੰ ਹੀ ਲਓ। ਕਹਾਣੀ ਸ਼ਹਿਰ ਤੋਂ ਪਿੰਡ ਵਿਚ ਸ਼ਿਫਟ ਹੋਈ। ਨਾਲ ਹੀ ਕਰੋੜਪਤੀ ਘਰਾਣਿਆਂ ਤੋਂ ਇੱਕ ਦਮ ਗ਼ਰੀਬ ਪ੍ਰੀਵਾਰ ਵਿਚ ਆਈ। ਕਰੋੜਾਂ ਦੇ ਘਪਲਿਆਂ ਦੇ ਚੱਕਰਵਿਊ ਤੋਂ ਮਿਹਨਤ-ਮੁਸ਼ਕਤ ਦੇ ਸੰਸਾਰ ਤੱਕ ਆਈ। ਕਹਾਣੀ ਸ਼ੁਰੂ ਹੋਈ ਅਜਿਹੇ ਪਰਿਵਾਰ ਤੋਂ ਜਿੱਥੇ ਬੱਚੇ ਤੋਂ ਲੈ ਕੇ ਵੱਡੇ-ਬੁੱਢੇ ਤੱਕ ਰੋਟੀ-ਰੋਟੀ ਦੇ ਮੁਹਤਾਜ ਹਨ। ਦੂਰ-ਦੂਰ ਤੱਕ ਕਿਧਰੇ ਕੋਈ ਕੰਮ ਧੰਦਾ ਨਹੀਂ ਹੈ, ਨਾ ਹੀ ਕਿਧਰੇ ਕੋਈ ਥਾਂ ਹੈ ਰੋਟੀ ਰੁਜ਼ਗਾਰ ਦੀ। ਬਿਹਾਰ ਦੇ ਇਕ ਅਤੀ ਪਿਛੜੇ ਪਿੰਡ ਦੇ ਬੇਜ਼ਮੀਨੇ ਦਲਿਤ ਪ੍ਰੀਵਾਰ ਦੀ ਕਹਾਣੀ, ਜਿਸ ਵਿਚ ਵਿਕਣ ਲਈ ਤਾਂ ਕੁਝ ਨਹੀਂ ਹੈ, ਫਿਰ ਵੀ ਖਰੀਦਦਾਰ ਚੱਕਰ ਕੱਟਦੇ ਰਹਿੰਦੇ ਹਨ, ਇਸ ਦਲਿਤ ਪ੍ਰੀਵਾਰ 'ਚ ਬੇਟੀਆਂ ਜੋ ਹਨ। ਸ਼ੁਰੂਆਤ 'ਚ ਦਲਿਤ ਦੀ ਇਸ ਬੇਟੀ ਲਾਲੀ ਦਾ ਕਿਰਦਾਰ ਦਿਲ ਖਿੱਚਵਾਂ ਤੇ ਪ੍ਰਭਾਵਸ਼ਾਲੀ ਲਗਦਾ ਹੈ। ਕਈ ਵਾਰੀ ਹੈਰਾਨੀਜਨਕ ਤੇ ਵਿਸ਼ਵਾਸ ਨਾ ਕਰਨਯੋਗ ਦਿੱਸਣ ਦੇ ਬਾਵਜੂਦ ਚੰਗਾ ਲੱਗਦਾ ਹੈ, ਪਹਿਰਾਵੇ ਚਾਲ-ਢਾਲ ਤੇ ਬੋਲਣ ਚੱਲਣ ਦੇ ਢੰਗ ਦੇ ਨਾਲ-ਨਾਲ ਦ੍ਰਿਸ਼ ਵੀ ਕਈ ਵਾਰ ਬਿਹਾਰ ਦੇ ਪੇਂਡੂ ਖੇਤਰ ਵੱਲ ਲੈ ਜਾਂਦੇ ਹਨ। ਲਲਿਆ ਦਾ ਵਿਆਹ ਬਚਪਨ ਵਿਚ ਹੋ ਚੁੱਕਿਆ ਹੈ, ਜਿਵੇਂ ਅਕਸਰ ਅੱਜ ਵੀ ਪੇਂਡੂ ਗ਼ਰੀਬ ਦਲਿਤ ਪ੍ਰੀਵਾਰਾਂ 'ਚ ਹੁੰਦਾ ਹੈ। ਹੁਣ ਉਸ ਨੂੰ ਆਪਣੇ ਮੁਕਲਾਵੇ ਦੀ ਉਡੀਕ ਹੈ। ਪਹਿਲਾਂ ਛੋਟੀ ਸੀ ਹੁਣ ਮੁਟਿਆਰ ਹੋ ਰਹੀ ਹੈ। ਆਪਣੇ ਪਤੀ ਗਣੇਸਿਆ ਦੀ ਯਾਦ ਆਉਂਦੀ ਰਹਿੰਦੀ ਹੈ ਉਸ ਨੂੰ। ਹੱਸਮੁੱਖ, ਖੁਸ਼ਮਿਜਾਜ, ਮਿਲਣਸਾਰ, ਸਮਝਦਾਰ ਅਤੇ ਅੰਦਰ ਬਾਹਰ ਤੋਂ ਮਜ਼ਬੂਤ ਲਲਿਆ ਆਪਣੇ ਮਾਂ ਬਾਪ ਅਤੇ ਭਾਈ-ਭੈਣ ਦਾ ਸਹਾਰਾ ਹੈ। ਲੱਖਾਂ ਮੁਸੀਬਤਾਂ ਦੇ ਬਾਵਜੂਦ ਇਹ ਪ੍ਰੀਵਾਰ ਆਪਣੇ ਲਈ ਹਸੀ ਖੁਸ਼ੀ ਦੇ ਮੌਕੇ ਲੱਭ ਹੀ ਲੈਂਦਾ ਹੈ। ਮੰਗਦਾ ਨਹੀਂ ਮਿਹਨਤ ਕਰਦਾ ਹੈ। ਛੋਟੇ ਪਰਦੇ 'ਤੇ ਇਸ ਪ੍ਰੀਵਾਰ ਦੇ ਸੰਘਰਸ਼ ਦੀ ਕਹਾਣੀ ਉਸ ਵਕਤ ਆਈ ਜਦ ਪਿੰਡ ਲਗਭਗ ਗਾਇਬ ਹੋ ਚੁੱਕੇ ਸਨ ਇੱਥੋਂ ਤੱਕ ਕਿ ਸਿਨੇਮੇ ਤੋਂ ਵੀ। ਪਰ ਲੱਗਦਾ ਹੈ ਕਿ ਮੀਡੀਆ ਦੇ ਰੁਝਾਨ ਅਤੇ ਬਾਜ਼ਾਰ ਦੇ ਦਬਾਅ ਹੇਠ ਵੱਧ ਦਿਨਾਂ ਤੱਕ ਪਿੰਡ ਦਾ ਇਹ ਗ਼ਰੀਬ ਪ੍ਰੀਵਾਰ ਕਹਾਣੀ ਦੀ ਧੁਰੀ ਵਿਚ ਨਾ ਰਹਿ ਸਕਿਆ। ਕਿੰਨੇ ਲੋਕ ਫਟੇਹਾਲੀ ਦੀ ਇਸ ਤਸਵੀਰ 'ਚ ਜੀਵਨ ਦੇ ਸੰਘਰਸ਼ ਨੂੰ ਦੇਖਦੇ ਅਤੇ ਸਲਾਹੁੰਦੇ? ਸੋ ਕਹਾਣੀ ਨੂੰ ਤਬਦੀਲ ਕਰ ਦਿੱਤਾ ਗਿਆ। ਨੇੜੇ ਦੇ ਇੱਕ ਠਾਕੁਰ ਪ੍ਰੀਵਾਰ ਵਿੱਚ। ਹੁਣ ਇੱਥੋਂ ਵਧੀਆਂ-ਵਧੀਆਂ ਮਹਿੰਗੀਆਂ ਸਾੜੀਆਂ ਹਨ। ਗਹਿਣੇ ਹਨ, ਹਾਰ-ਸ਼ਿੰਗਾਰ ਹੈ, ਹਿੰਸਾ ਤੇ ਹਿੰਸਾ ਦੇ ਸਾਰੇ ਸਾਧਨ ਹਨ, ਚੋਰੀ ਹੈ, ਝੂਠ ਹੈ, ਚਾਲਬਾਜੀਆਂ ਹਨ, ਹੋਰ ਵੀ ਕਈ ਐਸੀ ਖਿਚੜੀ ਹੈ ਜੋ ਬਾਜ਼ਾਰ 'ਚ ਸੌਖਿਆਂ ਹੀ ਵਿਕਦੀ ਹੈ। ਸੰਧੂਰ ਹੈ, ਮੰਗਲ ਸੂਤਰ ਹੈ ਅਤੇ ਕਈ ਭਗਵਾਨ-ਖਾਸ ਕਰਕੇ ਸ਼ਿਵ ਜੀ। ਮੰਗਲਸੂਤਰ, ਜਿਸ ਦਾ ਰਿਵਾਜ ਬਿਹਾਰ ਦੇ ਪਿੰਡਾਂ 'ਚ ਨਹੀਂ ਹੈ, ਉਹ ਵੀ ਆ ਗਿਆ। ਖ਼ੂਬ ਵਿਕਦਾ ਹੈ ਮੰਗਲ ਸੂਤਰ। ਇਸ ਸ਼ਿਫਟ ਲਈ ਲਲਿਆ ਦੇ ਮੁਕਲਾਵੇ ਦਾ ਰਾਹ ਅਪਣਾਇਆ ਗਿਆ। ਇੱਕ ਦਲਾਲ-ਜਿਸ ਦੀ ਨਿਗਾਹ 'ਚ ਜਵਾਨ ਹੁੰਦੀ ਲਲਿਆ

ਦਾ ਜਿਸਮ ਵਿਕਣ ਲਈ ਤਿਆਰ ਹੈ-ਦੇ ਚੱਕਰ ਵਿਚ ਆ ਕੇ ਹੋਰ ਲਾਲਚ 'ਚ ਫਸ ਕੇ ਗਣੇਸ਼ਿਆ ਦਾ ਬਾਪ ਗੌਣਾ ਕਰਨ ਲਈ ਦਸ ਹਜ਼ਾਰ ਰੁਪਏ ਮੰਗਦਾ ਹੈ। ਦਸ ਹਜ਼ਾਰ ਰੁਪਏ ਲਈ ਲਲਿਆ ਦਾ ਬਾਪ ਚੋਰੀ ਦੀ ਕੋਸ਼ਿਸ਼ ਕਰਦਾ ਹੈ, ਜੇਲ੍ਹ ਦੇ ਚੱਕਰ ਲਾਉਂਦਾ ਹੈ ਅਤੇ ਆਖ਼ਰਕਾਰ ਆਪਣੇ ਬੀਮਾਰ ਬੱਚਿਆਂ ਦੀ ਪ੍ਰਵਰਿਸ਼ ਅਤੇ ਇਲਾਜ ਲਈ ਲਲਿਆ ਦੇ ਮੁਕਲਾਵੇ ਦਾ ਨਾਟਕ ਕਰਦੇ ਹੋਇਆਂ 90 ਹਜ਼ਾਰ ਰੁਪਏ 'ਚ ਉਸ ਨੂੰ ਵੇਚ ਦਿੰਦਾ ਹੈ। ਲਲਿਆ ਇਕ ਠਾਕੁਰ ਪ੍ਰੀਵਾਰ 'ਚ ਪਹੁੰਚ ਜਾਂਦੀ ਹੈ, ਜਿਥੇ ਉਸ ਨੂੰ ਹਵੇਲੀ ਦੇ ਲਈ ਵਾਰਿਸ ਨੂੰ ਜਨਮ ਦੇਣਾ ਹੁੰਦਾ ਹੈ। ਠਾਕੁਰ ਦੇ ਛੋਟੇ ਪੁੱਤ ਨਾਲ ਦੂਜਾ ਵਿਆਹ ਕਰਕੇ ਉਸ ਦੀ ਵਹੁਟੀ ਹੋਣ ਦਾ ਧਰਮ ਨਿਭਾਉਂਦੀ ਹੋਈ ਉਹ ਫਿਲਹਾਲ ਜੇਲ੍ਹ ਵਿਚ ਹੈ। ਇਕ ਸ਼ਾਦੀ ਤੋਂ ਪਿੱਛੋਂ ਗੌਣਾ (ਮੁਕਲਾਵਾ) ਕਰਨ ਲਈ ਵੇਚੀ ਗਈ ਲਾਲੀ ਹੁਣ ਦੂਜੀ ਸ਼ਾਦੀ ਨੂੰ ਬਚਾਉਣ ਲਈ ਜੇਲ੍ਹ ਵਿਚ ਹੈ। ਉਸ ਨੇ ਆਪਣੇ 'ਛੋਟੇ ਠਾਕੁਰ' ਸ਼ੇਖਰ ਦੀ ਭੈਣ ਰਤਨਾ ਦੀ ਸ਼ਾਦੀ ਰੋਕਣ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਜਿਸ ਮੰਤਰੀ ਦੇ ਪੁੱਤ ਨਾਲ ਉਸ ਦਾ ਵਿਆਹ ਹੋ ਰਿਹਾ ਸੀ, ਉਹ ਘਟੀਆ ਆਦਮੀ ਸੀ। ਉਸ ਨੇ ਕਈ ਲੜਕੀਆਂ ਨਾਲ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਵਿਚ ਇਕ ਜਮੁਨਿਆ ਵੀ ਸੀ। ਏਧਰ ਸ਼ੇਖਰ ਦੀ ਪਹਿਲੀ ਪਤਨੀ ਜਿਸ ਤੋਂ ਤਲਾਕ ਲਏ ਬਗ਼ੈਰ ਸ਼ੇਖਰ ਨੇ ਲਲਿਆ ਨਾਲ ਦੂਜੀ ਸ਼ਾਦੀ ਕੀਤੀ ਹੈ। ਆਪਣੀ ਸ਼ਾਦੀ ਬਚਾਉਣ ਲਈ ਰੋਣ ਧੋਣ ਤੋਂ ਲੈ ਕੇ ਜੋਗਨ ਤੱਕ ਦਾ ਰੂਪ ਧਾਰਦੀ ਫਿਰ ਰਹੀ ਹੈ। ਯਾਨੀ ਇਹ ਸਾਰਾ ਝਮੇਲਾ ਵਿਆਹ ਦੇ ਇਰਦ-ਗਿਰਦ ਹੈ ਕਿਧਰੇ ਸ਼ਾਦੀ ਨਿਭਾਉਣ ਦੇ ਲਈ ਤਾਂ ਕਿਧਰੇ ਸ਼ਾਦੀ ਬਚਾਉਣ ਦੇ ਲਈ, ਕਿਧਰੇ ਸ਼ਾਦੀ ਕਰਨ-ਕਰਵਾਉਣ ਦੇ ਲਈ। ਗ਼ਰੀਬ ਦਲਿਤ ਧੀ ਵੇਚ ਰਿਹਾ ਹੈ ਕਿਉਂਕਿ ਖਰੀਦਦਾਰ ਪਿੱਛੇ ਪਏ ਹਨ ਤਾਂ ਜ਼ਿੰਮੀਦਾਰ ਠਾਕੁਰ ਆਪਣੀ ਬੇਟੀ ਨੂੰ ਬਲਾਤਕਾਰੀ ਦੇ ਹੱਥੋਂ ਵੇਚ ਰਿਹਾ ਹੈ ਕਿਉਂਕਿ ਉਸ ਨੇ ਉਸ ਦੇ ਮੰਤਰੀ ਬਾਪ ਤੋਂ ਠੇਕਾ ਲੈਣਾ ਹੈ। ਹੁਣ ਸਭ ਖਰੀਦੋ-ਫਰੋਖਤ ਵਿਆਹ ਦੀ ਸ਼ਹਿਨਾਈ ਦੀ ਧੁਨ 'ਤੇ ਹੋ ਰਹੀ ਹੈ। ਇਧਰ 'ਪਵਿੱਤਰ ਰਿਸ਼ਤੇ' ਵਿਚ ਅਰਚਨਾ ਮ੍ਰਿਤਕ ਦਿਉਰ ਸਚਿਨ ਦੀ ਮੰਗੇਤਰ ਸ਼ਰਾਵਣੀ ਦੇ ਬੱਚੇ ਨੂੰ ਬਾਪ ਦਾ ਨਾਂ ਦੇਣ ਲਈ ਆਪਣੇ ਪਤੀ ਮਾਨਵ ਤੋਂ ਹੀ ਉਸ ਦਾ ਵਿਆਹ ਕਰਵਾ ਰਹੀ ਹੈ। ਰੋਂਦੀ ਕਰਦੀ, ਹੰਝੂ ਵਹਾਉਂਦੀ ਅਰਚਨਾ ਇਸ ਦੇ ਲਈ ਆਪਣੇ ਪਤੀ ਨਾਲ ਤਲਾਕ ਦੇਣ ਦਾ ਫੈਸਲਾ ਕਰ ਚੁੱਕੀ ਹੈ। ਯਾਨੀ ਇੱਕ ਵਾਰੀ ਫਿਰ ਹਰ ਮਰਜ਼ ਦੀ ਦਵਾ ਵਿਆਹ ਹੈ। ਇਸ ਪ੍ਰੀਵਾਰ 'ਚ ਅਰਚਨਾ ਦੀ ਭੈਣ ਵਰਸ਼ਾ ਦੀ ਸ਼ਾਦੀ ਦਾ ਜਸ਼ਨ ਅਤੇ ਦੂਜੇ ਪਾਸੇ ਰਸਿਕਾ ਤਾਈ ਦੀ ਤਰਫ਼ੋਂ ਇਸ ਸ਼ਾਦੀ ਨੂੰ ਤੋੜਨ ਦੀ ਵੀ ਜੀ-ਤੋੜ ਕੋਸ਼ਿਸ਼ ਜਾਰੀ ਹੈ। ਇਸ ਸੀਰੀਅਲ ਵਿਚ ਮਾਨਵ ਦੀ ਭੈਣ ਵੰਦਿਤਾ ਆਪਣੇ ਪ੍ਰੀਵਾਰ ਨੂੰ ਅਤੇ ਅਰਚਨਾ ਦੀ ਭਾਬੀ ਮੰਜੂਸ਼ਾ ਦੇ ਭਾਈ ਅਜੀਤ ਨਾਲ ਸ਼ਾਦੀ ਕਰਦੀ ਹੈ। ਇਹ ਉਹੀ ਅਜੀਤ ਹੈ, ਜਿਸ ਨੇ ਉਸ ਦੇ ਨਾਲ ਕਈ ਵਾਰ ਜ਼ੋਰ-ਜਬਰਦਸਤੀ ਕਰਨ ਦੀ ਕੋਸ਼ਿਸ਼ ਤੋਂ ਇਲਾਵਾ ਪ੍ਰੀਵਾਰ ਵਾਲਿਆਂ ਦੇ ਨੱਕ ਵਿਚ ਦਮ ਕਰ ਰੱਖਿਆ ਹੈ। ਅਜਿਹੀ ਹਾਲਤ 'ਚ ਪ੍ਰੀਵਾਰ ਨੂੰ ਬਚਾਉਣ ਦਾ ਇੱਕ ਹੀ ਰਾਹ ਹੈ ਸ਼ਾਦੀ। ਉਹ ਵੀ ਉਸ ਸਖਸ਼ ਨਾਲ ਜੋ ਪਤਨ ਦੀਆਂ ਹੱਦਾਂ ਪਾਰ ਕਰ ਚੁੱਕਿਆ ਹੈ। 'ਛੋਟੀ ਬਹੂ' ਵਿਚ ਇਕ ਹੀ ਰਾਧਿਕਾ ਅਤੇ ਇਕ ਹੀ ਦੇਵ ਇੱਕ ਦੂਜੇ ਨਾਲ ਕਈ ਵਾਰ ਵਿਆਹ ਰਚਾਉਂਦੇ ਦਿਸ ਰਹੇ ਹਨ। ਹੋਰ ਤਾਂ ਹੋਰ ਰਾਧਿਕਾ ਆਪਣੀ ਹੀ ਹਮਸ਼ਕਲ ਭੈਣ ਨੂੰ ਇੱਕ ਰਾਤ ਲਈ ਆਪਣੇ ਪਤੀ ਦੀ ਵਹੁਟੀ ਵਾਂਗੂੰ ਸਜਾਉਂਦੀ ਵੀ ਹੈ। 'ਦੋ ਸਹੇਲੀਆਂ, ਕਿਸਮਤ ਦੀਆਂ ਪੁਤਲੀਆਂ' ਵਿਚ ਦੋ ਸਹੇਲੀਆਂ ਦੀ ਸ਼ਾਦੀ ਇੱਕ ਹੀ ਦਿਨ ਹੁੰਦੀ ਹੈ, ਪਰ ਪ੍ਰਾਹੁਣੇ ਆਪਸ ਵਿਚ ਬਦਲ

ਜਾਂਦੇ ਹਨ, ਹੁਣ ਜੰਗ ਸ਼ੁਰੂ ਹੋ ਗਈ ਹੈ ਇੱਕ ਦੂਜੇ ਨੂੰ ਉਸ ਦੇ ਪ੍ਰਾਹੁਣੇ ਵਾਪਸ ਕਰਨ ਦੀ। ਬੜੇ ਗਾਜੇ ਬਾਜੇ ਦੇ ਨਾਲ ਰਾਜਸਥਾਨ ਦੇ ਪਿੰਡ ਤੋਂ ਲੱਭ ਕੇ ਇੱਕ ਕਹਾਣੀ ਲੱਭ ਕੇ ਲਿਆਂਦੀ ਗਈ। 'ਬਲਕਿ ਵਧੂ' ਦੀ ਇਹ ਕਹਾਣੀ ਬਾਲ ਵਿਆਹ ਦੇ ਖਿਲਾਫ਼ ਹੈ। ਬਾਰਾਂ ਸਾਲ ਦੀ ਹੱਸਦੀ-ਖੇਡਦੀ ਗੱਲਾਂ ਬਣਾਉਂਦੀ ਆਨੰਦੀ ਦਰਸ਼ਕਾਂ ਦੀ ਚਹੇਤੀ ਤਾਂ ਬਣ ਗਈ ਪਰ ਬਾਲ ਵਿਆਹ ਤੇ ਉਸ ਦੇ ਗ਼ਰੀਬ ਮਾਂ ਬਾਪ ਦੇ ਸੰਘਰਸ਼ ਦੀ ਕਹਾਣੀ ਦਮ ਤੋੜ ਗਈ ਅਤੇ ਪਰਦੇ 'ਤੇ ਬਾਕੀ ਰਹਿ ਗਈਆਂ ਬੱਚਿਆਂ ਦੀਆਂ ਸ਼ਾਦੀਆਂ ਦੇ ਨਾਲ ਬੇ-ਜੋੜ ਵਿਆਹਾਂ ਦਾ ਅਨੰਦ। ਆਨੰਦੀ ਬਚਪਨ ਵਿਚ ਹੀ ਬੜੀ ਸੂਝ-ਬੂਝ ਦੇ ਨਾਲ ਦਾਦੀ ਮਾਂ ਦੇ ਗੁੱਸੇ ਨੂੰ ਸੰਭਾਲਦੀ, ਉਸ ਦਾ ਮੂਹਰੇ ਆਪਣੀ ਪੜ੍ਹਾਈ ਦੇ ਸੁਪਨਿਆਂ ਨੂੰ ਅੱਗ ਲਾਉਂਦੀ ਦਰਸ਼ਕਾਂ ਨੂੰ ਇਹ ਸੰਦੇਸ਼ ਦਿੰਦੀ ਨਹੀਂ ਥੱਕਦੀ ਕਿ ਬਾਲ ਵਿਆਹ 'ਚ ਬਹੁਤ ਅਨੰਦ ਹੈ। ਇੱਧਰ ਉਸ ਤੋਂ ਉਮਰ 'ਚ ਥੋੜ੍ਹੀ ਵੱਡੀ ਗਹਿਣਾ ਉਸ ਦੇ ਅੱਧਖੜ੍ਹ ਉਮਰ ਦੇ ਤਾਏ ਦੀ ਦੂਜੀ ਪਤਨੀ ਬਣ ਕੇ ਆਉਂਦੀ ਹੈ। ਇਕ ਤਰ੍ਹਾਂ ਨਾਲ ਉਹ ਵੰਸ਼ ਚਲਾਉਣ ਲਈ ਇੱਕ ਤਰ੍ਹਾਂ ਨਾਲ ਖਰੀਦ ਕੇ 'ਸ਼ਾਦੀ' ਵਿਚ ਲਿਆਂਦੀ ਜਾਂਦੀ ਹੈ। ਸ਼ੁਰੂ 'ਚ ਉਹ ਥੋੜ੍ਹੀ ਬਹੁਤ ਜਦੋ-ਜਹਿਦ ਕਰਦੀ ਵਿਖਾਈ ਜਾਂਦੀ ਹੈ ਪਰ ਆਖ਼ਰਕਾਰ ਸ਼ਾਦੀ ਦੇ ਇਸ ਬੇਮੇਲ ਸੌਦੇ ਨੂੰ ਮੰਨ ਲੈਂਦੀ ਹੈ ਅਤੇ ਬਸੰਤ ਨੂੰ ਵਾਰਿਸ ਦਿੰਦੀ ਹੈ। ਇੱਕ ਹੋਰ ਸੀਰੀਅਲ 'ਉਤਰਨ' ਵਿਚ ਇੱਛਾ ਤੇ ਤਪੱਸਿਆ ਵਿਚਕਾਰ ਇਕ ਵਿਅਕਤੀ ਨੂੰ ਹਾਸਲ ਕਰਨ ਦੀ ਦੌੜ ਲੱਗੀ ਹੋਈ ਹੈ। ਕਹਾਣੀ ਸ਼ੁਰੂ ਚਾਹੇ ਜਿੱਥੋਂ ਮਰਜ਼ੀ ਹੋਵੇ ਆ ਕੇ ਕਿਸੇ ਅਮੀਰ ਘਰਾਣੇ ਵਿਚ ਵਿਆਹਾਂ ਦੇ ਸਿਲਸਿਲੇ ਦੇ ਇਰਦ-ਗਿਰਦ ਘੁੰਮਣ ਲੱਗਦੀ ਹੈ ਜਿਥੇ ਵਿਆਹ ਨਾਲ ਬਣਨ ਵਾਲੇ ਰਿਸ਼ਤਿਆਂ ਲਈ ਕੋਈ ਆਦਰ ਮਾਣ ਨਹੀਂ, ਨਿਭਾਉਣ ਦਾ ਦਾਰੋ ਮਦਾਰ ਸਾਰਾ ਔਰਤ ਸਿਰ ਹੋਵੇ, ਉਥੇ ਹਰ ਕੁਝ ਵਿਆਹ ਦੇ ਦੁਆਲੇ ਘੁੰਮਦਾ ਹੈ। ਜ਼ਿਆਦਾਤਰ ਸ਼ਾਦੀਆਂ ਕਦੀ ਕਿਸੇ ਸਾਜਿਸ਼ ਦਾ ਹਿੱਸਾ ਹੁੰਦੀਆਂ ਹਨ ਤਾਂ ਕਦੇ ਕਿਸੇ ਮਜ਼ਬੂਰੀ ਦਾ, ਕਿਸੇ-ਕਿਸੇ 'ਸਮਝੌਤੇ' ਦਾ ਹਿੱਸਾ ਹੁੰਦੀਆਂ ਹਨ। ਪਿੰਡ ਦੇ ਗਰੀਬ ਦੀ ਬੇਟੀ ਨੂੰ ਤਾਂ ਬਚਪਨ ਵਿਚ ਵਿਆਹ ਦੇ ਨਾਂ ਤੇ ਖਰੀਦ ਹੀ ਲਿਆ ਜਾਂਦਾ ਹੈ। ਖਾਂਦੇ-ਪੀਂਦੇ ਅਮੀਰ ਘਰਾਣਿਆਂ ਦੀਆਂ ਧੀਆਂ ਵੀ ਸਤਾਰਾਂ-ਅਠਾਰਾਂ ਸਾਲ ਦੀਆਂ ਹੁੰਦੇ-ਹੁੰਦੇ ਸ਼ਾਦੀ ਕਰ ਕਰਾ ਭਾਰੀ ਸਾੜ੍ਹੀਆਂ ਵਿਚ ਲਪੇਟ ਕੇ ਉਪਰੋਂ ਤੋਂ ਹੇਠਾਂ ਤੱਕ ਗਹਿਣਿਆਂ ਨਾਲ ਲੱਦ ਕੇ ਪ੍ਰੀਵਾਰ ਦੀ ਰਾਜਨੀਤੀ ਦਾ ਹਿੱਸਾ ਬਣ ਜਾਂਦੀਆਂ ਹਨ। ਕਾਲਜ, ਲਾਇਬਰੇਰੀ, ਕੰਮ-ਕਾਜ ਦੇ ਸੁਪਨੇ ਸਭ ਪਿੱਛੇ ਛੁੱਟ ਜਾਂਦੇ ਹਨ। ਜਿੰਨੀਆਂ ਸ਼ਾਦੀਆਂ ਹੋਣਗੀਆਂ, ਫਿਲਮੀ ਗੀਤਾਂ ਦੀ ਤਾਲ 'ਤੇ ਜਿੰਨੇ ਠੁਮਕੇ ਲਾਏ ਜਾਣਗੇ ਉਨੀ ਹੀ ਟੀ.ਆਰ.ਪੀ. ਵਧੇਗੀ। ਇਸ ਗਲਫਤ ਵਿਚ ਚੈਨਲਾਂ 'ਚ ਵਿਆਹਾਂ ਦੀਆਂ ਮਹਿਫਲਾਂ ਸਜਾਈਆਂ ਜਾ ਰਹੀਆਂ ਹਨ। ਇਸ ਦੇ ਬਾਵਜੂਦ ਕਹਾਣੀ ਅਤੇ ਸੀਰੀਅਲ ਦਮ ਤੋੜ ਦਿੰਦੇ ਹਨ। ਵਾਰ-ਵਾਰ ਬੁੱਧੂ ਬਣਨ ਪਿੱਛੋਂ ਵੀ ਲੋਕ ਉਸ ਨੂੰ ਦੇਖਣਾ ਨਹੀਂ ਛੱਡਦੇ। ਆਖ਼ਰ ਉਹ ਕਰਨ ਤਾਂ ਕੀ ਕਰਨ? ਦੇਖਣ ਨੂੰ ਦੂਜਾ ਕੁਝ ਹੈ ਹੀ ਨਹੀਂ ਕਰਨ ਨੂੰ ਵੀ ਕੁਝ ਨਹੀਂ ਹੈ। ਨਾ ਗੁਆਂਢ ਬਚਿਆ ਹੈ ਨਾ ਸਮਾਜ ਬਚਿਆ ਹੈ ਤਾਂ ਬੁੱਧੂ ਬਕਸ਼ਾ ਅਤੇ ਹੱਥ ਵਿੱਚ ਹੈ ਰੀਮੋਟ। ਦੁਨੀਆਂ ਸਿਮਟ ਗਈ ਹੈ ਟੈਲੀਵਿਜ਼ਨ ਅੰਦਰ ਅਤੇ ਟੈਲੀਵਿਜ਼ਨ ਸਿਮਟ ਰਿਹਾ ਹੈ ਡਿਜ਼ਾਇਨਰ ਸ਼ਾਦੀਆਂ ਵਿਚ।

# ਜੰਗ ਤੋਂ ਪਿੱਛੋਂ ਸ੍ਰੀ ਲੰਕਾ 'ਚ ਤਣਾਅ ਭਰੀ ਸ਼ਾਂਤੀ

ਯੁੱਧ ਤੋਂ ਪਿੱਛੋਂ ਸ੍ਰੀ ਲੰਕਾ ਦੀ ਸਥਿਤੀ 'ਚ ਕਈ ਨਵੇਂ ਪਹਿਲੂ ਜੁੜ ਗਏ ਹਨ। ਨਵੇਂ ਹਾਲਾਤ ਵਿਸ਼ਾਲ ਚਿਣੌਤੀਆਂ ਪੇਸ਼ ਕਰ ਰਹੇ ਹਨ। ਤੀਹ ਸਾਲ ਲੰਮਾ ਗ੍ਰਹਿਯੁੱਧ ਖ਼ਤਮ ਹੋਇਆ ਹੈ ਪਰ ਟਕਰਾਅ ਦਾ ਮੂਲ ਕਾਰਨ ਜਿਸ ਦੀ ਵਜ੍ਹਾ ਕਰਕੇ ਇਹ ਮੂਲ ਸਥਿਤੀ ਉਸਰੀ ਸੀ, ਉਹ ਜਿਉਂ ਦੀ ਤਿਉਂ ਬਰਕਰਾਰ ਹੈ, ਉਸ ਦਾ ਕੋਈ ਹੱਲ ਨਹੀਂ ਨਿਕਲਿਆ ਹੈ। ਇਸ ਤੋਂ ਇਲਾਵਾ ਘਰੇਲੂ ਜੰਗ ਦੇ ਕਾਰਨ ਆਰਥਕ, ਸਮਾਜਕ ਤੇ ਸਭਿਆਚਾਰਕ ਖੇਤਰਾਂ 'ਚ ਹੋਏ ਵਿਨਾਸ਼ ਨੇ ਸ੍ਰੀ ਲੰਕਾ ਦੇ ਸਮਾਜ ਨੂੰ ਟੁਕੜਿਆਂ ਵਿੱਚ ਵੰਡ ਦਿੱਤਾ ਹੈ। ਇਸ ਪਿੱਠਭੂਮੀ ਵਿਚ 'ਅਨਿਆਂ ਪੂਰਨ ਸ਼ਾਂਤੀ' ਦੀ ਆਵਾਜ਼ ਮੁੱਖ ਤੌਰ 'ਤੇ ਉੱਠ ਰਹੀ ਹੈ। ਇਸ ਮੰਗ ਸਬੰਧੀ ਤਰ੍ਹਾਂ-ਤਰ੍ਹਾਂ ਦੀਆਂ ਸਰਗਰਮੀਆਂ ਹੋ ਰਹੀਆਂ ਹਨ। ਪਰ ਕਰੀਬ-ਕਰੀਬ ਸਭ ਤੋਂ ਮੇਲ-ਮਿਲਾਪ ਦੀ ਗੱਲ ਕਰ ਰਹੇ ਹਨ। ਸਮੱਸਿਆ ਦੀ ਜੜ੍ਹ ਦੇ ਰਾਜਸੀ ਹੱਲ ਦੀ ਨਹੀਂ। ਸ੍ਰੀਲੰਕਾ ਦੇ ਰਾਸ਼ਟਰਪਤੀ ਦੀ ਚੋਣ ਦੌਰਾਨ ਅਤੇ ਉਸ ਪਿੱਛੋਂ ਪ੍ਰਚਾਰ ਦਾ ਕੇਂਦਰ ਬਿੰਦੂ ਰਿਹਾ ਹੈ ਕੌਮੀ ਮੇਲ-ਮਿਲਾਪ। ਇਹ ਜੰਗ ਤੋਂ ਪਿੱਛੋਂ ਲੰਕਾ ਦੀ ਦੁਖਦਾਈ ਹਾਲਤ ਹੈ। ਹਾਲਾਤ ਅਜਿਹੇ ਹਨ ਕਿ ਰਾਜਸੀ ਹੱਲ ਬਾਰੇ ਜਾਂ ਘੱਟ ਗਿਣਤੀਆਂ ਦੀਆਂ ਸ਼ਿਕਾਇਤਾਂ ਅਤੇ ਅਧਿਕਾਰਾਂ ਬਾਰੇ ਸ਼ਾਇਦ ਹੀ ਕੋਈ ਗੱਲ ਕਰਨ ਲਈ ਤਿਆਰ ਹੋਵੇ। ਜੀਰੋਡੌਸ ਫਰਾਂਸ ਦੇ ਮਸ਼ਹੂਰ ਨਾਟਕਕਾਰ ਅਤੇ ਪਹਿਲੀ ਸੰਸਾਰ ਜੰਗ ਦੇ ਹੀਰੋ ਸਨ। ਉਨ੍ਹਾਂ ਨੇ ਸ਼ਾਂਤੀ ਨੂੰ 'ਯੁੱਧ ਵਿਚਕਾਰ ਇੰਟਰਵਲ' ਕਿਹਾ ਸੀ। ਸ੍ਰੀਲੰਕਾ ਦੇ ਯੁੱਧ ਪਿੱਛੋਂ ਰਾਜਨੀਤੀ ਨੂੰ ਜਿਸ ਤਰ੍ਹਾਂ ਚਲਾਇਆ ਜਾ ਰਿਹਾ ਹੈ ਉਸ ਨਾਲ ਤਾਂ ਜੀਰੋਹਡੌਸ ਦੀ ਗੱਲ ਹੀ ਸਹੀ ਨਜ਼ਰ ਆਉਂਦੀ ਹੈ। ਕੀ ਕੋਈ ਵੀ ਸੱਚੇ ਅਰਥਾਂ ਵਿਚ 'ਸ਼ਾਂਤੀ' ਲਿਆਉਣਾ ਚਾਹੁੰਦਾ ਹੈ? ਲੋਕਾਂ ਦੀ ਆਪਸੀ ਗੱਲਬਾਤ 'ਚ ਵੀ ਰਾਜਸੀ ਜੁਮਲੇਬਾਜੀ ਤੇ ਨਵੇਂ ਫੈਸ਼ਨ ਦੇ ਮੁਹਾਵਰਿਆਂ ਦਾ ਰਿਵਾਜ ਵਧ ਗਿਆ ਹੈ ਅਤੇ ਬਹਿਸਾਂ 'ਚ ਵੀ ਇਹੀ ਹਾਵੀ ਰਹਿੰਦਾ ਹੈ। ਇਨ੍ਹਾਂ ਜੁਮਲਿਆਂ ਤੇ ਮੁਹਾਵਰਿਆਂ 'ਚ ਪਏ ਮਾੜੇ ਵਿਚਾਰਾਂ ਨੂੰ ਸਹੀ ਮੰਨ ਲਿਆ ਜਾਂਦਾ ਹੈ। 'ਨਾਗਰਿਕ ਸਮਾਜ' ਵੀ, ਜਿਸ ਦਾ ਸ੍ਰੀ ਲੰਕਾ ਦੇ ਪ੍ਰਸੰਗ 'ਚ ਅਰਥ ਹੈ 'ਐਨ ਜੀ ੳ ਸਮਾਜ' ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਰੱਦ ਕਰਕੇ ਇਸ ਏਜੰਡੇ ਨੂੰ ਅੱਗੇ ਵਧਾ ਰਿਹਾ ਹੈ। ਅਖ਼ਬਾਰਾਂ 'ਚ ਅਤੇ ਇੰਟਰਨੈਟ ਉਪਰ ਕਿੰਨੇ ਲੇਖ, ✥ਾਲਮ 'ਤੇ ਟਿੱਪਣੀਆਂ ਛਪ ਰਹੀਆਂ ਹਨ ਜਿਸ 'ਚ ਮੇਲ-ਮਿਲਾਪ, ਸਲਾਹ-ਸਮਝੌਤੇ ਅਤੇ ਸ੍ਰੀ ਲੰਕਾ 'ਚ 'ਸ਼ਾਂਤੀ' ਲਿਆਉਣ ਦਾ ਰਾਗ ਅਲਾਪਿਆ ਜਾ ਰਿਹਾ ਹੈ। ਸਲਾਹ ਤੇ ਮੇਲ-ਮਿਲਾਪ ਇੱਕ ਮਿਲਗੋਭਾ ਅਮਲ ਹੈ ਜਿਸ ਵਿਚ ਸੱਚ ਦੀ ਖੋਜ ਨਿਆਂ, ਕਿਰਤਦਾਨ, ਜ਼ਖ਼ਮਾਂ ਤੇ ਮੱਲ੍ਹਮ ਵਰਗੀਆਂ ਸਾਰੀਆਂ ਗੱਲਾਂ ਸ਼ਾਮਲ ਹੁੰਦੀਆਂ ਹਨ। ਮੇਲ-ਮਿਲਾਪ ਦੇ ਅਮਲ ਲਈ ਪਿਛਲੇ ਇਤਿਹਾਸ ਦੀ ਸਟੀਕ ਸਮਝ ਬੇਹੱਦ ਮਹੱਤਵਪੂਰਨ ਹੈ, ਹਮਲਾਵਰਾਂ ਨੂੰ ਜਵਾਬਦੇਹ ਬਣਾਉਣਾ ਜ਼ਰੂਰੀ ਹੈ। 'ਸੱਚਾਈ' ਜਾਣ ਲੈਣ ਨਾਲ ਵੀ ਆਪਣੇ ਆਪ ਸਲਾਹ ਤੇ ਮੇਲ-ਮਿਲਾਪ ਨਹੀਂ ਹੋ ਸਕਦਾ। ਇਸ ਤਰ੍ਹਾਂ ਨਿਆਂ ਕਾਇਮ ਕਰਨ, ਜੋ ਸੱਟ ਦੇ ਹੱਲ ਲਈ ਮਹੱਤਵਪੂਰਨ ਹੈ, ਸਮਾਨਤਾ ਤੇ ਸਨਮਾਨ ਦੇ ਅਧਾਰ 'ਤੇ ਸਬੰਧਾਂ ਨੂੰ ਫਿਰ ਤੋਂ ਸਥਾਪਤ ਕਰਨ ਨਾਲ ਵੀ ਮੇਲ-ਮਿਲਾਪ ਨਹੀਂ ਹੋ

ਜਾਂਦਾ। ਸੱਚਾਈ ਤੇ ਨਿਆਂ ਦੋਨੋਂ ਹੀ ਮੇਲ ਮਿਲਾਪ ਦੇ ਜ਼ਰੂਰੀ ਅੰਗ ਹਨ ਅਤੇ ਇਹ ਦੋਨੋਂ ਹੀ ਲਾਜ਼ਮੀ ਹਨ। ਚੋਣ ਪ੍ਰਚਾਰ ਦੌਰਾਨ ਜਿਸ ਮੇਲ-ਮਿਲਾਪ ਦੀ ਗੱਲ ਕਹੀ ਗਈ ਕੀ ਉਹ ਅਜਿਹਾ ਸੀ? ਨਿਸ਼ਚੈ ਹੀ ਨਹੀਂ। ਰਾਸ਼ਟਰਪਤੀ ਅਹੁਦੇ ਦੇ ਦੋ ਮੁੱਖ ਉਮੀਦਵਾਰ ਸਨ। ਦੋਨੋਂ ਹੀ ਯੁੱਧ ਲਈ ਬਰਾਬਰ ਦੇ ਜ਼ਿੰਮੇਵਾਰ ਸਨ ਅਤੇ ਯੁੱਧ ਦੇ ਅੰਤਮ ਦਿਨਾਂ ਦੀਆਂ ਘਟਨਾਵਾਂ ਅਤੇ ਕਰੀਬ 30000 ਬੇਦੋਸ਼ੇ ਨਾਗਰਿਕਾਂ ਦੇ ਕਤਲ ਲਈ ਦੋਨਾਂ ਨੂੰ ਜ਼ੁੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਅਖੌਤੀ 'ਨਿਆਂਪੂਰਨ ਸ਼ਾਂਤੀ' ਦੇ ਆਧਾਰ 'ਤੇ ਜਿਸ ਮੇਲ-ਮਿਲਾਪ ਦੀ ਗੱਲ ਕੀਤੀ ਜਾ ਰਹੀ ਹੈ, ਕੀ ਉਹ ਉਹੋ ਜਿਹੀ ਹੀ ਹੈ ਜਿਵੇਂ ਕਿ ਉਪਰ ਦੱਸਿਆ ਗਿਆ ਹੈ?

ਜੇ 'ਨਿਆਂਪੂਰਨ ਯੁੱਧ' ਦਾ ਹਵਾਲਾ ਦਿੱਤਾ ਜਾ ਸਕਦਾ ਹੈ ਤਾਂ ਕੀ 'ਨਿਆਂ ਉਚਤ ਸ਼ਾਤੀ' ਨਹੀਂ ਹੋ ਸਕਦੀ? ਇਹ ਸਵਾਲ ਉਨ੍ਹਾਂ ਤੁਛ ਨਹੀਂ ਜਿੰਨਾ ਸੁਣਨ ਨੂੰ ਲੱਗਦਾ ਹੈ ਕਿਉਂਕਿ ਇੱਕ ਯੁੱਧ ਨੂੰ ਨਿਆਂਉਚਿਤ ਸਾਬਤ ਕਰਨ ਲਈ 'ਯੁੱਧ ਦੀ ਜੋ ਭਾਰੀ ਕੀਮਤ ਚਕਾਉਣੀ ਪੈਂਦੀ ਹੈ ਜਿਵੇਂ ਲੋਕਾਂ ਦੀਆਂ ਬੇਵਕਤ ਮੌਤਾਂ ਅਤੇ ਆਰਥਕ ਤੇ ਹੋਰ ਨੁਕਸਾਨਾਂ ਨੂੰ ਸਹੀ ਠਹਿਰਾਉਣਾ ਪੈਂਦਾ ਹੈ। ਜੋ ਲਾਜ਼ਮੀ ਹੀ ਅਸਧਾਰਨ ਕੀਮਤ ਹੁੰਦੀ ਹੈ। 'ਨਿਆਂਉਚਿਤ ਯੁੱਧ' ਸ਼ਬਦ ਹੀ ਆਪਣੇ ਆਪ 'ਚ ਆਪਾ ਵਿਰੋਧੀ ਲਗਦਾ ਹੈ ਪ੍ਰੰਤੂ ਇਤਿਹਾਸ ਵਿਚ ਅਜਿਹੇ ਯੁੱਧ ਹੋਏ ਹਨ ਜਿਵੇਂ ਕਿ ਆਪਣੀ ਹੋਂਦ ਲਈ ਹਮਲਾਵਰਾਂ ਨੂੰ ਖਦੇੜਨ ਲਈ ਯੁੱਧ। ਇਸ ਤਰ੍ਹਾਂ 'ਨਿਆਂਉਚਿਤ ਯੁੱਧ' ਇੱਕ ਗ਼ਲਤ ਧਾਰਨਾ ਹੈ। 'ਨਿਆਂਉਚਿਤ ਸ਼ਾਂਤੀ' ਇਹ ਸ਼ਬਦ ਬੇਅਰਥ ਲੱਗਦਾ ਹੈ ਪਰ ਸਮੱਸਿਆ ਇਸ ਸ਼ਬਦ ਦੇ ਬੇਅਰਥ ਹੋਣ ਦੀ ਨਹੀਂ ਬਲਕਿ 'ਅਨਿਆਂ ਸ਼ਾਂਤੀ' ਦੀ ਧਾਰਨਾ ਅੰਦਰ ਹੈ। 'ਅਨਿਆਂਪੂਰਨ ਸ਼ਾਂਤੀ' ਦੀ ਧਾਰਨਾ ਨਾਲ ਸ਼ਾਂਤੀ ਪ੍ਰਤੀ ਵਿਰੋਧ ਦੀ ਥਾਂ ਬਣਦੀ ਹੈ, ਜਿੱਥੇ ਸ਼ਾਂਤੀ ਨੂੰ ਅਨਿਆਂਪੂਰਨ ਕਿਹਾ ਜਾ ਸਕਦਾ ਹੈ। ਕਿਹਾ ਜਾ ਸਕਦਾ ਹੈ ਕਿ ਯੁੱਧ ਨਾਲ ਪੀੜਤ ਧਿਰ ਦੇ ਨਾਲ ਅਨਿਆਂ ਹੋਇਆ ਹੈ। ਸ਼ਾਂਤੀ ਨੂੰ 'ਨਿਆਂਪੂਰਨ ਸ਼ਾਂਤੀ' ਤੋਂ ਵੱਖ ਕਰ ਦੇਣ ਨਾਲ ਸ਼ਾਂਤੀ ਦਾ ਮੁੱਲ ਘਟ ਜਾਂਦਾ ਹੈ ਜਿਸ ਦਾ ਸਿੱਟਾ ਨਾ ਸਿਰਫ਼ ਸਿਧਾਂਤ ਤੇ ਧਾਰਨਾ ਦੇ ਪੱਧਰ 'ਤੇ ਹੀ ਨਹੀਂ, ਬਲਕਿ ਰਾਜਸੀ ਪੱਧਰ 'ਤੇ ਵੀ ਹੁੰਦਾ ਹੈ ਅਤੇ ਇਹ ਅਜਿਹੀ ਸ਼੍ਰੇਣੀ ਬਣ ਜਾਂਦੀ ਹੈ ਜਿਸ ਨੂੰ ਪਦਾਰਥ ਰੂਪ 'ਚ ਤਹਿ ਨਹੀਂ ਕੀਤਾ ਜਾ ਸਕਦਾ।

ਦੁਨੀਆਂ ਦਾ ਇਤਿਹਾਸ ਜੰਗਾਂ ਤੋਂ ਉਨ੍ਹਾਂ ਦੇ ਵਿਚਕਾਰ ਦੇ ਅਰਸੇ ਦਾ ਇਤਿਹਾਸ ਰਿਹਾ ਹੈ। ਕਈ ਸਾਰੇ ਟਕਰਾਅ 'ਜੋ ਜੀਤਾ ਵਹੀ ਸਿਕੰਦਰ' ਦੇ ਅਸੂਲ ਦੇ ਅਧਾਰ 'ਤੇ ਹੱਲ ਕੀਤੇ ਗਏ ਹਨ। ਸਭ ਆਦਮੀਆਂ ਨੂੰ ਖ਼ਤਮ ਕਰ ਦਿਓ, ਔਰਤਾਂ ਤੇ ਬੱਚਿਆਂ ਨੂੰ ਕਬਜੇ 'ਚ ਲੈ ਲਓ ਅਤੇ ਦੁਸ਼ਮਣ ਦੀ ਜਾਇਦਾਦ ਲੁੱਟ ਲਓ। ਕਿਸੇ ਟਕਰਾਅ 'ਚ ਇਹ ਗੱਲ ਚਲਦੀ ਰਹੀ ਹੈ ਅਤੇ ਇੱਥੋਂ ਤੱਕ ਕਿ ਇਸ ਨੂੰ ਟਕਰਾਅ ਦਾ ਸਹੀ-ਸਹੀ ਅੰਤ ਸਮਝਿਆ ਜਾਂਦਾ ਰਿਹਾ ਹੈ। ਜੋ ਜ਼ਮੀਨ ਹਾਰਨ ਵਾਲੇ ਦੀ ਹੁੰਦੀ ਹੈ ਉਹ ਜੇਤੂ ਨੂੰ ਸੌਂਪ ਦਿੱਤੀ ਜਾਂਦੀ ਹੈ। ਇੱਕ ਵਾਰੀ ਜਦ ਜੰਗ ਦੇ ਅਜਿਹੇ ਨਿਯਮ ਤਹਿ ਹੋ ਗਏ ਤਾਂ ਜੇਤੂ ਚਾਹੇ ਕੋਈ ਵੀ ਹੋਵੇ ਇਨ੍ਹਾਂ ਅਸੂਲਾਂ ਨੂੰ ਚੁਣੌਤੀ ਦਿੱਤੀ ਹੀ ਨਹੀਂ ਗਈ। ਇਸ ਤਰ੍ਹਾਂ ਮਿਸਾਲ ਵਜੋਂ ਜੇਤੂ ਵੱਲੋਂ ਹਾਰੇ ਹੋਏ ਬੰਦੇ ਦੀ ਤਕਦੀਰ ਉਸੇ ਤਰ੍ਹਾਂ ਤਹਿ ਕੀਤੀ ਜਾਂਦੀ ਹੈ ਜਿਵੇਂ ਡੇਵਿਡ ਤੇ ਗੋਲੈਥ ਦੀ ਲੜਾਈ ਵਿਚ ਕੀਤੀ ਗਈ ਸੀ। ਅਜਿਹੇ ਕੇਸਾਂ 'ਚ ਨਿਆਂ ਲੱਭਣਾ ਮੁਸ਼ਕਲ ਸੀ ਪਰ ਜਿੱਤ ਨਹੀਂ ਸਹੀ ਮੰਨਿਆ

ਜਾਂਦਾ ਸੀ। ਮਰਿਆ ਹੋਇਆ ਇਸ ਨੂੰ ਅਪਰਾਧਿਕ ਅਨਿਆਂ ਵਜੋਂ ਨਹੀਂ ਵੇਖਦਾ ਸੀ ਬਲਕਿ ਜਿਸ ਜੀਵਨ ਸ਼ੈਲੀ 'ਚ ਉਸ ਦਾ ਜਨਮ ਹੋਇਆ ਸੀ ਉਸ ਦਾ ਲਾਜ਼ਮੀ ਹਿੱਸਾ ਸਮਝਦਾ ਸੀ ਜਿਵੇਂ ਉਹ ਇਸ ਲਈ ਸਹਿਮਤੀ ਦੇ ਚੁੱਕਿਆ ਹੋਵੇ ਜਾਂ ਇਸ ਸ਼ਰਤ ਨੂੰ ਮੰਨ ਕੇ ਹੀ ਚੱਲਿਆ ਹੋਵੇ। ਤਦ ਸ਼ਾਂਤੀ ਅਕਸਰ ਹੀ ਅਨਿਆਂਪੂਰਨ ਕਿਉਂ ਹੁੰਦੀ ਹੈ ਅਤੇ ਸ਼ਾਂਤੀ ਦੀ (ਅਣਦੇਖੀ) ਨਿਆਂ ਅਕਸਰ ਹੀ ਜੰਗ ਖੋਰ ਕਿਉਂ ਹੁੰਦੀ ਹੈ। ਇਸ ਪਿਛੋਕੜ ਵਿਚ ਜੰਗ ਤੋਂ ਪਿੱਛੋਂ ਸ੍ਰੀ ਲੰਕਾ ਵਿਚ 'ਨਿਆਂਪੂਰਨ ਸ਼ਾਂਤੀ' ਦੀ ਚਰਚਾ ਕੇਂਦਰ ਬਿੰਦੂ ਬਣ ਗਈ ਹੈ।

ਟਕਰਾਅ ਦਾ ਬੁਨਿਆਦੀ ਕਾਰਨ ਬਰਕਰਾਰ ਹੈ। ਲਿੱਟੇ ਦੀ ਹਾਰ ਪਿੱਛੋਂ ਜਿੱਤ ਦੇ ਜਸ਼ਨ ਵਿਚ ਅੰਨ ਕੌਮਪ੍ਰਸਤੀ ਚੜ੍ਹਤ ਵਿਚ ਹੈ। ਇਹ ਘੱਟ ਗਿਣਤੀਆਂ 'ਚ ਬੀਤੇ ਸਮੇਂ ਦੀਆਂ ਡਰਾਉਣੀਆਂ ਯਾਦਾਂ ਨੂੰ ਫਿਰ ਤਾਜ਼ਾ ਕਰ ਰਿਹਾ ਹੈ। ਸਮੱਸਿਆ ਦੇ ਰਾਜਸੀ ਹੱਲ ਦੀ ਇੱਛਾ ਸ਼ਕਤੀ ਨਹੀਂ ਹੈ। ਬਲਕਿ ਥੋੜ੍ਹੇ ਸਮੇਂ ਦੇ ਲਈ ਕੰਮ ਚਲਾਊ ਹੱਲ ਲੱਭਿਆ ਜਾ ਰਿਹਾ ਹੈ। ਜੰਗੀ ਅਪਰਾਧਾਂ ਲਈ ਕੋਈ ਵੀ ਜਵਾਬਦੇਹੀ ਨਹੀਂ ਲੈ ਰਿਹਾ ਹੈ ਅਤੇ ਯੁੱਧ ਦੇ ਆਖਰੀ ਦਿਨਾਂ ਦੀਆਂ ਘਟਨਾਵਾਂ ਬਾਰੇ ਅਤੇ ਲੜਾਕਿਆਂ, ਫ਼ੌਜੀਆਂ ਤੇ ਨਾਗਰਿਕਾਂ ਦੀਆਂ ਮੌਤਾਂ ਦੀ ਗਿਣਤੀ ਸਬੰਧੀ ਹਨੇਰੇ ਵਿਚ ਰੱਖਿਆ ਜਾ ਰਿਹਾ ਹੈ। ਵਿੰਡਬਨਾ ਇਹ ਹੈ ਕਿ ਜਦ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਐਲਾਨੇ ਗਏ ਤਾਂ ਵਿਰੋਧੀ ਧਿਰ ਤੇ ਕਿੰਨੇ ਹੀ ਬੰਦਿਆਂ, ਸੰਗਠਨਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਲੋਕਤੰਤਰ ਦੀ ਮੌਤ ਹੋ ਗਈ। ਕੀ ਇਨ੍ਹਾਂ 'ਚੋਂ ਕੋਈ ਵੀ ਸੱਚੇ ਮਨ ਨਾਲ ਵਿਸ਼ਵਾਸ ਕਰਦਾ ਹੈ ਕਿ ਦੇਸ਼ 'ਚ ਲੋਕਤੰਤਰ ਸੀ? ਜਦ ਨਿਰਦੋਸ਼ ਨਾਗਰਿਕ ਮਾਰੇ ਜਾ ਰਹੇ ਹਨ ਮੁੱਖ ਰਾਜਸੀ ਪਾਰਟੀਆਂ ਮੁੱਖਧਾਰਾ ਦੇ ਮੀਡੀਆ ਤੇ ਨਾਗਰਿਕ ਸਮਾਜ ਸੰਗਠਨਾਂ ਨੇ 'ਅੱਤਵਾਦ ਨਾਲ ਯੁੱਧ' ਦੇ ਨਾਂ ਹੇਠ ਇਸ ਸਬੰਧੀ ਚੁੱਪ ਧਾਰੀ ਰੱਖੀ ਸੀ। ਹੁਣ ਤੱਕ ਇਨ੍ਹਾਂ 'ਚੋਂ ਕਿਸੇ ਨੇ ਵੀ ਘਰੇਲੂ ਜੰਗ ਦੇ ਆਖ਼ਰੀ ਪੜਾਅ ਦੀਆਂ ਘਟਨਾਵਾਂ ਬਾਰੇ ਜਾਂਚ ਕਰਨ ਦੀ ਹਿੰਮਤ ਹੀ ਨਹੀਂ ਕੀਤੀ। ਪਰ ਹਰ ਕੋਈ ਰਾਸ਼ਟਰਪਤੀ ਅਹੁਦੇ ਦੀ ਚੋਣ ਲੜ ਰਹੇ ਦੋਨੋਂ ਲੜਾਕਿਆਂ (ਹਾਕਮ ਧਿਰ ਦੇ ਉਮੀਦਵਾਰ ਮਹਿੰਦਰਾ ਰਾਜਪਕਸ਼ੇ ਅਤੇ ਵਿਰੋਧੀ ਪਾਰਟੀਆਂ ਦੇ ਉਮੀਦਵਾਰ ਸ੍ਰੀ ਲੰਕਾ ਦੇ ਸਾਬਕਾ ਕਮਾਂਡਰ ਜਨਰਲ ਸ਼ਾਰਥ ਫਾਨਸੇਕਾ) ਦੀਆਂ ਖ਼ੂਬੀਆਂ ਦਾ ਵਰਨਣ ਕਰਨ 'ਚ ਵਧ ਚੜ੍ਹ ਕੇ ਹਿੱਸਾ ਲੈ ਰਿਹਾ ਸੀ ਅਤੇ ਇੱਕ ਜਾਂ ਦੂਜੇ ਉਮੀਦਵਾਰ ਦਾ ਪੱਖ ਲੈ ਰਿਹਾ ਸੀ। ਨਾਗਰਿਕ ਸਮਾਜ ਸੰਗਠਨ ਵੀ ਜੋ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਅਤੇ ਨਿਆਂ ਦੇ ਰਖਵਾਲੇ ਹੋਣ ਦਾ ਦਾਅਵਾ ਕਰਦੇ ਹਨ, ਇੱਕ ਜਾਂ ਦੂਜੇ ਯੁੱਧ ਅਪਰਾਧੀ ਕੀ ਹਮਾਇਤਾਂ ਕਰ ਰਹੇ ਸਨ। ਇਸ ਅਮਲ ਵਿਚ ਉਹ ਜਿਸ ਉਮੀਦਵਾਰ ਦੀ ਹਮਾਇਤ ਕਰ ਰਹੇ ਸਨ। ਉਸ ਦੇ ਯੁੱਧ ਅਪਰਾਧਾਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਜੋ ਦੋਸ਼ ਪਹਿਲਾਂ ਲਾਏ ਜਾਂਦੇ ਸਨ, ਉਨ੍ਹਾਂ ਨੇ ਉਸ ਨੂੰ ਮੁਆਫ਼ ਕਰ ਦਿੱਤਾ ਗਿਆ ਅਤੇ ਉਸ 'ਤੇ ਪਵਿੱਤਰਤਾ ਦਾ ਮੁਲੰਮਾ ਚੜ੍ਹਾ ਦਿੱਤਾ ਗਿਆ। ਉਹ ਕਿਸ ਤਰ੍ਹਾਂ ਦੇ ਨਿਆਂ ਦੀ ਗੱਲ ਕਰ ਰਹੇ ਸਨ? ਇਸ ਤੋਂ ਵੱਧ ਕੇ ਬੁਨਿਆਦੀ ਸਵਾਲ ਇਹ ਹੈ ਕਿ ਕਿਸ ਦੇ ਲਈ ਨਿਆਂ ਦੀ ਗੱਲ ਕਰ ਰਹੇ ਸਨ? ਯੁੱਧ 'ਚ ਸ਼ਾਮਲ ਪੱਖਾਂ ਲਈ ਜਾਂ ਸਰਕਾਰ ਵੱਲੋਂ ਘੜੇ ਸਮਝੌਤਿਆਂ ਨਾਲ ਪੀੜਤ ਲੋਕਾਂ ਲਈ? ਅਸੀਂ ਜਿਸ ਦੁਨੀਆਂ ਵਿਚ ਰਹਿੰਦੇ ਹਾਂ ਉਸ ਵਿਚ ਸਰਕਾਰੀ ਤੇ ਗ਼ੈਰ ਸਰਕਾਰੀ ਸੰਗਠਨਾਂ ਵਿਚਕਾਰ ਸਬੰਧ ਪੱਖਪਾਤੀ

ਹੁੰਦਾ ਹੈ। ਇਹ ਦੋ ਤਰ੍ਹਾਂ ਨਾਲ ਕੰਮ ਕਰਦਾ ਹੈ। ਹਰੇਕ ਪੱਖ ਚੀਜ਼ਾਂ ਨੂੰ ਸਿਰਫ਼ ਆਪਣੇ ਨਜ਼ਰੀਏ ਨਾਲ ਵੇਖਣ ਦੀ ਕੋਸ਼ਿਸ਼ ਕਰਦਾ ਹੈ ਅਤੇ ਅਜਿਹਾ ਕੋਈ ਨਿਰਪੱਖ ਜੱਜ ਨਹੀਂ ਹੈ ਜਿਸ ਕੋਲ ਇਹ ਪਰਖਣ ਦਾ ਅਧਿਕਾਰ ਹੋਵੇ ਕਿ ਕੀ ਠੀਕ ਹੈ ਅਤੇ ਉਸ ਨੂੰ ਆਪਣੇ ਫੈਸਲੇ ਨੂੰ ਸਭ ਪੱਖਾਂ 'ਤੇ ਲਾਗੂ ਕਰ ਸਕਣ ਦਾ ਅਧਿਕਾਰ ਤਾਂ ਹੋਰ ਵੀ ਨਹੀਂ ਹੈ। ਬ੍ਰਿਟਿਸ਼ ਫਿਲਾਸਫਰ ਹਾਬਸ ਦੇ ਰਚੇ ਬ੍ਰਾਹਮੰਡ 'ਚ ਸਿਰਫ਼ ਲੇਵਿਆਧਨ (ਨਰਕ ਦਾ ਦਰਵਾਜ਼ਾ) ਹੀ ਤਹਿ ਕਰ ਸਕਦਾ ਹੈ ਕਿ ਠੀਕ ਕੀ ਹੈ ਅਤੇ ਇਸ ਲਈ ਇਹ ਮਨਚਾਹਿਆ ਫੈਸਲਾ ਹੀ ਹੋ ਸਕਦਾ ਹੈ। ਸ੍ਰੀ ਲੰਕਾ ਦੇ ਪ੍ਰਸੰਗ 'ਚ ਹਰੇਕ ਪੱਖ ਨਿਆਂ ਦੀ ਧਾਰਨਾ ਬਾਰੇ ਆਪਣੇ ਹੀ ਦਾਅਵੇ ਅਤੇ ਲਾਜ਼ਮੀ ਹੀ ਆਪਣੇ ਖ਼ੁਦ ਦੇ ਹਿੱਤ ਵਿੱਚ ਜ਼ੋਰ ਦਿੰਦਾ ਹੈ। ਜੇ ਇਹ ਪੱਖ ਹਥਿਆਰਬੰਦ ਹੋਵੇ ਤਾਂ ਇਹ ਦਾਅਵਾ ਜੰਗ ਲਈ ਬਾਲਣ ਦਾ ਕੰਮ ਕਰਦਾ ਹੈ। ਸਥਾਪਿਤ ਪ੍ਰਬੰਧ ਨੂੰ ਬਣਾਈ ਰੱਖਣ ਲਈ ਘੋਰ ਅਨਿਆਂ ਨੂੰ ਮੁਆਫ਼ ਕਰ ਦਿੱਤਾ ਜਾਂਦਾ ਹੈ। ਇਹ ਗੋਥੇ ਦੇ ਇਸ ਕਥਨ ਦੀ ਯਾਦ ਤਾਜ਼ਾ ਕਰਦਾ ਹੈ ਕਿ ਅਵਿਵਸਥਾ ਤੋਂ ਬੇਹਤਰ ਅਨਿਆਂ ਹੈ" ਇਹ ਸਭ ਸੱਜੇ ਪੱਖੀ ਬੁਲਾਰਿਆਂ ਦਾ ਸਦੀਵੀ ਮੰਤਰ ਪ੍ਰਤੀਤ ਹੁੰਦਾ ਹੈ ਅਤੇ ਅੱਜ ਸ੍ਰੀ ਲੰਕਾ 'ਚ ਇਸ 'ਤੇ ਸ਼ਰੇਆਮ ਅਮਲ ਹੋ ਰਿਹਾ ਹੈ। ਅਨਿਆਂ ਤੇ ਹਿੰਸਾ ਦੋਨਾਂ ਬਗ਼ੈਰ ਸੰਸਾਰਕ ਪ੍ਰਬੰਧ ਸਥਾਪਤ ਕਰਨਾ ਦੁਰਲੱਭ ਚੀਜ਼ ਹੈ। ਜੇ ਦੂਜੇ ਪੱਖ 'ਤੇ ਜਿੱਤ ਪਿੱਛੋਂ ਟਕਰਾਅ ਦੇ ਮੂਲ ਕਾਰਨਾਂ ਦਾ ਹੱਲ ਖੋਜਣ ਅਤੇ ਯੁੱਧਮਈ ਗਰੁੱਪਾਂ ਲਈ ਸੰਤੋਸ਼ ਜਨਕ ਨਾ ਸਹੀ ਪਰ ਮੰਨਯੋਗ ਸਮਝੌਤੇ 'ਤੇ ਪਹੁੰਚਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਤਾਂ ਸ਼ਾਂਤੀ ਦੁਰਲੱਭ ਬਣੀ ਰਹੇਗੀ। ਅਨਿਆਂ ਦਾ ਅਹਿਸਾਸ ਫਿਰ ਤੋਂ ਹਿੰਸਾ ਦੀ ਸ਼ੁਰੂਆਤ ਲਈ ਲੋੜੀਂਦਾ ਹੋਵੇਗਾ। ਜਦ ਮੂਲ ਸਮੱਸਿਆ ਦੇ ਹੱਲ ਦਾ ਕੋਈ ਮੰਨਣਯੋਗ ਤਰੀਕਾ ਨਜ਼ਰ ਨਹੀਂ ਆ ਰਿਹਾ ਹੈ ਤਾਂ ਵੀ 'ਨਿਆਂਪੂਰਨ ਸ਼ਾਂਤੀ' ਦੀ ਧਾਰਨਾ ਅੱਗੇ ਵਧ ਸਕਦੀ ਹੈ।

ਜਿਵੇਂ ਕਿ ਏਡਵਰਡ ਸਈਦ ਨੇ ਕਿਹਾ ਹੈ "ਇਸ ਵਿਚ ਕੋਈ ਸ਼ੱਕ ਨਹੀਂ ਕਿ, ਮਿਸਾਲ ਵਜੋਂ ਉਹ ਲੋਕ ਜਿਸ ਦੇ ਆਤਮ ਨਿਰਣੇ ਦੇ ਅਧਿਕਾਰ ਨੂੰ ਇਸ ਲਈ ਮਾਨਤਾ ਨਹੀਂ ਦਿੱਤੀ ਗਈ ਕਿਉਂਕਿ ਉਹ ਫ਼ੌਜ ਜਾਂ ਸਾਮਰਾਜ ਦੇ ਕਬਜੇ ਹੇਠ ਹੈ ਅਤੇ ਜਿਸ ਨੇ ਆਤਮ-ਨਿਰਣੇ ਦਾ ਅਧਿਕਾਰ ਹਾਸਲ ਕਰਨ ਲਈ ਲੰਮੇ ਸਮੇਂ ਤੱਕ ਸੰਘਰਸ਼ ਕੀਤਾ ਹੈ। ਉਸ ਨੂੰ ਸਿਧਾਂਤਕ ਤੌਰ ਤੇ ਉਹੋ ਜਿਹੀ ਸ਼ਾਂਤੀ ਦਾ ਅਧਿਕਾਰ ਹੈ ਜੋ ਮੁਕਤੀ ਦੇ ਸਿੱਟੇ ਵਜੋਂ ਹਾਸਲ ਹੋਈ ਹੋਵੇ। ਨਿਆਂਪੂਰਨ ਸ਼ਾਂਤੀ ਦੇ ਬਿਆਨ ਦੇ ਜੋ ਅਰਥ ਹੋ ਸਕਦੇ ਹਨ, ਉਸ ਵਿਚ ਕਸੂਰ ਕੱਢਣਾ ਮੁਸ਼ਕਲ ਹੈ। ਪ੍ਰੰਤੂ ਇਸ ਉਲਟ ਅਰਥ ਸ਼ਾਇਦ ਵੱਧ ਦਰਦ, ਵੱਧ ਵਿਨਾਸ਼, ਵੱਧ ਵਿਗਾੜ ਅਤੇ ਇੱਕ ਪੀੜਤ ਕੌਮੀਅਤ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਵੀ ਤਾਂ ਹੋ ਸਕਦਾ ਹੈ ਜੋ ਆਪਣੇ ਦੁਸ਼ਮਣ ਤੇ ਅੰਦਰੂਨੀ ਵਿਰੋਧੀਆਂ ਤੋਂ ਬਹੁਤ ਜ਼ਿਆਦਾ ਕੀਮਤ ਵਸੂਲਣ ਲਈ ਤਿਆਰ ਹੋਵੇ ਤਾਂ ਕਿ ਉਹ ਨਿਆਂ 'ਤੇ ਸ਼ਾਂਤੀ ਹਾਸਲ ਕਰ ਸਕੇ।

ਇਸ ਲਈ ਕੌਮੀਅਤਾਂ ਦੇ ਆਤਮ ਨਿਰਣੇ ਦਾ ਅਧਿਕਾਰ ਕੌਮੀ ਅੰਤਰ ਵਿਰੋਧਾਂ ਦੇ ਸ਼ਾਂਤੀਪੂਰਨ ਹੱਲ ਲਈ ਅਧਾਰ ਮੁਹੱਈਆ ਕਰਦਾ ਹੈ। ਇਹੀ ਸ੍ਰੀ ਲੰਕਾ 'ਚ ਰਾਜਸੀ ਹੱਲ ਦਾ ਟਿਕਾਊ ਰਾਹ ਪ੍ਰਤੀਤ ਹੁੰਦਾ ਹੈ। ਜੰਗ ਪਿੱਛੋਂ ਸ੍ਰੀ ਲੰਕਾ ਇੱਕ ਐਸੀ ਥਾਂ ਲੱਗਦਾ ਹੈ ਜਿੱਥੇ ਤਾਂ ਨਹੀਂ ਥਾਂ ਨਹੀਂ ਹੈ ਪਰ ਜੰਗ ਗ੍ਰਸਿਤ ਅਤੀਤ ਦੇ ਸਾਰੇ ਪਹਿਲੂ, ਰੁਝਾਨ ਤੇ ਮਾਨਸਿਕਤਾ ਮੌਜੂਦ ਹੈ। ਅਤੀਤ ਤੋਂ ਨਾਤਾ ਤੋੜਨ ਦੀ ਇੱਛਾ

ਸ਼ਕਤੀ ਨਹੀਂ ਦਿਸਦੀ। ਅਸੀਂ ਵਰਤਮਾਨ ’ਚ ਬੀਤੇ ਦਿਨਾਂ ਨੂੰ ਵੇਖ ਰਹੇ ਹਾਂ। ਯੁੱਧ ਪਿੱਛੋਂ ਸ੍ਰੀ ਲੰਕਾ ਸੰਸਾਰੀਕਰਨ ਵੱਲ ਪੂਰੀ ਰਫ਼ਤਾਰ ਨਾਲ ਦੌੜਨ ਲਈ ਤਿਆਰ ਹੈ। ਉਹ ਕੌਮਪ੍ਰਸਤੀ ਦੇ ਮਖੌਟੇ ’ਚ ਨਵ-ਬਸਤੀਵਾਦੀਕਰਨ ਨੂੰ ਪੂਰੇ ਜ਼ੋਰ ਨਾਲ ਠੋਸਣ ਲਈ ਤਿਆਰ ਹੈ। ਜਦ ਬਜ਼ਾਰ ਦੀ ਸਰਵਉੱਚ ਤਰਜੀਹ ਹੋ ਜਾਵੇਗੀ ਤਦ ਸ੍ਰੀ ਲੰਕਾ ਦੇ ਪੇਂਡੂ ਖੇਤਰ ਦੇ ਪਾਣੀ ’ਚ ਸ਼ਿਕਾਰ ਲਈ ਤਕਨੀਕ ਤੇ ਆਧੁਨਿਕਤਾ ਦਾ ਜ਼ੋਰ ਵਧੇਗਾ ਤਾਂ ਇਸ ਨੂੰ ਵਿਕਾਸ ਕਿਹਾ ਜਾਵੇਗਾ ਤਾਂ ਕਿ ਨਿਆਂ ਤੇ ਸ਼ਾਂਤੀ ਲਈ ਦਲੀਲਬਾਜ਼ੀ ਦੀ ਗੁੰਜਾਇਸ਼ ਹੀ ਨਾ ਰਹੇ। ‘ਨਿਆਂਪੂਰਨ ਸ਼ਾਤੀ’ ਸ਼ਾਤੀ ਦੀ ਧਾਰਨਾ ਨੂੰ ਰੱਦੀ ਦੀ ਟੋਕਰੀ ’ਚ ਸੁੱਟਣਾ ਹੀ ਚੰਗਾ ਹੈ। ਸ਼ਾਤੀ ਦੀ ਗੱਲ ਕਰਨ ਲਈ ਪੰਜ ਤਾਰਾ ਹੋਟਲਾਂ ’ਚ ਸੈਮੀਨਾਰਾਂ, ਸੰਮੇਲਨਾਂ ਤੇ ਵਰਕਸ਼ਾਪਾਂ ਕਰਨ ਲਈ ਐਨ. ਜੀ. ਓ. ਤੋਂ ਬੇਹਤਰ ਸਾਧਨ ਹੋਰ ਕਿਸ ਪਾਸ ਹੈ? ਦਾਨ ਦਾਤਾ ਇਹ ਯਕੀਨੀ ਬਣਾ ਦੇਣਗੇ ਕਿ ਇਨ੍ਹਾਂ ਦੀ ਰਿਪੋਰਟ ਚਮਕੀਲੇ ਕਾਗਜ਼ਾਂ ’ਤੇ ਛਪੇ ਤਾਂ ਕਿ ਸ੍ਰੀ ਲੰਕਾ ’ਚ ਸ਼ਾਂਤੀ ਵੀ ਚਮਕੀਲੇ ਕਾਗਜ਼ਾਂ ’ਤੇ ਆਵੇ। ਸ਼ਾਂਤੀ ਲਈ ਸਭ ਗੱਲਾਂ ਆਪਣੇ ਸੁਆਰਥ ਦੇ ਆਧਾਰ ’ਤੇ ਕੀਤੀਆਂ ਜਾਂ ਰਹੀਆਂ ਹਨ ਇਸ ਤੋਂ ਵੱਧ ਕੁਝ ਨਹੀਂ।

# ਪੁਲਸ 'ਚ ਵੀ ਅਪਰਾਧੀ ਘੱਟ ਨਹੀਂ

ਪੁਲਸੀਆ ਭਰਿਸ਼ਟਾਚਾਰ 'ਤੇ ਅਧਾਰਤ ਕੋਈ ਸਿਨੇਮਾ ਵੇਖੋ ਜਾਂ ਫਿਰ ਹਰਿਆਣੇ ਦੀ ਸਪੈਸ਼ਲ ਟਾਸਕ ਫੋਰਸ (STF) ਦੇ ਮੁਲਤਵੀ ਕੀਤੇ ਵਧੀਕ ਪੁਲਸ ਕਮਿਸ਼ਨਰ ਅਸ਼ੋਕ ਸ਼ਿਯੌਰਾਨ ਦੇ ਅਪਰਾਧਿਕ ਇਤਿਹਾਸ ਦੇ ਪੰਨੇ ਪਲਟੀਏ, ਦੋਨੋਂ ਇੱਕੋ ਜਿਹੇ ਲਗਦੇ ਹਨ। ਫਿਲਮਾਂ 'ਚ ਰਾਹਤ ਏਨੀ ਰਹਿੰਦੀ ਹੈ ਕਿ ਉਸ 'ਚ ਘੱਟੋ-ਘੱਟ ਲੋਕਤੰਤਰ ਦਾ ਇੱਕ ਪਾਏਦਾਨ ਸਾਫ਼ ਸੁਥਰਾ ਵਿਖਾਇਆ ਜਾਂਦਾ ਹੈ, ਪਰ ਉਥੇ ਤਾਂ ਪੁਲਸ ਭਰਿਸ਼ਟਾਚਾਰ ਦੀ ਦਲਦਲ ਸਰਕਾਰ ਤੇ ਪ੍ਰਸ਼ਾਸਨ ਅੰਦਰ ਡੂੰਘਾਈ ਤੱਕ ਫੈਲੀ ਹੋਈ ਹੈ। ਪੁਲਸ ਵਿਭਾਗ ਦੇ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਹਰਿਆਣਾ ਦੇ ਪੁਲਿਸ ਮਹਾਂਨਿਰਦੇਸ਼ਕ ਆਰ. ਐਸ. ਦਲਾਲ ਨੇ ਖੁਦ 2008 'ਚ 15 ਮੈਂਬਰੀ ਐਸ. ਟੀ. ਐਫ. ਦਾ ਗਠਨ ਕੀਤਾ ਸੀ ਜਿਸ 'ਚ ਹਾਲ ਦੀ ਘੜੀ ਅੱਠ ਸਸਪੈਂਡ ਅਤੇ ਪੁਲਸ ਹਿਰਾਸਤ ਵਿਚ ਹਨ ਜਿਨ੍ਹਾਂ ਦਾ ਸਰਗਨਾ ਅਸ਼ੋਕ ਸ਼ਯੋਰਾਣ ਹਨ। ਪਾਣੀਪਤ ਦੇ ਇੱਕ ਸ਼ੇਅਰ ਦਲਾਲ ਦੇ ਘਰ ਡਕੈਤੀ ਤੇ ਗਹਿਣਿਆਂ ਦੇ ਵਪਾਰੀ ਤੋਂ ਉਗਰਾਹੀ ਦੇ ਦੋਸ਼ ਵਿਚ ਫੜੇ ਗਏ ਅਸ਼ੋਕ ਸ਼ਯੋਰਣ ਹਰਿਆਣਾ ਪੁਲਸ ਦੇ ਉਸ ਐਸ. ਟੀ. ਐਫ. ਦੇ ਮੁਖੀ ਰਹੇ ਹਨ ਜਿਸ ਦਾ ਗਠਨ ਸਰਕਾਰੀ ਦੀ ਜਾਣਕਾਰੀ ਤੇ ਇਜਾਜ਼ਤ ਬਿਨ੍ਹਾਂ ਹੋਇਆ ਸੀ। ਐਸ. ਟੀ. ਐਫ. ਨੂੰ ਭੰਗ ਕਰਨ ਪਿੱਛੋਂ ਸਰਕਾਰ ਨੇ ਇਹ ਸਫ਼ਾਈ ਉਦੋਂ ਦਿੱਤੀ ਜਦ ਸ਼ਯੋਰਾਣ ਐਸ. ਟੀ. ਐਫ ਰਾਹੀਂ ਡਕੈਤੀ, ਹੱਤਿਆ, ਫਿਰੌਤੀ, ਫਰਜ਼ੀ ਮੁਠਭੇੜ ਅਤੇ ਝੂਠੀ ਬਰਾਮਦਗੀ ਵਰਗੇ ਅਪਰਾਧਾਂ ਵਿਚ ਪੂਰੀ ਟੀਮ ਨੂੰ ਲੈ ਡੁਬਿਆ ਸੀ। ਇਹ ਉਹੀ ਅਧਿਕਾਰੀ ਹੈ ਜਿਸ ਦੇ ਰਿਵਾਲਵਰ ਨਾਲ ਦਿੱਲੀ ਪੁਲਸ ਦੇ ਮੁਕਾਬਲਿਆਂ ਦੇ ਮਾਹਰ ਅਤੇ ਸੰਸਦ 'ਤੇ ਹਮਲੇ ਦੀ ਜਾਂਚ 'ਚ ਖਾਸੇ ਚਰਚਾ 'ਚ ਰਹੇ ਐਸ. ਪੀ. ਰਾਜਵੀਰ ਸਿੰਘ ਦੀ ਗੜਗਾਓਂ 'ਚ ਹੱਤਿਆ ਹੋਈ ਸੀ। ਸਰਕਾਰੀ ਫ਼ੋਨ, ਗੱਡੀ, ਹਥਿਆਰ ਤੇ ਜ਼ਰੂਰਤ ਪੈਣ 'ਤੇ ਸਿਵਲ ਪੁਲਸ ਦੇ ਬਲਬੂਤੇ ਬਿਨ੍ਹਾਂ ਵਰਦੀ ਦੀ ਪੁਲਸ ਨੂੰ ਮਾਫ਼ੀਆ ਗੈਂਗ ਬਣਾ ਕੇ ਸੰਗਠਿਤ ਅਪਰਾਧ ਕਰਾਉਣ ਵਾਲੇ ਸ਼ਯੋਰਾਣ ਦੇ ਕਾਰਨਾਮਿਆਂ ਦੀ ਜਾਣਕਾਰੀ ਪੁਲਸ ਉੱਚ ਅਧਿਕਾਰੀਆਂ ਨੂੰ ਨਹੀਂ ਹੋਵੇਗੀ ਅਤੇ ਸਰਕਾਰ ਇਸ ਬਾਰੇ ਅਣਜਾਣ ਹੋਵੇਗੀ, ਇਹ ਸੰਭਵ ਨਹੀਂ ਲਗਦਾ। ਹਰਿਆਣਾ ਵਿਚ ਤਾਂ ਸਰਕਾਰ ਨੇ ਐਸ. ਟੀ. ਐਫ. ਜਾਂ ਏ. ਟੀ. ਐਸ. (ਐਂਟੀ ਟੇਰਿਸਟ ਸੁਕਾਡ) ਬਣਾਉਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਸੀ ਪਰ ਜਿਥੇ ਸਰਕਾਰਾਂ ਵਿਸ਼ੇਸ਼ ਤਰ੍ਹਾਂ ਦੇ ਅਪਰਾਧਾਂ ਨੂੰ ਕਾਬੂ ਕਰਨ ਲਈ ਬਕਾਇਦਾ ਪੁਲਸ ਵਿਭਾਗ ਨੂੰ ਐਸੀ ਸ਼ਾਖਾ ਦੇ ਗਠਨ ਦਾ ਹੁਕਮ ਦਿੰਦੀ ਹੈ। ਉਥੇ ਵੀ ਇਸ ਤੋਂ ਵੱਖਰਾ ਕੁਝ ਨਹੀਂ ਹੁੰਦਾ। ਬਿਨ੍ਹਾਂ ਵਰਦੀ ਇਹ ਪੁਲਸ, ਜਿਸ ਦੇ ਗਠਨ ਦੀ ਕੋਈ ਸੰਵਿਧਾਨਕ ਵਿਵਸਥਾ ਨਹੀਂ ਹੈ। ਬੁਨਿਆਦੀ ਤੌਰ 'ਤੇ ਸੱਤਾਧਾਰੀ ਪਾਰਟੀ ਲਈ ਗੁੰਡਾ ਗਰੋਹ ਦਾ ਹੀ ਕੰਮ ਕਰਦੀ ਹੈ। ਉਤਰ ਪ੍ਰਦੇਸ਼ 'ਚ ਭਾਜਪਾ-ਬਸਪਾ ਗਠਜੋੜ 'ਚ ਜਦ ਮਾਇਆਵਤੀ 1997 'ਚ ਮੁੱਖ ਮੰਤਰੀ ਸੀ ਤਾਂ ਸਾਬਕਾ ਭਾਜਪਾ ਨੇਤਾ ਕਲਿਆਣ ਸਿੰਘ ਦੀ ਸਿਫਾਰਸ਼ 'ਤੇ ਮਾਫ਼ੀਆ ਸ੍ਰੀ ਪ੍ਰਕਾਸ਼ ਸ਼ੁਕਲਾਂ ਨੂੰ ਗ੍ਰਿਫ਼ਤਾਰ ਕਰਨ ਲਈ ਐਸ. ਟੀ. ਐਫ. ਸਰਕਾਰੀ ਹਵਾਈ ਸੇਵਾ ਰਾਹੀਂ ਪਟਨਾ ਪੁੱਜੀ ਸੀ। ਇਹ ਘਟਨਾ ਭਾਰਤ ਦੇ ਇਤਿਹਾਸ 'ਚ ਪਹਿਲੀ ਵਾਰੀ ਹੋਈ। ਇਸ ਤੋਂ ਠੀਕ ਇੱਕ ਸਾਲ

ਬਾਅਦ 23 ਸਤੰਬਰ 1998 ਨੂੰ ਕਲਿਆਣ ਸਿੰਘ ਨੇ ਉਤਰ ਪ੍ਰਦੇਸ਼ ਵਿਧਾਨ ਸਭਾ ਦੀ ਵਿਸ਼ੇਸ਼ ਬੈਠਕ ਸਿਰਫ਼ ਇਸ ਲਈ ਬੁਲਾਈ ਕਿ ਉਹ ਸ੍ਰੀ ਪ੍ਰਕਾਸ਼ ਸ਼ੁਕਲਾ ਦੇ ਮਾਰੇ ਜਾਣ ਅਤੇ ਐਸ. ਟੀ. ਐਫ. ਦੀ ਬਹਾਦਰੀ ਦਾ ਵਰਨਣ ਕਰ ਸਕਣ।

ਭਾਰਤ 'ਚ ਸਾਰੇ ਸੂਬੇ ਕਨੂੰਨ-ਪ੍ਰਬੰਧ ਦੀਆਂ ਵਿਸ਼ੇਸ਼ ਸਮੱਸਿਆਵਾਂ ਨਾਲ ਨਿਪਟਣ ਲਈ ਐਸ. ਟੀ. ਐਫ., ਏ. ਟੀ. ਐਸ. ਜਾਂ ਇਸ ਤਰ੍ਹਾਂ ਦੀ ਕਿਸੇ ਪੁਲਸ ਫੋਰਸ ਦਾ ਗਠਨ ਕਰ ਲੈਂਦੇ ਹਨ। ਗੁੰਡਾਗਰਦੀ ਤੇ ਫਿਰੌਤੀ ਦੇ ਵਧਦੇ ਗਿਰਾਫ਼ ਨੂੰ ਰੋਕਣ ਲਈ ਸਭ ਤੋਂ ਪਹਿਲਾਂ ਇਸ ਅਧਿਕਾਰ ਦੀ ਵਰਤੋਂ ਉੱਤਰ ਪ੍ਰਦੇਸ਼ ਨੇ ਕੀਤੀ। ਉਸ ਪਿੱਛੋਂ ਕਰਨਾਟਕ ਤੇ ਤਾਮਿਲਨਾਡੂ 'ਚ ਡਕੈਤਾਂ ਤੇ ਚੰਦਨ ਦੇ ਤਸਕਰਾਂ ਨਾਲ ਨਿਪਟਣ ਲਈ ਐਸ. ਟੀ. ਐਫ. ਦਾ ਗਠਨ ਕੀਤਾ ਗਿਆ ਹੈ। ਉਥੇ ਮੁੰਬਈ 'ਚ ਮਾਫ਼ੀਆ ਦੀ ਵਧਦੀ ਪੈਂਠ ਨੂੰ ਰੋਕਣ ਲਈ ਅਤੇ ਅੰਡਰਵਰਲਡ ਨਾਲ ਮਿਲੀਭੁਗਤ ਨੂੰ ਤਹਿਸ ਨਹਿਸ ਕਰਨ ਦੇ ਮਕਸਦ ਨਾਲ 1990 'ਚ ਏ. ਟੀ. ਐਸ. ਬਣੀ। ਪਰ ਗਠਨ ਤੋਂ ਇੱਕ ਸਾਲ ਪਿੱਛੋਂ ਹੀ ਮੁੰਬਈ ਏ. ਟੀ. ਐਸ. ਅਪਰਾਧ ਤੇ ਕਤਲੇਆਮ ਲਈ ਮਸ਼ਹੂਰ ਹੋ ਗਈ। ਏ. ਟੀ. ਐਸ. ਦੀ ਨੀਂਹ ਮੁੰਬਈ ਪੁਲਸ ਨੇ ਮੌਜੂਦਾ ਵਧੀਕ ਪੁਲਸ ਕਮਿਸ਼ਨਰ ਏ. ਕੇ. ਖਾਨ ਨੇ ਰੱਖੀ। ਏ. ਟੀ. ਐਸ. ਦੇ ਗਠਨ ਦੀ ਪ੍ਰੇਰਣਾ ਖਾਨ ਸਾਹਿਬ ਨੂੰ ਲਾਸ ਏਂਜਲਿਸ ਦੀ ਪੁਲਿਸ ਡਿਪਾਰਟਮੈਂਟ ਸਪੈਸ਼ਲ ਵੈਪੰਸ ਐਂਡ ਟੈਕਟਿਕਸ ਫੋਰਸ ਤੋਂ ਮਿਲੀ ਸੀ।

ਦੁਨੀਆਂ ਦੀ ਪੱਧਰ ਤੇ ਵੇਖੀਏ ਤਾਂ ਐਸ. ਟੀ. ਐਫ. ਦਾ ਗਠਨ ਸਭ ਤੋਂ ਪਹਿਲਾਂ ਸ੍ਰੀਲੰਕਾ ਵਿਚ 1983 'ਚ ਕੀਤਾ ਗਿਆ। ਫੌਜ ਤੋਂ ਵਿਸ਼ੇਸ਼ ਕਿਸਮ ਦੀ ਟ੍ਰੇਨਿੰਗ ਹਾਸਲ ਇਨ੍ਹਾਂ ਪੁਲਿਸ ਦੇ ਜਵਾਨਾਂ ਦਾ ਮੁੱਖ ਕੰਮ ਇੱਥੋਂ ਦੇ ਅੱਤਵਾਦੀ ਸੰਗਠਨ ਲਿੱਟੇ ਦੇ ਲੜਾਕਿਆਂ ਨਾਲ ਮੁਕਾਬਲਾ ਕਰਨਾ ਸੀ। ਇਨ੍ਹਾਂ ਦੀ ਖਾਸੀਅਤ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ 2008 'ਚ ਮੁਕੰਮਲ ਹੋਈਆਂ ਬੀਜਿੰਗ ਉਲੰਪਿਕ ਖੇਡਾਂ ਦੌਰਾਨ ਅੱਤਵਾਦੀ ਹਮਲਿਆਂ ਦੇ ਮੱਦੇਨਜ਼ਰ ਚੀਨ ਨੇ ਸੁਰੱਖਿਆ ਲਈ ਸ੍ਰੀ ਲੰਕਾ ਦੀ ਐਸ. ਟੀ. ਐਫ਼ ਤੋਂ ਮੱਦਦ ਲਈ ਸੀ। ਮੁੰਬਈ ਐਸ. ਟੀ. ਐਫ. ਦੀ ਗੱਲ ਕਰੀਏ ਤਾਂ ਸਿਰਫ਼ 30 ਤੋਂ 35 ਪੁਲਿਸ ਫੋਰਸ ਦੀ ਸਮਰਥਾ ਵਾਲੀ ਇਸ ਵਿੰਗ ਦੀ ਵਜ੍ਹਾ ਨਾਲ ਪੁਲਿਸ ਤੇ ਸਰਕਾਰ ਦੋਨਾਂ ਦੀ ਏਨੀ ਫਜੀਹਤ ਹੋਈ ਕਿ ਏ. ਟੀ. ਐਸ. ਨੂੰ ਜਨਵਰੀ 1993 'ਚ ਭੰਗ ਕਰ ਦਿੱਤਾ ਗਿਆ ਅਤੇ ਏ. ਕੇ. ਖਾਨ ਨੂੰ ਨਕਸਲਵਾਦ ਵਿਰੋਧੀ ਸ਼ਾਖਾ ਦਾ ਮੁਖੀ ਬਣਾ ਕੇ ਨਾਗਪੁਰ ਭੇਜ ਦਿੱਤਾ ਗਿਆ। ਭੰਗ ਕੀਤੇ ਜਾਣ ਦੇ ਦੂਜੇ ਮਹੀਨੇ ਮਾਰਚ 1993 'ਚ ਹੀ 12 ਤਰੀਖ ਨੂੰ ਮੁੰਬਈ ਧਮਾਕਾ ਹੋਇਆ ਅਤੇ ਫੋਰਸ ਦੇ ਹਮਾਇਤੀਆਂ ਨੇ ਦੋ ਟੁਕ ਕਿਹਾ ਕਿ ਜੇ ਏ. ਟੀ. ਐਸ. ਹੁੰਦੀ ਤਾਂ ਧਮਾਕੇ ਨੂੰ ਰੋਕਿਆ ਜਾ ਸਕਦਾ ਸੀ। ਹਾਲਾਂਕਿ ਇਸ ਦਾਅਵੇਦਾਰੀ ਦੀ ਪੋਲ ਪਿਛਲੇ ਮੁੰਬਈ ਹਮਲੇ 'ਚ ਖੁੱਲ੍ਹ ਗਈ ਜਦ ਏ. ਟੀ. ਐਸ. ਦਾ ਦੁਬਾਰਾ ਗਠਨ ਕਰ ਦਿੱਤਾ ਗਿਆ ਸੀ। ਏਨੇ ਗੰਭੀਰ ਮਾਮਲੇ ਵਿਚ ਵੀ ਹੁਣ ਤੱਕ ਪੁਲਿਸ ਨੂੰ ਐਸਾ ਕੋਈ ਅਹਿਮ ਸੁਰਾਗ ਹੱਥ ਨਹੀਂ ਲੱਗਿਆ ਜਿਸ ਨਾਲ ਕਿਹਾ ਜਾ ਸਕੇ ਕਿ ਅਗਲੇ ਹਮਲੇ ਨੂੰ ਰੋਕ ਸਕਣ ਵਿਚ ਪੁਲਸ ਫੋਰਸ ਯੋਗ ਹੋਵੇਗੀ। 26/11 ਨੂੰ ਡੇਢ ਸਾਲ ਪੂਰੇ ਹੋ ਗਏ ਪਰ ਇਸ ਦੌਰਾਨ ਅਪਰਾਧੀਆਂ ਨੂੰ ਪਕੜਨ ਦੇ ਮੁਕਾਬਲੇ ਮੁੰਬਈ ਏ. ਟੀ. ਐਸ. ਵਿਵਾਦਾਂ 'ਚ ਵੱਧ ਘਿਰੀ ਰਹੀ।

ਮੁੰਬਈ ਹਮਲੇ ਪਿੱਛੋਂ 14 ਮਾਰਚ ਦੀ ਪਹਿਲੀ ਵੱਡੀ ਗ੍ਰਿਫ਼ਤਾਰੀ ਦੇ ਦਾਅਵੇ 'ਚ ਮੁੰਬਈ ਏ. ਟੀ. ਐਸ. ਦੇ ਉਸ ਸਮੇਂ ਮੁਖੀ ਰਹੇ ਕੇ. ਪੀ. ਰਘੂਵੰਸ਼ੀ ਮੀਡੀਆ 'ਚ ਲਗਾਤਾਰ ਉਤਸ਼ਾਹੀ ਬਿਆਨ ਦਿੰਦੇ ਰਹੇ। ਪਾਕਿਸਤਾਨ ਨਾਲ ਤਲੁਕਾਤ ਦੇ ਮੱਦੇਨਜ਼ਰ ਅਬਦੁਲ ਲਤੀਫ਼ ਰਾਸ਼ਿਦ ਅਤੇ ਰਿਆਜ, ਇਨ੍ਹਾਂ ਦੋਹਾਂ ਕਥਿਤ ਅੱਤਵਾਦੀਆਂ ਦੀ ਗ੍ਰਿਫ਼ਤਾਰੀ ਦੇ 24 ਘੰਟੇ ਵੀ ਨਹੀਂ ਹੋਏ ਸਨ ਕਿ ਉਨ੍ਹਾਂ ਦੇ ਮਾਪਿਆਂ ਨੇ ਪੁਲਿਸ ਕਹਾਣੀ ਨੂੰ ਝੁਠਲਾਉਂਦੇ ਹੋਏ ਆਪਣੇ ਪੁੱਤਾਂ ਨੂੰ ਨਿਰਦੋਸ਼ ਕਿਹਾ।

ਪਰ ਇਸ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਪੁਲਿਸ ਜਿਸ ਮਾਲ ਨੂੰ ਉੜਾਉਣ ਦੀ ਸਾਜ਼ਿਸ਼ ਦਾ ਦੋਸ਼ੀ ਰਿਆਜ਼ ਨੂੰ ਦੱਸ ਰਹੀ ਹੈ, ਉਹ ਪਿਛਲੇ ਦੋ ਸਾਲਾਂ ਤੋਂ ਉਸੇ ਠੱਕਰ ਮਾਲ 'ਚ ਮਜ਼ਦੂਰੀ ਕਰਦਾ ਸੀ। ਏ. ਟੀ. ਐਸ. ਕੋਈ ਹੋਰ ਕਹਾਣੀ ਘੜਦੀ, ਉਸ ਤੋਂ ਪਹਿਲਾਂ ਹੀ ਕੇਂਦਰ ਸਰਕਾਰ ਨੇ ਦਖ਼ਲਅੰਦਾਜ਼ੀ ਕਰਕੇ ਰਾਜ ਸਰਕਾਰ ਨੂੰ ਸੁਝਾਅ ਦੇ ਦਿੱਤਾ ਕਿ ਏ .ਟੀ. ਐਸ. ਮੁਖੀ ਰਘੁਵੰਸ਼ੀ ਨੂੰ ਸੰਜਮ ਵਰਤਣ ਦੀ ਹਦਾਇਤ ਕੀਤੀ ਜਾਣੀ ਚਾਹੀਦੀ ਹੈ। ਰਘੂਵੰਸ਼ੀ ਨੂੰ ਆਪਣੀ ਇਸ ਗੰਭੀਰਤਾ ਦਾ ਖਮਿਆਜ਼ਾ ਆਖ਼ਰਕਾਰ ਭੁਗਤਣਾ ਪਿਆ ਹੈ। ਰਾਜ 'ਚ ਏ. ਟੀ. ਐਸ. ਮੁਖੀ ਰਘੂਵੰਸ਼ੀ ਦੀ ਥਾਂ ਹੁਣ ਸੰਯੁਕਤ ਪੁਲਿਸ ਕਮਿਸ਼ਨਰ (ਅਪਰਾਧ) ਰਾਕੇਸ਼ ਮਾਰਿਆ ਨੂੰ ਤੈਨਾਤ ਕਰ ਦਿੱਤਾ ਗਿਆ। ਮਹਾਂਰਾਸ਼ਟਰ ਤੋਂ ਇਲਾਵਾ ਜਿਨ੍ਹਾਂ ਤਿੰਨ ਹੋਰ ਰਾਜਾਂ ਵਿਚ ਏ .ਟੀ. ਐਸ. ਹੈ, ਉਨ੍ਹਾਂ ਵਿਚ ਗੁਜਰਾਤ, ਉਤਰਪ੍ਰਦੇਸ਼ ਅਤੇ ਰਾਜਸਥਾਨ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਗੁਜਰਾਤ ਵਿਚ ਏ. ਟੀ .ਐਸ. ਵੱਲੋਂ ਕੀਤੇ ਗਏ ਸੋਹਮਬੁਦੀਨ ਫਰਜ਼ੀ ਮੁਕਾਬਲੇ ਨੇ ਗੁਜਰਾਤ ਸਰਕਾਰ ਦੀ ਦੇਸ਼ ਭਰ 'ਚ ਕਾਫ਼ੀ ਬਦਨਾਮੀ ਕਰਵਾਈ ਸੀ। ਉਥੇ 2007 ਵਿਚ ਉਤਰ ਪ੍ਰਦੇਸ਼ 'ਚ ਗਠਿਤ ਮਾਇਆਵਤੀ ਸਰਕਾਰ ਦੇ ਏ. ਟੀ. ਐਸ. ਦੀ ਹਾਲਤ ਇਹ ਹੈ ਕਿ ਉਸ ਨੂੰ ਪਿਛਲੇ ਦਿਨੀਂ ਆਜਮਗੜ੍ਹ ਦੇ ਸੰਜਰਪੁਰ 'ਚ ਏ. ਟੀ. ਐਸ. ਦਾ ਆਤੰਕ ਏਨਾ ਸੀ ਕਿ ਕੋਈ ਵੀ ਰਾਤ ਨੂੰ ਸੌਂ ਨਹੀਂ ਸਕਦਾ ਸੀ, ਕੋਈ ਨੌਜਵਾਨ ਇਕੱਲਾ ਚੌਰਾਹੇ 'ਤੇ ਨਹੀਂ ਜਾ ਸਕਦਾ ਸੀ। ਜਦ ਦਿਲ ਕੀਤਾ ਬਿਨ੍ਹਾਂ ਨੰਬਰ ਪਲੇਟ ਤੇ ਬਿਨ੍ਹਾਂ ਵਰਦੀ ਦੇ ਪੁਲਿਸ ਵਾਲਿਆਂ ਦਾ ਘੁਸਣਾ ਆਮ ਗੱਲ ਸੀ। ਸੰਜਰਪੁਰ ਦੇ ਸੋਸ਼ਲ ਵਰਕਰ ਮੁਸੁਦੀਨ ਅਨੁਸਾਰ "ਇਹ ਤਾਂ ਸੰਯੋਗ ਸੀ ਕਿ ਏ. ਟੀ. ਐਸ. ਵਾਲਿਆਂ ਨੂੰ ਅਸੀਂ ਲੋਕਾਂ ਨੇ ਫੜਨ ਦੀ ਹਿੰਮਤ ਕੀਤੀ, ਨਹੀਂ ਤਾਂ ਹਰ ਰੋਜ਼ ਹੀ ਕੁਝ ਨੌਜਵਾਨਾਂ 'ਤੇ ਅੱਤਵਾਦੀ ਹੋਣ ਦਾ ਬਿੱਲਾ ਲੱਗ ਹੀ ਜਾਂਦਾ ਸੀ।"

# ਸਾਮਰਾਜੀ ਬਰਾਕ ਓਬਾਮਾ ਦੀ ਹਕੂਮਤ ਦਾ ਇੱਕ ਸਾਲ

ਸਾਲ ਭਰ ਪਹਿਲਾਂ ਜਦ ਅਮਰੀਕੀ ਸਾਮਰਾਜੀਆਂ ਦੇ ਮੁਖੀ ਵਜੋਂ ਬਰਾਕ ਓਬਾਮਾ ਦੀ ਤਾਜਪੋਸ਼ੀ ਹੋਈ ਤਾਂ ਸਾਮਰਾਜੀਆਂ ਦੇ ਦਲਾਲਾਂ ਨੇ ਉਨ੍ਹਾਂ ਦੀ ਸ਼ਾਨ 'ਚ ਸਾਰਾ ਆਕਾਸ਼ ਸਿਰ 'ਤੇ ਚੁੱਕ ਲਿਆ ਸੀ। ਕੁਝ ਇਸ ਤਰ੍ਹਾਂ ਦਾ ਮਾਹੌਲ ਬਣਾਇਆ ਸੀ ਕਿ ਇਹ ਅਮਰੀਕੀ ਸਮਾਜ ਅਤੇ ਰਾਜਨੀਤੀ 'ਚ ਭਾਰੀ ਤਬਦੀਲੀ ਹੈ ਅਤੇ ਕੌਮਾਂਤਰੀ ਪੱਧਰ 'ਤੇ ਵੱਡੇ ਪੈਮਾਨੇ ਦਾ ਬਦਲਾਅ ਆਵੇਗਾ। ਹੁਣ ਇਸ ਤਾਜਪੋਸ਼ੀ ਦੇ ਇੱਕ ਸਾਲ ਪਿੱਛੋਂ ਕੀ ਸਥਿਤੀ ਹੈ? ਅਸੀਂ ਕੀ ਵੇਖਦੇ ਹਾਂ? ਬਕਾਰ ਓਬਾਮਾ ਦੇ ਗੱਦੀ ਸੰਭਾਲਣ ਪਿੱਛੋਂ ਅਮਰੀਕਾ ਅਤੇ ਦੁਨੀਆਂ 'ਚ ਕੀ ਤਬਦੀਲੀ ਆਈ? ਸਾਲ ਭਰ ਪਿੱਛੋਂ ਬਰਾਕ ਓਬਾਮਾ ਦਾ ਸਾਰਾ ਵਿਅਕਤੀਗਤ ਕਰਿਸ਼ਮਾ ਗਾਇਬ ਹੋ ਚੁੱਕਿਆ ਹੈ। ਹੁਣ ਸਭ ਨੂੰ ਪਤਾ ਲੱਗ ਚੁੱਕਿਆ ਹੈ ਕਿ ਉਹ ਆਪਣੇ ਭਾਸ਼ਣ ਬਕਾਇਦਾ ਰਿਹਰਸਲ ਕਰਕੇ ਦਿੰਦੇ ਹਨ। ਉਹ ਕਿਸੇ ਸਾਰਤੱਤ ਨੂੰ ਜ਼ਾਹਰ ਨਹੀਂ ਕਰਦੇ ਬਲਕਿ ਆਧੁਨਿਕ ਪੂੰਜੀਵਾਦੀ ਦੁਨੀਆਂ 'ਚ ਮਾਲ ਦੀ ਵਿੱਕਰੀ ਦੀ ਨਜ਼ੀਰ ਪੇਸ਼ ਕਰਦੇ ਹਨ। ਰਿਹਰਸਲ ਕੀਤੇ ਹੋਏ ਭਾਸ਼ਣ ਲੋਕਾਂ ਨੂੰ ਭਰਮਾਉਣ ਲਈ ਹੁੰਦੇ ਹਨ, ਕੁਝ ਕਰਨ ਲਈ ਨਹੀਂ। ਉਨ੍ਹਾਂ ਦਾ ਬੱਸ ਏਨਾ ਹੀ ਮਤਲਬ ਹੈ। ਜਦ ਬਰਾਕ ਓਬਾਮਾ ਹਾਕਮ ਬਣੇ ਤਦ ਅਮਰੀਕਾ ਇੱਕ ਭਿਅੰਕਰ ਆਰਥਕ ਸੰਕਟ ਤੋਂ ਲੰਘ ਰਿਹਾ ਸੀ। ਇਸ ਸੰਕਟ ਤੋਂ ਨਿਜ਼ਾਤ ਲਈ ਉਨ੍ਹਾਂ ਨੇ ਕੀ ਕੀਤਾ? ਉਨ੍ਹਾਂ ਨੇ ਉਨ੍ਹਾਂ ਹੀ ਨੀਤੀਆਂ ਨੂੰ ਜਾਰੀ ਰੱਖਿਆ ਜੋ ਉਨ੍ਹਾਂ ਦੇ ਪੂਰਵਵਰਤੀ ਘ੍ਰਿਣਤ ਜਾਰਜ ਬੁਸ਼ ਨੇ ਸ਼ੁਰੂ ਕੀਤੀਆਂ ਸਨ। ਉਨ੍ਹਾਂ ਨੇ ਹਜ਼ਾਰਾਂ ਅਰਬ ਡਾਲਰ ਉਨ੍ਹਾਂ ਵਿੱਤੀ ਸੰਸਥਾਵਾਂ ਨੂੰ ਬਚਾਉਣ ਲਈ ਝੋਕੇ ਜਿਨ੍ਹਾਂ ਦੇ ਕੁਕਰਮਾਂ ਕਾਰਨ ਇਹ ਸੰਕਟ ਆਇਆ ਸੀ। ਇੰਨਾ ਸਰਕਾਰੀ ਪੈਸਾ ਲੁਟਾਉਣ ਪਿੱਛੋਂ ਵੀ ਉਨ੍ਹਾਂ ਨੇ ਇਨ੍ਹਾਂ ਨੂੰ ਸਰਕਾਰੀ ਕੰਟਰੋਲ 'ਚ ਲਿਆਉਣ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਵਿੱਤੀ ਸੰਸਥਾਵਾਂ ਦਾ ਰਾਸ਼ਟਰੀਕਰਨ ਵਿੱਤੀ ਪ੍ਰਭੂਆਂ ਨੂੰ ਮੰਜ਼ੂਰ ਨਹੀਂ ਸੀ ਅਤੇ ਬਰਾਕ ਓਬਾਮਾ ਰੱਤੀ ਭਰ ਵੀ ਇਨ੍ਹਾਂ ਦੇ ਖਿਲਾਫ਼ ਜਾਣ ਲਈ ਤਿਆਰ ਨਹੀਂ ਸੀ। ਆਖ਼ਰ ਇਨ੍ਹਾਂ ਵਿੱਤੀ ਪ੍ਰਭੂਆਂ ਨੇ ਹੀ ਬਰਾਕ ਓਬਾਮਾ ਨੂੰ ਗੱਦੀ 'ਤੇ ਬਿਠਾਇਆ ਸੀ। ਵਿੱਤੀ ਮਹਾਂਪ੍ਰਭੂਆਂ ਨੂੰ ਉਨ੍ਹਾਂ ਵੱਲੋਂ ਸੇਵਾ ਦਾ ਆਲਮ ਤਾਂ ਇਹ ਹੈ ਕਿ ਉਹਨਾਂ ਨੇ ਉਨ੍ਹਾਂ ਦੇ ਮੁਨਾਫ਼ੇ ਅਤੇ ਬੋਨਸ ਭੱਤੇ 'ਚ ਕਮੀ ਦੇ ਆਪਣੇ ਐਲਾਨ ਨੂੰ ਵਿਹਾਰ 'ਚ ਅਮਲ 'ਚ ਲਿਆਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਅਜੇ ਜਦ ਕਿ ਅਰਥਚਾਰੇ ਕੋਈ ਵਿਆਪਕ ਸੁਧਾਰ ਨਹੀਂ ਹੋਇਆ ਹੈ ਤਦ ਵੀ ਵਿੱਤੀ ਕੰਪਨੀਆਂ ਪਹਿਲਾਂ ਤੋਂ ਵੀ ਵੱਧ ਮੁਨਾਫ਼ਾ ਕਮਾਉਣ ਲੱਗੀਆਂ ਹਨ ਅਤੇ ਵਿੱਤੀ ਪ੍ਰਭੂ ਪਹਿਲਾਂ ਤੋਂ ਵੀ ਵੱਧ ਆਪਣੀਆਂ ਥੈਲੀਆਂ ਭਰ ਰਹੇ ਹਨ। ਇਨ੍ਹਾਂ ਵਿੱਤੀ ਪ੍ਰਭੂਆਂ ਤੇ ਹਜ਼ਾਰਾਂ ਅਰਬ ਡਾਲਰ ਲੁਟਾਉਣ ਵਾਲੇ ਬਰਾਕ ਓਬਾਮਾ ਦੇ ਕੋਲ ਮਜ਼ਦੂਰ ਜਮਾਤ ਨੂੰ ਬੇਰੁਜ਼ਗਾਰੀ ਦੀ ਭਿਅੰਕਰ ਸਥਿਤੀ 'ਚ ਹੋਣ ਲਈ ਕੁਝ ਨਹੀਂ ਹੈ। ਇਸ ਸਮੇਂ ਅਮਰੀਕਾ 'ਚ ਰਵਾਇਤੀ ਬੇਰੁਜ਼ਗਾਰੀ 10 ਫੀਸਦੀ ਹੈ। ਇਸ ਦੇ ਅਜੇ ਘੱਟ ਹੋਣ ਦੇ ਕੋਈ ਆਸਾਰ ਨਹੀਂ ਹਨ। ਅਮਰੀਕਾ ਲਈ ਸਨਅਤਕਾਰਾਂ ਨੂੰ ਅਪੀਲ ਕਰਨ ਤੋਂ ਇਲਾਵਾ ਓਬਾਮਾ ਕੋਲ ਕਰਨ ਨੂੰ ਕੁਝ ਨਹੀਂ ਹੈ। ਪੂੰਜੀਪਤੀਆਂ 'ਤੇ ਲੁਟਾ ਕੇ ਹੀ ਉਨ੍ਹਾਂ ਦਾ ਖਜ਼ਾਨਾ ਖਾਲੀ ਹੋ ਚੁੱਕਿਆ ਹੈ।

ਇਹ ਗੱਲ ਵੱਖਰੀ ਹੈ ਕਿ ਉਹ ਸਰਮਾਏਦਾਰਾਂ 'ਤੇ ਹੋਰ ਵੀ ਹਜ਼ਾਰਾਂ ਅਰਬ ਡਾਲਰ ਲੁਟਾ ਸਕਦੇ ਹਨ। ਆਰਥਕ ਸੰਕਟ ਦੇ ਸ਼ਿਕਾਰ ਮਜ਼ਦੂਰਾਂ ਲਈ ਕੁਝ ਨਾ ਕਰਨ ਵਾਲੇ ਬਰਾਕ ਓਬਾਮਾ ਨੇ ਆਪਣਾ ਸਾਰਾ ਧਿਆਨ ਸਿਹਤ ਸੇਵਾਵਾਂ 'ਤੇ ਕੇਂਦਰਿਤ ਕੀਤਾ। ਸਾਰੇ ਵਿਕਸਤ ਦੇਸ਼ਾਂ 'ਚ ਅਮਰੀਕਾ ਦੀਆਂ ਸਿਹਤ ਸੇਵਾਵਾਂ ਸਭ ਤੋਂ ਖਰਾਬ ਹਨ।

ਇਹ ਪੂਰੀ ਤਰ੍ਹਾਂ ਨਿੱਜੀ ਹਨ ਅਤੇ ਇਨ੍ਹਾਂ 'ਤੇ ਬਹੁਕੌਮੀ ਕੰਪਨੀਆਂ ਦਾ ਕਬਜਾ ਹੈ। ਸਾਲ ਭਰ ਦੇ ਹੱਲੇ-ਗੁੱਲੇ ਪਿੱਛੋਂ ਉਹਨਾਂ ਕੀ ਹਾਸਲ ਕੀਤਾ। ਖੁਦ ਉਨ੍ਹਾਂ ਦੇ ਸਮਰਥਕ ਪਾਲ ਕਰੁਗਮੈਨ ਦੇ ਹਿਸਾਬ ਨਾਲ ਇਹ ਕੁਝ ਨਾ ਹੋਣ 'ਤੇ ਬੇਹਤਰ ਹੈ। ਇਸ ਦੇ ਰਾਹੀਂ 4 ਕਰੋੜ ਗ਼ਰੀਬ ਲੋਕਾਂ ਨੂੰ ਕੁਝ ਸਿਹਤ ਸਹੂਲਤਾਂ ਮਿਲ ਜਾਣਗੀਆਂ ਬਸ। ਕੌਮਾਂਤਰੀ ਮੋਰਚੇ 'ਤੇ ਬਰਾਕ ਓਬਾਮਾ ਨੇ ਕੀ ਕੀਤਾ? ਕੌਮਾਂਤਰੀ ਨੀਤੀ ਘਰੇਲੂ ਨੀਤੀ ਦਾ ਹੀ ਵਿਸਥਾਰ ਹੁੰਦੀ ਹੈ। ਦੋਨੋਂ 'ਚ ਇੱਕ ਹੀ ਹਿੱਤ ਕੰਮ ਕਰਦੇ ਹਨ-ਹਾਕਮ ਜਮਾਤ ਦੇ ਹਿੱਤ। ਕੌਮਾਂਤਰੀ ਪੱਧਰ 'ਤੇ ਵੀ ਬਰਾਕ ਓਬਾਮਾ ਨੇ ਅਮਰੀਕੀ ਸਾਮਰਾਜੀਆਂ ਦੇ ਹਿੱਤ ਪੂਰੇ। ਉਨ੍ਹਾਂ ਨੇ ਇਰਾਕ ਤੋਂ ਅਮਰੀਕੀ ਫ਼ੌਜਾਂ ਦੀ ਵਾਪਸੀ ਦੀ ਸੀਮਾ ਐਲਾਨਣ ਪਿੱਛੋਂ ਉਥੇ ਜੰਗ ਜਾਰੀ ਰੱਖੀ। ਅਮਰੀਕੀ ਫ਼ੌਜੀ ਅਧਿਕਾਰੀ ਖੁਲ੍ਹੇਆਮ ਕਹਿ ਰਹੇ ਹਨ ਕਿ ਇਰਾਕ 'ਚ ਅਮਰੀਕੀ ਫ਼ੌਜ ਲੰਮੇ ਸਮੇਂ ਤੱਕ ਰੁਕਣਗੀਆਂ। ਅਫ਼ਗਾਨਿਸਤਾਨ 'ਚ ਤਾਂ ਓਬਾਮਾ ਇੱਕ ਕਦਮ ਹੋਰ ਅੱਗੇ ਗਏ। ਉਥੇ ਉਹਨਾਂ ਨੇ ਯੁੱਧ ਜਿੱਤਣ ਲਈ ਹੋਰ ਫ਼ੌਜਾਂ ਭੇਜੀਆਂ ਇਹ ਹੋਰ ਗੱਲ ਹੈ ਕਿ ਉਨ੍ਹਾਂ ਨੇ ਯੁੱਧ 'ਚ ਉਨ੍ਹਾ ਹੀ ਸਫ਼ਲਤਾ ਮਿਲੂ ਜਿੰਨੀ ਜਾਰਜ ਬੁਸ਼ ਨੂੰ ਮਿਲੀ ਸੀ ਅਤੇ ਇਜ਼ਰਾਇਲ-ਫਿਲਸਤੀਨ ਦਾ ਕੀ ਹਾਲ ਹੈ? ਇਸ ਸਬੰਧੀ ਬਰਾਕ ਓਬਾਮਾ ਦਾ ਚਿਹਰਾ ਇਕਦਮ ਬੇਪਰਦ ਹੋ ਜਾਂਦਾ ਹੈ। ਉਹ ਇਜ਼ਰਾਇਲ ਖਿਲਾਫ਼ ਇੱਕ ਸ਼ਬਦ ਵੀ ਬੋਲਣ ਦੀ ਜੁਅਰਤ ਨਹੀਂ ਕਰਦੇ। ਉਹ ਝੂਠੀ-ਮੂਠੀ ਵੀ ਨਹੀਂ ਕਹਿੰਦੇ ਕਿ ਉਨ੍ਹਾਂ ਕੋਲ ਫਿਲਸਤੀਨੀ ਸਮੱਸਿਆ ਦਾ ਕੋਈ ਹੱਲ ਹੈ। ਇਸ ਤਰ੍ਹਾਂ ਇਰਾਕ, ਨਾਟੋ, ਪੂਰਬੀ ਯੂਰਪ, ਰੂਸ, ਉਤਰੀ ਕੋਰੀਆ, ਵੇਨਜੁਵੇਲਾ, ਕਿਊਬਾ ਆਦਿ ਸਾਰੇ ਹੀ ਕੇਸਾਂ 'ਚ ਬਰਾਕ ਓਬਾਮਾ ਉਹਨਾਂ ਨੀਤੀਆਂ 'ਤੇ ਚੱਲ ਰਹੇ ਹਨ ਜੋ ਅਮਰੀਕੀ ਸਾਮਰਾਜੀਆਂ ਦੀ ਲੰਮੇ ਅਰਸੇ ਤੋਂ ਨੀਤੀ ਰਹੀ ਹੈ ਰੀਗਨ ਕਲਿੰਟਨ ਦੇ ਜ਼ਮਾਨੇ ਤੋਂ।

ਪਰ ਅਮਰੀਕੀ ਸਾਮਰਾਜੀਆਂ ਦੇ ਸਰਗਨਿਆਂ ਤੋਂ ਹੋਰ ਕੀ ਉਮੀਦ ਕੀਤੀ ਜਾਣੀ ਚਾਹੀਦੀ ਹੈ? ਕੀ ਬਰਾਕ ਉਬਾਮਾ ਤੋਂ ਵੱਖਰੇ ਵਰਤਾਅ ਦੀ ਉਮੀਦ ਸਿਰਫ਼ ਇਸ ਕਾਰਨ ਕੀਤੀ ਜਾਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਚਮੜੀ ਦਾ ਰੰਗ ਕਾਲਾ ਹੈ? ਅਤੇ ਪੂੰਜੀਪਤੀ ਘਰਾਣੇ 'ਚ ਉਹ ਨਹੀਂ ਪੈਦਾ ਹੋਏ ਹਨ? ਪਰ ਜੇ ਬਰਾਕ ਓਬਾਮਾ ਤੋਂ ਵੱਖਰੇ ਵਰਤਾਅ ਦਾ ਡਰ ਹੁੰਦਾ ਤਾਂ ਅਮਰੀਕਾ ਦੇ ਵਿੱਤੀ ਪ੍ਰਭੂ ਉਨ੍ਹਾਂ ਨੂੰ ਵਾਈਟ ਹਾਊਸ 'ਚ ਬਿਠਾਉਂਦੇ ਹੀ ਕਿਉਂ? ਅਮਰੀਕੀ ਪੂੰਜੀਵਾਦ ਵਰਗੀ ਜਥੇਬੰਦ ਵਿਵਸਥਾ ਚਲਾਉਣ ਵਾਲੇ ਵਿੱਤੀ ਮਹਾਂ ਪ੍ਰਭੂ ਕੀ ਏਨੇ ਨਾਦਾਨ ਹਨ? ਬਰਾਕ ਓਬਾਮਾ ਇਹੀ ਕਰ ਰਹੇ ਹਨ ਜੋ ਉਨ੍ਹਾਂ ਕਰਨਾ ਸੀ। ਬੱਸ ਅਜਿਹਾ ਕਰਕੇ ਉਹ ਆਪਣੇ ਤੇ ਪੂੰਜੀਵਾਦੀ ਪ੍ਰਬੰਧ ਦੇ ਪੱਖੀਆਂ ਦੇ ਪ੍ਰਚਾਰ ਨੂੰ ਨੰਗਾ ਕਰ ਰਹੇ ਹਨ। ਇਹੀ ਹੋਵੇਗਾ ਵੀ।

# ਕਿਵੇਂ ਰਿਹਾ ਕੇਂਦਰ ਸਰਕਾਰ ਦਾ ਇੱਕ ਵਰ੍ਹਾ?

ਯੂ. ਪੀ. ਏ. ਸਰਕਾਰ ਨੇ 22 ਮਈ 2010 ਨੂੰ ਇੱਕ ਸਾਲ ਪੂਰਾ ਕਰ ਲਿਆ। ਅਰਥ ਸ਼ਾਸ਼ਤਰੀ ਮਨਮੋਹਨ ਸਿੰਘ ਦਾ ਦਾਅਵਾ ਸੀ ਕਿ ਭਾਜਪਾ ਨੇਤਾ ਅਟਲ ਬਿਹਾਰੀ ਵਾਜਪਾਈ ਦਾ ਰਿਕਾਰਡ ਉਹ ਆਉਣ ਵਾਲੇ ਦਿਨਾਂ 'ਚ ਤੋੜ ਦੇਣਗੇ। ਜਦ ਕਿ ਇਸ ਇੱਕ ਸਾਲ ਦੇ ਕਾਰਜਕਾਲ 'ਚ ਆਪਣੇ ਮੰਤਰੀਆਂ ਦੇ ਆਪਾ ਵਿਰੋਧੀ ਬਿਆਨਾਂ ਕਾਰਨ ਵਿਰੋਧੀ ਪਾਰਟੀਆਂ ਦੀ ਅਲੋਚਨਾ ਦਾ ਸ਼ਿਕਾਰ ਹੋਈ ਸੋਨੀਆ ਤੇ ਮਨਮੋਹਨ ਦਾ ਤਾਲਮੇਲ ਬਹੁਤ ਹੈ। ਮਨਮੋਹਨ ਸਿੰਘ ਦੀ ਦਿਖ ਜਿਉਂ ਦੀ ਤਿਉਂ ਹੀ ਰਹੀ। ਦਸ ਸਾਲ ਪਹਿਲਾਂ ਬਹੁਤੀਆਂ ਰਾਜ ਸਰਕਾਰਾਂ ਕਰਜ਼ੇ ਵਿਚ ਡੁੱਬੀਆਂ ਸਨ। ਯੂ. ਪੀ. ਏ. ਦੀ ਸਰਕਾਰ ਦਾ ਪਹਿਲਾ ਸਾਲ ਹੀ ਮਹਿੰਗਾਈ ਦੇ ਹੇਠਾਂ ਦਬ ਕੇ ਚੀਕਣ ਲਈ ਲੋਕਾਂ ਨੂੰ ਮਜ਼ਬੂਰ ਕਰ ਦਿੱਤਾ ਪਰ ਇਸ ਸਾਲ ਸਰਕਾਰ ਦੇ ਲਾਡਲਿਆਂ (ਪਾਰਲੀਮੈਂਟ ਮੈਂਬਰਾਂ) ਦੀਆਂ ਹਰ ਜਾਇਜ਼-ਨਜਾਇਜ਼ ਮੰਗਾਂ ਪੂਰੀਆਂ ਹੁੰਦੀਆਂ ਰਹੀਆਂ। ਸਰਕਾਰ ਖਿਲਾਫ਼ ਕਟੌਤੀ ਪ੍ਰਸਤਾਅ ਕੀ ਆਇਆ ਸੰਸਦਾਂ ਪ੍ਰਤੀ ਸਰਕਾਰਾਂ ਦੀਆਂ ਬਾਹਾਂ ਹੋਰ ਵੀ ਖੁੱਲ੍ਹ ਗਈਆਂ। ਸਰਕਾਰ ਹੁਣ ਉਨ੍ਹਾਂ ਦੀਆਂ ਤਨਖਾਹਾਂ ਤੇ ਭੱਤੇ ਆਉਂਦੇ ਮਾਨਸੂਨ ਸੈਸ਼ਨ 'ਚ ਵਧਾਉਣ ਦੀ ਤਿਆਰੀ 'ਚ ਹੈ। ਯੂ. ਪੀ. ਏ. ਸਰਕਾਰ ਨੇ ਚੋਣਾਂ ਸਮੇਂ ਦੇਸ਼ ਦੇ ਲੋਕਾਂ ਨਾਲ ਜੋ ਵਾਅਦੇ ਕਰਕੇ ਕੁਰਸੀ ਸੰਭਾਲੀ ਸੀ, ਉਹ ਵਾਅਦੇ ਲਾਗੂ ਨਾ ਕਰਕੇ ਆਪਣੀ ਰਾਜਨੀਤੀ ਦੀ ਰਵਾਇਤ ਨਿਭਾਈ, ਬਹੁਤੇ ਵਾਅਦੇ ਫਾਇਲਾਂ ਵਿਚ ਬੰਦ ਹਨ। ਗ਼ਰੀਬਾਂ ਨੂੰ ਭੋਜਨ ਦਾ ਅਧਿਕਾਰ ਦਿਵਾਉਣ ਸਬੰਧੀ ਯੂ. ਪੀ. ਏ. ਸਰਕਾਰ ਦਾ ਅਨਾਜ ਸੁਰੱਖਿਆ ਮਿਸ਼ਨ ਭੋਰਾ ਵੀ ਅੱਗੇ ਨਹੀਂ ਵਧਿਆ। ਇਸ ਅੰਦਰ ਹਰ ਗ਼ਰੀਬੀ ਰੇਖਾ ਤੋਂ ਹੇਠਾਂ ਵਾਲੇ ਪ੍ਰੀਵਾਰ ਨੂੰ 3 ਰੁਪਏ ਕਿਲੋ ਦੇ ਹਿਸਾਬ ਨਾਲ 25 ਕਿਲੋ ਅਨਾਜ ਦੇਣ ਦੀ ਯੋਜਨਾ ਹੈ। ਸਰਕਾਰ ਨੇ ਇਸ ਯੋਜਨਾ ਤੇ ਸੰਸਦ ਦੀ ਮੋਹਰ ਤਾਂ ਕੀ ਲਵਾਉਣੀ ਸੀ ਸਰਕਾਰ ਦਾ ਗ਼ਰੀਬਾਂ ਦੇ ਅੰਕੜੇ ਵੀ ਇਕੱਠੇ ਨਹੀਂ ਕਰ ਸਕੀ। ਪੇਂਡੂ ਰੁਜ਼ਗਾਰ ਯੋਜਨਾ ਪਿਛਲੇ ਸਾਲਾਂ ਦੇ ਮੁਕਾਬਲਤਨ ਮੱਠੀ ਪੈ ਗਈ ਹੈ। ਫਿਰਕੂ ਦੰਗਿਆਂ ਨਾਲ ਨਿਪਟਣ ਲਈ ਬਿੱਲ ਅਜੇ ਤੱਕ ਸੰਸਦ ਦੀ ਮੋਹਰ ਨਹੀਂ ਲਵਾ ਸਕਿਆ।

ਜਿਸ ਦੇਸ਼ ਦੀ 60 ਫੀਸਦੀ ਤੋਂ ਵੱਧ ਜਨਤਾ ਪੇਂਡੂ ਇਲਾਕਿਆਂ ਨਾਲ ਸਬੰਧ ਰੱਖਦੀ ਹੋਵੇ ਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਆਕਾਸ਼ ਛੂਹਣ ਲੱਗਣ ਉਥੇ ਜੱਗ ਹਸਾਈ ਤਾਂ ਹੋਣੀ ਹੀ ਹੈ। ਇੱਕ ਸਾਲ 'ਚ ਮਹਿੰਗਾਈ ਆਕਾਸ਼ ਛੂਹਣ ਲੱਗੀ ਹੈ। ਦਾਲ, ਚੌਲ, ਆਟਾ, ਖੰਡ, ਤੇਲ ਸਮੇਤ ਸਭ ਖਾਣ ਵਾਲੀਆਂ ਚੀਜ਼ਾਂ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਇਨ੍ਹਾਂ ਦੇ ਰੇਟ 20 ਫੀਸਦੀ ਹੋਰ ਵਧ ਗਏ। ਸਰਕਾਰ ਚੁੱਪ ਦਰਸ਼ਕ ਬਣੀ ਰਹੀ। ਮੰਤਰੀ ਐਲਾਨ ਕਰਦੇ ਰਹੇ ਕਿ ਜੇ ਲੋਕਾਂ ਦੀ ਕਮਾਈ ਵਧੇਗੀ ਤਾਂ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਵੀ ਵਧਣਗੀਆਂ ਪਰ ਦੇਸ਼ ਦੇ ਕਿੰਨੇ ਫੀਸਦੀ ਲੋਕਾਂ ਦੀ ਤਨਖਾਹ 'ਚ ਵਾਧਾ ਹੋਇਆ ਹੈ? ਖੇਤੀ ਮੰਤਰੀ ਕਹਿੰਦੇ ਰਹੇ ਕਿ ਕਿਸਾਨ ਦੀ ਜਿਣਸ ਦਾ ਸਹੀ ਮੁੱਲ ਦਿੱਤਾ ਜਾਵੇਗਾ, ਪਰ ਸਰਕਾਰ ਤੋਂ ਕਿਸਾਨ ਉਕਾ ਹੀ ਸੰਤੁਸ਼ਟ ਨਹੀਂ ਹਨ। ਮਹਿੰਗਾਈ ਰੋਕਣ ਲਈ ਉਪਾਅ ਲੱਭਣ ਦੀ ਬਜਾਏ ਸਰਕਾਰ ਗੈਰ ਜ਼ਿੰਮੇਵਾਰ ਬਿਆਨ ਦੇਣ 'ਚ ਉਲਝੀ ਹੋਈ ਹੈ। ਦਾਲ ਤੇ ਖੰਡ ਵਿਦੇਸ਼ਾਂ ਤੋਂ ਦਰਾਮਦ

ਕੀਤੀ ਪਰ ਦੇਸ਼ ਅੰਦਰ ਖਪਤ ਅਨੁਸਾਰ ਖੰਡ ਦੀ ਪੈਦਾਵਾਰ ਹੋਈ ਸੀ ਪਰ ਸ਼ਰਦ ਪਵਾਰ ਨੂੰ ਅਧਿਕਾਰੀਆਂ ਤੇ ਮੰਤਰੀਆਂ ਨੇ ਗੁੰਮਰਾਹ ਕਰੀ ਰੱਖਿਆ। ਇਸ ਦਾ ਖਮਿਆਜ਼ਾ ਗ਼ਰੀਬ ਲੋਕਾਂ ਨੂੰ ਭੁਗਣਤਾ ਪਿਆ। ਇਸ ਪਿੱਛੋਂ ਵੀ ਸਿਲਸਿਲਾ ਰੁਕਿਆ ਨਹੀਂ। ਸਰਕਾਰ ਨੇ ਸਟੀਰਿਓ ਤੇ ਸਮਗਲਰਾਂ ਕਾਲਾ ਬਜ਼ਾਰੀਆਂ ਨਾਲ ਮਿਲ ਕੇ ਲੋਕਾਂ ਨੂੰ ਖੰਡ ਦਾ ਬਣਾਉਟੀ ਸੰਕਟ ਵਿਖਾ ਕੇ ਲੁੱਟਿਆ।

ਯੂ. ਪੀ. ਏ. ਸਰਕਾਰ ਜਿਨ੍ਹਾਂ ਸਹਿਯੋਗੀ ਪਾਰਟੀਆਂ ਦੇ ਬਲਬੂਤੇ ’ਤੇ ਚੰਗਾ ਪ੍ਰਸਾਸ਼ਨ ਦੇਣ ਦਾ ਦੰਭ ਕਰਦੀ ਹੈ ਅੱਜ ਉਹੀ ਮੰਤਰੀ ਮਨਮਾਨੇ ਢੰਗ ਨਾਲ ਕੰਮ ਕਰਦੇ ਤੇ ਬਿਆਨ ਦਿੰਦੇ ਨਜ਼ਰ ਆਉਂਦੇ ਹਨ। ਮਿਸਾਲ ਵਜੋਂ ਰੇਲਵੇ ਜਿਸ ਨੂੰ ਦੇਸ਼ ਦੀ ਜੀਵਨ ਰੇਖਾ ਕਿਹਾ ਜਾਂਦਾ ਹੈ ਪਿਛਲੇ ਸਾਲ ਤੋਂ ਲਾਵਾਰਸ਼ ਚੱਲ ਰਹੀ ਹੈ। ਰੇਲ ਮੰਤਰੀ ਮਮਤਾ ਬੈਨਰਜੀ ਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਮੁੰਬਈ ’ਚ ਮੋਟਰਮੈਨ ਹੜਤਾਲ ਕਰਕੇ ਸ਼ਹਿਰ ਨੂੰ ਅਪਾਹਜ਼ ਕਰ ਦਿੰਦੇ ਹਨ ਜਾਂ ਦਿੱਲੀ ਦੇ ਆਧੁਨਿਕ ਰੇਲਵੇ ਸਟੇਸ਼ਨ ’ਤੇ ਭਗਦੜ ਵਿੱਚ ਲੋਕ ਮਾਰੇ ਜਾਂਦੇ ਹਨ। 365 ਦਿਨਾਂ ’ਚ 65 ਦੁਰਘਟਨਾਵਾਂ ਹੋ ਚੁੱਕੀਆਂ ਹਨ। ਦੂਜੇ ਮੰਤਰੀ ਨੂੰ ਵਾਤਾਵਰਣ ਵਿਭਾਗ ਮਿਲਿਆ ਹੈ। ਜੋ ਵਿਵਾਦਾਂ ’ਚ ਹੀ ਘਿਰਿਆ ਰਹਿੰਦਾ ਹੇ। ਕਦੀ ਉਹ ਨੀਤੀਆਂ ਸਬੰਧੀ ਪ੍ਰਧਾਨ ਮੰਤਰੀ ਦੇ ਦੂਤ ਸ਼ਿਆਮ ਸ਼ਰਨ ਨਾਲ ਟਕਰਾਉਂਦੇ ਹਨ, ਕਦੀ ਬੀ. ਟੀ. ਬੈਂਗਣ ਬਾਰੇ ਸਹਿਯੋਗੀ ਮੰਤਰੀਆਂ ਨਾਲ। ਜੈ ਰਾਮ ਰਮੇਸ਼ ਨੇ ਚੀਨ ਦੀ ਧਰਤੀ ’ਤੇ ਆਪਣੇ ਹੀ ਗ੍ਰਹਿ ਮੰਤਰੀ ਤੋਂ ਚੀਨੀ ਕੰਪਨੀਆਂ ਨੂੰ ਚੌਕਸ ਰਹਿਣ ਦੀ ਸਲਾਹ ਦੇ ਦਿੱਤੀ।

# ਰਾਸ਼ਟਰਮੰਡਲ ਖੇਡਾਂ ਦਾ ਲਾਭ ਹੈ ਕਿਸ ਨੂੰ?

ਰਾਸ਼ਟਰਮੰਡਲ ਖੇਡਾਂ 3 ਤੋਂ 12 ਅਕਤੂਬਰ 2010 ਤੱਕ ਦਿੱਲੀ ਵਿਚ ਹੋਣਗੀਆਂ ਇਸ ਖਾਤਰ ਕਈ ਸਾਲਾਂ ਤੋਂ ਬੜੀ ਧੂਮਧਾਮ ਨਾਲ ਤਿਆਰੀਆਂ ਚੱਲ ਰਹੀਆਂ ਹਨ। ਭਾਰਤ ਸਰਕਾਰ ਅਤੇ ਦਿੱਲੀ ਸਰਕਾਰ ਨੇ ਇਨ੍ਹਾਂ ਖੇਡਾਂ ਤੱਕ ਉਸਾਰੀ ਕਾਰਜ ਮੁਕੰਮਲ ਕਰਨ ਲਈ ਪੂਰੀ ਤਾਕਤ ਤੇ ਪੈਸਾ ਝੋਕ ਦਿੱਤਾ ਹੈ। ਇੱਕ ਅਨੁਮਾਨ ਮੁਤਾਬਕ ਇਸ ਵਿਚ ਇੱਕ ਲੱਖ ਕਰੋੜ ਰੁਪਏ ਖਰਚ ਹੋਣਗੇ। ਕਿਹਾ ਜਾ ਰਿਹਾ ਹੈ ਕਿ ਇਹ ਅੱਜ ਤੱਕ ਦੀ ਸਭ ਤੋਂ ਵੱਡੀ ਰਾਸ਼ਟਰਮੰਡਲ ਖੇਡ ਹੋਵੇਗੀ। ਇਹ ਵੀ ਉਦੋਂ ਜਦੋਂ ਭਾਰਤ ਪ੍ਰਤੀ ਵਿਅਕਤੀ ਆਮਦਨ ਤੇ ਮਨੁੱਖੀ ਵਿਕਾਸ ਸੂਚਕਾਂਕ ਦੇ ਨਜ਼ਰੀਏ ਤੋਂ ਦੁਨੀਆਂ ਦੇ ਹੇਠਲੇ ਦੇਸ਼ਾਂ ਵਿੱਚ ਇੱਕ ਹੈ। ਵਿਸ਼ਵ ਭੁੱਖ ਸੂਚਕਾਂਕ ਵਿਚ ਸਾਡੀ ਥਾਂ ਇਥੋਪੀਆ ਤੋਂ ਵੀ ਹੇਠਾਂ ਹੈ ਅਤੇ ਭਾਰਤ ਦੇ ਲਗਭਗ 77 ਫੀਸਦੀ ਲੋਕ 20 ਰੁਪਏ ਰੋਜ਼ਾਨਾ 'ਤੇ ਗੁਜ਼ਾਰਾ ਕਰ ਰਹੇ ਹਨ। ਰਾਸ਼ਟਰਮੰਡਲ ਖੇਡਾਂ ਲਈ ਦਿੱਲੀ 'ਚ ਬਣ ਰਹੇ ਫਲਾਈਓਵਰਾਂ ਤੇ ਪੁਲਾਂ ਦੀ ਗਿਣਤੀ ਸ਼ਾਇਦ ਸੈਂਕੜਾ ਪਾਰ ਕਰ ਜਾਵੇਗੀ। ਇੱਕ-ਇੱਕ ਫਲਾਈਓਵਰ ਦੀ ਉਸਾਰੀ ਦੀ ਲਾਗਤ 60 ਤੋਂ 110 ਕਰੋੜ ਵਿਚਕਾਰ ਹੋਵੇਗੀ। ਹਜ਼ਾਰਾਂ ਦੀ ਗਿਣਤੀ ਵਿਚ ਆਧੁਨਿਕ ਏਅਰ ਕੰਡੀਸ਼ਨ ਬੱਸਾਂ ਦੇ ਆਡਰ ਦਿੱਤੇ ਗਏ ਹਨ। ਕੁਲ 6 ਕਲਸਟਰ 'ਚ 11 ਸਟੇਡੀਅਮ ਤਿਆਰ ਕੀਤੇ ਜਾ ਰਹੇ ਹਨ। ਰਾਸ਼ਟਰ ਮੰਡਲ ਖੇਡਾਂ ਦੀ ਮੇਜ਼ਬਾਨੀ ਪਾਉਣ ਲਈ ਭਾਰਤ ਉਲੰਪਿਕ ਸੰਘ ਨੇ ਸਾਰੇ ਖਿਡਾਰੀਆਂ ਨੂੰ ਮੁਫ਼ਤ ਸਿਲਖਾਈ, ਮੁਫ਼ਤ ਹਵਾਈ ਸਫ਼ਰ ਤੇ ਠਹਿਰਣ ਖਾਣ ਲਈ ਮੁਫ਼ਤ ਪ੍ਰਬੰਧ ਦਾ ਪ੍ਰਸਤਾਵ ਦਿੱਤਾ ਸੀ। ਦੂਜੇ ਪਾਸੇ ਸਾਡੇ ਦੇਸ਼ ਵਿਚ ਲੋਕਾਂ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਨਹੀਂ ਹੋ ਰਹੀਆਂ ਹਨ। ਅੱਜ ਦੁਨੀਆਂ ਦੇ ਸਭ ਤੋਂ ਵੱਧ ਭੁੱਖੇ, ਬੇਘਰੇ, ਕੁਪੋਸ਼ਿਤ ਤੇ ਅਨਪੜ੍ਹ ਲੋਕ ਭਾਰਤ ਵਿਚ ਰਹਿ ਰਹੇ ਹਨ। ਗ਼ਰੀਬਾਂ ਨੂੰ ਸਸਤਾ ਰਾਸ਼ਣ, ਬਿਜਲੀ, ਪੀਣ ਦਾ ਪਾਣੀ, ਇਲਾਜ ਲਈ ਪੂਰੀ ਵਿਵਸਥਾ, ਬੁਢਾਪਾ ਪੈਨਸ਼ਨ ਅਤੇ ਸਕੂਲ 'ਚ ਪੂਰੇ ਪੱਕੇ ਅਧਿਆਪਕ, ਇਮਾਰਤਾਂ ਤੇ ਹੋਰ ਸਲੂਲਤਾਂ ਦੇਣ ਲਈ ਸਰਕਾਰ ਕੋਲ ਪੈਸਾ ਨਹੀਂ ਹੈ। ਫਿਰ ਸਰਕਾਰ ਕੋਲ ਇਨ੍ਹਾਂ 12 ਦਿਨਾਂ ਦੇ ਸਮਾਗਮਾਂ ਲਈ ਪੈਸਾ ਕਿੱਥੋਂ ਆਇਆ? ਸਾਲ 2010 ਦੀਆਂ ਰਾਸ਼ਟਰ ਮੰਡਲ ਖੇਡਾਂ ਦੀ ਵੈਬਸਾਈਟ 'ਚ ਇਸ ਦਾ ਮਕਸਦ ਦਰਸਾਇਆ ਗਿਆ ਹੈ ਕਿ ਹਰੇਕ ਭਾਰਤੀ 'ਚ ਖੇਡਾਂ ਪ੍ਰਤੀ ਚੇਤੰਨਤਾ ਤੇ ਖੇਡ ਸਭਿਆਚਾਰ ਪੈਦਾ ਕਰਨਾ। ਕ੍ਰਿਕਟ ਤੇ ਟੈਨਿਸ ਤੋਂ ਇਲਾਵਾ ਹੋਰ ਸਾਰੀਆਂ ਖੇਡਾਂ ਭਾਰਤ 'ਚ ਲੰਮੇ ਸਮੇਂ ਤੋਂ ਅਣਗੌਲਿਆਂ ਹੋ ਰਹੀਆਂ ਹਨ। ਖੇਡਾਂ ਦਾ ਤੇਜ਼ੀ ਨਾਲ ਬਜ਼ਾਰੀਕਰਨ ਤੇ ਵਪਾਰੀਕਰਨ ਹੋਇਆ ਹੈ। ਪੈਸੇ ਕਮਾਉਣ ਦੀ ਦੌੜ 'ਚ ਖੇਡਾਂ 'ਚ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ, ਸੱਟੇ ਤੇ ਮੈਚ ਫਿਕਸਿੰਗ ਨੂੰ ਉਤਸ਼ਾਹ ਮਿਲਿਆ ਹੈ ਪਿੰਡਾਂ ਤੇ ਛੋਟੇ ਸ਼ਹਿਰਾਂ ਵਿਚ ਖਿਡਾਰੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਤੇ ਉਤਸ਼ਾਹਿਤ ਕਰਨ ਦੀ ਕੋਈ ਕੋਸ਼ਿਸ਼ ਕੇਂਦਰ ਤੇ ਰਾਜ ਸਰਕਾਰਾਂ ਨਹੀਂ ਕਰ ਰਹੀਆਂ ਹਨ ਪਿੰਡਾਂ ਦੇ ਸਕੂਲਾਂ 'ਚ ਨਾ ਤਾਂ ਖੇਡ ਸਮੱਗਰੀ ਹੈ, ਨਾ ਕੋਚ ਅਤੇ ਨਾ ਹੀ ਖੇਡਾਂ ਦੇ ਮੈਦਾਨ। 1982 ਵਿਚ ਭਾਰਤ 'ਚ ਵਿਸ਼ਾਲ ਪੈਸਾ ਖਰਚ ਕਰਕੇ ਏਸ਼ੀਆਈ ਖੇਡਾਂ (ਏਸ਼ੀਆਡ) ਕਰਵਾਈਆਂ ਸਨ। ਉਸ ਪਿੱਛੋਂ ਨਾ ਤਾਂ ਦੇਸ਼ ਅੰਦਰ ਖੇਡਾਂ ਨੂੰ ਕੋਈ ਵਿਸ਼ੇਸ਼ ਉਤਸ਼ਾਹ ਹੀ ਮਿਲਿਆ ਤੇ ਨਾ ਹੀ ਕੌਮਾਂਤਰੀ ਮੁਕਾਬਲੇ 'ਚ ਭਾਰਤ ਦੀ ਸਥਿਤੀ ਹੀ ਸੁਧਰੀ। ਕਈ ਖੇਡ ਸਟੇਡੀਅਮ ਜਿਹੜੇ ਉਦੋਂ ਬਣੇ ਸਨ ਜਾਂ ਤਾਂ ਖਾਲੀ ਪਏ ਰਹੇ ਜਾਂ ਦੂਜੇ

ਕੰਮਾਂ (ਵਿਆਹ ਸ਼ਾਦੀਆਂ ਆਦਿ) ਲਈ ਵਰਤੇ ਜਾਂਦੇ ਰਹੇ। ਇਸ ਤਰ੍ਹਾਂ ਬੀਜਿੰਗ ਉਲੰਪਿਕ ਵਿਚ ਚੀਨ 'ਚ ਬਣੇ ਵੱਡੇ-ਵੱਡੇ ਸਟੇਡੀਅਮ ਬੇਕਾਰ ਪਏ ਹਨ। ਉਨ੍ਹਾਂ ਦੀ ਸਾਂਭ ਸੰਭਾਲ ਦਾ ਖਰਚਾ ਵੀ ਨਹੀਂ ਨਿਕਲ ਰਿਹਾ। ਰਾਸ਼ਟਰ ਮੰਡਲ ਖੇਡਾਂ ਦੇ ਉਸਾਰੀ ਕਾਰਜ਼ਾਂ 'ਚ ਵਾਤਾਵਰਣ ਨਿਯਮਾਂ ਤੇ ਕਿਰਤ ਕਨੂੰਨਾਂ ਦੀ ਵੀ ਉਲੰਘਣਾ ਹੋ ਰਹੀ ਹੈ। ਠੇਕੇਦਾਰਾਂ ਰਾਹੀਂ ਸਸਤੇ ਮਜ਼ਦੂਰਾਂ ਨੂੰ ਬੁਲਾਇਆ ਗਿਆ ਹੈ। ਉਨ੍ਹਾਂ ਨੂੰ ਜਥੇਬੰਦ ਹੋ ਕੇ ਬੇਹਤਰ ਮਜ਼ਦੂਰੀ ਮੰਗਣ, ਰਿਹਾਇਸ਼ ਤੇ ਸੁਰੱਖਿਆ ਤੇ ਹੋਰ ਸਹੂਲਤਾਂ ਮੰਗਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਸਬੰਧੀ ਸਰਕਾਰ ਤੇ ਸੁਪਰੀਮ ਕੋਰਟ ਦੋਨੋਂ ਚੁੱਪ ਹਨ। ਆਖ਼ਰ ਕਿਉਂ? ਮਜ਼ਦੂਰਾਂ ਦੀ ਲੁੱਟ ਤੇ ਵਾਤਾਵਰਣ ਦੇ ਵਿਨਾਸ਼ ਦੀ ਕੀਮਤ 'ਤੇ ਥੋੜ੍ਹੇ ਸਮੇਂ ਦੀ ਕੌਮਾਂਤਰੀ ਵਾਹ-ਵਾਹ ਕੀ ਸਾਨੂੰ ਵੱਧ ਪਿਆਰੀ ਹੈ? ਇਸ ਆਯੋਜਨ ਦਾ ਫਾਇਦਾ ਕਿਸ ਨੂੰ ਹੋਵੇਗਾ? ਨਾ ਖਿਡਾਰੀਆਂ ਨੂੰ, ਨਾ ਆਮ ਆਦਮੀ ਨੂੰ। ਫਾਇਦਾ ਹੋਣਾ ਹੈ ਵੱਡੇ ਠੇਕੇਦਾਰਾਂ, ਦਿਉ ਕੱਦ ਬਹੁਕੌਮੀ ਕੰਪਨੀਆਂ ਤੇ ਕਮਿਸ਼ਨਖੋਰ ਨੇਤਾਵਾਂ ਨੂੰ।

ਦੂਜੇ ਪਾਸੇ ਝੁੱਗੀ ਬਸਤੀਆਂ 'ਚ ਰਹਿਣ ਵਾਲੀ ਦਿੱਲੀ ਦੀ 65 ਫੀਸਦੀ ਜਨਤਾ ਨੂੰ ਸ਼ਹਿਰ ਤੋਂ ਦੂਰ ਸਿੱਟਿਆ ਜਾ ਰਿਹਾ ਹੈ। ਸੁੰਦਰੀਕਰਨ ਦੇ ਨਾਂ 'ਤੇ ਲੱਖਾਂ ਰੇੜ੍ਹੀਆਂ ਵਾਲਿਆਂ ਦਾ ਧੰਦਾ ਬੰਦ ਕਰਨ ਦੀ ਨੀਤੀ ਬਣਾਈ ਗਈ ਹੈ। ਦਿੱਲੀ ਹਾਈਕੋਰਟ ਦੇ ਤਾਜ਼ਾ ਹੁਕਮਾਂ ਮੁਤਾਬਕ ਦਿੱਲੀ 'ਚ ਰਹਿ ਰਹੇ ਬਹੁਤੇ ਭਿਖਾਰੀਆਂ ਨੂੰ ਅਕਤੂਬਰ 2010 ਤੋਂ ਪਹਿਲਾਂ ਉਨ੍ਹਾਂ ਦੇ ਸੂਬਿਆਂ 'ਚ ਵਾਪਸ ਭੇਜਿਆ ਜਾਵੇਗਾ। ਇਸ ਤਰ੍ਹਾਂ ਦੇ ਆਯੋਜਨਾਂ ਵਿਚ ਵੱਡੀਆਂ-ਵੱਡੀਆਂ ਕੰਪਨੀਆਂ ਨੂੰ ਪ੍ਰਾਯੋਜਕ ਬਣਾਇਆ ਜਾਂਦਾ ਹੈ। ਉਨ੍ਹਾਂ ਨੂੰ ਇਨ੍ਹਾਂ ਨੂੰ ਇਸ਼ਤਿਹਾਰਬਾਜ਼ੀ ਆਦਿ ਨਾਲ ਕਮਾਉਣ ਨੂੰ ਮਿਲਦਾ ਹੈ। ਮੀਡੀਆ ਨੂੰ ਵੀ ਭਾਰੀ ਇਸ਼ਤਿਹਾਰ ਮਿਲਦੇ ਹਨ। ਇਸ ਲਈ ਉਹ ਇਸ ਦੇ ਗੁਣਗਾਣ 'ਚ ਲੱਗਿਆ ਰਹਿੰਦਾ ਹੈ। ਕਿਹਾ ਜਾ ਰਿਹਾ ਹੈ ਕਿ ਇਸ ਆਯੋਜਨ ਵਿਚ ਵੱਡੀ ਮਾਤਰਾ ਵਿਚ ਵਿਦੇਸ਼ੀ ਸੈਲਾਨੀ ਆਉਣਗੇ। ਸੈਰ ਸਪਾਟੇ ਨੂੰ ਉਤਸ਼ਾਹ ਮਿਲੇਗਾ। ਸਵਾਲ ਇਹ ਹੈ ਕਿ ਕਿੰਨੀ ਕੁ ਆਮਦਨ ਹੋਵੇਗੀ? ਅਤੇ ਉਸ ਦੇ ਲਈ ਸਾਡੇ ਦੇਸ਼ ਦੇ ਸਾਧਨਾਂ ਦੀ ਦੁਰਵਰਤੋਂ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਨਜ਼ਰ ਅੰਦਾਜ਼ ਕਰਕੇ ਕਰਨਾ ਕਿੰਨਾ ਕੁ ਜਾਇਜ਼ ਹੈ? ਕੀ ਇਸ ਵਿਸ਼ਾਲ ਖਰਚੇ ਦਾ 10 ਫੀਸਦੀ ਵੀ ਟਿਕਟਾਂ ਦੀ ਵਿਕਰੀ ਅਤੇ ਸੈਰ ਸਪਾਟੇ ਦੀ ਆਮਦਨ ਨਾਲ ਮਿਲੇਗਾ? ਰਾਸ਼ਟਰਮੰਡਲ ਉਨ੍ਹਾਂ ਦੇਸ਼ਾਂ ਦਾ ਸਮੂਹ ਹੈ ਜੋ ਕਦੀ ਬ੍ਰਿਟਿਸ਼ ਰਾਜ ਦਾ ਹਿੱਸਾ ਰਹੇ ਹਨ। ਇਨ੍ਹਾਂ ਖੇਡਾਂ ਦੀ ਸ਼ੁਰੂਆਤ 1918 'ਚ 'ਸਾਮਰਾਜ ਦੇ ਤਿਉਹਾਰ' ਵਜੋਂ ਹੋਈ ਸੀ। ਫਿਰ ਅੱਜ ਜਦ ਅਸੀਂ 1947 'ਚ ਸੱਤਾ ਬਦਲੀ ਹੀ ਕਰ ਲਈ ਤਾਂ ਹੁਣ ਕਿਉਂ ਸਾਮਰਾਜ ਦੇ ਇਸ ਅਦਾਰੇ 'ਚ ਸ਼ਾਮਲ ਹਾਂ? ਕੀ ਅਸੀਂ ਗੁਲਾਮੀ ਦੇ ਪ੍ਰਤੀਕਾਂ ਨੂੰ ਢੋਹਣ 'ਚ ਕੌਮੀਗੌਰਵ ਤੇ ਕੌਮੀ ਸਨਮਾਨ ਦਾ ਅਨੁਭਵ ਕਰਦੇ ਹਾਂ? ਇਹ ਝੂਠੀ ਕੌਮੀਅਤ ਤੇ ਕੌਮੀ ਭਾਵਨਾ ਨੂੰ ਫੈਲਾ ਕੇ ਲੋਕਾਂ ਨੂੰ ਭਰਮਾਉਣ ਤੇ ਲੋਕਾਂ ਦਾ ਧਿਆਨ ਮੂਲ ਮੁੱਦਿਆਂ ਤੋਂ ਹਟਾਉਣ ਦਾ ਕੰਮ ਸਰਕਾਰ ਕਰ ਰਹੀ ਹੈ। ਰਾਸ਼ਟਰਮੰਡਲ ਖੇਡ ਇਸ ਦੇਸ਼ ਦੀ ਗੁਲਾਮੀ, ਸਾਧਨਾਂ ਦੀ ਲੁੱਟ, ਬਰਬਾਦੀ ਵਿਲਾਸਤਾ ਅਤੇ ਗ਼ਲਤ ਖੇਡ ਸਭਿਆਚਾਰ ਦਾ ਪ੍ਰਤੀਕ ਹੈ। ਸਾਡੇ ਦੇਸ਼ ਦੀ ਸਰਕਾਰ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਦੇਸ਼ ਦੇ ਅਦਾਰਿਆਂ ਨੂੰ ਗੁਲਾਮੀ ਤੇ ਐਯਾਸ਼ੀ ਨੂੰ ਜ਼ਾਹਰ ਕਰਨ ਵਾਲੇ ਅਜਿਹੇ ਆਯੋਜਨਾਂ ਵਿਚ ਲੁੱਟੇ ਤੇ ਲੁਟਾਏ।

# ਅਮਕੋ-ਸਿਮਕੋ ਬਲੀਦਾਨ

ਦੇਸ਼ ਦੀ ਅੰਗਰੇਜ਼ਾਂ ਤੋਂ ਮੁਕਤੀ ਦੀ ਲੜਾਈ ਦੌਰਾਨ ਦੇਸ਼ ਦੇ ਵੱਖ-ਵੱਖ ਖੇਤਰਾਂ 'ਚ ਲੋਕਾਂ ਨੇ ਆਪਣੇ ਤਰੀਕੇ ਨਾਲ ਅੰਦੋਲਨ ਚਲਾਇਆ ਅਤੇ ਕੁਰਬਾਨੀਆਂ ਦਿੱਤੀਆਂ। ਇਨ੍ਹਾਂ 'ਚੋਂ ਕਈ ਬਲੀਦਾਨ ਗਾਥਾਵਾਂ, ਅੰਦੋਲਨਾਂ ਨੂੰ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਥਾਂ ਮਿਲੀ, ਜਿਨ੍ਹਾਂ 'ਚੋਂ ਕੁਝ ਦਾ ਆਮ ਜ਼ਿਕਰ ਹੀ ਹੋਇਆ ਪਰ ਅਨੇਕਾਂ ਕੁਰਬਾਨੀਆਂ ਸਮੇਂ ਦੇ ਹਨੇਰਿਆਂ 'ਚ ਉਂਜ ਹੀ ਗੁਆਚ ਗਈਆਂ ਖਾਸ ਕਰਕੇ ਪਿਛਲੇ ਆਦਿਵਾਸੀ ਤੇ ਰਜਵਾੜਿਆਂ ਦੇ ਇਲਾਕਿਆਂ 'ਚ ਚੱਲੇ ਸੰਘਰਸ਼ਾਂ ਨੂੰ ਇਤਿਹਾਸ 'ਚ ਬਣਦੀ ਥਾਂ ਨਹੀਂ ਮਿਲੀ। ਸੰਨ 1919 'ਚ ਪੰਜਾਬ ਦੇ ਜਲ੍ਹਿਆਂਵਾਲਾ ਬਾਗ਼ 'ਚ ਵਾਪਰੇ ਕਤਲੇਆਮ ਦੀਆਂ ਮਿਸਾਲਾਂ ਬਹੁਤ ਘੱਟ ਹਨ ਪਰ ਅਜਿਹੇ ਹੀ ਕਤਲੇਆਮ ਹੋਰ ਵੀ ਥਾਵਾਂ 'ਤੇ ਹੋਏ ਜਿਨ੍ਹਾਂ ਸਬੰਧੀ ਦੇਸ਼ ਵਾਸੀਆਂ ਨੂੰ ਪਤਾ ਹੀ ਨਹੀਂ ਹੈ। ਅਜਿਹੀਆਂ ਘਟਨਾਵਾਂ 'ਚ ਇੱਕ ਅਮਕੋ-ਸਿਮਕੋ ਗੋਲੀਕਾਂਡ ਤੇ ਕਤਲੇਆਮ ਦੀ ਘਟਨਾ ਹੈ ਜਿਸ ਬਾਰੇ ਅੱਜ 71 ਸਾਲ ਬਾਅਦ ਵੀ ਪੂਰੀ ਜਾਣਕਾਰੀ ਨਹੀਂ ਹੈ। ਇਸ ਗੋਲੀ ਕਾਂਡ ਵਿਚ 40 ਤੋਂ ਵੱਧ ਆਦਿਵਾਸੀ ਸ਼ਹੀਦ ਹੋਏ ਸਨ ਅਤੇ ਸੈਂਕੜੇ ਜ਼ਖ਼ਮੀ। ਇਹ ਬੇਰਹਿਮ ਤੇ ਜਾਲਮ ਗੋਲੀਕਾਂਡ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਦੇ ਵੀਹ ਸਾਲ ਬਾਅਦ 25 ਅਪ੍ਰੈਲ 1939 ਨੂੰ ਉੜੀਸਾ ਝਾਰਖੰਡ ਸਰਹੱਦ 'ਤੇ ਸਥਿਤ ਰਾਏਬੋਗਾ ਥਾਣੇ ਤਹਿਤ ਅਮਕੋ-ਸਿਮਕੋ ਪਿੰਡ (ਰਾਓਰਕੇਲਾ ਤੋਂ ਲਗਭਗ 50 ਕਿਲੋਮੀਟਰ ਦੂਰ) ਵਾਪਰਿਆ। ਉਸ ਦਿਨ ਉਥੇ ਸਵਰਗੀ ਨਿਰਮਲ ਮੁੰਡਾ ਦੀ ਅਗਵਾਈ 'ਚ ਆਪਣੇ ਅਧਿਕਾਰਾਂ ਲਈ ਆਵਾਜ਼ ਉਠਾਉਣ ਵਾਸਤੇ ਇੱਕ ਵੱਡੀ ਸਭਾ ਜਥੇਬੰਦ ਕੀਤੀ ਗਈ ਸੀ ਅਤੇ ਉਸ ਲੋਕ ਰੈਲੀ 'ਤੇ ਅੰਗਰੇਜ਼ੀ ਪੁਲਸ ਨੇ ਗੋਲੀਆਂ ਦੀ ਵਾਛੜ ਕਰਕੇ ਚਾਲੀ ਤੋਂ ਵੱਧ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਅੰਗਰੇਜ਼ ਪੁਲਸ ਅਸਲ ਵਿਚ ਇਹ ਸੰਘਰਸ਼ ਦੇ ਆਗੂ ਨਿਰਮਲ ਗੁੰਡਾ ਨੂੰ ਗ੍ਰਿਫ਼ਤਾਰ ਕਰਨ ਦੇ ਮਕਸਦ ਨਾਲ ਆਈ ਸੀ ਪਰ ਹਾਜ਼ਰ ਲੋਕਾਂ ਦੇ ਇਕੱਠ ਨੇ ਪੁਲਿਸ ਦੀ ਮਦਦ ਨਹੀਂ ਕੀਤੀ ਤਾਂ ਗੁੱਸੇ 'ਚ ਆ ਕੇ ਪੁਲਿਸ ਨੇ ਇਸ ਵਹਿਸ਼ੀਆਨਾ ਕਾਂਡ ਨੂੰ ਅੰਜ਼ਾਮ ਦਿੱਤਾ। ਆਦਿਵਾਸੀਆਂ ਵੱਲੋਂ ਆਪਣੇ ਅਧਿਕਾਰਾਂ ਦੀ ਰਾਖੀ ਲਈ ਸ਼ੁਰੂ ਕੀਤੇ ਗਏ ਇਸ ਸੰਘਰਸ਼ ਨੂੰ ਕੌਮੀ ਪੱਧਰ 'ਤੇ ਏਨਾ ਮਹੱਤਵ ਨਹੀਂ ਮਿਲਿਆ ਜਿੰਨੇ ਦਾ ਇਹ ਹੱਕਦਾਰ ਸੀ। ਉਸ ਵੇਲੇ ਦੇ ਗੰਗਾਪੁਰ ਰਾਜ (ਮੌਜੂਦਾ ਸੁੰਦਰਗੜ੍ਹ ਜ਼ਿਲ੍ਹੇ ਦਾ ਹਿੱਸਾ) 'ਚ ਸ਼ੁਰੂ ਹੋਏ ਇਸ ਸੰਘਰਸ਼ ਪਿੱਛੇ ਆਦਿਵਾਸੀਆਂ ਦੀ ਜ਼ਮੀਨ ਅਤੇ ਸਮਾਜਕ ਅਧਿਕਾਰਾਂ 'ਤੇ ਵਧਦਾ ਦਬਾਅ ਮੁੱਖ ਕਾਰਨ ਸੀ। ਇਸ ਖੇਤਰ 'ਚ ਪਹਿਲਾਂ ਜਿਸ ਜ਼ਮੀਨ 'ਤੇ ਟੈਕਸ ਨਹੀਂ ਲਾਇਆ ਜਾਂਦਾ ਸੀ ਉਸ 'ਤੇ ਟੈਕਸ ਲਾਉਣ ਦੀ ਵਿਵਸਥਾ ਵਿਰੁੱਧ ਆਦਿਵਾਸੀਆਂ 'ਚ ਰੋਹ ਤੇ ਗੁੱਸਾ ਫੈਲ ਗਿਆ ਸੀ। ਸੰਨ 1865 'ਚ ਪੂਰੇ ਇਲਾਕੇ ਦਾ ਮਾਲੀਆ 5200 ਰੁਪਏ ਸੀ। ਸੰਨ 1900 ਵਿਚ ਇਹ ਵਧ ਕੇ 47700 ਰੁਪਏ ਅਤੇ ਫਿਰ 1911 'ਚ ਹੋਈ ਪਹਿਲੇ ਜ਼ਮੀਨੀ ਬੰਦੋਬਸਤ 'ਚ ਮਾਲੀਆ 64257 ਰੁਪਏ ਤਹਿ ਕਰ ਦਿੱਤਾ ਗਿਆ। ਪਹਿਲਾਂ ਗੰਗਪੁਰ ਰਿਆਸਤ ਦੀ ਗੋਡਾ ਭੂਮੀ 'ਤੇ ਟੈਕਸ ਨਹੀਂ ਲੱਗਦਾ ਸੀ ਪਰ ਸੰਨ 1935 ਦੇ ਨਵੇਂ ਜ਼ਮੀਨੀ ਬੰਦੋਬਸਤ ਪਿੱਛੋਂ ਗੋਡਾ ਭੂਮੀ ਤੇ ਵੀ ਟੈਕਸ ਲਾਉਣ ਦਾ ਵੀ ਫੈਸਲਾ ਕੀਤਾ ਗਿਆ ਅਤੇ ਸੰਨ 1937 ਤੋਂ ਇਸ ਦਾ ਭੁਗਤਾਨ ਲਾਜ਼ਮੀ ਕਰ

ਦਿੱਤਾ ਗਿਆ। ਸੰਨ 1923-24 ਵਿਚ ਜ਼ਮੀਨੀ ਮਾਲੀਆ 110257 ਰੁਪਏ, ਸੰਨ 1932 'ਚ 149861 ਰੁਪਏ ਕਰ ਦਿੱਤਾ ਗਿਆ। ਮੁੰਡਾ ਆਦਿਵਾਸੀਆਂ ਨੇ ਨਾਗਪੁਰ ਰਾਜ ਦੇ ਇਸ ਫੈਸਲੇ ਵਿਰੁੱਧ ਸੰਨ 1935 'ਚ ਗਵਰਨਰ ਜਨਰਲ ਦੇ ਨੁਮਾਇੰਦੇ ਨੂੰ ਇੱਕ ਪੱਤਰ ਲਿਖਿਆ। ਨਿਰਮਲ ਮੁੰਡਾ ਇਸ ਸੰਘਰਸ਼ ਦੀ ਅਗਵਾਈ ਕਰ ਰਹੇ ਸਨ। ਇਨ੍ਹਾਂ ਲੋਕਾਂ ਨੇ ਇਸ ਮੰਗ ਪੱਤਰ ਵਿਚ ਗੋਡਾ ਭੂਮੀ 'ਤੇ ਪ੍ਰਸਤਾਵਿਤ ਟੈਕਸ 'ਚ ਕਮੀ ਕਰਨ ਦੇ ਨਾਲ ਛੋਟਾ ਨਾਗਪੁਰ ਇਲਾਕੇ 'ਚ ਚਲਦੇ ਖੁੰਟਕਟੀ ਕਨੂੰਨ ਨੂੰ ਇੱਥੇ ਵੀ ਲਾਗੂ ਕਰਨ ਦੀ ਮੰਗ ਰੱਖੀ। ਸੰਨ 1938 'ਚ ਇਹ ਅੰਦੋਲਨ ਪੂਰੇ ਗਾਂਗਪੁਰ ਸੂਬੇ 'ਚ ਫੈਲ ਗਿਆ। ਇਸ ਨੂੰ ਕੁਚਲਣ ਲਈ ਗਾਂਗਪੁਰ ਸੂਬੇ ਨੇ ਨਿਰਮਲ ਮੁੰਡਾ ਨੂੰ ਗ੍ਰਿਫ਼ਤਾਰ ਕਰਨ ਦਾ ਫੈਸਲਾ ਲਿਆ ਅਤੇ ਇਸ ਲੜੀ ਵਿਚ ਆਦਿਵਾਸੀਆਂ 'ਤੇ ਅਤਿਆਚਾਰ ਸ਼ੁਰੂ ਹੋਇਆ। ਇਸ ਦੇ ਅੰਗ ਵਜੋਂ ਆਪਣੇ ਅਧਿਕਾਰਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨ ਵਾਸਤੇ 25 ਅਪ੍ਰੈਲ 1939 ਨੂੰ ਸਿਮਕੋ ਪਿੰਡ 'ਚ ਇੱਕ ਰੈਲੀ ਜਥੇਬੰਦ ਕੀਤੀ ਗਈ। ਇਸ ਮੌਕੇ 'ਤੇ ਗਾਂਗਪੁਰ ਪੁਲਿਸ ਰਾਨੀ ਜਾਨਕੀ ਰਤਨਾ ਸਾਹਿਬ ਦੇ ਹੁਕਮ 'ਤੇ ਨਿਰਮਲ ਮੁੰਡਾ ਨੂੰ ਗ੍ਰਿਫ਼ਤਾਰ ਕਰਨ ਪੁਲਸ ਸਿਮਕੋ ਪਿੰਡ ਪਹੁੰਚੀ। ਗਾਂਗਪੁਰ ਸੂਬੇ ਨੇ ਇਸ ਵਿਚ ਬ੍ਰਿਟਿਸ਼ ਪੁਲਸ ਦੀ ਮਦਦ ਲਂਈ। ਇਸ ਰੈਲੀ 'ਚ ਤਿੰਨ ਹਜ਼ਾਰ ਤੋਂ ਵੱਧ ਆਦਿਵਾਸੀ ਇਕੱਠੇ ਹੋਏ। ਬ੍ਰਿਟਿਸ਼ ਪੋਲੀਟੀਕਲ ਏਜੰਟ ਲੈਫਟੀ. ਈ. ਡਬਲਯੂ. ਐਮ. ਮਾਰਜਰ ਦੀ ਅਗਵਾਈ 'ਚ ਪੁਲਸ ਟੀਮ ਉਥੇ ਪਹੁੰਚੀ ਅਤੇ ਉਨ੍ਹਾਂ ਨੇ ਤਿੰਨ ਪਾਸਿਆਂ ਤੋਂ ਘੇਰਾਬੰਦੀ ਕਰ ਦਿੱਤੀ। ਪੁਲਿਸ ਅਸਲ 'ਚ ਨਿਰਮਲ ਮੁੰਡਾ ਨੂੰ ਫੜਨ ਆਈ ਸੀ। ਇਹ ਗੱਲ ਦਾ ਪਤਾ ਲੱਗਦਿਆਂ ਹੀ ਲੋਕ ਬੇਚੈਨ ਹੋ ਗਏ ਅਤੇ ਉਨ੍ਹਾਂ ਨੇ ਆਪਣੇ ਆਗੂ ਨੂੰ ਬਚਾਉਣ ਦਾ ਫੈਸਲਾ ਕਰ ਲਿਆ। ਪੁਲਿਸ ਨੇ ਜਦ ਲੋਕਾਂ ਤੋਂ ਨਿਰਮਲ ਮੁੰਡਾ ਬਾਰੇ ਪੁੱਛਿਆ ਤਾਂ ਲੋਕਾਂ ਨੇ ਖੁਦ ਨੂੰ ਨਿਰਮਲ ਮੁੰਡਾ ਕਿਹਾ। ਇਸ ਤੋਂ ਅੱਕ ਕੇ ਲੈ ਮਾਰਜਰ ਨੇ ਜਬਰਦਸਤੀ ਨਿਰਮਲ ਮੁੰਡਾ ਦੇ ਘਰੇ ਵੜਣ ਦੀ ਕੋਸ਼ਿਸ਼ ਕੀਤੀ ਤਾਂ ਇਕ ਨੌਜਵਾਨ ਨੇ ਉਸ 'ਤੇ ਡਾਂਗ ਵਰ੍ਹਾ ਦਿੱਤੀ। ਇੱਕ ਪੁਲਿਸ ਵਾਲੇ ਨੇ ਫੌਰਨ ਉਸ ਦੇ ਪੇਟ 'ਚ ਰਾਈਫਲ ਦੀ ਸੰਗੀਨ ਮਾਰ ਦਿੱਤੀ, ਜਿਸ ਨਾਲ ਉਹ ਉਥੇ ਹੀ ਢੇਰੀ ਹੋ ਗਿਆ। ਇਸ ਪਿੱਛੋਂ ਪੁਲਿਸ ਨੇ ਨਿਹੱਥੇ ਆਦਿਵਾਸੀਆਂ 'ਤੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਗੋਲੀ ਨਾਲ 40 ਲੋਕ ਸ਼ਹੀਦ ਹੋਏ ਅਤੇ ਸੈਂਕੜੇ ਜ਼ਖ਼ਮੀ। ਪੁਲਿਸ ਦੇ ਡਰ ਕਾਰਨ ਆਦਿਵਾਸੀ ਜੰਗਲਾਂ 'ਚ ਵੜ ਗਏ, ਉਥੇ ਅਨੇਕਾਂ ਲੋਕ ਜੰਗਲੀ ਜਾਨਵਰਾਂ ਦਾ ਸ਼ਿਕਾਰ ਹੋ ਗਏ। ਪੁਲਿਸ ਨੇ ਨਿਰਮਲ ਮੁੰਡਾ ਤੇ ਹੋਰ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਲੋਕ 15 ਅਗਸਤ 1947 ਨੂੰ ਜੇਲ੍ਹ ਤੋਂ ਰਿਹਾਅ ਹੋਏ। ਆਦਿਵਾਸੀਆਂ ਦੇ ਇਸ ਬਲੀਦਾਨ ਦੀ ਯਾਦ ਨੂੰ ਬਣਾਈ ਰੱਖਣ ਲਈ ਕੁਝ ਸਥਾਨਕ ਆਦਿਵਾਸੀ ਵਰਕਰ, ਸਮਾਜਵਾਦੀ ਵਿਚਾਰਕ ਤੇ ਸਿਆਸੀ ਲੋਕ ਇਨ੍ਹਾਂ ਸ਼ਹੀਦਾਂ ਨੂੰ ਸਰਕਾਰੀ ਮਾਨਤਾ ਦਿਵਾਉਣ ਲਈ ਯਤਨ ਕਰਦੇ ਰਹੇ ਹਨ ਪਰ ਸਿੱਟਾ ਕੁਝ ਨਹੀਂ ਨਿਕਲਿਆ। ਇੱਥੇ ਬਣੀ ਸ਼ਹੀਦੀ ਲਾਟ ਦੇ ਇਰਦ ਗਿਰਦ ਦਰਖ਼ਤ ਉੱਘੇ ਹੋਏ ਹਨ, ਬਿਜਲੀ ਇੱਥੇ ਹੈ ਨਹੀਂ। ਸਥਾਨਕ ਪ੍ਰਸਾਸ਼ਨ ਬੇਖ਼ਬਰ ਹੈ। ਆਦਿਵਾਸੀਆਂ ਦਾ ਇਹ ਅੰਦੋਲਨ, ਉਨ੍ਹਾਂ ਦੇ ਬਲੀਦਾਨ ਦਾ ਵਿਸ਼ਾ ਹੈ। ਇਸ ਅੰਦੋਲਨ ਨਾਲ ਜੁੜੇ ਸਾਰੇ ਤੱਥਾਂ ਨੂੰ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ।

# ਟੁੱਟ ਰਹੀਆਂ ਜਾਗੀਰੂ ਕਦਰਾਂ ਕੀਮਤਾਂ ਦੀ ਚੀਖਪੁਕਾਰ ਕਿੰਨੀ ਕੁ ਜਾਇਜ਼?

ਪਿਛਲੇ ਕੁਝ ਸਾਲਾਂ ਵਿਚ ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ 'ਚ ਖਾਪ ਪੰਚਾਇਤਾਂ ਵਲੋਂ ਸਥਾਪਿਤ ਰਵਾਇਤਾਂ ਨੂੰ ਠੁਕਰਾਉਂਦੇ ਹੋਏ ਆਪਸੀ ਵਿਆਹ ਸਬੰਧ ਸਥਾਪਿਤ ਕਰਨ ਵਾਲੇ ਨੌਜਵਾਨਾਂ-ਮੁਟਿਆਰਾਂ ਖਿਲਾਫ਼ ਜਬਰ ਕਾਰਵਾਈਆਂ ਦੀਆਂ ਖਬਰਾਂ ਸੁਰਖੀਆਂ ਬਣਦੀਆਂ ਰਹੀਆਂ ਹਨ ਅਤੇ ਆਮ ਜਮਹੂਰੀ ਚੇਤਨਾ ਦੇ ਲੋਕਾਂ ਵਿਚ ਡੂੰਘੇ ਰੋਹ ਨੂੰ ਜਨਮ ਦਿੰਦੀਆਂ ਰਹੀਆਂ ਹਨ। ਬਹੁਤ ਮਾਮਲਿਆਂ ਵਿਚ ਸਰਕਾਰੀ ਪ੍ਰਸ਼ਾਸਨ ਦਾ ਦੜ ਵੱਟਣਾ ਜਾਂ ਕਿਸੇ ਹੱਦ ਤੱਕ ਮਿਲੀ ਭੁਗਤ ਦਾ ਰਵੱਈਆ ਅਜਿਹੇ ਲੋਕਾਂ ਨੂੰ ਹੋਰ ਵੱਧ ਘਿਰਣਾ ਨਾਲ ਭਰ ਦਿੰਦਾ ਹੈ। ਜਾਟ ਫਿਰਕੇ ਦੀਆਂ ਖਾਪ ਪੰਚਾਇਤਾਂ ਨੇ ਅਜਿਹੇ ਫੈਸਲੇ ਜਾਤ ਤੋਂ ਬਾਹਰ, ਗੋਤ ਤੋਂ ਬਾਹਰ ਜਾਂ ਇਕ ਹੀ ਪਿੰਡ ਜਾਂ ਗੁਆਂਢ ਦੇ ਪਿੰਡ ਵਿਚ ਵਿਆਹ ਕਰਨ ਸਬੰਧੀ ਦਿੱਤੇ ਗਏ ਹਨ। ਇਹੀ ਨਹੀਂ ਹਰਿਆਣੇ ਦੀਆਂ ਖਾਪ ਪੰਚਾਇਤਾਂ ਨੇ ਇਹ ਵੀ ਮੰਗ ਕਰ ਲਈ ਹੈ ਕਿ ਹਿੰਦੂ ਵਿਆਹ ਕਨੂੰਨ 'ਚ ਤਬਦੀਲੀ ਕੀਤੀ ਜਾਵੇ ਜਿਸ ਨਾਲ ਇਕ ਗੋਤ ਅੰਦਰ ਵਿਆਹ ਮਨਾ ਹੋ ਜਾਵੇ। ਪਰ ਖਾਪ ਪੰਚਾਇਤਾਂ ਦਾ ਇਹ ਰਵੱਈਆ ਸਿਰਫ਼ ਵਿਆਹਾਂ ਸਬੰਧੀ ਹੀ ਨਹੀਂ ਹੈ ਇਹ ਉਦੋਂ ਸਪੱਸ਼ਟ ਹੋ ਗਿਆ ਜਦ ਮਿਰਚਪੁਰ ਵਿਚ ਦਲਿਤਾਂ ਦੇ ਵਿਰੁੱਧ ਜਾਟ ਦੇ ਖਰੂਦ ਪਾਉਣ ਪਿੱਛੋਂ ਉਨ੍ਹਾਂ ਦੀ ਖਾਪ ਪੰਚਾਇਤ ਨੇ ਇਹ ਫੈਸਲਾ ਕੀਤਾ ਕਿ ਉਹ ਕਿਸੇ ਦੋਸ਼ੀ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਨਗੇ। ਖਾਪ ਪੰਚਾਇਤਾਂ ਦੀ ਮੌਜੂਦਾ ਸਰਗਰਮੀ ਅਤੇ ਜ਼ਾਲਮ ਗੈਰ ਮਨੁੱਖੀ ਕਾਰਵਾਈਆਂ ਟੁੱਟਦੀ ਜਾਗੀਰੂ ਸ਼ਕਤੀ ਤਾਣੇ ਬਾਣੇ ਨੂੰ ਬਚਾਉਣ ਦੀ ਜਾਬਰ ਪ੍ਰਤੀਕ੍ਰਿਆਵਾਦੀ ਕੋਸ਼ਿਸ਼ ਹੈ। ਭਾਰਤੀ ਸਮਾਜ ਵਿਚ ਜਾਤ ਅੰਦਰ ਪਰ ਗੋਤ ਤੋਂ ਬਾਹਰ ਵਿਆਹ ਦੀ ਪ੍ਰਣਾਲੀ ਇਥੇ ਵਰਣ-ਜਾਤੀ ਪ੍ਰਬੰਧ ਦੇ ਉਭਰਨ ਦੇ ਸਮੇਂ ਤੋਂ ਹੀ ਇਸ ਦੇ ਤਾਣੇ-ਬਾਣੇ ਵਾਂਗੂੰ ਇਸ ਨਾਲ ਸਬੰਧਤ ਰਹੀ ਹੈ। ਜਿਥੇ ਗੋਤ ਦੀ ਪ੍ਰਣਾਲੀ ਕਬੀਲਾਈ ਸਮਾਜ ਦੀ ਰਹਿੰਦ ਖੂਦ ਸੀ ਉਥੇ ਜਾਤੀ ਪ੍ਰਬੰਧ ਦੇ ਅੰਦਰ ਵਿਆਹ ਜਾਤੀਗਤ ਵੰਡ ਨੂੰ ਬਣਾਈ ਰੱਖਣ ਦਾ ਮੂਲ ਅਧਾਰ ਸੀ। ਭਾਰਤ ਵਿਚ ਜਾਗੀਰੂ ਪ੍ਰਬੰਧ ਸਥਾਪਤ ਹੋਣ 'ਤੇ ਇਹ ਹੋਰ ਵੀ ਦ੍ਰਿੜ ਹੋ ਗਈ। ਕਿਸੇ ਵੀ ਜਾਗੀਰੂ ਸਮਾਜ ਵਿਚ ਵਿਅਕਤੀ ਦੀ ਸਮਾਜਿਕ ਹੈਸੀਅਤ ਜਨਮਜਾਤ ਮੰਨੀ ਜਾਂਦੀ ਹੈ। ਕਿਸਾਨ ਦਾ ਬੇਟਾ ਕਿਸਾਨ, ਰਾਜੇ ਦਾ ਪੁੱਤ ਰਾਜਾ। ਸਮਾਜਿਕ ਸ਼੍ਰੇਣੀਆਂ ਦ੍ਰਿੜਤਾਪੂਰਵਕ ਵੰਡੀਆਂ ਹੁੰਦੀਆਂ ਹਨ ਅਤੇ ਇਕ ਸ਼੍ਰੇਣੀ ਤੋਂ ਦੂਜੀ ਸ਼੍ਰੇਣੀ ਵਿਚ ਆਵਾਜਾਈ ਘੱਟ ਜਾਂ ਵੱਧ ਮਾਤਰਾ 'ਚ ਮਨ੍ਹਾ ਹੈ। ਇਸ ਦਾ ਸਿੱਟਾ ਹੁੰਦਾ ਹੈ ਕਿ ਕੁਲੀਨ ਖਾਨਦਾਨ ਪੰਜ ਛੇ ਪੀੜ੍ਹੀਆਂ ਤੱਕ ਆਪਣੀ ਵੰਸ਼ਵਲੀ ਖੋਜ ਸਕਦੇ ਹਨ। ਇਸ ਸ਼੍ਰੇਣੀ ਵੰਡ ਨੂੰ ਬਣਾਈ ਰੱਖਣ ਵਿਚ ਵਿਆਹ ਸਬੰਧਾਂ ਦੀ ਮਹੱਤਵਪੂਰਨ ਭੂਮਿਕਾ ਸੀ। ਜਾਗੀਰੂ ਸਮਾਜ ਵਿਚ ਵਿਆਹ ਦੋ ਵਿਅਕਤੀਆਂ ਵਿਚ ਨਹੀਂ ਬਲਕਿ ਉਨ੍ਹਾਂ ਦੇ ਖਾਨਦਾਨਾਂ ਵਿਚਕਾਰ ਹੁੰਦਾ ਸੀ। ਲਗਭਗ ਬਰਾਬਰ ਦੇ ਪਰਿਵਾਰ ਦਰਮਿਆਨ ਵਿਆਹ ਸਬੰਧ ਉਨ੍ਹਾਂ ਦੀ ਸਮਾਜਿਕ ਸ਼੍ਰੇਣੀ ਨੂੰ ਨਿਸ਼ਚਿਤ ਕਰਦੇ ਸਨ। ਪਰ ਠੀਕ ਇਸੇ ਕਾਰਣ ਦੋ

ਵਿਅਕਤੀਆਂ ਵਿਚਾਲੇ ਪ੍ਰੇਮ ਸਬੰਧਾਂ ਦੀ ਜਾਗੀਰੂ ਸਮਾਜ 'ਚ ਇਕ ਨਿਸ਼ਚਿਤ ਦਾਇਰੇ 'ਚ ਹੀ ਇੱਜ਼ਤ ਮਿਲ ਸਕਦੀ ਸੀ। ਵਿਆਹ ਤੋਂ ਪਹਿਲਾਂ ਪਿਆਰ ਸਬੰਧ ਜਾਂ ਤਾਂ ਮਨ੍ਹਾ ਸਨ ਜਾਂ ਫਿਰ ਸ਼੍ਰੇਣੀਆਂ ਦੀ ਹੱਦਾਂ ਵਿਚ ਕੈਦ ਕੇਵਲ ਵਿਆਹੇ ਲੋਕਾਂ ਵਿਚਕਾਰ ਹੀ ਪ੍ਰੇਮ ਸਬੰਧ ਮਾਨਤ ਪ੍ਰਾਪਤ ਸੀ ਪਰ ਕਿਉਂਕਿ ਇਥੇ ਵੀ ਖਾਨਦਾਨ ਰਿਵਾਜ਼ ਤੇ ਸਨਤਾਨ ਪੈਦਾਵਾਰ ਵਿਆਹ ਦਾ ਮੂਲ ਅਧਾਰ ਸਨ ਇਸ ਲਈ ਵਿਆਹੇ ਲੋਕਾਂ ਵਿਚਕਾਰ ਹੀ ਪ੍ਰੇਮ ਸਬੰਧ ਨਿਗੂਣੇ ਸਨ। ਜਾਗੀਰਦਾਰਾਂ ਲਈ ਤਾਂ ਬਹੁ ਪਤਨੀ ਤੇ ਹਰਮ ਦੀ ਵਿਵਸਥਾ ਦੇ ਚਲਦਿਆਂ ਇਸ ਦਾ ਸਵਾਲ ਵੀ ਬੇਮਾਨੀ ਸੀ। ਭਾਰਤੀ ਜਾਗੀਰੂ ਪ੍ਰਬੰਧ ਦੇ ਜਾਤੀ 'ਤੇ ਅਧਾਰਤ ਹੋਣ ਕਰਕੇ ਪ੍ਰੇਮ 'ਤੇ ਪਾਬੰਦੀ ਇਥੇ ਹੋਰ ਵੱਧ ਸੀ। ਇਥੇ ਸਮਾਜਿਕ ਸ਼੍ਰੇਣੀਆਂ ਜਾਤੀਆਂ 'ਚ ਵੰਡੀਆਂ ਹੋਈਆਂ ਸਨ। ਇਹ ਵਿਆਹ ਸੰਬੰਧਾਂ ਦਾ ਦਾਇਰਾ ਹੋਰ ਵੱਧ ਸੀਮਤ ਸੀ। ਇਸ ਸੀਮਤ ਦਾਇਰੇ ਦੀ ਉਲੰਘਣਾ ਨਾ ਹੋਵੇ, ਇਕ ਹੀ ਪੱਧਰ ਦੀਆਂ ਜਾਤਾਂ ਵਿਚ ਵੀ ਜਾਤੀਗਤ ਵੰਡ ਬਣੀ ਰਹੇ ਇਸ ਲਈ ਜ਼ਰੂਰੀ ਸੀ ਕਿ ਜਾਤੀਗਤ ਸੂਚਨਾ ਦਾ ਹੋਰ ਸਖਤੀ ਨਾਲ ਪਾਲਣ ਕੀਤਾ ਜਾਵੇ ਕਿਉਂਕਿ ਵਿਆਹ ਤੋਂ ਪਹਿਲਾਂ ਪ੍ਰੇਮ ਸਬੰਧਾਂ ਅਤੇ ਉਸ ਅਧਾਰਿਤ ਵਿਆਹ 'ਤੇ ਸਖਤੀ ਨਾਲ ਪਾਬੰਦੀ ਸੀ। ਭਾਰਤੀ ਜਾਤੀ ਪ੍ਰਬੰਧ ਨੇ ਆਪਣੇ ਉਲੰਘਣ ਦੀ ਕਿਸੇ ਵੀ ਸੰਭਾਵਨਾ ਨੂੰ ਖਾਰਜ ਕਰਨ ਲਈ ਵਿਆਹ ਤੋਂ ਪਹਿਲਾਂ ਸਬੰਧ ਅਤੇ ਉਸ 'ਤੇ ਅਧਾਰਿਤ ਵਿਆਹ ਨੂੰ ਪੂਰੀ ਪਾਬੰਧੀਸ਼ੁਦਾ ਕਰ ਦਿੱਤਾ। ਇਸ ਨੂੰ ਹੋਰ ਵੱਧ ਮੁਕੰਮਲ ਬਣਾਉਣ ਲਈ ਗੋਤ ਦੇ ਅੰਦਰ ਵਿਆਹ ਨਾ ਕਰਨ ਦੀ ਪੁਰਾਣੀ ਕਬਾਇਲੀ ਰਵਾਇਤ ਦੀ ਰਹਿੰਦ-ਖੂੰਹਦ ਨੂੰ ਵੀ ਦ੍ਰਿੜ ਬਣਾ ਦਿੱਤਾ ਗਿਆ ਅਤੇ ਇਕ ਪਿੰਡ ਜਾਂ ਆਂਢੀ ਗੁਆਂਢੀ ਪਿੰਡ 'ਚ ਵੀ ਵਿਆਹ ਮਨ੍ਹਾ ਮੰਨ ਲਿਆ ਗਿਆ। ਗੋਤ ਤੇ ਆਂਢੀ-ਗੁਆਂਢੀ ਪਿੰਡਾਂ ਦੇ ਸਾਰੇ ਮੁੰਡੇ ਕੁੜੀਆਂ ਭੈਣ-ਭਰਾ ਮੰਨ ਲਏ ਗਏ। ਪੁਰਾਣੇ ਜਾਗੀਰੂ ਜ਼ਮਾਨੇ ਵਿਚ ਦੂਰ-ਦੁਰਾਂਡੇ ਦੇ ਪਿੰਡਾਂ ਦੇ ਨੌਜਵਾਨ-ਮੁਟਿਆਰਾਂ ਵਿਚਕਾਰ ਕਿਸੇ ਨਿਸ਼ਚਿਤ ਮੁਲਾਕਾਤ ਦੀ ਥੋੜ੍ਹੀ ਸੰਭਾਵਨਾ ਨੂੰ ਵੇਖਦਿਆਂ ਹੋਇਆ ਇਹ ਪ੍ਰਬੰਧ ਇਕਦਮ ਮੁਕੰਮਲ ਮਨ ਲਿਆ ਗਿਆ। ਕੋਈ ਨੌਜ਼ਵਾਨ ਮੁਟਿਆਰ ਵਿਆਹ ਤੋਂ ਪਹਿਲਾਂ ਆਪਸ ਵਿਚ ਪਿਆਰ ਨਹੀਂ ਕਰ ਸਕਦੇ ਸਨ ਅਤੇ ਨਾ ਹੀ ਵਿਆਹ। ਵਿਆਹ ਸਿਰਫ਼ ਪਰਿਵਾਰ ਜਾਂ ਸਮਾਜ ਦੇ ਲੋਕ ਹੀ ਕਰਵਾ ਸਕਦੇ ਸਨ। ਭਾਰਤ ਦਾ ਜਾਤੀ ਪ੍ਰਬੰਧ ਸੁਰੱਖਿਅਤ ਹੋ ਗਿਆ। ਪਰ ਹੁਣ ਜਦ ਕਿ ਆਰਥਿਕ ਰਾਜਸੀ ਜੀਵਨ ਪੂਰੀ ਤਰ੍ਹਾਂ ਅਰਧ ਜਾਗੀਰੂ ਹੋ ਚੁੱਕਿਆ ਹੈ ਤਦ ਪ੍ਰੇਮ ਤੇ ਵਿਆਹ ਸਬੰਧਾਂ 'ਚ ਪੁਰਾਣੀਆਂ ਜਾਗੀਰੂ ਮੁੱਲ ਮਾਨਤਾਵਾਂ ਬਹੁਤ ਦਿਨਾਂ ਤੱਕ ਟਿਕੀਆਂ ਨਹੀਂ ਰਹਿ ਸਕਦੀਆਂ। ਪੂੰਜੀਵਾਦ ਖਾਨਦਾਨ ਦੇ ਮੁਕਾਬਲੇ ਪੂੰਜੀ ਨੂੰ ਪ੍ਰਧਾਨ ਮੰਨਦਾ ਹੈ। ਇਹ ਜਮਾਤਾਂ ਵਿਚਾਲੇ ਵਿਅਕਤੀਆਂ ਦੀ ਆਵਾਜਾਈ ਦੀ ਇਜਾਜ਼ਤ ਦਿੰਦਾ ਹੈ। ਇਹ ਆਪਣੇ ਕਿਰਦਾਰ 'ਚ ਵਿਅਕਤੀਵਾਦੀ ਹੈ। ਇਹ ਬੰਦੇ ਦੀ ਆਜ਼ਾਦੀ ਦੀ ਗੱਲ ਕਰਦਾ ਹੈ ਅਤੇ ਪੇਸ਼ਾ ਚੁਨਣ ਤੋਂ ਲੈ ਕੇ ਵਿਆਹ ਸਬੰਧਾਂ ਤੱਕ ਵਿਚ ਇਹ ਵਿਅਕਤੀਆਂ ਨੂੰ ਛੋਟ ਦਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਵਿਅਕਤੀ ਜ਼ਿਆਦਾਤਰ ਆਪਣੀਆਂ ਜਮਾਤਾਂ ਦੀਆਂ ਹੱਦਾਂ 'ਚ ਬੰਨ੍ਹੇ ਹੁੰਦੇ ਹਨ। ਖਾਨਦਾਨ ਦਾ ਮਹੱਤਵ ਨਾ ਰਹਿ ਜਾਣ ਕਰਕੇ ਲਿੰਗਕ ਸ਼ਚਿਤਾ ਦਾ ਪੂੰਜੀਵਾਦ 'ਚ ਉਹ ਮਹੱਤਵ ਨਹੀਂ ਰਹਿ ਜਾਂਦਾ। ਇਹੀ ਨਹੀਂ ਪੂੰਜੀਵਾਦ ਪਰਿਵਾਰ ਨਾਂ ਦੀ ਸੰਸਥਾ ਨੂੰ ਹੀ ਨਸ਼ਟ ਕਰ ਦਿੰਦਾ ਹੈ। ਕਠੋਰ ਖਾਨਦਾਨੀ ਵਿਆਹ ਸਬੰਧਾਂ ਦੇ ਅੰਦਰ ਲਿੰਗਕ

ਸਬੰਧ ਦੀ ਜਾਗੀਰੂ ਸਥਿਤੀ ਤੋਂ ਨਿਕਲ ਕੇ ਪੂੰਜੀਵਾਦ 'ਚ ਲਿੰਗਕ ਸਬੰਧ ਹੁਣ ਅਜ਼ਾਦ ਹੋ ਜਾਂਦੇ ਹਨ। ਇਹ ਵੱਖਰੀ ਗੱਲ ਹੈ ਕਿ ਜਾਗੀਰੂ ਪਾਬੰਦੀਆਂ ਤੋਂ ਅਜ਼ਾਦ ਹੋ ਕੇ ਜਦ ਔਰਤ-ਮਰਦ 'ਚ ਪ੍ਰੇਮ ਦੀ ਸੰਭਾਵਨਾ ਪੈਦਾ ਹੁੰਦੀ ਹੈ ਠੀਕ ਉਦੋਂ ਪੂੰਜੀ ਤੇ ਦੌੜ ਦੇ ਕਾਰਣ ਇਹ ਸੰਭਾਵਨਾ ਇਕ ਵਾਰੀ ਫਿਰ ਨਸ਼ਟ ਹੋ ਜਾਂਦੀ ਹੈ। ਪ੍ਰਮਾਣੂ ਦੇ ਜ਼ਮਾਨੇ ਦਾ ਮਨੁੱਖ ਅਜ਼ਾਦ ਲਿੰਗਕ ਸਬੰਧ ਤਾਂ ਬਣਾ ਸਕਦਾ ਹੈ ਪਰ ਪਿਆਰ ਨਹੀਂ ਕਰ ਸਕਦਾ ਕਿਉਂਕਿ ਪੂੰਜੀ ਲਈ ਪਰਿਵਾਰ ਬੇਲੋੜਾ ਤੇ ਅੜਿਕਾ ਹੁੰਦਾ ਹੈ ਇਸ ਲਈ ਪੂੰਜੀਵਾਦ 'ਚ ਪਰਿਵਾਰ ਨਸ਼ਟ ਹੋ ਜਾਂਦਾ ਹੈ। ਪੂੰਜੀਵਾਦ 'ਚ ਇਸ ਦੇ ਦੋਨੋਂ ਅਧਾਰ ਖਤਮ ਹੋ ਜਾਂਦੇ ਹਨ। ਦੋ ਵਿਅਕਤੀਆਂ ਵਿਚਕਾਰ ਪਿਆਰ ਅਤੇ ਨਿੱਜੀ ਜਾਇਦਾਦ ਦੀ ਲੋੜਾਂ ਉਦਾਰੀਕ੍ਰਿਤ ਪੂੰਜੀਵਾਦ ਦੇ ਦੌਰ ਦਾ ਭਾਰਤ ਤੇਜ਼ ਉਥਲ-ਪੁਥਲ ਵਿਚ ਦੀ ਗੁਜ਼ਰ ਰਿਹਾ ਹੈ। ਪੁਰਾਣੀਆਂ ਕਦਰਾਂ-ਕੀਮਤਾਂ ਤੇਜ਼ੀ ਨਾਲ ਟੁੱਟ ਰਹੀਆਂ ਹਨ। ਇਥੇ ਨਵੇਂ ਪੁਰਾਣੇ ਦਾ ਅਜੀਬੋ-ਗਰੀਬ ਘਾਲਾ-ਮਾਲਾ ਹੈ। ਦੇਸ਼ 'ਚ ਤੇਜ਼ੀ ਨਾਲ ਵੱਧਦੇ ਪਿਆਰ ਵਿਆਹ ਅਤੇ ਇਸ ਸਬੰਧੀ ਸਮਾਜ 'ਚ ਪੁਰਾਣੀ ਜ਼ਮੀਨ ਨਾਲ ਇਸ ਦਾ ਤਿੱਖਾ ਵਿਰੋਧ ਅੱਜ ਸਭ ਕੁਝ ਹੋ ਰਿਹਾ ਹੈ। ਕਿਧਰੇ ਕਿਸੇ ਹੱਦ ਤੱਕ ਤਾਲਮੇਲ ਬਿਠਾਇਆ ਜਾ ਰਿਹਾ ਹੈ ਅਤੇ ਕਿਧਰੇ ਪੂਰਨ ਬਗਾਵਤ ਹੋ ਰਹੀ ਹੈ। ਖਾਪ ਪੰਚਾਇਤਾਂ ਦੇ ਜਾਬਰ ਫੈਸਲਿਆਂ ਪਿੱਛੇ ਪੁਰਾਣੇ ਜਾਗੀਰੂ ਮੁੱਲਾਂ ਦੀ ਚੀਖ ਪੁਕਾਰ ਸਾਫ਼ ਸੁਣੀ ਜਾ ਸਕਦੀ ਹੈ। ਭਾਰਤ ਦੀ ਸਾਮਰਾਜੀ ਅਰਧ ਜਾਗੀਰੂ ਰਾਜਨੀਤੀ ਇਸ ਚੀਖ ਪੁਕਾਰ ਨਾਲ ਤਾਲਮੇਲ ਬਿਠਾ ਰਹੀ ਹੈ। ਪ੍ਰਸਾਸ਼ਨ ਇਸ ਨੂੰ ਸਹਿਦੇ ਰਹੇ ਹਨ। ਭਾਰਤੀ ਸਰਮਾਏਦਾਰੀ ਹਰ ਗਲੀ-ਸੜੀ ਚੀਜ਼ ਨੂੰ ਵਰਤ ਰਹੀ ਹੈ। ਪੁਰਾਣੇ ਜਾਗੀਰੂ ਮੁਲਾਂ ਨੂੰ ਸਿਰਫ ਮਜ਼ਦੂਰ ਜਮਾਤ ਹੀ ਤਹਿਸ-ਨਹਿਸ ਕਰਕੇ ਖਾਪ ਪੰਚਾਇਤਾਂ ਨਾਲ ਨਿਪਟ ਸਕਦੀ ਹੈ।

# ਅੱਜ ਦਾ ਨੌਜਵਾਨ ਤੇ ਸ਼ਹੀਦ ਭਗਤ ਸਿੰਘ ਦੀ ਵਿਰਾਸਤ?

ਇਕ ਸਮਾਜਿਕ ਤਬਕੇ ਵਜੋਂ ਨੌਜਵਾਨ ਕਿਸੇ ਵੀ ਸਮਾਜ ਦਾ ਸਭ ਤੋਂ ਸਰਗਰਮ ਤੇ ਊਰਜਾਵਾਨ ਤਬਕਾ ਹੁੰਦਾ ਹੈ। ਸਭ ਦੇਸ਼ਾਂ ਦੇ ਇਤਿਹਾਸ ਵਿਚ ਬੇਹੱਦ ਸਮਰਪਿਤ ਤੇ ਆਤਮ ਬਲੀਦਾਨ ਦੀ ਇਨਕਲਾਬੀ ਭਾਵਨਾ ਨਾਲ ਲੈਸ ਹੋ ਕੇ ਇਕ ਅਗਾਂਹਵਧੂ ਸਮਾਜ ਦੀ ਉਸਾਰੀ ਦੇ ਅਮਲ ਬਹੁਤ ਕੁਝ ਯੋਗਦਾਨ ਦੇਣ 'ਚ ਉਹ ਹਮੇਸ਼ਾ ਮੂਹਰਲੀਆਂ ਕਤਾਰਾਂ ਵਿਚ ਰਹੇ ਹਨ। ਭਾਰਤ ਦੇ ਨੌਜਵਾਨਾਂ ਨੇ ਬ੍ਰਿਟਿਸ ਸਾਮਰਾਜ ਦੇ ਵਿਰੁੱਧ ਲੜਾਈ ਤੇ ਮਾਣਮੱਤੀ ਭੂਮਿਕਾ ਨਿਭਾਈ ਹੈ। ਸ਼ਹੀਦ ਭਗਤ ਸਿੰਘ, ਚੰਦਰਸ਼ੇਖਰ ਆਜ਼ਾਦ ਵਰਗੇ ਹਜ਼ਾਰਾਂ ਨੌਜਵਾਨਾਂ ਨੇ ਦੇਸ਼ ਭਗਤੀ ਅਜ਼ਾਦੀ ਤੇ ਸਮਤਾਵਾਦੀ ਸਮਾਜ ਦੇ ਮਹਾਨ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ ਭ੍ਰਿਸ਼ਟ ਰਾਜ ਦੀ ਲੁੱਟ ਤੇ ਅਤਿਆਚਾਰ ਖਿਲਾਫ਼ ਲੜੇ ਸਨ। ਇਕ ਨਵੇਂ ਭਾਰਤ ਦੇ ਮਹਾਨ ਸੁਪਨਿਆਂ ਨੂੰ ਸਾਕਾਰ ਕਰਨ ਲਈ ਹਜ਼ਾਰਾਂ ਨੌਜਵਾਨਾਂ ਨੇ ਆਪਣਾ ਜੀਵਨ ਕੁਰਬਾਨ ਕੀਤਾ। ਪਰ ਕੀ ਅਸੀਂ ਆਜ਼ਾਦ ਹਾਂ? 1947 ਦੀ ਸੱਤਾ ਬਦਲੀ ਪਿੱਛੋਂ ਦੇ 62 ਸਾਲਾਂ 'ਚ ਹਾਲਾਤ ਕਿਹੋ ਜਿਹੇ ਰਹੇ ਹਨ? ਅੱਜ ਸਾਡਾ ਦੇਸ਼ ਘਰੋਂ ਸਮਾਜਿਕ ਆਰਥਿਕ ਸੰਕਟ ਦੇ ਦੌਰ ਵਿਚੋਂ ਲੰਘ ਰਿਹਾ ਹੈ। ਅਖੌਤੀ ਆਜ਼ਾਦੀ ਦੇ ਛੇ ਹਫ਼ਤਿਆਂ ਬਾਅਦ ਵੀ ਅੱਜ ਜਨਤਾ ਦੇ ਵਿਸ਼ਾਲ ਬਹੁਮਤ ਲਈ ਰੋਈ, ਕੱਪੜਾ, ਮਕਾਨ, ਬੁਨਿਆਦੀ ਸਿੱਖਿਆ ਤੇ ਸਿਹਤ ਨਾਲ ਸਬੰਧਤ ਬੁਨਿਆਦੀ ਸਮੱਸਿਆਵਾਂ ਅਣਸੁਲਝੀਆਂ ਪਈਆਂ ਹਨ। ਹਰ ਗੁਜ਼ਰੇ ਸਾਲ ਦੇ ਨਾਲ ਬੇਰੁਜ਼ਗਾਰਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਲੱਖਾਂ ਪਿੰਡ ਗਰੀਬੀ ਦੀ ਮਾਰ ਹੇਠ ਹਨ। ਹੜ੍ਹ, ਸੋਕਾ ਜਾਂ ਫਿਰ ਅਕਾਲ ਦੀ ਮਾਰ ਝਲਕ ਉਨ੍ਹਾਂ ਦੀ ਆਦਤ ਬਣ ਗਈ ਹੈ। ਬੇਰੁਜ਼ਗਾਰੀ ਦੀ ਬਦਤਰ ਹੁੰਦੀ ਸਮੱਸਿਆ, ਹਾਲਾਤ ਨੂੰ ਭਿਆਨਕ ਬਣਾ ਰਹੀ ਹੈ। ਵਿਦੇਸ਼ੀ ਕਰਜ਼ੇ ਦੇ ਬੋਝ ਹੇਠ ਦੇਸ਼ ਲੱਦਿਆ ਜਾ ਰਿਹਾ ਹੈ। ਅਸਲ 'ਚ ਦੇਸ਼ ਨੂੰ ਵਿਦੇਸ਼ੀ ਏਜੰਸੀਆਂ ਖਾਸ ਕਰਕੇ ਕੌਮਾਂਤਰੀ ਮੁਦਰਾ ਕੋਸ਼ (IMF) ਸੰਸਾਰ ਬੈਂਕ ਤੇ ਸੰਸਾਰ ਵਪਾਰ ਸੰਗਠਨ (WTO) ਨੂੰ ਸੌਂਪਿਆ ਜਾ ਚੁੱਕਿਆ ਹੈ। ਭਾਰਤ 'ਚ ਨੌਜਵਾਨਾਂ ਨੇ ਆਜ਼ਾਦੀ ਦੀ ਲੜਾਈ ਲੜਦਿਆਂ ਜੋ ਸੁਪਨੇ ਦੇਖੇ ਸਨ ਉਹ ਸਭ ਚਕਨਾਚੂਰ ਹੋ ਗਏ ਹਨ। ਉਨ੍ਹਾਂ ਨੂੰ ਮਿਲੀ ਹੈ ਭੁੱਖ, ਗਰੀਬੀ, ਬਦਹਾਲੀ, ਬੇਰੁਜ਼ਗਾਰੀ, ਅਣਪੜ੍ਹਤਾ, ਅਫਸਰਸ਼ਾਹੀ ਤੇ ਤਾਨਾਸ਼ਾਹੀ। ਅਸੀਂ ਬੇਰੁਜ਼ਗਾਰ ਕਿਉਂ ਹਾਂ? ਸਾਡੇ ਬਹੁਤ ਸਾਰੇ ਨੌਜਵਾਨ ਇਹ ਜਾਣਦੇ ਹਨ ਕਿ ਕਿਉਂਕਿ ਉਨ੍ਹਾਂ ਦੇ ਮੱਥੇ 'ਤੇ ਬੇਰੁਜ਼ਗਾਰ ਰਹਿਣਾ ਲਿਖਿਆ ਹੈ। ਦੇਸ਼ ਦੇ ਇਨ੍ਹਾਂ ਕਰੋੜਾਂ-ਕਰੋੜ ਨੌਜ਼ਵਾਨਾਂ ਦੀਆਂ ਬਾਹਵਾਂ ਦੀ ਤਾਕਤ ਦੀ ਵਰਤੋਂ ਆਪਣੇ ਵਿਕਾਸ ਦੇ ਲਈ ਕਿਉਂਕਿ ਨਹੀਂ ਕਰ ਸਕਿਆ ਹੈ? ਵੈਸੇ ਤਾਂ 1947 ਦੇ ਬਾਅਦ ਤੋਂ ਹੀ ਦੇਸ਼ 'ਚ ਇਮਾਨਦਾਰੀ ਤੇ ਬੇਇਮਾਨੀ ਵਿਚਕਾਰ ਅਮੀਰੀ ਤੇ ਗਰੀਬੀ ਵਿਚਕਾਰ ਮਹਿਲਾਂ ਤੇ ਝੌਂਪੜੀਆਂ ਵਿਚਕਾਰ ਮਿਹਨਤ ਕਰਨ ਵਾਲਿਆਂ ਤੇ ਲੁਟੇਰਿਆਂ ਵਿਚਕਾਰ ਖਾਈ ਭਰਨ ਦੀ ਬਜਾਏ ਲਗਾਤਾਰ ਡੂੰਘੀ ਹੁੰਦੀ ਜਾ ਰਹੀ ਹੈ। ਪਰ ਸਾਮਰਾਜੀ ਵਿਸ਼ਵੀਕਰਨ ਦੀ ਨਵੀਂ ਆਰਥਿਕ ਨੀਤਆਂ ਨੂੰ ਲਾਗੂ ਕਰਨ ਪਿਛੋਂ ਪਿਛਲੇ ਦੋ ਦਹਾਕਿਆਂ ਵਿਚ ਤਾਂ ਜਿਵੇਂ ਕਹਿਰ ਹੀ ਆ ਗਿਆ ਹੈ। ਆਰਥਿਕ ਸੁਧਾਰਾਂ ਦੇ ਨਾਂ 'ਤੇ ਸਾਮਰਾਜੀ ਪੂੰਜੀ ਤੇ ਬਹੁਕੌਮੀ ਕੰਪਨੀਆਂ ਨੂੰ ਖੁਲ੍ਹੇਆਮ ਬਿਨ੍ਹਾਂ ਕਿਸੇ ਰੋਕ ਟੋਕ ਦੇ ਸਾਡੇ ਦੇਸ਼ ਵਿਚ ਲੁੱਟ ਮਚਾ ਕੇ ਅਮੀਰ ਹੋ ਜਾਣ ਦੀ ਪੂਰੀ ਤਰ੍ਹਾਂ ਛੁੱਟੀ ਦਿੱਤੀ ਗਈ ਹੈ। ਜਿਵੇਂ ਕਿਤੇ ਈਸਟ ਇੰਡੀਆ ਕੰਪਨੀ ਅਤੇ

ਅੰਗਰੇਜ਼ਾਂ ਵਲੋਂ ਦੋ ਸੌ ਸਾਲਾਂ ਤੱਕ ਦੇਸ਼ ਨੂੰ ਲੁੱਟੇ ਜਾਣ ਨਾਲ ਵੀ ਢਿੱਡ ਨਾ ਭਰਿਆ ਹੋਵੇ। ਪਹਿਲਾਂ ਨਿਸਸਿਮਾ ਰਾਓ ਦੀ ਕਾਂਗਰਸ ਸਰਕਾਰ, ਫਿਰ ਸਾਂਝਾ ਮੋਰਚਾ ਸਰਕਾਰ ਫਿਰ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਤੇ ਹੁਣ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਸਾਰੇ ਗੁਲਾਮੀ ਠੋਸਣ ਵਾਲੀਆਂ ਸੰਸਾਰੀਕਰਨ ਨਿੱਜੀਕਰਨ, ਉਦਾਰੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰ ਰਹੇ ਹਨ। ਇਹੀ ਕਾਰਨ ਹੈ ਕਿ ਬੇਰੁਜ਼ਗਾਰੀ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ।

ਦੇਸ਼ ਹੁਣ ਨਵੀਂ ਗੁਲਾਮੀ ਵੱਲ ਵੱਧ ਰਿਹਾ ਹੈ। ਦੂਜੀ ਸੰਸਾਰ ਜੰਗ ਪਿੱਛੋਂ ਅਮਰੀਕੀ ਸਾਮਰਾਜਵਾਦ ਦੀ ਅਗਵਾਈ 'ਚ ਸਾਰੀਆਂ ਯੂਰਪੀ ਤੇ ਜਪਾਨੀ ਸਾਮਰਾਜੀ ਤਾਕਤਾਂ ਨੇ ਪੁਰਾਣੇ ਤਰੀਕੇ ਨਾਲ ਦੇਸ਼ ਨੂੰ ਗੁਲਾਮ (ਬਸਤੀ) ਨਾ ਬਣਾ ਕੇ ਗੁਝੇ ਤਰੀਕੇ ਨਾਲ ਨਵੀਂ ਗੁਲਾਮੀ (ਨਵ-ਬਸਤੀ) ਲੱਦਣੀ ਸ਼ੁਰੂ ਕਰ ਦਿੱਤੀ ਸੀ। ਭਾਰਤ 'ਚ ਵੀ ਇਹੀ ਹੋਇਆ ਚਾਹੇ ਕੇਂਦਰ ਸਰਕਾਰ ਹੋਵੇ ਜਾਂ ਕਿਸੇ ਵੀ ਰਾਜਸੀ ਪਾਰਟੀ ਦੀ ਅਗਵਾਈ 'ਚ ਚਲਣ ਵਾਲੀ ਸੂਬਾ ਸਰਕਾਰ ਹੋਵੇ, ਇਹ ਸਭ ਅੱਜ ਸਾਮਰਾਜੀ ਤਾਕਤਾਂ, ਖਾਸ ਕਰਕੇ ਅਮਰੀਕੀ ਸਾਮਰਾਜਵਾਦ, ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼, ਵਿਸ਼ਵ ਵਪਾਰ ਸੰਗਠਨ ਤੇ ਬਹੁਕੌਮੀ ਕੰਪਨੀਆਂ ਦੇ ਇਸ਼ਾਰਿਆਂ 'ਤੇ ਨੱਚ ਰਹੀਆਂ ਹਨ। ਇਨ੍ਹਾਂ ਦੇ ਇਸ਼ਾਰਿਆਂ 'ਤੇ ਹਜ਼ਾਰਾਂ ਤਨਖਾਹਦਾਰ ਕਰਮਚਾਰੀਆਂ ਦੀ ਛਾਂਟੀ ਕੀਤੀ ਜਾ ਰਹੀ ਹੈ। ਪੇਟੈਂਟ ਕਨੂੰਨ ਨੂੰ ਬਦਲ ਕੇ ਦਵਾਈਆਂ ਦੀਆਂ ਕੀਮਤਾਂ ਬਹੁਤ ਵਧਾ ਦਿੱਤੀਆਂ ਗਈਆਂ ਹਨ। ਇਨ੍ਹਾਂ ਦੇ ਹਿੱਤ ਵਿਚ ਢਾਈ ਲੱਖ ਤੋਂ ਵੱਧ ਤੋਂ ਵੱਧ ਵੱਡੀਆਂ ਤੇ ਲਘੂ ਸਨਅਤੀ ਇਕਾਈਆਂ ਨੂੰ ਬੰਦ ਕਰਕੇ ਵੱਡੇ ਪੈਮਾਨੇ 'ਤੇ ਮਜ਼ਦੂਰਾਂ ਦੀ ਛਾਂਟੀ ਕੀਤੀ ਜਾ ਰਹੀ ਹੈ। ਕਿਰਤ ਕਨੂੰਨਾਂ ਨੂੰ ਬਦਲ ਕੇ ਮਿਹਨਤਕਸ਼ਾਂ ਦੇ ਜਥੇਬੰਦ ਹੋਣ ਅਤੇ ਸੰਘਰਸ਼ ਕਰਨ ਦਾ ਹੱਕ ਖੋਹਿਆ ਜਾ ਰਿਹਾ ਹੈ। ਬੈਂਕ ਤੇ ਬੀਮਾ ਖੇਤਰ ਸਮੇਤ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਨਵੀਆਂ ਸੰਸਥਾਵਾਂ 'ਚ ਨਵੀਆਂ ਨੌਕਰੀਆਂ 'ਤੇ ਰੋਕ ਲਾ ਦਿੱਤੀ ਗਈ ਹੈ। ਸਿੱਖਿਆ ਸਿਹਤ ਸਮੇਤ ਸਾਰੀਆਂ ਜਨ ਕਲਿਆਣ ਯੋਜਨਾਵਾਂ 'ਤੇ ਸਰਕਾਰੀ ਖਰਚ ਘਟਾਇਆ ਜਾ ਰਿਹਾ ਹੈ। ਸਕੂਲਾਂ, ਕਾਲਜਾਂ ਦੀ ਫੀਸ ਵਧਾਈ ਜਾ ਰਹੀ ਹੈ। ਮਹਿੰਗਾਈ ਬੇਲਗਾਮ ਵਧ ਰਹੀ ਹੈ। ਲੋਕਾਂ ਦੀ ਗਾੜ੍ਹੀ ਕਮਾਈ ਤੇ ਟੈਕਸਾਂ ਨਾਲ ਬਣੇ ਜਨਤਕ ਖੇਤਰਾਂ ਦੀਆਂ ਕੰਪਨੀਆਂ ਤੇ ਹੋਰ ਸਰਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਨਿੱਜੀ ਤੇ ਬਹੁਕੌਮੀ ਕੰਪਨੀਆਂ ਕੋਲ ਵੇਚਿਆ ਜਾ ਰਿਹਾ ਹੈ। ਚਾਰੇ ਪਾਸੇ ਸਥਾਈ ਨੌਕਰੀ ਦੇਣ ਦੀ ਥਾਂ ਅਸਥਾਈ ਤੌਰ 'ਤੇ ਸਿੱਖਿਆ ਕਰਮੀ, ਗੁਰੂ ਜੀ ਆਦਿ ਨੂੰ ਠੇਕੇ 'ਤੇ ਰੱਖ ਕੇ ਬੇਰੁਜ਼ਗਾਰਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਸਿੱਖਿਆ ਨੂੰ ਮੁਫਤ ਲਾਜ਼ਮੀ ਤੇ ਬੇਹਤਰ ਬਣਾਉਣ ਦੀ ਥਾਂ ਅਮੀਰਾਂ ਲਈ ਵੱਖ ਤੇ ਗਰੀਬਾਂ ਲਈ ਵੱਖ ਸਿੱਖਿਆ ਦੀ ਜ਼ਿੰਮੇਵਾਰੀ ਹੁਣ ਸਰਕਾਰ ਖੁਦ ਨਾ ਉਠਾ ਕੇ ਆਮ ਲੋਕਾਂ ਦੇ ਮੋਢਿਆਂ 'ਤੇ ਪਾ ਰਹੀ ਹੈ। ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਕੀਤਾ ਜਾ ਰਿਹਾ ਹੈ। ਸਿੱਖਿਆ ਖੇਤਰ 'ਚ ਨਿੱਜੀਕਰਨ ਦੇ ਬਹਾਨੇ ਵੱਡੀਆਂ-ਵੱਡੀਆਂ ਨਿੱਜੀ ਕੰਪਨੀਆਂ ਤੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਦਾਖਲਾ ਦਿੱਤਾ ਜਾ ਰਿਹਾ ਹੈ। ਨਿੱਜੀਕਰਨ ਦੀ ਵਜ੍ਹਾ ਨਾਲ ਉਚ ਸਿੱਖਿਆ ਹੁਣ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਇਨ੍ਹਾਂ ਨਵੀਆਂ ਆਰਥਿਕ ਨੀਤੀਆਂ ਨਾਲ ਦੇਸ਼ ਦੇ ਅਮੀਰੀ ਨੂੰ ਵੱਧ ਸੌਖ ਨਾਲ ਅਤੇ ਵੱਧ ਅਮੀਰ ਬਣਨ ਦਾ ਰਾਹ ਮਿਲਿਆ ਹੈ। ਉਚ ਮੱਧ ਵਰਗ ਨੂੰ ਮਿਲੀਆਂ ਹਨ ਵਿਦੇਸ਼ੀ ਕੰਪਨੀਆਂ ਦੇ ਤਰ੍ਹਾਂ-ਤਰ੍ਹਾਂ ਦੇ ਆਧੁਨਿਕ ਖਪਤਕਾਰੀ ਵਸਤਾਂ। ਜਦ ਕਿ ਆਮ ਆਦਮੀ ਤੇ ਨੌਜਵਾਨਾਂ ਦੇ ਕੋਟੇ 'ਚ ਆਇਆ

ਹੈ ਵੱਧ ਭਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ, ਪੈਟ੍ਰੋਲੀਅਮ ਪਦਾਰਥਾਂ ਦੀਆਂ ਵਧੀਆਂ ਹੋਈਆਂ ਕੀਮਤਾਂ ਬਿਜਲੀ ਦਰਾਂ 'ਚ ਵਾਧਾ, ਜ਼ਿਆਦਾ ਬਦਹਾਲੀ ਤੇ ਜ਼ਿਆਦਾ ਨਿਰਾਸ਼ਾ। ਜਦ ਇਨ੍ਹਾਂ ਸਾਰੇ ਭੰਬਲ ਭੂਸਿਆਂ ਨਾਲ ਨੌਜਵਾਨਾਂ ਨੂੰ ਗੁਲਾਮ ਬਣਾਇਆ ਜਾ ਰਿਹਾ ਹੈ ਅਤੇ ਹਾਲਾਤ ਨੂੰ ਬੇਹਤਰ ਬਣਾਉਣ ਲਈ ਆਪਣੀ ਸੁਭਾਵਿਕ ਬਗਾਵਾਤੀ ਭਾਵਨਾ ਕਾਰਨ ਜਿਉਂ ਹੀ ਨੌਜਵਾਨ ਸੜਕਾਂ 'ਤੇ ਆਉਣ ਲੱਗਦੇ ਹਨ ਤਾਂ ਉਨ੍ਹਾਂ ਨੂੰ ਫਿਸਲਾਉਣ ਤੇ ਉਨ੍ਹਾਂ ਦੀ ਸੋਚ ਨੂੰ ਗਲਤ ਪਾਸੇ ਮੋੜਨ ਲਈ ਨਵੇਂ-ਨਵੇਂ ਕਰਤੱਵ ਸਾਹਮਣੇ ਆਉਂਦੇ ਹਨ, ਪਹਿਲਾਂ ਤਾਂ ਉਨ੍ਹਾਂ ਨੂੰ ਟੀ. ਵੀ. ਸਿਨੇਮਾ, ਸੁੰਦਰਤਾ ਮੁਕਾਬਲਿਆਂ ਤੇ ਸਮੁੱਚੇ ਪ੍ਰਚਾਰ ਮਾਧਿਅਮਾਂ ਰਾਹੀਂ ਪੱਛਮ ਦੀ ਗਲੀ-ਸੜੀ ਤੇ ਸਾਮਰਾਜੀ ਸਭਿਆਚਾਰ ਦਾ ਜ਼ਹਿਰ ਪਿਲਾਇਆ ਜਾਂਦਾ ਹੈ। ਆਪਣੇ ਦੇਸ਼ ਦੀ ਇੱਜ਼ਤ ਇਸ ਨਾਲ ਪਿਆਰ ਕਰਨ ਦੀ ਥਾਂ ਸਾਡੇ ਦੇਸ਼ ਦੇ ਹਾਕਮ ਨੌਜਵਾਨਾਂ ਨੂੰ ਆਪ ਸਭਿਆਚਾਰ ਦਾ ਜ਼ਹਿਰ ਪੈਪਸੀ, ਕੋਕਾ ਕੋਲਾ ਦੀਆਂ ਬੋਤਲਾਂ ਨਾਲ ਪਿਲਾਉਂਦੇ ਹਨ। ਜੋ ਨਹੀਂ ਪੀਂਦੇ ਉਨ੍ਹਾਂ ਲਈ ਪੂਰਨ ਸਵਦੇਸ਼ੀ ਦੀ ਸ਼ੁਧਭੰਗ, ਕਟੜ ਧਾਰਮਿਕ ਫਿਰਕਾਪ੍ਰਸਤੀ, ਜਾਤੀਵਾਦ, ਅੰਨ੍ਹੀ ਕੌਮਪ੍ਰਸਤੀ ਤੇ ਗੈਂਗ ਸਭਿਆਚਾਰ ਦੇ ਗਾਂਜੇ ਦਾ ਨਸ਼ਾ ਸ਼ਰੇਆਮ ਘਰ-ਘਰ ਜਾ ਕੇ ਵੇਚਿਆ ਜਾਂਦਾ ਹੈ। ਸ਼ਹੀਦ ਭਗਤ ਸਿੰਘ ਨੇ ਜੇਲ੍ਹ ਤੋਂ ਨੌਜਵਾਨਾਂ ਦੇ ਨਾ ਲਿਖੇ ਪੱਤਰ 'ਚ ਕਿਹਾ ਸੀ "-ਇਨਕਲਾਬ ਤੋਂ ਸਾਡਾ ਟੀਚਾ ਸਪੱਸ਼ਟ ਹੈ। ਲੋਕਾਂ ਲਈ ਲੋਕਾਂ ਦੀ ਰਾਜਸੀ ਸ਼ਕਤੀ ਹਾਸਲ ਕਰਨਾ ਅਸਲ ਵਿਚ ਇਹੀ ਹੈ ਇਨਕਲਾਬ। ਬਾਕੀ ਸਭ ਬਗਾਵਤਾਂ ਸਿਰਫ ਮਾਲਕਾਂ ਦੀ ਤਬਦੀਲੀ ਰਾਹੀਂ ਪੂੰਜੀਵਾਦੀ ਸੜਾਂਦ ਨੂੰ ਅੱਗੇ ਵਧਾਉਂਦੀਆਂ ਹਨ। ਕਿਸੇ ਵੀ ਹਦ ਤੱਕ ਲੋਕਾਂ ਨਾਲ ਜਾਂ ਉਨ੍ਹਾਂ ਦੇ ਉਦੇਸ਼ਾਂ ਨਾਲ ਦਰਸਾਈ ਹਮਦਰਦੀ ਜਨਤਾ ਤੋਂ ਅਸਲੀਅਤ ਨਹੀਂ ਛੁਪਾ ਸਕਦੀ, ਲੋਕ ਧੋਖੇ ਨੂੰ ਪਹਿਚਾਣਦੇ ਹਨ। ਭਾਰਤ ਵਿਚ ਅਸੀਂ ਭਾਰਤ ਮਜ਼ਦੂਰਾਂ ਦੇ ਰਾਜ ਤੋਂ ਘੱਟ ਕੁਝ ਨਹੀਂ ਚਾਹੁੰਦੇ। ਭਾਰਤੀ ਮਜ਼ਦੂਰਾਂ ਨੂੰ ਭਾਰਤ ਵਿਚ ਸਾਮਰਾਜੀਆਂ ਤੇ ਉਨ੍ਹਾਂ ਦੇ ਮਦਦਗਾਰਾਂ ਨੂੰ ਹਟਾ ਕੇ, ਜੋ ਕਿ ਕਿਸੇ ਪ੍ਰਬੰਧ ਦੇ ਪੈਰੋਕਾਰ ਹਨ, ਜਿਸ ਦੀਆਂ ਜੜ੍ਹਾਂ ਲੁੱਟ 'ਤੇ ਆਧਾਰਤ ਹਨ ਅੱਗੇ ਆਉਣਾ ਹੈ। ਅਸੀਂ ਗੋਰੀ ਬੁਰਾਈ ਦੀ ਥਾਂ ਕਾਲੀ ਬੁਰਾਈ ਨੂੰ ਲਿਆ ਕੇ ਕਸ਼ਟ ਨਹੀਂ ਉਠਾਉਣਾ ਚਾਹੁੰਦੇ।"

ਸ਼ਹੀਦ ਭਗਤ ਸਿੰਘ ਨੇ ਸਪੱਸ਼ਟ ਭਾਸ਼ਾ ਵਿਚ ਦੱਸਿਆ ਸੀ ਕਿ "ਇਨਕਲਾਬ ਤੋਂ ਸਾਡਾ ਭਾਵ ਇਹ ਹੈ ਕਿ ਅਨਿਆਂ 'ਤੇ ਅਧਾਰਤ ਮੌਜੂਦਾ ਪ੍ਰਬੰਦ 'ਚ ਤਬਦੀਲੀ ਕਰਨਾ" ਇਸ ਲਈ ਅੱਜ ਵਕਤ ਦੀ ਨਜਾਕਤ ਹੈ ਕਿ ਵਿਦਿਆਰਥੀ, ਨੌਜਵਾਨ ਵਰਗ ਭਗਤ ਸਿੰਘ ਦੇ ਰਾਹ 'ਤੇ ਚੱਲਣ।

ਪ੍ਰਬੰਦ ਨਾਲ ਚੱਲਣ ਵਾਲੀਆਂ ਰਾਜਸੀ ਪਾਰਟੀਆਂ ਤੇ ਉਨ੍ਹਾਂ ਦੇ ਸਮਰਥਕ ਅੰਗ ਵਜੋਂ ਸਰਗਰਮ ਨੌਜਵਾਨ ਜਥੇਬੰਦੀਆਂ ਇਨ੍ਹਾਂ ਬੁਨਿਆਦੀ ਸਵਾਲਾਂ 'ਤੇ ਨੌਜਵਾਨਾਂ ਨੂੰ ਦਿਸ਼ਾ ਨਹੀਂ ਦੇ ਸਕਦੇ ਕਿਉਂਕਿ ਇਨ੍ਹਾਂ ਰਾਜਸੀ ਪਾਰਟੀਆਂ ਤੇ ਉਨ੍ਹਾਂ ਦੀਆਂ ਨੌਜਵਾਨ ਜਥੇਬੰਦੀਆਂ ਨੇ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਅੱਗੇ ਗੋਡੇ ਟੇਕ ਦਿੱਤੇ ਹਨ। ਫਿਰਕਾਪ੍ਰਸ਼ਤ, ਜਾਤੀਵਦੀ ਸੰਗਠਨ ਨੌਜਵਾਨਾਂ ਨੂੰ ਫਿਰਕੂ ਜਾਤੀ ਦੇ ਆਧਾਰ 'ਤੇ ਵੰਡ ਰਹੇ ਹਨ। ਅੱਜ ਲੋੜ ਇਸ ਗੱਲ ਦੀ ਹੈ ਕਿ ਨੌਜਵਾਨਾਂ ਦੀ ਅਹਿਮ ਸਮੱਸਿਆਵਾਂ ਦੇ ਹੱਲ ਲਈ ਇਕ ਸੰਘਰਸਸ਼ੀਲ ਸਾਮਰਾਜ ਵਿਰੋਧੀ ਨੌਜਵਾਨ ਅੰਦੋਲਨ ਦੇ ਝੰਡੇ ਹੇਠ ਨੌਜਵਾਨਾਂ ਨੂੰ ਜਥੇਬੰਦ ਕਰਨਾ।

# ਭੁਪਾਲ ਤਰਾਸਦੀ ਦੇ ਸਬਕ

ਭੁਪਾਲ ਇਕ ਅਜਿਹਾ ਬੁਰਾ ਸੁਪਨਾ ਸੀ, ਜੋ ਸਹੀ ਸਾਬਤ ਹੋ ਗਿਆ। ਜਿਉਂਦੇ ਭਾਰਤੀ ਨਿਆਂ ਵਾਦੀਆਂ ਵਿਚ ਸਭ ਤੋਂ ਮਹਾਨ ਜਸਟਿਸ ਕ੍ਰਿਸ਼ਨਾ ਆਇਅਰ ਨੇ ਇਸ ਨੂੰ ਸਹੀ ਨਾਂ ਦਿੱਤਾ ਸੀ–'ਭੋਪਸਿਮਾ' ਭਾਵ ਭੁਪਾਲ ਕਤਲੇਆਮ। ਲੋਕਾਂ ਦੀ ਨਰਾਜ਼ਗੀ ਨੇ ਸਰਕਾਰ ਨੂੰ ਕਦਮ ਚੁਕਣ ਲਈ ਮਜ਼ਬੂਰ ਕੀਤਾ, ਸੀ. ਬੀ. ਆਈ. ਹਰਕਤ ਵਿਚ ਆਈ ਅਤੇ ਉਸ ਨੇ ਵੇਖਿਆ ਕਿ ਯੂਨੀਅਨ ਕਾਰਬਾਈਡ ਦੇ ਨਿਰਦੇਸ਼ਕ ਇੰਡੀਅਨ ਪੀਨਲ ਕੋਡ (IPC) ਦੀਆਂ ਕਈ ਧਾਰਾਵਾਂ ਦੀ ਉਲੰਘਣਾ ਕਰਨ ਦੀ ਦੋਸ਼ੀ ਹੈ। ਦੋਸ਼ ਤਹਿ ਕਰਨ ਦੇ ਖਿਲਾਫ਼ ਕੇਸ਼ਬ ਮਹਿੰਦਰਾ ਨੇ ਜੋ ਚੁਣੌਤੀ ਦਿੱਤੀ ਸੀ ਉਸ ਮਾਮਲੇ 'ਚ ਸੁਪਰੀਮ ਕੋਰਟ ਨੇ (1996 'ਚ) ਸਾਰੇ ਦੋਸ਼ ਖਾਰਜ ਕਰ ਦਿੱਤੇ ਪਰ ਅਦਾਲਤ ਨੇ ਸੁਣਵਾਈ ਨੂੰ ਰੱਦ ਨਹੀਂ ਕੀਤਾ ਅਤੇ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਸੀ, ਸੁਪਰੀਮ ਕੋਰਟ ਨੇ ਕਿਹਾ ਕਿ ਨਿਦੇਸ਼ਕਾਂ ਨੂੰ ਪਹਿਲੀ ਨਜ਼ਰ 'ਚ ਧਾਰਾ 304 ਦੇ ਤਹਿਤ ਦੋਸ਼ੀ ਮੰਨਿਆ ਜਾ ਸਕਦਾ ਹੈ। ਜਿਵੇਂ ਕਿ ਜਲਦਬਾਜ਼ੀ ਜਾਂ ਲਾਹਪ੍ਰਵਾਹੀ ਦੀ ਸਰਗਰਮੀ ਨਾਲ ਮੌਤ ਦਾ ਕਾਰਨ ਬਨਣਾ ਕਿਉਂਕਿ ਇਸ ਪੜਾਅ 'ਤੇ (ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ) ਇਹ ਨਹੀਂ ਕਿਹਾ ਜਾ ਸਕਦਾ ਸੀ ਕਿ ਮੁਹੱਈਆ ਹੋਈ ਸਮੱਗਰੀ ਚਸ਼ਮਦੀਦ ਵੀ ਹੋਣ ਕਰਕੇ ਇਕ ਦੋਸ਼ੀ ਵੱਲ ਸੰਕੇਤ ਨਹੀਂ ਕਰਦੀ ਹੈ।" ਅਜਿਹਾ ਪ੍ਰੋਜੈਕਟ ਜਾਂ ਅਦਾਰਾ ਚਲਾਉਣ ਦਾ ਦੋਸ਼ੀ ਜਿਸ ਵਿਚ ਸਾਰੀਆਂ ਕੰਮਕਾਜੀ ਖਾਮੀਆਂ ਹੋਣ ਅਤੇ ਉਸ ਤਰਾਸਦੀ ਵਾਲੀ ਰਾਤ ਨੂੰ ਅਜਿਹਾ ਖਟਾਰਾ ਅਦਾਰਾ ਚਲਾਉਣ ਲਈ ਅਜਿਹੇ ਉਪਾਅ ਕਰਨ ਵਿਚ ਗੈਰ ਕਾਨੂੰਨੀ ਲਾਹਪ੍ਰਵਾਹੀ ਵਰਤਣ ਦਾ ਪਹਿਲੀ ਨਜ਼ਰੇ ਦੋਸ਼ੀ ਜਿਸ ਦਾ ਨਤੀਜਾ ਅਜਿਹੇ ਭਿਅੰਕਰ ਹਾਦਸੇ 'ਚ ਨਿਕਲਿਆ" "ਇਹ ਦੂਹਰੀ 'ਨਾ' ਮਹੱਤਵਪੂਰਨ ਸੀ। ਛੋਟੀ ਕੰਪਨੀਆਂ ਵਿਚ ਜਿਸ ਨੂੰ ਕਈ ਵਾਰ ਵੱਡੀ ਹਿੱਸੇਦਾਰੀ ਕਹਿੰਦੇ ਹਨ – ਕਾਰਪੋਰੇਟ ਨਕਾਬ ਉਨ੍ਹਾਂ ਲੋਕਾਂ ਨੂੰ ਨਹੀਂ ਬਚਾਉਂਦਾ ਹੈ ਜੋ ਆਪਣਾ ਕੰਮ ਸੁਰੱਖਿਅਤ ਪ੍ਰਤੀ ਗੈਰ ਜ਼ਿੰਮੇਵਾਰ ਹਿਕਾਰਤ ਨਾਲ ਕਰਦੇ ਹਨ, ਜੋ ਨਿੱਜੀ ਲਾਭ ਲਈ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਕਰਦੇ ਹਨ। ਪਰ ਸਨਅਤੀ ਕੰਪਨੀਆਂ ਦੇ ਨਿਰਦੇਸ਼ਕ ਮੰਡਲ 'ਚ ਪੇਸ਼ੇਵਰ ਨਿਦੇਸ਼ਕਾਂ ਦੀ ਸਥਿਤੀ ਕਿਤੇ ਵੱਧ ਜਟਿਲ ਹੁੰਦੀ ਹੈ। ਇਹ ਸਪੱਸ਼ਟ ਹੈ ਕਿ ਆਰਥਿਕ ਵਿਕਾਸ ਦੀ ਰਾਹ 'ਤੇ ਭਾਰਤ ਨੂੰ ਸਨਅਤੀ ਸਰਗਰਮੀਆਂ ਜੋ ਕਿਸੇ ਦਿਨ ਦੁਰਘਟਨਾ ਵਸ ਕਿਸੇ ਵਿਅਕਤੀ ਜਾਂ ਜਾਇਦਾਦ ਨੂੰ ਹਰਜਾ ਪਹੁੰਚਾ ਸਕਦੀ ਹੈ ਅਤੇ ਜਵਾਬਦੇਹੀ ਦੀ ਲੋੜ ਅਤੇ ਜੋ ਲੋਕ ਇਨ੍ਹਾਂ ਉਦਯੋਗਾਂ ਨੂੰ ਮੁਨਾਫ਼ੇ ਲਈ ਚਲਾਉਂਦੇ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਵਿਚ ਇਕ ਸਮਝਦਾਰੀ ਪੂਰਨ ਸੰਤੁਲਨ ਨੂੰ ਮਨਜ਼ੂਰ ਕਰਨਾ ਹੋਵੇਗਾ। ਕੋਈ ਝਗੜਾ ਨਹੀਂ ਕਿ ਜ਼ਿੰਮੇਵਾਰ ਇਹ ਕਾਰਪੋਰੇਟ ਗੱਠਜੋੜ ਹੀ ਹੋਵੇਗਾ। ਮਿਸਾਲ ਵਜੋਂ ਪ੍ਰਮਾਣੂ ਫਰਜ਼ ਬਿੱਲ ਸੰਚਾਲਕ ਨੂੰ ਹਰਜ਼ੇ ਲਈ ਜਵਾਬਦੇਹ ਮੰਨਦਾ ਹੈ, ਚਾਹੇ ਲਾਹਪ੍ਰਵਾਹੀ ਹੋਵੇ ਜਾਂ ਨਾ ਹੋਵੇ, ਅਜਿਹੀਆਂ ਕੰਪਨੀਆਂ ਦੇ ਨਿਦੇਸ਼ਕ ਮੰਡਲਾਂ 'ਚ ਮੌਜੂਦ ਲੋਕਾਂ 'ਤੇ ਅਪਰਾਧਿਕ ਵਿਵਸਥਾਵਾਂ ਦੀ ਆਂਚ ਆਉਣਾ ਚਿੰਤਾ ਦੀ ਗੱਲ ਹੈ। ਜੇ ਕੋਈ ਲਾਹਪ੍ਰਵਾਹੀ ਨਾ ਹੋਈ ਤਾਂ ਅਪਰਾਧਿਕ ਕਾਨੂੰਨ 'ਚ ਕੋਈ ਜਵਾਬਦੇਹੀ ਨਹੀਂ ਹੁੰਦੀ ਹੈ ਪਰ ਇਸ ਦਾ

ਉਲਟਾ ਨਹੀਂ ਹੈ ਸਿਰਫ਼ ਇਸ ਲਈ ਕਿ ਅਪਰਾਧਿਕ ਜਵਾਬਦੇਹੀ ਹੈ, ਅਜਿਹੀ ਕਾਰਪੋਰੇਸ਼ਨ ਦੇ ਹਰੇਕ ਨਿਰਦੇਸ਼ਕ ਨੂੰ ਵਿਅਕਤੀਗਤ ਤੌਰ 'ਤੇ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਮੰਨ ਲਓ ਜੇ ਕਿਸੇ ਇੰਡੀਅਨ ਆਇਲ ਕਾਰਪੋਰੇਸ਼ਨ ਦੀ ਕਿਸੇ ਰਿਫਾਇਨਰੀ 'ਚ ਅੱਗ ਲੱਗ ਜਾਂਦੀ ਹੈ ਅਤੇ ਜੇ ਇਹ ਵਿਖਾਇਆ ਜਾਂਦਾ ਹੈ ਕਿ ਉਸ ਰਿਫਾਇਨਰੀ ਦੇ ਡਿਜ਼ਾਇਨ ਜਾਂ ਕਾਮਕਾਜ ਵਿਚ ਲਾਹਪ੍ਰਵਾਹੀ ਸੀ ਅਤੇ ਉਸ ਦੇ ਨਿਰਦੇਸ਼ਕ ਮੰਡਲ 'ਚ ਮੌਜੂਦਾ ਪ੍ਰਸਾਸ਼ਨਿਕ ਸੇਵਾ ਦੇ ਸਾਰੇ ਅਧਿਕਾਰੀਆਂ ਖਿਲਾਫ ਇਸ ਪ੍ਰਕਾਰ ਇਸ ਕੰਮ ਲਈ ਮੁਕੱਦਮਾ ਚਲਾਇਆ ਜਾਂਦਾ ਹੈ। ਕਨੂੰਨ ਦਾ ਤਕਾਜ਼ਾ ਇਹ ਹੈ ਕਿ ਵਿਅਕਤੀ ਅਣਦੇਖੀ ਅਜਿਹੀ ਘਟਨਾ ਦਾ ਦੋਸ਼ੀ ਹੋਵੇ ਜਿਸ ਨੂੰ ਲਾਹਪ੍ਰਵਾਹੀ ਮੰਨਿਆ ਜਾ ਸਕਦਾ ਹੋਵੇ ਅਤੇ ਫਿਰ ਜਿਸ ਦੇ ਕਾਰਨ ਦੁਰਘਟਨਾ ਹੋਈ ਹੋਵੇ, ਜੇ ਨਿਰਦੇਸ਼ਕ ਮੰਡਲ ਜਾਣ ਬੁਝ ਕੇ ਅਜਿਹੇ ਨਿਰਣੇ ਦਾ ਜ਼ਿੰਮੇਵਾਰ ਹੈ ਜਿਸ 'ਚ ਸੁਰੱਖਿਆ ਨਾਲ ਸਮਝੌਤਾ ਕੀਤਾ ਗਿਆ ਹੋਵੇ ਤਾਂ ਉਹ ਜਵਾਬਦੇਹ ਹੋ ਸਕਦਾ ਹੈ। ਜੇ ਨਿਰਦੇਸ਼ਕ ਮੰਡਲ ਅਜਿਹੀ ਪ੍ਰਬੰਧਕੀ ਪ੍ਰਣਾਲੀ ਸਥਾਪਤ ਕਰਨ ਵਿਚ ਨਾਕਾਮ ਰਹਿੰਦਾ ਹੈ ਜਿਸ 'ਚ ਸੁਰੱਖਿਆ 'ਤੇ ਸਮੁੱਚਾ ਧਿਆਨ ਦਿੱਤਾ ਜਾਂਦਾ ਹੈ ਤਾਂ ਉਹ ਅਜਿਹੀ ਅਣਦੇਖੀ ਦੇ ਅਪਰਾਧੀ ਹੋ ਸਕਦੇ ਹਨ ਜੋ ਦੋਸ਼ਪੂਰਨ ਹੋਵੇ ਪਰ ਇਸ ਤੋਂ ਅੱਗੇ ਜੇ ਇਹ ਸਾਬਤ ਹੋ ਜਾਂਦਾ ਹੈ ਕਿ ਇਕ ਅਦਾਰੇ ਨੂੰ ਚਲਾਉਣ ਵਿਚ ਪ੍ਰਬੰਧ ਪੱਖੋਂ ਕਿਸੇ ਪੱਧਰ 'ਤੇ ਲਾਹਪ੍ਰਵਾਹੀ ਹੋਈ ਹੈ ਤਾਂ ਕੀ ਇਹ ਕਿਹਾ ਜਾ ਸਕਦਾ ਹੈ ਕਿ ਪੇਸ਼ੇਵਰ ਨਿਰਦੇਸ਼ਕ ਅਪਰਾਧਿਕ ਦੰਡ ਦੇ ਯੋਗ ਹੋ ਜਾਂਦੇ ਹਨ? ਇਸ ਸਵਾਲ ਦਾ ਜਵਾਬ ਰਾਜਨੀਤੀ ਦੀ ਚਹਿਲ-ਪਹਿਲ ਨਾਲ ਅਤੇ ਭੁਪਾਲ ਦੀ ਦੁੱਖਦਾਈ ਛਵੀ ਤੋਂ ਦੂਰ ਹੋ ਕੇ ਦੇਣਾ ਪਵੇਗਾ। ਸਾਨੂੰ ਭੁਪਾਲ ਦੇ ਸਬਕ ਭੁਲਣੇ ਨਹੀਂ ਚਾਹੀਦੇ ਅਤੇ ਨਾ ਹੀ ਉਨ੍ਹਾਂ ਲੋਕਾਂ ਨੂੰ ਮੁਆਫ ਕਰਨਾ ਚਾਹੀਦਾ ਹੈ ਜਿਨ੍ਹਾਂ ਕਾਰਨ ਇਹ ਤਰਾਸਦੀ ਹੋਈ। ਇਲਾਜ ਨਾਲੋ ਪ੍ਰਹੇਜ਼ ਹਮੇਸ਼ਾ ਹੀ ਚੰਗਾ ਹੁੰਦਾ ਹੈ। ਧਾਰਾ 304 ਦੀਆਂ ਵਿਵਸਥਾਵਾਂ ਦਾ ਇਸ ਤਰ੍ਹਾਂ ਅਰਥ ਕੱਢਿਆ ਜਾਵੇ ਕਿ ਪੇਸ਼ਾਵਰ ਨਿਰਦੇਸ਼ਕ ਹਰ ਘਟਨਾ ਲਈ ਦੋਸ਼ੀ ਹੋਣ ਲਾਹਪ੍ਰਵਾਹ ਮੈਨੇਜਰ ਤਾਂ ਕਿਸੇ ਵੀ ਹਾਲਤ 'ਚ ਕਨੂੰਨ ਦੀ ਪ੍ਰਵਾਹ ਨਹੀਂ ਕਰਦੇ। ਇਕ ਬਦਲ ਇਹ ਵੀ ਹੈ ਕਿ ਇਕ ਵਿਗਿਆਨਕ ਪੈਮਾਨਾ ਬਣਾਇਆ ਜਾਵੇ ਜੋ ਸਨਅਤੀ ਅਦਾਰਿਆਂ ਦੀ ਸੁਰੱਖਿਆ ਦਾ ਮੁਲਅੰਕਣ ਕਰੇ ਅਤੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਉਪਾਵਾਂ ਦੀ ਸਿਫਾਰਸ਼ ਕਰੇ, ਇਸ ਵਿਸ਼ੇ ਸਬੰਧੀ ਕਨੂੰਨ ਵਿਚ ਸਪੱਸ਼ਟਤਾ ਨਹੀਂ ਹੈ ਅਤੇ ਬਦਕਿਸਮਤੀ ਨਾਲ 25 ਸਾਲਾਂ ਤੋਂ ਵੱਧ ਸਮੇਂ ਤੋਂ ਬਾਅਦ ਨਵੀਂ ਸੰਸਦ ਨੇ ਇਸ ਅਹਿਮ ਵਿਸ਼ੇ 'ਤੇ ਧਿਆਨ ਦੇਣਾ ਸਹੀ ਨਹੀਂ ਸਮਝਿਆ ਹੈ, ਹੋ ਸਕਦਾ ਹੈ ਕਿ ਪ੍ਰਮਾਣੂ ਜ਼ਿੰਮੇਵਾਰੀ ਬਿੱਲ 'ਤੇ ਬਹਿਸ ਨਾਲ ਸਨਅਤੀ ਅਦਾਰੇ ਦੀ ਰਾਖੀ ਅਤੇ ਨਿਦੇਸ਼ਕਾਂ ਦੀ ਕਾਰਪੋਰੇਟ ਜਵਾਬਦੇਹੀ ਦੇ ਵਿਆਪਕ ਵਿਸ਼ਿਆਂ 'ਤੇ ਧਿਆਨ ਦੇਣ ਦਾ ਮੌਕਾ ਮਿਲੇ। ਕੇਂਦਰ ਤੇ ਰਾਜ ਸਰਕਾਰਾਂ, ਨਿਆਂਪਾਲਿਕਾ ਤੇ ਕਾਰਪੋਰੇਟ ਹਿੱਤਾਂ ਦੀ ਇਕ ਮਿਲੀ ਭੁਗਤ ਤਹਿਤ ਕੰਮ ਕੀਤਾ ਅਤੇ ਭੁਪਾਲ ਦੇ ਪੀੜਤਾਂ ਲਈ ਨਿਆਂ ਨਹੀਂ ਹੋਣ ਦਿੱਤਾ। ਇਸ ਵਿਸ਼ਵਾਸ ਦੀ ਪੁਸ਼ਟੀ ਬਹਾਨੇਬਾਜ਼ੀ ਅਤੇ ਮਾਮਲੇ ਨੂੰ ਲੰਬਾ ਸਮਾਂ ਲਮਕਾਉਣ ਨਾਲ ਹੁੰਦੀ ਹੈ। ਕਨੂੰਨੀ ਪੇਚਾਂ ਵਿਚ ਇਕ ਤੱਥ ਇਹ ਵੀ ਜੁੜਿਆ ਹੋਇਆ ਹੈ ਕਿ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਨੂੰ ਖਰੀਦਣ ਵਾਲੀ ਡਾਵ ਕੈਮੀਕਲਜ਼ ਖਿਲਾਫ ਦੋਸ਼ ਨਵੇਂ ਸਿਰੇ ਤੋਂ ਤਿਆਰ ਕਰਨੇ ਪੈਣਗੇ। ਮੁਆਵਜੇ ਸਬੰਧੀ ਵੀ ਧੋਖਾ ਹੋਇਆ ਹੈ।

ਜਨਵਰੀ 1989 'ਚ ਕੇਂਦਰ ਸਰਕਾਰ ਸੁਪਰੀਮ ਕੋਰਟ ਦੀ ਵਿਚੋਲਗੀ ਨਾਲ ਇਸ ਮਾਮਲੇ 'ਚ ਸ਼ਾਮਲ ਹੋਈ ਕਿ ਮਾਰੇ ਗਏ 3000 ਲੋਕਾਂ ਅਤੇ 102000 ਜ਼ਖ਼ਮੀਆਂ ਲਈ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ 4 ਕਰੋੜ 70 ਲੱਖ ਡਾਲਰ ਦਾ ਇਕ ਕਿਸ਼ਤ 'ਚ ਫੌਰਨ ਭੁਗਤਾਨ ਕਰੇਗੀ। ਲਗਭਗ 90 ਫੀਸਦੀ ਪੀੜਤਾਂ ਨੂੰ ਮੌਤ ਦਾ ਮੁਆਵਜ਼ਾ ਇਕ ਲੱਖ ਰੁਪਏ ਤੋਂ ਵੀ ਘੱਟ ਮਿਲਿਆ ਵਿਅਕਤੀਗਤ ਘਾਟੇ ਲਈ ਸਿਰਫ 25000 ਰੁਪਏ ਹਾਲਾਂਕਿ ਭੁਪਾਲ ਗੈਸ ਕਾਂਡ ਪਿੱਛੋਂ ਇਕ ਲੋਕ ਦੇਣਦਾਰੀ ਕਨੂੰਨ ਹੋਂਦ 'ਚ ਆਇਆ ਪਰ ਮੁਆਵਜ਼ੇ ਦੀ ਪ੍ਰਣਾਲੀ ਫੈਸਲੇ ਸਮੇਂ ਬੰਦੇ ਦੀ ਅਸਲੀ ਆਮਦਨ 'ਤੇ ਅਧਾਰਤ ਹੈ, ਸਰਕਾਰ ਨੂੰ ਸਮਝੌਤੇ ਦੀ ਰਕਮ ਤੋਂ ਵਿਆਜ ਦਾ ਲਾਭ ਹੋਇਆ ਪਰ ਪੀੜਤਾਂ ਨੂੰ ਇਹ ਲਾਭ ਨਹੀਂ ਦਿੱਤਾ ਗਿਆ। ਜਦ ਤੱਕ ਭੁਪਾਲ ਦੀਆਂ ਦਾਅਵਾ ਅਦਾਲਤਾਂ ਨੇ ਮੁਆਵਜ਼ੇ ਦੀ ਵੰਡ ਕੀਤੀ ਤਦ ਤੱਕ ਮੂਲ ਰਕਮ ਵਿਚੋਂ ਪੰਜ ਗੁਣਾਂ ਤੋਂ ਵੱਧ ਮ੍ਰਿਤਕਾਂ ਅਤੇ ਜ਼ਖ਼ਮੀਆਂ ਨੂੰ ਮੁਆਵਜ਼ਾ ਦਿੱਤਾ ਜਾ ਚੁੱਕਿਆ ਸੀ। ਪੀੜਤਾਂ ਦੇ ਸੰਗਠਨਾਂ ਨੇ 17 ਮਾਰਚ 2010 ਨੂੰ ਸੁਪਰੀਮ ਕੋਰਟ 'ਚ ਇਕ ਪਟੀਸ਼ਨ ਦਾਇਰ ਕੀਤੀ ਕਿ ਕਿਉਂਕਿ ਕੇਂਦਰ ਸਰਕਾਰ ਨੇ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਨਾਲ ਹੋਏ ਸਮਝੌਤੇ 'ਚ ਇਹ ਵਿਸ਼ਵਾਸ ਦਿੱਤਾ ਸੀ ਕਿ ਕਿਸੇ ਵੀ ਕਮੀ ਦੀ ਪੂਰਤੀ ਉਹ ਕਰੇਗੀ, ਲਿਹਾਜ਼ਾ ਇਹ ਭੁਗਤਾਨ ਕਰੇ, ਸੇਵਾ ਮੁਕਤ ਚੀਫ ਜਸਟਿਸ ਕੇ. ਜੀ. ਬਾਲਾ ਕ੍ਰਿਸ਼ਨਨ ਨੇ ਇਸ ਕੇਸ ਵਿਚ 23 ਅਪ੍ਰੈਲ 2010 ਨੂੰ ਨੋਟਿਸ ਜਾਰੀ ਕੀਤੇ ਇਸ ਤੋਂ ਇਲਾਵਾ ਉਨ੍ਹਾਂ ਨੇ ਲਗਭਗ 40,000 ਲੋਕਾਂ ਦਾ ਨਾ ਮੁਆਵਜ਼ਾ ਅਮਲ 'ਚ ਸ਼ਾਮਲ ਕਰਾਉਣ ਲਈ ਇਕ ਪਟੀਸ਼ਨ ਮੱਧ ਪ੍ਰਦੇਸ਼ ਹਾਈਕੋਰਟ 'ਚ 2004 ਤੋਂ ਲਮਕ ਰਹੀ ਹੈ। ਜੋ ਦਾਅਵਾ ਦਫ਼ਤਰ 'ਚੋਂ ਫਾਇਲਾਂ ਗੁਆਚ ਜਾਣ, ਵੱਖ-ਵੱਖ ਕਾਗਜ਼ਾਂ 'ਚ ਪੀੜਤਾਂ ਦੇ ਨਾਵਾਂ 'ਚ ਮਾਮੂਲੀ ਫਰਕ ਹੋਣ ਅਣਪੜ ਜਾਂ ਅਣਜਾਣ ਪੀੜਤਾਂ ਵਲੋਂ ਦਾਅਵਾ ਨਾ ਕਰ ਸਕਣ ਕਰਕੇ ਦਾਅਵਾ ਅਮਲ ਤੋਂ ਬਾਹਰ ਰਹਿ ਗਏ।

**ਮੁੜ ਵਸੇਬਾ ਵੀ ਜ਼ਰੂਰੀ ਹੈ** - ਪੀੜਤਾਂ ਦਾ ਇਲਾਜ ਪੱਖੋਂ ਪੁਨਰਵਾਸ ਇਕ ਹੋਰ ਚੁਭਣ ਵਾਲਾ ਪਹਿਲੂ ਹੈ। ਦਾਅਵਿਆਂ ਦਾ ਨਿਪਟਾਰਾ ਕਰਨ ਦੇ ਬਾਵਜੂਦ ਸਰਕਾਰ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਤੋਂ ਖੁਦ ਉਸ ਦੇ ਹੋਰ ਅਧਿਐਨਾਂ ਨੂੰ ਹਾਸਲ ਨਹੀਂ ਕਰ ਸਕੀ ਕਿ ਮਿਥਾਈਲ ਆਈਸੋਸਾਇਆਨਾਈਡ ਦੇ ਸੰਪਰਕ 'ਚ ਆਉਣ 'ਤੇ ਪੀੜਤਾਂ 'ਤੇ ਇਸ ਦਾ ਕੀ ਮੈਡੀਕਲ ਅਸਰ ਪੈਂਦਾ ਹੈ। 1994 'ਚ ਕੇਂਦਰ ਸਰਕਾਰ ਨੇ ਅਚਾਨਕ ਅਤੇ ਗੁਪਤ ਤਰੀਕੇ ਨਾਲ ਭਾਰਤੀ ਇਲਾਜ ਖੋਜ ਪ੍ਰੀਸ਼ਦ ਦੇ ਉਸ ਪ੍ਰੋਜੈਕਟ ਨੂੰ ਬੰਦ ਕਰ ਦਿੱਤਾ ਜੋ ਪੀੜਤਾਂ 'ਤੇ ਗੈਸ ਦੇ ਪ੍ਰਭਾਵ ਦਾ ਅਧਿਐਨ ਕਰ ਰਿਹਾ ਸੀ। ਇਹ ਪ੍ਰੀਸ਼ਦ 23 ਰਿਪੋਰਟਾਂ ਤਿਆਰ ਕਰ ਚੁੱਕੀ ਸੀ ਪਰ ਇਨ੍ਹਾਂ ਰਿਪੋਰਟਾਂ ਨੂੰ ਕਦੀ ਵੀ ਜਨਤਕ ਨਹੀਂ ਕੀਤਾ ਗਿਆ। ਇਸ ਤਰਾਂਸਦੀ ਦੇ ਪੀੜਤਾਂ ਦੇ ਇਲਾਜ ਲਈ ਕੋਈ ਡਾਕਟਰੀ ਤਰੀਕਾ ਅਜੇ ਤੱਕ ਤਿਆਰ ਨਹੀਂ ਕੀਤਾ ਗਿਆ ਹੈ। ਭੁਪਾਲ ਐਕਸ਼ਨ ਪਲਾਨ ਦੇ ਨਾਂ ਨਾਲ ਆਰਥਿਕ ਤੇ ਮੈਡੀਕਲ ਪੁਨਰਵਾਸ ਪੈਕੇਜ 1993 ਤੋਂ 1998 ਤੱਕ ਚਲਿਆ ਅਤੇ ਇਸ ਨੂੰ 2000 ਤੱਕ ਅੱਗੇ ਵਧਾਇਆ ਗਿਆ। ਜਿਸ ਵਿਚ ਸਰਕਾਰ ਨੇ ਪੀੜਤਾਂ ਦੇ ਡਾਕਟਰੀ ਪੁਨਰਵਾਸ ਲਈ 258 ਕਰੋੜ ਰੁਪਏ ਮੁਹੱਈਆ ਕਰਵਾਏ। ਪਰ ਦਵਾਈਆਂ ਮੁਹੱਈਆ ਕਰਾਉਣ ਪਰ ਖਾਲੀ ਥਾਵਾਂ ਭਰਨ ਬਦਲੇ ਬੁਨਿਆਦੀ ਢਾਂਚੇ 'ਤੇ ਜ਼ੋਰ ਦੇਣ ਨਾਲ ਪੀੜਤਾਂ ਨੂੰ ਮਿਲਣ ਵਾਲੀਆਂ ਸੇਵਾਵਾਂ

ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਰਾਜ ਸਰਕਾਰ ਦਾਅਵਾ ਕਰਦੀ ਹੈ ਕਿ ਇਹ ਪੀੜਤਾਂ 'ਤੇ ਕੇਂਦਰੀ ਸਹਾਇਤਾ ਸਮੇਤ 500 ਕਰੋੜ ਰੁਪਏ ਖਰਚ ਕਰ ਚੁੱਕੀ ਹੈ ਪਰ ਡਾਕਟਰੀ ਸਹੂਲਤਾਂ ਦੀ ਕਮੀ ਕਾਰਨ ਗੈਸ ਪੀੜਤਾਂ ਨੇ 1998 'ਚ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ। ਸੁਪਰੀਮ ਕੋਰਟ ਨੇ ਇਕ ਸਲਾਹਕਾਰ ਅਤੇ ਨਿਗਰਾਨ ਸੰਮਤੀ ਬਣਾਈ ਹੈ ਅਤੇ ਇਹ ਪਟੀਸ਼ਨ ਅਜੇ ਵੀ ਲਮਕ ਰਹੀ ਹੈ। ਹਾਲਾਤ ਕਿੰਨੇ ਦਰਦਨਾਕ ਹਨ। ਇਸ ਨੂੰ ਸਲਾਹਕਾਰ ਸੰਮਤੀ ਦੀਆਂ ਤਿੰਨ ਅਤੇ ਨਿਗਰਾਨ ਸੰਮਤੀ ਦੀਆਂ ਸੱਤ ਸ਼ਿਫਾਰਸਾਂ ਨੂੰ ਲਾਗੂ ਕਰ ਸਕਣ ਵਿਚ ਰਾਜ ਸਰਕਾਰ ਦੀ ਨਾਕਾਮੀ ਤੋਂ ਸਮਝਿਆ ਜਾ ਸਕਦਾ ਹੈ। ਨਿਗਰਾਨ ਸੰਮਤੀ ਦੇ ਪ੍ਰਧਾਨ ਦਾ ਅਹੁਦਾ ਪਿਛਲੇ ਦੋ ਸਾਲਾਂ ਤੋਂ ਖਾਲੀ ਪਿਆ ਹੈ। ਜਿਸ ਨਾਲ ਇਲਾਜ ਸਹੂਲਤਾਂ ਦਾ ਅਜ਼ਾਦਾਨਾ ਮੁਲਅੰਕਣ ਕਰ ਸਕਣਾ ਅਸੰਭਵ ਹੋ ਗਿਆ ਹੈ। ਇਕ ਹਾਦਸੇ ਨੂੰ ਦੂਜਾ ਹਾਦਸਾ ਗੁੰਝਲਦਾਰ ਬਣਾਉਂਦਾ ਗਿਆ ਅਤੇ ਇਸ ਵਿਚ ਇਹ ਸਵਾਲ ਧੁੰਦਲਾ ਹੁੰਦਾ ਗਿਆ ਕਿ ਕੌਣ ਹਾਦਸਾ ਵੱਧ ਵੱਡਾ ਹੈ। 15000 ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਾਲਾ ਅਤੇ ਅਣਗਣਿਤ ਲੋਕਾਂ ਨੂੰ ਆਚਾਰ ਕਰ ਦੇਣ ਵਾਲਾ ਮੂਲ ਹਾਦਸਾ ਜਾਂ ਨਿਆਂ ਦਾ ਉਹ ਨਾਟਕ ਜਿਸ ਨੇ ਦੁਨੀਆ ਦੀ ਸਭ ਤੋਂ ਵੱਡੀ ਸਨਅਤੀ ਤਰਾਸਦੀ ਨੂੰ ਇਕ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। 26 ਸਾਲਾਂ ਦੇ ਵੱਧ ਸਮੇਂ ਪਿੱਛੋਂ ਪੀੜਤ ਨੂੰ ਹਰੇਕ ਮੌਤ ਲਈ 12410 ਰੁਪਏ ਦਾ ਮੁਆਵਜ਼ਾ ਦਿੱਤਾ ਗਿਆ ਹੈ ਜਦਕਿ ਜਿਉਂਦੇ ਬਚੇ ਲੋਕ ਅਤੇ ਉਨ੍ਹਾਂ ਦੀ ਪੁਸ਼ਤਾਂ ਜੀਵਨ ਭਰ ਲਈ ਲਾਚਾਰ ਹੋ ਚੁੱਕੀਆਂ ਹਨ ਜਿਨ੍ਹਾਂ ਵਿਚੋਂ ਬਹੁਤੇ ਲੋਕ ਅੱਜ ਵੀ ਮਿਥਾਈਲ ਆਈਸੋਸਾਇਆਨਾਈਡ ਨਾਲ ਜੁੜੀਆਂ ਬੀਮਾਰੀਆਂ ਤੋਂ ਪੀੜਤ ਹਨ। ਜ਼ਖ਼ਮਾਂ 'ਤੇ ਨਮਕ ਛਿੜਕਣ ਦੀ ਗੱਲ ਇਹ ਹੈ ਕਿ ਭਾਰਤ ਸਰਕਾਰ ਲਗਾਤਾਰ ਪੀੜਤਾਂ ਦੇ ਨਾਲ ਨਹੀਂ ਬਲਕਿ ਦਰਦ ਦੇਣ ਵਾਲੇ ਜ਼ਲਾਮਾਂ ਨਾਲ ਖੜ੍ਹੀ ਨਜ਼ਰ ਆਉਂਦੀ ਰਹੀ, ਮਾਮੂਲੀ ਮਆਵਜ਼ੇ ਵਜੋਂ, ਜੋ ਹੈ ਉਸ ਨੂੰ ਮੰਜੂਰ ਕਰਨ ਤੋਂ ਲੈ ਕੇ ਪਿੱਛੇ ਜਿਹੇ ਹੀ ਵਾਤਾਵਰਣ ਰਾਜ ਮੰਤਰੀ ਵਲੋਂ ਕਾਰਬਾਈਡ ਕਾਰਖਾਨੇ ਦੇ ਆਸਪਾਸ ਦੇ ਵਾਤਾਵਰਣ ਦੀ ਰਾਖੀ ਸਬੰਧੀ ਦਿੱਤੇ ਭੱਦੇ ਬਿਆਨ ਤੱਕ, ਹਰ ਮੋੜ 'ਤੇ ਧੋਖਾ ਪੀੜ੍ਹਤਾਂ ਨੂੰ ਹੀ ਦਿੱਤਾ ਗਿਆ, ਇਸ ਸਮੇਂ ਅਪਾਹਜ਼ਤਾ ਦੇ 5,50,000 ਦਾਅਵੇ ਅਦਾਲਤਾਂ ਕੋਲ ਲਮਕ ਰਹੇ ਹਨ ਜਿਨ੍ਹਾਂ 'ਚੋਂ ਇਕ 'ਤੇ ਵੀ ਵਿਚਾਰ ਨਹੀਂ ਕੀਤਾ ਗਿਆ ਹੈ। ਲਗਦਾ ਹੈ, ਭੁਪਾਲ ਦੀਆਂ ਭੁੱਲਾਂ ਕਦੀ ਖਤਮ ਨਹੀਂ ਹੋਣਗੀਆਂ ਤੇ ਨਾਲ ਹੀ ਇਹ ਦੁੱਖਦਾਈ ਸੁਪਨਾ ਖਤਮ ਹੋਵੇਗਾ।

# ਕੀ ਮੌਕਾਪ੍ਰਸਤੀ ਦਾ ਮਜ਼ਬੂਤ ਥੰਮ ਸੀ ਜੋਤੀ ਬਾਸੂ?

ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਅਤੇ ਮਾਰਕਸੀ ਕਮਿਊਨਿਸਟ ਪਾਰਟੀ (CPM) ਦੀ ਪੋਲਿਟ ਬਿਊਰੋ ਦੇ ਮੈਂਬਰ ਜੋਤੀ ਬਾਸੂ ਦਾ ਦੇਹਾਂਤ 96 ਸਾਲ ਦੀ ਉਮਰ ਵਿਚ ਹੋ ਗਿਆ। ਉਸ ਦੀ ਮੌਤ ਪਿੱਛੋਂ ਦੇਸ਼ ਦੀ ਪੂੰਜੀਵਾਦੀ ਰਾਜਨੀਤੀ ਤੇ ਪੂੰਜੀਵਾਦੀ ਮੀਡੀਆ 'ਚ ਉਸ ਦੇ ਵਿਅਕਤਿਤਵ ਦੇ ਜਿੰਨੇ ਸੋਹਲੇ ਗਾਏ ਗਏ, ਉਨ੍ਹਾਂ ਕਿਸੇ ਹੋਰ ਕਮਿਊਨਿਸਟ ਨੇਤਾ ਦਾ ਤਾਂ ਨਹੀਂ ਹੋਇਆ ਸੀ, ਪੂੰਜੀਵਾਦੀ ਸਿਆਸਤ ਦੇ ਵੱਡਿਆਂ ਨੂੰ ਵੀ ਸ਼ਾਇਦ ਇਹੀ ਨਸੀਬ ਹੋਇਆ ਹੋਵੇਗਾ। ਪੂੰਜੀਵਾਦੀ ਰਾਜਸੀ ਰਵਾਇਤ 'ਚ ਉਸ ਜਮਾਤ ਦੇ ਨੇਤਾ ਜ਼ਿੰਦਗੀ ਭਰ ਇਕ ਦੂਜੇ ਦੀ ਨਿੰਦਾ ਕਰਦੇ ਹਨ, ਇਕ ਦੂਜੇ ਖਿਲਾਫ ਗੰਦੀਆਂ ਤੋਂ ਗੰਦੀਆਂ ਗਾਲਾਂ ਕੱਢਦੇ ਹਨ ਪਰ ਮਰਨ ਪਿੱਛੋਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਭੁਲਾ ਕੇ ਉਹ ਮਰਨ ਵਾਲੇ ਦੀਆਂ ਤਰੀਫਾਂ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਦੇ। ਇਸ ਦਾ ਕਾਰਨ ਹੈ ਕਿ ਉਨ੍ਹਾਂ ਦੇ ਬਹੁਤੇ ਝਗੜੇ ਦਿਖਾਵਟੀ ਹੁੰਦੇ ਹਨ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੇ ਹੱਥ ਕੰਡੇ। ਪਰ ਮਜ਼ਦੂਰ ਜਮਾਤ ਦੇ ਆਗੂਆਂ ਨਾਲ ਅਜਿਹਾ ਨਹੀਂ ਹੁੰਦਾ। ਮਰਨ ਪਿੱਛੋਂ ਉਨ੍ਹਾਂ ਤੇ ਝੂਠੇ ਅਤੇ ਗੰਦੇ ਦੋਸ਼ ਲਾਏ ਜਾਂਦੇ ਹਨ। ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ। ਇਸ ਦਾ ਕਾਰਨ ਹੈ ਕਿ ਇਨ੍ਹਾਂ ਆਗੂਆਂ ਨਾਲ ਸਰਮਾਏਦਾਰਾਂ ਜਮਾਤ ਦੇ ਝਗੜੇ ਇਕ ਦੂਜੀ ਦੀ ਹੋਂਦ ਨੂੰ ਮਿਟਾਉਣ ਜਾਂ ਬਚਾਉਣ ਲਈ ਹੁੰਦੇ ਹਨ, ਅਸਲੀ ਜਮਾਤੀ ਲੜਾਈ ਹੁੰਦੀ ਹੈ। ਇਕ ਦੂਜੇ ਖਿਲਾਫ ਘ੍ਰਿਣਾ ਨਾਲ ਲਿਬਰੇਜ, ਮਰਨ ਪਿੱਛੋਂ ਇਹ ਝਗੜਾ ਹੋਰ ਤੇਜ਼ ਹੋ ਜਾਂਦਾ ਹੈ ਕਿਉਂਕਿ ਸਰਮਾਏਦਾਰ ਜਮਾਤ ਇਸ ਦੀ ਵਰਤੋਂ ਮਜ਼ਦੂਰ ਨੂੰ ਭਰਮਾ ਕੇ ਉਸ ਦੀ ਚੇਤਨਾ ਨੂੰ ਖੁੰਢਾ ਕਰਨ ਲਈ ਕਰਦੀ ਹੈ। ਕਿਸੇ ਜਮਾਤਾਂ 'ਚ ਵੰਡੇ ਸਮਾਜ ਵਿਚ ਹਮਲੇ ਜਵਾਬੀ ਹਮਲੇ ਦੀ ਤਸਵੀਰ ਇਸ ਤੋਂ ਵੱਖਰੀ ਹੋ ਵੀ ਨਹੀਂ ਸਕਦੀ। ਇਸ ਗੱਲ ਨੂੰ ਸਮਝਣ ਲਈ ਬੀਤੇ ਸਮੇਂ 'ਚ ਝਾਂਕਣਾ ਪ੍ਰਸੰਗਿਕ ਹੋਵੇਗਾ। ਜੋਤੀ ਬਾਸੂ ਭਾਵੇਂ ਹੀ ਸੋਨੀਆ ਗਾਂਧੀ, ਲਾਲ ਕ੍ਰਿਸ਼ਨ ਅਡਵਾਨੀ, ਲਾਲੂ ਪ੍ਰਸ਼ਾਦ, ਮੁਲਾਇਮ ਸਿੰਘ ਤੇ ਅਜਿਹੇ ਹੋਰ ਲੋਕਾਂ ਲਈ ਚਾਹੇ ਜਿੰਨੇ ਮਰਜੀ ਵੱਡੇ ਰਹੇ ਹੋਣ ਪਰ ਸੰਸਾਰ ਕਮਿਊਨਿਸਟ ਅੰਦੋਲਨ ਵਿਚ ਮਾਰਕਸ ਏਂਗਲਜ਼ ਲੈਨਿਨ, ਸਤਾਲਿਨ ਤੇ ਮਾਓ ਦੀ ਤੁਲਨਾ 'ਚ ਉਨ੍ਹਾਂ ਦਾ ਕੱਤ ਬੁੱਤ ਬੇਹੱਦ ਛੋਟਾ ਸੀ ਕਿਉਂਕਿ ਕੌਮਾਂਤਰੀ ਪੱਧਰ 'ਤੇ ਉਨ੍ਹਾਂ ਦਾ ਕੋਈ ਯੋਗਦਾਨ ਨਹੀਂ ਸੀ ਇਸ ਲਈ ਸਰਸਰੀ ਨਜ਼ਰ 'ਚ ਇਹ ਤੁਲਨਾ ਸਹੀ ਹੋਵੇਗੀ ਕਿ ਜਿਸ ਪੂੰਜੀਵਾਦੀ ਮੀਡੀਆ ਨੇ ਜੋਤੀ ਬਾਸੂ ਨੂੰ ਸਿਰ ਅੱਖਾਂ ਤੇ ਬਿਠਾ ਲਿਆ ਸੀ ਉਸ ਨੇ ਲੈਨਿਨ ਤੇ ਸਟਾਲਿਨ ਬਾਰੇ ਕਿੰਨੀ ਭੱਦੀ ਟਿੱਪਣੀ ਕੀਤੀ ਸੀ। ਲੈਨਿਨ ਦੀ ਮੌਤ 'ਤੇ ਸਟੈਟਸਮੈਨ ਅਖ਼ਬਾਰ ਨੇ 'ਲੈਨਿਨ ਦਾ ਸਰਾਰਤ ਭਰਿਆ ਕੈਰੀਅਰ' ਸਿਰਲੇਖ ਵਾਲੇ ਲੇਖ 'ਚ ਲਿਖਿਆ ਸੀ। ਜਦ ਲੈਨਿਨ ਪ੍ਰੇਤੋਗ੍ਰਾਦ ਪਹੁੰਚੇ ਤਾਂ ਜਰਮਨਾਂ ਵਲੋਂ ਦਿੱਤੀ ਗਈ ਉਹਨਾਂ ਪਾਸ ਵੱਡੀ ਦੌਲਤ ਸੀ।.....ਉਨ੍ਹਾਂ ਨੇ ਜਲਦੀ ਨਾਲ ਮਿਲਟਰੀ ਇਨਕਲਾਬੀ ਕਮੇਟੀ ਦਾ ਗਠਨ ਕੀਤਾ ਜਿਸ ਨੇ ਪੇਤ੍ਰੋਗਾਦ ਦੇ ਪ੍ਰਸਾਸ਼ਨ ਦਾ ਕੰਮ ਸੰਭਾਲ ਲਿਆ। ਲੜਾਈ ਦੇ ਨਾਲ ਕਤਲਾਂ ਤੇ ਮੌਤ ਦੀਆਂ ਸਜ਼ਾਵਾਂ ਦਾ ਬੇਰੋਕ ਸਿਲਸਿਲਾ ਚਲਿਆ ਜਿਸ ਨੇ ਸਭਿਅਕ ਸੰਸਾਰ ਨੂੰ ਹੈਰਾਨ ਕਰ ਦਿੱਤਾ ਜ਼ਾਰ ਤੇ ਪੂਰੇ ਸ਼ਾਹੀ ਪਰਿਵਾਰ ਦੀ ਬੇਰਹਿਮ ਹੱਤਿਆ ਅਜਿਹੀਆਂ ਹਜ਼ਾਰਾਂ ਘਟਨਾਵਾਂ 'ਚੋਂ ਸਿਰਫ ਇਕ ਘਟਨਾ ਸੀ ਅਤੇ ਇਕ ਵੇਲੇ ਅਜਿਹਾ

ਪ੍ਰਤੀਤ ਹੋਇਆ ਕਿ ਲਾਲ ਫੌਜੀ ਹਰ ਉਸ ਬੰਦੇ ਨੂੰ ਖਤਮ ਕਰਨ ਤੇ ਤੁਲੇ ਸਨ ਜੋ ਰੂਸ ਵਿਚ ਅਹੁਦੇ ਸਿੱਖਿਆ ਤੇ ਖੁਸ਼ਹਾਲੀ ਸਬੰਧੀ ਵੱਧ ਚਿੰਤਤ ਸੀ। ਇਨ੍ਹਾਂ ਸਾਰੀਆਂ ਘਟਨਾਵਾਂ ਦੇ ਲਈ ਬਾਹਰੀ ਜਗਤ ਦੇ ਲੋਕ ਲੈਨਿਨ ਨੂੰ ਜ਼ਿੰਮੇਵਾਰ ਠਹਿਰਾਉਣ 'ਤੇ ਇਕ ਮੱਤ ਸਨ। ਇਹ ਹੈਰਾਨੀ ਨਹੀਂ ਕਿ ਲੋਕ ਰਾਇ ਆਮ ਤੌਰ 'ਤੇ ਲੈਨਿਨ ਨੂੰ ਅਜਿਹੇ ਵਿਅਕਤੀ ਵਜੋਂ ਮੁੜ ਸਥਾਪਤ ਕਰਨ ਲੱਗੇ ਜਿਸ ਨੇ ਨੈਤਿਕ ਮੁੱਲਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਜੋ ਇਕ ਭੱਦੇ ਸਿਧਾਂਤ ਲਈ ਸਾਰੀ ਦੁਨੀਆਂ ਦਾ ਵਿਨਾਸ਼ ਕਰ ਦੇਣ 'ਤੇ ਉਤਾਰੂ ਹਨ....." (ਵਨ ਬਿਹਾਰੀ ਚੱਕਰਵਰਤੀ, ਧਰੁਵਤਾਰਾ ਅੰਕ-2)

"ਭੱਦੇ ਸਿਧਾਂਤ ਲਈ ਦੁਨੀਆਂ ਦਾ ਵਿਨਾਸ਼", "ਨੈਤਿਕ ਕਦਰਾਂ ਕੀਮਤਾਂ" ਨੂੰ ਮੰਨਣ ਤੋਂ ਇਨਕਾਰ ਅਤੇ "ਜਰਮਨ ਦਾ ਏਜੰਟ" ਹੋਣ ਦਾ ਦੋਸ਼ ਉਸ ਲੈਨਿਨ 'ਤੇ ਲੱਗਿਆ ਕਿ ਜਿਨ੍ਹਾਂ ਨੂੰ ਦੁਨੀਆਂ ਦੀ ਮਜ਼ਦੂਰ ਜਮਾਤ ਆਪਣਾ ਮੁਕਤੀ ਦਾਤਾ ਮੰਨਦੀ ਸੀ ਅਤੇ ਜੋਤੀ ਬਾਸੂ ਵੀ ਜਿਨ੍ਹਾਂ ਦੇ ਜੀਵਨ ਦੀ ਕਸਮਾਂ ਸਾਰੀ ਉਮਰ ਸ਼ਬਦਾਂ ਦੇ ਅੰਗਾਰੇ ਅਤੇ ਉਨ੍ਹਾਂ ਲਈ ਇਕ ਤੋਂ ਵੱਧ ਕੇ ਇਕ ਮਾਨ ਸਨਮਾਨ ਦੀ ਬਾਰਿਸ਼। ਦੂਜੀ ਮਿਸਾਲ ਸਟਾਲਿਨ ਦੀ ਹੈ ਉਸ ਦੀ ਮੌਤ ਪਿੱਛੋਂ ਅਮਰੀਕੀ ਅਖ਼ਬਾਰ ਲਾਸ ਏਂਜਿਲਿਸ ਨੇ ਲਿਖਿਆ:

"ਨਰਕ ਜਾਣ ਲਈ ਸਟਾਲਿਨ ਦੀ ਟਿਕਟ 'ਤੇ ਮੋਹਰ ਲੱਗ ਗਈ ਹੈ। ਸਾਡੀ ਸਭ ਤੋਂ ਚੰਗੀ ਉਮੀਦ ਇਹੀ ਹੋ ਸਕਦੀ ਹੈ ਕਿ ਰੂਸ ਵਿਚ ਉਤਰਾਧਿਕਾਰੀ ਲਈ ਘਰੇਲੂ ਜੰਗ ਹੋ ਜਾਵੇ" (ਸਟਾਲਿਨ ਯੁੱਗ, ਅੰਨਾ ਸਟ੍ਰਾਂਗ)

ਆਪਣੇ ਸਮਕਾਲੀਨ ਵਿਸ਼ਵ ਇਤਿਹਾਸ ਦੇ ਇਸ ਨਾਇਕ ਦੀ ਮੌਤ 'ਤੇ ਅਮਰੀਕੀ ਰਾਸ਼ਟਰਪਤੀ ਹੈਰੀ ਟਰੂਮੈਨ ਦੀ ਰੁਖੀ ਪ੍ਰਤੀਕ੍ਰਿਆ ਵੀ ਗੌਰ ਕਰਨ ਲਾਇਕ ਹੈ, "ਆਪਣੇ ਕਿਸੇ ਵੀ ਜਾਣਕਾਰ ਦੀ ਮੌਤ ਦੀ ਖਬਰ ਸੁਣਕੇ ਮੈਨੂੰ ਦੁੱਖ ਹੁੰਦਾ ਹੈ ਆਪਣੇ ਸਭ ਤੋਂ ਘ੍ਰਿਣਿਤ ਜਮਾਤੀ ਦੁਸ਼ਮਣ ਦੀ ਮੌਤ 'ਤੇ ਸਾਮਰਾਜੀ ਡਾਕੂਆਂ ਦੇ ਮੋਹਰੀ ਦੀ ਇਹ ਟਿੱਪਣੀ ਕਾਫੀ ਹੱਦ ਤੱਕ ਸਹੀ ਸੀ ਕਿਉਂਕਿ ਮਜ਼ਦੂਰਾਂ ਵਿਚ ਸਟਾਲਿਨ ਦੀ ਦਿੱਖ ਖਰਾਬ ਕਰਕੇ ਅਤੇ ਉਨ੍ਹਾਂ ਨੂੰ ਪ੍ਰੋਲੇਤਾਰੀ ਸਿਆਸਤ ਬਾਰੇ ਭਰਮਾਂ 'ਚ ਪਾ ਕੇ ਹੀ ਉਹ ਆਪਣੇ ਸਾਮਰਾਜ ਦੇ ਵਿਸਥਾਰ ਤੇ ਰਾਖੀ ਦੀ ਗਰੰਟੀ ਕਰ ਸਕਦਾ ਸੀ ਪਰ ਯੂਰਪੀ ਤਾਕਤਾਂ ਦੀ ਰਾਇ ਇਸ ਤੋਂ ਵੱਖਰੀ ਸੀ ਇਸ ਨੂੰ ਸਪੱਸ਼ਟ ਤੌਰ 'ਤੇ ਅੰਨਾ ਲੂਈ ਸਟ੍ਰਾਂਗ ਨੇ ਆਪਣੀ ਪੁਸਤਕ 'ਸਟਾਲਿਨ ਯੁੱਗ' ਵਿਚ ਲਿਖਿਆ "ਫ੍ਰਾਂਸ ਵਿਚ ਰੱਖਿਆ ਮੰਤਰਾਲੇ ਦੇ ਹੁਕਮ 'ਤੇ ਸਾਰੇ ਝੰਡੇ ਅੱਧੇ ਝੁਕਾ ਦਿੱਤੇ ਗਏ ਸਨ। ਉਥੋਂ ਦੀ ਕੌਮੀ ਸੰਸਦ ਨੇ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ, ਜਿਸ ਦੌਰਾਨ ਖੜ੍ਹੇ ਹੋ ਕੇ ਹੇਰਿਓ ਨੇ ਜ਼ੋਰ ਦੇ ਕੇ ਉਸ ਨੇਤਾ ਨੂੰ ਸਲਾਮੀ ਦਿੱਤੀ, ਜਿਸ ਨੇ ਫ੍ਰਾਂਸ ਨੂੰ ਨਾਜੀਆਂ ਤੋਂ ਆਜ਼ਾਦ ਕਰਾਉਣ 'ਚ ਹਿੱਸਾ ਲਿਆ ਸੀ।" ਉਹ ਅੱਗੇ ਕਹਿੰਦੀ ਹੈ" ਅਮਰੀਕਾ ਦੀ ਪ੍ਰਤੀਕ੍ਰਿਆ ਦੇ ਨਾਲ ਸਾਰਾ ਯੂਰਪ ਹੈਰਾਨ ਰਹਿ ਗਿਆ। ਇਹ ਉਹ ਨੇਤਾ ਸੀ ਜਿਸ ਨੇ ਨਾਜੀਆਂ ਦੇ ਉਪਰ ਪੂਰੇ ਯੂਰਪ ਦੀ ਸਾਂਝੀ ਜਿੱਤ ਨੂੰ ਸੰਭਵ ਬਣਾਉਣ ਵਿਚ ਦੂਜੇ ਸਭ ਨੇਤਾਵਾਂ ਤੋਂ ਕਿਤੇ ਵੱਧ ਭੂਮਿਕਾ ਨਿਭਾਈ ਸੀ।"

ਅਮਰੀਕੀ ਤੇ ਯੂਰਪੀ ਪੂੰਜੀਵਾਦੀ ਨੇਤਾਵਾਂ ਦੀ ਪ੍ਰਤੀਕ੍ਰਿਆ ਤੋਂ ਸਾਫ਼ ਹੈ ਕਿ ਅਮਰੀਕਾ ਜਿਥੇ ਸੰਸਾਰ ਦੀ ਮਾਲਕੀ ਦੀ ਆਪਣੀ ਲਾਲਸਾ ਮੂਹਰੇ ਖੜ੍ਹੇ ਦਿਉਕੱਦ ਪਹਾੜ ਦੇ ਹਟ ਜਾਣ ਦਾ ਜਸ਼ਨ ਮਨਾ ਰਿਹਾ ਸੀ ਤਾਂ ਯੂਰਪ ਹਿਟਲਰ 'ਤੇ ਜਿੱਤ ਕਾਰਨ ਜੇਤੂ ਘੋਲ ਦੇ ਸਭ ਤੋਂ ਵੱਡੇ ਸਹਿਯੋਗੀ ਦਾ ਕਰਜ਼ਾ ਚੁਕਾ ਰਿਹਾ ਸੀ ਜਮਾਤੀ ਨਫ਼ਰਤ

ਤੇ ਪਿਆਰ ਦੀ ਇਸ ਲੜੀ ਵਿਚ ਜੋਤੀ ਬਾਸੂ ਕਿਥੇ ਖੜ੍ਹੇ ਹਨ। ਉਨ੍ਹਾਂ ਨੇ ਭਾਰਤ ਦੀ ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਜਮਾਤ ਦੀ ਉਹ ਕਿਹੜੀ ਸੇਵਾ ਕੀਤੀ ਜਿਸ ਬਦਲੇ ਉਸ ਦਾ ਸਿਆਸੀ ਤਾਣਾਬਾਣਾ ਤੇ ਪ੍ਰਚਾਰ ਮੀਡੀਆ ਉਸ ਦੇ ਮਾਨ ਸਨਮਾਨ 'ਚ ਇਕ ਲੱਤ ਉਪਰ ਖੜ੍ਹਾ ਹੋ ਗਿਆ। ਇਸ ਗੱਲ ਨੂੰ ਸਮਝਣ ਲਈ ਸਾਨੂੰ ਦਲਾਲ ਸਰਮਾਏਦਾਰੀ ਜਮਾਤ ਦੇ ਚੋਟੀ ਦੇ ਨੇਤਾਵਾਂ ਤੇ ਸਰਕਾਰੀ ਅਧਿਕਾਰੀਆਂ ਦੇ ਬਿਆਨਾਂ 'ਤੇ ਗੌਰ ਕਰਨਾ ਪਵੇਗਾ। ਭਾਰਤ ਦੇ ਰਾਸ਼ਟਰਪਤੀ ਦੀ ਸੰਖੇਪ ਟਿਪਣੀ ਸੀ "ਉਨ੍ਹਾਂ ਦੀ ਮੌਤ ਨਾਲ ਦੇਸ਼ ਨੇ ਅਨੁਭਵੀ ਤੇ ਮੋਹਰੀ ਨੇਤਾ ਗੁਆ ਲਿਆ।" ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਉਨ੍ਹਾਂ ਦੀ ਮੌਤ ਨੂੰ "ਇਕ ਯੁੱਗ ਦਾ ਅੰਤ" ਕਹਿੰਦਿਆ ਕਿਹਾ, "ਮੈਂ ਸਾਰੇ ਮਾਮਲਿਆਂ 'ਤੇ ਦੂਰਦ੍ਰਿਸ਼ਟੀ ਪੂਰਨ ਸਲਾਹ ਲਈ ਉਨ੍ਹਾਂ ਨੂੰ ਹੀ ਮੁਖਾਤਿਬ ਹੁੰਦਾ ਸੀ, ਚਾਹੇ ਉਹ ਪੱਛਮੀ ਬੰਗਾਲ ਦਾ ਕੇਸ ਹੋਵੇ ਜਾਂ ਪੂਰੇ ਦੇਸ਼ ਦਾ, ਉਸ ਦੀ ਰਾਇ ਹੰਡੇ ਵਰਤੇ ਰਾਜਸੀ ਨੇਤਾ ਵਰਗੀ ਹੁੰਦੀ ਸੀ।" ਉਨ੍ਹਾਂ ਦੀ ਮੌਤ 'ਤੇ ਆਪਣੀ ਸੰਵੇਦਨਾ ਜ਼ਾਹਿਰ ਕਰਦਿਆਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ "ਉਹ ਸਾਡੇ ਕੌਮੀ ਜੀਵਨ ਦੀ ਬਹੁਤ ਵੱਡੀ ਹਸਤੀ ਸਨ, ਅਸੀਂ ਲੋਕ ਉਨ੍ਹਾਂ ਉਲਾਰ ਦ੍ਰਿਸ਼ਟੀਕੋਣ, ਫੈਸਲਿਆਂ ਤੇ ਅਨੁਭਵ ਦੀ ਡੂੰਘਾਈ ਦੀ ਕਦਰ ਕਰਦੇ ਹਾਂ" ਸ਼ਰਮਾਏਦਾਰੀ ਰਾਜਨੀਤੀ 'ਚ ਉਨ੍ਹਾਂ ਦੇ ਪੁਲ ਨਹੀਂ ਬੰਨੇ। ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੇ ਉਨ੍ਹਾਂ ਨੂੰ ਕਮਿਊਨਿਜ਼ਮ ਦਾ ਸੱਚਾ ਯੋਧਾ ਦੱਸਦਿਆਂ ਕਿਹਾ, "ਉਹ ਸਮਾਜ ਦੇ ਕਮਜ਼ੋਰ ਤਬਕਿਆਂ ਦੇ ਪ੍ਰਤੀਬੱਧ ਆਗੂ ਸਨ ਅਤੇ ਹਮੇਸ਼ਾ ਆਪਣੇ ਵਿਚਾਰਾਂ ਤੇ ਆਦਰਸ਼ਾਂ ਪ੍ਰਤੀ ਦ੍ਰਿੜ ਤੇ ਸਮਰਪਿਤ ਬਣੇ ਰਹੇ।" (ਸਭ ਪ੍ਰਤੀਕ੍ਰਿਆ ਦੇ ਹਿੰਦੂ 18 ਜਨਵਰੀ 2010) ਇਸ ਤੋਂ ਇਲਾਵਾ ਹਾਕਮ ਜਮਾਤ ਦੇ ਹੋਰ ਛੋਟੇ ਵੱਡੇ ਕਈ ਨੇਤਾਵਾਂ ਨੇ ਉਸ ਦੇ ਸਨਮਾਨ ਵਿਚ ਆਪਣੀ ਪ੍ਰਤੀਕ੍ਰਿਆ ਜ਼ਾਹਿਰ ਕੀਤੀ। ਪਰ ਪੱਛਮੀ ਬੰਗਾਲ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਸਿਧਾਰਥ ਸ਼ੰਕਰ ਰਾਏ ਦੀ ਪ੍ਰਤੀਕ੍ਰਿਆ ਗੌਰ ਕਰਨ ਯੋਗ ਹੈ ਕਿਉਂਕਿ ਇਸ ਨਾਲ ਜੋਤੀ ਬਾਸੂ ਦੇ ਜੀਵਨ ਦਾ ਅਣਜਾਣ ਪੱਖ ਜ਼ਾਹਿਰ ਹੁੰਦਾ ਹੈ। ਸ੍ਰੀ ਰਾਏ ਪੱਛਮੀ ਬੰਗਾਲ ਦੀ ਨਕਸਲੀ ਰਾਜਨੀਤੀ 'ਚ ਸਭ ਤੋਂ ਘ੍ਰਿਣਾ ਦੀ ਨਜ਼ਰ ਨਾਲ ਵੇਖੇ ਜਾਂਦੇ ਸਨ ਅਤੇ ਇਹ ਸਹੀ ਵੀ ਹੈ ਕਿਉਂਕਿ ਮੁੱਖ ਮੰਤਰੀ ਦੇ ਕਾਰਜਕਾਲ ਵਿਚ ਉਨ੍ਹਾਂ ਦਾ ਰੋਮ-ਰੋਮ ਨਕਸਲਬਾੜੀ ਵਰਕਰਾਂ ਦੇ ਖ਼ੂਨ ਨਾਲ ਲੱਥ ਪੱਥ ਸੀ। ਬਾਅਦ ਵਿਚ ਤਾਂ ਮਾਕਪਾ ਵਰਕਰ ਵੀ ਉਨ੍ਹਾਂ ਦੇ ਖ਼ੂਨੀ ਪੰਜੇ ਦੇ ਸ਼ਿਕਾਰ ਹੋਏ ਸਨ। ਪਰ ਜੋਤੀ ਬਾਸੂ ਲਈ ਇਹ ਬੰਦਾ ਘ੍ਰਿਣਾ ਦਾ ਪਾਤਰ ਨਹੀਂ ਸੀ। ਇਹ ਗੱਲ ਉਨ੍ਹਾਂ ਦੀ ਪ੍ਰਤੀਕ੍ਰਿਆ "ਅਸੀਂ ਤਿੱਖਾ ਸੰਘਰਸ਼ ਕੀਤਾ ਪਰ ਸਾਡੇ ਵਿਚਕਾਰ ਨਫ਼ਰਤ ਨਹੀਂ ਸੀ"-ਤੋਂ ਬਿਲਕੁਲ ਸਾਫ਼ ਹੋ ਜਾਂਦੀ ਹੈ। ਪੂੰਜੀਵਾਦ ਦੇ ਖਿਲਾਫ਼ ਮਜ਼ਦੂਰ ਜਮਾਤ ਦੇ ਨੇਤਾ ਦਾ ਸੰਘਰਸ਼ ਵਿਵੇਕਪੂਰਨ ਨਾ ਹੋਵੇ, ਇਹ ਹੋ ਨਹੀਂ ਸਕਦਾ। ਸੰਸਾਰ ਕਮਿਊਨਿਸਟ ਅੰਦੋਲਨ ਦੇ ਇਤਿਹਾਸ ਵਿਚ ਦੂਜੀ ਸੰਸਾਰ ਜੰਗ ਦਾ ਛੋਟਾ ਜਿਹਾ ਅਰਸਾ ਜਿਸ ਵਿਚ ਵਿਸ਼ਵ ਪੂੰਜੀਵਾਦ ਦਾ ਇਕ ਖੇਮਾ ਦੂਜੇ ਖੇਮੇ ਦੇ ਖਿਲਾਫ਼ ਥੋੜ੍ਹੀ ਦੇਰ ਲਈ ਮਜ਼ਦੂਰ ਜਮਾਤ ਨਾਲ ਹੱਥ ਮਿਲਾਉਣ ਲਈ ਮਜ਼ਬੂਰ ਹੋਇਆ ਸੀ। ਪਰ ਦੂਜੀ ਸੰਸਾਰ ਜੰਗ ਤੋਂ ਤੁਰੰਤ ਬਾਅਦ ਪਾਸਾ ਪਲਟ ਗਿਆ। ਇਸ ਦੇ ਉਲਟ ਜੋਤੀ ਬਾਸੂ ਸਬੰਧੀ ਜੇ ਇਸ ਪ੍ਰੀਘਟਨਾ ਨੇ ਲੰਮਾ ਰੂਪ ਧਾਰਨ ਕਰ ਲਿਆ ਸੀ ਤਾਂ ਸੋਚਣਾ ਪੈਂਦਾ ਹੈ ਕਿ ਦਾਲ 'ਚ ਕਾਲਾ ਹੈ ਅਤੇ ਪਤਾ ਲਾਉਣਾ ਪੈਂਦਾ ਹੈ ਕਿ ਇਹ ਕਾਲਾ ਕੀ ਹੈ? ਸਿਧਾਰਥ ਸ਼ੰਕਰ ਰੇਅ ਨੇ ਜੋਤੀ ਬਾਸੂ ਦੇ ਇਕ ਕਿਰਦਾਰ ਨੂੰ ਉਜ਼ਾਗਰ ਕੀਤਾ ਹੈ। ਗੱਲ ਬੰਗਾਲ ਦੇਸ਼ ਯੁੱਧ ਦੇ ਠੀਕ ਪਹਿਲਾਂ ਦੀ ਹੈ ਜਦ ਜੋਤੀ ਬਾਸੂ ਰਾਤ ਦੇ ਹਨੇਰੇ ਵਿਚ ਸਿਧਾਰਥ

ਸ਼ੰਕਰ ਰੇਅ ਦੇ ਨਾਲ ਇੰਦਰਾ ਗਾਂਧੀ ਨੂੰ ਮਿਲਣ ਗਏ ਸੀ। ਹੋਇਆ ਇਹ ਕਿ ਰਾਤ ਕਾਫੀ ਬੀਤ ਚੁੱਕੀ ਸੀ ਅਤੇ ਉਹ ਦੋਨੋਂ ਰਾਹ ਭੁੱਲ ਗਏ। ਇਸ ਦੌਰਾਨ ਇਕ ਥਾਣਾ ਦਿੱਸਿਆ ਤਾਂ ਰੇਅ ਨੇ ਥਾਣੇ 'ਚ ਜਾ ਕੇ ਰਾਹ ਪੁੱਛਣ ਦਾ ਸੁਝਾਅ ਦਿੱਤਾ। ਇਸ 'ਤੇ ਜੋਤੀ ਬਾਸੂ ਦੀ ਪ੍ਰਤੀਕ੍ਰਿਆ ਗੌਰ ਕਰਨ ਲਾਇਕ ਹੈ। ਉਨ੍ਹਾਂ ਨੇ ਕਿਹਾ, "ਤੁਸੀਂ ਇਡੀਅਟ ਹੋ, ਜੇ ਤੁਸੀਂ ਹੁਣੇ ਪੁਲਸ ਦੀ ਮਦਦ ਲਓਗੇ ਤਾਂ ਕਲ ਸਾਰੇ ਦੇਸ਼ ਨੂੰ ਪਤਾ ਲੱਗ ਜਾਊ ਕਿ ਤੁਸੀਂ ਤੇ ਮੈਂ ਰਾਤ ਨੂੰ ਇਕ ਹੀ ਗੱਡੀ 'ਚ ਘੁੰਮ ਰਹੇ ਸੀ ਅਤੇ ਪਿੱਛੋਂ ਇਹ ਵੀ ਪਤਾ ਲੱਗ ਜਾਵੇਗਾ ਕਿ ਮੈਂ ਇੰਦਰਾ ਗਾਂਧੀ ਨੂੰ ਮਿਲਿਆ ਸੀ" (ਉਸ ਸਮੇਂ ਉਨ੍ਹਾਂ ਦੇ ਚਿਹਰੇ 'ਤੇ ਮੁਸਕਾਨ ਸੀ)। (ਫਰੰਟ ਲਾਈਨ 12 ਫਰਵਰੀ 2010) ਇਹ ਇਕੱਲੀ ਘਟਨਾ ਹੀ ਸਭ ਕੁਝ ਕਹਿ ਦਿੰਦੀ ਹੈ ਜਿਸ ਨੂੰ ਛੁਪਾਉਣ ਲਈ ਸਾਰੇ ਉਪਾਅ ਕੀਤੇ ਜਾਂਦੇ ਹਨ। ਸਭ ਤੋਂ ਪਹਿਲਾਂ ਤਾਂ ਇਹ ਪੂੰਜੀਵਾਦੀ ਪਾਰਟੀਆਂ ਤੇ ਸੋਧਵਾਦੀਆਂ ਦੇ ਆਪਸੀ ਸਬੰਧ ਨੂੰ ਸਮਝਣ ਲਈ ਕਾਫੀ ਹੈ ਕਿ ਸੋਧਵਾਦੀ ਵੀ ਪੂੰਜੀਪਤੀ ਜਮਾਤ ਦੀਆਂ ਹੋਰ ਪਾਰਟੀਆਂ ਵਾਂਗੂੰ ਦਿਨੇ ਤਾਂ ਮਜ਼ਦੂਰਾਂ ਦੇ ਹਿੱਤ ਦੀ ਥੋਥੀਆਂ ਗੱਲਾਂ ਕਰਦੇ ਹਨ ਅਤੇ ਰਾਤ ਦੇ ਹਨੇਰੇ ਵਿਚ ਪੂੰਜੀਪਤੀਆਂ ਦੇ ਹਿੱਤ ਪੂਰਨ ਲਈ ਉਨ੍ਹਾਂ ਦੇ ਖਿਲਾਫ਼ ਗੰਦੀ ਤੋਂ ਗੰਦੀ ਸਾਜ਼ਿਸ਼ ਰਚਦੇ ਹਨ। ਪੂੰਜੀਵਾਦੀ ਨੇਤਾ ਇਸ ਸਬੰਧੀ ਬਹੁਤ ਹੀ ਬੇਸ਼ਰਮ ਹੁੰਦੇ ਹਨ। ਜਿਸ ਸਮੇਂ ਮਿਹਨਤਕਸ਼ ਲੋਕਾਂ ਦੇ ਖਿਲਾਫ਼ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹੁੰਦੀਆਂ ਹਨ, ਉਹ ਚੁੱਪ ਰਹਿੰਦੇ ਹਨ ਪਰ ਸਮਾਂ ਲੰਘ ਜਾਣ ਪਿੱਛੋਂ ਉਹ ਉਸ ਸਾਜ਼ਿਸ਼ ਨੂੰ ਹੀ ਸਨਸਨੀਖੇਜ ਖਬਰ ਬਣਾ ਕੇ ਬਾਜ਼ਾਰ 'ਚ ਹਾਟ ਕੇਕ ਵਾਂਗੂੰ ਵੇਚ ਦਿੰਦੇ ਹਨ। ਜੋਤੀ ਬਾਸੂ ਦੇ ਕੇਸ 'ਚ ਵੀ ਇਹੀ ਹੋਇਆ ਤੇ ਅੱਗੇ ਵੀ ਹੋਵੇਗਾ। ਸੋਚਣ ਦੀ ਗੱਲ ਇਹ ਹੈ ਕਿ ਇਕ ਹੀ ਗੱਡੀ 'ਚ ਘੁੰਮਣ ਤੇ ਇੰਦਰਾ ਗਾਂਧੀ ਨਾਲ ਮਿਲਣ ਦਾ ਭੇਦ ਕਿਸ ਤੋਂ ਛੁਪਾਇਆ ਜਾ ਰਿਹਾ ਸੀ? ਦੇਸ਼ ਦੇ ਮਜ਼ਦੂਰਾਂ ਤੋਂ ਕਿਸਾਨਾਂ ਤੋਂ ਅਤੇ ਸਮੁੱਚੇ ਮਿਹਨਤਕਸ਼ ਲੋਕਾਂ ਤੋਂ। ਇਸ ਨਾਲ ਦੂਜੇ ਦੋਸ਼ ਦੀ ਵੀ ਪੁਸ਼ਟੀ ਹੁੰਦੀ ਹੈ ਕਿ ਪੂੰਜੀਵਾਦੀ ਆਗੂਆਂ ਦੇ ਮਤਭੇਦ ਤੇ ਝਗੜੇ ਦਿਖਾਵਟੀ ਹੁੰਦੇ ਹਨ। ਇਸ ਲਈ ਮਜ਼ਦੂਰ ਜਮਾਤ ਲਈ ਜ਼ਰੂਰੀ ਹੈ ਕਿ ਜੋਤੀ ਬਾਸੂ ਦੇ ਰਾਜਸੀ ਕੰਮਾਂ ਦਾ ਵਿਸ਼ਲੇਸ਼ਣ ਹੋਵੇ ਅਤੇ ਮਜ਼ਦੂਰ ਕਦੋਂ ਤੱਕ ਠੱਗੇ ਜਾਂਦੇ ਰਹਿਣਗੇ? ਮਰਨ ਪਿੱਛੋਂ ਉਨ੍ਹਾਂ ਨੂੰ ਮਿਲੀ ਮਾਣ ਇੱਜ਼ਤ ਦੀ ਚਕਾਚੌਂਧ ਨਾਲ ਆਮ ਲੋਕਾਂ ਦੀਆਂ ਅੱਖਾਂ ਚੌਂਧਿਆ ਗਈਆਂ ਹਨ। ਇਸ ਲਈ ਸਿਧਾਰਥ ਸ਼ੰਕਰ ਰੇਅ ਵਲੋਂ ਇਸ ਤੱਥ ਦੇ ਉਜ਼ਾਗਰ ਕਰਨ ਦੇ ਬਾਵਜੂਦ ਇਹ ਪਤਾ ਲਾਉਣ ਦੀ ਤਕਲੀਫ਼ ਨਹੀਂ ਉਠਾਈ ਜਾ ਰਹੀ ਹੈ ਕਿ ਇਸ ਸਾਜ਼ਿਸ਼ ਦੀ ਖੇਡ ਵਿਚ ਉਨ੍ਹਾਂ ਦਾ ਵਾਰਿਸ਼ ਕੌਣ ਹੋਵੇਗਾ? ਦਰਅਸਲ ਉਨ੍ਹਾਂ ਦੇ ਵਾਰਿਸ਼ ਹੀ ਇਸ ਮਹਿਮਾ ਮੰਡਲ ਦੀ ਵਾਂਗਡੋਰ ਸੰਭਾਲ ਰਹੇ ਹਨ ਅਤੇ ਲੋਕਾਂ ਨੂੰ ਠੱਗਣ ਦੀ ਸਾਜ਼ਿਸ਼ ਬਦਸਤੂਰ ਜਾਰੀ ਹੈ ਅਤੇ ਇਹ ਉਦੋਂ ਤੱਕ ਚਲਦੀ ਰਹੇਗੀ ਜਦ ਤੱਕ ਮਜ਼ਦੂਰ ਜਮਾਤ ਜਮਾਤੀ ਚੇਤਨਾ ਨਾਲ ਲਹਿਸ ਨਹੀਂ ਹੋ ਜਾਂਦੀ ਯਾਨੀ ਲੈਨਿਨ ਦੀ ਸਮਝ ਨੂੰ ਠੀਕ-ਠਾਕ ਸਮਝਣ 'ਚ ਸਮਰਥ ਨਹੀਂ ਹੋ ਜਾਂਦੀ ਕਿ ਦੁਸ਼ਮਣ ਜਿਸ ਦੀ ਪ੍ਰਸੰਸ਼ਾ ਕਰੇ ਉਹ ਇਨਕਲਾਬੀ ਨਹੀਂ ਹੋ ਸਕਦਾ। ਜੋਤੀ ਬਾਸੂ 'ਤੇ ਇਹ ਗੱਲ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਇਹ ਜੋਤੀ ਬਾਸੂ ਦੇ ਰਾਜਸੀ ਜੀਵਨ ਦਾ ਸੱਚ ਹੈ। ਜੋ ਸਾਡੇ ਦੇਸ਼ ਦੀ ਸ਼ਰਮਾਏਦਾਰ ਜਮਾਤ ਲਈ ਕਾਫੀ ਮਾਣ ਵਾਲੀ ਗੱਲ ਹੈ। ਇਹ ਗੱਲ ਨੂੰ ਜਾਨਣ ਸਮਝਣ ਤੋਂ ਵੱਧ ਜ਼ਰੂਰੀ ਇਹ ਜਾਨਣਾ ਤੇ ਸਮਝਣਾ ਜ਼ਰੂਰੀ ਹੈ ਕਿ ਇਹ ਸਭ ਹੋਇਆ ਕਿਵੇਂ? ਇਕ ਇਨਕਲਾਬੀ ਤੋਂ ਸੋਧਵਾਦੀ ਤੇ ਮੌਕਾਪ੍ਰਸਤ ਬਣਨ ਤੱਕ ਦਾ ਸਫਰ ਪੂਰਾ ਕਿਵੇਂ ਹੋਇਆ? ਅਜਿਹਾ ਨਹੀਂ ਕਿ ਜੋਤੀ ਬਾਸੂ ਜਨਮ ਤੋਂ ਹੀ ਮੌਕਾਪ੍ਰਸਤ ਸਨ ਇਕ ਸਮੇਂ ਤੱਕ ਉਨ੍ਹਾਂ ਨੇ ਮਜ਼ਦੂਰ

ਜਮਾਤ ਲਈ ਕੰਮ ਕੀਤਾ, ਉਦੋਂ ਉਨ੍ਹਾਂ ਨੂੰ ਬੇਇਜ਼ਤੀ ਤੇ ਤਸੀਹੇ ਝਲਣੇ ਪਏ ਸਨ। ਦੇਸ਼ ਧਰੋਹੀ ਵਰਗੀ ਗੱਲ, ਰੂਪੋਸ਼ ਜੀਵਨ ਤੇ ਜੇਲ੍ਹ ਯਾਤਰਾਵਾਂ। ਉਨ੍ਹਾਂ ਦੇ ਰਾਜਸੀ ਜੀਵਨ ਦੇ ਹਾਂ ਪੱਖੀ ਪੱਖ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਕਮਿਊਨਿਸਟ ਪਾਰਟੀ ਦੇ ਰਾਹ 'ਤੇ ਆਪਣਾ ਰਾਜਸੀ ਸਫ਼ਰ ਉਨ੍ਹਾਂ ਨੇ ਕਾਫੀ ਤੇਜ਼ੀ ਨਾਲ ਪੂਰਾ ਕੀਤਾ। 1940 'ਚ ਪਾਰਟੀ 'ਚ ਸ਼ਾਮਲ ਹੋਣ ਪਿਛੋਂ 11-12 ਸਾਲਾਂ ਦੇ ਅਰਸੇ 'ਚ 1951 'ਚ ਪਾਰਟੀ ਦੀ ਤੀਜੀ ਕਾਂਗਰਸ 'ਚ ਉਹ ਕੇਂਦਰੀ ਕਮੇਟੀ ਦੇ ਮੈਂਬਰ ਬਣ ਗਏ ਤੇ 1964 'ਚ ਪੋਲਿਟ ਬਿਊਰੋ 'ਚ ਸ਼ਾਮਲ ਹੋ ਗਏ। ਨਿਰਸੰਦੇਹ ਬੇਹੱਦ ਤੇਜ਼ ਰਫ਼ਤਾਰ ਦੀ ਇਹ ਤਰੱਕੀ ਉਨ੍ਹਾਂ ਦੀ ਯੋਗਤਾ ਤੇ ਪ੍ਰਤਿਭਾ ਦੇ ਅਧਾਰ 'ਤੇ ਹੀ ਮਿਲੀ ਹੋਵੇਗੀ ਪਰ ਇਸ ਅਰਸੇ ਦੌਰਾਨ ਅਜਿਹੇ ਦੋ ਮੌਕੇ ਆਏ ਜਦ ਦੇਸ਼ ਦੇ ਕਮਿਊਨਿਸਟਾਂ ਨੂੰ ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਵਲੋਂ ਦੋ ਤਗਮੇ ਮਿਲੇ ਸਨ-1942 ਦੇ ਗਦਾਰ ਅਤੇ 1962 'ਚ ਚੀਨ ਦੇ ਦਲਾਲ। ਇਸ ਵਿਚ ਹੈਰਾਨੀ ਦੀ ਕੋਈ ਗੱਲ ਨਹੀਂ। ਦੁਨੀਆ ਦਾ ਕੋਈ ਕਮਿਊਨਿਸਟ ਇਨਕਲਾਬੀ ਅਜਿਹਾ ਨਹੀਂ ਹੋ ਸਕਦਾ ਜਿਸ ਨੂੰ ਅਜਿਹਾ ਸਨਮਾਨ ਹਾਸਲ ਨਾ ਹੋਇਆ ਹੋਵੇ। ਲੈਨਿਨ ਸਬੰਧੀ ਅਸੀਂ ਉਪਰ ਦੇਖ ਚੁੱਕੇ ਹਾਂ ਕਿ ਉਨ੍ਹਾਂ ਨੂੰ ਜਰਮਨ ਦੇ ਦਲਾਲ ਦੀ ਉਪਾਧੀ ਨਾਲ ਨਿਵਾਜਿਆ ਗਿਆ ਸੀ ਤਾਂ ਨਿਸਚੈ ਹੀ ਜੋਤੀ ਬਾਸੂ ਵੀ ਅਜਿਹੇ ਹੀ ਸਨਮਾਨਾਂ ਨਾਲ ਨਿਵਾਜ਼ੇ ਗਏ ਤਾਂ ਫਿਰ ਲੱਖ ਟਕੇ ਦਾ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ 1942 ਦਾ ਗਦਾਰ ਅਤੇ ਚੀਨ ਦਾ ਦਲਾਲ ਦੇਸ਼ ਭਗਤ ਕਿਵੇਂ ਹੋ ਗਿਆ? ਇਸ ਤਬਦੀਲੀ ਦੇ ਕੀੜੇ ਭਾਰਤੀ ਕਮਿਊਨਿਸਟ ਪਾਰਟੀ (ਖਾਸ ਕਰਕੇ ਪੋਲਿਟ ਬਿਊਰੋ) ਵਿਚ 1950 ਦੇ ਦਹਾਕੇ ਦੇ ਉਤਰਾਅ ਨੂੰ ਵਧਣ ਫੁੱਲਣ ਲੱਗੇ ਸਨ। 1956 'ਚ ਸੋਵੀਅਤ ਸੰਘ ਦੀ ਕਮਿਊਨਿਸਟ ਪਾਰਟੀ 'ਤੇ ਸੋਧਵਾਦੀਆਂ ਦੇ ਕਬਜ਼ੇ ਪਿੱਛੋਂ ਸੋਧਵਾਦ ਇਥੇ ਵੀ ਸਥਾਪਤ ਹੋ ਗਿਆ। ਪਾਰਟੀ ਦੀ ਕੇਂਦਰੀ ਕਮੇਟੀ ਨੇ ਸਟਾਲਿਨ ਦੇ ਖਿਲਾਫ ਖਰੁਸਚਵੀ ਮੁਲਅੰਕਣ ਦਾ ਪੂਰੀ ਤਰ੍ਹਾਂ ਸਾਥ ਦਿੱਤਾ। ਸਟਾਲਿਨ ਬਾਰੇ ਉਸ ਨੇ ਉਨ੍ਹਾਂ ਸਾਰੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਜਿਸ ਦੀ ਵਰਤੋਂ ਪੂੰਜੀਪਤੀ ਜਮਾਤ ਨੇ ਵੀ ਨਹੀਂ ਕੀਤੀ ਸੀ। ਇਹ ਗੱਲ ਸੋਵੀਅਤ ਸੰਘ ਦੀ ਕਮਿਊਨਿਸਟ ਪਾਰਟੀ ਦੀ ਵੀਹਵੀਂ ਕਾਂਗਰਸ 'ਚ ਉਸ (ਖਰੁਸਚਵੀ) ਦੇ ਗੁਝੇ ਭਾਸ਼ਣ ਤੋਂ ਸਾਫ਼ ਹੈ। ਭਾਰਤੀ ਕਮਿਊਨਿਸਟ ਪਾਰਟੀ ਨੇ ਆਪਣੇ ਮਤੇ 'ਚ ਉਸ ਖਰੁਸਚਵੀ ਨੀਤੀ ਦੀ ਪੂਰੀ ਤਰ੍ਹਾਂ ਹਮਾਇਤ ਕੀਤੀ "ਵਿਅਕਤੀ ਪੂਜਾ ਨੇ ਲੋਕਾਂ ਤੇ ਪਾਰਟੀ ਦੀ ਭੂਮਿਕਾ ਨੂੰ ਬਹੁਤ ਛੋਟਾ ਬਣਾ ਦਿੱਤਾ ਅਤੇ ਉਹ ਉਨ੍ਹਾਂ ਦੀ ਪਹਿਲ ਕਦਮੀ ਦੇ ਵਿਕਾਸ 'ਚ ਰੋੜਾ ਬਣ ਗਿਆ। ਇਸ ਕਾਰਜ ਨੂੰ ਹੱਥ ਵਿਚ ਲੈ ਕੇ ਸੋਵੀਅਤ ਸੰਘ ਦੀ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਨੇ ਸਮਾਜਵਾਦ ਦੇ ਹਿੱਤਾਂ ਦੀ ਮਹਾਨ ਸੇਵਾ ਕੀਤੀ ਹੈ.....।"

ਭਾਰਤੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਇਹ ਮੰਨਦੀ ਹੈ ਕਿ ਸਟਾਲਿਨ ਅਤੇ ਉਨ੍ਹਾਂ ਦੀ ਭੂਮਿਕਾ ਦੇ ਗੁਣਗਾਣ, ਜੋ ਉਨ੍ਹਾਂ ਦੇ ਜੀਵਨ ਕਾਲ ਦੀ ਸਭ ਤੋਂ ਵੱਡੀ ਘਟਨਾ ਬਣ ਗਈ ਸੀ, ਦੀ ਲੋੜੀਂਦੀ ਵਿਆਖਿਆ ਦੀ ਜ਼ਰੂਰਤ ਹੈ। ਮਨਮਾਨੀਆਂ ਕਾਰਵਾਈਆਂ ਅਤੇ ਅਤਿਆਚਾਰ ਦੇ ਕਾਰਨਾਂ ਦਾ ਅੱਗੇ ਵਿਸ਼ਲੇਸ਼ਣ ਕੀਤੇ ਜਾਣ ਦੀ ਲੋੜ ਹੈ। ਕੇਵਲ ਵਿਅਕਤੀ ਪੂਜਾ ਦੇ ਵਾਧੇ ਦਾ ਠੀਕ-ਠਾਕ ਮੁਲਅੰਕਣ ਹੋ ਸਕੇਗਾ.....।" (ਸਟਾਲਿਨ ਬਾਰੇ, ਵਨਬਿਹਾਰੀ ਚੱਕਰਵਰਤੀ) "ਗਦਾਰੀ ਦਾ ਚੋਲਾ" ਉਤਾਰ ਕੇ ਦੇਸ਼ ਭਗਤ ਅਤੇ ਜ਼ਮਹੂਰੀ ਬਣਨ ਦਾ ਅਧਾਰ ਇਸ ਪ੍ਰਸਤਾਵ ਵਿਚ ਤਿਆਰ ਹੋ ਚੁੱਕਿਆ ਸੀ। ਇਸ ਪਿੱਛੋਂ ਜੋਤੀ ਬਾਸੂ ਅਤੇ ਉਨ੍ਹਾਂ ਦੀ ਪਾਰਟੀ ਨੇ

ਜੋ ਕੁਝ ਕੀਤਾ ਉਹ ਮਜ਼ਦੂਰ ਵਰਗ ਦੇ ਹਿੱਤਾਂ ਦੀ ਪੂਰਤੀ ਲਈ ਨਹੀਂ ਕੀਤਾ ਸੀ ਬਲਕਿ ਮਜ਼ਦੂਰ ਵਰਗ ਦੀਆਂ ਅੱਖਾਂ 'ਚ ਘੱਟਾ ਪਾ ਕੇ ਸ਼ਰਮਾਏਦਾਰੀ ਦੀ ਸੇਵਾ ਲਈ ਕੀਤਾ ਸੀ। 1956 ਦਾ ਰਾਜਸੀ ਪ੍ਰਸਤਾਵ ਸਿਰਫ਼ ਇਸ ਗੱਲ ਦਾ ਸੰਕੇਤ ਸੀ ਕਿ ਭਾਰਤ ਦਾ ਕਮਿਊਨਿਸਟ ਅੰਦੋਲਨ ਮਾਰਕਸਵਾਦ ਦਾ ਰਾਹ ਛੱਡ ਕੇ ਸੋਧਵਾਦ ਦਾ ਰਾਹ ਫੜ ਚੁੱਕਿਆ ਹੈ। ਇਸ ਦੀ ਰਾਜਸੀ ਤੇ ਜਥੇਬੰਦਕ ਸ਼ਕਲ ਅਜੇ ਬਾਕੀ ਸੀ ਜੋ 1964 'ਚ ਪੂਰੀ ਹੋਈ। ਇਸ ਨੂੰ ਭਾਜਪਾ ਤੇ ਮਾਕਪਾ ਦੀ ਵੰਡ ਵਿਚ ਚੰਗੀ ਤਰ੍ਹਾਂ ਵੇਖਿਆ ਜਾ ਸਕਦਾ ਹੈ। ਇਸ ਵੰਡ ਲਈ ਮੁੱਖ ਤੌਰ 'ਤੇ ਗੱਲਾਂ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ। ਰਾਜ ਤੇ ਸਮਾਜ ਪ੍ਰਬੰਧ ਦਾ ਕਿਰਦਾਰ, ਚੀਨ ਤੇ ਸੋਵੀਅਤ ਸੰਘ ਵਿਚਾਲੇ ਝਮੇਲੇ 'ਚ ਪਾਰਟੀ ਦੀ ਥਾਂ ਅਤੇ ਭਾਰਤ-ਚੀਨ ਯੁੱਧ ਸਬੰਧੀ ਪਾਰਟੀ ਦਾ ਨਜ਼ਰੀਆ। ਛਾਂਗੇ ਦੀ ਚਿੱਠੀ 'ਤੇ ਉਠੇ ਝਮੇਲੇ ਨੂੰ ਆਪਾ ਇਥੇ ਚਰਚਾ ਤੋਂ ਬਾਹਰ ਰੱਖਦੇ ਹਾਂ।

ਇਨ੍ਹਾਂ ਤਿੰਨਾਂ 'ਚ ਦੂਜਾ ਮੁੱਦਾ ਅਜੇ ਵੱਧ ਪ੍ਰਸੰਗਿਕ ਹੈ ਕਿਉਂਕਿ ਕੌਮਾਂਤਰੀ ਕਮਿਊਨਿਸਟ ਅੰਦੋਲਨ ਵਿਚ ਵੱਖਰੀ ਨੀਤੀ ਅਪਣਾ ਕੇ ਉਸ ਨੇ ਕਾਫੀ ਵਾਹਵਾ ਖੱਟੀ ਸੀ ਪਰ ਮਾਰਕਸਵਾਦ ਦੀ ਨਜ਼ਰ 'ਚ ਵੇਖਿਆ ਜਾਵੇ ਤਾਂ ਉਸ ਸਮੇਂ ਚੀਨ ਦੀ ਕਮਿਊਨਿਸਟ ਪਾਰਟੀ ਉਸ ਦਾ ਪੱਖ ਪੂਰਦੀ ਸੀ। ਉਸ ਸਮੇਂ ਉਸ ਦੇ ਪੱਖ ਵਿਚ ਨਾ ਖੜ੍ਹੇ ਹੋ ਕੇ ਮਾਕਪਾਈ 'ਨਵਰਤਨਾ' ਨੇ ਪ੍ਰੋਲੇਤਾਰੀ ਕੌਮਾਂਤਰੀਵਾਦ ਦੇ ਨਾਲ ਗਦਾਰੀ ਕੀਤੀ ਸੀ ਅਤੇ ਕੌਮਾਂਤਰੀ ਕਮਿਊਨਿਸਟ ਅੰਦੋਲਨ ਦੇ ਇਤਿਹਾਸ ਵਿਚ ਬ੍ਰਾਊਤਰ ਤੇ ਟੀਟੋ ਦੇ ਰਾਹ ਦੀ ਨਕਲ ਕੀਤੀ ਸੀ। ਬਾਅਦ ਦੀ ਘਟਨਾਵਾਂ ਤੋਂ ਇਸ ਦੋਸ਼ ਦੀ ਪੁਸ਼ਟੀ ਹੋਈ। ਹੁਣ ਚੀਨ ਮਾਓਵਾਦੀਆਂ ਨੀਤੀਆਂ ਲਾਗੂ ਕਰ ਰਿਹਾ ਸੀ ਤਦ ਇਹ ਲੋਕ ਕੱਟੜ ਬਣੇ ਰਹੇ ਅਤੇ ਜਿਉਂ ਹੀ ਉਥੋਂ ਦੀ ਪਾਰਟੀ 'ਤੇ ਦੇਂਗ ਦੀ ਨੀਤੀਆਂ ਹਾਵੀ ਗਈਆਂ ਤਾਂ ਉਸ ਦੇ ਪੱਖ ਵਿਚ ਖੜ੍ਹ ਗਏ। ਜਦ 1989 ਵਿਚ ਜਦ ਉਹ ਸ਼ਿਐਨ ਸੇਨ ਚੌਂਕ ਤੇ ਵਿਦਿਆਰਥੀਆਂ ਨੌਜਵਾਨਾਂ ਦੇ ਖ਼ੂਨ ਦੀ ਨਦੀ ਵਹਾ ਰਿਹਾ ਸੀ ਤਾਂ ਇਹ ਲੋਕ ਉਸ ਦੀ ਛਵੀ ਨਿਹਾਰ ਰਹੇ ਸਨ ਅਤੇ ਚੀਨ ਦੀ ਦੇਂਗਵਾਦੀ ਕਮਿਊਨਿਸਟ ਪਾਰਟੀ ਨਾਲ ਭਾਈਚਾਰਾ ਸਬੰਧ ਨਿਭਾ ਰਹੇ ਸਨ। ਇਸ ਭਾਈਚਾਰੇ ਦੀ ਗਰਮੀ ਚੀਨ ਤੇ ਕਾਂਸੂਲੇਟ ਜਨਰਲ ਦੇ ਸ਼ੋਕ ਸੰਦੇਸ਼ ਵਿਚ ਦਿੱਸੀ। ਉਨ੍ਹਾਂ ਨੇ ਜੋਤੀ ਬਾਸੂ ਨੂੰ ਭਾਰਤ ਦਾ 'ਮਹਾਨ ਕਮਿਊਨਿਟ' ਦੀ ਉਪਾਧੀ ਨਾਲ ਨਿਵਾਜਦਿਆਂ ਉਨ੍ਹਾਂ ਨੂੰ ਚੀਨ ਦਾ ਮਹਾਨ ਮਿੱਤਰ ਦੱਸਿਆ। ਜਦ ਦਿਨ ਨਹੀਂ ਹੋਏ ਜਦ ਇਸ ਪਾਰਟੀ ਨੇ ਨਕਸਲਬਾੜੀ ਕਿਸਾਨ ਬਗਾਵਤ "ਬਸੰਤ ਦੀ ਗਰਜ਼" ਕਹਿ ਕੇ ਸਲਾਹਿਆ ਸੀ ਅਤੇ ਉਸ 'ਤੇ ਜ਼ਬਰ ਕਰਨ ਵਾਲੇ ਕਮਿਊਨਿਸਟਾਂ (ਜੋਤੀ ਬਾਸੂ ਆਦਿ) ਦੀ ਘੋਰ ਨਿੰਦਾ ਕੀਤੀ ਸੀ। ਇਹ ਹੈ ਮਾਓ ਦੇ ਚੀਨ ਦੀ ਕਮਿਊਨਿਸਟ ਪਾਰਟੀ ਤੇ ਦੇਂਗ ਦੇ ਚੀਨ ਦੀ ਕਮਿਊਨਿਸਟ ਪਾਰਟੀ ਦਾ ਬੁਨਿਆਦੀ ਫਰਕ। ਕਹਿਣ ਦੀ ਲੋੜ ਨਹੀਂ ਦੁਨੀਆਂ ਦੇ ਪੂੰਜੀਵਾਦੀਆਂ ਖੇਮੇ ਵਿਚ ਦੇਂਗ ਦੀਆਂ ਨੀਤੀਆਂ ਅੱਜ ਕਿਵੇਂ ਸਲਾਹੀਆਂ ਜਾਂਦੀਆਂ ਹਨ ਤਾਂ ਜੋਤੀ ਬਾਸੂ ਜੇ ਭਾਰਤੀ ਸਰਮਾਏਦਾਰ ਵਲੋਂ ਸਲਾਹੇ ਜਾ ਰਹੇ ਹਨ ਤਾਂ ਹੈਰਾਨੀ ਕਾਹਦੀ?

ਜੇ ਸੋਵੀਅਤ ਸੰਘ ਦੇ ਨਾਲ ਸਖ਼ਤ ਨਜ਼ਰ ਨਾਲ ਵੇਖਿਆ ਜਾਵੇ ਤਾਂ ਇਹ ਆਮ ਲੋਕਾਂ ਤੇ ਪਾਰਟੀ ਅੰਦਰ ਮੌਜੂਦਾ ਇਨਕਲਾਬੀ ਵਰਕਰਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਦੀ ਕੋਸ਼ਿਸ਼ ਕਰ ਰਹੀ ਸੀ ਕਿਉਂਕਿ 1956 ਦਾ ਮਤਾ ਰਾਜਸੀ ਤੌਰ 'ਤੇ ਸ਼ਰੇਆਮ ਸੋਵੀਅਤ ਸੰਘ ਦੀ ਸੋਧਵਾਦੀ ਨੀਤੀ ਨੂੰ ਮੰਨਣ ਦਾ ਐਲਾਨ ਕਰ ਚੁੱਕਿਆ ਸੀ ਅਤੇ ਮਾਕਪਾ ਨੇ ਕਦੀ ਉਸ ਮਤੇ ਨੂੰ ਰੱਦ ਕੀਤਾ ਹੋਵੇ ਇਸ ਦੀ ਜਾਣਕਾਰੀ ਨਹੀਂ

ਮਿਲਦੀ। ਹੁਣ ਤਾਂ ਉਸ ਦੇ ਇਤਿਹਾਸ ਵਿਚ ਖੋਜਣ ਦੀ ਲੋੜ ਵੀ ਖਤਮ ਹੋ ਗਈ ਹੈ ਕਿਉਂਕਿ ਬਾਅਦ ਦੇ ਸਾਲਾਂ ਵਿਚ ਮਾਕਾਪਾ ਕਿਧਰੇ ਵੀ ਸੋਵੀਅਤ ਸੰਘ ਦੀਆਂ ਸਾਮਰਾਜੀ ਕਾਰਗੁਜ਼ਾਰੀਆਂ ਵਿਰੁੱਧ ਨਜ਼ਰ ਨਹੀਂ ਆਈ। ਤਦ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ 1956 ਵਿਚ ਜੋਤੀ ਬਾਸੂ ਪਿਛਲੀ ਕਤਾਰ ਦੇ ਨੇਤਾ ਸਨ ਤੇ ਉਨ੍ਹਾਂ ਦੀ ਆਵਾਜ਼ ਦਬ ਗਈ ਸੀ। ਉਸ ਸਮੇਂ ਵੀ ਉਹ ਕੇਂਦਰੀ ਨੇਤਾ ਸਨ ਅਤੇ ਇਹ ਮਤਾ ਸਰਵ ਸੰਮਤੀ ਨਾਲ ਪਾਸ ਹੋਇਆ ਸੀ।

1967 ਦੀ ਨਕਸਲਬਾੜੀ ਕਿਸਾਨ ਬਗਾਵਤ ਦੀ ਪ੍ਰੀਖਿਆ ਦਾ ਘੜੀ ਵਿਚ ਜੋਤੀ ਬਾਸੂ ਨੇ ਪਹਿਲੀ ਵਾਰੀ ਵਰਤਾਅ ਦੀ ਧਰਾਤਲ 'ਤੇ ਸਾਬਤ ਕੀਤਾ ਕਿ ਉਹ ਖਰਸਚੇਵ ਦੇ ਕੱਟੜ ਚੇਲੇ ਹਨ ਤੇ ਉਸ ਦੀ ਤਰਜ਼ 'ਤੇ ਮਾਰਕਸ਼ਵਾਦੀ ਜ਼ਮਲਿਆਂ ਬੋਲਦੇ ਹੋਇਆਂ ਦਲਾਲ ਨੌਕਰਸ਼ਾਹੀ ਭਾਰਤੀ ਸਰਮਾਏਦਾਰੀ ਦੀ ਸੇਵਾ ਲਈ ਉਹ ਕਿਸਾਨਾਂ ਦੇ ਖ਼ੂਨ ਨਾਲ ਨਹਾਉਣ ਵਿਚ ਸੰਕੋਚ ਨਹੀਂ ਕਰਨਗੇ। ਅਜਿਹਾ ਨਹੀਂ ਸੀ ਕਿ ਜਿਨ੍ਹਾਂ ਲੋਕਾਂ ਨੂੰ ਇਸ ਕਿਸਾਨ ਬਗਾਵਤ ਦਾ ਬਿਗਲ ਵਜਾਇਆ ਸੀ ਉਹ ਕੋਈ ਪਰਾਏ ਲੋਕ ਸਨ ਇਸ ਦੇ ਉਲਟ ਉਹ ਲੋਕ ਆਪਣੀ ਹੀ ਪਾਰਟੀ ਦੇ ਕਾਮਰੇਡ ਸਨ ਜਿਨ੍ਹਾਂ ਨੂੰ ਇਹ ਲੱਗਿਆ ਸੀ ਕਿ ਜਦ ਆਪਣੀ ਹੀ ਪਾਰਟੀ ਦੀ ਸਾਂਝੀ ਸਰਕਾਰ ਸੂਬੇ 'ਚ ਆ ਗਈ ਹੈ ਤਾਂ ਇਸ ਦੀ ਵਰਤੋਂ ਇਨਕਲਾਬੀ ਸੰਘਰਸ਼ ਨੂੰ ਅੱਗੇ ਵਧਾਉਣ 'ਚ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਆਪਣੇ ਆਗੂਆਂ ਦੀ ਗੱਲ 'ਤੇ ਪੂਰਾ ਯਕੀਨ ਸੀ ਕਿ ਸੰਸਦੀ ਮੰਚ ਦੀ ਵਰਤੋਂ ਲੋਕ ਸੰਘਰਸ਼ ਨੂੰ ਲੋਕ ਬਗਾਵਤ 'ਚ ਬਦਲਣ ਲਈ ਕੀਤੀ ਜਾਣੀ ਚਾਹੀਦੀ ਹੈ। ਉਦੋਂ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਆਗੂਆਂ ਦੀ ਇਹ ਗੱਲ ਸੱਤਾ 'ਚ ਟਿਕੇ ਰਹਿਣ ਲਈ ਮਖੌਟਾ ਹੀ ਹੈ। ਭਾਰਤ ਦੇ ਕਮਿਊਨਿਸਟ ਅੰਦੋਲਨ ਨੂੰ ਹੈਰਾਨ ਕਰਨ ਵਾਲੀ ਇਹ ਪਹਿਲੀ ਘਟਨਾ ਸੀ ਜਿਸ ਵਿਚ ਕਿਸੇ ਪਾਰਟੀ ਦੀ ਸਰਵਉਚ ਲੀਡਰਸ਼ਿਪ ਦੇ ਮੈਂਬਰ ਨੇ ਸਰਕਾਰ ਵਿਚ ਸ਼ਾਮਲ ਹੋਣ ਪਿੱਛੋਂ ਆਪਣੀ ਹੀ ਪਾਰਟੀ ਦੇ ਹੇਠਲੀ ਪੱਧਰ ਦੇ ਨੇਤਾਵਾਂ ਦੇ ਸੰਘਰਸ਼ 'ਤੇ ਗੋਲੀ ਚਲਾਈ ਹੋਵੇ। ਇਤਿਹਾਸ ਸਿਰਜਨ ਦਾ ਇਹ ਕੰਮ ਜੋਤੀ ਬਾਸੂ ਨੇ ਕਰ ਵਿਖਾਇਆ। ਤੇਲੰਗਾਨਾ ਕਿਸਾਨ ਬਗਾਵਤ ਨੂੰ ਕੁਚਲ ਕੇ ਨਹਿਰੂ ਦਲਾਲ ਸਰਮਾਏਦਾਰੀ ਦੇ ਦੁਲਾਰੇ ਬਣ ਗਏ ਸਨ ਤਾਂ ਸੁਭਾਵਿਕ ਹੈ ਕਿ ਜੋਤੀ ਬਾਸੂ ਨਕਸਲਬਾੜੀ ਕਿਸਾਨ ਬਗਾਵਤ ਨੂੰ ਕੁਚਲ ਕੇ ਇਸ ਕਤਾਰ 'ਚ ਨਹਿਰੂ ਤੋਂ ਵੀ ਥੋੜ੍ਹਾ ਅੱਗੇ ਨਿਕਲ ਗਏ ਸਨ।

ਇਸ ਲਈ ਲਾਜ਼ਮੀ ਹੈ ਕਿ ਸਰਮਾਏਦਾਰੀ ਜਮਾਤ ਤੇ ਉਸ ਦੇ ਸਹਿਯੋਗੀ ਜੋਤੀ ਬਾਸੂ ਨੂੰ ਨਿਵਾਜਦੇ ਹਨ। ਸੰਸਾਰ ਕਮਿਊਨਿਸਟ ਅੰਦੋਲਨ ਦੇ ਇਤਿਹਾਸ 'ਚ ਇਸ ਨਾਲ ਮਿਲਦੀ-ਜੁਲਦੀ ਘਟਨਾ ਦੀ ਮਿਸਾਲ ਜਰਮਨੀ 'ਚ ਮਿਲਦੀ ਹੈ। 1918 ਦੇ ਇਨਕਲਾਬ ਦੀ ਜਿੱਤ ਪਿੱਛੋਂ ਜਰਮਨੀ ਦੀ ਸੱਤਾ ਸੱਜੇਪੱਖੀ ਸਮਾਜਿਕ ਜਨਵਾਦੀਆਂ ਦੇ ਹੱਥ ਚਲੀ ਗਈ ਸੀ। ਸੱਤਾ ਦੀ ਕਮਾਨ ਹੱਥ ਵਿਚ ਆਉਣ ਪਿੱਛੋਂ ਉਥੋਂ ਦੇ ਚਾਂਸਲਰ ਫ੍ਰੇਡਰਿਕ ਏਬਰਟ ਦਾ ਬਿਆਨ "ਮੈਂ ਇਨਕਲਾਬ ਤੋਂ ਉਨੀ ਹੀ ਨਫ਼ਰਤ ਕਰਦਾ ਹਾਂ ਜਿੰਨੀ ਕਿ ਪਾਪ ਤੋਂ ਪ੍ਰੋਲੇਤਾਰੀ ਦੀ ਕਤਾਰ 'ਚ ਬੈਠੇ ਵਿਸ਼ਵਾਸਘਾਤ ਦੀ ਇਹ ਬੇਹੱਦ ਘਟੀਆ ਉਦਾਹਰਣ ਹੈ। ਉਸ ਦੀ ਸੁਰ 'ਚ ਸੁਰ ਮਿਲਾਉਂਦਿਆਂ ਦੂਜੇ ਸੱਜੇਪੱਖੀ ਨੇਤਾ ਨੋਸਕੇ ਨੇ ਕਿਹਾ ਸੀ-"ਕੋਈ ਉਪਾਅ ਨਹੀਂ ਹੈ ਕਿਸ ਨੇ ਤਾਂ ਜਲਾਦ ਬਨਣਾ ਹੀ ਹੈ। ਮੈਂ ਉਸ ਫਰਜ਼ ਤੋਂ ਡਰਦਾ ਨਹੀਂ ਹਾਂ।" ਉਹ ਕਿਸੇ ਦੇ ਲਈ ਜਲਾਦ ਬਣ ਗਿਆ ਸੀ? ਆਪਣੀ ਹੀ ਪਾਰਟੀ ਦੇ ਖੱਬੇਪੱਖੀ ਖੇਮੇ ਲਈ ਯਾਨੀ ਖੱਬੇਪੱਖੀ ਸਮਾਜਿਕ ਜਨਵਾਦੀਆਂ ਲਈ ਅਤੇ ਕਿਸ ਦੇ ਪੱਖ ਵਿਚ ਦਲਾਲ ਸਰਮਾਏਦਾਰੀ ਦੇ ਪੱਖ ਵਿਚ।

ਸੱਜੇਪੱਖੀ ਜਨਵਾਦੀਆਂ ਦੀਆਂ ਅਜਿਹੀਆਂ ਕਰਤੂਤਾਂ ਦਾ ਨਤੀਜਾ ਸੀ ਕਿ ਜਰਮਨ ਮਜ਼ਦੂਰ ਜਮਾਤ ਦਾ ਇਨਕਲਾਬ ਸਰਮਾਏਦਾਰੀ ਹੱਦਾਂ 'ਚ ਸਿਮਟ ਕੇ ਰਹਿ ਗਈ ਅਤੇ ਮਜ਼ਦੂਰ ਜਮਾਤ ਦੇ ਦੋ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਨੇਤਾ ਰੋਜ਼ਾ ਲਕਜ਼ਮਬਰਗ ਤੇ ਕਾਰਲ ਲਿਬਕਨੇਖਤ ਅਤੇ ਵੱਡੀ ਗਿਣਤੀ 'ਚ ਮਜ਼ਦੂਰ ਆਗੂ ਕਤਲ ਕਰ ਦਿੱਤੇ ਗਏ। ਭਾਰਤੀ ਮਜ਼ਦੂਰ ਜਮਾਤ ਦੀ ਰਾਜਨੀਤੀ ਵਿਚ ਜੋਤੀ ਬਾਸੂ ਨੇ ਫ੍ਰੇਡਰਿਕ ਏਬਰਟ ਅਤੇ ਨੇਸਕੋ ਦੋਹਾਂ ਦੀ ਹੀ ਭੂਮਿਕਾ ਨਿਭਾਈ। ਭਾਰਤੀ ਦਲਾਲ ਸਰਮਾਏਦਾਰੀ ਦੀ ਨਜ਼ਰ ਵਿਚ ਉਨ੍ਹਾਂ ਦੀ ਇੱਜ਼ਤ ਵਧਣ ਦਾ ਅਮਲ ਇਥੋਂ ਹੀ ਸ਼ੁਰੂ ਹੋਇਆ ਜੋ ਲਗਾਤਾਰ ਵਧਦੀ ਹੀ ਗਈ। ਇਕ ਵਾਰੀ ਜਦ ਉਨ੍ਹਾਂ ਨੂੰ ਇਸ ਦਿਸ਼ਾ ਵਿਚ ਕਦਮ ਵਧਾਇਆ ਤਾਂ ਨਾ ਤਾਂ ਉਨ੍ਹਾਂ ਦੇ ਪੈਰ ਥਿੜਕੇ ਅਤੇ ਨਾ ਹੀ ਉਨ੍ਹਾਂ ਨੇ ਪਿੱਛੇ ਮੁੜ ਕੇ ਦੇਖਣ ਦੀ ਜ਼ਰੂਰਤ ਮਹਿਸੂਸ ਕੀਤੀ ਅਤੇ ਮਜ਼ਦੂਰ ਜਮਾਤ ਦੇ ਮਖੌਟੇ 'ਚ ਉਹ ਸਰਮਾਏਦਾਰੀ ਜਮਾਤ ਦੇ ਰਾਜਸੀ ਹਿੱਤਾਂ ਦੇ ਪਹਿਰੇਦਾਰ ਬਣ ਗਏ। ਹੁਣ ਮਾਮਲੇ ਦੇ ਦੂਜੇ ਪੱਖ 'ਤੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ 'ਚ ਇਹ ਕਿਹੜੀ ਵਿਲੱਖਣ ਪ੍ਰਤਿਭਾ ਸੀ ਜਿਸ ਕਾਰਨ ਮਸ਼ਹੂਰੀ ਦੀ ਦੌੜ ਵਿਚ ਮਾਕਾਪਾ ਦੇ ਹੋਰ 'ਰਤਨਾ' ਤੋਂ ਕਾਫੀ ਅੱਗੇ ਨਿਕਲ ਗਏ। ਪੂੰਜੀਵਾਦੀ ਮੀਡੀਆ ਨੇ ਇਸ ਸਵਾਲ ਦਾ ਜਵਾਬ ਆਪਣੇ ਤਰੀਕੇ ਨਾਲ ਖੋਜਿਆ ਹੈ। ਉਸ ਨੇ ਇਨ੍ਹਾਂ ਨੇਤਾਵਾਂ ਦੀ ਸਮਰੱਥਾ 'ਤੇ ਗੁਣਵੰਣਤਾ ਨੂੰ ਵੱਖ-ਵੱਖ ਤਰੀਕੇ ਨਾਲ ਵੇਖਿਆ ਤੇ ਪਰਖਿਆ ਹੈ। ਇਨ੍ਹਾਂ ਨੇਤਾਵਾਂ ਦੀ ਲੜੀ ਵਿਚ ਈ. ਐਮ. ਐਸ. ਨਮਬੂਦਰੀਪਾਦ, ਬੀਟੀਰਣਦੀਵੇ ਤੇ ਬਾਸਵਪੁਨੈਆ ਦਾ ਯੋਗਦਾਨ ਸਿਧਾਂਤਕ ਖੇਤਰ ਵਿਚ ਸੀ। ਇਸ ਯੋਗਦਾਨ ਦਾ ਮਹੱਤਵ ਇਸ ਗੱਲ ਵਿਚ ਸੀ ਕਿ ਉਨ੍ਹਾਂ ਨੇ ਮਾਰਕਸਵਾਦ ਨੂੰ ਸਰਮਾਏ ਦੀ ਲੋੜ ਅਨੁਸਾਰ ਤੋੜ-ਮਰੋੜ ਕੇ ਪੇਸ਼ ਕੀਤਾ, ਮਜ਼ਦੂਰਾਂ ਦੀ ਚੇਤਨਾ ਨੂੰ ਭਰਿਸ਼ਟ ਕਰਕੇ ਉਨ੍ਹਾਂ ਦੇ ਦਿਮਾਗ 'ਚ ਜਮਾਤੀ ਸੰਘਰਸ਼ ਦੀ ਜਮਾਤੀ ਭਿਆਲੀ ਦਾ ਜ਼ਹਿਰ ਘੋਲ ਦਿੱਤਾ। ਜਮਾਤੀ ਭਿਆਲੀ ਦੇ ਸਕੂਲ ਵਿਚ ਸਿੱਖੇ ਸਿਖਾਏ ਲੋਕਾਂ ਨੂੰ ਜਥੇਬੰਦ ਕਰਕੇ ਅਤੇ ਪਾਰਟੀ ਬਣਾਉਣ ਦੇ ਕੰਮ 'ਚ ਮਾਹਰ ਸਨ। ਪ੍ਰਮੋਦ ਦਾਸ ਗੁਪਤਾ ਪੀ ਸੁੰਦਮੈਈਆ ਅਤੇ ਹਰਕ੍ਰਿਸ਼ਨ ਸਿੰਘ ਸੁਰਜੀਤ ਜੋਤੀ ਬਾਸੂ ਇਨ੍ਹਾਂ ਦੋਹਾਂ ਗਰੁੱਪਾਂ ਤੋਂ ਵੱਖਰੇ ਸਨ, ਉਨ੍ਹਾਂ ਬਾਰੇ ਕਿਹਾ ਜਾਂਦਾ ਸੀ ਕਿ ਉਹ ਲੋਕਾਂ ਦੀ ਨਬਜ਼ ਨੂੰ ਠੀਕ-ਠਾਕ ਪਹਿਚਾਣਦੇ ਸਨ, ਉਹ ਉਸ ਦਿਸ਼ਾ ਵਿਚ ਕਦਮ ਉਠਾਉਣਾ ਚਾਹੁੰਦੇ ਸਨ ਜਿਸ ਦਾ ਸਿੱਟਾ ਫੌਰੀ ਦਿਸੇ ਤੇ ਉਸ ਦੇ ਮਾੜੇ ਪ੍ਰਭਾਵ ਕਾਫੀ ਪਿੱਛੋਂ ਨਜ਼ਰ ਆਉਣ। ਪੂੰਜੀਵਾਦੀ ਨੇਤਾਵਾਂ ਦੀ ਇਹ ਖਾਸ ਪਹਿਚਾਣ ਹੈ। ਇਸ ਦੇ ਉਲਟ ਮਾਰਕਸਵਾਦੀ ਹਮੇਸ਼ਾ ਦੂਰ ਦੀ ਗੱਲ ਯਾਨੀ ਰਾਜ ਦੇ ਖਿਲਾਫ ਬਗਾਵਤ ਦੀ ਰਾਜਨੀਤੀ ਨੂੰ ਤਰਜੀਹ ਦਿੰਦੇ ਸਨ। ਇਸ ਦੇ ਜ਼ਰੂਰਤ ਪੈਣ 'ਤੇ ਉਹ ਫੌਰੀ ਪ੍ਰਾਪਤੀਆਂ ਵੀ ਠੁਕਰਾ ਦਿੰਦੇ ਸਨ। ਪਰ ਜੋਤੀ ਬਾਸੂ ਫੌਰੀ ਸਿੱਟਿਆਂ ਪਿੱਛੇ ਭੱਜਣ ਵਾਲੇ ਨੇਤਾਵਾਂ ਦੀ ਸ਼੍ਰੇਣੀ ਵਿਚ ਰਖੇ ਜਾਣਾ ਪਸੰਦ ਨਹੀਂ ਕਰਦੇ ਸਨ। ਇਕ ਵਾਰੀ ਕਿਸੇ ਇੰਟਰਵਿਊ ਦੌਰਾਨ 'ਫਰੰਟ ਲਾਈਨ' ਦੇ ਸੰਪਰਕ ਐਨ. ਰਾਮ. ਨੇ ਜਦ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਪ੍ਰਣਾਮਵਾਦੀ ਹੋ (ਯੂ ਆਰ ਪ੍ਰੈਗਮੇਟਿਸਟ) ਤਾਂ ਉਨ੍ਹਾਂ ਨੇ ਜ਼ੋਰਦਾਰ ਕਿਹਾ ਕਿ "ਨਹੀਂ ਮੈਂ ਮਾਰਕਸਵਾਦੀ ਹਾਂ" ਉਨ੍ਹਾਂ ਦੀ ਆਕਾਸ਼ 'ਚ ਚੜੀ ਹਰਮਨਪਿਆਰਤਾ ਦੇ ਭੇਦ ਨੂੰ ਇਸੇ ਪ੍ਰਸੰਗ 'ਚ ਦੇਖਿਆ ਤੇ ਸਮਝਿਆ ਜਾਣਾ ਚਾਹੀਦਾ ਹੈ। ਕਿਸੇ ਸਿਧਾਂਤਕਾਰ ਤੇ ਸੰਗਠਤਕਰਤਾ (ਆਰਗੇ ਨਾਈਜ਼ਰ) ਦੀ ਤੁਲਨਾ ਵਿਚ ਉਨ੍ਹਾਂ ਦਾ ਯੋਗਦਾਨ (ਸ਼ਰਮਾਏਦਾਰਾਂ ਲਈ ਬਹੁਤ ਜ਼ਿਆਦਾ ਇਸ ਲਈ ਹੋ ਜਾਂਦਾ ਸੀ ਕਿ ਸਿਧਾਂਤ ਨੂੰ ਵਰਤਾਅ 'ਚ ਉਤਾਰਨ ਦਾ ਯਾਨੀ ਅਮਲੀ ਰੂਪ ਦੇਣ ਦਾ ਕੰਮ ਜੋਤੀ ਬਾਸੂ ਕਰਦੇ

ਸਨ ਅਤੇ ਸਾਫ ਸ਼ਬਦਾਂ ਵਿਚ ਕਹੀਏ ਤਾਂ ਸਿਧਾਂਤ ਨੂੰ ਕਾਗਜ਼ ਦੇ ਪੰਨੇ ਤੋਂ ਚੁੱਕ ਕੇ ਜਨ ਮਾਨਸ 'ਚ ਲਿਜਾਣ ਦਾ ਕੰਮ ਬਹੁਤ ਚੰਗੇ ਢੰਗ ਨਾਲ ਜੋਤੀ ਬਾਸੂ ਨੇ ਕੀਤਾ। ਕਿਹਾ ਜਾਂਦਾ ਹੈ ਕਿ ਜਦ ਵਿਚ ਲੋਕਾਂ 'ਚ ਪੈਰ ਜਮਾ ਲੈਂਦਾ ਹੈ ਤਾਂ ਉਹ ਭੌਤਿਕ ਤਾਕਤ ਬਣ ਜਾਂਦਾ ਹੈ। ਇਸ ਤਰ੍ਹਾਂ ਪੂੰਜੀਵਾਦ ਦੀ ਸੇਵਾ 'ਚ ਜੋਤੀ ਬਾਸੂ ਦਾ ਯੋਗਦਾਨ ਆਪਣੇ ਹੋਰ ਸਾਥੀਆਂ ਦੀ ਤੁਲਨਾ ਵਿਚ ਇਸ ਲਈ ਵੱਧ ਵੱਡਾ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਇਨਕਲਾਬੀ ਅੰਦੋਲਨ ਦੇ ਸਾਹਮਣੇ ਸੋਧਵਾਦ ਦੀ ਭੌਤਿਕ ਤਾਕਤ ਦਾ ਪਹਾੜ ਖੜ੍ਹਾ ਕਰ ਦਿੱਤਾ ਸੀ। ਪੂੰਜੀਵਾਦ 'ਚ ਆਪਣੇ ਬੇਮੁੱਲੇ ਯੋਗਦਾਨ ਦੇ ਕਾਰਨ ਜੋਤੀ ਬਾਸੂ ਦਾ ਪਹਿਲੀ ਕਤਾਰ ਦੇ ਨੇਤਾਵਾਂ ਵਿਚ ਸ਼ਾਮਲ ਹੋ ਜਾਣਾ, ਬਿਲਕੁਲ ਸੁਭਾਵਿਕ ਅਮਲ ਹੈ। ਬਲਕਿ ਕਈ ਅਰਥਾਂ ਵਿਚ ਉਹ ਇਸ ਸ਼੍ਰੇਣੀ ਦੇ ਮਾਨਯੋਗ ਨੇਤਾ ਸਨ। ਉਨ੍ਹਾਂ ਦੇ ਯੋਗਦਾਨ ਨੂੰ ਠੀਕ-ਠਾਕ ਚਿੰਤਤ ਕੀਤਾ ਗਿਆ ਕਿ ਇਹ ਯੋਗ ਪ੍ਰਸਾਸ਼ਕ, ਗਠਜੋੜ ਰਾਜਨੀਤੀ ਦੇ ਮਾਹਰ ਖਿਡਾਰੀ, ਆਪਣੀਆਂ ਕਦਰਾਂ ਕੀਮਤਾਂ ਪ੍ਰਤੀ ਸਮਰਪਿਤ ਤੇ ਬੇਹੱਦ ਇਮਾਨਦਾਰ ਵਿਅਕਤੀ ਸਨ। ਸਿਰ ਤੋਂ ਪੈਰ ਤੱਕ ਭਰਿਸ਼ਟ ਪੂੰਜੀਪਤੀ ਰਾਜਨੀਤੀ ਵਿਚ ਇਮਾਨਦਾਰ ਲੋਕਾਂ ਦੀ ਤਲਾਸ਼ ਕਰਨੀ ਹੋਵੇ ਤਾਂ ਤੁਸੀਂ ਇਨ੍ਹਾਂ ਸੋਧਖਾਦੀ ਨੇਤਾਵਾਂ ਵੱਲ ਮੁਖਾਤਿਬ ਹੋ ਸਕਦੇ ਹੋ। ਜਿਸ ਅਹੁਦੇ ਤੇ ਸਨਮਾਨ ਲਈ ਅਪਾਧਾਪੀ ਮੱਚੀ ਹੋਵੇ ਉਥੇ ਪ੍ਰਧਾਨ ਮੰਤਰੀ ਵਰਗੇ ਸਭ ਤੋਂ ਉੱਚੇ ਅਹੁਦੇ ਅਤੇ ਭਾਰਤ ਰਤਨ ਵਰਗੇ ਸਰਵ ਉੱਚ ਨਾਗਰਿਕ ਸਨਮਾਨ ਤੋਂ ਵਾਂਝਿਆ ਕੀਤੇ ਜਾਣ ਦੇ ਬਾਵਜੂਦ ਪਾਰਟੀ ਦਾ ਅਨੁਸਾਸਿਤ ਸਿਪਾਹੀ ਬਣੇ ਰਹਿਣ ਵਾਲੇ ਬੰਦੇ ਪੂੰਜੀਵਾਦੀ ਰਾਜਨੀਤੀ ਲਈ ਦੁਰਲੱਭ ਹੀਰਾ ਨਹੀਂ ਤਾਂ ਹੋਰ ਕੀ ਹੋ ਸਕਦੇ ਸਨ? ਹਾਲਾਂਕਿ ਪ੍ਰਧਾਨ ਮੰਤਰੀ ਨਾ ਬਣਨ ਦਾ ਦੁੱਖ ਉਨ੍ਹਾਂ ਨੂੰ ਭਰ ਜੀਵਨ ਦੁਖੀ ਕਰਦਾ ਰਿਹਾ ਅਤੇ ਇਸ "ਇਤਿਹਾਸਕ ਭੁੱਲ" ਦੇ ਇਲਜ਼ਾਮ ਪਾਰਟੀ 'ਤੇ ਲਗਦੇ ਰਹੇ। ਪਰ ਇਤਿਹਾਸ ਆਪਣੀਆਂ ਕਰਤੂਤਾਂ ਲਈ ਕਦੀ ਕਿਸੇ ਨੂੰ ਮੁਆਫ ਨਹੀਂ ਕਰਦਾ ਤੇ ਜੋਤੀ ਬਾਸੂ ਵੀ ਆਪਣੇ ਜੀਵਨ ਦੇ ਅੰਤਮ ਦਿਨਾਂ ਵਿਚ ਇਤਿਹਾਸ ਦੇ ਕਟਹਿਰੇ 'ਚ ਖੜ੍ਹੇ ਸਨ ਜਦ ਬੁਧਾਦੇਵ ਭੱਟਾਚਾਰੀਆ ਦੀ ਅਗਵਾਈ ਵਿਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਸਿੰਗੂਰ, ਨੰਦੀਗ੍ਰਾਮ, ਲਾਲਗੜ੍ਹ ਦੇ ਕਿਸਾਨਾਂ ਨਾਲ ਜ਼ਬਰ ਦਾ ਉਹ ਹੱਥਕੰਡਾ ਆਪਣਾ ਰਹੀ ਸੀ ਜੋ ਉਨ੍ਹਾਂ ਨਕਸਲਬਾੜੀ ਦੇ ਕਿਸਾਨਾਂ ਨਲ ਅਪਣਾਇਆ ਸੀ। ਇਸ ਦੇ ਸਿੱਟੇ ਵਜੋਂ ਪਾਰਟੀ ਦੀ ਛਵੀ ਡਿੱਗਣ ਲੱਗੀ ਸੀ। ਜੋਤੀ ਬਾਸੂ ਦਾ ਦੇਹਾਂਤ ਉਸ ਸਮੇਂ ਹੋਇਆ ਜਦ ਦੇਸ਼ ਦੀ ਰਾਜਨੀਤੀ ਬੀਮਾਰੀ ਦੇ ਦੌਰ 'ਚੋਂ ਗੁਜਰ ਰਹੀ ਸੀ। 20 ਸਾਲਾਂ ਤੋਂ ਉਪਰ ਦੇ ਅਸਹਿ ਪੂੰਜੀਵਾਦ ਤਸੀਲੇ ਝੱਲਣ ਪਿੱਛੋਂ ਅੱਜ ਦੇਸ਼ ਦੇ ਮਜ਼ਦੂਰ ਕਿਸਾਨ ਅੱਜ ਆਪਣਾ ਰੋਹ ਜ਼ਾਹਿਰ ਕਰ ਰਹੇ ਹਨ ਵਿਦਿਆਰਥੀਆਂ, ਨੌਜਵਾਨਾਂ ਦਾ ਗੁੱਸਾ ਫੁੱਟਣ ਲੱਗਿਆ ਹੈ। ਪੂੰਜੀਵਾਦੀ ਜਮਾਤ ਭਵਿੱਖ ਤੋਂ ਚਿੰਤਤ ਹੈ। ਜੋਤੀ ਬਾਸੂ ਦਾ ਜਾਣਾ ਉਸ ਸਮੇਂ ਹੋਇਆ ਜਦ ਉਸ ਜਮਾਤ ਨੂੰ ਉਨ੍ਹਾਂ ਦੀ ਬਹੁਤ ਲੋੜ ਸੀ।

# ਉਜਾੜੇ ਦਾ ਮੁੱਦਾ, ਬਹਾਨਾ ਵਿਕਾਸ ਦਾ

ਪਿਛਲੇ ਕੁਝ ਮਹੀਨਿਆਂ ਵਿਚ ਭਾਰਤੀ ਮੀਡੀਆ ’ਚ ਦੋ ਵਿਸ਼ੇਸ਼ ਘਟਨਾਵਾਂ ਨਾਲ ਸਬੰਧਤ ਖਬਰਾਂ ਛਾਈਆਂ ਰਹੀਆਂ। ਇਕ ਦਾ ਸਬੰਧ ਮਾਓਵਾਦੀਆਂ ਦੀਆਂ ਕਾਰਵਾਈਆਂ ਨਾਲ ਸੀ ਜਦ ਕਿ ਦੂਜੀ ਦਾ ਆਲਮੀ ਤਪਸ਼ ਤੇ ਜਨਜੀਵਨ ’ਤੇ ਉਸ ਦੇ ਪ੍ਰਭਾਵਾਂ ਨਾਲ। ਸਾਡੇ ਗ੍ਰਹਿ ਮੰਤਰੀ ਦੇ ਜ਼ਿਆਦਾਤਰ ਬਿਆਨ ਮਾਓਵਾਦੀਆਂ ’ਤੇ ਕੇਂਦਰਿਤ ਰਹਿੰਦੇ ਹਨ। ਪ੍ਰਧਾਨ ਮੰਤਰੀ ਦੀ ਚਿੰਤਾ ਕੋਪਨਹੇਗਨ ਵਾਰਤਾ ਸਬੰਧੀ ਹੁੰਦੀ ਹੈ। ਉਪਰੋਂ ਵੱਖ-ਵੱਖ ਦਿਸਣ ਦੇ ਬਾਵਜੂਦ ਦੋਨੋਂ ਘਟਨਾਵਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਕੋਪਨਹੇਗਨ ’ਚ ਭਾਰਤ ਨੇ ਜੋ ਵੀ ਕਾਮਯਾਬੀ ਹਾਸਲ ਕੀਤੀ ਹੈ ਉਹ ਕੌਮਾਂਤਰੀ ਸਬੰਧਾਂ ਜਾਂ ਘਰੇਲੂ ਸਨਅਤੀ ਰਣਨੀਤੀਆਂ ਦੇ ਲਿਹਾਜ ਨਾਲ ਨਿਰਸੰਦੇਹ ਮਹੱਤਵਪੂਰਨ ਹੈ ਪਰ ਜਲਵਾਯੂ ਸੰਕਟ ਸਬੰਧੀ ਹੋ ਰਹੀ ਚਰਚਾ ’ਚ ਵਿਕਾਸ ਦੀ ਜੋ ਸਥਾਪਤ ਧਾਰਨਾ ਹੈ, ਉਸ ’ਚ ਗੰਭੀਰ ਖਾਮੀਆਂ ਹੋਣ ਦੇ ਸੰਕੇਤ ਮਿਲ ਰਹੇ ਹਨ। ਇਧਰ ਨਾਗਰਿਕਾਂ ਨੂੰ ਇਸ ਗੱਲ ਦੀ ਵੀ ਚਿੰਤਾ ਹੈ ਕਿ ਕੀ ਮਾਓਵਾਦੀ ਅਰਧ ਸੈਨਿਕ ਫੋਰਸਾਂ ਦਾ ਮੁਕਾਬਲਾ ਕਰ ਸਕਣਗੇ ਜਾਂ ਨਹੀਂ। ਸਾਨੂੰ ਸਰਕਾਰ ਵਿਰੋਧੀ ਸਰਗਰਮੀਆਂ ਅਤੇ ਉਨ੍ਹਾਂ ਦੇ ਹਿੱਤਾਂ ਦੀ ਅਣਦੇਖੀ ਦੇ ਸਿੱਟੇ ਵਜੋਂ ਉਨ੍ਹਾਂ ’ਚ ਵਿਆਪਕ ਅਸੰਤੋਸ਼ ’ਚ ਫਰਕ ਕਰਨਾ ਪੈਣਾ ਹੈ। ਆਦੀਵਾਸੀਆਂ ਵਲੋਂ ਅੰਦਰੂਨੀ ਅਸ਼ਾਂਤੀ ਨੂੰ ਉਤਸ਼ਾਹਿਤ ਕਰਨ ਦੇ ਮੁੱਦੇ ’ਤੇ ਚਰਚਾ ਕਰਦੇ ਹਾਂ ਤਾਂ ਸਾਨੂੰ ਇਹ ਵੀ ਸੋਚਣਾ ਚਾਹੀਦਾ ਕਿ ਕੀ ਉਨ੍ਹਾਂ ਨੂੰ ਉਹ ਸਾਰਾ ਕੁਝ ਮਿਲਿਆ ਹੈ ਜਿਸ ਦੇ ਉਹ ਹੱਕਦਾਰ ਹਨ। ਸਚਮੁੱਚ ਹੁਣ ਵਕਤ ਹੈ ਜਦ ਅਸੀਂ ਆਪਣੇ ਆਪ ਨੂੰ ਪੁੱਛੀਏ ਕਿ ਕੀ ਆਦੀਵਾਸੀਆਂ ਦਾ ਵਾਤਾਵਰਣ ਨਾਲ ਰਿਸ਼ਤਾ ਦਾ ਤਰੀਕਾ ਅਤੇ ਪੌਦਿਆਂ, ਪੰਛੀਆਂ, ਪਰਬਤਾਂ, ਨਦੀਆਂ ਬਾਰੇ ਉਨ੍ਹਾਂ ਦਾ ਰਵਾਇਤੀ ਗਿਆਨ ਸਾਨੂੰ ਭਵਿੱਖ ’ਚ ਵਿਕਾਸ ਦੀਆਂ ਧਾਰਨਾਵਾਂ ਨੂੰ ਪ੍ਰਭਾਸ਼ਿਤ ਕਰਨ ਦਾ ਸੂਤਰ ਨਹੀਂ ਦਿੰਦਾ? ਜੇ ਅਸੀਂ ਮੰਨ ਲਈਏ ਕਿ ਇਸ ਦੇਸ਼ ਦੇ ਆਦੀਵਾਸੀ ਸਮੱਸਿਆ ਦੀ ਬਜਾਏ ਮਹੱਤਵਪੂਰਨ ਕੌਮੀ ਜਾਇਦਾਦ ਹਨ ਤਾਂ ਉਨ੍ਹਾਂ ਦੀ ਬੇਚੈਨੀ ਤੇ ਜਲਵਾਯੂ ਸੰਕਟ ਬਾਰੇ ਜੋ ਸਾਡੀਆਂ ਧਾਰਨਾਵਾਂ ਹਨ, ਉਹ ਬਦਲ ਜਾਣਗੀਆਂ।

ਇਤਿਹਾਸ ਸੱਚਮੁੱਚ ਭਾਰਤ ਦੇ ਆਦੀਵਾਸੀ ਫਿਰਕੇ ਪ੍ਰਤੀ ਕਾਫੀ ਅਤਿਆਚਾਰੀ ਰਿਹਾ ਹੈ। ਅੰਗਰੇਜ਼ਾਂ ਖਿਲਾਫ ਉਨ੍ਹਾਂ ਦੀ ਲੜਾਈ ਆਜ਼ਾਦੀ ਸੰਗਰਾਮ ਦੇ ਹਿੱਸੇ ਵਜੋਂ ਕਦੇ ਵੀ ਦਰਜ਼ ਨਹੀਂ ਹੋਈ। ਲਗਭਗ 8-7 ਕਰੋੜ ਆਦੀਵਾਸੀਆਂ ਲਈ ਸਿਹਤ ਤੇ ਸਿੱਖਿਆ ਦੀ ਸਥਿਤੀ ਤਰਸਯੋਗ ਹੈ। ਆਦੀਵਾਸੀਆਂ ਦੀਆਂ ਜ਼ਮੀਨਾਂ ਨਿਰੰਤਰ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਦੀਆਂ ਬਸਤੀਆਂ ’ਤੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਕਾਰਨ ਉਜਾੜੇ ਦਾ ਖਤਰਾ ਮੰਡਰਾਉਂਦਾ ਰਹਿੰਦਾ ਹੈ। ਵਣ ਪੈਦਾਵਾਰੀ ਵਸਤਾਂ ਤੱਕ ਉਨ੍ਹਾਂ ਦੀ ਪਹੁੰਚ ’ਤੇ ਲਗਾਤਾਰ ਪਾਬੰਦੀ ਹੈ ਅਤੇ ਉਨ੍ਹਾਂ ਦੀ ਸੰਤੁਲਿਤ ਹੋਂਦ ਵੱਡੇ-ਵੱਡੇ ਖੁਦਾਈ ਪ੍ਰੋਜੈਕਟਾਂ ਕਾਰਨ ਕਾਫੀ ਹੱਦ ਤੱਕ ਸੰਕਟ ਵਿਚ ਹੈ। ਆਦੀਵਾਸੀ ਹਿੱਤਾਂ ਦੀ ਰਾਖੀ ਲਈ ਕੀਤੀਆਂ ਗਈਆਂ ਸੰਵਿਧਾਨਕ ਵਿਵਸਥਾਵਾਂ ਨਾਲ ਉਨ੍ਹਾਂ ਦੇ ਗੁਜ਼ਾਰੇ ਤੇ ਅਨਾਜ ਸੁਰੱਖਿਆ ’ਚ ਕੋਈ ਵੱਡੀ ਸਹਾਇਤਾ ਨਹੀਂ ਮਿਲੀ ਹੈ। ਖੁਸ਼ਹਾਲ

ਆਦੀਵਾਸੀਆਂ ਦੇ ਇਕ ਛੋਟੇ ਜਿਹੇ ਸਮੂਹ ਨੂੰ ਛੱਡ ਦੇਈਏ ਤਾਂ ਬਹੁਗਿਣਤੀ ਆਦੀਵਾਸੀ ਅੱਜ ਵੀ ਵੱਡੀ ਪੱਧਰ 'ਤੇ ਉਜੜ ਰਹੇ ਹਨ, ਭੁੱਖੇ ਮਰਨ ਤੇ ਬੇਰੁਜ਼ਗਾਰੀ ਝਲਣ, ਛੋਟੇ-ਛੋਟੇ ਅਧਿਕਾਰਾਂ ਦੀ ਉਲੰਘਣਾ ਸਹਿਣ ਤੇ ਸੂਦਖੋਰਾਂ ਦੇ ਕਰਜ਼ਿਆਂ ਹੇਠ ਲਗਾਤਾਰ ਦਬੇ ਰਹਿਣ ਨੂੰ ਮਜ਼ਬੂਰ ਹਨ। ਸੰਨ 2004 ਵਿਚ ਐਨ. ਡੀ. ਏ. ਸਰਕਾਰ ਆਦੀਵਾਸੀਆਂ ਲਈ ਕੌਮੀ ਨੀਤੀ ਲੈ ਕੇ ਆਈ ਸੀ। ਇਸ ਦੇ ਲਈ ਜੋ ਨੀਤੀਗਤ ਮਸੌਦਾ ਪੇਸ਼ ਕੀਤਾ ਗਿਆ ਉਸ ਦਾ ਉਦੇਸ਼ ਉਨ੍ਹਾਂ ਨੂੰ ਮੁੱਖ ਧਾਰਾ 'ਚ ਲੈ ਜਾਣ ਦਾ ਸੀ। ਯੂ. ਪੀ. ਏ. ਦੇ ਸੱਤਾ 'ਚ ਆਉਣ 'ਤੇ ਇਕ ਨਵਾਂ ਮਸੌਦਾ ਤਿਆਰ ਕੀਤਾ ਗਿਆ ਸੀ। ਇਸ ਮਸੌਦੇ 'ਚ ਜਾਹਰਾ ਤੌਰ 'ਤੇ ਚੰਗੀ ਕਿਸਮ ਦੀ ਲਫਾਜ਼ੀ ਵਰਤੀ ਗਈ ਸੀ। ਇਸ ਮਸੌਦਾ ਠੀਕ ਉਸ ਸਮੇਂ ਤਿਆਰ ਕੀਤਾ ਗਿਆ ਜਦ ਵਣ ਵਿਭਾਗ ਦੇ ਤਹਿਤ ਜ਼ਮੀਨ 'ਤੇ ਆਦੀਵਾਸੀਆਂ ਦੇ ਅਧਿਕਾਰਾਂ ਨੂੰ ਮੰਨ ਲੈਣ ਸਬੰਧਿਤ ਬਿੱਲ ਦੀ ਰੂਪ ਰੇਖਾ ਤਹਿ ਕੀਤੀ ਜਾ ਰਹੀ ਸੀ ਇਹ ਬਿੱਲ ਇਸ ਉਮੀਦ ਨਾਲ ਲਿਆਂਦਾ ਗਿਆ ਸੀ ਇਸ ਨਾਲ ਆਦੀਵਾਸੀ ਉਸ ਜ਼ਮੀਨ ਦੇ ਹੱਕਦਾਰ ਹੋ ਜਾਣਗੇ ਜਿਸ ਨੂੰ ਉਹ ਰਵਾਇਤੀ ਤੌਰ 'ਤੇ ਵਹੁੰਦੇ ਆ ਰਹੇ ਹਨ। ਇਸ ਬਿੱਲ ਨੇ ਕਨੂੰਨ ਦੀ ਸ਼ਕਲ ਤਾਂ ਲੈ ਲਈ ਪਰ ਅਮਲ ਬਹੁਤ ਹੀ ਮੱਠੀ ਰਫ਼ਤਾਰ ਤੇ ਅਧੂਰੇ ਮਨ ਨਾਲ ਹੋ ਰਿਹੈ। ਨੀਤੀਗਤ ਮਸੌਦੇ ਨੇ ਕੋਈ ਖਾਸ ਪ੍ਰਗਤੀ ਨਹੀਂ ਕੀਤੀ। ਆਦੀਵਾਸੀਆਂ ਤੇ ਉਨ੍ਹਾਂ ਦੇ ਮੁੱਦਿਆਂ ਨਾਲ ਜੁੜੇ ਸੰਗਠਨਾਂ ਨੂੰ ਵੀ ਇਹ ਪੱਕਾ ਪਤਾ ਨਹੀਂ ਹੈ ਕਿ ਨੀਤੀਗਤ ਮਸੌਦੇ ਸਬੰਧੀ ਕੀ ਹੋ ਰਿਹਾ ਹੈ। ਜਦ ਨੀਤੀਗਤ ਮਸੌਦੇ ਨੂੰ ਤਿਆਰ ਕੀਤਾ ਜਾ ਰਿਹਾ ਸੀ ਠੀਕ ਉਸੇ ਦੌਰਾਨ ਯੂ. ਪੀ. ਏ. ਸਰਕਾਰ ਨੇ ਇਸ ਨਾਲ ਸਬੰਧਤ ਅਤੇ ਇਸ ਤੋਂ ਵੀ ਹੋਰ ਗੁੰਝਲਦਾਰ (ਡਿਨੋਟੀਫਾਇਡ ਤੇ ਨੋਮੈਡਿਕ ਕਮਿਊਨਦੀਜ਼) ਦੇ ਮੁੱਦੇ ਨੂੰ ਹੱਥ 'ਚ ਲੈ ਲਿਆ। ਇਹ ਮੁੱਦਾ 1950 ਦੇ ਦਹਾਕੇ 'ਚ ਉਨ੍ਹਾਂ ਦੀ 'ਡਿਨੋਟੀਫੀਕੇਸ਼ਨ' ਦੇ ਸਮੇਂ ਤੋਂ ਹੀ ਉਡੀਕ 'ਚ ਸੀ। ਭਾਰਤ 'ਚ ਅੰਗਰੇਜ਼ੀ ਹਕੂਮਤ ਨੂੰ ਭਾਰਤੀ ਸਮਾਜ ਦੇ ਇਸ ਜਟਿਲ ਤਾਣੇ-ਬਾਣੇ ਨੂੰ ਸਮਝਣ 'ਚ ਕਾਫੀ ਕਠਿਨਾਈ ਹੁੰਦੀ ਸੀ। ਇਨ੍ਹਾਂ ਕਠਿਨਾਈਆਂ ਕਾਰਨ ਫਿਰਕਿਆਂ ਤੇ ਸਮਾਜਿਕ ਰਵਾਇਤਾਂ ਸਬੰਧੀ ਕਈ ਵਹਿਮ-ਭਰਮ ਮਿਥਾਂ-ਧਾਰਨਾਵਾਂ ਪੈਦਾ ਹੋਈਆਂ। ਕਦੀ-ਕਦੀ ਤਾਂ ਇਹ ਹਾਸੋਹੀਣੀ ਸਥਿਤੀ ਤੱਕ ਪਹੁੰਚ ਗਈਆਂ। ਜਿਵੇਂ ਕਿ ਭਾਰਤ ਸਪੇਰਿਆਂ ਤੇ ਜਾਦੂ ਟੂਣੇ ਕਾਰਨ ਵਾਲਿਆਂ ਦਾ ਦੇਸ਼ ਹੈ। ਪਰ ਕਈ ਕੇਸਾਂ ਵਿਚ ਸਮਾਜ ਬਾਰੇ ਇਹ ਨਾ ਸਮਝੀ ਅਕਹਿ ਮਨੁੱਖੀ ਦੁੱਖ 'ਚ ਬਦਲ ਗਈ। ਇਨ੍ਹਾਂ ਵਿਮੁਕ ਜਾਤੀਆਂ-ਫਿਰਕਿਆਂ ਦੀ ਕਹਾਣੀ ਨਿਰਸੰਦੇਹ ਮਾਨਵਤਾ ਦੀ ਸਭ ਤੋਂ ਦੁਖਦ ਗਾਥਾ ਹੈ। ਸੰਨ 1830 ਦੇ ਦਹਾਕੇ ਵਿਚ ਬਸਤੀਵਾਦੀ ਸਰਕਾਰ ਨੇ ਮੱਧ ਭਾਰਤ 'ਚ ਰਾਹਗੀਰਾਂ ਦੇ ਨਾਲ ਮਾਰਕੁੱਟ ਤੇ ਲੁੱਟਮਾਰ ਦੀਆਂ ਘਟਨਾਵਾਂ ਦੀ ਸੂਚੀ ਬਣਾਉਣ ਲਈ ਬਿਲੀਅਨ ਹੇਨਰੀ ਸਲੀਮਨ ਨੂੰ ਨਿਯੁਕਤ ਕੀਤਾ। ਸਲੀਮਨ ਨੇ ਇਸ ਕਾਰਜ ਨੂੰ ਕਾਫੀ ਲਗਨ ਨਾਲ ਕੀਤਾ ਅਤੇ ਹਿੰਸਕ ਵਾਰਦਾਤਾਂ ਦੀ ਲੰਬੀ ਸੂਚੀ ਬਣਾਈ। ਜੇ ਮੱਧ ਭਾਰਤ 'ਚ 1857 ਦੀ ਲੜਾਈ ਨਾ ਹੋਈ ਹੁੰਦੀ ਤਾਂ ਇਹ ਸੂਚੀ ਕੋਈ ਖਾਸ ਮਾਅਨੇ ਨਾ ਰੱਖਦੀ। ਇਸ ਲੜਾਈ 'ਚ ਦੇਸੀ ਰਾਜਿਆਂ ਦੇ ਗੋਡੇ ਟੇਕਣ ਪਿਛੋਂ ਸਿਲੀਮਨ ਨੇ ਨਾ ਸਿਰਫ ਸੈਨਿਕਾਂ ਦੇ ਸਭ ਵਿਮੁਕ ਤੇ ਸੰਭਾਵਿਤ ਸਮੂਹਾਂ ਨੂੰ ਇਸ ਸੂਚੀ 'ਚ ਪਾਉਣ ਲਾਇਕ ਸਮਝਿਆ ਬਲਕਿ ਇਨ੍ਹਾਂ ਲੋਕਾਂ ਨੂੰ ਵੀ ਨਿਸ਼ਾਨਾ ਸਮਝਿਆ ਜੋ ਰਸਦ ਆਦਿ ਦੀ ਸਪਲਾਈ ਨਾਲ ਜੁੜ ਸਕਦੇ

ਸਨ। ਇਸ ਯੁੱਧ 'ਚ ਹਾਰ ਜਾਣ ਪਿੱਛੋਂ, ਨਾ ਸਿਰਫ਼ ਇਕੱਲੇ ਰਹਿ ਗਏ। ਫੌਜ਼ੀ ਗੁੱਟਾਂ ਬਲਕਿ ਉਨ੍ਹਾਂ ਲਈ ਰਸਦ ਆਦਿ ਦੀ ਸਪਲਾਈ ਨਾਲ ਜੁੜੇ ਲੋਕਾਂ ਨੂੰ ਵੀ ਸਲੀਮਨ ਦੀ ਸੂਚੀ 'ਚ ਪਾਉਣ ਲਾਇਕ ਮੰਨ ਲਿਆ ਗਿਆ। ਇਹ ਸੂਚੀ ਬਾਅਦ 'ਚ 1871 ਦੇ ਕ੍ਰਿਮੀਨਲ ਟ੍ਰਾਈਬਸ ਐਕਟ' ਦਾ ਅਧਾਰ ਬਣੀ।

ਇਹ ਬਿੱਲ ਸੂਚੀ 'ਚ ਸ਼ਾਮਲ ਜਾਤੀਆਂ ਦੇ ਸੁਧਾਰ ਤੇ ਉਨ੍ਹਾਂ ਦੇ ਜਬਰੀ ਅਲਗਾਅ ਦੀ ਮੰਗ ਕਰਦਾ ਸੀ। ਇਨ੍ਹਾਂ 'ਚ ਸਿੱਕੇ ਬਣਾਉਣ ਵਾਲੇ ਮਨੋਰੰਜਨ ਕਰਨ ਵਾਲੇ, ਛੋਟੇ ਵਪਾਰੀ, ਉਜੜਨ ਵਾਲੇ ਕਿਸਾਨ, ਘਮੰਡੂ ਅਤੇ ਬਣਜਾਰਾ ਭਾਈਚਾਰਾ, ਲੰਬੀ ਦੂਰੀ ਦੇ ਵਪਾਰੀ ਆਦਿ ਸ਼ਾਮਲ ਸਨ।

ਇਸ ਬਿੱਲ ਦੇ ਤਹਿਤ ਸੁਧਾਰ ਲਈ ਬਸਤੀਆਂ ਦੀ ਲੋੜ ਸੀ, ਇਨ੍ਹਾਂ 'ਚ 'ਸਖਤ ਕਾਰਵਾਈਆਂ' ਅਪਣਾਏ ਜਾਣ ਦੀ ਉਮੀਦ ਕੀਤੀ ਗਈ ਸੀ। ਇਹ ਕਾਰਵਾਈਆਂ ਲਗਾਤਾਰ ਗੈਰ ਮਨੁੱਖ ਹੁੰਦੀਆਂ ਗਈਆਂ। ਜ਼ਬਰਨ ਮਜ਼ਦੂਰੀ ਇਨ੍ਹਾਂ 'ਚ ਰਹਿਣ ਵਾਲਿਆਂ ਦੀ ਨੀਅਤ ਬਣ ਗਈ। ਸੰਨ 1971 ਦੇ ਇਸ ਬਿੱਲ 'ਚ ਕਾਫੀ ਸੋਧਾਂ ਹੋਈਆਂ। ਹਰ ਸੋਧ 'ਚ ਇਨ੍ਹਾਂ ਫਿਰਕਿਆਂ ਲਈ ਨਵੀਂ-ਨਵੀਂ ਕਿਸਮ ਦੀ ਸਜ਼ਾ ਦੀ ਵਿਵਸਥਾ ਕੀਤੀ ਗਈ। ਇਸ ਕਨੂੰਨ 'ਚ ਆਖਰੀ ਸੋਧ 1924 'ਚ ਪਾਸ ਕੀਤੀ ਗਈ। ਹੁਣ ਤੱਕ ਕੁਲ 191 ਜਾਤੀਆਂ ਇਸ ਕਨੂੰਨ ਦੀ ਮਾਰ 'ਚ ਲਿਆਂਦੀਆਂ ਜਾ ਚੁੱਕੀਆਂ ਹਨ। ਇਸ ਕਨੂੰਨ ਦੇ ਤਹਿਤ ਅਧਿਸੂਚਿਤ ਕੀਤੇ ਗਏ ਵੱਖ-ਵੱਖ ਫਿਰਕੇ ਤੇ ਜਨ ਜਾਤੀਆਂ ਦੀ ਅਬਾਦੀ ਅੱਜ ਲਗਭਗ 6 ਕਰੋੜ ਹੈ। ਜੋ ਭਾਰਤ ਦੀ ਕੁਝ ਅਬਾਦੀ ਦਾ 5 ਫੀਸਦੀ ਹੈ।

1947 ਦੀ ਸੱਤਾ ਬਦਲੀ ਪਿਛੋਂ ਬਸਤੀਵਾਦੀ ਜਬਰ ਦੇ ਸ਼ਿਕਾਰ ਇਨ੍ਹਾਂ ਲੋਕਾਂ ਨੂੰ ਇਸ ਤੋਂ ਛੁਟਕਾਰਾ ਦਵਾਉਣ ਲਈ 1950 'ਚ ਆਇੰਗਰ ਸੰਮਤੀ ਦਾ ਗਠਨ ਕੀਤਾ ਗਿਆ ਸੀ। 'ਡੀਨੋਟੀਫੀਕੇਸ਼ਨ' ਦੀ ਅਮਲ 1952 ਤੋਂ ਸ਼ੁਰੂ ਹੋਇਆ। ਵੱਖ-ਵੱਖ ਰਾਜਾਂ 'ਚ ਲਾਗੂ ਇਹ ਕਨੂੰਨ ਖਤਮ ਕਰ ਦਿੱਤੇ ਗਏ ਅਤੇ ਉਨ੍ਹਾਂ ਦੀ ਥਾਂ 'ਤੇ 'ਹੈਬਿਚਅਲ ਅਫੇਂਡਰਸ ਐਕਟ' ਨੇ ਲੈ ਲਈ। ਪਰ ਜਦ ਤੱਕ ਇਹ ਕਨੂੰਨ ਬਣਦਾ ਅਤੇ 'ਡੀਨੋਈਫੀਕੇਸ਼' ਦਾ ਕੰਮ ਪੂਰਾ ਹੁੰਦਾ, ਤਦ ਤੱਕ ਅਨੁਸੂਚਿਤ ਜਾਤੀ ਤੇ ਜਨਜਾਤੀ ਦਾ ਗਠਨ ਹੋ ਚੁੱਕਿਆ ਸੀ। ਇਸ ਤਰ੍ਹਾਂ ਵਿਮੁਕ ਜਾਤੀਆਂ ਅਤੇ ਫਿਰਕਿਆਂ ਦਾ ਦਾਖਲਾ ਇਨ੍ਹਾਂ ਸ਼੍ਰੇਣੀਆਂ 'ਚ ਅਸਾਨੀ ਨਾਲ ਨਹੀਂ ਹੋਇਆ। ਉਨ੍ਹਾਂ ਵਿਚੋਂ ਕੁਝ ਨੂੰ ਅਨੁਸੂਚਿਤ ਜਨਜਾਤੀ ਦਾ ਦਰਜਾ ਦਿੱਤਾ ਗਿਆ ਜਦ ਕਿ ਕੁਝ ਫਿਰਕਿਆਂ ਨੂੰ ਅਨੁਸੂਚਿਤ ਜਾਤੀ ਸਮੂਹ 'ਚ ਸ਼ਾਮਲ ਕੀਤਾ ਗਿਆ ਹੋਰ ਜਾਤੀਆਂ ਅਣਗੌਲਿਆ ਹੀ ਰਹਿ ਗਈਆਂ। ਦੇਸ਼ ਅਤੇ ਅੱਗੇ ਆਉਣ ਵਾਲੀਆਂ ਸਰਕਾਰਾਂ ਨੇ ਵਿਮੁਕ ਜਨਜਾਤੀਆਂ ਦੀ ਖਰਾਬ ਹਾਲਤ ਨੂੰ ਸੁਧਾਰਨ ਲਈ ਕੁਝ ਨਹੀਂ ਕੀਤਾ।

ਸੰਨ 1998 'ਚ ਬੜੌਦਾ 'ਚ ਉਨ੍ਹਾਂ ਦੇ ਹਿੱਤ ਵਿਚ ਅਵਾਜ਼ ਉਠਾਉਣ ਲਈ 'ਡੀਐਨਟੀ ਰਾਈਟਸ ਐਕਸ਼ਨ ਗਰੁੱਪ' ਦਾ ਗਠਨ ਹੋਇਆ। ਇਸ ਗਰੁੱਪ ਨੇ ਕੌਮੀ ਪੱਧਰ ਦੀ ਜੋ ਮੁਹਿੰਮ ਚਲਾਈ ਉਸ ਕਾਰਨ ਇਕ ਤਕਨੀਕੀ ਸਲਾਹਕਾਰ ਸਮੂਹ ਤੇ ਕੌਮੀ ਕਮਿਸ਼ਨ ਦਾ ਗਠਨ ਹੋਇਆ। ਇਨ੍ਹਾਂ ਦੋਹਾਂ ਸੰਗਠਨਾਂ ਦੀ ਰਿਪੋਰਟ ਸਮਾਜਿਕ ਨਿਆਂ ਮੰਤਰਾਲੇ ਦੇ ਵਿਚਾਰਧੀਨ ਹੈ।

ਭਾਰਤ ਦੀਆਂ 'ਵਿਮੁਕ' ਜਾਤੀਆਂ ਸਭ ਦੇ ਸਾਰੇ ਵਰਗਾਂ ਤੇ ਵਿਧਿ-

ਵਿਅਵਸਥਾਪਕ ਏਜੰਸੀਆਂ ਦੀ ਅਣਦੇਖੀ ਦਾ ਸ਼ਿਕਾਰ ਅੱਜ ਵੀ ਹੋ ਰਹੀਆਂ ਹਨ। ਇਕ ਮਜ਼ਬੂਤ ਸੁਰੱਖਿਆਤਮਕ ਕਨੂੰਨ ਬਣਾਏ ਬਗੈਰ ਇਨ੍ਹਾਂ ਸਮੂਹਾਂ ਨੂੰ ਤਿਰਸਕਾਰ ਤੇ ਅਣਦੇਖੀ ਤੋਂ ਛੁਟਕਾਰਾ ਨਹੀਂ ਮਿਲਣਾ। ਉਨ੍ਹਾਂ ਨੇ ਇਸ ਦੇ ਲਈ ਲਗਭਗ ਡੇਢ਼ ਸਦੀ ਤੱਕ ਇੰਤਜ਼ਾਰ ਕੀਤਾ ਹੈ ਅਤੇ ਇਹ ਉਡੀਕ ਅਜੇ ਵੀ ਜਾਰੀ ਹੈ। ਭਾਰਤ 'ਚ ਆਦੀਵਾਸੀਆਂ ਅਤੇ 'ਡਿਨੋਟੀਫਾਇਡ' ਜਨਜਾਤੀਆਂ ਲਈ ਇਕ ਸਾਂਝੀ ਕੌਮੀ ਨੀਤੀ ਬਣਾਉਣ ਦੀ ਲੋੜ ਹੈ। ਇਹ ਨੀਤੀ ਇਨ੍ਹਾਂ ਜਨਜਾਤੀਆਂ ਨੂੰ ਪੇਂਡੂ ਜੀਵਨ ਤੇ ਕੁਦਰਤ ਦੇ ਕਰੀਬ ਲਿਆਉਣ ਦੀ ਹੋਣੀ ਚਾਹੀਦੀ ਹੈ। ਨਾ ਕਿ ਵਿਕਾਸ ਦੇ ਨਾਂ 'ਤੇ ਉਨ੍ਹਾਂ ਨੂੰ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ 'ਚ ਉਜਾੜ ਕੇ ਵਸਾਉਣ, ਫਿਰ ਤੋਂ ਵਿਮੁਕ ਜਨਜਾਤੀਆਂ ਬਣਨ ਲਈ ਮਜ਼ਬੂਰ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਜਨਜਾਤੀਆਂ ਦੇ ਰਵਾਇਤੀ ਗਿਆਨ, ਸੀਮਤ ਸਾਧਨਾਂ 'ਚ ਜ਼ਿੰਦਗੀ ਜਿਉਣ ਦੀ ਸਮਝ, ਵਾਤਾਵਰਣ ਤੇ ਕੁਦਰਤੀ ਸਾਧਨਾਂ ਪ੍ਰਤੀ ਉਨ੍ਹਾਂ ਦੇ ਮਾਣ ਸਨਮਾਨ ਨਾਲ ਬਾਕੀ ਦੇਸ਼ਵਾਸੀਆਂ ਲਈ ਲੰਮੇ ਸਮੇਂ ਦੇ ਵਿਕਾਸ ਦੇ ਇਕ ਵਧੀਆ ਨਮੂਨਾ ਮਿਲ ਸਕਦਾ ਹੈ।

# ਨੌਕਰੀਆਂ ਦੇਣ ਵਾਲਿਆਂ ਨੂੰ ਸਖਤ ਬਦਲਾਅ ਦੀ ਲੋੜ ਕਿਉਂ?

ਆਉਣ ਵਾਲੇ 20 ਸਾਲਾਂ ਵਿਚ ਇਸ ਦੇਸ਼ 'ਚ ਵੱਡੀਆਂ ਰਾਜਸੀ ਤਬਦੀਲੀਆਂ ਦੀ ਪਿੱਠਭੂਮੀ 'ਚ ਲੋਕਾਂ ਦੀ ਸੋਚ ਤੇ ਕਾਰਜ ਖੇਤਰ 'ਚ ਵੱਡੀ ਤਬਦੀਲੀ ਦੇ ਆਸਾਰ ਹਨ। ਰਾਜਸੀ ਮੈਦਾਨ ਵਾਂਗੂ ਸਭ ਕੁਝ ਤੇਜ਼ੀ ਨਾਲ ਬਦਲੇਗਾ। ਇਥੋਂ ਤੱਕ ਕਿ ਸਿਰਫ ਨੌਕਰੀਆਂ ਲੱਭਣਾ, ਚਾਹੇ ਉਹ ਕੋਈ ਵੀ ਨੌਕਰੀ ਹੋਵੇ, ਕਿਸੇ ਕੰਮ ਦਾ ਨਹੀਂ ਹੋਵੇਗਾ। ਰੁਜ਼ਗਾਰ ਕੇਂਦਰਾਂ ਲਈ ਇਹ ਦੌਰ ਮੁਸ਼ਕਲ ਸਾਬਤ ਹੋਵੇਗਾ। ਫਿਲਹਾਲ ਦੇਸ਼ 'ਚ ਸਿਰਫ 0.5 ਫੀਸਦੀ ਲੋਕ ਹੀ ਰੁਜ਼ਗਾਰ ਕੇਂਦਰਾਂ 'ਚ ਨੌਕਰੀਆਂ ਲਈ ਰਜਿਸਟ੍ਰੇਸ਼ਨ ਕਰਵਾਉਂਦੇ ਹਨ। ਵੈਸੇ 2001 ਤੋਂ 2006 ਦਰਮਿਆਨ ਦੇਸ਼ ਦੀ ਆਬਾਦੀ ਇਕ ਅਰਬ ਤੋਂ ਵਧ ਕੇ ਇਕ ਅਰਬ 40 ਕਰੋੜ ਤੱਕ ਪਹੁੰਚ ਚੁੱਕੀ ਹੈ ਤੇ ਇਸ ਵਿਚੋਂ 30 ਕਰੋੜ 80 ਲੱਖ ਦੀ ਆਬਾਦੀ ਕੰਮਕਾਜੀ ਉਮਰ 15 ਤੋਂ 59 ਸਾਲਾਂ ਵਿਚਕਾਰ ਦੀ ਹੈ। ਸੰਨ 2025 ਤੱਕ ਇਸ 'ਚ ਹੈਰਾਨੀਜਨਕ ਵਾਧਾ ਤਾਂ ਹੋਵੇਗਾ ਹੀ ਨਾਲ ਹੀ ਕੁਝ ਹੋਰ ਦੂਜੀਆਂ ਗੰਭੀਰ ਸਮੱਸਿਆਵਾਂ ਵੀ ਆਉਣਗੀਆਂ। ਮਸਲਨ 2025 ਤੱਕ ਇਹ ਵੀ ਸੰਭਵ ਹੈ ਕਿ 15 ਸਾਲ ਦੀ ਉਮਰ ਤੋਂ ਹੀ ਹਰੇਕ ਸਖ਼ਸ਼ ਨੌਕਰੀ ਹਾਸਲ ਕਰਨ ਦੀ ਦੌੜ ਵਿਚ ਸ਼ਾਮਲ ਹੋ ਜਾਵੇ। ਬੱਚੇ ਇਹ ਵੀ ਅਨੁਭਵ ਕਰ ਸਕਦੇ ਹਨ ਕਿ ਉਨ੍ਹਾਂ ਨੂੰ ਗਲਤ ਪਰਿਵਾਰ 'ਚ ਜਨਮ ਲਿਆ ਹੈ ਜਾਂ ਉਹ ਇਸ ਤੋਂ ਵੀ ਬੁਰਾ ਸੋਚ ਸਕਦੇ ਹਨ ਕਿ ਉਨ੍ਹਾਂ ਦਾ ਜਨਮ ਗਲਤ ਰਾਜ ਵਿਚ ਹੋਇਆ ਹੈ। ਇਸ 'ਚੋਂ ਬਹੁਤੇ ਲੋਕ ਸਹਿਜ ਭਾਵ ਨਾਲ ਮੰਨਦੇ ਹਨ ਕਿ ਜੇ ਕਿਸੇ ਬੱਚੇ ਨੂੰ ਫੈਸਲਾ ਲੈਣ ਦਾ ਮੌਕਾ ਮਿਲੇ ਤਾਂ ਉਹ ਆਪਣੇ ਲਈ ਸਮਝਦਾਰ ਮਾਪਿਆਂ ਦੀ ਚੋਣ ਕਰੇਗਾ। ਉਹ ਇਕ ਦੂਜਾ ਮਹੱਤਵਪੂਰਨ ਫੈਸਲਾ ਵੀ ਲੈ ਸਕਦਾ ਹੈ ਕਿ ਉਸ ਨੇ ਜਨਮ ਕਿਥੇ ਲੈਣਾ ਹੈ। ਦਰਅਸਲ ਸਭਰਵਾਲ ਦੀ ਸੰਸਥਾ 'ਦ ਟੀਮ ਲੀਜ ਆਈ, ਆਈ ਜੇ ਟੀ ਦੀ ਭਾਰਤੀ ਕਿਰਤ ਰਿਪੋਰਟ 2009' ਨੂੰ ਜਲਦੀ ਹੀ ਜਾਰੀ ਕਰੇਗੀ। ਇਸ ਰਿਪੋਰਟ ਵਿਚ ਭੂਗੋਲਿਕ ਸਥਾਨ ਤੇ ਰਾਜਾਂ 'ਚ ਕਿਰਤ ਦਾਖਲੇ ਦਾ ਸਰਵੇ ਅਤੇ ਰੈਕਿੰਗ ਹੈ। ਇਸ ਤੋਂ ਇਲਾਵਾ ਰਿਪੋਰਟ ਵਿਚ ਰੁਜ਼ਗਾਰ ਦੀ ਖੇਤਰੀ ਭੂਮਿਕਾ, ਕੌਸ਼ਲ ਨਿਰਮਾਣ ਅਤੇ ਆਮਦਨੀ ਦੇ ਨਾਲ ਭਾਰਤ ਵਿਚ ਹੜਤਾਲ ਦੇ ਮਜ਼ਦੂਰੀ ਰੁਝਾਨਾਂ 'ਤੇ ਵੀ ਰੋਸ਼ਨੀ ਪਾਈ ਗਈ ਹੈ। ਨੌਕਰੀਆਂ ਪੈਦਾ ਕਰਨ ਲਈ ਸੂਬਿਆਂ ਨੂੰ ਕਿੰਨੀ ਸਖ਼ਤ ਮਿਹਨਤ ਦੀ ਲੋੜ ਹੈ, ਇਹ ਵੀ ਰਿਪੋਰਟ 'ਚ ਦੱਸਿਆ ਗਿਆ ਹੈ ਇਸ ਤੋਂ ਇਲਾਵਾ ਉਚਿਤ ਕੰਮਕਾਜੀ ਮਾਹੌਲ, ਸਿੱਖਿਆ ਦੀ ਵਰਤੋਂ ਦਾ ਪੱਧਰ ਵਧਾਉਣ ਅਤੇ ਕੌਸ਼ਲ ਵਿਕਾਸ ਲਈ ਨਵੇਂ ਤਰੀਕਿਆਂ ਨੂੰ ਉਤਸ਼ਾਹਿਤ ਕੀਤੇ ਜਾਣ ਦੀ ਵੀ ਇਸ ਰਿਪੋਰਟ 'ਚ ਚਰਚਾ ਹੈ। ਸਭਰਵਾਲ ਸਿੱਖਿਅਤ ਕਾਮਿਆਂ ਲਈ ਵਾਜਬ ਨੌਕਰੀ ਅਤੇ ਵਧਦੀ ਕੰਮਕਾਜੀ ਆਬਾਦੀ ਨਾਲ ਆਰਥਿਕ ਵਿਕਾਸ 'ਚ ਆਏ ਉਛਾਲ ਵਿਚਕਾਰੇ ਅੰਤਰ ਨੂੰ ਟ੍ਰੈਜਡੀ (ਦੁਖਦ) ਦੀ ਨਾਂ ਦਿੰਦੇ ਹਨ। ਤੱਥਾਂ ਰਾਹੀਂ ਇਹ ਸਾਫ਼ ਹੈ ਕਿ ਨੌਕਰੀਆਂ ਦਾ ਨਿਰਮਾਣ ਉਨ੍ਹਾਂ ਰਾਜਾਂ 'ਚ ਨਹੀਂ ਹੋ ਰਿਹਾ ਜਿਥੇ ਵੱਡੀ ਅਬਾਦੀ ਰਹਿੰਦੀ ਹੈ ਤਾਂ? ਜ਼ਾਹਿਰ ਹੈ ਕਿ ਇਨ੍ਹਾਂ ਵਿਚੋਂ ਹਰੇਕ ਨੂੰ ਆਰਥਿਕ ਵਿਕਾਸ

ਦੇ ਭਾਰਤੀ ਸੁਪਨਿਆਂ ਦੀ ਵੱਡੀ ਕੀਮਤ ਚੁਕਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ। ਅਸੀਂ ਉਭਰਦੇ ਹੋਏ ਨੌਜਵਾਨ ਸ਼ਕਤੀ ਭਰਪੂਰ ਦੇਸ਼ ਹੋ ਸਕਦੇ ਹਾਂ, ਪਰ ਸਾਡੇ ਇਥੇ ਬੇਰੁਜ਼ਗਾਰੀ ਸਮਰੱਥਾ ਤੋਂ ਘੱਟ ਰੁਜ਼ਗਾਰ ਵਾਲਿਆਂ, ਗੈਰਹੁਨਰਮੰਦ ਜਾਂ ਗਲਤ ਹੁਨਰਮੰਦ ਕਾਮਿਆਂ ਦੀ ਤੈਦਾਦ ਵੱਧ ਰਹੀ ਹੈ। ਹਾਲਾਂਕਿ ਲੋਕ ਸਾਫ ਤੌਰ 'ਤੇ ਖੇਤੀ ਤੋਂ ਗੈਰ ਖੇਤੀ ਪੇਂਡੂ ਤੋਂ ਸ਼ਹਿਰੀ ਗੈਰ ਜਥੇਬੰਦ ਤੋਂ ਜਥੇਬੰਦ ਅਤੇ ਸਵੈ ਰੁਜ਼ਗਾਰ ਨਿਰਬਾਹ ਤੋਂ ਤਨਖਾਹਦਾਰ ਰੁਜ਼ਗਾਰ ਵੱਲ ਜਾਣਾ ਚਾਹੁੰਦੇ ਹਨ। ਪਰ ਸਵਾਲ ਇਹ ਹੈ ਕਿ ਕੀ ਉਹ ਵੱਧ ਤੇਜ਼ ਭੱਜ ਰਹੇ ਹਨ ਅਤੇ ਕੀ ਆਬਾਦੀ ਦੀ ਬਦਲਦੀ ਰੂਪ ਰੇਖਾ ਨੂੰ ਵੇਖ ਕੇ ਰਾਜ ਤਾਲਮੇਲ ਬਿਠਾਉਣ ਦੀਆਂ ਕੋਸ਼ਿਸ਼ 'ਚ ਲੱਗਿਆ ਹੋਇਆ ਹੈ। ਅਜਿਹਾ ਨਹੀਂ ਵੀ ਹੋ ਸਕਦਾ ਹੈ। ਉਦਾਹਰਣ ਵਜੋਂ ਰਿਪੋਰਟ ਇਸ ਤੱਥ 'ਤੇ ਰੋਸ਼ਨੀ ਪਾਉਂਦੀ ਹੈ ਕਿ ਆਉਣ ਵਾਲੇ ਦਹਾਕੇ 'ਚ ਭਾਰਤ ਦੀ ਵੱਡੀ ਕੰਮਕਾਜੀ ਆਬਾਦੀ ਕਾਰਨ ਆਰਥਿਕ ਵਿਕਾਸ ਦਾ ਅਸਰ ਪਿਛੜੇ ਕਿਰਤ ਬਾਜ਼ਾਰ ਵਾਲੇ ਰਾਜਾਂ 'ਤੇ ਪਵੇਗਾ। ਇਸ 'ਚ ਇਹ ਸਮੋਇਆ ਹੋਇਆ ਹੈ ਕਿ 2020 ਤੱਕ ਉੱਤਰ ਪ੍ਰਦੇਸ਼ ਬਿਹਾਰ ਤੇ ਮੱਧ ਪ੍ਰਦੇਸ਼ ਵਿਚ 15 ਤੋਂ ਲੈ ਕੇ 59 ਸਾਲ ਦੀ ਉਮਰ ਦੀ ਆਬਾਦੀ 40 ਫੀਸਦੀ ਵਧੇਗੀ ਜਦਕਿ ਇਸ ਦੌਰਾਨ ਪੂਰੇ ਦੇਸ਼ ਦੀ ਆਮਦਨ 'ਚ ਸਿਰਫ਼ 10 ਫੀਸਦੀ ਦਾ ਹੀ ਵਾਧਾ ਹੋਵੇਗਾ। ਉਧਰ ਮਹਾਂਰਾਸ਼ਟਰ, ਗੁਜਰਾਤ, ਤਾਮਿਲਨਾਡੂ ਤੇ ਆਂਧਰਾ ਪ੍ਰਦੇਸ਼ ਭਾਰਤ ਦੀ ਕੁਲ ਘਰੇਲੂ ਪੈਦਾਵਾਰ ਦਾ ਜ਼ਿਆਦਾਤਰ ਲਗਭਗ 45 ਫੀਸਦੀ ਹਿੱਸਾ ਮੁਹੱਈਆ ਕਰਵਾਉਣਗੇ। ਨਾਲ ਹੀ ਇਹ ਰਾਜ 20 ਫੀਸਦੀ ਤੋਂ ਵੀ ਘੱਟ ਕਾਮਿਆਂ ਨੂੰ ਕਿਰਤ ਵਿਭਾਗ 'ਚ ਸ਼ਾਮਲ ਕਰਨਗੇ। ਸੰਨ 2009 ਦੀ ਭਾਰਤੀ ਕਿਰਤ ਰਿਪੋਰਟ 'ਚ ਹੁਨਰ ਤੇ ਮੰਗ ਵਿਚਕਾਰਲੀ ਖਾਈ ਦਾ ਖੁਲਾਸਾ ਕੀਤਾ ਗਿਆ ਹੈ। ਹਰੇਕ ਸਾਲ ਇਕ ਕਰੋੜ 30 ਲੱਖ ਨਵੇਂ ਲੋਕ ਕਿਰਤ ਸ਼ਕਤੀ ਦਾ ਹਿੱਸਾ ਬਣ ਰਹੇ ਹਨ ਪਰ ਇਨ੍ਹਾਂ 'ਚ ਭਿੰਨ-ਭਿੰਨ ਕਿੱਤਾ ਸਿਖਲਾਈ ਵਾਲੇ ਲੋਕ ਸਿਰਫ਼ 1.3 ਫੀਸਦੀ ਯਾਨੀ ਕਿ 2 ਲੱਖ ਤੋਂ ਵੀ ਘੱਟ ਹਨ। ਆਉਣ ਵਾਲੇ ਦਿਨਾਂ ਵਿਚ ਵੀ ਕਿੱਤਾ ਸਿਖਲਾਈ ਦੇ ਖੇਤਰ 'ਚ ਕੋਈ ਚਮਤਕਾਰ ਨਹੀਂ ਹੋਣ ਜਾ ਰਿਹਾ ਹੈ। ਕਾਲਜਾਂ 'ਚ ਵੀ ਕਿੱਤਾ ਸਿਖਲਾਈ ਪ੍ਰਬੰਧ ਦੀ ਘਾਟ ਹੈ। ਪਰ ਸਭਰਵਾਲ ਕਹਿੰਦੇ ਹਨ "ਅਸੀਂ ਸਕੂਲੀ ਸਿੱਖਿਆ ਨੂੰ ਕਿੱਤਾ ਸਿਖਲਾਈ ਨਾਲ ਬਹੁਤਾ ਨਹੀਂ ਜੋੜ ਸਕਦੇ। ਕਿਉਂਕਿ ਸਰਕਾਰ ਕਿਸੇ ਨੂੰ ਉਸ ਕੰਮ ਲਈ 6 ਮਹੀਨੇ 'ਚ ਸਿੱਖਿਅਤ ਨਹੀਂ ਕਰ ਸਕਦੀ ਜਿਸਨੂੰ ਉਸ ਨੇ 16 ਸਾਲਾਂ 'ਚ ਸਿਖਣਾ ਹੈ।" ਭੂਗੋਲਿਕ ਖੇਤਰ 'ਤੇ ਭਰਵੀਂ ਨਜ਼ਰ ਮਾਰਨ (ਪੂਰਵ ਰੈਕਿੰਗ 2006 ਦੀ ਸੀ) ਤੋਂ ਲੱਗਦਾ ਹੈ ਕਿ ਪੂਰੀ ਕਿਰਤ ਹਾਲਤ ਨੌਕਰੀਆਂ ਦੀ ਮੰਗ ਤੇ ਸਪਲਾਈ (ਪੂਰਤੀ) ਤੇ ਟਿਕੀ ਹੋਈ ਹੈ। ਉਥੇ ਕਿਰਤ ਕਨੂੰਨਾਂ 'ਤੇ ਅਮਲ ਵਿਚ ਆਂਧਰਾ ਪ੍ਰਦੇਸ਼, ਕਰਨਾਟਕਾ, ਮਹਾਂਰਾਸ਼ਟਰ ਅਵੱਲ ਹੈ। ਹਾਲਾਂਕਿ ਕਈ ਰਾਜ ਖੁਦ ਨੂੰ ਹੇਠਲੇ ਪਾਏਦਾਨ ਤੋਂ ਵੱਖ ਨਹੀਂ ਕਰ ਸਕੇ ਹਨ ਅਤੇ ਇਹ ਇਲਾਕੇ ਗਰੀਬੀ ਮਜ਼ਬੂਰੀ ਕਾਰਨ ਹਿਜਰਤ ਤੇ ਦੂਜੀਆਂ ਸਮਾਜਿਕ ਸਮੱਸਿਆਵਾਂ ਨਾਲ ਲਪੇਟੇ ਜਾ ਰਹੇ ਹਨ। ਅਬਾਦੀ ਕਿਸੇ ਨਿਯਤ ਨਹੀਂ ਹੈ ਅਤੇ ਅਜਿਹੇ ਰਾਜ ਸਿੱਖਿਆ, ਮਹੌਲ, ਰੁਜ਼ਗਾਰ ਹਾਸਲ ਕਰਨ ਦੀ ਸਮਰੱਥਾ ਤੇ ਰੁਜ਼ਗਾਰ ਦੇ ਖੇਤਰ 'ਚ ਬੇਹਤਰ ਕਰਨ ਸਬੰਧੀ ਅਹਿਮ ਪ੍ਰੋਗਰਾਮਾਂ ਨਾਲ ਆਪਣੀ ਹਾਲਤ ਸੁਧਾਰ ਸਕਦੇ ਹਨ। ਹਾਲਾਂਕਿ ਇਹਨੀ ਦਿਨੀਂ ਕਿੱਤਾ ਸਿਖਲਾਈ ਨੂੰ ਭੋਰਾ ਥਾਂ ਦੇਣ ਨਾਲ ਵੀ ਹਾਲਤ ਕੁਝ ਸੌਖੀ ਹੋ ਸਕਦੀ ਹੈ। ਇਹ ਵੀ ਯਕੀਨੀ ਬਣਾਉਣਾ ਹੋਵੇਗਾ

ਕਿ ਮਜ਼ਦੂਰ ਨੂੰ ਸਿਖਲਾਈ ਦੌਰਾਨ ਤਨਖਾਹ ਮਿਲੇ ਨਾ ਕਿ ਉਸ ਨੂੰ ਕੰਮੋ ਬਾਹਰ ਰੱਖ ਕੇ ਸਿਖਲਾਈ ਦਿੱਤੀ ਜਾਵੇ। ਬੇਰੁਜ਼ਗਾਰੀ ਤੋਂ ਇਲਾਵਾ ਸਮਰੱਥਾ 'ਚ ਕਮੀ ਨਾਲ ਭਾਰਤੀ ਲੋਕਾਂ ਦੀ ਗਰੀਬੀ ਨਾਲ ਲੜਨ ਦੀ ਯੋਗਤਾ ਤੇ ਜੀਵਨ ਸ਼ੈਲੀ 'ਤੇ ਨਾਕਾਰਤਮਕ ਅਸਰ ਪਵੇਗਾ। ਅੱਜਕਲ ਜ਼ਮੀਨੀ ਪੱਧਰ 'ਤੇ ਸਵੈ ਰੁਜ਼ਗਾਰ ਭਾਰਤ 'ਚ ਉਦਯੋਗ ਦਾ ਸਭ ਤੋਂ ਪ੍ਰਚਲਤ ਰੂਪ ਬਣ ਗਿਆ ਹੈ ਪਰ ਇਸ ਨਾਲ ਹਾਲਾਤ ਨਹੀਂ ਸੁਧਰਨਗੇ।

# ਐਮ. ਸੀ. ਆਈ. ਦਾ ਗੋਰਖ ਧੰਦਾ ਤੇ ਭਰਿਸ਼ਟਾਚਾਰ

ਸਭ ਤੋਂ ਪਹਿਲੀ ਗੱਲ ਕੋੜੇ ਸੱਚ ਦੀ। ਦੇਸ਼ ਅੰਦਰ ਪਿਛਲੇ ਇਕ ਦਹਾਕੇ ਦੌਰਾਨ ਸਥਾਪਿਤ ਹੋਏ ਉੱਚ ਸਿੱਖਿਆ ਅਦਾਰਿਆਂ ਵਿਚ ਗੁਣਵੰਣਤਾ ਦੀ ਘਾਟ ਖਤਰੇ ਦੇ ਪੱਧਰ ਤੱਕ ਪਹੁੰਚ ਚੁੱਕੀ ਹੈ। ਹੁਣ ਇਹ ਕੋਈ ਭੇਦ ਨਹੀਂ ਰਿਹਾ ਕਿ ਇਨ੍ਹਾਂ 'ਚੋਂ ਬਹੁਤੇ ਅਦਾਰੇ ਨਾ ਤਾਂ ਨਿਯਮ ਕਨੂੰਨ ਮੰਨਦੇ ਹਨ ਅਤੇ ਨਾ ਹੀ ਉਨ੍ਹਾਂ 'ਚ ਉੱਚ ਸਿੱਖਿਆ ਅਦਾਰੇ ਹੋਣ ਦੀ ਯੋਗਤਾ ਹੈ। ਇਹ ਸਭ ਇਸ ਲਈ ਹੋਇਆ ਕਿ ਦੇਸ਼ 'ਚ ਉਚ ਸਿੱਖਿਆ ਸੰਸਥਾਵਾਂ ਨੂੰ ਮਾਨਤਾ ਦੇਣ ਵਾਲੀਆਂ ਇਕਾਈਆਂ 'ਚ ਚਲ ਰਹੇ ਭਰਿਸ਼ਟਾਚਾਰ ਦੇ ਕਾਰਨ ਹੀ ਇਨ੍ਹਾਂ ਸੰਸਥਾਵਾਂ ਨੂੰ ਮਾਨਤਾ ਮਿਲ ਗਈ। ਮਾਨਤਾ ਦੇਣ ਵਾਲੀਆਂ ਮੌਜੂਦਾ ਸਮੇਂ ਦੀਆਂ 3 ਇਕਾਈਆਂ 'ਚੋਂ 5 ਤੋਂ ਵੱਧ ਭਰਿਸ਼ਟ ਹਨ। ਇਨ੍ਹਾਂ ਵਿਚੋਂ ਆਲ ਇੰਡੀਆ ਕੌਂਸਿਲ ਫਾਰ ਐਕਨੀਕਲ ਐਜੂਕੇਸ਼ਨ (AICTE) ਅਤੇ ਪਿੱਛੇ ਜਿਹੇ ਭੰਗ ਕੀਤੀ ਗਈ ਮੈਡੀਕਲ ਕਾਊਂਸਿਲ ਆਫ ਇੰਡੀਆ (MCI) ਜੋ ਇੰਜਨੀਰਿੰਗ ਤੇ ਮੈਡੀਕਲ ਕਾਲਜਾਂ ਨੂੰ ਮਾਨਤਾ ਦੇਣ ਵਾਲੀ ਸੰਸਥਾ ਹੈ। ਇਸ ਨੂੰ ਤੁਸੀਂ ਦੇਸ਼ ਦੇ ਸਭ ਤੋਂ ਭਰਿਸ਼ਟ ਅਦਾਰਿਆਂ 'ਚ ਗਿਣ ਸਕਦੇ ਹੋ। ਇਸ ਦਾ ਪੁਖਤਾ ਸਬੂਤ ਇਸ ਸਾਲ ਦੀ ਸ਼ੁਰੂਆਤ 'ਚ ਉਦੋਂ ਮਿਲਿਆ ਜਦੋਂ ਐਮ. ਸੀ. ਆਈ. ਦੇ ਮੁਖੀ ਕੇਤਨ ਦੇਸਾਈ ਨੂੰ ਮਾਨਤਾ ਦੇਣ ਬਦਲੇ ਰਿਸ਼ਵਤ ਵਜੋਂ ਦੋ ਕਰੋੜ ਰੁਪਏ ਮੰਗਦਿਆਂ ਗ੍ਰਿਫਤਾਰ ਕੀਤਾ ਗਿਆ। ਸੀ. ਬੀ. ਆਈ. ਦੇ ਇਕ ਅਧਿਕਾਰੀ ਨੇ ਦੱਸਿਆ ਕਿ "ਸਾਨੂੰ ਮੈਡੀਕਲ ਕਾਲਜਾਂ ਦੇ ਭਰਿਸ਼ਟਾਚਾਰ ਦੀਆਂ 164 ਸ਼ਿਕਾਇਤਾਂ ਮਿਲੀਆਂ ਅਤੇ ਅਸੀਂ ਜਾਂਚ ਕਰ ਰਹੇ ਹਾਂ। ਕਈਆਂ ਬਾਰੇ ਸਾਨੂੰ ਮਹੱਤਵਪੂਰਨ ਜਾਣਕਾਰੀ ਵੀ ਹੈ। ਸੂਤਰਾਂ ਮੁਤਾਬਿਕ ਸੀ. ਬੀ. ਆਈ. ਦੀ ਜਾਂਚ ਦੇ ਦਾਇਰੇ 'ਚ ਚੇਨਈ, ਕਲਕੱਤਾ, ਉਦੈਪੁਰ ਤੋਂ ਸਿਵਾਏ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਗੁਜਰਾਤ, ਪੰਜਾਬ, ਆਂਧਰਾ ਤੇ ਝਾਰਖੰਡ ਦੇ ਕਰੀਬ 40 ਮੈਡੀਕਲ ਕਾਲਜ ਆ ਸਕਦੇ ਹਨ। ਭਾਰਤ 'ਚ ਮਾਨਤਾ ਕਰਨ ਵਾਲੀ ਦੂਜੀ ਸਭ ਤੋਂ ਵੱਡੀ ਸੰਸਥਾ AICTE ਦੀ ਹੈ। ਪਿਛਲੇ ਸਾਲ ਜੁਲਾਈ 'ਚ ਸੀ. ਬੀ. ਆਈ. ਨੇ ਏ. ਆਈ. ਸੀ. ਟੀ. ਈ. ਦੇ ਮੈਂਬਰ ਤੇ ਸਕੱਤਰ ਕੇ. ਨਰਾਇਣ ਰਾਓ ਨੂੰ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੇ ਚੇਅਰਮੈਨ ਆਰ. ਏ. ਯਾਦਵ ਨੂੰ ਵੀ ਭਰਿਸ਼ਟਚਾਰ ਦੇ ਕੇਸ ਦੀ ਜਾਂਚ ਦੌਰਾਨ ਸਸਪੈਂਡ ਕੀਤਾ ਜਾ ਚੁੱਕਿਆ ਹੈ। ਆਈ. ਆਈ. ਟੀ. ਰੁੜਕੀ ਦੇ ਸਾਬਕਾ ਨਿਰਦੇਸ਼ਕ ਪ੍ਰੇਮਵਰਤ ਕਹਿੰਦੇ ਹਨ "ਬਹੁਤ ਨਵੇਂ ਕਾਲਜਾਂ ਦਾ ਧਿਆਨ-ਸਜਾਵਟ 'ਤੇ ਹੈ। ਇਨ੍ਹਾਂ ਕੋਲ ਬੁਨਿਆਦੀ ਸਹੂਲਤਾਂ ਤੇ ਸਿੱਖਿਆ ਦੀ ਗੁਣਵੰਣਤਾ ਤੇ ਸਹੀ ਅਧਿਆਪਕਾਂ ਦੀ ਘਾਟ ਹੈ।" ਉੱਤਰ ਪ੍ਰਦੇਸ਼ 1996 ਤਾਂ ਸਿਰਫ 12 ਇੰਜਨੀਰਿੰਗ ਕਾਲਜ ਵੱਧ ਗਏ ਹਨ। ਸਤੀਸ਼ਗੜ੍ਹ 'ਚ ਸਿਰਫ਼ ਇਕ ਸਾਲ ਦੌਰਾਨ 100 ਇੰਜਨੀਰਿੰਗ ਕਾਲਜ ਵੱਧ ਗਏ ਹਨ। ਸਤੀਸ਼ਗੜ੍ਹ 'ਚ ਸਿਰਫ਼ ਇਕ ਸਾਲ ਦੌਰਾਨ 100 ਤੋਂ ਵੱਧ ਨਿੱਜੀ ਯੂਨੀਵਰਸਿਟੀਆਂ ਦੀ ਸਥਾਪਨਾ ਹੋਈ। ਗਿਆਨ ਕਮਿਸ਼ਨ ਦੇ ਸਾਬਕਾ ਮੈਂਬਰ ਪੁਸ਼ਪ ਮੋਹਨ ਭਾਰਗਵ ਕਹਿੰਦੇ ਹਨ "ਭਾਰਤ 'ਚ ਵੀਹ ਹਜ਼ਾਰ ਮਸ਼ਹੂਰ ਕਾਲਜਾਂ 'ਚ ਭਰਿਸ਼ਟਾਚਾਰ ਖੂਬ ਹੈ। ਕੇਂਦਰ ਸਰਕਾਰ ਵਲੋਂ 44 ਡੀਮਡ ਯੂਨੀਵਰਸਿਟੀਆਂ ਨੂੰ ਖਤਮ ਕੀਤੇ ਜਾਣ ਨਾਲ ਉਥੇ ਪੜ੍ਹੇ ਰਹਿ

ਵਿਦਿਆਰਥੀਆਂ ਦਾ ਭਵਿੱਖ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੱਕ ਲਟਕ ਗਿਆ ਹੈ। ਨੈਸਕਾਮ ਦਾ ਇਕ ਅਧਿਐਨ ਦੱਸਦਾ ਹੈ ਕਿ ਭਾਰਤ ਦੇ ਇੰਜਨੀਰਿੰਗ ਸਨਾਤਕਾਂ ’ਚ ਸਿਰਫ਼ 25 ਫੀਸਦੀ ਨੌਕਰੀ ਦੇ ਕਾਬਲ ਹਨ। ਬਾਕੀਆਂ ’ਚ ਤਕਨੀਕੀ ਸਮਰੱਥਾ ਦੀ ਘਾਟ ਦੇ ਨਾਲ-ਨਾਲ ਅੰਗਰੇਜ਼ੀ ਭਾਸ਼ਾ ਦਾ ਗਿਆਨ ਵੀ ਦੇਖਿਆ ਗਿਆ ਹੈ।

ਸਰਕਾਰ ਨੇ ਉੱਚ ਸਿੱਖਿਆ ਅਤੇ ਕਾਲਜਾਂ ਨੂੰ ਮਾਨਤਾ ਦੇਣ ਵਾਲੀਆਂ ਸੰਸਥਾਵਾਂ ਦੀਆਂ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਯਸ਼ਪਾਲ ਸੰਮਤੀ ਦਾ ਗਠਨ ਕੀਤਾ ਇਸ ਸੰਮਤੀ ਦੀ ਰਿਪੋਰਟ ਪਿਛਲੇ ਸਾਲ ਜਾਰੀ ਹੋ ਗਈ ਹੈ। ਇਸ ਮੁਤਾਬਿਕ ਸਿੱਖਿਆਂ ਦੀਆਂ ਸਾਰੀਆਂ ਧਾਰਾਵਾਂ ਦੀ ਨਿਗਰਾਨੀ ਲਈ ਇਕੀਕ੍ਰਿਤ ਸੰਸਥਾ ਦੀ ਵਕਾਲਤ ਕੀਤੀ ਗਈ ਹੈ। ਸਰਕਾਰ ਵਲੋਂ ਬਣਾਈ ਗਈ ਟਾਸਕ ਫੋਰਸ ਨੇ ਨੈਸ਼ਨਲ ਕਮਿਸ਼ਨ ਆਫ ਹਾਇਰ ਏਜੂਕੇਸ਼ਨ ਐਂਡ ਰਿਸਰਚ (ਕੌਮੀ ਉੱਚ ਸਿੱਖਿਆ ਤੇ ਖੋਜ ਕਮਿਸ਼ਨ=NCHER) ਦੇ ਗਠਨ ਦਾ ਪ੍ਰਸਤਾਵ ਤਿਆਰ ਕੀਤਾ ਗਿਆ। ਪਰ ਇਸ ਦਾ ਢਾਂਚਾ ਤੇ ਕਾਰਜ ਖੇਤਰ ਯਸ਼ਪਾਲ ਸੰਮਤੀ ਤੋਂ ਵੱਖਰਾ ਹੈ। ਪ੍ਰਸਤਾਵਿਤ ਬਿੱਲ ਮੁਤਾਬਕ ਡਾਕਟਰੀ ਕਨੂੰਨੀ ਤੇ ਖੇਤੀ ਅਧਿਐਨ ਨੂੰ ਕਮਿਸ਼ਨ ਦੀ ਨਿਗਰਾਨੀ ਲਈ ਕੀਤੀ ਗਈ ਸੀ। ਜਾਣਕਾਰਾਂ ਮੁਤਾਬਿਕ ਇਸ ਨਾਲ ਭਰਿਸ਼ਟਾਚਾਰ ਤੇ ਲਾਲਫੀਤਾਸ਼ਾਹੀ ਦੀ ਗੁੰਜਾਇਸ਼ ਬਣੀ ਰਹੇਗੀ ਜਦ ਕਿ ਇਸ ਕਮਿਸ਼ਨ ਨੂੰ ਸਭ ਤੋਂ ਪਹਿਲਾਂ ਇਸ ਨੂੰ ਹੀ ਖਤਮ ਕਰਨਾ ਸੀ। ਰਿਪੋਰਟ ਬਾਬਤ ਪ੍ਰੋ. ਯਸ਼ਪਾਲ ਦਾ ਕਹਿਣਾ ਹੈ ਕਿ “ਅਸੀਂ ਇਕ ਚੰਗੀ ਰਿਪੋਰਟ ਬਣਾਈ ਸੀ ਉਨ੍ਹਾਂ ਨੇ ਘਾਲਾ-ਮਾਲਾ ਕੀਤਾ ਹੋਵੇਗਾ। ਅਸੀਂ ਸੁਝਾਅ ਦਿੱਤਾ ਸੀ ਕਿ AICTE, MCI ਅਤੇ UGC ਨੂੰ ਭੰਗ ਕਰਕੇ ਉਨ੍ਹਾਂ ਦੀ ਥਾਂ ਇਕ ਹੀ ਸੰਗਠਨ ਬਣਾਇਆ ਜਾਵੇ। ਪਰ ਇਹ ਨਹੀਂ ਹੋ ਰਿਹਾ ਹੈ। ਮੈਂ ਨਿੱਜੀ ਤੌਰ ’ਤੇ ਮੰਨਦਾ ਹਾਂ ਕਿ ਜੇ ਤੁਸੀਂ ਇਸ ਮੂਲ ਸੋਚ ਤੋਂ ਭਟਕਦੇ ਹੋ ਤਾਂ ਆਪ ਕੋਈ ਤਬਦੀਲੀ ਨਹੀਂ ਲਿਆ ਸਕਦੇ। ਇਕ ਲੰਗੜੀ ਸੰਸਥਾ ਕਿਤੇ ਵੱਧ ਨੁਕਸਾਨ ਪਹੁੰਚਾਏਗੀ।

# ਫਰਜੀ ਪੁਲਸ ਮੁਕਾਬਲੇ ਤੇ ਹਿਰਾਸਤੀ ਮੌਤਾਂ ਕਿੰਨੀਆਂ ਕੁ?

ਇਕ ਕੌਮੀ ਸਮਾਚਾਰ ਪੱਤਰ ਨੇ 20 ਅਪ੍ਰੈਲ ਨੂੰ ਇਕ ਖਬਰ ਪ੍ਰਕਾਸ਼ਿਤ ਕੀਤੀ। ਉੱਤਰ ਪ੍ਰਦੇਸ਼ 'ਚ ਪੁਲਸ ਵਲੋਂ ਹਿਰਾਸਤ 'ਚ ਹੋ ਰਹੀਆਂ ਮੌਤਾਂ ਬਾਰੇ। ਇਹ ਖਬਰ ਇਨ੍ਹਾਂ ਅੰਕੜਿਆਂ ਦੇ ਨਾਲ ਛਪੀ ਕਿ ਪੁਲਸ ਹਿਰਾਸਤ ਵਿਚ 2006 'ਚ 7 ਮੌਤਾਂ 2008 'ਚ 5 ਮੌਤਾਂ 2009 'ਚ 4 ਮੌਤਾਂ, 2010 'ਚ (ਜਨਵਰੀ ਤੋਂ ਅਪ੍ਰੈਲ ਤੱਕ) 9 ਮੌਤਾਂ, ਜਿਨ੍ਹਾਂ 'ਚ ਦੋ ਲੋਕ ਫਰਜ਼ੀ ਮੁਕਾਬਲਿਆਂ 'ਚ ਮਾਰੇ ਗਏ ਸਨ। ਇਹ ਤੱਥ ਇਕ ਵਾਰੀ ਫਿਰ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਡੇਢ ਸੌ ਸਾਲ ਦੀ ਅੰਗਰੇਜ਼ੀ ਹਕੂਮਤ ਨੇ ਉਨ੍ਹੇ ਲੋਕਾਂ ਨੂੰ ਮੌਤ ਦੇ ਘਾਟ ਨਹੀਂ ਉਤਾਰਿਆ ਜਿਨ੍ਹਾਂ 63 ਸਾਲਾਂ ਦੀ ਭਾਰਤੀ ਹਕੂਮਤ ਨੇ। ਇਹ ਗੱਲ ਅੱਗੇ ਦਿੱਤੇ ਹੋਰ ਤੱਥਾਂ ਤੋਂ ਸਾਫ ਤੌਰ 'ਤੇ ਦਿਸਣ ਲੱਗੇਗੀ। ਹਿਊਮਨ ਰਾਈਟਸ ਵਾਚ ਨੇ 7 ਅਗਸਤ 2009 ਨੂੰ ਲਖਨਊ ਵਿਚ ਇਕ ਰਿਪੋਰਟ ਜਾਰੀ ਕੀਤੀ ਜਿਸ ਦਾ ਸਿਰਲੇਖ ਹੈ 'ਬ੍ਰੋਕਨ ਸਿਸਟਮ, ਡਿਸਫੰਕਸ਼ਨਲ ਐਬਿਊਜ਼ ਐਂਡ ਇਮੂਨਿਟੀ ਇਨ ਇੰਡੀਅਨ ਪੁਲਸ ਇਸ ਰਿਪੋਰਟ ਦੀ ਸ਼ੁਰੂਆਤ ਇਕ ਪੁਲਸ ਅਧਿਕਾਰੀ ਦੇ ਇਸ ਕਬੂਲਨਾਮੇ ਤੋਂ ਹੁੰਦੀ ਹੈ ਕਿ "ਇਸ ਹਫਤੇ ਮੈਨੂੰ ਇਕ ਇਨਕਾਊਂਟਰ ਕਰਨ ਲਈ ਕਿਹਾ ਗਿਆ ਹੈ, ਮੈਂ ਉਸ ਦੀ ਭਾਲ ਕਰ ਰਿਹਾ ਹਾਂ, ਮੈਂ ਉਸ ਨੂੰ ਮਾਰ ਦਿਆਂਗਾ। ਹੋ ਸਕਦਾ ਹੈ ਕਿ ਮੈਨੂੰ ਜੇਲ੍ਹ ਭੇਜ ਦਿੱਤਾ ਜਾਵੇ ਪਰ ਜੇ ਮੈਂ ਅਜਿਹਾ ਨਹੀਂ ਕਰਦਾ ਤਾਂ ਨੌਕਰੀ ਚਲੀ ਜਾਵੇਗੀ।" ਇਹ ਕਬੂਲ ਨਾਮਾ ਉੱਤਰ ਪ੍ਰਦੇਸ਼ ਪੁਲਸ ਦੀ ਕਾਰਜ ਪ੍ਰਣਾਲੀ ਬਾਰੇ ਕਾਫੀ ਕੁਝ ਦੱਸਦਾ ਹੈ। ਪਿਛਲੇ ਸਾਰੇ ਸਾਲਾਂ ਵਿਚ ਮੁਠਭੇੜਾਂ ਰਾਹੀਂ ਦੇਸ਼ 'ਚ ਹੋਏ ਕਤਲਾਂ ਲਈ ਉੱਤਰ ਪ੍ਰਦੇਸ਼ ਪੁਲਸ ਦੀ ਕਾਰਜ ਪ੍ਰਣਾਲੀ ਬਾਰੇ ਕਾਫੀ ਕੁਝ ਦੱਸਦਾ ਹੈ। ਪਿਛਲੇ ਸਾਰੇ ਸਾਲਾਂ ਵਿਚ ਮੁਠਭੇੜਾਂ ਰਾਹੀਂ ਦੇਸ਼ 'ਚ ਹੋਏ ਕਤਲਾਂ ਲਈ ਉੱਤਰ ਪ੍ਰਦੇਸ਼ ਖੂੰਖਾਰ ਰਿਹਾ ਹੈ। ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ 2006 'ਚ ਭਾਰਤ 'ਚ ਪੁਲਸ ਮੁਕਾਬਲਿਆਂ 'ਚ ਹੋਈਆਂ 122 ਮੌਤਾਂ ਵਿਚੋਂ 82 ਇਕੱਲੇ ਉੱਤਰ ਪ੍ਰਦੇਸ਼ 'ਚ ਹੋਈਆਂ ਹਨ। 2007 'ਚ ਇਹ ਗਿਣਤੀ 48 ਸੀ ਜੋ ਦੇਸ਼ 'ਚ ਹੋਈਆਂ 95 ਮੌਤਾਂ ਦੇ 50 ਫੀਸਦੀ ਤੋਂ ਵੱਧ ਸੀ। 2008 ਵਿਚ ਜਦ ਦੇਸ਼ ਭਰ 'ਚ 103 ਲੋਕ ਪੁਲਸ ਮੁਕਾਬਲਿਆਂ 'ਚ ਮਾਰੇ ਗਏ ਤਾਂ ਉਤਰ ਪ੍ਰਦੇਸ਼ 'ਚ ਇਹ ਗਿਣਤੀ 41 ਸੀ। 2009 ਵਿਚ ਉੱਤਰ ਪ੍ਰਦੇਸ਼ ਪੁਲਸ ਨੇ 83 ਲੋਕਾਂ ਨੂੰ ਮੁਕਾਬਲਿਆਂ 'ਚ ਮਾਰ ਕੇ ਆਪਣੇ ਹੀ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। ਇੰਡੀਅਨ ਸੈਂਟਰ ਫਾਰ ਹਿਊਮਨ ਰਾਈਟਸ ਦੀ 'ਟਾਰਚਰ ਇਨ ਇੰਡੀਆ' ਨਾਮਕ ਰਿਪੋਰਟ 'ਚ ਪੁਲਸ ਹਿਰਾਸਤ 'ਚ ਹੋਈਆਂ ਰਿਪੋਰਟਾਂ 'ਤੇ ਰੋਸ਼ਨੀ ਪਾਈ ਗਈ ਹੈ। ਇਹ ਰਿਪੋਰਟ ਇਹ ਦੱਸਦੀ ਹੈ ਕਿ ਪਿਛਲੇ 8 ਸਾਲਾਂ ਵਿਚ (ਅਪ੍ਰੈਲ 2001 ਤੋਂ 31 ਮਾਰਚ 2009 ਵਿਚਕਾਰ) ਦੇਸ਼ ਭਰ 'ਚ ਇਕ ਅਨੁਮਾਨ ਅਨੁਸਾਰ ਪੁਲਿਸ ਹਿਰਾਸਤ 'ਚ ਤਕਰੀਬਨ 1184 ਮੌਤਾਂ ਹੋਈਆਂ। ਹਿਰਾਸਤ 'ਚ ਹੋਈਆਂ ਮੌਤਾਂ 'ਚੋਂ ਸਭ ਤੋਂ ਵੱਧ ਮਹਾਂਰਾਸ਼ਟਰ 'ਚ ਹੋਈਆਂ (129) ਉੱਤਰ ਪ੍ਰਦੇਸ਼ 128 ਮੌਤਾਂ ਦੇ ਨਾਲ ਇਸ ਮਾਮਲੇ 'ਚ ਦੂਜੀ ਥਾਂ 'ਤੇ ਰਿਹਾ। ਰਿਪੋਰਟ 'ਚ ਅੱਗੇ ਇਹ ਵੀ ਕਿਹਾ ਗਿਆ ਹੈ ਕਿ ਮੌਤਾਂ ਦੀ ਇਹ ਗਿਣਤੀ ਪੁਲਸ ਹਿਰਾਸਤ 'ਚ ਮੌਤਾਂ ਦੀ ਅਸਲ ਗਿਣਤੀ ਨਹੀਂ ਦੱਸਦੀ ਹੈ। ਦਰਅਸਲ ਦੇਸ਼ 'ਚ ਹਿਰਾਸਤੀ ਮੌਤਾਂ ਦੇ ਜੋ ਕੇਸ ਉਪਰੋਕਿਤ ਸੰਸਥਾ ਵਲੋਂ ਮਨੁੱਖੀ ਅਧਿਕਾਰ ਕਮਿਸ਼ਨ ਦੇ ਧਿਆਨ 'ਚ ਲਿਆਂਦੇ ਗਏ,

ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਪੁਲਸ ਨੇ ਹਿਰਾਸਤ 'ਚ ਹੋਈਆਂ ਮੌਤਾਂ ਦੀ ਜਾਣਕਾਰੀ ਨਹੀਂ ਦਿੱਤੀ ਹੈ। ਹਾਲਾਂਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਸਪੱਸ਼ਟ ਨਿਰਦੇਸ਼ ਹੈ ਕਿ ਪੁਲਸ ਹਿਰਾਸਤ 'ਚ ਹੋਈਆਂ ਮੌਤਾਂ ਦੀ ਜਾਣਕਾਰੀ 24 ਘੰਟੇ ਦੇ ਅੰਦਰ-ਅੰਦਰ ਦਿੱਤੀ ਜਾਵੇ ਪਰ ਉੱਤਰ ਪ੍ਰਦੇਸ਼ ਪੁਲਸ ਵਲੋਂ ਇਸ ਦੀ ਉਲੰਘਣਾ ਬਦਸਤੂਰ ਜਾਰੀ ਹੈ। ਉੱਤਰ ਪ੍ਰਦੇਸ਼ ਪੁਲਸ ਵਲੋਂ ਜਾਰੀ ਕੀਤੇ ਗਏ ਅਪਰਾਧਾਂ ਦੇ ਅੰਕੜਿਆਂ 'ਚ ਇਸ ਪ੍ਰਕਾਰ ਦੀਆਂ ਮੌਤਾਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਹੈ। ਉੱਤਰ ਪ੍ਰਦੇਸ਼ 'ਚ ਦਲਿਤਾਂ ਦੀ ਮਸੀਹਾ ਕਹੀ ਜਾਂਦੀ ਮੁੱਖ ਮੰਤਰੀ ਮਾਇਆਵਤੀ ਦਾ ਰਾਜ ਹੈ ਜੋ ਆਪਣੀ ਹਰ ਰੈਲੀ ਤੇ ਸਭਾ ਵਿਚ ਦਲਿਤਾਂ ਦਾ ਦਮ ਭਰਦੀ ਹੈ। ਉਸ ਦਾ ਮੂਲ ਮੰਤਰ ਹੈ "ਬਹੁਜਨ ਹਿਤਾਏ-ਬਹੁਜਨ ਸੁਖਾਏ।" ਉੱਤਰ ਪ੍ਰਦੇਸ਼ 'ਚ ਇਹ ਮੁਹਤਰਮਾ ਕਨੂੰਨ ਦਾ ਰਾਜ ਕਾਇਮ ਕਰਨ 'ਤੇ ਤੁਲੀ ਰਹਿੰਦੀ ਹੈ। ਉਥੋਂ ਦੀ ਪੁਲਸ ਕਿਸ ਤਰ੍ਹਾਂ ਬਲੇਗਾਮ ਹੋ ਕੇ 'ਕਨੂੰਨ ਦਾ ਰਾਜ' ਚਲਾ ਰਹੀ ਹੈ। ਆਪਣੇ ਅੰਕੜਿਆਂ ਵਿਚ ਦੇਖਿਆ ਅਤੇ ਹੋਰ ਆਪਣੀ ਜ਼ਿੰਦਗੀ ਦੇ ਰੋਜ਼ਾਨਾ ਤਜ਼ਰਬਿਆਂ ਤੋਂ ਜਾਣਦੇ ਹੋ। ਹੁਣ ਪੁਲਸ ਹੀ ਜੱਜਾਂ ਦੀ ਕੁਰਸੀ 'ਤੇ ਬਿਰਾਜਮਾਨ ਦਿਸਦੀ ਹੈ। ਉਸ ਅਨੁਸਾਰ ਹਰ ਅਪਰਾਧ ਦੀ ਇਕ ਹੀ ਸਜ਼ਾ ਹੈ ਅਤੇ ਉਹ ਹੈ ਸਜ਼ਾਏ ਮੌਤ। ਨਾ ਕੋਈ ਕੋਰਟ ਕਚਹਿਰੀ ਦਾ ਚੱਕਰ, ਨਾ ਕੋਈ ਝੰਜਟ, ਨਿਆਂ ਆਨ ਦਾ ਸਪਾਟ। ਹੁਣ ਜਦ ਤੁਸੀਂ ਹਿਰਾਸਤ 'ਚ ਮਰਨ ਵਾਲੇ ਲੋਕਾਂ ਬਾਰੇ ਪਤਾ ਕਰਦੇ ਹੋ ਤਾਂ ਤੁਸੀਂ ਵੇਖਦੇ ਹੋ ਕਿ ਉਹ ਸਾਰੇ ਗਰੀਬ ਪਿਛੋਕੜ ਨਾਲ ਸਬੰਧ ਰੱਖਦੇ ਹਨ। ਜ਼ਿਆਦਾਤਰ ਕੇਸਾਂ 'ਚ ਉਹ ਦਲਿਤ ਪਰਿਵਾਰਾਂ ਦੇ ਹੁੰਦੇ ਹਨ, ਜਿਨ੍ਹਾਂ ਦੀ ਆਵਾਜ਼ ਸੁਨਣ ਵਾਲਾ ਕੋਈ ਨਹੀਂ ਹੁੰਦਾ। ਰਾਜਧਾਨੀ ਲਖਨਊ 'ਚ ਹੋਏ ਇਕ ਸੰਮੇਲਨ 'ਚ ਉੱਤਰ ਪ੍ਰਦੇਸ਼ ਦੇ ਪੁਲਸ ਮੁਖੀ ਕਰਮਵੀਰ ਦਾ ਕਹਿਣਾ ਸੀ ਕਿ ਜੋ ਲੋਕ ਮਰਦੇ ਹਨ ਉਹ ਸਮਾਜਿਕ ਆਰਥਿਕ ਤੌਰ 'ਤੇ ਕਮਜ਼ੋਰ ਹੁੰਦੇ ਹਨ। ਕਦੀ ਇਨਾਮੀ ਅਪਰਾਧੀ ਦੀ ਪੁਲਸ ਹਿਰਾਸਤ 'ਚ ਮੌਤ ਨਹੀਂ ਹੁੰਦੀ। ਇਸ ਤੋਂ ਸਪੱਸ਼ਟ ਹੈ ਕਿ ਨਿਆਂ ਕਿਸ ਦੇ ਹੱਕ 'ਚ ਖੜਦਾ ਹੈ। ਇਕ ਹਾਲੀਆ ਘਟਨਾ 'ਤੇ ਨਜ਼ਰ ਮਾਰੋ। ਹਿਰਾਸਤ 'ਚ ਮਾਰੇ ਗਏ ਇਕ ਦਲਿਤ ਹਰਿਆਰ ਦੀ ਪੁਲਸ ਨੇ ਜਬਰੀ ਸੰਸਕਾਰ ਮਿੱਟੀ ਦਾ ਤੇਲ ਪਾ ਕੇ ਕਰ ਦਿੱਤਾ। ਪਰਿਵਾਰ ਨੂੰ ਸੂਹ ਤੱਕ ਨਹੀਂ ਲੱਗਣ ਦਿੱਤੀ। ਅਖਬਾਰਾਂ 'ਚ ਖ਼ਬਰ ਆਉਣ 'ਤੇ ਮਾਇਆਵਤੀ ਦਾ ਬਿਆਨ ਸੀ ਕਿ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ। ਪਰ ਉਸੇ ਦਿਨ ਖਬਰ ਛਪੀ ਕਿ ਪੁਲਸ ਥਾਣੇ 'ਚ ਦਲਿਤ ਔਰਤ ਨਾਲ ਸਮੂਹਿਕ ਬਲਾਤਕਾਰ ਭਾਰਤ 'ਚ ਅਪਰਾਧਾਂ 'ਤੇ ਜਾਰੀ ਇਕ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਦੱਸਦੀ ਹੈ ਕਿ 2008 'ਚ ਉੱਤਰ ਪ੍ਰਦੇਸ਼ ਦੇ ਪੁਲਸੀਆਂ ਖਿਲਾਫ਼ ਮਨੁੱਖੀ ਅਧਿਕਾਰ ਕਮਿਸ਼ਨ ਕੋਲ 6015 ਸ਼ਿਕਾਇਤਾਂ ਮਨੁੱਖ ਅਧਿਕਾਰ ਦੇ ਉਲੰਘਣਾ ਦੀਆਂ ਹਨ ਪਰ ਕੇਸ ਸਿਰਫ ਇਕ ਹੀ ਦਰਜ ਹੋਇਆ। ਜਿਸ 'ਚ ਤਿੰਨ ਪੁਲਸੀਆਂ ਖਿਲਾਫ਼ ਚਾਰਜਸ਼ੀਟਾਂ ਦਾਖਲ ਕੀਤੀਆਂ ਗਈਆਂ। ਬਾਕੀ ਅਮਲੇ ਫਾਇਲਾਂ 'ਚ ਦਬ ਕੇ ਰਹਿ ਗਏ। ਇਸ ਤਰ੍ਹਾਂ ਹਿਰਾਸਤੀ ਮੌਤਾਂ ਵੀ ਕਿਸੇ ਪੁਲਸੀਏ ਖਿਲਾਫ਼ ਸ਼ਾਇਦ ਹੀ ਕੋਈ ਮੁਕੱਦਮਾ ਦਰਜ ਹੋਇਆ। ਉਲਟਾ ਉਨ੍ਹਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ। ਜਲਦੀ ਤਰੱਕੀ ਲਈ ਹੁਣ ਪੁਲਸ ਅਜਿਹੇ ਕਾਰਨਾਮਿਆਂ ਨੂੰ ਜਲਦੀ ਅੰਜ਼ਾਮ ਦੇਵੇਗੀ। ਪੁਲਸ ਦਾ ਇਹ ਵਰਤਾਅ ਵਿਵਸਥਾ ਦਾ ਅੰਗ ਹੀ ਹੈ। ਇਸ ਨੂੰ ਵਿਵਸਥਾ 'ਚ ਰਹਿੰਦਿਆਂ ਦਰੁਸਤ ਨਹੀਂ ਕੀਤਾ ਜਾ ਸਕਦਾ।

# ਰੇਲ ਦੁਰਘਟਨਾਵਾਂ-ਕਸੂਰ ਕਿਸ ਦਾ?

ਪੱਛਮੀ ਬੰਗਾਲ 'ਚ ਉਨ੍ਹਾਂ ਦਾ ਨਾਹਰਾ ਮਾਂ, ਮਿੱਟੀ ਤੇ ਮਨੁੱਖ ਨਾਲ ਜੁੜਿਆ ਹੈ। ਇਸ ਤੋਂ ਤੁਸੀਂ ਅੰਦਾਜ਼ਾ ਲਾਓ ਕਿ ਇਸ ਤਰ੍ਹਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਨੇਤਾ ਨੂੰ ਆਮ ਲੋਕਾਂ ਦੀ ਜ਼ਿੰਦਗੀ ਦੀ ਕਿੰਨੀ ਪ੍ਰਵਾਹ ਹੋਵੇਗੀ, ਪਰ ਜ਼ਾਹਿਰ ਹੈ ਮਮਤਾ ਬੈਨਰਜੀ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ। ਦੀਦੀ ਕੋਲ ਸਮਾਂ ਹੈ ਤਾਂ ਸਿਰਫ਼ ਰਾਜਨੀਤੀ ਦੀਆਂ ਖੇਡਾਂ ਖੇਡਣ ਦਾ ਅਤੇ ਉਨ੍ਹਾਂ ਨੇ ਮਨੁੱਖੀ ਜ਼ਿੰਦਗੀ ਪ੍ਰਤੀ ਭਿਆਨਕ ਢੀਠਤਾਈ ਵਿਖਾਈ ਹੈ। ਵਰਨਾ ਕੋਈ ਕਿਵੇਂ ਸੁਰੱਖਿਆ ਪੱਖੋਂ ਬੇਹੱਦ ਮਹੱਤਵਪੂਰਨ ਮਾਮਲੇ ਨੂੰ ਦਰੁਸਤ ਕਰਨ ਵੱਲ ਇਕ ਕਦਮ ਵਧਾਏ ਬਿਨਾਂ ਹੀ ਪਿਛਲੇ ਸਾਲ ਭਰ 'ਚ ਹੋਈਆਂ 200 ਦੁਰਘਟਨਾਵਾਂ ਅਤੇ 500 ਮੌਤਾਂ ਪ੍ਰਤੀ ਅਣਭਿੱਜ ਰਹਿ ਸਕਦਾ ਹੈ? ਲੱਗਦਾ ਹੈ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਵਜੋਂ ਹਕੂਮਤ ਕਰਨ ਦੀ ਲਾਲਸਾ ਉਨ੍ਹਾਂ 'ਤੇ ਇਸ ਹੱਦ ਤੱਕ ਹਾਵੀ ਹੋ ਗਈ ਹੈ ਕਿ ਉਹ ਦੇਸ਼ ਦੇ ਸਭ ਤੋਂ ਵੱਡੇ ਵਿਭਾਗ ਦੀ ਮੁਖੀ ਵਜੋਂ ਜ਼ਿੰਮੇਵਾਰੀ ਨਹੀਂ ਸਮਝ ਰਹੀ ਹੈ। 19 ਜੁਲਾਈ ਨੂੰ ਸੇਥਿਆ ਦੁਰਘਟਨਾ ਪਿਛੋਂ ਜਿਸ 'ਚ 66 ਲੋਕਾਂ ਦੀ ਮੌਤ ਹੋ ਗਈ ਸੀ ਬੇਨਰਜੀ ਨੇ, ਜਿਵੇਂ ਕਿ ਉਹ ਹਮੇਸ਼ਾ ਕਰਦੀ ਆਈ ਹੈ, ਰਾਜਸੀ ਬਿਆਨਬਾਜ਼ੀ ਕੀਤੀ ਅਤੇ ਸਾਜ਼ਿਸ਼ ਲਈ ਮਾਕਪਾ ਨੂੰ ਦੋਸ਼ੀ ਠਹਿਰਾਇਆ। ਹਾਦਸੇ ਦੇ ਅਗਲੇ ਦਿਨ ਕੋਲਕੱਤਾ ਵਿਚ ਸ਼ਹੀਦੀ ਦਿਵਸ ਰੈਲੀ ਦੌਰਾਨ ਉਨ੍ਹਾਂ ਨੇ ਸੰਕੇਤ ਦਿੱਤਾ "ਇਸ ਹਾਦਸੇ ਦਾ ਸਮਾਂ ਬਹੁਤ ਅਹਿਮ ਹੈ।" ਇਸ ਤਰ੍ਹਾਂ ਪੱਛਮੀ ਬੰਗਾਲ 'ਚ ਨਗਰ ਨਿਗਮ ਚੋਣਾਂ ਤੋਂ ਦੋ ਦਿਨ ਪਹਿਲਾਂ 28 ਮਈ ਨੂੰ ਹੋਏ ਗਿਆਨੇਸ਼ਵਰੀ ਐਕਸਪ੍ਰੈਸ ਹਾਦਸੇ ਸਮੇਂ ਪ੍ਰੇਸ਼ਾਨ ਬੈਨਰਜੀ ਨੇ ਸੀ. ਬੀ. ਆਈ. ਜਾਂਚ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਸੀ ਅਤੇ ਆਖਰਕਾਰ ਉਨ੍ਹਾਂ ਨੇ ਗ੍ਰਹਿ ਮੰਤਰੀ ਤੇ ਆਖਰ ਗ੍ਰਹਿ ਮੰਤਰੀ ਪੀ. ਚਿਦੰਬਰਮ ਤੋਂ ਉਨ੍ਹਾਂ ਨੂੰ ਮਨਚਾਹੇ ਨਤੀਜੇ ਮਿਲੇ ਵੀ। ਪਰ ਇਸ ਵਾਰੀ ਚਿਦੰਬਰਮ ਦੇ ਜਨਤਕ ਤੌਰ 'ਤੇ ਇਹ ਕਹਿ ਦੇਣ ਨਾਲ ਕਿ ਸੇਥਿਆ 'ਚ ਰੇਲਵੇ ਦਾ ਰਾਹਤ ਕੰਮ ਬਹੁਤ ਮੱਠੀ ਰਫ਼ਤਾਰ ਨਾਲ ਚਲਿਆ, ਬੈਨਰਜੀ ਨੂੰ ਕੁਝ ਸ਼ਰਮਸਾਰ ਕਰ ਦਿੱਤਾ। 1999 ਤੇ 2001 ਦਰਮਿਆਨ ਰਾਜਗ ਸਰਕਾਰ ਵਿਚ ਮੰਤਰੀ ਰਹਿਣ ਦੌਰਾਨ ਬੈਨਰਜੀ ਨੇ ਸੰਨ 2000 'ਚ ਹੋਈਆਂ ਦੋ ਰੇਲ ਦੁਰਘਟਨਾਵਾਂ ਪਿਛੋਂ ਅਸਤੀਫੇ ਦੀ ਪੇਸ਼ਕਸ ਕੀਤੀ ਸੀ। ਉਸ ਸਮੇਂ ਦੋਨੋਂ ਹਾਦਸਿਆਂ ਵਿਚ 54 ਲੋਕਾਂ ਦੀ ਮੌਤ ਹੋਈ ਸੀ ਅਤੇ ਪਿਛਲੇ ਸਾਲ ਭਰ 'ਚ ਹੀ ਇਹ ਅੰਕੜਾ 500 ਦੀ ਗਿਣਤੀ ਪਾਰ ਕਰ ਚੁੱਕਿਆ ਹੈ। ਪਰ ਇਸ ਦੀ ਬਿੜਕ ਤਾਂ ਪਹਿਲਾਂ ਹੀ ਸੀ। ਪਿਛਲੇ ਇਕ ਸਾਲ 'ਚ ਬਤੌਰ ਰੇਲ ਮੰਤਰੀ ਉਹ ਬਾਮੁਸ਼ਕਿਲ ਹੀ ਦਿੱਲੀ 'ਚ ਰਹਿ ਰਹੀ ਹੈ ਅਤੇ ਕੈਬਨਿਟ ਬੈਠਕਾਂ 'ਚ ਉਨ੍ਹਾਂ ਦੀ ਗੈਰ ਹਾਜ਼ਰੀ ਲਗਭਗ 65 ਫੀਸਦੀ ਕਰੀਬ ਰਹੀ ਹੈ। ਦਿੱਲੀ ਤੋਂ ਦੂਰ ਰਹਿਣ ਸਬੰਧੀ ਉਨ੍ਹਾਂ ਨੇ ਇਕ ਵਾਰੀ ਇਥੋਂ ਤੱਕ ਕਹਿ ਦਿੱਤਾ ਸੀ ਕਿ "ਮੇਰੀ ਜ਼ਿੰਮੇਵਾਰੀ ਪੱਛਮੀ ਬੰਗਾਲ ਬਾਰੇ ਹੈ ਕੈਬਨਿਟ 'ਚ ਝਾਰਖੰਡ 'ਤੇ ਚਰਚਾ ਹੋਣੀ ਸੀ, ਉਸ ਲਈ ਮੇਰੇ ਕੋਲ ਸਮਾਂ ਨਹੀਂ ਹੈ।" 21 ਜੁਲਾਈ ਨੂੰ ਜਦ 10 ਲੱਖ ਲੋਕਾਂ ਦੀ ਭੀੜ ਰੈਲੀ ਦੀ ਸ਼ਕਲ ਵਿਚ ਕੋਲਕਾਤਾ 'ਚ ਤ੍ਰਿਣਮੂਲ ਕਾਂਗਰਸ ਦੇ ਸਲਾਨਾ ਸ਼ਹੀਦੀ ਦਿਨ ਮੌਕੇ ਜੁੜੀ ਸੀ, ਉਸ ਵਕਤ ਵੀ ਬੈਨਰਜੀ ਨਿਰੰਤਰ ਹੋ ਰਹੇ ਇਨ੍ਹਾਂ ਹਾਦਸਿਆਂ ਸਬੰਧੀ ਖਾਮੋਸ਼

ਹੀ ਰਹੀ, ਬਜਾਏ ਇਸ ਦੇ ਉਨ੍ਹਾਂ ਨੇ ਐਲਾਨ ਕੀਤਾ ਕਿ ਸ਼ਹੀਦ ਦਿਵਸ 'ਤੇ ਆਯੋਜਿਤ ਹੋਣ ਵਾਲੀ ਇਹ ਰੈਲੀ ਵਿਰੋਧੀ ਪਾਰਟੀ ਵਜੋਂ ਤ੍ਰਿਣਮੂਲ ਕਾਂਗਰਸ ਦੀ ਆਖਰੀ ਰੈਲੀ ਹੋਵੇਗੀ। ਅੱਜ ਪਿਛੋਂ ਇਸ ਨੂੰ ਜਨ ਸਹਿਯੋਗ ਦਿਵਸ ਕਿਹਾ ਜਾਵੇਗਾ। ਮੁੱਖ ਮੰਤਰੀ ਬਣਨ ਦਾ ਆਪਣਾ ਸੁਪਨਾ ਲੈਂਦਿਆਂ ਬੈਨਰਜੀ ਨੇ ਕਿਹਾ "ਮੈਂ ਖੱਬੇ ਮੋਰਚੇ ਦੇ ਮੁਖੀ ਨੂੰ ਆਪਣਾ ਲੈਮੀਨੇਟਡ ਅਸਤੀਫਾ ਭੇਜ ਦੂੰਗੀ ਪਰ ਉਦੋਂ ਜਦੋਂ ਉਹ ਇਹ ਕਹਿਣਗੇ ਕਿ ਇਸ ਤਰ੍ਹਾਂ ਦੀ ਕਾਰਵਾਈ ਨਹੀਂ ਹੋਣ ਦੇਣਗੇ। ਮੈਂ ਅਸਤੀਫਾ ਦੇ ਕੇ ਮਾਕਪਾ ਦੀ ਚਾਲ ਦਾ ਸ਼ਿਕਾਰ ਨਹੀਂ ਬਨਣ ਵਾਲੀ। "ਹਾਲ ਦੀ ਘੜੀ ਉਨ੍ਹਾਂ ਲਈ ਅਸਤੀਫਾ ਦੇਣਾ ਕਾਫੀ ਮੁਸ਼ਕਿਲ ਹੋਵੇਗਾ। ਦਫਤਰ 'ਚ ਕਦਮ ਰੱਖਣ ਤੋਂ ਪਹਿਲਾਂ ਉਹ ਕੇਂਦਰ 'ਚ ਸੱਤਾ ਤੇ ਕਾਂਗਰਸ 'ਚ ਆਪਣੇ ਪ੍ਰਭਾਵ ਨੂੰ ਰਾਜਸੀ ਨੈਤਿਕਤਾ ਵਰਗੀ ਫਾਲਤੂ ਦੀ ਚੀਜ਼ 'ਤੇ ਬਲੀਦਾਨ ਨਹੀਂ ਕਰ ਸਕਦੀ। ਉਨ੍ਹਾਂ ਦੇ ਮੌਜੂਦਾ ਕਾਰਜਕਾਲ ਦੌਰਾਨ ਅਪ੍ਰੈਲ 2009 ਅਤੇ ਮਾਰਚ 2010 ਵਿਚਕਾਰ ਹੋਈਆਂ 100 (ਇਕ ਸੌ) ਰੇਲ ਦੁਰਘਟਨਾਵਾਂ 'ਚ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 66 ਦੀ ਵਜ੍ਹਾ ਰੇਲਵੇ ਸਟਾਫ ਦੀ ਅਸਫਲਤਾ ਹੈ। ਜਦਕਿ 14 ਹਾਦਸਿਆਂ ਲਈ ਹੋਰ ਕਾਰਕ ਜ਼ਿੰਮੇਵਾਰ ਹਨ ਜਦ ਕਿ 11 ਹਾਦਸੇ ਹੋਰ ਕਾਰਵਾਈਆਂ ਕਰਕੇ ਹਨ। ਪੂਰਬੀ ਰੇਲਵੇ ਦੇ ਮੁੱਖ ਜਨ ਸੰਪਰਕ ਅਧਿਕਾਰੀ ਸਮੀਰ ਗੋਸੁਆਮੀ ਰੇਲ ਕਰਮਚਾਰੀਆਂ 'ਤੇ ਕੰਮ ਦੇ ਬੋਝ ਕਾਰਨ ਹੋਣ ਵਾਲੀਆਂ ਗਲਤੀਆਂ ਸਬੰਧੀਆਂ ਦੋਸ਼ ਨੂੰ ਸਿਰੇ ਤੋਂ ਖਾਰਜ ਕਰਦੇ ਹਨ। ਉਨ੍ਹਾਂ ਦਾ ਕਹਿਣਾ ਸੀ "ਐਸੀਆਂ ਗੱਲਾਂ ਕੋਈ ਵੀ ਕਿਸੇ ਉਦੇਸ਼ ਨਾਲ ਨਹੀਂ ਕਰਦਾ ਹੈ, ਜਾਂਚ ਪੂਰੀ ਹੋਣ ਦਿਉ" ਵਧੀਆ ਦੁਰਘਟਨਾਵਾਂ ਲਈ ਬੈਨਰਜੀ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਮਾਕਪਾ ਦੀ ਰਾਜ ਸੰਮਤੀ ਦੇ ਮੈਂਬਰ ਰਾਬਿਨ ਦੇਵ ਕਹਿੰਦੇ ਹਨ "ਰੇਲ ਵਿਭਾਗ ਵਿਚ 1,70,000 ਅਹੁਦੇ ਖਾਲੀ ਪਏ ਹਨ। ਉਹ ਰੇਲ ਗੱਡੀਆਂ ਤਾਂ ਵਧਾ ਰਹੇ ਹਨ ਪਰ ਕਰਮਚਾਰੀਆਂ ਦੀ ਗਿਣਤੀ ਘੱਟ ਰਹੀ ਹੈ। ਜੋ ਪੈਸਾ ਅਧੁਨੀਕੀਕਰਣ ਤੇ ਸੁਰੱਖਿਆ ਪ੍ਰੋਜੈਕਟਾਂ ਲਈ ਅਲਾਟ ਕੀਤਾ ਜਾਣਾ ਚਾਹੀਦਾ ਸੀ ਉਸ ਨੂੰ ਉਨ੍ਹਾਂ ਦੀ ਰੈਲੀਆਂ 'ਚ ਗਾਇਕਾਂ ਨੂੰ ਲਿਆਉਣ ਲਈ ਵਰਤਿਆਂ ਜਾ ਰਿਹਾ ਹੈ।" ਇਸ ਤੱਥ ਦੇ ਬਾਵਜੂਦ ਕਿ ਦੁਰਘਟਨਾਵਾਂ ਰੇਲਵੇ ਲਈ ਹਮੇਸ਼ਾ ਤੋਂ ਮੁੱਖ ਸਮੱਸਿਆ ਰਹੀ ਹੈ, ਰੇਲਵੇ ਬਜਟ 2010-11 'ਚ ਬੈਨਰਜੀ ਦਾ ਪੂਰਾ ਜ਼ੋਰ ਸੁਰੱਖਿਆ ਦੀ ਬਜਾਏ ਨਵੀਆਂ ਰੇਲ ਗੱਡੀਆਂ ਚਲਾਉਣ 'ਤੇ ਰਿਹਾ, ਉਨ੍ਹਾਂ ਨੇ 54 ਨਵੀਆਂ ਰੇਲ ਗੱਡੀਆਂ ਚਲਾਉਣ 12 ਦੀ ਫ੍ਰੀਕੈਂਸੀ ਵਧਾਉਣ, ਦਾ ਦੇ ਵਿਸਥਾਰ ਅਤੇ ਕੁਝ ਵਿਸ਼ੇਸ਼ ਰੇਲ ਗੱਡੀਆਂ ਸ਼ੁਰੂ ਕਰਨ ਦਾ ਪ੍ਰਸਤਾਵ ਕੀਤਾ ਸੀ। ਉਨ੍ਹਾਂ ਨੇ 41,426 ਕਰੋੜ ਰੁਪਏ ਦੇ ਨਿਵੇਸ਼ ਦਾ ਐਲਾਨ ਕੀਤਾ ਸੀ ਜਿਸ ਵਿਚ 4411 ਕਰੋੜ ਰੁਪਏ 1000 ਕਿ. ਮੀ. ਨਵੀਂ ਰੇਲਵੇ ਲਾਈਨਾਂ ਵਿਛਾਉਣ ਅਤੇ 1302 ਕਰੋੜ ਰੁਪਏ ਯਾਤਰੀ ਸਹੂਲਤਾਂ ਲਈ ਅਲਾਟ ਕੀਤੇ ਗਏ ਸਨ। ਕਿਧਰੇ ਵੀ ਸੁੱਰਖਿਆ ਤੇ ਵਿਵਸਥਾ ਦੇ ਅਧੁਨੀਕੀਕਰਣ ਲਈ ਪੈਮਾਨੇ ਤਹਿ ਕਰਨ 'ਤੇ ਜ਼ੋਰ ਨਹੀਂ ਦਿੱਤਾ ਗਿਆ। ਪ੍ਰਤੀ ਇਕ ਕਿ. ਮੀ. ਲਾਈਨੇ 'ਤੇ ਸੁਰੱਖਿਆ ਉਪਕਰਣ ਲਾਉਣ ਲਈ 70 ਲੱਖ ਰੁਪਏ ਖਰਚ ਕਰਨ ਦੇ ਉਨ੍ਹਾਂ ਦੇ ਵਾਅਦੇ ਅਮਲ 'ਚ ਲਿਆਉਣ ਦਾ ਕੋਈ ਰਿਕਾਰਡ ਨਹੀਂ ਹੈ। ਅਗਰ ਹੈ ਤਾਂ ਹਾਦਸਿਆਂ ਦੀ ਗਿਣਤੀ ਨੇ ਉਸ ਨੂੰ ਬੌਣਾ ਸਿੱਧ ਕਰ ਦਿੱਤਾ ਹੈ। 2003 'ਚ ਦਸ ਸਾਲ ਲਈ 17000 ਕਰੋੜ ਰੁਪਏ ਦੀ ਲਾਗਤ ਨਾਲ ਇਕ ਵਿਸ਼ੇਸ਼ ਰੇਲ ਸੁਰੱਖਿਆ ਫੰਡ ਦੀ ਜੋ ਸਥਾਪਨਾ ਕੀਤੀ

ਗਈ ਸੀ ਉਸ ਵਿਚ ਪਿਛਲੇ ਸਾਲ 579 ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਗਈ। ਪੱਛਮੀ ਬੰਗਾਲ ਦੇ ਸੇਵਾ ਮੁਕਤ ਡੀ. ਆਈ. ਜੀ. (ਰੇਲਵੇ) ਆਰ ਕੇ ਮਹੰਤੀ ਕਹਿੰਦੇ ਹਨ "ਸੁਰੱਖਿਆ ਨੂੰ ਹਮੇਸ਼ਾ ਹੀ ਸਭ ਤੋਂ ਵੱਧ ਤਰਜੀਹ ਹੋਣੀ ਚਾਹੀਦੀ ਹੈ ਪਰ ਹੁਣ ਅਸੀਂ ਵੇਖ ਰਹੇ ਹਾਂ ਕਿ ਨਿੱਤ ਨਵੀਆਂ ਰੇਲ ਗੱਡੀਆਂ ਚਲਾਉਣ ਦੇ ਐਲਾਨ ਕੀਤੇ ਜਾ ਰਹੇ ਹਨ, ਅਧੁਨੀਕੀਕਰਨ ਦੀ ਯੋਜਨਾ ਠੰਡੇ ਬਸਤੇ 'ਚ ਪਾ ਦਿੱਤੀ ਗਈ ਹੈ, ਰੇਲ ਮੰਤਰੀਆਂ ਵਲੋਂ ਆਪਣੇ ਰਾਜਾਂ ਲਈ ਰੇਲ ਗੱਡੀਆਂ ਚਲਾਉਣ ਸਬੰਧੀ ਅਲੋਚਨਾ ਵੀ ਹੁੰਦੀ ਆ ਰਹੀ ਹੈ, ਮੈਨੂੰ ਨਹੀਂ ਲਗਦਾ ਕਿ ਸਾਡਾ ਮੌਜੂਦਾ ਬੁਨਿਆਦੀ ਢਾਂਚਾ ਅਚਾਨਕ ਆਏ ਇਸ ਉਛਾਲ ਨੂੰ ਸਹਿ ਸਕੇਗਾ। ਇਹ ਗੱਲ ਹਰ ਚੀਜ਼ ਨੂੰ ਉਸ ਮੁਕਾਮ ਤੇ ਵਾਪਸ ਲੈ ਜਾਂਦੀ ਹੈ, ਪਰ ਮਨੁੱਖੀ ਜ਼ਿੰਦਗੀ ਅਤੇ ਉਸ ਦੀ ਰਾਖੀ ਬੈਨਰਜੀ ਦੀ ਸਮਰੱਥਾ ਤੋਂ ਪਰੇ ਹੈ। ਤਾਂ ਕੀ ਉਨ੍ਹਾਂ ਲਈ ਪੱਛਮੀ ਬੰਗਾਲ ਵਰਗਾ ਰਾਜ ਚਲਾ ਸਕਣਾ ਸੰਭਵ ਹੋ ਸਕੇਗਾ? ਉਨ੍ਹਾਂ ਦੀ ਧੁਨ ਕਹਿ ਰਹੀ ਹੈ, ਹਾਂ ਪਰ ਪੱਛਮੀ ਬੰਗਾਲ ਤੇ ਬੈਨਰਜੀ 'ਤੇ ਕਰੀਬੀ ਨਜ਼ਰ ਰੱਖਣ ਵਾਲਿਆਂ ਨੂੰ ਇਹ ਜਵਾਬ ਸ਼ਾਇਦ ਹਵਾ 'ਚ ਉਡਦਾ ਦਿਸ ਰਿਹਾ ਹੈ।

# ਪੰਚਾਇਤੀ ਚੋਣਾਂ ਦੌਰਾਨ ਦਲਿਤਾਂ 'ਤੇ ਹਿੰਸਾ ਕਿਵੇਂ?

'ਨਵੰਬਰ ਵਨ ਹਰਿਆਣਾ' ਦਾ ਢਿੰਡੋਰਾ ਪਿੱਟਣ ਵਾਲੀ ਕਾਂਗਰਸ ਦੀ ਹੁੱਡਾ ਸਰਕਾਰ ਦੇ ਰਾਜ ਵਿਚ ਦਲਿਤਾਂ 'ਤੇ ਅਤਿਆਚਾਰ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਅਜੇ ਪਿੱਛੇ ਜਿਹੇ ਹੀ ਮਿਰਚਪੁਰ (ਹਿਸਾਰ) 'ਚ ਦਲਿਤਾਂ ਦੇ ਘਰਾਂ 'ਚ ਅੱਗ ਲਾਉਣ ਦੀ ਘਟਨਾ ਦੀ ਯਾਦ ਮੱਠੀ ਵੀ ਨਹੀਂ ਸੀ ਪਈ ਕਿ ਪਲਵਲ ਜ਼ਿਲ੍ਹੇ ਦੇ ਕੁਝ ਪਿੰਡਾਂ ਵਿਚ ਦਲਿਤਾਂ 'ਤੇ ਪੰਚਾਇਤ ਚੋਣਾਂ ਦੌਰਾਨ ਜ਼ੋਰ ਜਬਰਦਸਤੀ ਤੇ ਹਿੰਸਾ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ 6 ਜੂਨ 2010 ਦੀ ਹੈ। ਪਲਵਲ ਜ਼ਿਲ੍ਹੇ ਦੇ ਵਿੜਕੀ ਪਿੰਡ ਵਿਚ ਪੰਚਾਇਤ ਚੋਣਾਂ ਦੌਰਾਨ ਲੱਠਮਾਰ ਉੱਚ ਜਾਤੀ ਦੇ ਜਾਟ ਉਮੀਦਵਾਰਾਂ ਵਲੋਂ ਪੋਲਿੰਗ ਬੂਥ 'ਤੇ ਕਬਜ਼ਾ ਕਰਨ ਦੀ ਘਟਨਾ ਹੋਈ। ਇਥੇ ਜੱਟ ਬਹੁਗਿਣਤੀ ਹਨ। ਇਥੇ ਦਲਿਤਾਂ ਦੀ ਵੀ ਚੰਗੀ ਖਾਸੀ ਗਿਣਤੀ ਹੈ। ਇਸ ਵਾਰੀ ਸਰਪੰਚ ਦੀਆਂ ਚੋਣਾਂ ਲਈ ਕੁਲ 24 ਉਮੀਦਵਾਰ ਚੋਣ ਮੈਦਾਨ ਵਿਚ ਸਨ ਜਿਨ੍ਹਾਂ 'ਚੋਂ 19 ਜਾਟ ਫਿਰਕੇ ਦੇ ਸਨ। ਇਸ ਤੋਂ ਇਲਾਵਾ ਇਕ ਬ੍ਰਾਹਮਣ ਇਕ ਓ. ਬੀ. ਸੀ. ਤੇ ਤਿੰਨ ਦਲਿਤ ਜਾਤ ਦੇ ਉਮੀਦਵਾਰ ਮੈਦਾਨ ਵਿਚ ਸਨ। ਜੱਟਾਂ ਦੀ ਵੋਟ ਆਪਸ 'ਚ ਵੰਡੇ ਜਾਣ ਕਰਕੇ ਦਲਿਤ ਜਾਤੀ ਦੇ ਇਕ ਉਮੀਦਵਾਰ ਰਜਿੰਦਰ ਸਿੰਘ ਸਰਪੰਚ ਲਈ ਤਕੜੇ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਉਭਰ ਕੇ ਸਾਹਮਣੇ ਆਏ। ਇਕ ਲੱਠਮਾਰ ਜਾਟਾਂ ਨੂੰ ਗੰਵਾਰਾ ਨਹੀਂ ਸੀ। ਵੋਟਾਂ ਦਾ ਰੁਝਾਣ ਵੇਖ ਕੇ ਜਾਟ ਉਮੀਦਵਾਰਾਂ 'ਚ ਭਗਦੜ ਮੱਚ ਗਈ ਅਤੇ ਉਨ੍ਹਾਂ ਨੇ ਚੋਣ ਰੱਦ ਕਰਾਉਣ ਦੀ ਨੀਅਤ ਨਾਲ ਬੂਥ ਨੰ: 40-41 'ਤੇ ਬਿਜਲਈ ਵੋਟਿੰਗ ਮਸ਼ੀਨ ਨੂੰ ਕਬਜ਼ੇ 'ਚ ਲੈ ਕੇ ਨਕਾਰਾ ਕਰ ਦਿੱਤਾ ਅਤੇ ਬੂਥ ਨੰ: 40 ਦੇ ਨੇੜੇ ਦਲਿਤਾਂ ਦੀ ਬਸਤੀ 'ਚ ਅੱਗ ਲਾ ਦਿੱਤੀ। ਇਸ ਘਟਨਾ 'ਚ ਬਹੁਤ ਸਾਰੇ ਦਲਿਤ ਪਰਿਵਾਰਾਂ ਦਾ ਸਮਾਜ ਤੇ ਪਸ਼ੂ ਚਾਰਾ ਜਲ ਕੇ ਰਾਖ ਹੋ ਗਿਆ। ਕੁਝ ਮਵੇਸ਼ੀ ਵੀ ਅੱਗ ਨਾਲ ਝੁਲਸੇ ਗਏ। ਜੱਟਾਂ ਦੀ ਗੁੰਡਾਗਰਦੀ ਇਸ ਹੱਦ ਤੱਕ ਸੀ ਕਿ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਵੀ ਘਟਨਾ ਵਾਲੀ ਥਾਂ 'ਤੇ ਜਾਣ ਤੋਂ ਘੰਟਿਆਂ ਤੱਕ ਰੋਕੀ ਰੱਖਿਆ। ਪੁਲੀਸ ਵੀ ਲੱਠਮਾਰਾਂ ਦਾ ਹੀ ਸਾਥ ਦਿੰਦੀ ਹੈ। ਇਹ ਹਰਿਆਣਾ ਵਰਗੇ ਸੂਬੇ 'ਚ ਸਪੱਸ਼ਟ ਨਜ਼ਰ ਆਉਂਦਾ ਹੈ ਕਿਉਂਕਿ ਘਟਨਾ ਤੋਂ ਪਹਿਲਾਂ ਸਰਪੰਚ ਦੇ ਲਈ ਦਲਿਤ ਉਮੀਦਵਾਰ ਰਜਿੰਦਰ ਸਿੰਘ ਨੇ ਪੁਲਸ ਪ੍ਰਸਾਸ਼ਨ (ਡੀ. ਸੀ. ਐਸ. ਡੀ. ਐਮ. ਤੇ ਐਸ. ਪੀ.) ਨੂੰ ਚਿੱਠੀ ਲਿਖ ਕੇ ਇਸ ਗੱਲ ਦਾ ਡਰ ਜ਼ਾਹਿਰ ਕੀਤਾ ਸੀ ਕਿ ਲੱਠਮਾਰਾਂ ਵਲੋਂ ਹਿੰਸਾ ਦਾ ਸਹਾਰਾ ਲਿਆ ਜਾ ਸਕਦਾ ਹੈ ਪਰ ਪ੍ਰਸ਼ਾਸਨ ਸੁੱਤਾ ਰਿਹਾ ਅਤੇ ਬਹੁਬਲੀ ਆਪਣੀ ਮਰਜ਼ੀ ਕਰ ਗਏ। ਚੋਣਾਂ ਦੌਰਾਨ ਪੂਰੇ ਬੂਥ 'ਤੇ ਸਿਰਫ਼ ਇਕ ਸਿਪਾਹੀ ਤੇ ਇਕ ਹੋਮਗਾਰਫ ਤੈਨਾਤ ਕੀਤਾ ਗਿਆ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਸ਼ਾਸਨ ਕਿਸੇ ਅਣਹੋਣੀ ਨੂੰ ਰੋਕਣ ਲਈ ਕਿੰਨਾ ਗੰਭੀਰ ਸੀ। ਯੂ. ਪੀ. ਬਾਰਡਰ ਤੋਂ ਸਿਰਫ਼ ਦੋ ਕਿਲੋ ਮੀਟਰ ਦੂਰ ਵਿੜਕੀ ਪਿੰਡ ਦੇ ਲੋਕਾਂ ਦਾ ਮੁੱਖ ਪੇਸ਼ਾ ਖੇਤੀ ਹੈ। ਜਾਂਚ ਸਮੇਂ ਤੱਥ ਖੋਜ ਕਮੇਟੀ ਨੂੰ ਪਤਾ ਲੱਗਿਆ ਕਿ ਇਸ ਪਿੰਡ 'ਚ ਲਗਭਗ 52000 ਏਕੜ ਖੇਤੀਯੋਗ ਜ਼ਮੀਨ ਹੈ ਜਿਸ ਦਾ 90 ਫੀਸਦੀ ਹਿੱਸਾ ਜੱਟਾਂ ਪਾਸ ਹੈ ਅਤੇ ਬਾਕੀ ਬ੍ਰਾਹਮਣਾਂ, ਬਾਣੀਆਂ ਤੇ ਹੋਰ ਉੱਚ ਜਾਤੀਆਂ ਕੋਲ ਹੈ।

ਦਲਿਤਾਂ ਵਿਚੋਂ ਸਿਰਫ਼ ਤਿੰਨ ਜਾਂ ਚਾਰ ਅਜਿਹੇ ਪਰਿਵਾਰ ਹਨ ਜਿਨ੍ਹਾਂ ਪਾਸ ਦੋ ਜਾਂ ਤਿੰਨ ਏਕੜ ਜ਼ਮੀਨ ਹੈ ਜ਼ਿਆਦਾਤਰ ਦਲਿਤ ਪਰਿਵਾਰ ਦੇ ਲੋਕ ਜਾਟਾਂ ਦੀ ਜ਼ਮੀਨ ’ਤੇ ਮਿਹਨਤ ਮਜ਼ਦੂਰੀ ਕਰਕੇ ਪੇਟ ਪਾਲਦੇ ਹਨ। ਜਾਂਚ ਕਮੇਟੀ ਨੂੰ ਪਿੰਡ ਦੇ ਲੋਕਾਂ ਨੇ ਦੱਸਿਆ ਕਿ ਉਥੇ ਮਜ਼ਦੂਰ 150 ਰੁਪਏ ਰੋਜ਼ਾਨਾ ਹੈ ਪਰ ਖੇਤੀ ਦੇ ਕੰਮ ’ਚ ਪੂਰਾ ਸਾਲ ਰੁਜ਼ਗਾਰ ਨਹੀਂ ਮਿਲਦਾ। ਇਸ ਪਿੰਡ ’ਚ ਪੰਚਾਇਤ ਦੀ ਲਗਭਗ 650 ਏਕੜ ਜ਼ਮੀਨ ਹੈ ਜਿਸ ਨੂੰ ਪਟੇ ’ਤੇ ਕਿਸਾਨਾਂ ਨੂੰ ਦਿੱਤਾ ਜਾਂਦਾ ਹੈ ਅਤੇ ਹਰ ਦੋ ਸਾਲਾਂ ਪਿਛੋਂ ਇਸ ਦੀ ਬੋਲੀ ਲਾਈ ਜਾਂਦੀ ਹੈ ਪਰ ਇਸ ’ਚ ਵੀ ਦਲਿਤਾਂ ਹੱਥ ਕੁਝ ਨਹੀਂ ਆਉਂਦਾ ਦਿੱਲੀ ਤੋਂ ਗਈ ਤੱਥ ਖੋਜ ਟੀਮ ਨਾਲ ਗੱਲਬਾਤ ਵਿਚ ਸਰਪੰਚੀ ਅਹੁਦੇ ਦੇ ਦਲਿਤ ਉਮੀਦਵਾਰ ਰਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਚੋਣ ਲੜਨ ਦਾ ਮੁੱਖ ਮਕਸਦ ਦਲਿਤ ਵਿਚ ਉਸ 650 ਏਕੜ ਜ਼ਮੀਨ ਨੂੰ ਵੰਡਵਾਉਣਾ ਹੈ ਜਿਸ ’ਤੇ ਲੱਠਮਾਰ ਕੁੰਡਲੀ ਮਾਰ ਕੇ ਬੈਠੇ ਹੋਏ ਹਨ। ਜਦਕਿ ਉਨ੍ਹਾਂ ਕੋਲ ਪਹਿਲਾਂ ਹੀ 52000 ਏਕੜ ਪੁਸ਼ਤੈਨੀ ਜ਼ਮੀਨ ਹੈ।

ਇਸ ਪਿੰਡ ’ਚ ਦਲਿਤਾਂ ਲਈ ਕੋਈ ਸਰਕਾਰੀ ਯੋਜਨਾ ਲਾਗੂ ਨਹੀਂ ਹੈ। ਚੋਣਾਂ ਤੋਂ ਠੀਕ ਪਹਿਲਾਂ ਹੁੱਡਾ ਸਰਕਾਰ ਨੇ ਦਲਿਤ ਪਰਿਵਾਰਾਂ ਨੂੰ 400 ਗਜ ਦੇ ਰਿਹਾਇਸ਼ੀ ਪਲਾਂਟ ਦੇਣ ਦਾ ਵਾਅਦਾ ਕੀਤਾ ਸੀ ਪਰ ਇਸ ਪਿੰਡ ’ਚ ਇਕ ਵੀ ਬੰਦੇ ਨੂੰ ਇਸ ਯੋਜਨਾ ਤਹਿਤ ਪਲਾਂਟ ਨਹੀਂ ਮਿਲਿਆ। 20 ਸੂਤਰੀ ਪ੍ਰੋਗਰਾਮ ਤਹਿਤ ਬਹੁਤ ਸਾਰੀਆਂ ਥਾਵਾਂ ’ਤੇ ਵਾਹੁਣ ਬੀਜਣ ਲਈ ਦਲਿਤਾਂ ਨੂੰ ਜ਼ਮੀਨ ਦਿੱਤੀ ਗਈ ਸੀ ਪਰ ਐਸੀ ਕਿਸੇ ਯੋਜਨਾ ਦਾ ਲਾਭ ਪਿੰਡ ਵਾਸੀਆਂ ਨੂੰ ਨਹੀਂ ਮਿਲਿਆ। ਨਰੇਗਾ ਤਹਿਤ ਕੁਝ ਮਜ਼ਦੂਰਾਂ ਨੇ ਆਪਣਾ ਨਾਂ ਦਰਜ ਕਰਵਾਇਆ ਪਰ ਉਨ੍ਹਾਂ ਨੂੰ ਅੱਜ ਤੱਕ ਕੰਮ ਨਹੀਂ ਮਿਲਿਆ। ਇਸ ਪਿੰਡ ’ਚ ਬੀ. ਪੀ. ਐਲ. ਕਾਰਡ ਵੀ ਅਜਿਹੇ ਲੋਕਾਂ ਦੇ ਬਣੇ ਜਿਨ੍ਹਾਂ ਕੋਲ ਤਿੰਨ-ਤਿੰਨ ਟ੍ਰੈਕਟਰ ਹਨ ਜਦ ਕਿ ਜ਼ਰੂਰਤਮੰਦਾਂ ਵਿਚ ਬਹੁਤੇ ਅਜਿਹੇ ਹਨ ਜਿਨ੍ਹਾਂ ਦਾ ਕਾਰਡ ਹੀ ਨਹੀਂ ਬਣਿਆ। ਤੱਥ ਖੋਜ ਟੀਮ ਨੇ ਨਵੇਂ ਬਣੇ ਸਰਪੰਚ ਰਘੂਰਾਜ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਨੇ ਟੀਮ ਨੂੰ ਦੱਸਿਆ ਕਿ 6 ਜੂਨ 2010 (ਚੋਣ ਵਾਲੇ ਦਿਨ) ਨੂੰ ਅਗਜਨੀ ਦੀਆਂ ਕੁਝ ਘਟਨਾਵਾਂ ਹੋਈਆਂ ਪਰ ਉਨ੍ਹਾਂ ਦੇ ਵਾਪਰਨ ਦਾ ਕਾਰਨ ਨਹੀਂ ਪਤਾ। ਉਨ੍ਹਾਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਪਿੰਡ ’ਚ ਕਿਸੇ ਤਰ੍ਹਾਂ ਦੀ ਜਾਤੀ ਰੰਜਸ਼ ਹੈ। ਬਲਕਿ ਉਨ੍ਹਾਂ ਅਨੁਸਾਰ ਇਹ ਕਿਸੇ ਸ਼ਰਾਰਤੀ ਤੱਤ ਦਾ ਕੰਮ ਹੈ। ਉਨ੍ਹਾਂ ਨੇ ਜਾਂਚ ਟੀਮ ਨੂੰ ਦੱਸਿਆ ਕਿ 6 ਜੂਨ 2010 ਦੀ ਘਟਨਾ ਪਿਛੋਂ 4 ਵੋਟ ਕੇਂਦਰਾਂ ’ਤੇ ਦੁਬਾਰਾ ਵੋਟਾਂ 10 ਜੂਨ ਨੂੰ ਪਈਆਂ। ਇਸ ਚੋਣ ’ਚ ਉਨ੍ਹਾਂ 180 ਵੋਟਾਂ ਮਿਲੀਆਂ ਅਤੇ ਉਸ ਦੇ ਵਿਰੋਧੀ ਰਜਿੰਦਰ ਸਿੰਘ ਦਲਿਤ ਨੂੰ 800 ਵੋਟਾਂ ਮਿਲੀਆਂ ਅਤੇ ਉਹ ਦੂਜੇ ਥਾਂ ’ਤੇ ਰਹੇ। ਉਨ੍ਹਾਂ ਨੇ ਜਾਂਚ ਟੀਮ ਨੂੰ ਦੱਸਿਆ ਕਿ ਉਸ ਤੋਂ ਪਹਿਲਾਂ ਉਹ ਦੋ ਵਾਰੀ ਸਰਪੰਚ ਰਹਿ ਚੁੱਕੇ ਹਨ। 1991-93 ਅਤੇ 1994-2000 ਤੱਕ। ਉਨ੍ਹਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਪਿੰਡ ਦੇ ਬਹੁਤੇ ਦਲਿਤ ਬੇਜ਼ਮੀਨੇ ਹਨ। ਪਰ ਉਨ੍ਹਾਂ ’ਚੋਂ ਕੁਝ ਸਰਕਾਰੀ ਨੌਕਰੀਆਂ ਵਿਚ ਵੀ ਹਨ। ਦਲਿਤ ਅਬਾਦੀ ਦਾ ਵੱਡਾ ਹਿੱਸਾ ਖੇਤ ਮਜ਼ਦੂਰ ਹਨ ਜੋ ਜੱਟਾਂ ਦੇ ਖੇਤਾਂ ’ਚ ਕੰਮ ਕਰਦੇ ਹਨ।

ਵਿੜਕੀ ਪਿੰਡ ਦੇ ਨਵੇਂ ਬਣੇ ਸਰਪੰਚ ਰਘੁਰਾਜ ਇਕ ਧਨੀ ਕਿਸਾਨ ਹਨ

ਅਤੇ ਇਨ੍ਹਾਂ ਦੇ ਇਕ ਭਾਈ ਹਰਿਆਣਾ ਅਤੇ ਇਕ ਯੂ. ਪੀ. 'ਚ ਸੈਸ਼ਨ ਜੱਜ ਰਹਿ ਚੁੱਕੇ ਹਨ ਅਤੇ ਉਨ੍ਹਾਂ ਦੀ ਨੂੰਹ ਸ਼ਸੀਬਾਲਾ ਹਰਿਆਣਾ ਰੈਡ ਕਰਾਸ਼ ਸੁਸਾਇਟੀ ਦੀ ਚੇਅਰ ਪਰਸ਼ਨ ਰਹਿ ਚੁੱਕੀ ਹੈ। ਇਸ ਪਰਿਵਾਰ ਦਾ ਪੂਰੇ ਇਲਾਕੇ 'ਚ ਦਬਦਬਾ ਹੈ। ਦਲਿਤ ਪੰਚਾਇਤ 'ਚ ਬੈਠੇ ਲੋਕਾਂ ਨੇ ਤੱਥ ਖੋਜ ਟੀਮ ਨੂੰ ਦੱਸਿਆ ਕਿ ਪਹਿਲੇ ਦੌਰ ਦਾ ਮਤਦਾਨ ਰੱਦ ਹੋਣ ਪਿੱਛੋਂ ਸਭ 19 ਜੱਟ ਉਮੀਦਵਾਰਾਂ ਨੇ ਇਸ ਡਰ ਨਾਲ ਕਿ ਕਿਤੇ ਇਕ ਦਲਿਤ ਸਰਪੰਚ ਨਾ ਚੁਣਿਆ ਜਾਵੇ, ਰਘੁਰਾਜ ਨੂੰ ਅਣ ਐਲਾਨੇ ਢੰਗ ਨਾਲ ਆਪਣਾ ਉਮੀਦਵਾਰ ਤਹਿ ਕਰ ਲਿਆ ਅਤੇ ਦਲਿਤਾਂ ਦੀ ਵਧਦੀ ਰਾਜਸੀ ਤਾਕਤ 'ਤੇ ਛਲ ਕਪਟ, ਗੁੰਡਾ ਗਰਦੀ ਤੇ ਜਾਤੀ ਦਾਬੇ ਦੇ ਸਹਾਰੇ ਰੋਕ ਲਾ ਦਿੱਤੀ। ਯੂ. ਪੀ. ਹਰਿਆਣਾ ਸਰਹੱਦ ਦਾ ਇਹ ਇਲਾਕਾ ਹਰੇ ਇਨਕਲਾਬ ਦੇ ਪ੍ਰਭਾਵ ਤੋਂ ਅਛੂਤ ਨਹੀਂ ਹੈ। ਇਹੀ ਵਜ੍ਹਾ ਹੈ ਕਿ ਇਥੇ ਖੇਤ ਮਜ਼ਦੂਰਾਂ ਦੀ ਮਜ਼ਦੂਰੀ 150 ਰੁਪਏ ਹੈ। ਜੋ ਕਿ ਬਿਹਾਰ ਉੜੀਸਾ ਦੇ ਮੁਕਾਬਲੇ ਡੇਢ ਤੋਂ ਦੋ ਗੁਣਾ ਵੱਧ ਹੈ। ਯੂ. ਪੀ. 'ਚ ਆਏ ਰਾਜਸੀ ਰਾਜਸੀ ਬਦਲਾਅ ਦਾ ਅਸਰ ਵੀ ਇਥੇ ਸਾਫ ਦਿਸਦਾ ਹੈ। ਇਸ ਪਿੰਡ ਦੇ ਦਲਿਤਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਰਾਜਸੀ ਤਾਕਤ ਰਾਹੀਂ ਆਪਣੀ ਹਾਲਤ ਸੁਧਾਰੀ ਜਾ ਸਕਦੀ ਹੈ। ਲੋਕਰਾਜ 'ਚ ਗਿਣਤੀ ਅਨੁਸਾਰ ਸੱਤਾ 'ਚ ਹਿੱਸੇਦਾਰੀ ਕੀਤੀ ਜਾ ਸਕਦੀ ਹੈ। ਇਸ ਚੇਤਨਾ ਦੇ ਤਹਿਤ ਦਲਿਤਾਂ ਨੇ ਜਦ ਆਪਣੀ ਤਾਕਤ ਦੀ ਵਰਤੋਂ ਕੀਤੀ ਤਾਂ ਜੱਟਾਂ ਨੂੰ ਨਹੀਂ ਭਾਇਆ। ਖਾਪ ਪੰਚਾਇਤਾਂ ਰਾਹੀਂ ਸਿੱਧੇ ਫੁਰਮਾਨ ਸੁਣਾਉਣ ਵਾਲਿਆਂ ਲਈ ਦਲਿਤਾਂ ਦੀ ਇਹ ਚੁਣੌਤੀ ਕਾਫੀ ਤਕਲੀਫ ਦੇਹ ਹੈ। ਹਰਿਆਣਾ ਦੇ ਪਲਪਲ ਜ਼ਿਲੇ ਦੀ ਇਹ ਘਟਨਾ ਟੁੱਟਦੇ ਦਬਦਬਾਅ ਦੇ ਖਿਲਾਫ਼ ਤਾਕਤਵਰਾਂ ਵਲੋਂ ਕੀਤੀ ਪ੍ਰਤੀਕ੍ਰਿਆ ਹੈ।

# ਪੂੰਜੀਵਾਦੀ ਨਿਆਂ ਦਾ ਅਸਲੀ ਕਿਰਦਾਰ ਹੈ ਕੀ?

ਪਿਛਲੇ ਦਿਨੀ ਗ੍ਰਹਿ ਮੰਤਰੀ ਚਿਦੰਬਰਮ, ਕਨੂੰਨ ਮੰਤਰੀ ਵਿਰੱਪਾ ਮੋਇਲੀ ਤੋਂ ਲੈ ਕੇ ਵੱਖ-ਵੱਖ ਦੇਸ਼ਾਂ ਦੇ ਰਾਜਦੂਤਾਂ ਤੱਕ, ਸਭ ਨੇ ਇਕ ਆਵਾਜ਼ 'ਚ ਕਸਾਬ ਨੂੰ ਫਾਂਸੀ ਦਿੱਤੇ ਜਾਣ 'ਤੇ ਭਾਰਤੀ ਨਿਆਂ ਪਾਲਿਕਾਂ ਦਾ ਗੁਨਗਾਣ ਕੀਤਾ ਅਤੇ ਨਿਆਂ ਪ੍ਰਤੀ ਇਸ ਦੀ ਵਚਨਬੱਧਤਾ ਦੀ ਪੂਰੀ ਪ੍ਰਸ਼ੰਸਾ ਕੀਤੀ। ਸਭ ਦੈਨਿਕ ਤੇ ਸਪਤਾਹਿਕ ਅਖਬਾਰਾਂ ਤੋਂ ਲੈ ਕੇ ਖਬਰ ਚੈਨਲਾਂ ਅਤੇ ਮੈਗਜ਼ੀਨਾਂ ਨੇ ਵੀ ਕੁਝ ਇਸੇ ਅੰਦਾਜ਼ 'ਚ ਖਬਰਾਂ ਛਾਪੀਆਂ ਅਤੇ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਮਾਨੋ ਕਸਾਬ ਨੂੰ ਫਾਂਸੀ ਦੇ ਕੇ ਭਾਰਤੀ ਨਿਆਂਪਾਲਿਕਾ ਨੇ ਇਕ ਇਨਕਲਾਬੀ ਫੈਸਲਾ ਕੀਤਾ ਹੈ ਅਤੇ ਭਾਰਤ ਦੰਡ ਕੋਡ ਤੇ ਨਿਆਂ ਪ੍ਰਣਾਲੀ ਦੀ ਉੱਚਤਾ ਨੂੰ ਸਥਾਪਿਤ ਕਰ ਦਿੱਤਾ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਅਜਮਲ ਆਮਿਰ ਕਸਾਬ ਨੂੰ ਨਵੰਬਰ 2008 'ਚ ਮੁੰਬਈ ਅੱਤਵਾਦੀ ਹਮਲਿਆਂ 'ਚ 166 ਲੋਕਾਂ ਦੀ ਹੱਤਿਆ (ਭਾਰਤੀ ਤੇ ਵਿਦੇਸ਼ੀ) 'ਚ ਸ਼ਾਮਲ ਹੋਣ ਲਈ ਅਤੇ ਖੁਦ 72 ਲੋਕਾਂ ਦੀ ਹੱਤਿਆ ਕਰਨ ਲਈ ਮੁੰਬਈ ਦੇ ਵਿਸ਼ੇਸ਼ ਸੈਸ਼ਨ ਜੱਜ ਐਮ. ਐਲ ਤਾਹਿਲਿਆਨੀ ਵਲੋਂ ਇਕ ਸਾਲ ਤੋਂ ਵੀ ਘੱਟ ਸਮੇਂ ਵਿਚ ਮੌਤ ਦੀ ਸਜ਼ਾ ਸੁਣਾ ਦਿੱਤੀ ਹੈ। ਜ਼ਾਹਿਰਾ ਤੌਰ 'ਤੇ ਕਿਸੇ ਵੀ ਨਿਆ ਤੇ ਇਨਸਾਫ਼ ਪਸੰਦ ਵਿਅਕਤੀ ਨੂੰ ਇਹ ਫੈਸਲਾ ਸਹੀ ਲੱਗਿਆ ਹੋਵੇ ਕਿਉਂਕਿ ਕਸਾਬ ਦਾ ਜੁਰਮ ਬੇਰਹਿਮ ਅਤਿਆਚਾਰੀ ਅਪਰਾਧਿਕ ਪ੍ਰਵਿਰਤੀ ਦਾ ਸੀ ਅਤੇ ਲਗਭਗ ਨਾ ਸੁਧਾਰੇ ਜਾ ਸਕਣ ਵਾਲਾ ਸੀ। ਹਾਲਾਂਕਿ ਇਹ ਵੀ ਅਹਿਮ ਸਵਾਲ ਹੈ ਕਿ ਆਖਰ ਕਿਉਂ ਕਸਾਬ ਜਾਂ ਇਸ ਤਰ੍ਹਾਂ ਦੇ ਹੋਰ ਲੋਕ ਮਨੁੱਖੀ ਜੀਵਨ ਪ੍ਰਤ ਦਵੇਸ਼ ਪੂਰਨ ਰਵੱਈਆਂ ਅਪਣਾਉਣ ਲਈ ਮਜਬੂਰ ਹੁੰਦੇ ਹਨ ਅਤੇ ਇਸ ਦੀ ਰੌਸ਼ਨੀ ਵਿਚ ਹੀ ਕਿਸੇ ਵਿਵੇਕਪੂਰਨ ਫੈਸਲੇ ਤੱਕ ਪਹੁੰਚਿਆ ਜਾ ਸਕਦਾ ਹੈ ਪਰ ਫਿਲਹਾਲ ਇਸ ਦੀ ਦੁਹਾਈ ਦੇ ਕੇ ਕਸਾਬ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ। ਨਿਆਂ ਪਾਲਿਕਾ ਦੇ ਇਸ ਫੈਸਲੇ ਕਰਕੇ ਭਾਰਤ ਦਾ ਮੱਧਵਰਗ ਬਹੁਤ ਖੁਸ਼ ਸੀ। ਅਖਬਾਰਾਂ ਤੋਂ ਲੈ ਕੇ ਸਮਾਚਾਰ ਚੈਨਲਾਂ ਤੱਕ ਰਾਸ਼ਟਰਵਾਦ ਦਾ ਬਾਜ਼ਾਰ ਗਰਮ ਸੀ ਪਰ ਅਜੇ ਇਸ ਫੈਸਲੇ 'ਤੇ ਖੁਸ਼ੀ ਦੀ ਲਹਿਰ ਸ਼ਾਂਤ ਹੀ ਹੋਈ ਸੀ ਕਿ ਭੁਪਾਲ ਗੈਸ ਤਰਾਸਦੀ ਸਬੰਧੀ ਭੁਪਾਲ ਦੀ ਇਕ ਪੱਧਰੀ ਅਦਾਲਤ ਦਾ ਫੈਸਲਾ ਵੀ ਆਇਆ ਅਤੇ 26 ਸਾਲ ਦੀ ਕਸਰਤ ਪਿੱਛੋਂ ਕਰੀਬ 30000 ਲੋਕਾਂ ਦੇ ਕਤਲ ਨੂੰ ਸਿਰਫ 2 ਸਾਲ ਦੀ ਸਜ਼ਾ ਸੁਣਾਈ ਗਈ ਅਤੇ ਇਸ ਦੇ ਘੰਟੇ ਅੰਦਰ ਹੀ ਦੋਸ਼ੀਆਂ ਨੂੰ ਜ਼ਮਾਨਤ ਮਿਲ ਗਈ ਅਤੇ ਸਾਰੇ ਅਜ਼ਾਦ ਹੋ ਗਏ। ਪ੍ਰਮੁੱਖ ਦੋਸ਼ ਵਾਰੇਨ ਅੰਡਰ ਸਨ ਦਾ ਤਾਂ ਫੈਸਲੇ 'ਚ ਜ਼ਿਕਰ ਤੱਕ ਨਹੀਂ ਆਇਆ ਅਤੇ ਉਹ 1984 ਤੋਂ ਹੀ ਆਜ਼ਾਦ ਘੁੰਮ ਰਿਹਾ ਹੈ। ਅੱਜ ਵੀ ਉਹ ਨਿਊਯਾਰਕ 'ਚ ਆਪਣੇ ਆਲੀਸ਼ਾਨ ਬੰਗਲੇ 'ਚ ਐਸ਼ੋ ਆਰਾਮ ਦੀ ਜ਼ਿੰਦਗੀ ਜਿਉਂ ਰਿਹਾ ਹੈ। ਸਭ ਜਾਣਦੇ ਹਨ ਕਿ ਇਸ ਮਾਮਲੇ 'ਚ ਦੋਸ਼ੀਆਂ ਨੂੰ ਮਾਮੂਲੀ ਸਜ਼ਾ ਮਿਲਣ ਪਿੱਛੇ ਜੋ ਮੁੱਖ ਕਾਰਨ ਸੀ ਉਹ ਸੀ 1996 'ਚ ਸੁਪਰੀਮ ਕੋਰਟ ਦੇ ਜਸਟਿਸ ਅਹਿਮਦੀ ਵਲੋਂ ਦੋਸ਼ੀਆਂ 'ਤੇ ਲੱਗੀਆਂ ਧਾਰਾਵਾਂ ਨੂੰ ਬੇਹੱਦ ਨਰਮ ਕਰ ਦਿੱਤੇ ਜਾਣਾ। ਪਹਿਲਾਂ ਲੱਗੀਆਂ ਧਾਰਾਵਾਂ ਦੇ ਅਧਾਰ 'ਤੇ ਜੁਰਮ ਸਾਬਤ ਹੋਣ 'ਤੇ 10 ਸਾਲ ਤੱਕ ਦੀ ਸਜ਼ਾ ਤੇ ਜੁਰਮਾਨਾ ਹੋ ਸਕਦਾ ਸੀ ਪਰ ਭੁਪਾਲ ਗੈਸ ਤਰਾਸਦੀ

’ਤੇ ਆਏ ਫੈਸਲੇ ਪਿਛੋਂ ਹੋਏ ਖੁਲਾਸਿਆਂ ਨੇ ਭਾਰਤੀ ਦਲਾਲ ਪੂੰਜੀਵਾਦੀ ਨਿਆਂ ਪ੍ਰਣਾਲੀ ਦੀ ਸਾਰੀ ਪੋਲ ਖੋਲ੍ਹ ਦਿੱਤੀ ਹੈ। ਅੱਜ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਅਸਲੀਅਤ ਜਗ ਜਾਹਿਰ ਹੋ ਚੁੱਕੀ ਹੈ। ‘ਆਜ਼ਾਦੀ’ ਦੇ 63 ਸਾਲ ਬਾਅਦ ਅੱਜ ਇਸ ਦੇਸ਼ ਦੀ ਵਿਧਾਇਕਾ ਤੇ ਨਿਆਂ ਪਾਲਿਕਾ ਦੀ ਜਮਾਤੀ ਪੱਖਪਾਤ ਤੇ ਚਾਲ-ਕਿਰਦਾਰ ਦੋਨੋਂ ਹੀ ਸਪੱਸ਼ਟ ਹਨ ਚਾਹੇ ਨੇਤਾ-ਮੰਤਰੀ ਹੋਵੇ ਜਾਂ ਨੌਕਰਸ਼ਾਹ ਅਫ਼ਸਰ, ਇਸ ਦੇਸ਼ ਦੇ ਆਮ ਲੋਕ ਉਸ ਤੋਂ ਇਮਾਨਦਾਰ ਤੇ ਨਿਰਪੱਖ ਹੋਣ ਦੀ ਆਸ ਨਹੀਂ ਕਰਦੇ ਅਤੇ ਇਹ ਵੀ ਜਾਣਦੇ ਹਨ ਕਿ ਜੋ ਇਕਾ-ਦੁਕਾ ਇਸ ਤਰ੍ਹਾਂ ਦੇ ਲੋਕ ਹਨ ਵੀ, ਉਨ੍ਹਾਂ ਨਾਲ ਕੋਈ ਫਰਕ ਨਹੀਂ ਪੈਣਾ। ਦੇਸ਼ ਦੀ ਹਾਕਮ ਜਮਾਤ ਵੀ ਇਸ ਗੱਲ ਦੀ ਗੰਭੀਰਤਾ ਨੂੰ ਸਮਝਦੀ ਹੈ ਤੇ ਉਹ ਜਾਣਦੀ ਹੈ ਕਿ ਪੂੰਜੀਵਾਦੀ ਸੰਸਦੀ ਲੋਕਤੰਤਰ ਦੇਸ਼ ਨਾਟਕ ਦੇ ਹਰ ਭੇਦ ਦਾ ਇਸ ਹੱਦ ਤੱਕ ਨਸ਼ਰ ਹੋ ਜਾਣਾ ਲੋਕਾਂ ਦੀ ਚੇਤਨਾ ਨੂੰ ਮੁਢੋਂ ਪ੍ਰਵਰਤਨਵਾਦੀ ਬਣਾ ਸਕਦਾ ਹੈ। ਇਸ ਅਮਲ ਨੂੰ ਮੱਠਾ ਕਰਨ ਲਈ ਇਸ ਸਾਮਰਾਜੀ ਤਾਣੇ-ਬਾਣੇ ’ਚ ਸਾਰੀਆਂ ਸੰਸਥਾਵਾਂ ਮੌਜੂਦ ਹਨ। ਨਿਆਂ ਪਾਲਿਕਾ ਉਨ੍ਹਾਂ ਵਿਚੋਂ ਇਕ ਹੈ। ਕਦੇ-ਕਦੇ ਕੁਝ ਲੋਕ ਪੱਖੀ ਦਿਸਣ ਵਾਲੇ ਫੈਸਲੇ, ਸਰਕਾਰ ਤੇ ਨੌਕਰਸ਼ਾਹੀ ਨੂੰ ਫਟਕਾਰ ਨਿਆਂ ਪਾਲਿਕਾ ਦੇ ਕੁਝ ਅਜਿਹੇ ਕੰਮ ਹਨ ਜਿਨ੍ਹਾਂ ਰਾਹੀਂ ਇਹ ਪੂੰਜੀਵਾਦ ਤੰਤਰ ਦੇ ਉਬੜੇ ਅੰਗਾਂ ਨੂੰ ਢਕਣ ’ਚ ਲੱਗੀ ਰਹਿੰਦੀ ਹੈ। ਕੁਲ ਮਿਲਾ ਕੇ ਇਹੀ ਅਮਲ ਦੁਨੀਆਂ ਦੇ ਜ਼ਿਆਦਾਤਰ ਪੂੰਜੀਵਾਦੀ ਦੇਸ਼ਾਂ ’ਚ ਲਾਗੂ ਹੁੰਦਾ ਹੈ। ਕਾਰਜਪਾਲਿਕਾ ਤੇ ਵਿਧਾਨ ਪਾਲਿਕਾ ਦੇ ਕਾਲੇ ਕਾਰਨਾਮਿਆਂ ਨਾਲ ਪ੍ਰਬੰਧ ਦੀ ਜੋ ਮਿੱਟੀ ਪਲੀਤ ਹੁੰਦੀ ਹੈ ਉਸ ਦੀ ਭਰਪਾਈ ਕਰਦੀ ਹੈ ਨਿਆਂਪਾਲਿਕਾ ਇਸ ਜ਼ਰੂਰਤ ਦੇ ਮੱਦੇਨਜ਼ਰ ਨਿਆਂਪਾਲਿਕਾ ਵਿਚ ਕੁਝ ਅਜਿਹੇ ਫੈਸਲੇ ਜਾਂ ਟਿੱਪਣੀਆਂ ਦਿੰਦੀ ਰਹਿੰਦੀ ਹੈ। ਹਾਲ ਹੀ ਵਿਚ ਅਜਿਹੇ ਫੈਸਲਿਆਂ ਤੇ ਟਿੱਪਣੀਆਂ ਅਤੇ ਸੁਪਰੀਮ ਕੋਰਟ ਤੋਂ ਸਰਕਾਰ ਨੂੰ ਮਿਲਣ ਵਾਲੀਆਂ ਝਿੜਕਾਂ ਦੀ ਗਿਣਤੀ ’ਚ ਖਾਸਾ ਵਾਧਾ ਹੋਇਆ ਹੈ। ਇਨ੍ਹਾਂ ’ਚੋਂ ਜ਼ਿਆਦਾਤਰ ਫੈਸਲੇ ਜਾਂ ਟਿੱਪਣੀਆਂ ਆਮ ਲੋਕਾਂ ਦੇ ਜੀਵਨ ਨਾਲ ਸਿੱਧੇ ਤੌਰ ’ਤੇ ਜੁੜੇ ਨਾ ਵੀ ਹੋਣ, ਤਾਂ ਪ੍ਰਬੰਧ ਤੇ ਪੂੰਜੀਵਾਦੀ ਨਿਆਂ ’ਚ ਭਰੋਸਾ ਪੈਦਾ ਕਰਨ ਦਾ ਕੰਮ ਕਰਦੇ ਹਨ। ਮਿਸਾਲ ਵਜੋਂ ਨਿਤੀਸ਼ ਕਟਾਰਾ ਕਤਲ ਕੇਸ ਜਾਂ ਜੈਸਿਕਾ ਲਾਲ ਹੱਤਿਆ ਕਾਂਡ ਜਾਂ ਪ੍ਰਿਆਦਰਸ਼ਨੀ ਮੱਟੂ ਕੇਸ। ਅਜਿਹੇ ਹਰ ਮੌਕੇ ’ਤੇ ਇਸ ਦੇਸ਼ ਦਾ ਮੱਧਵਰਗ ਤੇ ਨਿਮਨ ਮੱਧਵਰਗ ਖੁਸ਼ੀ ਨਾਲ ਫੁਲਿਆ ਨਹੀਂ ਸਮਾਉਂਦਾ ਅਤੇ ਭਾਰਤੀ ਲੋਕਤੰਤਰ ਤੇ ਨਿਆਂਪਾਲਿਕਾ ਦਾ ਗੁਣਗਾਣ ਕਰਨ ਲੱਗਦਾ ਹੈ। ਇਸ ਨਾਲ ਪੂਰੇ ਸਮਾਜ ’ਚ ਵਿਵਸਥਾ ਦੇ ਪੱਖ ’ਚ ਇਕ ਆਮ ਰਾਏ ਬਣਾਉਣ ’ਚ ਹਾਕਮ ਜਮਾਤ ਨੂੰ ਸਹਾਇਤਾ ਮਿਲਦੀ ਹੈ। ਇਸ ਲਈ ਕਈ ਵਾਰੀ ਭਾਰੀ ਕੀਮਤ ਚੁਕਾ ਕੇ ਵੀ ਹਾਕਮ ਜਮਾਤ ਇਸ ਝੂਠੇ ਭਰੋਸ਼ੇ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦੀ ਹੈ ਜਿਵੇਂ ਕਿ ਸਤਿਅਮ ਕਮਪਿਊਟਰਸ ਦੇ ਮਾਲਕ ਸਮਲਿੰਗਮ ਰਾਜੂ ਦੇ ਘਪਲੇ ਦਾ ਪਰਦਾਫਾਸ਼ ਜਾਂ ਫਿਰ ਆਈ. ਪੀ. ਐਲ. ਦੇ ਜ਼ਿੰਮੇਵਾਰ ਲਲਿਤ ਮੋਦੀ ਦਾ ਪਰਦਾਫਾਸ਼। ਇਹ ਉਹੀ ਲੋਕ ਹਨ ਜਿਨ੍ਹਾਂ ਨੂੰ ਕਦੀ ਮੀਡੀਆ ਯੂਥ ਆਈਕਾਨ ਤੇ ਰੋਲ ਮਾਡਲ ਬਣਾ ਕੇ ਪੇਸ਼ ਕਰਦਾ ਸੀ। ਕਸਾਬ ਸਬੰਧੀ ਆਏ ਫੈਸਲੇ ਨਾਲ ਹਾਕਮ ਜਮਾਤ ਨੂੰ ਕਈ ਫਾਇਦੇ ਮਿਲੇ। ਇਕ ਤਾਂ ਕੁਝ ਦਿਨਾਂ ਲਈ ਮੀਡੀਆ ਦੀ ਮਦਦ ਨਾਲ ਪੂਰੇ ਦੇਸ਼ ’ਚ ਰਾਸ਼ਟਰਵਾਦ ਦਾ ਬਾਜ਼ਾਰ ਗਰਮ ਹੋ ਗਿਆ। ਪਟਾਖੇ ਚਲਾਏ ਗਏ, ਜਲੂਸ ਕੱਢੇ ਗਏ, ਤਿਰੰਗੇ ਲਹਿਰਾਏ

ਗਏ, ਲੱਡੂ ਵੰਡੇ ਗਏ। ਇਸ ਤੋਂ ਇਲਾਵਾ ਫੈਸਲਾ ਆਉਣ ’ਤੇ ਪੂੰਜੀਵਾਦ ਨਿਆਂ ਪਾਲਿਕਾ ਬਾਰੇ ਭਰਮ ਵੀ ਮਜ਼ਬੂਤ ਹੋਇਆ। ਮੀਡੀਆ ਤੇ ਸਾਰੀਆਂ ਪੂੰਜੀਵਾਦੀ ਪਾਰਟੀਆਂ ਨੇ ਇਸ ਫੈਸਲੇ ਨੂੰ ਖ਼ੂਬ ਚਮਕਾਇਆ। ਪਰ ਕੁਝ ਤੱਥਾਂ ਬਾਰੇ ਮੀਡੀਆ ਤੋਂ ਲੈ ਕੇ ਨੇਤਾਵਾਂ ਤੱਕ ਸ਼ਾਂਤ ਸਨ। ਜਿਵੇਂ ਕਿ ਇਸ ਕੇਸ ’ਚ ਗ੍ਰਿਫਤਾਰ ਦੋ ਹੋਰ ਦੋਸ਼ੀ ਫਹੀਮ ਅੰਸਾਰੀ ਤੇ ਸ਼ਾਹਬੁਦੀਨ ਅਹਿਮਦ ਜਿਨ੍ਹਾਂ ’ਤੇ ਹਮਲੇ ਵਾਲੀ ਥਾਂ ਦੇ ਨਕਸ਼ੇ ਤਿਆਰ ਕਰਨ ਦਾ ਦੋਸ਼ ਸੀ ਨੂੰ ਸਭ ਮੁਕੱਦਮਿਆਂ ਤੋਂ ਬਰੀ ਕਰ ਦਿੱਤਾ ਹੈ। ਇਕ ਸਾਲ ਤੱਕ ਬੇਗੁਨਾਹ ਹੁੰਦੇ ਹੋਏ ਵੀ ਕਿਉਂ ਇਨ੍ਹਾਂ ਦੋਹਾਂ ਨੂੰ ਸ਼ਲਾਖਾਂ ਪਿੱਛੇ ਰਹਿਣਾ ਪਿਆ? ਕਿਉਂਕਿ ਇਸ ਪਿੱਛੋਂ ਇਨ੍ਹਾਂ ਅੰਦਰ ਗੁੱਸਾ ਪੈਦਾ ਨਾ ਹੋਵੇ? ਸਵਾਲ ਤਾਂ ਇਹ ਵੀ ਹੈ ਕਿ ਕਿਉਂ ਅਜਮਲ ਕਸਾਬ ਤੋਂ ਵੀ ਵਧ ਸੰਗੀਨ ਅਪਰਾਧ ਕਰਨ ਵਾਲੇ ਹਤਿਆਰੇ ਅੱਜ ਨਾ ਸਿਰਫ ਖੁੱਲ੍ਹਾ ਘੁੰਮ ਰਹੇ ਹਨ ਬਲਕਿ ਸੱਤਾ ਦੀ ਮਲਾਈ ਵੀ ਚੱਟ ਰਹੇ ਹਨ? ਗੁਜਰਾ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਜਗਦੀਸ਼ ਟਾਈਟਲਰ, ਨਿਠਾਰੀ ਕਾਂਡ ਦੇ ਦੋਸ਼ੀ ਮਹਿੰਦਰ ਸਿੰਘ ਪੰਧੇਰ, ਆਪਣੇ ਕੁਕਰਮ ਤੋਂ ਏਨੇ ਸਾਲ ਬਾਅਦ ਵੀ ਨਿਆਂਪਾਲਿਕਾ ਦੀ ਗ੍ਰਿਫ਼ਤ ਤੋਂ ਬਾਹਰ ਹਨ। ਆਖਰ ਕਿਉਂ ਨਾਦੇੜ, ਮਾਲੇਗਾਓ ਅਤੇ ਅਜਮੇਰ ਵਰਗੀਆਂ ਥਾਂਵਾਂ ’ਤੇ ਹੋਣ ਵਾਲੀਆਂ ਦਹਿਸ਼ਤਗਰਦ ਘਟਨਾਵਾਂ ਤੇ ਉਨ੍ਹਾਂ ਲਈ ਜ਼ਿੰਮੇਵਾਰ ਫਿਰਕੂ ਹਿੰਦੂ ਫਾਂਸੀਵਾਦੀ ਆਤੰਕੀਆਂ ਖਿਲਾਫ ਵੀ ਉਸ ਤੀਖਣਤਾ ਨਾਲ ਕਾਰਵਾਈ ਨਹੀਂ ਕੀਤੀ ਗਈ ਜਿਵੇਂ ਕਸਾਬ ਸਬੰਧੀ ਕੀਤੀ ਗਈ? ਲੋੜੀਂਦੇ ਗਵਾਹ ਸਬੂਤ ਮੌਜੂਦ ਹੋਣ ਦੇ ਬਾਵਜੂਦ ਵੀ ਰੁਚਕਾ ਆਤਮ ਹੱਤਿਆ ਕੇਸ ’ਚ ਦੋਸ਼ੀ ਰਠੌੜ ਨੂੰ ਮਾਮੂਲੀ ਸਜ਼ਾ ਹੀ ਮਿਲੀ। ਕੋਈ 30 ਹਜ਼ਾਰ ਆਮ ਭੁਪਾਲਿਆਂ ਦੇ ਕਾਤਲ 26 ਸਾਲ ਪਿੱਛੋਂ ਵੀ ਆਜ਼ਾਦ ਘੁੰਮ ਰਹੇ ਹਨ। ਕਨੂੰਨ ਅਮੀਰਾਂ ਲਈ ਵੱਖਰਾ ਤੇ ਗਰੀਬਾਂ ਲਈ ਵੱਖਰਾ ਰੁਖ ਅਪਣਾਉਂਦਾ ਹੈ। ਬਰਾਬਰੀ ਦੀ ਸਭ ਗੱਲ ਕਿਤਾਬੀ ਹਨ। ਪੂੰਜੀਵਾਦੀ ਨਿਆਂ ਪੂੰਜੀ ਦੇ ਦਾਬੇ ਦਾ ਹੀ ਅੰਗ ਹੁੰਦਾ ਹੈ। ਕਨੂੰਨ ਦਾ ਅਮਲ ਹੀ ਏਨਾ ਗੁੰਝਲਦਾਰ ਹੁੰਦਾ ਹੈ ਕਿ ਕੋਈ ਗਰੀਬ ਉਥੇ ਪਹੁੰਚ ਹੀ ਨਹੀਂ ਸਕਦਾ। ਅਮੀਰਾਂ ਨੂੰ ਨਿਆਂ ਪ੍ਰਣਾਲੀ ਉਨ੍ਹਾਂ ਦੇ ਘਰ ਆ ਕੇ ਨਿਆਂ ਦਿੰਦੀ ਹੈ।

# ਨਸਲਵਾਦ ’ਤੇ ਪਰਦਾਪੋਸ਼ੀ ਦੀ ਕੋਸ਼ਿਸ਼ ਕਿਉਂ?

ਪਿਛਲੇ ਸਾਲ ਸ਼ਾਇਦ ਹੀ ਕੋਈ ਅਜਿਹਾ ਬੀਤਿਆ ਹੋਵੇਗਾ ਜਦ ਅਸਟ੍ਰੇਲੀਆ ’ਚ ਰਹਿਣ ਵਾਲੇ ਭਾਰਤੀ ਵਿਦਿਆਰਥੀਆਂ ਤੇ ਰੁਜ਼ਗਾਰ ਦੀ ਭਾਲ ਪਹੁੰਚੇ ਲੋਕਾਂ ਨੂੰ ਬੇਰਹਿਮ ਨਸਲਵਾਦੀ ਹਿੰਸਾ ਦਾ ਨਿਸ਼ਾਨਾ ਨਾ ਬਣਾਇਆ ਗਿਆ ਹੋਵੇ। ਇਕ ਭਾਰਤੀ ਨੌਜਵਾਨ ਦੇ ਮੱਥੇ ’ਚ ਪੇਚਕਸ ਨਾਲ ਸੁਰਾਖ਼ ਕਰਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਦੂਜੇ ਦੇ ਪੇਟ ’ਚ ਛੁਰਾ ਮਾਰ ਕੇ ਉਸ ਨੂੰ ਮੌਤ ਦੇ ਘਾਟ ਉਤਾਰਨ ਲਈ ਹਮਲਾ ਕੀਤਾ ਗਿਆ। ਤੀਜੇ ਸ਼ਿਕਾਰ ਨੂੰ ਜ਼ਿੰਦਾ ਸਾੜਣ ਪਿਛੋਂ ਵੀ ਆਸਟ੍ਰੇਲੀਆ ਪੁਲਸ ਹਰਕਤ ਵਿਚ ਨਹੀਂ ਆਈ। ਪਹਿਲੀ ਘਟਨਾ ਏਨੀ ਦਿਲ ਕੰਬਾਊ ਸੀ ਕਿ ਆਸਟ੍ਰੇਲੀਆ ਦੇ ਨੇਤਾ ਜ਼ਖ਼ਮੀ ਨੌਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਸੰਵੇਦਨਾ ਤੇ ਹਮਦਰਦੀ ਜਾਹਰ ਕੀਤੇ ਬਿਨ੍ਹਾਂ ਨਾ ਰਹਿ ਸਕੇ। ਗੰਭੀਰ ਰੂਪ ਨਾਲ ਜ਼ਖ਼ਮੀ ਵਿਅਕਤੀ ਦੇ ਇਲਾਜ ਦੇ ਪ੍ਰਬੰਧ ਦਾ ਵੀ ਪ੍ਰਚਾਰ ਕੀਤਾ ਗਿਆ ਪਰ ਜਿਵੇਂ-ਜਿਵੇਂ ਇਨ੍ਹਾਂ ਘਟਨਾਵਾਂ ’ਚ ਵਾਧਾ ਹੋਇਆ, ਆਸਟ੍ਰੇਲੀਆ ਵਾਲੇ ਬਦਲਣ ਲੱਗੇ। ਅੱਜ ਹਾਲਾਤ ਇਹ ਹੈ ਕਿ ਮੰਤਰੀ ਹੋਵੇ ਜਾਂ ਸੰਤਰੀ ਸਭ ਇਕਸ਼ੁਰ ਮਿਲ ਕੇ ਉਲਟਾ ਚੋਰ ਕੋਤਵਾਲ ਕੋ ਡਾਂਟੇ ਵਾਲੇ ਲਹਿਜੇ ਵਿਚ ਭਾਰਤ ਨੂੰ ਡਾਂਟਣ ਲੱਗੇ ਹਨ। ਸਭ ਤੋਂ ਹੈਰਾਨ ਕੁੰਨ ਬਿਆਨ ਤਾਂ ਆਸਟ੍ਰੇਲੀਆ ਦੀ ਉਪ ਪ੍ਰਧਾਨ ਮੰਤਰੀ ਨੇ ਦਿੱਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਨਸਲਵਾਦ ਖੁਦ ਭਾਰਤ ਦੇ ਸ਼ਹਿਰਾਂ ’ਚ ਵੇਖਣ ਨੂੰ ਮਿਲਦਾ ਹੈ ਅਤੇ ਇਸ ਤਰ੍ਹਾਂ ਦੀ ਹਿੰਸਾ ਤੋਂ ਕੋਈ ਦੁਨੀਆਂ ਦਾ ਵੱਡਾ ਸ਼ਹਿਰ ਮੁਕਤ ਨਹੀਂ ਹੈ। ਉਸ ਅਨੁਸਾਰ ਭਾਰਤ ਤੇ ਮੀਡੀਆ ਨੂੰ ਮਿਰਗੀ ਵਰਗੇ ਦੌਰੇ ਪੈ ਰਹੇ ਹਨ ਤੇ ਉਨ੍ਹਾਂ ਦੀ ਬੁਖਲਾਹਟ ਬਿਲਕੁਲ ਨਜਾਇਜ਼ ਹੈ। ਜੋ ਗੱਲ ਕਹੀ ਗਈ ਹੈ ਸਿਰਫ਼ ਉਹੀ ਇਤਰਾਜਯੋਗ ਨਹੀਂ ਬਲਕਿ ਜਿਸ ਤਰ੍ਹਾਂ ਕਹੀ ਗਈ ਹੈ ਉਹ ਹੋਰ ਵੀ ਸ਼ਰਮਨਾਕ ਹੈ। ਇਸ ਲਈ ਸ਼ਾਇਦ ਸਾਡੇ ਪ੍ਰਧਾਨ ਮੰਤਰੀ ਦੀ ਨਰਮੀ ਹੀ ਸਭ ਤੋਂ ਵੱਧ ਜ਼ਿੰਮੇਵਾਰ ਹੈ। ਜੋ ਖੁਦ ਮੀਡੀਆ ਨੂੰ ਸੰਜਮ ਵਰਤਣ ਦੀ ਰਾਇ ਦਿੰਦੇ ਰਹਿੰਦੇ ਹਨ। ਚਾਹੇ ਮਾਮਲਾ ਚੀਨ ਦਾ ਹੋਵੇ ਜਾਂ ਪਾਕਿਸਤਾਨ ਦਾ ਜਾਂ ਫਿਰ ਆਸਟ੍ਰੇਲੀਆ ਦਾ ਹੋਰ ਕੀਮਤ ’ਤੇ ‘ਦੋਸਤ ਦੇਸ਼’ ਦੇ ਨਾਲ ਸਬੰਧਾਂ ਨੂੰ ਬਣਾਈ ਰੱਖਣ ਦੀ ਅਜਿਹੀ ਕਿਹੜੀ ਮਜ਼ਬੂਰੀ ਉਨ੍ਹਾਂ ਸਾਹਮਣੇ ਹੈ ਜੋ ਇਕ ਗੱਲ ’ਤੇ ਧਪੜ ਖਾਣ ਪਿੱਛੋਂ ਦੂਜੀ ਗਲ਼ ਹਮਲਾਵਰ ਮੂਹਰੇ ਪੇਸ਼ ਕਰਦੀ ਹੈ? ਇਸ ਨੀਤੀ ਪਿਛੋਂ ਆਸਟ੍ਰੇਲੀਆ ਦੇ ਨਸਲਵਾਦੀਆਂ ਦੇ ਹੌਸਲੇ ਜੇ ਬੁਲੰਦ ਹੁੰਦੇ ਹਨ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ।

ਆਸਟ੍ਰੇਲੀਆਈ ਉਪ ਪ੍ਰਧਾਨ ਮੰਤਰੀ ਦਾ ਇਹ ਕਹਿਣਾ ਸਰਾਸਰ ਗਲਤ ਹੈ ਕਿ ਭਾਰਤ ’ਚ ਇਸ ਤਰ੍ਹਾਂ ਦਾ ਨਸਲਵਾਦ ਦੇਖਣ ਨੂੰ ਮਿਲਦਾ ਹੈ। ਪਿਛਲੇ 60-65 ਸਾਲਾਂ ਦੇ ਇਤਿਹਾਸ ਵਿਚ ਕਿੰਨੇ ਆਸਟ੍ਰੇਲੀਆਈ ਜਾਂ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਗੋਰੇ ਸ਼ੈਲਾਨੀਆਂ ਦਾ ਕੰਮ ਕਰਨ ਵਾਲੇ ਭਾਰਤ ’ਚ ਮਾਰੇ ਗਏ ਹਨ ਜਾਂ ਗੰਭੀਰ ਰੂਪ ’ਚ ਜ਼ਖ਼ਮੀ ਹੋਏ ਹਨ? ਪਿਛਲੇ ਸਾਲ ਗੋਆ ਵਿਚ ਵਿਦੇਸ਼ੀ ਔਰਤਾਂ ਨਿਸ਼ਾਨਾ ਬਣੀਆਂ ਪਰ ਉਨ੍ਹਾਂ ਅਪਰਾਧਾਂ ਦੇ ਬਾਵਜੂਦ ਆਸਟ੍ਰੇਲੀਆਂ ਸਰਕਾਰ ਨੂੰ ਚੁੱਪ ਕਰਾਉਣ ਲਈ ਕਾਫੀ ਹੋਣਾ ਚਾਹੀਦਾ ਹੈ ਜੇ ਉਨ੍ਹਾਂ ਦਾ ਇਰਾਦਾ ਭਾਰਤ ਦੇ ਸਰਹੱਦੀ

ਇਲਾਕਿਆਂ ਤੋਂ ਆਉਣ ਵਾਲੇ ਦਲਿਤਾਂ ਵਿਰੁੱਧ ਗੈਰ ਮਨੁੱਖੀ ਹਿੰਸਾ ਤੋਂ ਹੈ ਤਦ ਵੀ ਇਨ੍ਹਾਂ ਨੂੰ ਇਹ ਛੋਟ ਨਹੀਂ ਦਿੱਤੀ ਜਾਣੀ ਚਾਹੀਦੀ। ਹਿੰਸਾ ਫਿਰਕੂ ਹੋਵੇ ਜਾਂ ਜਾਤੀ ਭਾਰਤ ਦੀ ਇਕ ਅਰਬ ਆਬਾਦੀ ਉਸ ਦੇ ਅਸੰਤੁਲਿਨ ਵਿਕਾਸ ਨੂੰ ਵੇਖਦਿਆਂ ਇਸ ਨੂੰ ਬੇਲੋੜ ਤੂਲ ਨਹੀਂ ਦਿੱਤਾ ਜਾ ਸਕਦਾ ਕਿ ਭਾਰਤ ਵਿਚ ਫਿਰਕਾਪ੍ਰਸਤੀ ਨੂੰ ਭੜਕਾਉਣ ਲਈ ਬ੍ਰਿਟਿਸ਼ ਬਸਤੀਵਾਦੀ ਨੀਤੀਆਂ ਜ਼ਿੰਮੇਵਾਰ ਨਹੀਂ ਹਨ ਅਤੇ ਸਾਮਰਾਜੀ ਸਾਜ਼ਿਸ਼ ਦੇ ਕਾਰਨ ਹੀ ਦੇਸ਼ ਦੀ ਵੰਡ ਹੋਈ, ਪਾਕਿਸਤਾਨ ਬਣਿਆ। ਜਿਥੋਂ ਤੱਕ ਦੁਨੀਆ ਦੇ ਹੋਰ ਨਗਰਾਂ 'ਚ ਅਵਸਰਵਾਦੀ ਹਿੰਸਾ ਦੀ ਗੱਲ ਹੈ। ਉਸ ਦਾ ਜ਼ਿਕਰ ਵੀ ਮੌਜੂਦਾ ਪ੍ਰਸੰਗ 'ਚ ਬੇਅਰਥ ਹੈ। ਇਹ ਸੱਚ ਹੈ ਕਿ ਨਿਊਯਾਰਕ, ਸ਼ਿਕਾਗੋ ਤੇ ਪੈਰਿਸ, ਰੋਮ ਆਦਿ ਸ਼ਹਿਰਾਂ ਵਿਚ ਇਸ ਤਰ੍ਹਾਂ ਦੇ ਅਪਰਾਧੀ ਕਾਫੀ ਹੁੰਦੇ ਹਨ। ਪਰ ਉਨ੍ਹਾਂ ਦਾ ਸ਼ਿਕਾਰ ਕਿਸੇ ਇਕ ਨਸਲ ਦੇ ਲੋਕ ਨਹੀਂ ਹੁੰਦੇ। ਖੁਦ ਗੋਰੇ ਅਮਰੀਕ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਦੇਸ਼ ਦੀ ਆਬਾਦੀ 'ਚ ਉਨ੍ਹਾਂ ਦੀ ਗਿਣਤੀ ਦੇ ਅਨੁਪਾਤ 'ਚ ਇਹ ਗੱਲ ਸੁਭਾਵਿਕ ਹੈ। ਕੀ ਆਸਟ੍ਰੇਲੀਆ ਦੀ ਸਰਕਾਰ ਇਹ ਦੱਸਣ ਦੀ ਕ੍ਰਿਪਾ ਕਰੇਗੀ ਕਿ ਪਿਛਲੇ ਸਾਲ ਕਿੰਨੇ ਗੋਰੇ ਆਸਟ੍ਰੇਲੀਆਈ ਆਪਣੇ ਦੇਸ਼ ਦੇ ਨਗਰਾਂ 'ਚ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਸ਼ਿਕਾਰ ਹੋਏ?

ਨਿਤਨ ਗਰਮ ਨਾਂ ਦਾ ਇਕ ਨੌਜਵਾਨ ਪਿਛਲੇ ਮਹੀਨੇ ਮਾਰਿਆ ਗਿਆ ਉਹ ਉਸ ਰੇਸਤਰਾਂ ਤੋਂ ਹੀ ਘਰ ਵਾਪਸ ਆ ਰਿਹਾ ਸੀ ਜਿਥੇ ਉਹ ਆਪਣੀ ਦਾ ਖਰਚਾ ਕੱਢਣ ਲਈ ਕੰਮ ਕਰਦਾ ਸੀ। ਜਿਸ ਭਾਰਤ ਨੂੰ ਪਿਛਲੇ ਸਾਲ ਜਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ ਉਹ ਆਪਣੇ ਘਰ 'ਚ ਆਪਣੀ ਕਾਰ ਖੜ੍ਹੀ ਕਰ ਰਿਹਾ ਸੀ, ਆਸਟ੍ਰੇਲੀਆ ਦੀ ਜੀਵਨਸ਼ੈਲੀ ਤੋਂ ਭਲੀਭਾਂਤ ਵਾਕਿਫ ਸੀ ਅਤੇ ਕਾਫੀ ਦਿਨਾਂ ਤੋਂ ਉਥੇ ਰਹਿ ਰਿਹਾ ਸੀ। ਇਹ ਗੱਲ ਸਰਾਸਰ ਝੂਠ ਹੈ ਕਿ ਤਰ੍ਹਾਂ-ਤਰ੍ਹਾਂ ਦੇ ਵਹਿਮਾਂ ਤੋਂ ਪੀੜਤ ਭਾਰਤੀ ਨੌਜਵਾਨ ਗੋਰਿਆਂ ਨੂੰ ਭੜਕਾਉਣ ਵਾਲੀਆਂ ਹਰਕਤਾਂ ਕਰਦੇ ਹਨ। ਇਸ ਤਰ੍ਹਾਂ ਦੇ ਦੋਸ਼ ਕੁਝ ਸਮੇਂ ਪਹਿਲਾਂ ਤੱਕ ਮੈਕਸਿਕੋ ਤੇ ਤੁਰਕੀ ਜਾਂ ਅਫਗਾਨਿਸਤਾਨ ਤੋਂ ਆਉਣ ਵਾਲੇ ਨੌਜਵਾਨਾਂ 'ਤੇ ਲਾਏ ਜਾਂਦੇ ਰਹੇ ਹਨ। ਅੱਜ ਜੇ ਇਸਲਾਮੀ ਨਾਮ ਅਤੇ ਪੱਛਮੀ ਏਸ਼ੀਆਈ ਸ਼ਕਲੋ ਸੂਰਤ ਵਾਲੇ ਵਿਦੇਸ਼ੀ ਨਸਲਵਾਦੀ ਹਿੰਸਾ ਦਾ ਸ਼ਿਕਾਰ ਨਹੀਂ ਹੋ ਰਹੇ ਹਨ ਤਾਂ ਇਸ ਦਾ ਸਿਰਫ਼ ਇਕ ਕਾਰਨ ਹੈ। ਆਸਟ੍ਰੇਲੀਆਈ ਇਸ ਗੱਲ ਤੋਂ ਘਬਰਾਉਂਦੇ ਹਨ ਕਿ ਅਜਿਹਾ ਕੁਝ ਹੋਇਆ ਤਾਂ ਜੇਹਾਦੀ ਕੱਟੜਪੰਥੀ ਉਨ੍ਹਾਂ ਨੂੰ ਸਲਾਮਤ ਨਹੀਂ ਛੱਡਣਗੇ। ਬਾਲੀ ਨਾਈਟ ਕਲੱਬ 'ਚ ਧਮਾਕੇ ਪਿਛੋਂ ਤੋਂ ਇਹ ਭੂਤ ਉਨ੍ਹਾਂ ਦੇ ਸਿਰ 'ਤੇ ਸਵਾਰ ਹੈ। ਹਿੰਦੁਸਤਾਨ ਬਹੁਤ ਦੂਰ ਹੈ ਪਰ ਸੰਸਾਰ ਦੀ ਸਭ ਤੋਂ ਵੱਡੀ ਮੁਸਲਮਾਨ ਆਬਾਦੀ ਵਾਲਾ ਇੰਡੋਨੇਸ਼ੀਆ ਬਿਲਕੁਲ ਗੁਆਂਢ ਵਿਚ ਹੈ। ਆਸਟ੍ਰੇਲੀਆ ਮਲੇਸ਼ੀਆ ਨੂੰ ਨਾਰਾਜ਼ ਨਹੀਂ ਕਰ ਸਕਦਾ, ਜਿਸ ਦਾ ਸੰਸਕਾਰ ਇਸਲਾਮੀ ਹੁੰਦਾ ਜਾ ਰਿਹਾ ਹੈ। ਜਿਥੋਂ ਤੱਕ ਚੀਨੀ ਪ੍ਰਵਾਸੀ ਦਾ ਸਵਾਲ ਹੈ, ਉਨ੍ਹਾਂ ਦਾ ਤਾਂ ਵਾਲ ਵੀ ਵਿੰਗਾ ਨਹੀਂ ਹੋਣਾ ਆਸਟ੍ਰੇਲੀਆ ਲਈ ਜੀ ਦਾ ਜੰਜਾਲ ਬਣ ਜਾਵੇਗਾ। ਕੁਟਣ ਲਈ ਬਚਦੇ ਹਨ ਸਿਰਫ ਭਾਰਤੀ ਹਕੀਕਤ ਇਹ ਹੈ ਕਿ ਆਸਟ੍ਰੇਲੀਆ ਸ਼ੁਰੂ ਤੋਂ ਹੀ ਨਸਲਵਾਦੀ ਦੇਸ਼ ਹੈ। ਇਥੋਂ ਦੇ ਸਥਾਨਕ ਮੂਲ ਨਿਵਾਸੀਆਂ ਦੇ ਵੰਸ ਨਾਸ਼ ਹੋਣ ਦੇ ਬਾਵਜੂਦ ਵੀ ਗੋਰਿਆਂ ਨੇ ਇਸ ਨੂੰ ਅਪਣਾ ਬਣਾਇਆ। ਵੱਖ ਮਹਾਂਦੀਪ ਹੋਣ ਕਰਕੇ ਮਹਾਂਯੁੱਧਾਂ ਦੀ ਤਬਾਹੀ ਤੋਂ ਇਹ ਬਚਿਆ ਰਹਿ ਸਕਿਆ। ਇਥੋਂ ਦੇ ਕੁਦਰਤੀ

ਸੋਮਿਆਂ ਨੂੰ ਆਪਣੀ ਕਹਿਣ ਵਾਲੇ ਆਸਟ੍ਰੇਲੀਆਈ ਇਹ ਵੀ ਨਹੀਂ ਕਹਿ ਸਕਦੀ ਕਿ ਵੀਰਭੋਗਾ ਵਸੁੰਧਰਾ ਦੇ ਆਧਾਰ 'ਤੇ ਹਿਹ ਉਨ੍ਹਾ ਦਾ ਅਧਿਕਾਰ ਹੈ। ਜਿਨ੍ਹਾਂ ਅਪਰਾਧੀਆਂ ਜਾਂ ਦੇਸ਼ ਤੋਂ ਕੱਢੇ ਗਏ ਗੋਰਿਆਂ ਦੀਆਂ ਸੰਤਾਨਾਂ ਅੱਜ ਦੰਭ ਨਾਲ ਭਰੀਆਂ ਹਨ। ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਨ੍ਹਾਂ ਦੀ ਪਿੱਠ 'ਤੇ ਹਮੇਸ਼ਾ ਅੰਗਰੇਜ਼ਾਂ ਤੇ ਅਮਰੀਕੀਆਂ ਦਾ ਹੱਥ ਰਿਹਾ ਹੈ। ਉਨ੍ਹਾਂ ਦੀ ਆਪਣੀ ਔਕਾਤ ਕੋਈ ਖਾਸ ਨਹੀਂ। ਉਨ੍ਹਾਂ ਦੇ ਬੜਬੋਲੇਪਣ ਦਾ ਭੇਦ ਖੋਹਲਣ ਦੀ ਲੋੜ ਹੈ। ਯਾਦ ਰਹੇ ਜਦ ਭਾਰਤ ਤੇ ਅਮਰੀਕਾ ਵਿਚਕਾਰ ਪ੍ਰਮਾਣੂ ਊਰਜਾ ਦੀ ਸ਼ਾਂਤੀਪੂਰਨ ਵਰਤੋਂ ਦਾ ਸਮਝੌਤਾ ਹੋਇਆ ਸੀ ਤਾਂ ਉਸ ਵਕਤ ਵੀ ਯੂਰੇਨੀਅਮ ਬਰਾਮਦ ਬਾਰੇ 'ਚ ਅੜਿੱਕਾ ਲਾਉਣ ਵਾਲੇ ਆਸਟ੍ਰੇਲੀਆਈ ਹੀ ਸਭ ਤੋਂ ਮੁੱਖ ਵਿਰੋਧੀ ਰਹੇ ਸਨ। ਇਸ ਲਈ ਇਹ ਸਮਝਣਾ ਮੁਸ਼ਕਲ ਹੈ ਕਿ ਕਿਹੜੇ ਅਜਿਹੇ ਰਾਸ਼ਟਰੀ ਹਿੱਤ ਹਨ ਜਾਂ ਆਰਥਿਕ ਮਜ਼ਬੂਰੀ ਹੈ ਜਿਨ੍ਹਾਂ ਕਰਕੇ ਅਸੀਂ ਆਸਟ੍ਰੇਲੀਆ ਦਾ ਨਸਲਵਾਦੀ ਅਤਿਆਚਾਰ ਸਹਿਣ ਲਈ ਮਜ਼ਬੂਰ ਹਾਂ। ਹਾਂ ਆਸਟ੍ਰੇਲੀਆਈਆਂ ਦੀ ਇਹ ਗੱਲ ਜ਼ਰੂਰ ਸੱਚ ਹੈ ਕਿ ਅਸੀਂ ਇਨ੍ਹਾਂ ਕੁਟੇ ਮਾਰੇ ਜਾ ਰਹੇ ਭਾਰਤੀਆਂ ਨੂੰ ਆਪਣੇ ਇਥੇ ਰਹਿਣ ਲਈ ਬੁਲਾਇਆ ਨਹੀਂ ਹੈ। ਉਹ ਖੁਦ ਸੁਨਹਿਰੇ ਭਵਿੱਖ ਦੀ ਤਲਾਸ਼ ਵਿਚ ਉਥੇ ਭੀੜ ਲਾ ਰਹੇ ਹਨ। ਵੈਸੇ ਇਹ ਗੱਲ ਵੀ ਪੂਰੀ ਤਰ੍ਹਾਂ ਠੀਕ ਨਹੀਂ। ਨੌਜਵਾਨ ਭਾਰਤੀਆਂ ਨੂੰ ਲਲਚਾਉਣ ਵਿਚ ਆਸਟ੍ਰੇਲੀਆਈ ਯੂਨੀਵਰਸਿਟੀਆਂ ਤੇ ਸਿੱਖਿਆ ਅਦਾਰੇ ਕੋਈ ਕਸਰ ਬਾਕੀ ਨਹੀਂ ਛੱਡਦੇ। ਇਹ ਗੱਲ ਦਾ ਇਕ ਤਿਹਾਈ ਹਿੱਸਾ ਵਿਦੇਸ਼ੀ ਵਿਦਿਆਰਥੀਆਂ ਤੋਂ ਇਕੱਠਾ ਹੁੰਦਾ ਹੈ ਅਤੇ ਇਸ ਬਰਾਦਰੀ 'ਚ ਭਾਰਤੀਆਂ ਦੀ ਗਿਣਤੀ ਕਾਫੀ ਹੈ। ਗਲਤ ਸਹੀ ਇਸ਼ਤਿਹਾਰਬਾਜ਼ੀ ਦੇ ਝਾਂਸੇ 'ਚ ਫਸ ਕੇ ਜੋ ਪ੍ਰਵਾਸੀ ਵਿਦੇਸ਼ ਪਹੁੰਚਦੇ ਹਨ, ਉਨ੍ਹਾਂ ਦੀ ਰਖਵਾਲੀ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਦੀ ਬਣਦੀ ਹੈ। ਗਨੀਮਤ ਇਹ ਹੈ ਕਿ ਵਿਦੇਸ਼ ਮੰਤਰੀ ਦੀ ਕਹਿਣੀ ਦੇ ਬਾਵਜੂਦ ਪ੍ਰਵਾਸੀ ਭਾਰਤੀ ਮੰਤਰਾਲੇ ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਵਾਇਲਾਰ ਰਵੀ ਨੇ ਵੱਧ ਜੁਅਰਤ ਵਿਖਾਈ ਹੈ। ਉਨ੍ਹਾਂ ਨੇ ਆਸਟ੍ਰੇਲੀਆਈ ਸਰਕਾਰ ਨੂੰ ਦੋ-ਟੁੱਕ ਇਹ ਸਲਾਹ ਦਿੱਤੀ ਹੈ ਕਿ ਛੋਟੇ ਪੁਲਸ ਮੁਲਾਜ਼ਮਾਂ ਨੂੰ ਇੰਨੇ ਸੰਵੇਦਨਸ਼ੀਲ ਮਾਮਲਿਆਂ 'ਚ ਆਪਣਾ ਮੂੰਹ ਬੰਦ ਰੱਖਣਾ ਚਾਹੀਦਾ ਹੈ ਬਿਨ੍ਹਾਂ ਕਿਸੇ ਖੋਜਬੀਨ ਜਾਂ ਜਾਂਚ-ਪੜਤਾਲ ਦੇ ਉਹ ਇਹ ਕਹਿਣ ਦਾ ਹੱਕ ਨਹੀਂ ਰੱਖਦੇ ਉਹ ਅਪਰਾਧੀ ਨਸਲਵਾਦੀ ਨਹੀਂ। ਇਹ ਸਵਾਲ ਵੀ ਬਚਿਆ ਰਹਿੰਦਾ ਹੈ ਕਿ ਕਿਸੇ ਵੀ ਅਜਿਹੀ ਘਟਨਾ ਦਾ ਕੋਈ ਵੀ ਦੋਸ਼ੀ ਅਜੇ ਤੱਕ ਫੜਿਆ ਕਿਉਂ ਨਹੀਂ ਗਿਆ।

ਜਦ-ਜਦ ਐਸੀ ਕੋਈ ਘਟਨਾ ਘਟੀ ਹੈ, ਨਸਲਵਾਦੀ ਗਾਲੀ-ਗਲੋਚ ਸੁਣਿਆ ਗਿਆ ਹੈ। ਇਹ ਕਹਿਣਾ ਠੀਕ ਨਹੀਂ ਕਿ ਇਹ ਸਭ ਕਿਸ਼ੋਰ ਅਪਰਾਧੀਆਂ ਦੀ ਕਾਰਸਤਾਨੀ ਹੈ ਜਾਂ ਇਸ ਦੇ ਲਈ ਦੂਜੇ ਨਸ਼ੇੜੀ ਵਿਦੇਸ਼ੀ ਪ੍ਰਵਾਸੀ ਜ਼ਿੰਮੇਵਾਰ ਹਨ। ਇਹ ਗੱਲ ਜੱਗ ਜ਼ਾਹਿਰ ਹੋ ਚੁੱਕੀ ਹੈ ਕਿ ਆਸਟ੍ਰੇਲੀਆ ਦੀ ਮੌਜੂਦਾ ਸਰਕਾਰ ਜ਼ਹਿਰੀਲੇ ਨਸਲਵਾਦ 'ਤੇ ਪੋਚਾ ਫੇਰ ਰਹੀ ਹੈ। ਉਹ ਚਾਹੇ ਜੋ ਮਰਜ਼ੀ ਕਰੇ, ਸਾਡੀ ਪ੍ਰੇਸ਼ਾਨੀ ਇਸ ਸਬੰਧੀ ਹੈ ਕਿ ਭਾਰਤ ਸਰਕਾਰ ਕਿਉਂ ਕੁਝ ਨਹੀਂ ਕਰ ਰਹੀ ਹੈ।

# ਕੀ ਜੇਲ੍ਹਾਂ ਵੀ ਜਾਬਰ ਪ੍ਰਬੰਧ ਦਾ ਹਿੱਸਾ ਹਨ?

ਪੂੰਜੀਪਤੀ ਵਰਗ ਆਪਣੇ ਜਬਰ ਦਾ ਤਰੀਕਾ ਚਾਰੇ ਪਾਸਿਆਂ ਤੋਂ ਚਲਾਉਂਦਾ ਹੈ। ਜੇਲ੍ਹਾਂ ਵੀ ਸਰਮਾਏਦਾਰ ਜਮਾਤ ਦੇ ਜਾਬਰ ਪ੍ਰਬੰਧ ਦਾ ਸਾਧਨ ਹਨ। ਸਰਮਾਏਦਾਰ ਜਮਾਤ ਤੇ ਉਸ ਦੀ ਸਰਕਾਰਾਂ ਇਹ ਪ੍ਰਚਾਰ ਕਰਦੀਆਂ ਬਿਲਕੁਲ ਨਹੀਂ ਥੱਕਦੀਆਂ ਹਨ ਅਤੇ ਉਹ ਲਗਾਤਾਰ ਪੂੰਜੀਪਤੀਆਂ ਦੇ ਬੁੱਧੀਜੀਵੀ ਇਹੀ ਦੱਸਦੇ ਰਹਿੰਦੇ ਹਨ ਕਿ ਜੇਲ੍ਹਾਂ ਅਪਰਾਧੀਆਂ ਨੂੰ ਠੀਕ ਕਰਨ ਲਈ ਬਣਾਈਆਂ ਜਾਂਦੀਆਂ ਹਨ ਅਤੇ ਜੇਲ੍ਹ 'ਚ ਅਪਰਾਧੀ ਨੂੰ ਇਸ ਲਈ ਰੱਖਿਆ ਜਾਂਦਾ ਹੈ ਤਾਂ ਕਿ ਉਸ ਨੂੰ ਦੋਸ਼ ਮੁਕਤ ਕਰਕੇ ਸਭਿਅਕ ਇਨਸਾਨ ਬਣਾਇਆ ਜਾ ਸਕੇ। ਪਰ ਪੂੰਜੀਵਾਦੀ ਜੇਲ੍ਹਾਂ ਬੰਦੀਆਂ ਲਈ ਸਿਰਫ ਤਸੀਹਾ ਘਰਾਂ ਤੋਂ ਇਲਾਵਾ ਹੋਰ ਕੁਝ ਵੀ ਸਾਬਤ ਨਹੀਂ ਹੋ ਰਹੀਆਂ। ਜੇਲ੍ਹਾਂ ਵਿਚ ਬਹੁਤ ਨਿਰਦੋਸ਼ ਵਿਅਕਤੀ ਬੰਦ ਹਨ ਜਿਨ੍ਹਾਂ ਨੂੰ ਅਦਾਲਤ ਵਲੋਂ ਦੋਸ਼ ਜਾਂ ਨਿਰਦੋਸ਼ ਸਿੱਧ ਕਰਨਾ ਬਾਕੀ ਹੈ। ਜੇਲ੍ਹਾਂ 'ਚ ਖਤਰਨਾਕ ਅਪਰਾਧੀ ਯਾਨੀ ਕਾਤਲ, ਚੋਰ, ਡਕੈਤ ਤੋਂ ਇਲਾਵਾ ਸਮਾਜਿਕ ਅਪਰਾਧੀ ਵੀ ਬੰਦ ਹਨ, ਇਨ੍ਹਾਂ ਸਾਰਿਆਂ ਨੂੰ ਪੈਸੇ ਦੇ ਆਧਾਰ 'ਤੇ ਰੱਖਿਆ ਜਾਂਦਾ ਹੈ। ਜਿਹੋ ਜਿਹਾ ਜਿਸ ਕੋਲ ਪੈਸਾ ਹੋਵੇਗਾ, ਉਨੀਆਂ ਹੀ ਸਹੂਲਤਾਂ ਮਿਲਣਗੀਆਂ। ਅਜਿਹੇ 'ਚ ਗਰੀਬ ਮਜ਼ਦੂਰ, ਕਿਸਾਨ ਵੀ ਜੇਲ੍ਹਾਂ 'ਚ ਬੰਦ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਹੂਲਤ ਨਹੀਂ ਦਿੱਤੀ ਜਾਂਦੀ। ਪੂੰਜੀਪਤੀ ਜਮਾਤ ਤੇ ਉਸ ਦੇ ਪ੍ਰਸਾਸ਼ਨ ਦਾ ਸਮੱਸਿਆਵਾਂ ਪ੍ਰਤੀ ਇਕ ਖਾਸ ਨਜ਼ਰੀਆ ਹੁੰਦਾ ਹੈ ਯਾਨੀ ਉਹ ਹਰੇਕ ਸਮੱਸਿਆ ਦਾ ਹੱਲ ਜਬਰ ਅਤੇ ਡੰਡੇ ਦੇ ਜ਼ੋਰ 'ਤੇ ਕਰਨਾ ਚਾਹੁੰਦੀ ਹੈ। ਜਿਸ ਨਾਲ ਕੁਝ ਸਮੇਂ ਲਈ ਸਮੱਸਿਆ ਦਬਾਈ ਜਾ ਸਕਦੀ ਹੈ ਅਤੇ ਲੋਕਾਂ ਨੂੰ ਡਰਾ ਧਮਕਾ ਕੇ ਕੁਝ ਸਮੇਂ ਲਈ ਸ਼ਾਂਤ ਕੀਤਾ ਜਾ ਸਕਦਾ ਹੈ। ਪਰ ਸਮੱਸਿਆਵਾਂ ਖਤਮ ਨਹੀਂ ਕੀਤੀਆਂ ਜਾ ਸਕਦੀਆਂ। ਸਰਮਾਏਦਾਰੀ ਪ੍ਰਸਾਸ਼ਨ ਵਿਚ ਇਹ ਗੱਲ ਨਸ-ਨਸ 'ਚ ਸਮਾਈ ਹੋਈ ਹੁੰਦੀ ਹੈ ਜਿਸ ਦਾ ਇਰਾਦਾ ਅਜੇ ਸਮੱਸਿਆਵਾਂ ਨੂੰ ਹੱਲ ਕਰਨ ਬਾਰੇ ਬਿਲਕੁਲ ਨਹੀਂ ਬਲਕਿ ਡਰਾ ਧਮਕਾ ਕੇ ਮਾਰਨਾ ਕੁੱਟਣਾ ਹੁੰਦਾ ਹੈ ਇਹ ਕੰਮ ਸਰਮਾਏਦਾਰੀ ਨਿਜ਼ਾਮ ਦੀਆਂ ਜੇਲ੍ਹਾਂ 'ਚ ਹੁੰਦਾ ਹੈ। ਜਿਸ 'ਚ ਬੰਦੀ ਇਕ-ਇਕ ਬੂੰਦ ਪਾਣੀ ਲਈ ਤਰਸਦੇ ਰਹਿੰਦੇ ਹਨ। ਅਕਸਰ ਬੰਦੀ ਪਾਣੀ ਲਈ ਝਗੜਾ ਆਪਸ ਵਿਚ ਕਰਦੇ ਹਨ ਅਤੇ ਜੇਲ੍ਹ ਪ੍ਰਸਾਸ਼ਨ ਆਪਣੇ ਡੰਡੇ ਦੀ ਵਰਤੋਂ ਕਰਦਾ ਹੈ। ਇਹ ਘਟਨਾਵਾਂ ਹਲਦਾਨੀ ਸੁਧਾਰ ਘਰ ਦੀਆਂ ਹਨ। ਹਲਦਾਨੀ ਜੇਲ੍ਹ 'ਚ 200 ਕੈਦੀਆਂ ਨੂੰ ਰੱਖਣ ਦੀ ਜਗ੍ਹਾ ਬਣਾਈ ਗਈ ਹੈ ਪਰ ਇਥੇ 700 ਤੋਂ ਵੱਧ ਕੈਦੀ ਬੰਦ ਹਨ। ਜਿਥੇ ਬੰਦੀਆਂ ਨੂੰ ਰੱਖਣ ਦੀ ਥਾਂ ਨਹੀਂ ਰਹਿੰਦੀ ਲਗਭਗ ਸਭ ਬੈਰਕਾਂ 'ਚ ਇਹ ਹਾਲ ਹੁੰਦਾ ਹੈ ਕਿ ਕੁਝ ਕੈਦੀ ਰਾਤ ਨੂੰ ਵੀ ਨਹੀਂ ਸੌਂ ਸਕਦੇ ਕਿਉਂਕਿ ਉਨ੍ਹਾਂ ਨੂੰ ਬੈਰਕ 'ਚ ਜਗ੍ਹਾ ਹੀ ਨਹੀਂ ਮਿਲਦੀ। ਅਕਸਰ ਨਵੇਂ ਕੈਦੀ ਰਾਤ ਨੂੰ ਬੈਠਕੇ ਹੀ ਗੁਜ਼ਾਰਾ ਕਰਦੇ ਹਨ। ਜੇਲ੍ਹ ਪ੍ਰਸਾਸ਼ਨ ਦਾ ਕੰਮ ਤਾਂ ਸਿਰਫ ਸ਼ਾਮ ਸਮੇਂ ਬੰਦੀਆਂ ਦੀ ਗਿਣਤੀ ਕਰਕੇ ਬੈਰਕਾਂ 'ਚ ਬੰਦ ਕਰ ਦੇਣਾ ਹੁੰਦਾ ਹੈ। ਜਿਵੇਂ ਕਸਾਈ ਬੱਕਰਿਆਂ ਨੂੰ ਗਿਣ ਕੇ ਵਾੜੇ 'ਚ ਬੰਦ ਕਰਦਾ ਹੈ। ਉਹ ਨਹੀਂ ਜਾਣਦਾ ਕਿ ਵਾੜੇ 'ਚ ਬੱਕਰਾ ਕਿਵੇਂ ਹੈ। ਜੇ ਬੱਕਰੀ ਮਰ ਵੀ ਜਾਂਦੀ ਹੈ ਤਾਂ ਕਸਾਈ ਸਵੇਰੇ ਸਭ ਤੋਂ ਪਹਿਲਾਂ ਉਸ ਨੂੰ ਕੱਢ

ਕੇ ਉਸ ਦੇ ਟੁਕੜੇ ਕਰਕੇ ਦੁਕਾਨ 'ਚ ਟੰਗ ਦਿੰਦਾ ਹੈ ਬਿਲਕੁਲ ਇਹੋ ਜਿਹਾ ਹੀ ਜੇਲ੍ਹ ਪ੍ਰਸਾਸ਼ਨ ਦੇ ਅਧਿਕਾਰੀ ਬੰਦੀਆਂ ਨਾਲ ਵਿਹਾਰ ਕਰਦੇ ਹਨ। ਬੰਦੀ ਜਿਉਂ ਹੀ ਜੇਲ੍ਹ ਅੰਦਰ ਦਾਖਲ ਹੁੰਦਾ ਹੈ, ਵੈਸੇ ਹੀ ਉਸ ਦੀ ਗੇਟ 'ਤੇ ਤਲਾਸ਼ੀ ਲਈ ਜਾਂਦੀ ਹੈ। ਹਾਲਾਂਕਿ ਉਸ ਤੋਂ ਪਹਿਲਾਂ ਪੁਲਸ ਵਾਲੇ ਉਸ ਦੀ ਮੁਰੰਮਤ ਕਰਕੇ ਉਸ ਪਾਸੋਂ ਪੈਸੇ, ਸਿਗਰਟ ਆਦਿ ਖੋਹ ਕੇ ਹਜਮ ਕਰ ਜਾਂਦੇ ਹਨ। ਉਸ ਤੋਂ ਬਾਅਦ ਵੀ ਜੇਲ੍ਹ ਕਰਮਚਾਰੀ ਤਲਾਸ਼ੀ ਲੈਂਦੇ ਹਨ, ਗਲੀ ਗਲੋਚ ਤਾਂ ਜੇਲ੍ਹ ਕਰਮਚਾਰੀਆਂ ਦੀ ਇਕ ਭਾਸ਼ਾ ਹੀ ਹੁੰਦੀ ਹੈ ਜਿਸ ਰਾਹੀਂ ਹਰ ਕੈਦੀ ਨੂੰ ਗੁਜ਼ਰਨਾ ਪੈਂਦਾ ਹੈ। ਨਵੇਂ ਬੰਦੀ ਨੂੰ ਕੰਬਲ ਤੇ ਬਰਤਨ ਦਿੱਤੇ ਜਾਂਦੇ ਹਨ ਪਰ ਜੇਲ੍ਹ ਪ੍ਰਸਾਸ਼ਨ ਕੋਲ ਕੋਈ ਸਮਾਨ ਨਹੀਂ ਹੁੰਦਾ। ਅਕਸਰ ਬੰਦੀ ਹੱਥ 'ਚ ਰੋਟੀ ਲੈ ਕੇ ਪਾਲੀਥਾਨ ਵਿਚ ਦਾਲ ਦਾ ਪਾਣੀ ਲੈ ਕੇ ਰੋਟੀ ਖਾਂਦੇ ਹਨ। ਇਥੇ ਬਰਤਨ ਦੇ ਬਿਸਤਰੇ ਦਾ ਕੋਈ ਇੰਤਜ਼ਾਮ ਨਹੀਂ ਹੈ। ਬੰਦੀਆਂ ਨੂੰ ਰਾਤ ਨੂੰ ਬੈਰਕ ਅੰਦਰ ਟੱਟੀ ਘਰ ਦੇ ਗੇਟ 'ਤੇ ਹੀ ਬੈਠਣਾ ਪੈਂਦਾ ਹੈ ਜਿਸ 'ਚ ਪੇਸ਼ਾਬ ਤੇ ਟੱਟੀ ਦੀ ਭਿਅੰਕਰ ਬਦਬੂ ਆਉਂਦੀ ਹੈ। ਪਰ ਬੇਵੱਸ ਲਾਚਾਰ ਬੰਦੀਆਂ ਨੂੰ ਸਭ ਕੁਝ ਝੱਲਣਾ ਪੈਂਦਾ ਹੈ। ਬੈਰਕਾਂ ਅੰਦਰ ਇਕ ਰਾਈਡਰ ਅਤੇ ਇਕ ਲਨੈਤ ਹੁੰਦਾ ਹੈ ਜੋ ਪੁਰਾਣੇ ਬੰਦੀ ਹੁੰਦੇ ਹਨ। ਇਸ ਦੀ ਬੈਰਕਾਂ ਅੰਦਰ ਬੰਦੀਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਕੋਈ ਬੰਦੀ ਭੱਜਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਿਹਾ ਇਸ ਲਈ ਰਾਤ ਨੂੰ ਬੈਰਕਾਂ ਦੇ ਗੇਟ 'ਤੇ ਦੋ ਬੰਦੀਆਂ ਦਾ ਪਹਿਰਾ ਹੁੰਦਾ ਹੈ ਜਿਸ ਵਿਚ ਇਹ ਲਗਾਤਾਰ ਸਿਪਾਹੀਆਂ ਨੂੰ ਬੈਰਕ ਦੇ ਅੰਦਰ ਦੀ ਸਥਿਤੀ ਰਿਪੋਰਟ ਕਰਦੇ ਹਨ। ਇਹ ਪਹਿਰਾ ਹਰ ਦੋ ਘੰਟੇ ਬਾਅਦ ਬਦਲਦਾ ਹੈ। ਇਸ ਪਹਿਰੇ ਨੂੰ ਉਹੀ ਲੋਕ ਲਾਉਂਦੇ ਹਨ ਜੋ ਗਰੀਬ ਮਜ਼ਦੂਰ-ਕਿਸਾਨ-ਅਪਰਾਧੀ ਹੁੰਦੇ ਹਨ। ਜੋ ਅਪਰਾਧੀ ਪੈਸੇ ਵਾਲੇ ਹੁੰਦੇ ਹਨ ਉਹ ਪਹਿਰਾ ਨਹੀਂ ਦਿੰਦੇ। ਇਥੋਂ ਤੱਕ ਕਿ ਜੇਲ੍ਹ ਕਰਮਚਾਰੀ ਤੱਕ ਉਨ੍ਹਾਂ ਦੀ ਸੇਵਾ ਵਿਚ ਹਮੇਸ਼ਾ ਤਿਆਰ ਰਹਿੰਦੇ ਹਨ। ਰੋਜ਼ਾਨਾ ਹਮੇਸ਼ਾ ਸਵੇਰੇ 5.30 ਵਜੇ ਦੇ ਆਸ-ਪਾਸ ਬੈਰਕ ਖੁੱਲਦੀ ਹੈ ਉਸ ਪਿੱਛੋਂ ਸਭ ਦੀ ਗਿਣਤੀ ਹੁੰਦੀ ਹੈ। ਇਹ ਗਿਣਤੀ ਉਸੇ ਸਮੇਂ ਦੋ ਵਾਰ ਹੁੰਦੀ ਹੈ ਯਾਨੀ ਸਵੇਰੇ ਜਦ ਲਾਈਨ ਲਾਈ ਜਾਂਦੀ ਹੈ ਤਦ ਗਿਣਤੀ ਹੁੰਦੀ ਹੈ। ਉਸ ਪਿਛੋਂ ਜੇਲ੍ਹ ਪ੍ਰਸਾਸ਼ਨ ਪੈਸੇ ਦੀ ਵਸੂਲੀ ਕਰਦਾ ਹੈ। ਇਹ ਵਸੂਲੀ ਯਾਨੀ ਪੈਸੇ ਦੀ ਕੋਈ ਰਸੀਦ ਨਹੀਂ ਦਿੱਤੀ ਜਾਂਦੀ ਹੈ। ਇਹ ਸਰਿਕਲ ਦੇ ਨਾਂ ਹੇਠ ਜਮ੍ਹਾ ਹੁੰਦਾ ਹੈ। ਉਹ ਪੈਸੇ 430 ਰੁਪਏ ਹੁੰਦੇ ਹਨ। ਉਸ ਪਿਛੋਂ ਹਰ ਬੰਦੀ ਨੂੰ 100 ਰੁਪਿਆ ਮਾਸਿਕ ਜਮ੍ਹਾ ਕਰਾਉਣਾ ਹੁੰਦਾ ਹੈ। ਇਹ ਕੋਈ ਇਹ ਪੈਸਾ ਜਮ੍ਹਾ ਨਹੀਂ ਕਰਦਾ ਤਾਂ ਉਸ ਨੂੰ ਭੰਡਾਰੇ ਭਾਵ ਖਾਣਾ ਬਣਾਉਣ ਜਾਂ ਫਿਰ ਚੱਕੀ 'ਤੇ ਲਾ ਦਿੱਤਾ ਜਾਂਦਾ ਹੈ ਉਸ ਪਿਛੋਂ ਜੋ ਬਚ ਗਏ ਉਨ੍ਹਾਂ ਨੂੰ ਝਾੜ-ਪੋਚਾ, ਪੌਦਿਆਂ ਨੂੰ ਪਾਣੀ ਦੇਣ ਤੇ ਲਾਇਆ ਜਾਂਦਾ ਹੈ। ਇਸ ਲਈ ਪ੍ਰਸਾਸ਼ਨ ਸਵੇਰੇ ਸਵੇਰੇ ਸਭ ਨੂੰ ਪ੍ਰੇਸ਼ਾਨ ਕਰਦਾ ਹੈ ਕਿ ਆਪਣੇ ਪੈਸੇ ਜਮ੍ਹਾ ਕਿਉਂ ਨਹੀਂ ਕਰਾਏ। ਹੋਰ ਤਾਂ ਹੋਰ ਪੈਸੇ ਵਾਲਿਆਂ ਵਲੋਂ ਗਾਲਾਂ ਦੇਣਾ, ਡੰਡੇ ਮਾਰਨਾ ਇਕ ਆਮ ਗੱਲ ਹੈ। ਇਸ ਤੋਂ ਬਾਅਦ ਹੀ ਸਵੇਰੇ ਰੋਜ਼ਾਨਾ ਦੇ ਕੰਮ ਸ਼ੁਰੂ ਹੁੰਦੇ ਹਨ। ਤਾਂ ਫਿਰ ਟੱਟੀ ਜਾਣ ਵਾਸਤੇ ਬੋਤਲ ਲੈਣ ਲਈ ਲਾਈਨ, ਉਸ ਤੋਂ ਬਾਅਦ ਟੱਟੀ ਖਾਨੇ ਜਾਨ ਲਈ ਕਤਾਰ, ਪਾਣੀ ਏਨਾ ਘੱਟ ਹੁੰਦਾ ਹੈ ਕਿ ਟੱਟੀ ਖਾਨਾ ਮਲ ਨਾਲ ਪੂਰੀ ਤਰ੍ਹਾਂ ਭਰਿਆ ਹੁੰਦਾ ਹੈ, ਮੱਖੀਆਂ ਭਿਣਕਦੀਆਂ ਰਹਿੰਦੀਆਂ ਹਨ। ਅਕਸਰ ਬੰਦੀਆਂ ਨੂੰ ਦੇਖ ਕੇ ਹੀ ਵੱਤ ਆਉਣੇ ਸ਼ੁਰੂ ਹੋ ਜਾਂਦੇ ਹਨ, ਸਫਾਈ ਆਦਿ ਲਈ ਪਾਣੀ ਵੀ ਨਹੀਂ ਹੁੰਦਾ। ਜੇਲ੍ਹ 'ਚ ਪਾਣੀ ਦਾ

ਪ੍ਰੈਸ਼ਰ ਸਵੇਰੇ 8 ਵਜੇ ਦੇ ਕਰੀਬ 20 ਮਿੰਟ ਲਈ ਆਉਂਦਾ ਹੈ ਅਤੇ 20 ਮਿੰਟ ਸ਼ਾਮ ਨੂੰ ਆਉਂਦਾ ਹੈ। ਏਨੇ ਪ੍ਰੈਸ਼ਰ ਸਮੇਂ ਸਿਰਫ਼ ਪੈਸੇ ਵਾਲੇ ਯਾਨੀ ਪ੍ਰਭਾਵਸ਼ਾਲੀ ਗੁੰਡੇ ਅਪਰਾਧੀ ਹੀ ਪਾਣੀ ਭਰ ਸਕਦੇ ਹਨ। ਆਮ ਅਪਰਾਧੀ ਪਾਣੀ ਲਈ ਤੜਫ ਦੇ ਰਹਿ ਜਾਂਦੇ ਹਨ। ਇਸ 'ਤੇ ਬੰਦੀਆਂ ਦਾ ਅਕਸਰ ਦੱਬ ਕੇ ਝਗੜਾ ਹੁੰਦਾ ਹੈ। ਝਗੜੇ ਦੌਰਾਨ ਸ਼ਿਕਾਇਤ ਕਰਤਾ ਜੇਲ੍ਹ ਪ੍ਰਸਾਸ਼ਨ ਕੋਲ ਜਾ ਕੇ ਝਗੜਾ ਹੁੰਦਾ ਹੈ। ਤਦ ਜੇਲ੍ਹ ਪ੍ਰਸਾਸ਼ਨ ਦੋਹਾਂ ਨੂੰ ਬੁਲਾ ਕੇ ਤੇ ਫੜ ਕੇ ਮਾਰਦਾ ਕੁੱਟਦਾ ਹੈ। ਮਾਰਕੁੱਟ ਵੀ ਜਾਂ ਤਾਂ ਇਕ ਪੋਲ ਨਾਲ ਬੰਨ ਕੇ ਜਾਂ ਫਿਰ ਹੱਥ ਪੈਰ ਬੰਨ੍ਹ ਕੇ ਤਲੀਆਂ 'ਤੇ ਬੈਂਤਾਂ ਮਾਰ ਕੇ ਕੀਤੀ ਜਾਂਦੀ ਹੈ। ਇਸ ਡਰ ਕਰਕੇ ਕੰਮਜ਼ੋਰ ਪੱਖ ਸ਼ਿਕਾਇਤ ਕਰਨ ਜਾਂਦਾ ਹੀ ਨਹੀਂ। ਚੁੱਪਚਾਪ ਲੁੱਟਮਾਰਾਂ ਦੀਆਂ ਗਾਲਾਂ ਸੁਣਨੀਆਂ ਪਸੰਦ ਕਰ ਲੈਂਦਾ ਹੈ। ਬੰਦੀ ਨਾਲ ਹਫਤੇ 'ਚ ਇਕ ਵਾਰੀ ਹੀ ਮੁਲਾਕਾਤ ਕੀਤੀ ਜਾ ਸਕਦੀ ਹੈ ਅਤੇ ਮੁਲਾਕਾਤ ਦੌਰ ਜੋ ਮੁਲਾਕਾਤੀ ਆਪਣੀ ਮੁਲਾਕਾਤ ਕਰਨ ਆਉਂਦੇ ਹਨ, ਉਨ੍ਹਾਂ ਦੀ ਗੇਟ 'ਤੇ ਤਲਾਸ਼ੀ ਲਈ ਜਾਂਦੀ ਹੈ ਕਿ ਕੋਈ ਜ਼ਹਿਰੀਲਾ ਜਾਂ ਨਸ਼ੀਲਾ ਪਦਾਰਥ ਤਾਂ ਨਹੀਂ ਜਾ ਰਿਹਾ ਹੈ। ਇਸ ਦਾ ਨਾਂ 'ਤੇ ਪਹਿਲਾਂ ਹਰੇਕ ਗੇਟ 'ਤੇ ਹਰੇਕ ਮੁਲਾਕਾਤੀ ਤੋਂ ਤੀਹ ਰੁਪਏ ਵਸੂਲੇ ਜਾਂਦੇ ਹਨ। ਤਾਂ ਹੀ ਉਨ੍ਹਾਂ ਨੂੰ ਗੇਟ ਅੰਦਰ ਜਾਣ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਬੰਦੀਆਂ ਦੇ ਫਲਾਂ ਅਤੇ ਬਿਸਕੁਟ ਨਮਕੀਨ 'ਚੋਂ ਵੀ ਕੁਝ ਲੈ ਲੈਂਦੇ ਹਨ। ਇਸ ਪਿਛੋਂ ਜਦ ਬੰਦੀ ਬੈਰਕ ਦੇ ਗੇਟ 'ਤੇ ਪਹੁੰਚਦਾ ਹੈ ਤਦ ਉਥੋਂ ਦੇ ਸਿਪਾਹੀ ਨੂੰ 20-20 ਰੁਪਏ ਦੇਣੇ ਪੈਂਦੇ ਹਨ। ਜੋ ਪੈਸੇ ਨਹੀਂ ਦਿੰਦਾ ਉਸ ਨੂੰ ਗਾਲਾਂ ਦੇ ਕੇ ਜਾਂ ਹੋਰ ਤਰੀਕਿਆਂ ਨਾਲ ਪ੍ਰੇਸ਼ਾਨ ਕੀਤਾ ਜਾਂਦਾ ਹੈ। ਫੇਰ ਹੀ ਉਹ ਆਪਣੀ ਬੈਰਕ ਅੰਦਰ ਜਾਂਦਾ ਹੈ। ਜੋ ਪ੍ਰਭਾਵਸ਼ਾਲੀ ਜਾਂ ਪੁਰਾਣੇ ਕੈਦੀ ਹੁੰਦੇ ਹਨ, ਉਹ ਵੀ ਉਸ ਤੋਂ ਕੁਝ ਪੈਸਾ ਜਾਂ ਸਮਾਨ ਮੰਗਦੇ ਹਨ। ਬੈਰਕ 'ਚ ਸਮਾਨ ਚੋਰੀ ਹੋਣਾ ਆਮ ਗੱਲ ਹੈ। ਹਮੇਸ਼ਾ ਆਪਣੇ ਸਮਾਨ ਦੀ ਨਿਗਰਾਨੀ ਕਰਨੀ ਪੈਂਦੀ ਹੈ। ਬੈਰਕ ਅੰਦਰ ਬੰਦੀ ਨਾਲ ਆਪਣੇ ਕੋਲ ਬਲਾਉਣ ਦੇ 200-250 ਰੁਪਏ ਪੁਰਾਣੇ ਬੰਦੀ ਵਸੂਲ ਕਰ ਲੈਂਦੇ ਹਨ। ਜੇਲ੍ਹ ਅੰਦਰ ਸਭ ਤੋਂ ਵੱਧ ਨਸ਼ੀਲਾ ਪਦਾਰਥ ਯਾਨੀ ਚਰਸ ਜਾਂਦੀ ਹੈ। ਇਹ ਚਰਸ ਹੁਣ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਹੀ ਜਾਂਦੀ ਹੈ ਜਿਸ 'ਤੇ ਪ੍ਰਸਾਸ਼ਨ ਕਮਿਸ਼ਨ ਲੈਂਦਾ ਹੈ ਅਤੇ ਕਰਮਚਾਰੀਆਂ ਦੀ ਸਭ ਤੋਂ ਵੱਧ ਕਮਾਈ ਇਸ ਨਾਲ ਹੁੰਦੀ ਹੈ। ਬੈਰਕ ਅੰਦਰ ਬੰਦੀ ਹੀ ਪ੍ਰਸਾਸ਼ਨ ਨਾਲ ਮਿਲ ਕੇ ਉਸ ਦੀ ਵੰਡ ਕਰ ਲੈਂਦੇ ਹਨ ਅਤੇ ਬੰਦੀ ਅੱਗੇ ਉਸ ਤੋਂ ਲੈ ਕੇ ਆਉਂਦੇ ਹਨ। ਬੈਰਕ ਅੰਦਰ ਹਮੇਸ਼ਾ ਜੂਆ ਹੁੰਦਾ ਹੈ। ਇਸ ਜੂਏ ਦੌਰਾਨ ਸਿਪਾਹੀ ਨੂੰ 10-20 ਰੁਪਏ ਦੇ ਕੇ ਵਿਦਾ ਕਰ ਦਿੰਦੇ ਹਨ। ਇਸ ਤਰ੍ਹਾਂ ਉਹ ਵਾਰ-ਵਾਰ ਆਉਂਦਾ ਰਹਿੰਦਾ ਹੈ ਅਤੇ ਸਿਪਾਹੀ ਆਪਣੀ ਕਮਾਈ ਕਰਦਾ ਰਹਿੰਦਾ ਹੈ। ਜੇਲ੍ਹ ਅੰਦਰ ਜੂਆ ਤੇ ਚਰਸ ਦੀ ਵਰਤੋਂ ਦੱਬ ਕੇ ਹੁੰਦੀ ਹੈ ਉਹ ਵੀ ਸਭ ਕੁਝ ਪ੍ਰਸਾਸ਼ਨ ਨਾਲ ਮਿਲ ਕੇ। ਜੇਲ੍ਹ ਅੰਦਰ ਹੋਰ ਸਮਾਨ ਵੀ ਜਾਂਦਾ ਹੈ ਜਿਵੇਂ ਦੁੱਧ, ਦਹੀਂ, ਲੱਸੀ, ਬਿਸਕੁਟ, ਨਮਕੀਨ, ਬੀੜੀ, ਮਾਚਿਸ, ਤੰਬਾਕੂ, ਗੁੱਟਕਾ ਇਹ ਸਭ ਦੁਗਣੇ ਰੇਟਾਂ 'ਤੇ ਮਿਲਦੇ ਹਨ। ਇਸ ਨਾਲ ਵੀ ਜੇਲ੍ਹ ਪ੍ਰਸਾਸ਼ਨ ਨੂੰ ਚੰਗੀ ਕਮਾਈ ਹੁੰਦੀ ਹੈ। ਜਦ ਭੋਜਨ ਆਉਂਦਾ ਹੈ। ਖਾਣਾ ਦਿਨ 'ਚ ਦੋ ਵਾਰੀ ਯਾਨੀ ਸਵੇਰੇ 11.30 ਵਜੇ ਅਤੇ ਸ਼ਾਮ ਨੂੰ ਛੇ ਵਜੇ ਦੇ ਕਰੀਬ ਮਿਲਦਾ ਹੈ ਜਿਸ 'ਚ ਹਮੇਸ਼ਾ ਦਾਲ ਰੋਟੀ ਹੁੰਦੀ ਹੈ। ਹਫ਼ਤੇ 'ਚ ਇਕ-ਦੋ ਵਾਰੀ ਚੌਲ ਦਿੱਤੇ ਜਾਂਦੇ ਹਨ। ਰੋਟੀ ਹਮੇਸ਼ਾ ਤਵੇਂ 'ਤੇ ਹੀ ਸੇਕੀ ਜਾਂਦੀ ਹੈ। ਇਹ ਅਕਸਰ ਕੱਚੀ ਹੁੰਦੀ ਹੈ। ਦਾਲ

'ਚ ਪਾਣੀ ਹੀ ਪਾਣੀ ਮਿਲਦਾ ਹੈ, ਦਾਲ ਦੇ ਦਾਨੇ ਬੜੀ ਮੁਸ਼ਕਲ ਨਾਲ ਲੱਭਦੇ ਹਨ। ਤੜਕਾ ਨਹੀਂ ਲੱਗਿਆ ਹੁੰਦਾ। ਸਭ ਬੰਦੀਆਂ ਨੂੰ ਉਹੀ ਦਾਲ ਦਾ ਪਾਣੀ ਮਿਲਦਾ ਹੈ। ਉਹ ਵੀ ਮਿਣ ਕੇ ਇਕ ਕੜਛੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਜੋ ਪੈਸੇ ਵਾਲੇ ਬੰਦੀ ਹੁੰਦੇ ਹਨ ਆਪਣੀ ਦਾਲ ਰੋਟੀ ਉਹ ਵੱਖਰੇ ਤੌਰ 'ਤੇ ਭੰਡਾਰੇ (ਲੰਗਰ) ਤੋਂ ਲੈ ਜਾਂਦੇ ਹਨ। ਯਾਨੀ ਦਾਲ ਦਾ ਤੁਹਾਨੂੰ 300 ਰੁਪਏ ਦੇਣਾ ਪਵੇਗਾ ਅਤੇ ਜੇ ਤੁਸੀਂ ਚੰਗੀ ਰੋਟੀ ਚਾਹੁੰਦੇ ਹੋ ਤਾਂ ਆਪ ਨੂੰ 250-300 ਰੁਪਏ ਦੇਣੇ ਪੈਣਗੇ। ਤਦ ਤੁਸੀਂ ਚੰਗੀ ਦਾਲ ਫਰਾਈ ਕਰਕੇ ਖਾ ਸਕਦੇ ਹੋ ਜਿਸ 'ਚ ਸਮਾਨ ਸਭ ਬੰਦੀ ਨੂੰ ਆਪਣਾ ਲਿਆਉਣਾ ਪੈਂਦਾ ਹੈ ਯਾਨੀ ਪਿਆਜ ਤੋਂ ਲੈ ਕੇ ਤੇਲ ਆਦਿ ਤੱਕ। ਇਸ ਤੋਂ ਜੋ ਖਾਣਾ ਤੁਸੀਂ ਚਾਹੁੰਦੇ ਹੋ ਉਹ ਸਮਾਨ ਮੰਗਵਾ ਕਿ ਖਾ ਸਕਦੇ ਹੋ ਬਸ਼ਰਤੇ ਕਿ ਸਭ ਕੁਝ ਪ੍ਰਸ਼ਾਸਨ ਦੀ ਨਜ਼ਰ 'ਚ ਹੋਵੇ। ਇਸ 'ਚ ਕੁਝ ਬੰਦੀ ਘੱਟ ਪੈਸੇ ਵਾਲੇ ਹੁੰਦੇ ਹਨ ਜਾਂ ਫਿਰ ਆਪਣੇ ਪੈਸੇ ਬਚਾਉਣ ਦੀ ਕੋਸ਼ਿਸ਼ ਕਰਦੇ ਹਨ ਉਹ ਚੋਰੀ-ਚੋਰੀ ਅੰਦਰ ਹੀ ਦਾਲ ਫਰਾਈ ਕਰਨ ਦੀ ਕੋਸ਼ਿਸ਼ ਕਰਦੇ ਹਨ, ਫੜੇ ਜਾਣ 'ਤੇ ਜੁਰਮਾਨਾ ਜਾਂ ਤਲੀਆਂ 'ਤੇ 50 ਬੈਂਤਾਂ ਦੀ ਸਜ਼ਾ ਮਿਲਦੀ ਹੈ। ਵੈਸੇ ਦੱਸਿਆ ਜਾਂਦਾ ਹੈ ਕਿ ਜੇਲ੍ਹ ਵਿਚ ਹਰੇਕ ਬੰਦੀ 'ਤੇ ਹਰੇਕ ਦਿਨ 85 ਰੁਪਏ ਖਰਚ ਹੁੰਦਾ ਹੈ ਜਦ ਕਿ ਬੰਦੀ ਨੂੰ 20-25 ਰੁਪਏ ਤੋਂ ਵੱਧ ਦਾ ਸਮਾਨ ਨਹੀਂ ਮਿਲਦਾ ਹੈ। ਜੇਲ੍ਹ ਅੰਦਰ ਸਭ ਕੰਮ ਬੰਦੀ ਹੀ ਕਰਦੇ ਹਨ। ਇਸ 'ਚ ਕੁਝ ਸਜ਼ਾ ਯਾਫਤਾ ਕੈਦੀ ਹੁੰਦੇ ਹਨ ਜੋ ਜੇਲ੍ਹ ਪ੍ਰਸਾਸ਼ਨ ਲਈ ਲਠੈਂਤਾਂ ਦਾ ਕੰਮ ਕਰਦੇ ਹਨ। ਇਹ ਹਮੇਸ਼ਾ ਡਾਂਗ ਲੈ ਕੇ ਘੁੰਮਦੇ ਹਨ। ਪ੍ਰਸਾਸ਼ਨ ਕਿਸੇ ਕੈਦੀ ਨੂੰ ਇਨ੍ਹਾਂ ਹੱਥੋਂ ਹੀ ਕੁੱਟਮਾਰ ਕਰਵਾਉਂਦਾ ਹੈ। ਇਹ ਬੈਰਕਾਂ ਅੰਦਰ ਰਹਿ ਕੇ ਹੀ ਬੰਦੀਆਂ ਤੋਂ ਵਸੂਲੀ ਕਰਦੇ ਹਨ ਅਤੇ ਜੋ ਅਜਿਹਾ ਨਹੀਂ ਕਰਦਾ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਜਾਂਦੀ ਹੈ, ਉਥੇ ਬੰਦੀ ਨੂੰ ਬਚਾਉਣ ਵਾਲਾ ਕੋਈ ਨਹੀਂ ਹੁੰਦਾ, ਉਸ ਦੀ ਸ਼ਿਕਾਇਤ ਕਿਧਰੇ ਵੀ ਸੁਣੀ ਨਹੀਂ ਜਾਂਦੀ। ਜਦ ਜੇਲ੍ਹ ਪ੍ਰਸਾਸ਼ਨ ਨੂੰ ਉਲਟਾ ਪਤਾ ਲੱਗਦਾ ਹੈ ਤਾਂ ਜੇਲ੍ਹ ਪ੍ਰਸਾਸ਼ਨ ਉਸ ਕੈਦੀ ਨੂੰ ਬੁਲਾ ਕੇ ਉਸ ਦੀ ਤਲੀਆਂ ਕੁਟਵਾਉਂਦਾ ਹੈ। ਇਥੋਂ ਤੱਕ ਕਿ ਮੈਜਿਸਟ੍ਰੇਟ ਤੱਕ ਵੀ ਗੱਲ ਨਹੀਂ ਸੁਣਦਾ। ਕਦੀ-ਕਦੀ ਮੈਜਿਸਟ੍ਰੇਟ ਜੇਲ੍ਹ ਅੰਦਰ ਜਾ ਕੇ ਬੰਦੀਆਂ ਨੂੰ ਮਿਲਦਾ ਹੈ। ਪਰ ਗੂੰਗੇ ਆਦਮੀ ਵਾਂਗੂੰ ਕੁਝ ਨਹੀਂ ਬੋਲਦਾ, ਨਾ ਹੀ ਉਸ ਨੂੰ ਕੁਝ ਦਿਸਦਾ ਹੈ। ਸਿਰਫ ਗੇੜਾ ਕੱਢ ਕੇ ਵਾਪਸ ਮੁੜ ਜਾਂਦਾ ਹੈ। ਜੇਲ੍ਹ ਅੰਦਰ ਮਨੁੱਖੀ ਅਧਿਕਾਰ ਮੀਡੀਆ ਆਦਿ ਕੋਈ ਨਹੀਂ ਜਾਂਦਾ ਹੈ ਅਤੇ ਜੇਲ੍ਹ ਪ੍ਰਸਾਸ਼ਨ ਇਹ ਸਭ ਬਾਕੀ ਪ੍ਰਸਾਸ਼ਨ ਦੇ ਸਹਿਯੋਗ ਨਾਲ ਕਰਦਾ ਹੈ। ਅਜਿਹਾ ਨਹੀਂ ਹੈ ਕਿ ਜੇਲ੍ਹ ਦੀਆਂ ਕਾਰਵਾਈਆਂ ਦਾ ਪਤਾ ਬਾਕੀ ਪ੍ਰਸਾਸ਼ਨ ਨੂੰ ਨਹੀਂ ਹੈ। ਸਭ ਕੁਝ ਪਤਾ ਹੈ ਪਰ ਸਭ ਅੱਖ ਬੰਦ ਕਰਕੇ ਰੱਖਦੇ ਹਨ ਕਿਉਂਕਿ ਅੱਜ ਇਨ੍ਹਾਂ 'ਤੇ ਦਬਾਅ ਬਣਨ ਵਾਲਾ ਜਨਸਮੂਹ, ਇਨਕਲਾਬੀ ਅੰਦੋਲਨ ਨਹੀਂ ਹੈ। ਅੱਜ ਜੇਲ੍ਹਾਂ ਤਸੀਹੇ ਕੇਂਦਰ ਬਣੀਆਂ ਹੋਈਆਂ ਹਨ ਜਿਵੇਂ ਮੱਧ ਯੁਗੀ ਜ਼ਮਾਨੇ 'ਚ ਰਾਜੇ ਆਪਣੇ ਇਥੇ ਕੈਦਖਾਨਾ ਰੱਖਦੇ ਹਨ। ਜਿਨ੍ਹਾਂ ਉਪਰ ਕੋਈ ਜੁਆਬਦੇਹੀ ਨਹੀਂ ਯਾਨੀ ਮਨਮਰਜ਼ੀ ਸੀ। ਇਸ ਤਰ੍ਹਾਂ ਅੱਜ ਜੇਲ੍ਹ ਪ੍ਰਸਾਸ਼ਨ ਵੀ ਆਪਣੀ ਜੇਲ੍ਹ ਨੂੰ ਤਸੀਹਾ ਕੇਂਦਰ 'ਚ ਤਬਦੀਲ ਕਰ ਰਿਹਾ ਹੈ, ਇਸ ਨੂੰ ਰੋਕਣ ਵਾਲਾ ਅੱਜ ਕੋਈ ਨਹੀਂ। ਵੈਸੇ ਕਿਹਾ ਜਾਂਦਾ ਹੈ ਜੇਲ੍ਹ ਇਕ ਸੁਧਾਰ ਘਰ ਹੈ, ਪਰ ਇਹ ਤਾਂ ਇਕ ਤਸੀਹਾ ਘਰ ਹੋਇਆ ਜਿਥੇ ਤਸੀਹੇ ਦਿੱਤੇ ਜਾਂਦੇ ਹਨ। ਜੇਲ੍ਹ 'ਚ, ਪੈਸੇ ਵਾਲੇ ਖੂੰਖਾਰ ਅਪਰਾਧੀ ਵੀ ਹੁੰਦੇ ਹਨ ਜੋ ਹਮੇਸ਼ਾ ਪੈਸੇ ਦੇ ਦਮ 'ਤੇ

ਰਹਿੰਦੇ ਹਨ ਅਤੇ ਸਮਾਜ 'ਚ ਸਭ ਤੋਂ ਵੱਧ ਅਪਰਾਧ ਇਹੀ ਪੈਸੇ ਵਾਲੇ ਲੋਕ ਕਰਦੇ ਹਨ, ਜੇਲ੍ਹ ਵੀ ਉਨ੍ਹਾਂ ਲਈ ਤਸੀਹਾ ਕੇਂਦਰ ਨਹੀਂ ਹੈ। ਉਹ ਜੇਲ੍ਹ 'ਚ ਵੀ ਆਰਾਮ ਨਾਲ ਰਹਿੰਦੇ ਹਨ। ਜੇਲ੍ਹ ਪ੍ਰਸ਼ਾਸਨ ਅਪਰਾਧੀਆਂ ਨੂੰ ਠੀਕ ਕਰਨ ਲਈ ਜਬਰ ਕਰਦਾ ਹੈ ਅਤੇ ਪੈਸੇ ਲੈਂਦਾ ਹੈ ਅਤੇ ਸੋਚਦਾ ਹੈ ਕਿ ਇਸ ਨਾਲ ਅਪਰਾਧਾਂ ਦੀ ਗਿਣਤੀ ਘੱਟ ਜਾਵੇਗੀ ਪਰ ਪਤਾ ਲੱਗਦਾ ਹੈ ਕਿ ਇਸ ਨਾਲ ਅਪਰਾਧਾਂ ਦੀ ਗਿਣਤੀ ਹੋਰ ਵੱਧ ਗਈ ਹੈ। ਸਮਾਜ 'ਚ ਪ੍ਰਚਾਰਿਤ ਹੈ ਕਿ ਜੇ ਕੋਈ ਦੋ ਲੱਖ ਰੁਪਏ ਦੀ ਚੋਰੀ ਜਾਂ ਅਪਰਾਧ ਕਰਦਾ ਹੈ ਤਾਂ ਉਹ ਉਸ ਵਿਚੋਂ ਇਕ ਹਿੱਸਾ ਖਰਚ ਕਰਕੇ ਜੇਲ੍ਹ ਤੋਂ ਬਾਹਰ ਆ ਜਾਵੇਗਾ। ਇਸ ਕਰਕੇ ਜੇਲ੍ਹ ਜਾ ਕੇ ਉਸ ਤੋਂ ਵੱਡਾ ਅਪਰਾਧ ਕਰਨ ਲਈ ਤਿਆਰ ਹੋ ਕੇ ਆਉਂਦਾ ਹੈ। ਦੂਜਾ ਇਹ ਸਮਾਜ 'ਚ ਪੈਸੇ ਵਾਲੇ ਲੋਕ ਹੀ ਕਿਰਤ ਪ੍ਰਤੀ ਇਹ ਨਜ਼ਰੀਆ ਰੱਖਦੇ ਹਨ। ਜੇਲ੍ਹ 'ਚ ਇਸ ਨਜ਼ਰੀਆ ਵੱਲ ਵੱਧ ਵਧਾਇਆ ਜਾਂਦਾ ਹੈ। ਇਹ ਜੇਲ੍ਹ ਤੋਂ ਬਾਹਰ ਵੀ ਕੋਈ ਕੰਮ ਨਹੀਂ ਕਰਦੇ ਅਤੇ ਜੇਲ੍ਹ ਅੰਦਰ ਵੀ ਕੋਈ ਕੰਮ ਨਹੀਂ ਕਰਦੇ। ਜੋ ਮਜ਼ਦੂਰ ਕਿਸਾਨ ਹੁੰਦੇ ਹਨ ਉਹ ਜੇਲ੍ਹ ਦੇ ਬਾਹਰ ਵੀ ਮਿਹਨਤ ਦਾ ਕੰਮ ਕਰਦੇ ਹਨ ਤਾਂ ਹੀ ਉਨ੍ਹਾਂ ਦਾ ਪੇਟ ਭਰਦਾ ਹੈ, ਜੇਲ੍ਹ ਅੰਦਰ ਵੀ ਇਨ੍ਹਾਂ ਤੋਂ ਹੀ ਕੰਮ ਕਰਵਾਇਆ ਜਾਂਦਾ ਹੈ ਕਿਉਂਕਿ ਉਨ੍ਹਾਂ ਕੋਲ ਕੋਈ ਪੈਸਾ ਨਹੀਂ ਹੁੰਦਾ। ਇਸ ਲਈ ਜੇਲ੍ਹਾਂ ਗਰੀਬ ਮਜ਼ਦੂਰਾਂ, ਕਿਸਾਨਾਂ ਲਈ ਤਸੀਹਾ ਘਰ ਬਣੀਆਂ ਹੋਈਆਂ ਹਨ ਬਾਹਰ ਵੀ ਸਭ ਅਦਾਰੇ ਇਨ੍ਹਾਂ ਦੀ ਲੁੱਟ ਕਰਦੇ ਹਨ ਅਤੇ ਜੇਲ੍ਹ ਦੇ ਅੰਦਰ ਵੀ। ਜੇਲ੍ਹਾਂ ਇਨ੍ਹਾਂ ਗਰੀਬ-ਮਜ਼ਦੂਰਾਂ ਕਿਸਾਨਾਂ ਲਈ ਦਮਨਕਾਰੀ ਯੰਤਰ ਵਜੋਂ ਬਣੀਆਂ ਹੋਈਆਂ ਹਨ। ਸਰਮਾਏ ਜਮਾਤ ਤੇ ਉਨ੍ਹਾਂ ਦੇ ਅਦਾਰੇ ਜੇਲ੍ਹਾਂ ਤੇ ਅਦਾਲਤਾਂ ਤੋਂ ਲੈ ਕੇ ਪ੍ਰਸਾਸ਼ਨ ਤੱਕ ਗਰੀਬ ਮਜ਼ਦੂਰ ਮਿਹਨਤਕਸ਼ਾਂ ਦੇ ਨਾਲ ਇਕੋ ਜਿਹਾ ਵਿਹਾਰ ਕਰਦੇ ਹਨ ਆਪਣੇ ਜ਼ਾਬਰ ਪ੍ਰਬੰਧ ਦੇ ਸਹਾਰੇ ਹੀ ਸਰਮਾਏਦਾਰ ਮੌਜ-ਮਸਤੀ ਕਰਦੇ ਹਨ। ਆਪਣੀ ਹਕੂਮਤ ਚਲਾਉਂਦੇ ਹਨ। ਇਤਿਹਾਸ ਨੇ ਸਾਬਿਤ ਕੀਤਾ ਹੈ ਕਿ ਮਜ਼ਦੂਰਾਂ ਕਿਸਾਨਾਂ ਦੀ ਮੁਕਤੀ ਸਮਾਜਵਾਦ ਰਾਹੀਂ ਹੀ ਸੰਭਵ ਹੈ। ਇਸ ਪ੍ਰਬੰਧ ਅੰਦਰ ਮਜ਼ਦੂਰ ਕਿਸਾਨ ਪਹਿਲੀ ਵਾਰੀ ਇਨਸਾਨਾਂ ਵਾਲੀ ਸਥਿਤੀ 'ਚ ਆਉਂਦੇ ਹਨ ਸਮਾਜਵਾਦ ਅੰਦਰ ਉਨ੍ਹਾਂ ਨੂੰ ਸਨਮਾਨਯੋਗ ਜੀਵਨ ਮਿਲਦਾ ਹੈ।

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    - ਭਾਗ-1
    - ਭਾਗ-2
    - ਭਾਗ-3
    - ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ